[illegible]

[illegible]

gitized by Panjab Digital Library | www.panjabdigilib

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਟੀਕਾਕਾਰ ਦੀ ਆਗਯਾ ਬਿਨਾਂ ਕੋਈ ਨਾ ਛਾਪੇ।

ਜਿਲਦ] [ਤੀਸਰੀ

੧ ੴ ਸਤਿਗੁਰਪ੍ਰਸਾਦਿ ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

ਜਿਸ ਵਿਚ

## ਆਸਾ, ਗੂਜਰੀ, ਦੇਵਗੰਧਾਰੀ ਰਾਗ ਦਾ ਟੀਕਾ ਹੈ


ਟੀਕਾਕਾਰ ਤੇ ਪ੍ਰਕਾਸ਼ਕ!

## ਗਿਆਨੀ ਬਿਸ਼ਨ ਸਿੰਘ ਪ੍ਰਸਿੱਧ ਵਿੱਦਵਾਨ

ਅਧ੍ਯਾਪਕ ਗੌਰਮੈਂਟ ਗਿਆਨੀ ਟਰੇਨਿੰਗ ਕਲਾਸ

ਮਾਸਟਰ ਖਾਲਸਾ ਕਾਲਜ ਅਮ੍ਰਿਤਸਰ


ਇਸ ਸੈਂਚੀ ਦੇ ਔਖਿਆਂ ਸ਼ਬਦਾਂ ਨੂੰ

ਸ੍ਰੀ ਮਾਨ ਸਰਦਾਰ ਹਰਬੰਸ ਸਿੰਘ ਜੀ ਐਮ. ਏ. ਗਿਆਨੀ

ਪ੍ਰੋਫੈਸਰ ਖਾਲਸਾ ਕਾਲਜ ਅੰਮ੍ਰਿਤਸਰ ਨੇ ਸੋਧਿਆ ॥


ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਸਰਦਾਰ ਲਖਬੀਰ ਸਿੰਘ
ਮੈਨੇਜਰ ਤੇ ਪ੍ਰਿੰਟਰ ਨੇ ਛਾਪਣ ਦੀ ਸੇਵਾ ਕੀਤੀ।

ਕੱਤਕ ਸੰ: ੧੯੮੬ ਬਿ:, ਅਕਤੂਬਰ ੧੯੨੯ ਮੋਖ ੫) ਡਾਕ ਖਰਚ ਵਖਰਾ।


Digitized by Panjab Digital Library | www.panjabdigilib.org

# ਜ਼ਰੂਰ ਪੜ੍ਹੋ !

ਸ੍ਰੀ ਮਾਨ ਜੀ ! ਪੁਛ ਗਿਛ ਵਾਸਤੇ ਜਵਾਬੀ ਖਤ ਲਿਖਿਆ ਕਰੋ ।

ਗੁਰਬਾਣੀ ਦੇ ਪ੍ਰੇਮੀਆਂ ਨੂੰ ਪ੍ਰੇਰਕੇ ਇੱਕ ਇੱਕ, ਦੋ ਦੋ ਗਾਹਕ ਹੋਰ ਬਣਾਓ, ਪੰਜ ਸੌ ਗਾਹਕ ਬਣ ਜਾਵੇ ਤਾਂ ਟੀਕਾ ਛੇਤੀ ਛਪ ਜਾਵੇ।

ਜੇਹੜੇ ਸੱਜਣ ਟੀਕੇ ਦਾ ਸਾਰਾ ਮੋਖ ਪੇਸ਼ਗੀ ਘੱਲ ਸੱਕਦੇ ਹਨ ਓਹ ਕਿਰਪਾ ਕਰਕੇ ਘੱਲ ਦੇਣ, ਇਹ ਓਹਨਾਂ ਵੱਲੋਂ ਇਕਤਰਾਂ ਦੀ ਸਹੈਤਾ ਸਮਝੀ ਜਾਵੇਗੀ ਤੇ ਬੜਾ ਧੰਨਵਾਦ ਕੀਤਾ ਜਾਵੇਗਾ ।

ਇਹ ਟੀਕਾ ਛਾਪਣ ਦਾ ਬੜਾ ਭਾਰਾ ਕੰਮ ਹੈ, ਇਸ ਮਹਾਨ ਕਾਰਜ ਵਿਚ ਜੇਹੜਾ ਇਕ ਹਜ਼ਾਰ ਜਾਂ ਇਸਤੋਂ ਵਧ ਘਟ ਦੋ ਸਾਲ ਲਈ ਸੂਦ ਤੋਂ ਬਿਨਾਂ ਰੁਪਯਾ ਦੇਵੇਗਾ ਉਸ ਪਰਉਪਕਾਰੀ ਦਾ ਨਾਮ ਟੀਕੇ ਦੇ ਸਹਾਇਕ ਸੱਜਣਾਂ ਵਿਚ ਛਾਪਿਆ ਜਾਵੇਗਾ ਤੇ ਧੰਨਵਾਦ ਕੀਤਾ ਜਾਵੇਗਾ, ਦੋ ਸਾਲ ਮਗਰੋਂ ਰੁਪਿਆ ਮੋੜ ਦਿਤਾ ਜਾਵੇਗਾ ।

ਗੌੜੀ ਤੇ ਆਸਾ, ਗੂਜਰੀ, ਦੇਵਗੰਧਾਰੀ ਰਾਗ ਵਾਲੀ ਜਿਲਦ ਵੱਡੀ ਭਾਰੀ ਹੋ ਗਈ ਹੈ,ਇਸ ਲਈ ਡਾਕ ਖਰਚ ।।।=) ਤੇ =) ਪੈਕਿੰਗ ਦਾ ਖਰਚ ਹੋ ਗਿਆ ਹੈ, ਪ੍ਰੇਮੀ ਜਨ ਕੋਈ ਸੰਸਾ ਨ ਕਰਨ, ਜਿਸ ਸੱਜਣ ਨੇ ਦਸਤੀ ਪੁਸਤਕ ਲੈਣੀ ਹੋਵੇ, ਓਹ ਲਿਖ ਦੇਵੇ ਤਾਂ ਜੋ ਉਸ ਨੂੰ ਡਾਕ ਰਾਹੀਂ ਨਾ ਘੱਲੀ ਜਾਵੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਨ ਦਾ ਪਤਾ:—

**ਬਿਸ਼ਨ ਸਿੰਘ ਗਿਆਨੀ**
**ਖਾਲਸਾ ਕਾਲਜ (ਡਾਕਖਾਨਾ)**
ਅੰਮ੍ਰਿਤਸਰ (ਪੰਜਾਬ)

Digitized by Panjab Digital Library | www.panjabdigilib.org

# ਤਤਕਰਾ

## ਅਖਰ ਕ੍ਰਮ ਅਨੁਸਾਰ ਤਤਕਰਾ

## ਰਾਗ ਆਸਾ, ਗੂਜਰੀ ਤੇ ਦੇਵ ਗੰਧਾਰੀ


| | |
|---|---|
| **ੳ** | |
| ਉਦਮ ਕਰਤ | ੧੫੨ |
| ਉਕਤਿ ਸਿਆਨਪ | ੧੮੦ |
| ਉਨ ਕੈ ਸੰਗ ਤੂੰ | ੧੯੧ |
| ਉਦਮ ਕੀਆ ਕਰਾਇਆ | ੨੨੮ |
| ਉਦਮ ਕਰੋ | ੨੫੪ |
| ਉਤਰਿ ਅਵਘਟ | ੨੭੭ |
| ਉਦਮ ਕਰਹੁ | ੪੬੮ |
| ਉਠ ਵੰਞ ਵਟਾਊ | ੪੮੩ |
| ਉਲਟੀ ਰੇ ਮਨ | ੮੦੨ |
| ਊਠਤ ਬੈਠਤ | ੧੭੩ |
| ਓਹਾ ਪ੍ਰੇਮ ਪਿਰੀ | ੨੫੯ |
| ਓਹ ਨੇਹੁ ਨਵੇਲਾ | ੨੬੩ |
| ਓਇ ਪਰਦੇਸੀਆ | ੨੭੫ |
| **ਅ** | |
| ਅਰੜਾਵੈ ਬਿਲਲਾਵੈ | ੧੧੮ |
| ਅਨਦ ਬਿਨੋਦ | ੧੩੪ |
| ਅਉਖਧੁ ਖਾਇਓ | ੧੪੧ |
| ਅਧਮ ਚੰਡਾਲੀ | ੧੫੪ |
| ਅਨਦਿਨ ਮੂਸਾ | ੧੯੦ |
| ਅਨਿਕ ਭਾਤ ਕਰ | ੧੬੪ |
| ਅਪੁਸਟ ਬਾਤ ਤੇ | ੨੩੯ |
| ਅਪਨੇ ਸੇਵਕ ਕੀ | ੨੪੫ |
| ਅਗਮ ਅਗੋਚਰ | ੨੫੫ |
| ਅਨਰਸ ਮਹਿ | ੩੫੬ |
| ਅਪਨੇ ਸਤਿਗੁਰ | ੭੯੧ |
| ਅਨਾਥ ਨਾਥ | ੭੯੨ |
| ਅਬ ਹਮ ਚਲੀ | ੭੭੦ |
| ਅਪੁਨੇ ਹਰਿ ਪਹਿ | ੭੮੫ |
| ਅਧੋ ਅੰਞੈ ਸਭ ਜਗੁ | ੩੭੭ |
| ਅਨਹਦੋ ਅਨਹਦ | ੩੮੬ |
| ਅਨਦੋ ਅਨਦ | ੪੫੨ |
| ਅਕਥਾ ਹਰ | ੪੫੫ |
| ਅਪਜਸ ਮਿਟੈ | ੬੬੨ |
| ਅਪਨਾ ਗੁਰਸੇਵ | ੬੬੭ |
| ਅਹੰਬੁਧ ਬਹੁ | ੬੬੯ |
| ਆਖਾ ਜੀਵਾ ਵਿਸਰੈ ਮਰਿ ਜਾਉ | ੧੧ |
| ਆਪ ਕਰੇ ਸਚ | ੪੭ |
| ਆਇਆ ਮਰਣ | ੧੦੦ |
| ਆਗੈ ਹੀ ਤੇ | ੧੫੯ |
| ਆਪੇ ਪੇਡ | ੧੭੯ |
| ਆਠ ਪਹਿਰ | ੧੯੯ |
| ,, ,, | ੨੦੨ |
| ਆਵਹੁ ਮੀਤ | ੨੨੭ |
| ਆਪਨੀ ਭਗਤ | ੨੬੧ |
| ਆਪ ਵੀਚਾਰੈ | ੨੮੮ |
| ਆਵਣ ਜਾਣ | ੩੨੪ |
| ਆਸਾ ਆਸ ਕਰੇ | ੩੩੧ |


Digitized by Panjab Digital Library | www.panjabdigilib.org

| | |
|---|---|
| ਆਪੇ ਆਪ ਪਛਾਣਿਆ | ੩੩੯ |
| ਆਸਾ ਦੀ ਵਾਰ | ੪੯੬ |
| ਆਨੀ ਲੇ ਕੁੰਭ | ੫੯੮ |
| ਆਲ ਜਾਲ ਭ੍ਰਮ | ੬੫੮ |
| ਆਰਾਧ ਸ੍ਰੀਧਰ | ੬੭੧ |
| ਐਜੀ ਜਨਮ | ੬੭੯ |
| ਐਜੀ ਨ ਹਮ | ੬੮੧ |
| ਅੰਮ੍ਰਿਤੁ ਨਾਮ | ੧੫੮ |
| ਅੰਤਰਿ ਗਾਵਉ | ੨੩੬ |
| ਅੰਮ੍ਰਿਤ ਜਿਨਾ | ੩੪੯ |
| ਅੰਤਰ ਮੈਲ | ੫੯੬ |
| ਅੰਮ੍ਰਿਤਾ ਪ੍ਰਿਅ | ੭੯੫ |
| **ੲ** | |
| ਇਕ ਆਵਹਿ | ੩੨ |
| ਇਕ ਘੜੀਦਿਨਸ | ੧੨੫ |
| ਇਨ ਸਿਉ ਪ੍ਰੀਤਿ | ੧੯੮ |
| ਇਕਤ ਪਤਰ ਭਰ | ੫੫੬ |
| ਇਹ ਜਗਤ ਮਮਤਾ | ੬੯੮ |
| ਏਕੋ ਸਰਵਰ | ੨੭ |
| ਏਕ ਨ ਭਰੀਆ | ੪੯ |
| ਏਕ ਬਗੀਚਾ | ੧੬੮ |
| ਏਕੋ ਏਕੀ ਨੈਨ | ੧੭੫ |
| ਏਕ ਸਿਮਰ | ੨੬੨ |
| ਏਕ ਓਟ ਗਹੁ ਹਾਂ | ੨੭੨ |
| ਏਕ ਮਰੇ ਪੰਚੇ ਮਿਲ | ੨੮੫ |
| ਏਕ ਅਨੇਕ | ੫੯੭ |
| ਏਕੋ ਨਾਮ ਨਿਧਾਨ | ੬੨੭ |
| ਏਕ ਨਗਰੀ | ੬੭੩ |
| ਏਕੈ ਰੇ ਹਰਿ | ੮੦੦ |
| **ਸ** | |
| ਸਬਦ ਮੁਆ ਵਿਚਹੁ | ੬੯ |
| ਸਤਿਗੁਰ ਵਿਚ | ੭੦ |
| ਸਬਦਿ ਮਰੇ | ੮੧ |
| ਸਤਿ ਸੰਗਤ | ੯੯ |
| ਸਸੁਤੇ ਪਿਰਿ | ੧੦੬ |
| ਸਦਾ ਸਦਾ ਆਤਮ | ੧੪੨ |
| ਸਤਿਗੁਰ ਅਪਨਾ | ੧੭੮ |
| ਸਗਲ ਸੁਖ | ੨੦੧ |
| ਸਰਬ ਦੂਖ | ੨੦੯ |
| ਸਤਿਗੁਰ ਸਾਚੈ ਦੀਆ | ੨੧੪ |
| ਸਰਬ ਸੁਖਾ ਮੈ | ੨੧੭ |
| ਸਤਿਗੁਰ ਬਚਨ | ੨੫੭ |
| ਸਭਿ ਜਪ ਸਭਿ ਤਪ | ੨੮੦ |
| ਸਤਿਗੁਰ ਹਮਰਾ | ੩੨੯ |
| ਸਚ ਰਤੇ ਸੇ ਨਿਰਮਲੇ | ੩੪੩ |
| ਸਭ ਨਾਵੈਨੋ | ੩੪੫ |
| ਸਚ ਰਤੀਆ | ੩੪੭ |
| ਸਤਿਗੁਰ ਤੇ ਗੁਣ | ੩੫੧ |
| ਸਬਦੋ ਹੀ ਭਗਤ | ੩੫੪ |
| ਸਸੈ ਸੋਇ ਸ੍ਰਿਸਟਿ | ੩੬੭ |
| ਸਤਜੁਗ ਸਭ ਸੰਤੋਖ | ੪੨੨ |
| ਸਨਕ ਸਨੰਦ | ੫੬੫ |
| ਸਰਪਨੀ ਤੇ ਊਪਰ | ੫੭੬ |
| ਸਭ ਜਿਨ ਕੇ | ੮੦੩ |
| ਸਭ ਕਿਛ ਜੀਵਤ | ੮੦੫ |
| ਸਰਬ ਸੁਖਾ ਗੁਰ | ੭੮੪ |
| ਸਾਚ ਨਾਮ ਮੇਰਾ | ੧੬੬ |
| ਸਾਧੂ ਸੰਗ | ੨੦੫ |
| ਸਾਧੂ ਸੰਗਤ | ੨੦੬ |
| ਸਾਈ ਅਲਖ | ੨੧੮ |
| ਸਾਸਤ ਬੇਦ | ੩੨੬ |
| ਸਾਜਨ ਮੇਰੇ ਪ੍ਰੀਤਮਹੁ | ੪੦੨ |


Digitized by Panjab Digital Library | www.panjabdigilib.org

ਸਾਸ ਕੀ ਦੁਖੀ ੫੮੪
ਸਾਪ ਕੁੰਚ ਛੋਡੈ ੬੦੧
ਸੁਣ ਵਡਾ ਆਖੈ ੯
ਸੁਨ ਮਨ ਮੰਨ ੩੩੫
ਸੁਭ ਚਿੰਤਨ ੪੯੦
ਸੁਤ ਅਪਰਾਧ ੫੬੭
ਸੂਖ ਸਹਜ ੨੩੩
ਸੇਵਕ ਦਾਸੁ ੪੨
ਸੋਦਰੁ ਤੇਰਾ ੧
ਸੋ ਪੁਰਖ ੫
ਸੋ ਪ੍ਰਭੁ ਨੇਰੈ ਹੂ ੭੯੧
ਸੋ ਪ੍ਰਭ ਜਤਕਤ ੭੭੯
ਸੋਇ ਰਹੀ ੧੯੬
ਸੰਤਾ ਕੀ ਹੋਇ ਦਾਸਰੀ ੨੩੧
ਸੰਤ ਤੁਝੀ ੬੦੪

ਹ

ਹਰਿ ਦਰਸਨੁ ਪਾਵੈ ੬੮
ਹਰਿ ਕੈ ਭਾਣੈ ੮੫
ਹਰਿ ਹਰਿ ਨਾਮ ੯੫
ਹਥਿ ਕਰ ਤੰਤ ੯੬
ਹਉ ਅਨਦਿਨ ੧੦੨
ਹਰਿ ਸੇਵਾ ਮਹਿ ੧੨੬
ਹਰਿ ਰਸੁ ਛੋਡ ੧੩੨
ਹਰਿ ਰਸ ਪੀਵਤ ੧੩੭
ਹਰਿ ਜਨ ਲੀਨੇ ੧੪੦
ਹਰਿ ਹਰਿ ਅਖਰ ੧੮੧
ਹਰਿ ਕਾ ਨਾਮ ੨੦੬
ਹਭੇ ਥੋਕ ਵਿਸਾਰ ੨੨੦
ਹਮਾਰੀ ਪਿਆਰੀ ੨੫੦
ਹਰਿ ਹਰਿ ਨਾਮ ੨੬੦
ਹਰ ਬਿਸਰਤਿ ੨੬੨
ਹਰਖ ਸੋਗ ੨੬੮
ਹਰਿ ਹਰਿ ਹਰਿ ੨੭੦
ਹਮ ਘਰੇ ਸਾਚਾ ੩੬੮
ਹਰਿ ਹਰਿ ਕਰਤਾ ੪੧੯
ਹਰੀ ਕੀਰਤ ੪੨੬
ਹਰਿ ਅੰਮ੍ਰਿਤ ਭਿੰਨੇ ੪੩੬
ਹਰਿ ਅੰਮ੍ਰਿਤ ਭਗਤ ੪੪੦
ਹਰਿ ਚਰਨ ਕਮਲ ੪੫੭
ਹਰਿ ਹਰਿ ਨਾਮ ੪੭੪
ਹਮ ਮਸਕੀਨ ੫੭੩
ਹਮ ਘਰ ਸੁਤ ੫੮੫
ਹਰਿ ਹਰਿ ਹਰਿ ੬੦੬
ਹਰਿ ਜਪ ਸੇਵਕ ੭੯੬
ਹਰਿ ਗੁਣ ਗਾਵੈ ੭੭੧
ਹਰਿ ਕੇ ਨਾਮ ਬਿਨਾ ੭੭੨
ਹਰਿ ਪ੍ਰਾਨ ਪ੍ਰਭੁ ੭੭੮
ਹਰਿ ਰਾਮ ਨਾਮੁ ੭੮੦
ਹਰਿ ਕੀ ਤੁਮ ਸੇਵਾ ੬੨੦
ਹਰਿ ਕੇ ਜਨ ਸਤਿਗੁਰ ੬੨੯
ਹਰਿ ਜਨ ਊਤਮ ੬੩੨
ਹਰਿ ਧਨ ਜਾਪ ੬੪੨
ਹਰਿ ਬਿਨ ਜੀਅਰਾ ੬੯੦
ਹਿਰਦੇ ਸੁਣ ਸੁਣ ੯੦
ਹੀਰੇ ਹੀਰਾ ਬੇਧ ੫੯੦
ਹੈ ਨਾਹੀ ਕੋਊ ੬੫੩
ਹੋਹੁ ਦਇਆਲ ੬੩੩
ਹਿੰਦੂ ਤੁਰਕ ੫੬੩

ਕ

ਕਰਮ ਕਰਤੂਤਿ ਬੇਲਿ ੨੦
ਕਰਿ ਕਿਰਪਾ ਅਪਨੈ ਘਰਿ ੨੪
ਕਥਿ ਕੋ ਭਾਲੈ ੯੭

Digitized by Panjab Digital Library | www.panjabdigilib.org

| | | | |
|---|---|---|---|
| ਕਰਿ ਕਿਰਪਾ | ੧੨੮ | ਕੋਊ ਬਿਖਮ ਗਾਰ | ੨੬੭ |
| ,, ,, ਪ੍ਰਭ | ੧੬੨ | ਕੋਰੀ ਕੋ ਕਾਹੂ | ੫੯੫ |
| ਕਹਾ ਸੁਖੇਲ | ੩੦੪ | ਖ | |
| ਕਮਲਾ ਭ੍ਰਮ ਭੀਤ | ੪੯੨ | ਖਿਨ ਮਹਿ ਥਾਪਿ | ੬੫੯ |
| ਕਹਾ ਸੁਆਨ ਕਉ | ੫੭੮ | ਖੁਰਾਸਾਨ ਖਸਮਾਨਾ | ੬੬ |
| ਕਰਵਤ ਭਲਾ | ੫੯੪ | ਗ | |
| ਕਹਾ ਭਇਓ | ੬੦੬ | ਗਜ ਸਾਢੇ ਤੈ ਤੈ | ੫੫੩ |
| ਕਰ ਕਿਰਪਾ | ੬੬੦ | ਗਗਨ ਨਗਰ | ੫੭੫ |
| ਕਬਹੂ ਹਰਿ | ੬੬੪ | ਗਾਵ ਲੇਹਿ ਤੂੰ | ੨੧੧ |
| ਕਵਨ ਕਵਨ | ੬੭੬ | ਗਾਵਹਿ ਗੀਤੇ | ੨੯੨ |
| ਕਰਤ ਫਿਰੇ ਬਨ | ੭੯੭ | ਗ੍ਰਿਹੁ ਬਨੁ ਸਮਸਰ | ੨੫ |
| ਕਾਇਆ ਬ੍ਰਹਮਾ | ੪੦ | ਗੁਰਮਤਿ ਸਾਚੀ | ੨੯ |
| ਕਾਚੀ ਗਾਗਰਿ | ੪੪ | ਗੁਰ ਕਾ ਸਬਦ | ੬੩ |
| ਕਾਮ ਕ੍ਰੋਧ ਲੋਭ | ੧੩੮ | ਗੁੜ ਕਰ ਗਿਆਨ | ੬੫ |
| ਕਾਮ ਕ੍ਰੋਧ ਮਾਇਆ | ੧੪੩ | ਗੁਰੁ ਸਾਇਰੁ | ੮੦ |
| ਕਾਮ ਕ੍ਰੋਧ | ੧੮੩ | ਗੁਣ ਗਾਵਾਂ | ੯੨ |
| ਕਾਮ ਕ੍ਰੋਧ ਲੋਭ | ੨੬੮ | ਗੁਰਮੁਖ ਹਰਿ | ੯੪ |
| ਕਾਰਨ ਕਰਨ | ੨੭੪ | ਗੁਣ ਅਵਗਨੁ | ੧੧੪ |
| ਕਾਹੂ ਦੀਨੇ ਪਾਟ | ੫੭੨ | ਗੁਰ ਕੇ ਚਰਨ ਰਿਦੇ | ੭੮੬ |
| ਕਾਹੇ ਰੇ ਮਨ | ੬੩੯ | ਗੁਰ ਕੈ ਸਬਦਿ | ੧੩੫ |
| ਕਿਸ ਕਉ ਕਹਹਿ | ੩੫ | ਗੁਰ ਪੂਰੇ | ੨੧੬ |
| ਕਿਸ ਹੀ ਧੜਾ | ੮੭ | ਗੁਰ ਪਰਸਾਦ ਮੇਰੇ | ੨੪੭ |
| ਕਿਆ ਸੋਵਹਿ | ੨੨੩ | ਗੁਰਿ ਦਿਖਾਇਓ | ੨੫੯ |
| ਕਿਆ ਜੰਗਲ | ੬੧੫ | ਗੁਰਮੁਖ ਗਿਆਨ | ੨੯੦ |
| ਕਿਰਿਆ ਚਾਰ | ੬੪੦ | ਗੁਰ ਸੇਵੇ | ੨੯੯ |
| ਕੀਤਾ ਹੋਵੈ ਕਰੇ | ੬੨ | ਗੁਰ ਤੇ ਸਾਂਤ | ੩੩੩ |
| ਕੀਓ ਸਿੰਗਾਰ | ੫੯੦ | ਗੁਰਮੁਖ ਢੂਢ | ੪੩੯ |
| ਕੇਤਾ ਆਖਣੁ | ੩੨੧ | ਗੁਰ ਚਰਨ ਲਾਗ | ੫੫੨ |
| ਕੋਈ ਭੀਖਕ | ੩੭ | ਗੁਰਮੁਖ ਸਾਖੀ | ੬੩੫ |
| ਕੋਟ ਜਨਮ | ੧੭੬ | ਗੁਰਪ੍ਰਸਾਦੀ | ੬੬੮ |
| ਕੋਇ ਨ ਕਿਸਹੀ | ੨੨੪ | ਗੂਜਰੀ ਦੀ ਵਾਰ | ੬੯੮ |


Digitized by Panjab Digital Library | www.panjabdigilib.org

| | | | |
|---|---|---|---|
| ਗੋਬਿੰਦ ਗੁਣੀ | ੨੨੬ | ਜਾ ਤੂੰ ਸਾਹਿਬੁ | ੧੫੭ |
| ਗੋਬਿੰਦ ਗੋਬਿੰਦ | ੨੬੯ | ਜਾਕੈ ਸਿਮਰਨ | ੧੭੪ |
| ਗੋਬਿੰਦ ਗੋਬਿੰਦ | ੬੧੦ | ਜਾਂਕਾ ਠਾਕਰ | ੨੨੯ |
| ਗੋਵਿੰਦ ਗੋਵਿੰਦ | ੬੩੦ | ਜਾ ਪ੍ਰਭ ਕੀ ਹਉ | ੨੩੦ |
| ਘ | | ਜਾਕਉ ਭਏ | ੪੬੧ |
| ਘਰ ਮਹਿ ਸੂਖ | ੧੭੧ | ਜਿਨ ਲਾਈ ਪ੍ਰੀਤ | ੧੦੪ |
| ਘਰੈ ਅੰਦਰਿ | ੩੩੭ | ਜਿਸ ਨੀਚ ਕਉ | ੧੭੪ |
| ਚ | | ਜਿਸ ਕਾ ਸਭ ਕਿਛ | ੧੯੧ |
| ਚਰਨ ਕਮਲ | ੧੯੭ | ਜਿਹ ਪੈਂਡੇ | ੨੦੪ |
| ਚਲੇ ਚਲਣ ਹਾਰ | ੩੧੩ | ਜਿਨਾ ਨ ਵਿਸਰੈ | ੨੨੧ |
| ਚਾਰ ਵਰਨ ਰਉਹਾ ਕੇ | ੨੪੯ | ਜਿਸ ਸਿਮਰਤ | ੨੨੫ |
| ਚਾਰੇ ਕੁੰਡਾ ਢੁਵੀਆ | ੩੦੯ | ਜਿਸਨੋ ਤੂੰ ਅਸਥਿਰ | ੨੩੭ |
| ਚਿਤਵਉ ਚਿਤਵਿ | ੨੩੫ | ਜਿਨ ਸਿਰ ਸੋਹਨਿ | ੩੦੧ |
| ਚੰਚਲੁ ਸੁਪਨੈ | ੭੯੪ | ਜਿਨੀ ਨਾਮ ਵਿਸਾਰਿਆ | ੩੧੭ |
| ਛ | | ਜਿਨ ਮਸਤਕ | ੪੪੨ |
| ਛਾਡ ਸਗਲ | ੬੬੬ | ਜਿਨ ਅੰਤਰ | ੪੪੪ |
| ਛਿਅ ਘਰ ਛਿਅ | ੫੩ | ਜਿਨਾ ਭੇਟਿਆ | ੪੪੭ |
| ਜ | | ਜਿਨ ਸਤਿਗੁਰ ਪੁਰਖ | ੬੩੬ |
| ਜਨਮ ਪਦਾਰਥ | ੧੦੧ | ਜਿਸ ਸਿਮਰਤ | ੬੪੩ |
| ਜਉ ਮੈ ਕੀਓ | ੧੧੯ | ਜਿਸ ਮਾਨੁਖ ਪਹਿ | ੬੪੯ |
| ਜਨਮ ਜਨਮ ਕੀ | ੧੫੦ | ਜੀਵਤ ਦੀਸੈ | ੧੨੩ |
| ਜਹਾ ਪਠਾਵਹੁ | ੧੭੨ | ਜੀਅ ਪ੍ਰਾਨ | ੧੩੩ |
| ਜਉ ਸੁ ਪ੍ਰਸੰਨ | ੧੯੨ | ਜੀਉ ਮਨੁ ਤਨੁ | ੨੫੨ |
| ਜਉ ਮੈ ਅਪਨਾ | ੧੯੯ | ਜੀਵਨੋ ਮੈ ਜੀਵਨ | ੪੦੯ |
| ਜਬ ਲਗ ਤੇਲ | ੫੬੪ | ਜੁਗ ਮਾਹਿ ਨਾਮ | ੬੨੨ |
| ਜਗ ਜੀਵਨ | ੫੯੬ | ਜੇ ਦਰਿ ਮਾਂਗਤੁ | ੧੨ |
| ਜਉ ਮੈ ਰੂਪ | ੫੯੭ | ਜੇਤਾ ਸਬਦੁ ਸੁਰਤਿ | ੧੬ |
| ਜਨਕੀ ਪੈਜ | ੬੬੪ | ਜੈਸੇ ਕਿਰਸਾਣੁ | ੧੨੯ |
| ਜਗਤ ਮੈ ਝੂਠੀ | ੯੦੬ | ਜੈਸੇ ਗੋਇਲਿ | ੩੦੭ |
| ਜਾਨੀ ਨ ਜਾਈ | ੯੦੦ | ਜੋ ਤਿਨ ਕੀਆ | ੩੦ |
| ਜਾਕਾ ਹਰਿ ਸੁਆਮੀ | ੧੪੨ | ਜੋ ਤੁਧੁ ਭਾਵੈ | ੧੪੯ |


Digitized by Panjab Digital Library | www.panjabdigilib.org

| | |
|---|---|
| ਜੋਗੀ ਜਤੀ ਤਪੀ | ੫੫੮ |
| **ਝ** | |
| ਝਿਮਿ ਝਿਮੈ | ੪੧੨ |
| **ਠ** | |
| ਠਾਕੁਰ ਸਿਉ | ੧੮੮ |
| ਠਾਕਰ ਚਰਨ | ੨੬੧ |
| ਠਾਕਰ ਹੋਇ | ੭੯੦ |
| **ਡ** | |
| ਡੀਗਨ ਡੋਲਾ | ੨੩੨ |
| ਡੋਲਿ ਡੋਲਿ | ੨੫੩ |
| **ਤ** | |
| ਤਨ ਬਿਨਸੈ | ੨੯੭ |
| ਤਨ ਰੈਨੀ | ੫੮੩ |
| ਤਾਲ ਮਦੀਰੇ ਘਟਕੇ | ੧੪ |
| ਤਿਤੁ ਸਰਵਰੜੈ | ੫੨ |
| ਤਿਆਗ ਸਗਲ | ੨੫੧ |
| ਤਿਸ ਜਨ ਸਾਂਤਿ | ੬੨੪ |
| ਤੀਰਥ ਜਾਉ | ੧੭੦ |
| ਤੁਝ ਬਿਨੁ ਅਵਰੁ | ੧੩੯ |
| ਤੁਮ ਚੰਦਨ | ੬੦੫ |
| ਤੇਰਾ ਨਾਮ ਕਰੀ | ੬੧੬ |
| ਤੇਰਾ ਜਨ ਰਾਮ | ੭੮੮ |
| ਤੂੰ ਕਰਤਾ | ੮੬ |
| ਤੂੰ ਬਿਅੰਤੁ | ੨੩੪ |
| ਤੂੰ ਵਿਸਰਹਿ ਤਾਂ | ੧੬੦ |
| ਤੂੰ ਮੇਰਾ ਤਰੰਗ | ੧੮੪ |
| ਤੂੰ ਸਭਨੀ ਥਾਈ | ੩੯੨ |
| ਤੂੰ ਸੁਣ ਹਰਣਾ | ੩੯੫ |
| ਤੂੰ ਦਾਤਾ ਜੀਆ | ੬੬੦ |
| ਤੂੰ ਸਮਰਥ | ੬੭੨ |
| **ਥ** | |
| ਥਿਰ ਸੰਤਨ ਸੋਹਾਗ | ੪੭੧ |
| **ਦ** | |
| ਦਰਸਨ ਨਾਮ ਕੇ | ੭੯੪ |
| ਦਾਨੁ ਦੇਇ | ੧੧੬ |
| ਦਿਨ ਰਾਤ ਕਮਾਇਅੜੋ | ੪੮੯ |
| ਦਿਲਹੁ ਮੁਹਬਤ | ੬੧੨ |
| ਦਿਨ ਰਾਤੀ ਅਰਾਧਹੁ | ੬੫੫ |
| ਦੀਵਾ ਮੇਰਾ ਏਕ | ੫੬ |
| ਦੁਧ ਬਿਨੁ ਧੇਨੁ | ੩੯ |
| ਦੁਖ ਬਿਨਸੇ | ੬੫੧ |
| ਦੁਇ ਕਰ ਜੋੜ | ੬੫੭ |
| ਦੂਜੈ ਭਾਇ ਲਗੇ | ੭੩ |
| ਦੂਖ ਰੋਗ | ੧੧੭ |
| ਦੂਖ ਘਨੋ ਜਬ | ੧੬੫ |
| ਦੇਵਤਿਆ ਦਰਸਨ | ੫੮ |
| ਦੋਹਾਗਣੀ ਮਹਲ | ੩੪੧ |
| **ਧ** | |
| ਧ੍ਰਿਗ ਇਵੇਹਾ ਜੀਵਣਾ | ੬੧੯ |
| ਧਿਆਇ ਗਾਇ | ੮੦੧ |
| **ਨ** | |
| ਨ ਕਿਸਕਾ ਪੂਤੁ | ਮ੧ |
| ਨਉ ਨਿਧਿ ਤੇਰੈ | ੧੩੦ |
| ਨਟੂਆ ਭੇਖ ਦਿਖਾਵੈ | ੩੪੬ |
| ਨਾਮ ਸੁਣੀ | ੯੩ |
| ਨਾ ਓਹ ਮਰਤਾ | ੧੯੨ |
| ਨਾਮ ਜਪਤ | ੨੧੦ |
| ਨਾਭਿ ਕਮਲ ਤੇ | ੬੧੭ |
| ਨਾ ਕਾਸੀ ਮਤਿ | ੬੨੬ |
| ਨਾਮ ਨਿਧਾਨ | ੬੪੭ |
| ਨਾਥ ਨਰਹਰ | ੬੯੫ |
| ਨਿਵਨਿਵਿ ਪਾਇ | ੩੪ |

ਨਿਰਤਿ ਕਰੇ ੯੩
ਨਿਜ ਭਗਤੀ ੧੦੭
ਨਿਕਟਿ ਜੀਆ ੧੩੧
ਨਿਮਖ ਕਾਮ ਸੁਆਦ ੨੪੩
ਨਿਰਤਿ ਕਰੀ ੬੯੭
ਨੀਕੀ ਜੀਅ ਕੀ ੨੪੯
ਨੀਕੀ ਸਾਧ ਸੰਗਾਨੀ ੨੫੦

ਪ

ਪਉਣੁ ਉਪਾਇ ੧੯
ਪਹਿਲਾ ਪੂਤ ੫੮੦
ਪਹਿਲੀ ਕਰੂਪ ੫੯੧
ਪਤਿਤ ਪਵਿਤ੍ਰ ੬੫੨
ਪ੍ਰਥਮੇ ਮਤਾ ੧੧੧
ਪਰਦੇਸੁ ਝਾਗਿ ੧੧੩
ਪ੍ਰਥਮੇ ਤੇਰੀ ੧੨੧
ਪ੍ਰਭ ਹੋਇ ਕ੍ਰਿਪਾਲ ੧੨੭
ਪ੍ਰਭ ਕੀ ਪ੍ਰੀਤ ੧੯੫
ਪ੍ਰਥਮੇ ਮਿਟਿਆ ੨੧੩
ਪ੍ਰਥਮੈ ਗਰਭ ੬੪੯
ਪ੍ਰਭੁ ਜੀਉ ਦੇਖ ਉ ੭੯੭
ਪ੍ਰਭ ਇਹੈ ਮਨੋਰਥ ੭੯੩
ਪ੍ਰਭ ਜੀਉ ੭੭੭
ਪਾਵਤ ਰਲੀਆ ੧੬੭
ਪਾਰਬ੍ਰਹਮ ੩੬੩
ਪਾਤੀ ਤੋਰੈ ਮਾਲਣੀ ੫੬੯
ਪਾਰ ਬ੍ਰਹਮ ੬੦੨
ਪੁਤਰੀ ਤੇਰੀ ੧੨੪
ਪੁਰਖ ਪਤੇ ੪੭੭
ਪੂਰ ਰਹਿਆ ੨੨੨
ਪੇਵਕੜੈ ਧਨ ੫੦
ਪੀਰ ਮਨਾਏ ੩੫੮

ਫ

ਫੀਲ ਰਬਾਬੀ ੫੫੯

ਬ

ਬਨ ਬਨ ਫਿਰਤੀ ੪੬੫
ਬਟੂਆ ਏਕ ੫੬੨
ਬ੍ਰਹਮ ਲੋਕ ੬੬੧
ਬਾਛਤ ਨਾਹੀ ੧੪੧
ਬਾਹਰੁ ਧੋਇ ੧੫੧
ਬਾਵਰ ਸੋਇ ਰਹੇ ੨੫੮
ਬਾਪਾਰ ਗੋਬਿੰਦ ੨੬੬
ਬਾਪ ਦਿਲਾਸਾ ੫੫੫
ਬਾਤੀ ਸੂਕੀ ੫੬੬
ਬਾਰਹ ਬਰਸ ੫੭੦
ਬਿਕਾਰ ਮਾਇਆ ੨੬੪
ਬਿਰਥਾ ਕਹਉ ੨੭੬
ਬਿਸੰਭਰ ਜੀਅਕੋ ੬੬੩
ਬੁਧਿ ਪ੍ਰਗਾਸ ੧੩੬
ਬੋਲੈ ਸੇਖ ਫਰੀਦ ੬੧੩
ਬੰਧਨ ਕਾਟਿ ੧੫੫
ਬਿੰਦ ਤੇ ਜਿਨ ਪਿੰਡ ੫੮੨

ਭ

ਭਗਤਿ ਰਤਾ ਜਨੁ ੭੯
ਭਈ ਪਰਾਪਤਿ ੧੩੯
ਭ੍ਰਮ ਮਹਿ ਸੋਈ ੧੪੭
ਭ੍ਰਮਤ ਫਿਰਤ ੬੦੮
ਭਗਤ ਪ੍ਰੇਮ ੬੯੪
ਭੀਤਰਿ ਪੰਚ ੫੯
ਭੂਪਤਿ ਹੋਇਕੈ ੧੯੬

ਮ

ਮਨੁ ਮੋਤੀ ਜੇ ਗਹਿਣਾ ੬੧
ਮਨਮੁਖ ਮਰਹਿ ੭੪

Digitized by Panjab Digital Library | www.panjabdigilib.org

| | |
|---|---|
| ਮਨਮੁਖ ਝੂਠੇ | ੭੭ |
| ਮਤਾ ਕਰਉ | ੧੦੯ |
| ਮਨ ਤ੍ਰਿਪਤਾਨੇ | ੧੯੮ |
| ਮਨਸਾ ਏਕ | ੨੭੦ |
| ਮਨ ਮੈਗਲ | ੨੯੪ |
| ਮਨਸਾ ਮਨਹਿ | ੩੧੧ |
| ਮਨ ਰਾਤਉ ਹਰਿ | ੩੨੩ |
| ਮਨ ਨਾਮ ਜਪਾਨਾ | ੪੩੦ |
| ਮਨ ਮੇਰੋ ਗਜ | ੬੦੦ |
| ਮਤਾ ਕਰੇ ਪਛਮ | ੬੪੫ |
| ਮਤਾ ਮਸੂਰਤ | ੬੫੪ |
| ਮਨ ਹਰਿ ਕੀਰਤ | ੭੭੫ |
| ਮਨ ਜਿਉ ਅਪੁਨੇ | ੭੭੬ |
| ਮਨ ਸਗਲ ਸਿਆਨਪ | ੭੭੭ |
| ਮਨ ਕਹ ਅਹੰਕਾਰਿ | ੮੯੦ |
| ਮਨ ਗੁਰ ਮਿਲਿ | ੭੮੨ |
| ਮਾਈ ਮੇਰੇ ਪ੍ਰੀਤਮ | ੧੦੩ |
| ਮਾਥੈ ਤ੍ਰਿਕੁਟੀ | ੨੦੮ |
| ਮਾਟੀ ਕੋ ਪੁਤਰਾ | ੬੦੭ |
| ਮਾਈ ਬਾਪ ਪੁਤ੍ਰ | ੬੩੮ |
| ਮਾਈ ਗੁਰ ਬਿਨ | ੭੮੯ |
| ਮਾਈ ਗੁਰ ਚਰਣੀ | ੭੭੩ |
| ਮਾਈ ਹੋਨਹਾਰ | ੭੭੪ |
| ਮਾਈ ਸੁਨਤਸੋਚ | ੭੭੪ |
| ਮਾਈ ਜੋ ਪ੍ਰਭੁ | ੭੮੩ |
| ਮਾਈ ਪ੍ਰਭ ਕੇ ਚਰਨ | ੭੮੭ |
| ਮਿਟੀ ਤਿਆਗ | ੧੭੭ |
| ਮਿਥਿਆ ਸੰਗ | ੨੪੧ |
| ਮਿਲ ਰਾਮ ਪਿਆਰੇ | ੨੬੪ |
| ਮਿਲ ਹਰਿ ਜਸ | ੨੭੩ |
| ਮੰਗਿ ਮੀਨ | ੬੦੨ |
| ਮੀਠੀ ਆਗਿਆ | ੨੦੭ |
| ਮੀਤਾ ਐਸੇ ਹਰ | ੭੯੩ |
| ਮੁਨਿ ਜੋਗੀ ਸਾਸਤ੍ਰਗਿ | ੬੫੬ |
| ਮੇਰਾ ਪ੍ਰਭ ਸਾਚਾ | ੭੨ |
| ਮੇਰੇ ਮਨ ਤਨ | ੯੧ |
| ਮੇਰੇ ਮਨ ਹਰਿ | ੩੬੦ |
| ਮੇਰਾ ਮਨੋ ਮੇਰਾ ਮਨ | ੩੮੯ |
| ਮੇਰੇ ਮਨ ਪਰਦੇਸੀ | ੪੪੯ |
| ਮੇਰੇ ਬਹੁਰੀਆ | ੫੯੨ |
| ਮੇਰੋ ਸੁੰਦਰੁ | ੭੬੯ |
| ਮੇਰੇ ਮੁਖਿ | ੭੬੯ |
| ਮੈ ਗੁਣ ਗਲਾ ਕੇ ਸਿਰਿ | ੨੨ |
| ਮੈ ਬੰਦਾ ਬੈਖਰੀਦ | ੨੧੬ |
| ਮੈ ਪੇਖਿਓ ਰੀ | ੭੯੮ |
| ਮੈ ਬਹੁਬਿਧ | ੭੯੯ |
| ਮੋਹੁ ਕੁਟੰਬ | ੪੬ |
| ਮੋਹ ਮਲਨ | ੧੬੩ |
| ਮੁੰਧ ਜੋ ਬਨਿ ਬਾਲੜੀਏ | ੩੮੪ |
| **ਯ** | |
| ਯਹ ਮਨ ਨੈਕ | ੮੦੩ |
| **ਰ** | |
| ਰਹੁ ਰਹੁਰੀ | ੫੯੩ |
| ਰਸਨਾ ਰਾਮ | ੬੬੫ |
| ਰਾਜ ਮਿਲਕ | ੧੪੬ |
| ਰਾਜ ਲੀਲਾ | ੧੬੯ |
| ਰਾਮ ਰਾਮ ਸਭਕੋ | ੬੨੩ |
| ਰਾਜਨ ਮਹਿ ਤੂੰ | ੬੯੩ |
| ਰੂੜੋ ਠਾਕਰ | ੩੧੯ |
| ਰੇ ਮੂੜੇ ਲਾਹੇ ਕਉ | ੨੪੦ |
| ਰੇ ਚਿਤ ਚੇਤਸ | ੬੧੧ |
| ਰੋਵਨ ਹਾਰੇ | ੧੮੫ |


Digitized by Panjab Digital Library | www.panjabdigilib.org

ਰੋਜਾ ਧਰੇ ੫੮੯

ਲ

ਲਖ ਲਸਕਰ ੫੪
ਲਾਲੈ ਆਪਨੀ ਜਾਤਿ ੭੬
ਲਾਲ ਚੋਲਨਾ ੧੬੪
ਲਾਖ ਭਗਤੰ ੨੧੯
ਲੂਕਿ ਕਮਾਨੋ ੨੪੪
ਲੇਖ ਅਸੰਖ ੨੮੨
ਲੰਕਾ ਸਾ ਕੋਟ ੫੭੯

ਵ

ਵਡਾ ਮੇਰਾ ਗੋਵਿੰਦ ੪੩੩
ਵਾਜਾ ਮਤਿ ਪਖਾਵਜ ੧੭
ਵਿਦਿਆ ਵੀਚਾਰੀ ੪੮
ਵੰਞੁ ਮੇਰੇ ਆਲਸਾ ੪੯੬


# ਭਾਵਾਰਥ ਤਤਕਰਾ

## ਰਾਗ ਆਸਾ, ਗੂਜਰੀ, ਦੇਵ ਗੰਧਾਰੀ


ਉਚੇ ਬਣ ਗਏ (ਨੀਚ ਲੋਕ ਨਾਮ ਜਪਕੇ) ੬੫੩
ਓਦੋਂ ਕੁਛ ਨਹੀਂ ਸੀ (ਜਦੋਂ ਪ੍ਰਮੇਸ਼ਰ ਨੇ ਅਜੇ ਧਰਤੀ ਆਦਕ ਕੁਛ ਨਹੀਂ ਬਣਾਇਆ ਸੀ) ੬੭੭
ਅਵਤਾਰ ਛੋਟੇ ਹਨ ੨੦
(ਦੇਖੋ ਵਵਾ)
ਅਨੰਦ ਵਿਆਹ ੨੪
ਅਕਲ ਸੌਰੀ ੧੫੪
ਅਮੀਰੀ ਗਰੀਬੀ ੫੭੨
ਅਨੰਦ ਕਾਰਜ ੫੮੩
ਆਤਮਾ (ਜੀਵ ਆਤਮਾ ਮਰਦਾ ਨਹੀਂ ਹੈ ਅਬਨਾਸ਼ੀ ਹੈ ਦੇਖੋ ਸਫਾ ੧੪੧
ਥੱਲੇ ਦੀ ਸਤਰ ਹੋਰ ਦੇਖੋ ਸਫਾ ੧੯੨
ਥੱਲੇ ਦੀ ਸੱਤਰ
ਅੰਤਮ ਕਰਿਆ ਕਰਮ ੫੬
ਅੰਮ੍ਰਿਤਸਰ ਤੇ ਕਾਂ ੬੩੧
ਇਸਤ੍ਰੀ ੧੬੫–੧੯੪–੧੯੫ ੨੦੭–੨੦੮ ੨੩੨
ਇਸਤ੍ਰੀ ਸਲਾਘਾ ੫੪੩
ਇਸਤ੍ਰੀ (ਸੁਹਾਗਣ) ੭੦੬
ਸ਼ਰਾਬ ਨ ਪੀਓ ੨੨੮
ਸਗਨ ਅਪਸਗਨ ੨੩੪
ਸਭ ਦੁਖੀ ੬੪੮
ਸੁਹਾਗਣੀ ੭੦੬
ਸੂਤਕ ੫੪੦
ਸੇਵਕ ਦੀ ਰੱਖਜਾ ੨੪੫
ਸੰਤਾਂ ਦੀ ਰਹਿਤ ੨੦੦
ਸੰਤਾਂ ਦੀ ਚੇਲੀ ੬੫੬
ਦੇਖੋ (ਮ) ਮਾਇਆ
ਕਲਜੁਗ ੧੫
ਕਲਜੁਗ ੧੫੯
ਕਲਜੁਗ ਉਤਮਹੈ ੨੫੬
ਕਪਟੀ ੬੨੪
ਕਾਸੀ ਕੀ ਹੈ ੬੨੬


Digitized by Panjab Digital Library | www.panjabdigilib.org


ਕਾਇਆਂ ਤੇ ਜੀਵ ੭੦੭
ਖੋਟਾ ਰੁਪੱਯਾ ੧੫੨
ਗਿਰਸਤ ਤੇ ਉਦਾਸ ੬੪੬
ਗੁਰਬਾਣੀ ੨੫੦
ਘੁੰਡ ਨ ਕੱਢੋ ੫੯੩
ਚੋਰੀ ਤੇ ਪਿਤਰ ੫੩੮
ਛੇਵੀਂ ਪਾਤਸ਼ਾਹੀ ੬੬੪
ਜਾਤੀ ੭੬-੭੮-੭੨੧
ਜੀਵਣ ਨੂੰ ਧਿਰਕਾਰ ੬੧੯
ਜੀਵ ਦਾ ਕੌਣ ਹੈ ੬੫੦
ਜੋਗੀ ਭੇਖੀ ਹੈ ੯੬
ਤਗ (ਜਨੇਊ) ੫੩੩
ਦੋਹਤਾ ਬਾਣੀ ਦਾ ਬੋਹਿਥਾ ੬੪੨
ਧੜਾ ਕੀ ਹੈ ੮੮
ਧਰਮ ਰਾਜਾ ਦਾਸ ੨੫੬
ਧੀ ਦਾ ਪੈਸਾ ਨ ਲਓ ੩੭੯
ਨਾਮ ਬਿਨਾ ਧ੍ਰਿਗ ੬੩੪
ਹੋਰ ਦੇਖੋ ਜੀਵਣ ਨੂੰ ਧਿਰਕਾਰ
(ਜ)ਵਿਚੋਂ ਨਿੰਦਿਆ ਕਰਨ ਵਲਾ੧੫੦
ਪਸੂ ਤੇ ਆਦਮੀ ੬੧੭
ਪੜ੍ਹਨਾ ਕੀ ਹੈ ੫੧੬
ਪੜ੍ਹਿਆ ਤੇ ਅਣਪੜ੍ਹ ੫੨੬
ਪਿਤਰ ਤੇ ਚੋਰੀ ੫੩੮
ਪੰਜ ਵਿਕਾਰ ੨੪੮
ਪੰਜ ਚੋਰ ੬੭੩
ਬਾਲਕ.ਦਾ ਜਨਮ ੨੧੪
(ਨੋਟ)ਇਸ ਸਫੇ ਦਾ ਅੰਕ ਗਲਤੀ ਨਾਲ ੧੧੪ ਹੈ, ਇਸ ਲਈ ਆਪ ਪਹਿਲੇ ੧ ਦਾ ੨ ਸਮਝੋ।
ਬਾਬਰ ਦੀ ਲੁਟ ੩੦੧
ਬ੍ਰਾਹਮਣ ਕੌਣ ਹੈ ੭੧੧
ਬੁਤ ਨ ਪੂਜੋ ੫੬੯
ਬੁਢੇਪਾ ੫੭੧
ਬੰਧਨ ੩੦੦
ਭਗਤ ੭੪੧
ਭਾਣਾ ਮੰਨਣਾ ੨੦੬
ਮਰਣਾ ਸੱਚ ਹੈ ੩੦੮
ਮਾਇਆ ਤੋਂ ਬਚੋ ੧੦੪
ਮਾਇਆ ਦਾ ਜ਼ੋਰ ੧੯੮-੧੯੯
ਮਾਇਆ ੨੦੯-੫੫੭
ਮਾਇਆ ਸੁਪਨੀ ੫੭੭
ਮਾਇਆ ੬੫੬
ਮਾਇਆ ਅੱਗ ੬੬੧
ਮਾਇਆ ਵਾਸਤੇ ੬੮੯
ਮਾਇਆ ਦਾ ਮੋਹ ੭੦੩
ਮਿਟੀ ਦਾ ਪੁਤਲਾ ੬੦੭
ਮਿਲਨ ਦੀ ਮਹਿਮਾ ੬੫੫
ਮੁਕਤੀ ਦਾ ਬੂਹਾ ੭੦੩
ਅਗੇ ਦੇਖੋ (ਸ) ਸੰਤਾਂ ਦੀ ਚੇਲੀ
ਮੋਹ ੪੭
ਮੰਗਤੇ ਸਾਰੇ ਦੇਵੀ ਦੇਵਤੇ ਪ੍ਰਮੇਸ਼ਰ ਦੇ ਮੰਗਤੇ ਹਨ ੬੭੮
ਰਾਸ (ਸੰਸਾਰ) ੧੪
ਰਾਗੀਆਂ ਨੂੰ ਸਿਖਯਾ ੮੮
ਰਾਜ ਭਾਗ ੧੪੬
ਰਾਹ (ਲੰਮਾ ਰਾਹ ਕੀ ਹੈ) ੨੦੪
ਰਾਮ ਰਾਮ ਹਰ ਕੋਈ ਆਖਦਾ ਹੈ੬੨੩
ਵਾਹਿਗੁਰੂ ਵੱਡਾ ਹੈ ੧੯
ਵਿਰਲਾ ਸੇਵਕ ੬੪੧
ਵੇਸਵਾ ਤੋਂ ਬਚੋ ੩੪੬



ਟੀਕਾਕਾਰ ਬਿਸ਼ਨ ਸਿੰਘ ਗਿਆਨੀ

ਖਾਲਸਾ ਕਾਲਜ ਅੰਮ੍ਰਿਤਸਰ


Digitized by Panjab Digital Library | www.panjabdigilib.org




ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਪੋਥੀ ਪੜ੍ਹ ਰਹੇ ਹਨ,,
ਸ੍ਰੀ ਗੁਰੂ ਗੈਬ ਸਾਹਿਬ ਜੀ ਜਟੀਰ ਦੇ ਮਿਲਨ ਦਾ ਪਤਾ,,

ਭਾ: ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅੰਮ੍ਰਿਤਸਰ,,


Digitized by Panjab Digital Library | www.panjabdigilib.org




ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ
ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਲਕ
ਭੁਆਂ ਵਿਖੇ ਵਰ ਦਿੰਦੇ ਹਨ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਨ ਦਾ ਪਤਾ—
ਭਾ: ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅੰਮ੍ਰਿਤਸਰ ਜੀ ॥

Digitized by Panjab Digital Library | www.panjabdigilib.org




ਭਾਈ ਗੁਰਦਾਸ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖ ਰਹੇ
" ਹਨ "

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਨ ਦਾ ਪਤਾ—

ਭਾ: ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅੰਮ੍ਰਿਤਸਰ ਜੀ ॥

Digitized by Panjab Digital Library | www.panjabdigilib.org




੧ ਭਾਈ ਲਾਲੋ ਜੀ ੨ ਭਾਈ ਸਾਹਲੋ ਜੀ ੩ ਭਾਈ ਬੁਢਾ ਜੀ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਨ ਦਾ ਪਤਾ

ਭਾ: ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅੰਮ੍ਰਿਤਸਰ ਜੀ॥

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਭਾਈ ਮਨੀ ਸਿੰਘ ਜੀ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਵਾ ਰਹੇ ਹਨ॥




G.S.P.A.

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰ ਰਹੇ ਹਨ, ਸ੍ਰੀ ਅੰਮ੍ਰਿਤਸਰ ਜੀ"




* ਪੀਪਾ ਜੀ ਜੈਦੇਵ ਜੀ

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਕਰਤੇ ਐਲਨ ਦਾ ਪਤਾ - ਡਾ: ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅੰਮ੍ਰਿਤਸਰ ਜੀ"

Digitized by Panjab Digital Library | www.panjabdigilib.org




ਸ੍ਰੀ ਬਾਬਾ ਮੋਹਨ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ
॥ ਪੋਥੀਆਂ ਦੇ ਰਹੇ ਹਨ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਨ ਦਾ ਪਤਾ —
ਭਾ: ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅੰਮ੍ਰਿਤਸਰ ਜੀ ॥

Digitized by Panjab Digital Library | www.panjabdigilib.org




ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਪੋਥੀ ਪੜ੍ਹ ਰਹੇ ਹਨ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਨ ਦਾ ਪਤਾ ॥

ਭਾ: ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅੰਮ੍ਰਿਤਸਰ ਜੀ ॥

Digitized by Panjab Digital Library | www.panjabdigilib.org

## ੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਇਹ ਸੋਦਰ ਦਾ ਸ਼ਬਦ ਰਹਿਰਾਸ ਵਿਚ ਆਇਆ ਹੈ ਉਥੇ ਇਸ ਦੀ ਉਥਾਨਕਾ ਲਿਖੀ ਹੈ, ਜਪੁਜੀ ਸਾਹਿਬ ਵਾਲੇ ਸੋਦਰ ਨਾਲੋਂ ਅਖਰ ਲਗ ਮਾਤ੍ਰ ਦਾ ਫਰਕ ਹੈ, ਭਾਵ ਇੱਕ ਹੈ, ਅਰਥ ਵਿਚ ਕੋਈ ਫਰਕ ਨਹੀਂ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸੱਚਖੰਡ ਵਿਚ ਗਏ ਤਾਂ ਅਕਾਲਪੁਰਖ ਦੇ ਸਨਮੁਖ ਖੜੋਕੇ ਉਸਤਤੀ ਕੀਤੀ ਹੈ, ਫਿਰ ਇਹੋ ਬਾਣੀ ਜਦੋਂ ਮੁੜਕੇ ਧ੍ਰੂ ਆਦਕ ਭਗਤਾਂ ਤੇ ਸਿੱਧਾਂ ਪਾਸ ਆਏ ਤਾਂ ਸੁਨਾਈ। ਸੰਪ੍ਰਦਾਇ ਵਾਲੇ ਖੋਜੀ ਗਿਆਨੀ ਇਕੁਰਭੀ ਆਖਦੇ ਹਨ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਸੁਲਤਾਨਪੁਰ ਵਿਚ ਚੁੱਭੀ ਮਾਰਕੇ ਤਿੰਨ ਦਿਨ ਅਕਾਲਪੁਰਖ ਪਾਸ ਗਏ ਰਹੇ ਸਨ ਓਦੋਂ ਉਚਾਰਿਆ ਤੇ ਬੀਬੀ ਨਾਨਕੀ ਜੀ ਨੂੰ ਸੁਣਾਇਆ।

### ਰਾਗੁ ਆਸਾ ਮਹਲਾ ੧ ਘਰੁ ੧ ਸੋਦਰੁ ॥

**ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥**

ਹੇ ਮਹਾਰਾਜ! ਤੇਰਾ ਓਹ ਦਰਵਾਜਾ ਅਤੇ ਘਰ ਕਿਸਤਰਾਂ ਦਾ ਹੈ ਜਿੱਥੇ ਤੂੰ ਬੈਠਕੇ ਸਾਰਿਆਂ ਜੀਵਾਂ ਦੀ ਸੰਭਾਲ ਕਰਦਾ ਹੈਂ ਭਾਵ ਤੇਰਾ ਦਰਵਾਜਾ ਤੇ ਘਰ ਕੋਈ ਨਹੀਂ ਹੈ ਅਤੇ ਨਾਂ ਹੀ ਦੱਸਿਆ ਜਾਂਦਾ ਹੈ ਜਾਂ ਦਰ=ਸਤਸੰਗ ਅਤੇ ਘਰ=ਸਰੂਪ ਜਾਂ ਵੈਕੁੰਠ ਜਾਂ ਦਰ=ਸੰਸਾਰ ਜੋ ਏਥੇ ਸੰਸਾਰ ਦਾ ਵਰਣਨ ਹੈ।

**ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣ ਹਾਰੇ॥**

ਹੇ ਅਸੰਖਾ-ਬਿਅੰਤ ਪ੍ਰਮਾਤਮਾ ਤੇਰੇ ਬੂਹੇ ਉਤੇ ਅਨੇਕਾਂ ਹੀ ਨਾਦ ਆਦਿਕ ਵਾਜੇ ਹਨ ਅਤੇ ਕਿੰਨੇ ਹੀ ਸਾਰੇ ਉਹਨਾਂ ਵਾਜਿਆਂ ਦੇ ਵਜਾਉਣ ਵਾਲੇ ਹਨ।

**ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣ ਹਾਰੇ ॥**

Digitized by Panjab Digital Library | www.panjabdigilib.org

ਤੇਰੇ ਦਰਵਾਜ਼ੇ ਉੱਤੇ ਕਿੰਨੇ ਹੀ ਸਾਰੇ ਰਾਗ ਰਾਗਣੀਆਂ ਸਣੇ ਆਖੇ ਜਾਂਦੇ ਹਨ ਅਤੇ ਕਿੰਨੇ ਹੀ ਸਾਰੇ ਤੇਰੇ ਬੂਹੇ ਉਤੇ ਗਾਉਣ ਵਾਲੇ ਹਨ ਜੋ ਅੱਗੇ ਦੱਸਦੇ ਹਨ।

**ਗਾਵਨਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥**

ਤੈਨੂੰ ਪੌਣ ਪਾਣੀ ਅੱਗ ਆਦਕ ਗੌਂਦੇ ਹਨ ਅਤੇ ਧਰਮ ਰਾਜਾ ਵੀ ਤੇਰੇ ਦਰਵਾਜ਼ੇ ਉਤੇ ਤੇਰਾ ਜਸ ਗੌਂਦਾ ਹੈ।

**ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ ॥**

ਜੇਹੜੇ ਜੀਵਾਂ ਦੇ ਗੁਪਤ ਕੰਮਾਂ ਨੂੰ ਲਿਖ ਜਾਣਦੇਹਨ ਓਹ ਚਿਤ੍ਰ ਗੁਪਤ ਮੁਣਸ਼ੀ ਵੀ ਤੈਨੂੰ ਗਾਉਂਦੇ ਹਨ ਅਤੇ ਲਿਖ ਲਿਖਕੇ ਧਰਮ ਅਧਰਮ ਦਾ ਵਿਚਾਰ ਕਰਦੇ ਹਨ ਭਾਵ ਸੁੱਧ ਅਸੁੱਧ ਦਾ ਵਿਚਾਰ ਕਰਦੇਹਨ ਕਿ ਕਿਸੇ ਲੇਖੇ ਵਿਚ ਗਲਤੀ ਨਾ ਹੋ ਜਾਵੇ.ਜਾਂ ਜਿਨ੍ਹਾਂ ਦੇ ਲਿਖਿਆਂ ਲੇਖਿਆਂ ਨੂੰ ਧਰਮਰਾਜਾ ਵਿਚਾਰਦਾ ਹੈ ਤੇ ਤੇਰਾ ਜਸ ਗੌਂਦਾ ਹੈ।

**ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥**

ਤੈਨੂੰ ਸ਼ਿਵਜੀ ਬ੍ਰਹਮਾਂ ਦੇਵੀਆਂ ਦੇ ਨਾਲ ਜੇਹੜੇ ਤੇਰੇ ਬਣਾਏ ਹੋਏ ਹਨ ਸਦਾ ਗੌਂਦੇ ਹੋਏ ਸੋਹਣੇ ਲੱਗਦੇ ਹਨ।

**ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥**

ਦੇਵਤਿਆਂ ਦੇ ਦਲਾਂ ਦੇ ਦਲਾਂ ਨਾਲ ਇੰਦ੍ਰ ਸਿੰਘਾਸਨ ਉਤੇ ਬੈਠਾ ਹੋਇਆ ਤੈਨੂੰ ਗੌਂਦਾ ਹੈ ਦਰ=ਦਲ ਜਾਂ ਆਦਰ ਜਾਂ ਦਰਵਾਜ਼ੇ ਉਤੇ, ਪਰ ਦਲ ਠੀਕ ਹੈ।

**ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥**

ਹੇ ਮਹਾਰਾਜ ਸਮਾਧਾਂ ਵਿਚ ਬਹਿਕੇ ਸਿੱਧ ਵੀ ਤੇਰੇ ਜੱਸ ਨੂੰ ਗੌਂਦੇ ਹਨ ਤੇ ਵਿਚਾਰ ਵਾਲੇ ਜਾਂ ਗਰੀਬ ਸਾਧ ਵੀ ਤੈਨੂੰ ਗੌਂਦੇ ਹਨ।

**ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ**

Digitized by Panjab Digital Library | www.panjabdigilib.org

**ਵੀਰ ਕਰਾਰੇ ॥**

ਤੈਨੂੰ ਜਤ ਰੱਖਣ ਵਾਲੇ ਸੱਚ ਬੋਲਣ ਵਾਲੇ ਸੰਤੋਖ ਧਾਰਨ ਵਾਲੇ ਵੀ ਗੌਂਦੇ ਹਨ ਬੜੇ ਤਗੜੇ ਸੂਰਮੇ ਜਾਂ ਬਵੰਜਾ ਬੀਰ ਵੀ ਤੈਨੂੰ ਗੌਂਦੇ ਹਨ।

**ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥**

ਜੁੱਗਾਂ ਜੁੱਗਾਂ ਦੇ ਵੇਦਾਂ ਨਾਲ ਪੰਡਤ ਅਤੇ ਵਿਦਜਾ ਪੜ੍ਹਨ ਵਾਲੇ ਵੱਡੇ ੨ ਰਿਖੀ ਵੀ ਤੈਨੂੰ ਗੌਂਦੇ ਹਨ।

**ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥**

ਹੇ ਮਨਮੋਹਣ ਵਾਲਿਆ ਪ੍ਰਮੇਸਰਾ, ਜਾਂ ਮਨ ਨੂੰ ਮੋਹਣ ਵਾਲੀਆਂ ਇਸਤ੍ਰੀਆਂ ਸ੍ਵਰਗ ਮਾਤ ਲੋਕ ਪਤਾਲ ਵਿਚ ਤੈਨੂੰ ਗੌਂਦੀਆਂ ਹਨ।

**ਗਾਵਨ੍ਹਿ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ ॥**

*ਹੇ ਮਹਾਰਾਜ ਤੇਰੇ ਜਿਤਨੇ ਪੈਦਾ ਕੀਤੇਹੋਏ ਗਊ ਧਨੰਤਰ ਵੈਦ ਸੂਰਜ ਚੰਦ੍ਰਮਾਂ ਆਦਕ ਰਤਨ ਹਨ ਤੈਨੂੰ ਗੌਂਦੇ ਹਨ ਅਠਾਹਠ ਤੀਰਥ ਤੇ ਨਾਲੇ= ਪ੍ਰਵਾਹ ਵਹਿਣ ਵੀ ਤੈਨੂੰ ਗੌਂਦੇ ਹਨ।

**ਗਾਵਨ੍ਹਿ ਤੁਧਨੋ ਜੋਧ ਮਹਾ ਬਲਸੂਰਾ ਗਾਵਨ੍ਹਿ ਤੁਧਨੋ ਖਾਣੀ ਚਾਰੇ ॥**

ਇਕ ਨਾਲ ਲੜਨ ਵਾਲੇ, ਦੱਸਾਂ ਨਾਲ ਲੜਨ ਵਾਲੇ ਅਤੇ ਧਰਮ ਵਾਸਤੇ ਲੱਖਾਂ ਨਾਲ ਲੜਨ ਵਾਲੇ ਸੂਰਮੇ ਵੀ ਤੈਨੂੰ ਗੌਂਦੇ ਹਨ ਚਹੁੰਆਂ ਖਾਣੀਆਂ ਦੇ ਜੀਵ ਵੀ ਤੈਨੂੰ ਗੌਂਦੇ ਹਨ।

**ਗਾਵਨ੍ਹਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥**

ਨੌ ਖੰਡ, ਮੰਡਲ=ਮੰਡਪ ਸਤ ਦੀਪ ਸਾਰਾ ਬ੍ਰਹਮੰਡ ਭੀ ਭਾਵ ਇਹਨਾਂ ਵਿੱਚ ਰਹਿਣ ਵਾਲੇ ਆਦਮੀ ਤੈਨੂੰ ਗੌਂਦੇ ਹਨ ਜੇਹੜੇ ਕਿ ਤੇਰੇ ਬਣਾ ਬਣਾਕੇ ਹੱਥਾਂ ਨਾਲ ਧਾਰਨ ਕਰ ਰੱਖੇ ਹੋਏ ਹਨ।

---

*ਜੇਤੇ=ਇਹ ਦੋ ਅਖਰ ਰਹਿਰਾਸ ਵਾਲੇ ਸੋਦਰ ਵਿਚ ਨਹੀਂ ਹਨ ਭਾਵ ਇਹ ਸੋਦਰ,ਰਹਿਰਾਸ ਨਾਲੋਂ ਵੀ ਵਖਰਾ ਹੈ।

Digitized by Panjab Digital Library | www.panjabdigilib.org

**ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਹਿ ਰਤੇ ਤੇਰੇ ਭਗਤ ਰਸਾਲੇ ॥**

ਪਰ ਓਹੋ ਤੈਨੂੰ ਗਾਉਂਦੇ ਹਨ ਜੇਹੜੇ ਤੈਨੂੰ ਭਾਉਂਦੇ ਹਨ ਭਾਵ ਉਹਨਾਂ ਦਾ ਹੀ ਗੌਂਣਾ ਸਫਲ ਹੈ ਸੋ ਉਹ ਗੌਂਣ ਵਾਲੇ ਰਸਾਲੇ=ਰਸਾਂ ਦੇ ਘਰ ਪ੍ਰੇਮੀ ਜਾਂ ਬਹੁਤ ਸਾਰੇ ਤੇਰੇ ਵਿੱਚ ਰੱਤੇ ਹੋਏ ਤੈਨੂੰ ਗੌਂਦੇ ਹਨ।

**ਹੋਰਿ ਕੇਤੇ ਤੁਧਨੋ ਗਾਵਹਿ ਸੇ ਮੈ ਚਿਤਿ ਨ ਆਵਹਿ ਨਾਨਕੁ ਕਿਆ ਬੀਚਾਰੇ ॥**

ਹੋਰ ਕਈ ਤੈਨੂੰ ਗਾਉਂਦੇ ਹਨ ਸੋ ਓਹ ਸਾਰੇ ਮੇਰੇ ਚੇਤੇ ਵਿੱਚ ਨਹੀਂ ਆਉਂਦੇ ਹਨ ਧੰਨ ਗੁਰੂ ਜੀ, ਮੈਂ ਉਹਨਾਂ ਦਾ ਕੀ ਉਚਾਰ ਕਰਾਂ ਭਾਵ ਅਨਗਿਣਤ ਹਨ।

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**

ਉਹ ਪ੍ਰਮੇਸ਼ਰ ਪਹਿਲੇ ਵੀ ਸਚਾ ਸੀ ਓਹੋ ਹੀ ਸੱਚਾ ਹੁਣ ਹੈ ਓਹੋ ਹੀ ਸੱਚਾ ਅੱਗੇ ਭੀ ਹੋਵੇਗਾ ਉਹ ਆਪ ਵੀ ਸੱਚਾ ਹੈ ਅਤੇ ਉਸ ਦੀ ਵਡਿਆਈ ਬੀ ਸੱਚੀ ਹੈ।

**ਹੈਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

ਪਿੱਛੇ ਵੀ ਹੈਸੀ ਹੁਣ ਵੀ ਹੈ ਅੱਗੇ ਨੂੰ ਵੀ ਹੋਵੇਗਾ ਜਿਸ ਪ੍ਰਮੇਸਰ ਨੇ ਸਾਰੇ ਸੰਸਾਰ ਦੀ ਰਚਨਾ ਬਣਾਈ ਸੋ ਉਹ ਨਾ ਆਪ ਜਾਂਦਾ ਹੈ ਅਤੇ ਨ ਇਹ ਰਚਨਾ ਹੀ ਜਾਂਦੀ ਹੈ, ਭਾਵ ਨਹੀਂ ਜਾਵੇਗੀ।

**ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ ॥**

ਉਹ ਪਿਛੇ ਦੱਸੀ ਰਚਨਾ ਕਿਸਤਰਾਂ ਦੀ ਹੈ ਅਨੇਕਾਂ ਰੰਗਾਂ ਦੀ ਹੈ ਤਰਾਂ ਤਰਾਂ ਦੀ ਜਿਨਸਾਂ ਭਾਵ ਪਸ਼ੂ ਪੰਛੀ ਆਦਕ ਫਰਕਾਂ ਕਰਕੇ ਮਾਇਆ ਦੁਆਰੇ ਜਿਸਨੇ ਪੈਦਾ ਕੀਤੀ ਹੈ।

**ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ ॥**

ਜੇਹੜਾ ਆਪ ਦਾ ਹੀ ਸਦਾ ਬਣਾਇਆ ਹੋਇਆ ਸੰਸਾਰ ਹੈ ਉਸ ਨੂੰ ਫਿਰ ਬਣਾ ਬਣਾਕੇ ਜਿਸ ਤਰਾਂ ਉਸਦੀ ਵਡਿਆਈ ਹੈ ਭਾਵ ਮਰਜ਼ੀ ਹੁੰਦੀ ਹੈ ਉਸੇ ਤਰਾਂ ਵੇਖਦਾ ਹੈ ਭਾਵ ਪਾਲਦਾ ਹੈ।

**ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥**

Digitized by Panjab Digital Library | www.panjabdigilib.org

ਜੋ ਉਸ ਪ੍ਰਮੇਸਰ ਨੂੰ ਭਾਉਂਦਾ ਹੈ ਉਹੋ ਹੀ ਹਰ ਸਮੇਂ ਵਿੱਚ ਹੁੰਦਾ ਹੈ ਫਿਰ ਉਸ ਉੱਤੇ ਕਿਸੇ ਪਾਸੋਂ ਹੁਕਮ ਨਹੀਂ ਕੀਤਾ ਜਾਂਦਾ ਹੈ, ਭਾਵ ਪ੍ਰਮੇਸਰ ਉੱਤੇ ਕੋਈ ਹੁਕਮ ਨਹੀਂ ਕਰ ਸਕਦਾ ਹੈ।

**ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥ ੧ ॥ ੧ ॥**

ਓਹ ਵਾਹਿਗੁਰੂ ਸਾਹਾ=ਸ਼ਾਹੂਕਾਰਾਂ ਅਤੇ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ "ਗੁਰੂ ਜੀ" ਉਸ ਦੀ ਆਗਿਆ ਵਿੱਚ ਰਹਿਣਾ ਚੰਗਾ ਹੈ ॥ ੧ ॥ ੧ ॥

## ਆਸਾ ਮਹਲਾ ੪ ॥

**ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥**

ਸਨਮੁਖ ਬੇਨਤੀ ਦੁਆਰਾ ਉਸ ਅਕਾਲ ਪੁਰਖ ਦੀ ਵਡਿਆਈ ਕਰਦੇ ਹਨ ਹੇ ਹਰੀ ਮਾਇਆ ਤੋਂ ਰਹਤ ਅਕਾਲ ਪੁਰਖ ! ਤੂੰ ਬਿਅੰਤ ਬਿਅੰਤ ਵੱਡਾ ਹੈਂ ਤੇਰੇ ਪਾਸ ਮਨ ਬਾਣੀ, ਅੱਖਾਂ ਪੈਰਾਂ ਨਾਲ ਨਹੀਂ ਪੁੱਜਿਆ ਜਾਂਦਾ ਹੈ।

**ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣ ਹਾਰਾ ॥**

ਹੇ ਸੱਚੇ ਪੈਦਾ ਕਰਨ ਵਾਲੇ ਹਰ ਸਮੇਂ ਵਿੱਚ ਤੈਨੂੰ ਜਾਂ ਮਨ ਬਾਣੀ ਕਰਕੇ ਆਪੋ ਅਪਣੀਆਂ ਇਛਿਆ ਅਨੁਸਾਰ ਤੈਨੂੰ ਸਾਰੇ ਧਿਆਉਂਦੇ ਹਨ।

**ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥**

ਸਾਰੇ ਜੀਅ ਤੇਰੇ ਹਨ ਤੂੰ ਸਾਰਿਆਂ ਦਾ ਦਾਤਾ ਹੈਂ।

**ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥**

ਹੇ ਸੰਤੋ ! ਸਾਰਿਆਂ ਦੁੱਖਾਂ ਦੇ ਦੂਰ ਕਰਨ ਵਾਲਾ ਧਿਆਓ।

**ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥ ੧ ॥**

ਗੁਰੂ ਜੀ—ਅਕਾਲ ਪੁਰਖ ਆਪੇ ਮਾਲਕ, ਆਪੇ ਦਾਸ ਹੈ ਇਹ ਜੀਵ ਵਿਚਾਰਾ ਕੀ ਹੈ ਜੋ ਉਸਦਾ ਜਸ ਗਾਵੇ।

**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥**

Digitized by Panjab Digital Library | www.panjabdigilib.org

ਤੂੰ ਸਾਰਿਆਂ ਆਦਮੀਆਂ ਦੇ ਅੰਦਰ ਲਗਾਤਾਰ ਇਕੋ ਹੀ ਅਕਾਲ ਪੁਰਖ ਮਿਲਿਆ ਹੋਇਆ ਹੈਂ ।

**ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾਂ ॥**

ਹੇ ਮਾਲਕ ਜੀ ਤੇਰੇ ਬਣਾਏ ਹੋਏ ਇਕ ਦਾਤੇ ਹਨ ਅਤੇ ਇਕ ਮੰਗਤੇ ਹਨ ਇਹ ਸਾਰੇ ਤੇਰੇ ਅਸਚਰਜ ਤਮਾਸ਼ੇ ਹਨ ।

**ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥**

ਤੂੰ ਆਪੇ ਦੇਣ ਵਾਲਾ, ਆਪੇ ਖਾਣ ਵਾਲਾ ਹੈਂ, ਮੈਂ ਤੈਥੋਂ ਬਿਨਾਂ ਹੋਰ ਕਿਸੇ ਦੂਸਰੇ ਨੂੰ ਨਹੀਂ ਜਾਣਦਾ ਹਾਂ ।

**ਤੂੰ ਪਾਰਬ੍ਰਹਮੁ ਬੇਅੰਤ ਬੇਅੰਤ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥**

ਹੇ ਪਾਰਬ੍ਰਹਮ ਤੂੰ ਹਰ ਸਮੇਂ ਵਿਚ ਬਿਅੰਤ ਬਿਅੰਤ ਹੈਂ ਮੈਂ ਤੇਰਿਆਂ ਗੁਣਾਂ ਨੂੰ ਮੂੰਹ ਨਾਲ ਕੀ ਵਰਣਨ ਕਰਕੇ ਦੱਸਾਂ ?

**ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥ ੨ ॥**

ਗੁਰੂ ਜੀ—ਜੇਹੜੇ ਤੇਰੇ ਦਾਸ ਮਨ ਬਾਣੀ ਕਰਕੇ ਤੈਨੂੰ ਸੇਂਵਦੇ ਹਨ ਓਹਨਾਂ ਤੇਰਿਆਂ ਦਾਸਾਂ ਦੇ ਉਤੋਂ ਦੀ ਮੈਂ ਬਲਿਹਾਰ ਜਾਂਦਾ ਹਾਂ ।

**ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖ ਵਾਸੀ ॥**

ਹੇ ਹਰੀ ਜੇਹੜੇ ਤੈਨੂੰ ਮਨ ਬਾਣੀ ਕਰਕੇ ਯਾਦ ਕਰਦੇ ਹਨ ਓਹ ਦਾਸ ਸੰਸਾਰ ਵਿਚ ਸਦਾ ਸੁਖੀ ਵੱਸਦੇ ਹਨ ।

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀਉ ਤਿਨ ਤੂਟੀ ਜਮ ਕੀ ਫਾਸੀ ॥**

ਹੇ ਹਰੀ ਜਿਨ੍ਹਾਂ ਨੇ ਤੈਨੂੰ ਯਾਦ ਕੀਤਾ ਹੈ ਓਹ ਸੰਸਾਰ ਤੋਂ ਮੁਕਤ ਹੋ ਗਏ ਹਨ ਫਿਰ ਉਹਨਾਂ ਨੂੰ ਮੁਕਤੀ ਦੀ ਲੋੜ ਨਹੀਂ ਰਹੀ ਹੈ । ਓਹਨਾਂ ਦੀ ਜਮ ਦੀ ਫਾਹੀ ਟੁੱਟ ਗਈ ਹੈ ।

Digitized by Panjab Digital Library | www.panjabdigilib.org

**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀਉ ਤਿਨ ਕਾ ਭਉ ਸਭੁ ਗਵਾਸੀ ॥**

ਹੇ ਨਿਰਭੈ ਹਰੀ ਜੀ ਜਿਨ੍ਹਾਂ੨ ਨੇ ਨਿਰਭੈ ਹੋਕੇ ਸੰਸਾਰ ਵਿਚ ਤੈਨੂੰ ਧਿਆਇਆ ਹੈ ਓਹਨਾਂ ਦਾ ਤੁਸੀ ਹਰਤਰ੍ਹਾਂ ਦਾ ਡਰ ਦੂਰ ਕਰ ਦੇਂਦੇ ਹੋ ਅਤੇ ਕਰ ਦਿਓਗੇ ।

**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ ॥**

ਹੇ ਮੇਰੇ ਮਾਲਕ ! ਹਰੇ ਕਰਨ ਵਾਲੇ ਹਰੀ ਜੀ ! ਜਿਨਾਂ੨ ਨੇ ਤੈਨੂੰ ਮਨਬਾਣੀ ਕਰਕੇ ਸੇਵਿਆ ਹੈ ਓਹ ਭਗਤ ਜਨ ਤੇਰੇ ਸਰੂਪ ਨਾਲ ਮਿਲ ਗਏ ਹਨ ਅਰ ਮਿਲ ਜਾਣਗੇ ।

**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ ਜਨੁ ਨਾਨਕੁ ਤਿਨ ਬਲਿਜਾਸੀ ॥ ੩ ॥**

ਹੇ ਹਰੀ ਜੀ ਜਿਨਾਂ੨ ਮਨਬਾਣੀ ਕਰਕੇ ਤੈਨੂੰ ਧਿਆਇਆ ਹੈ ਓਹ ਧੰਨ ਹਨ, ਪਰ "ਗੁਰੂ ਜੀ ਮੈਂ ਦਾਸ ਉਹਨਾਂ ਦੇ ਉਤੋਂ ਦੀ ਬਲਿਹਾਰ ਜਾਂਦਾ ਹਾਂ ਅਤੇ ਜਾਵਾਂਗਾ ।

**ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥**

ਹੇ ਬਿਅੰਤ ਹਰੀ ਜੀ ਤੇਰੀ ਭਗਤੀ ਦੇ ਖਜ਼ਾਨੇ ਭਾਵ ਭਗਤਾਂ ਸੰਤਾਂ ਦੇ ਰਿਦੇ ਹਰ ਸਮੇਂ ਵਿਚ ਬਿਅੰਤ ਭਰੇ ਹੋਏ ਹਨ ।

**ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥**

ਹੇ ਅਨੰਤ ਹਰੀ ਜੀ ਤੇਰੇ ਅਨੇਕਾਂ ਹੀ ਭਗਤ ਤੇਰੀ ਹਰ ਸਮੇਂ ਵਿਚ ਸਲਾਹੁਤਾ ਕਰਦੇ ਹਨ ।

**ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥**

ਹੇ ਬਿਅੰਤ ਹਰੀ ਜੀ ਤੇਰੀ ਅਨੇਕਾਂ ਹੀ ਤਰਾਂ ਦੀ ਪੂਜਾ ਹੈ ਅਤੇ ਤੇਰੇ ਮਿਲਣ ਵਾਸਤੇ ਅਨੇਕਾਂ ਹੀ ਪੂਜਾਰੀ ਪੂਜਾ ਕਰਦੇ ਹਨ, ਅਨੇਕਾਂ ਹੀ ਤੇਰੇ

Digitized by Panjab Digital Library | www.panjabdigilib.org

ਮਿਲਣ ਵਾਸਤੇ ਤਪ ਤਪਦੇ ਹਨ। ਭਾਵ ਸਰੀਰ ਉਤੇ ਪਾਲੇ ਧੁੱਪ ਦਾ ਦੁਖ ਸਹਾਰਦੇ ਹਨ ਅਤੇ ਅਨੇਕਾਂ ਹੀ ਤੇਰਾ ਜਪ ਕਰਦੇ ਹਨ।

**ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥**

ਹੇ ਮਾਲਕਾ ਤੇਰੇ ਸਰੂਪ ਦੇ ਕਥਨ ਕਰਨ ਵਾਲੇ ਅਨੇਕਾਂ ਹੀ ਸ਼ਾਸਤ੍ਰ ਤੇ ਬਹੁਤ ਹੀ ਸਿਮ੍ਰਤੀਆਂ ਹਨ ਅਤੇ ਅਨੇਕਾਂ ਹੀ ਤੇਰੇ ਭਗਤ ਇਹਨਾਂ ਪੁਸਤਕਾਂ ਨੂੰ ਪੜ੍ਹਦੇ ਹਨ ਅਤੇ ਜੱਗ ਆਦਕ ਕਰਮਾਂ ਦੀ ਕਿਰਿਆ ਨੂੰ ਕਰਦੇ ਹਨ ਅਤੇ ਇਕ ਛੇ ਤਰਾਂ ਦੇ ਕਰਮ ਕਰਦੇ ਹਨ। ਕਰੰਤਾ=ਆਪਣੇ ਆਪ ਨੂੰ ਕਰਤਾ ਮੰਨਕੇ ਛੇ ਕਰਮ ਰੂਪ ਕਿਰਿਆ ਕਰਦੇ ਹਨ।

**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥ ੪ ॥**

ਗੁਰੂ ਜੀ ਹੇ ਮੇਰੇ ਹੀ ਭਗਵੰਤ ਜੀ ਜੇਹੜੇ ਤੈਨੂੰ ਚਾਹੁੰਦੇ ਹਨ ਓਹ ਤੇਰੇ ਭਗਤ ਹਰ ਸਮੇਂ ਵਿਚ ਭਲੇ ਹਨ।

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥**

ਹੇ ਅਕਾਲ ਪੁਰਖ ਤੂੰ ਸਾਰਿਆਂ ਦਾ ਆਦਿ ਹੈਂ ਅਤੇ ਅਪਰੰਪਰ=ਪਰੇ ਤੋਂ ਪਰੇ ਜੇਹੜਾ ਸਾਰਾ ਸੰਸਾਰ ਹੈ ਭਾਵ ਕੀੜੀ ਤੋਂ ਲੈਕੇ ਬ੍ਰਹਮਾ ਤਕ ਤੂੰ ਸਭ ਦਾ ਕਰਤਾ ਹੈਂ ਤੇਰੇ ਜਿਡਾ ਵੱਡਾ ਹੋਰ ਕੋਈ ਨਹੀਂ ਹੈ।

**ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥**

ਤੂੰ ਜੁੱਗਾਂ ੨ ਵਿਚ ਇੱਕ ਹੀ ਹੈ ਤੂੰ ਰੋਜ ਸਦਾ ਇਕੋ ਇੱਕ ਰੂਪ ਹੈਂ ਸੋਈ ਤੂੰ ਨਿਹਚਲ ਸਭਦਾ ਕਰਤਾ ਹੈਂ।

**ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ।**

ਜੇਹੜਾ ਤੈਨੂੰ ਆਪ ਭਾਉਂਦਾ ਹੈ ਓਹੋ ਹੀ ਵਰਤਾਰਾ ਵਰਤਦਾ ਹੈ ਅਤੇ ਜੇਹੜੀ ਤੂੰ ਗੱਲ ਕਰਦਾ ਹੈਂ ਓਹੋ ਹੀ ਹੋਵੇਗੀ ਜਾਂ ਹੁੰਦੀ ਹੈ।

**ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥**

Digitized by Panjab Digital Library | www.panjabdigilib.org

ਤੂੰ ਆਪੇ ਹੀ ਸਾਰੀ ਦੁਨੀਆਂ ਪੈਦਾ ਕੀਤੀ ਹੈ ਫਿਰ ਤੂੰ ਆਪੇ ਹੀ ਸਾਰੀ ਦੁਨੀਆਂ ਬਣਾਈ ਹੋਈ ਅੰਪਣੇ ਵਿਚ ਗੋਈ=ਮਿਲਾ ਲਈ ਹੈ, ਭਾਵ ਪੈਦਾ ਪਾਲਨਾ ਪ੍ਰਲੈ ਦਾ ਕਰਤਾ ਤੂੰ ਹੈਂ।

**ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥੨॥**

ਗੁਰੂ ਜੀ—ਜੇਹੜਾ ਤੂੰ ਸਾਰਿਆਂ ਆਦਮੀਆਂ ਦੇ ਜਣਨ ਵਾਲਾ ਜਾਂ ਜਾਨਣ ਵਾਲਾ ਹੈਂ ਭਾਵ ਅੰਤਰਜਾਮੀ ਦਿਲ ਦੀ ਗਲ ਜਾਨਣ ਵਾਲਾ ਹੈਂ ਸੋ ਮੈਂ ਹੇ ਅਕਾਲਪੁਰਖ ਕਰਤੇ ਜੀ ਆਪਦੇ ਗੁਣ ਹੀ ਗੌਂਦਾ ਹਾਂ।

## ੧ ਓ ਸਤਿਗੁਰਪ੍ਰਸਾਦਿ ॥

{ਪਿਤਾ ਜੀ ਨਾਲ ਪ੍ਰਸ਼ਨੋਤ੍ਰੀ ਅਤੇ ਅਕਾਲ ਪੁਰਖ ਦੀ ਵਡਿਆਈ}

## ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ॥

**ਸੁਣਿ ਵਡਾ ਆਖੈ ਸਭੁ ਕੋਈ ॥**

ਉਸ ਨੂੰ ਹਰ ਕੋਈ ਸੁਣਕੇ ਵੱਡਾ ਆਖਦਾ ਹੈ।

**ਕੇਵਡੁ ਵਡਾ ਡੀਠਾ ਹੋਈ ॥**

ਪਰ ਕਿੱਡਾ ਕੁ ਵੱਡਾ ਹੈ ਕਿਸੇ ਨੇ ਡਿੱਠਾ ਹੋਵੇ ਤਾਂ ਦਸੇ।

**ਕੀਮਤਿ ਪਾਇ ਨ ਕਹਿਆ ਜਾਇ ॥**

ਨ ਉਸਦੀ ਕੀਮਤ ਪਾਈ ਜਾਂਦੀ ਹੈ ਨ ਜਬਾਨ ਨਾਲ ਆਖਿਆ ਜਾਂਦਾ ਹੈ।

**ਕਹਣੈ ਵਾਲੇ ਤੇਰੇ ਰਹੇ ਸਮਾਇ ॥ ੧ ॥**

ਜੇਹੜੇ ਵਾਹਿਗੁਰੂ ਨੂੰ ਆਖਣ ਵਾਲੇ ਹਨ ਇਹ ਉਸਦੇ ਨਾਲ ਹੀ ਮਿਲ ਗਏ ਹਨ।

**ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥**

ਡੂੰਘਿਆ, ਟਿਕਿਆ ਹੋਇਆ, ਗੁਣਾਂ ਦਿਆ ਸਮੁੰਦਰਾ ਮੇਰਿਆ ਵਡਿਆ ਮਾਲਕਾ।

**ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ॥**

ਕੋਈ ਨਹੀਂ ਜਾਣਦਾ ਤੇਰਾ ਕਿੱਡਾ ਵੱਡਾ ਚਿੱਠਾ ਹੈ।

Digitized by Panjab Digital Library | www.panjabdigilib.org

**ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥**

ਸਾਰਿਆਂ ਅਕਲ ਵਾਲਿਆਂ ਮਿਲਕੇ ਅਕਲ ਤੋਂ ਕੰਮ ਲਿਆ।

**ਸਭ ਕੀਮਤਿ ਮਿਲਿ ਕੀਮਤਿ ਪਾਈ ॥**

ਸਾਰਿਆਂ ਕੀਮਤ ਪਾਉਣ ਵਾਲਿਆਂ ਤੇਰੀ ਕੀਮਤ ਪਾਈ, ਭਾਵ ਬਿਅੰਤ ਆਖਿਆ।

**ਗਿਆਨੀ ਧਿਆਨੀ ਗੁਰ ਗੁਰ ਹਾਈ ॥**

ਗਿਆਨੀਆਂ, ਤੇ ਪ੍ਰਾਣਾਯਾਮੀਆਂ ਗੁਰ ਭਾਈਆਂ ਜਾਂ ਵਡਿਆਂ ੨ ਸਾਰਿਆਂ ਆਦਮੀਆਂ ਦੇ।

**ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥ ੨ ॥**

ਪਿੱਛੇ ਦਸਿਆਂ ਸਾਰਿਆਂ ਪਾਸੋਂ ਤੇਰੀ ਤਿਲ ਜਿਤਨੀ ਵੀ ਵਡਿਆਈ ਨਹੀਂ ਕੀਤੀ ਜਾਂਦੀ ਹੈ।

**ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥**

ਜਿਨ੍ਹਾਂ ਆਦਮੀਆਂ ਵਿਚ ਹਰਤਰ੍ਹਾਂ ਦੇ ਸੱਚ ਹਰ ਤਰਾਂ ਦੇ ਤਪ ਹਰ ਤਰਾਂ ਦੀਆਂ ਚੰਗਿਆਈਆਂ=ਭਲਿਆਈਆਂ ਹੋਣ ਭਾਵ ਏਹੋ ਜਹੇ ਅਨੇਕ ਤਰਾਂ ਦੇ ਗੁਣ ਹੋਣ।

**ਸਿਧਾ ਪੁਰਖਾ ਕੀਆ ਵਡਿਆਈਆਂ ॥**

ਜੇਹੜੀਆਂ ਸਿਧਾਂ ਆਦਮੀਆਂ ਦੀਆਂ ਵਡਿਆਈਆਂ ਭਾਵ ਸ਼ਕਤੀਆਂਹਨ

**ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥**

ਪਿਛੇ ਦੱਸੀਆਂ ਜਿਤਨੀਆਂ ਸਿੱਧੀਆਂ ਹਨ ਓਹ ਤੇਰੀ ਕਿਰਪਾ ਤੋਂਬਿਨਾਂ ਭਾਵ ਗੁਣਾਂ ਦੀਆਂ ਪ੍ਰਾਪਤੀਆਂ ਕਿਸੇ ਨੇ ਨਹੀਂ ਪਾਈਆਂ ਹਨ।

**ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥ ੩ ॥**

ਜਿਸਨੂੰ ਤੇਰੀ ਕ੍ਰਿਪਾ ਨਾਲ ਮਿਲੀਆਂ ਹਨ ਉਸ ਕੋਲੋਂ ਕਿਸੇ ਦੀਆਂ ਰੋਕੀਆਂ ਹੋਈਆਂਰੁਕੀਆਂ ਨਹੀਂਹਨ ਜਾਂ ਕ੍ਰਿਪਾ ਤੋਂਬਿਨਾ ਰੋਕੀਆਂ ਰਹਿੰਦੀਆਂ ਹਨ। ਭਾਵ ਤੇਰੀਆਂਦਾਤਾਂ ਮਿਲੀਆਂ ਹਨ।

**ਆਖਣ ਵਾਲਾ ਕਿਆ ਬੇਚਾਰਾ ॥**

ਇਹ ਜੀਵ ਵਿਚਾਰਾ ਆਖਦਾ ਵਾਲਾ ਕੀ ਹੈ ਭਾਵ ਤੇਰੀ ਉਸਤਤੀ ਨਹੀਂ ਕਰ ਸਕਦਾ ਹੈ।

**ਸਿਫਤੀ ਭਰੇ ਤੇਰੇ ਭੰਡਾਰਾ ॥**

Digitized by Panjab Digital Library | www.panjabdigilib.org

ਤੇਰੇ ਸਿਫਤਾਂ ਨਾਲ ਖਜਾਨੇ ਭਰੇ ਹੋਏ ਹਨ ਭਾਵ ਭਗਤਾਂ ਦੇ ਰਿਦੇ।

**ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥**

ਜਿਸਨੂੰ ਤੂੰ ਆਪਣੀ ਉਸਤਤੀ ਕਰਨ ਦੀ ਅਕਲ ਦੇਂਦਾ ਹੈਂ ਉਸਨਾਲ ਕਿਸੇ ਦਾ ਕੀ ਵੱਸ ਹੈ।

**ਨਾਨਕ ਸਚੁ ਸਵਾਰਣਹਾਰਾ ॥ ੪ ॥ ੧ ॥**

ਗੁਰੂ ਜੀ–ਹੇ ਸੱਚੇ ਤੂੰ ਹਰਤਰਾਂ ਨਾਲ ਸਾਰਿਆਂ ਦੇ ਬਨਾਉਨ ਵਾਲਾ ਹੈਂ ॥ ੪ ॥ ੧ ॥

## ਆਸਾ ਮਹਲਾ ੧ ॥

ਮਾਤਾ ਜੀ ਨਾਲ ਪ੍ਰਸ਼ਨੋਤ੍ਰੀ।

**ਆਖਾ ਜੀਵਾ ਵਿਸਰੈ ਮਰਿ ਜਾਉ ॥**

ਮੈਂ ਉਸਦੇ ਨਾਮ ਨੂੰ ਆਖਦਾ ਹਾਂ ਤਾਂ ਜੀਉਂਦਾ ਹਾਂ ਭੁਲ ਜਾਂਦਾ ਹਾਂ ਤਾਂ ਮਰ ਜਾਂਦਾ ਹਾਂ।

**ਆਖਣਿ ਅਉਖਾ ਸਾਚਾ ਨਾਉ ॥**

ਪਰ ਸੱਚਾ ਨਾਮ ਆਖਣਾ ਬੜਾ ਔਖਾ ਹੈ।

**ਸਾਚੇ ਨਾਮ ਕੀ ਲਾਗੈ ਭੂਖ ॥**

ਮੈਨੂੰ ਉਸ ਸੱਚੇ ਨਾਮ ਦੀ ਬੜੀ ਭੁੱਖ ਲੱਗੀ ਹੈ।

**ਤਿਤੁ ਭੂਖੈ ਖਾਇ ਚਲੀਅਹਿ ਦੂਖ ॥ ੧ ॥**

ਉਸ ਭੁਖ ਨਾਲ ਦੁੱਖਾਂ ਨੂੰ ਖਾ ਜਾਈਦਾ ਹੈ ਭਾਵ ਨਾਮ ਜਪਣ ਨਾਲ ਜਨਮ ਮਰਨ ਦੇ ਦੁਖ ਦੂਰ ਹੋ ਜਾਂਦੇ ਹਨ।

**ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥ ੧ ॥ ਰਹਾਉ ॥**

ਹੇ ਮੇਰੀ ਮਾਂ ਜੀ ਉਸ ਸੱਚੇ ਮਾਲਕ ਦਾ ਸੱਚਾ ਨਾਮ ਮੈਨੂੰ ਕਿਉਂ ਭੁੱਲ ਜਾਵੇ।

**ਸਾਚੇ ਨਾਮ ਕੀ ਤਿਲੁ ਵਡਿਆਈ ॥**

ਸੱਚੇ ਨਾਮ ਦੀ ਵਡਿਆਈ ਤਿਲ ਜਿੰਨੀ ਵੀ ਨਹੀਂ ਆਖੀ ਜਾਂਦੀ ਹੈ।

**ਆਖਿ ਥਕੇ ਕੀਮਤਿ ਨਹੀ ਪਾਈ ॥**

ਕਈ ਆਖ ਆਖਕੇ ਥੱਕ ਗਏ ਹਨ ਪਰ ਉਸਦੀ ਕੀਮਤ ਨਹੀਂ ਪਾਈ ਜਾਂਦੀ ਹੈ।

Digitized by Panjab Digital Library | www.panjabdigilib.org

**ਜੇ ਸਭਿ ਮਿਲਿਕੈ ਆਖਣ ਪਾਹਿ ॥**

ਜੇ ਸਾਰੇ ਸੰਸਾਰ ਦੇ ਲੋਕ ਮਿਲਕੇ ਆਖਣ ਲੱਗ ਪੈਣ।

**ਵਡਾ ਨ ਹੋਵੈ ਘਾਟਿ ਨ ਜਾਇ ॥ ੨ ॥**

ਆਖਣ ਨਾਲ ਓਹ ਵੱਡਾ ਨਹੀਂ ਹੋ ਚਲਿਆ ਤੇ ਨਾ ਆਖਣ ਨਾਲ ਘਟ ਨਹੀਂ ਜਾਂਦਾ ਹੈ ਭਾਵ ਉਸਤਤੀ ਨਿੰਦਿਆ ਨਹੀਂ ਚਾਹੁੰਦਾ ਹੈ।

**ਨਾ ਓਹੁ ਮਰੈ ਨ ਹੋਵੈ ਸੋਗੁ ॥**

ਨ ਓਹ ਮਰਦਾ ਹੈ ਨ ਉਸਦੇ ਭਗਤਾਂ ਨੂੰ ਸ਼ੋਕ ਹੁੰਦਾ ਹੈ।

**ਦੇਂਦਾ ਰਹੈ ਨ ਚੂਕੈ ਭੋਗੁ ॥**

ਉਹ ਹਰ ਇਕ ਨੂੰ ਖਾਣ ਪੀਣ ਦੇਂਦਾ ਰਹਿੰਦਾ ਹੈ ਉਸ ਦੇ ਭੋਗ=ਖਾਣੇ ਚੂਕੇ=ਚੁਕੇ=ਚੁਕਦੇ ਭਾਵ ਮੁਕਦੇ ਨਹੀਂ ਹਨ ਜਾਂ ਰੋਟੀ ਦੇਣ ਵੱਲੋਂ ਓਹ ਭੁਲਦਾ ਨਹੀਂ ਹੈ।

**ਗੁਣੁ ਏਹੋ ਹੋਰੁ ਨਾਹੀ ਕੋਇ ॥**

ਏਹੋ ਜੇਹਾ ਭਾਵ ਪ੍ਰਮੇਸਰ ਵਰਗਾ ਗੁਣ ਹੋਰ ਕਿਸੇ ਵਿੱਚ ਨਹੀਂ ਹੈ ਜਾਂ ਵੱਡਾ ਭਾਰਾ ਏਹੋ ਹੀ ਗੁਣ ਹੈ ਜੋ ਉਸ ਜਿੱਡਾ ਵੱਡਾ ਹੋਰ ਕੋਈ ਨਹੀਂ ਹੈ।

**ਨਾਕੋ ਹੋਆ ਨਾਕੋ ਹੋਇ ॥ ੩ ॥**

ਨ ਉਸਦੇ ਬਰਾਬਰ ਪਿੱਛੇ ਹੋਇਆ ਹੈ ਨ ਹੁਣ ਹੈ ਨ ਅੱਗੇ ਹੋਵੇਗਾ।

**ਜੇਵਡੁ ਆਪਿ ਤੇਵਡੁ ਤੇਰੀ ਦਾਤਿ ॥**

ਜਿੱਡਾ ਵੱਡਾ ਓਹ ਆਪ ਹੈ ਓਡੀ ਵੱਡੀ ਉਸਦੀ ਦਾਤ ਹੈ।

**ਜਿਨਿ ਦਿਨੁ ਕਰਿਕੈ ਕੀਤੀ ਰਾਤਿ ॥**

ਜਿਸਨੇ ਦਿਨ ਬਣਾਏ ਫਿਰ ਅਰਾਮ ਨੂੰ ਰਾਤ ਬਣਾਈ ਹੈ।

**ਖਸਮੁ ਬਿਸਾਰਹਿ ਤੇ ਕਮਜਾਤਿ ॥**

ਇੱਕੁਰ ਦੇ ਮਾਲਕ ਨੂੰ ਜੇਹੜੇ ਵਿਸਾਰਦੇ ਹਨ ਓਹ ਘਟ ਜਾਤ ਵਾਲੇ ਭਾਵ ਚੰਡਾਲ ਚੂਹੜੇ ਹਨ।

**ਨਾਨਕ ਨਾਵੈ ਬਾਝੁ ਸਨਾਤਿ ॥ ੪ ॥ ੨ ॥**

ਗੁਰੂ ਜੀ–ਨਾਮ ਤੋਂ ਬਿਨਾ ਆਦਮੀ ਭੂਤਨਾ ਹੈ ਸਨਾਤ=ਮੈਲੇ ਲੋਕ ਚੂਹੜੇ ਚੰਡਾਲ ਬਹੁਤ ਨੀਚ ਲੋਕ।

## ਆਸਾ ਮਹਲਾ ੧ ॥

**ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ ॥**

Digitized by Panjab Digital Library | www.panjabdigilib.org

ਕਿਸੇ ਰਾਜੇ ਦੇ ਦਰਵਾਜੇ ਉੱਤੇ ਜੇਹੜਾ ਕੋਈ ਮੰਗਤਾ ਕੂਕ=ਅਵਾਜ਼ ਕਰਦਾ ਹੈ ਜਾਂ ਮਹਿਲਾਂ ਵਿੱਚ ਮਾਲਕ ਸੁਣਦਾ ਹੈ।

**ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ ॥ ੧ ॥**

ਉਸ ਵੇਲੇ ਉਸਦੀ ਮਰਜੀ ਹੈ ਕਿਸੇ ਨੂੰ ਧੱਕਾ ਦੇਵੇ ਤੇ ਕਿਸੇ ਨੂੰ ਧੀਰਜ ਦੇਵੇ ਕਿ ਤੈਨੂੰ ਮੈਂ ਕੁਛ ਦੇਂਦਾ ਹਾਂ ਤੂੰ ਖੜੋ ਜਾਹ ਪਰ ਜੇਹੜਾ ਅਕਾਲ ਪੁਰਖ ਦੇ ਦਰਵਾਜਿਓਂ ਨਾਮ ਮੰਗਦਾ ਹੈ ਉਸ ਨੂੰ ਧੱਕਾ ਨਹੀਂ ਮਿਲਦਾ ਹੈ ਓਹ ਇਕ ਵਡਿਆਈ ਹੀ ਦੇਂਦਾ ਹੈ ਭਾਵ ਆਖਦਾ ਹੈ ਬਹਿ ਜਾਹ।

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੇ ਜਾਤਿ ਨ ਹੇ ॥੧॥ ਰਹਾਉ ॥**

ਹੇ ਭਰਾਓ ਜੋਤੀ=ਪ੍ਰਮੇਸਰ ਨੂੰ ਸਾਰਿਆਂ ਵਿੱਚ ਜਾਣੋ ਅਤੇ ਸੰਤਾਂ ਦੀ ਖੱਤ੍ਰੀ ਬ੍ਰਾਹਮਣ ਆਦਕ ਜਾਤਿ ਨ ਪੁੱਛੋ ਕਿਉਂ ਕਿ ਅੱਗੇ ਜਾਤ ਦੀ ਗਿਣਤੀ ਜਾਂ ਪੁਛ ਪ੍ਰਤੀਤ ਨਹੀਂ ਹੈ ਭਾਵ ਸੰਤਾਂ ਨੂੰ ਪਰਮੇਸਰ ਦਾ ਰੂਪ ਜਾਣੋ।

**ਆਪਿ ਕਰਾਏ ਆਪਿ ਕਰੇਇ ॥ ਆਪਿ ਉਲਾਮੇ ਚਿਤਿ ਧਰੇਇ ॥**

ਪ੍ਰਮੇਸ਼ਰ ਨੇ ਆਪ ਹੀ ਜੀਆਂ ਨੂੰ ਪੈਦਾ ਕੀਤਾ ਹੈ ਅਤੇ ਆਪ ਹੀ ਉਹਨਾਂ ਤੋਂ ਕਰਮ ਕਰਾਉਂਦਾ ਹੈ ਅਤੇ ਆਪ ਹੀ ਜਮ ਦੇ ਉਲਾਂਭੇ ਜੀਵਾਂ ਦੇ ਚਿਤ ਵਿੱਚ ਜਾਂ ਜੀਵ ਹੋਕੇ ਧਰਦਾ ਹੈ ਭਾਵ ਲੈਂਦਾ ਹੈ।

**ਜਾ ਤੂੰ ਕਰਣਹਾਰੁ ਕਰਤਾਰੁ ॥ ਕਿਆ ਮੁਹਤਾਜੀ ਕਿਆ ਸੰਸਾਰੁ ॥ ੨ ॥**

ਜਦੋਂ ਤੂੰ ਪੈਦਾ ਕਰਨ ਵਾਲਾ ਕਰਤਾ ਪੁਰਖ ਮੇਰੇ ਵੱਲ ਹੈ ਤਾਂ ਫਿਰ ਮੈਨੂੰ ਕਿਸੇ ਦੀ ਕੀ ਮੁਛੰਦਗੀ ਕੁਸ਼ਾਮਤ ਹੈ ਅਤੇ ਕੀ ਸੰਸਾਰ ਦਾ ਦੁਖ ਹੈ ਭਾਵ ਕੁਛ ਨਹੀਂ ਹੈ।

**ਆਪਿ ਉਪਾਏ ਆਪੇ ਦੇਇ ॥ ਆਪੇ ਦੁਰਮਤਿ ਮਨਹਿ ਕਰੇਇ । ਗੁਰ ਪਰਸਾਦਿ ਵਸੈ ਮਨਿ ਆਇ॥ ਦੁਖੁ ਅਨ੍ਹੇਰਾ ਵਿਚਹੁ ਜਾਇ ॥ ੩ ॥**

ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਆਪ ਹੀ ਖਾਣ ਪੀਣ ਨੂੰ ਦੇਂਦਾ ਹੈ ਆਪ ਹੀ ਗੁਰੂ ਰੂਪ ਹੋਕੇ ਜੀਵਾਂ ਨੂੰ ਖੋਟੀ ਸਿਖਯਾ ਤੋਂ ਹਟਾਉਂਦਾ ਹੈ ਜਦੋਂ ਗੁਰੂ ਦੀ ਕਿਰਪਾ ਨਾਲ ਮਨ ਵਿੱਚ ਆ ਵੱਸਦਾ ਹੈ ਤਾਂ ਅਗਯਾਨ ਰੂਪ ਹਨੇਰਾ

Digitized by Panjab Digital Library | www.panjabdigilib.org

ਦੁਖ ਦੇਣ ਵਾਲਾ ਦਿਲ ਤੋਂ ਚਲਿਆ ਜਾਂਦਾ ਹੈ।

**ਸਾਚੁ ਪਿਆਰਾ ਆਪਿ ਕਰੇਇ ॥ ਅਵਰੀ ਕਉ ਸਾਚੁ ਨ ਦੇਇ ॥**

ਜਿਸਦੇ ਉੱਤੇ ਆਪ ਕਿਰਪਾ ਕਰਦਾ ਹੈ ਉਸ ਨੂੰ ਸੱਚ ਦਾ ਪਿਆਰ ਦੇਣਾ ਕਰਦਾ ਹੈ ਭਾਵ ਉਹ ਸੱਚ ਨਾਲ ਪਿਆਰ ਕਰਦਾ ਹੈ ਪ੍ਰੇਮੀਆਂ ਤੋਂ ਬਿਨਾ ਹੋਰ ਕਿਸੇ ਨੂੰ ਸੱਚਾ ਨਾਮ ਨਹੀਂ ਦੇਂਦਾ ਹੈ।

**ਜੇ ਕਿਸੈ ਦੇਇ ਵਖਾਣੈ ਨਾਨਕੁ ਆਗੈ ਪੂਛ ਨ ਲੇਇ ॥ ੪ ॥ ੩ ॥**

ਕਹਿੰਦੇ ਹਨ ਗੁਰੂ ਜੀ ਜਿਸ ਕਿਸੇ ਨੂੰ ਸੱਚਾ ਨਾਮ ਦੇਂਦਾ ਹੈ ਉਹ ਸੱਚੇ ਨਾਮ ਨੂੰ ਆਖਦਾ ਭਾਵ ਜਪਦਾ ਹੈ, ਉਸਦੇ ਕਰਮਾਂ ਦਾ ਹਿਸਾਬ ਅੱਗੇ ਪ੍ਰਲੋਕ ਵਿੱਚ ਪੁਛਕੇ ਨਹੀਂ ਲੈਂਦਾ ਹੈ।

## ਆਸਾ ਮਹਲਾ ੧ ॥

{ਕਿਸੇ ਜਗ੍ਹਾਂ ਰਾਸ ਪੈਂਦੀ ਸੀ ਗੁਰੂ ਜੀ ਨੇ ਵੇਖਿਆ ਬਹੁਤ ਆਦਮੀ ਪਰਮੇਸ਼ਰ ਤੋਂ ਭੁੱਲੇ ਹੋਏ ਹਨ ਮਾਇਆ ਦੇ ਜੋਰ ਕਰਕੇ ਕਲਜੁਗੀ ਜੀਵਾਂ ਦੇ ਕੰਮ ਵਿਖਾਉਂਦੇ ਹੋਏ ਜੇਹੜੀ ਸੰਸਾਰ ਰੂਪ ਰਾਸ ਸਦਾ ਵੱਡੀ ਹੈ ਅਤੇ ਸਦਾ ਹੁੰਦੀ ਰਹਿੰਦੀ ਹੈ ਉਸ ਨੂੰ ਦਿਖਾਉਂਦੇ ਹਨ।}

**ਤਾਲ ਮਦੀਰੇ ਘਟ ਕੇ ਘਾਟ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿ ਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥ ੧ ॥**

ਤਾਲ=ਕੈਂਸੀਆਂ, ਮਦੀਰੇ=ਛੈਣੇ, ਢੋਲਕ=ਢੋਲ, ਆਸਾ ਤ੍ਰਿਸ਼ਨਾ ਕੈਂਸੀਆਂ, ਰਾਗ ਦ੍ਵੈਖ ਛੈਣੇ ਸਾਰਿਆਂ ਆਦਮੀਆਂ ਤੇ ਘਟ=ਦਿਲ ਘਾਟ=ਅਸਥਾਨ ਵਿੱਚ ਵੱਜਦੇ ਹਨ ਭਾਵ ਪ੍ਰਗਟ ਹੁੰਦੇ ਹਨ ਅਤੇ ਦ੍ਵੈਤ ਰੂਪ ਢੋਲ ਤੇ ਵਾਜੇ ਵੱਜਦੇ ਹਨ ਇਹ ਦੁਨੀਆਂ ਦਾ ਹਾਲ ਹੈ। ਜੇਹੜੇ ਨਾਰਦ ਰਿਖੀ ਵਰਗਾ ਚੰਚਲ ਮਨ ਹੈ ਓਹ ਬਹੁਤ ਸਾਰਿਆਂ ਖਿਆਲਾਂ ਕਰਕੇ ਨੱਚਦਾ ਹੈ। ਇਹ ਕਲਜੁਗ ਦਾ ਜਾਂ ਅਵਿਦਯਾ ਦਾ ਭਾਉ=ਪ੍ਰਭਾਉ ਭਾਵ ਪ੍ਰਤਾਪ ਜਾਂ ਜ਼ੋਰ ਹੈ। ਇਸ ਜੁਗ ਵਿਚ ਜੇਹੜੇ ਜਤੀ ਸਤੀ ਹਨ ਓਹ ਕਹ=ਕਿਥੇ ਪੈਰ ਰੱਖਣ ਭਾਵ ਕਿਥੇ ਖੜੋਣ ਭਾਵ ਚੰਗਾ ਕੰਮ ਕਲਜੁਗ ਵਿਚ ਘੱਟ ਹੁੰਦਾ ਹੈ

**ਨਾਨਕ ਨਾਮ ਵਿਟਹੁ ਕੁਰਬਾਣੁ ॥ ਅੰਧੀ ਦੁਨੀਆ ਸਾਹਿਬੁ ਜਾਣੁ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਗੁਰੂ ਜੀ–ਮੈਂ ਤਾਂ ਉਸਦੇ ਨਾਮ ਉਤੋਂ ਕੁਰਬਾਨ ਹੁੰਦਾ ਹਾਂ ਹੇ ਅੰਨੀ ਅਕਲ ਵਾਲਿਓ ਦੁਨੀਆਂ ਦੇ ਲੋਕੋ ਤੁਸੀ ਵੀ ਉਸ ਮਾਲਕ ਨੂੰ ਜਾਣੋ।

**ਗੁਰੂ ਪਾਸਹੁ ਫਿਰਿ ਚੇਲਾ ਖਾਇ ॥ ਤਾਮਿ ਪਰੀਤਿ ਵਸੈ ਘਰਿ ਆਇ ॥ ਜੇ ਸਉ ਵਰ੍ਹਿਆ ਜੀਵਣ ਖਾਣੁ ॥ ਖਸਮ ਪਛਾਣੈ ਸੋ ਦਿਨੁ ਪਰਵਾਣੁ ॥ ੨ ॥**

ਕਲਜੁਗ ਦੇ ਗੁਰੂ ਤੇ ਸਿਖਾਂ ਦੇ ਹਾਲ ਦੱਸਦੇ ਹਨ ਕਿ ਗੁਰੂ ਦੇ ਪਾਸੋਂ ਚੰਗੇ ੨ ਘੁਰ ੨ ਕੇ ਪਦਾਰਥ ਲੈਕੇ ਚੇਲਾ ਖਾਂਦਾ ਹੈ ਤਾਮਿ=ਅੰਨ ਦੀ ਪ੍ਰੀਤੀ ਕਰਕੇ ਗੁਰੂ ਘਰ ਵਿਚ ਆ ਵੱਸਦਾ ਹੈ। ਜੇ ਸੈਂਕੜੇ ਵਰ੍ਹੇ ਜੀਉਂਦਾ ਰਹੇ ਅਤੇ ਅੰਨ ਖਾਂਦਾ ਰਹੇ ਪਰ ਸਭ ਕੁਛ ਨਿਸਫਲ ਹੈ ਜਿਸ ਦਿਨ ਵਾਹਿਗੁਰੂ ਨੂੰ ਪਛਾਣ ਲਏ ਓਹੋ ਹੀ ਦਿਨ ਸਫਲ ਹੈ ਜਾਂ ਸਫਲ ਹੋ ਜਾਵੇਗਾ।

**ਦਰਸਨ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ ॥**

ਸਿਖ ਦਾ ਦਰਸ਼ਨ ਦੇਖਣ ਨਾਲ ਹੀ ਗੁਰੂ ਦੇ ਮਨ ਵਿਚ ਦਯਾ ਨਹੀਂ ਹੁੰਦੀ ਹੈ ਭੇਟਾ ਲਿਆਂ ਬਿਨਾਂ ਗੁਰੂ, ਸਿਰੋਪਾਉ ਮਿਲਿਆਂ ਬਿਨਾਂ ਸਿਖ, ਦੋਹਾਂ ਵਿਚੋਂ ਕੋਈ ਵੀ ਨਹੀਂ ਰਹਿੰਦਾ ਹੈ।

**ਰਾਜਾ ਨਿਆਉ ਕਰੇ ਹਥਿ ਹੋਇ ॥ ਕਹੈ ਖੁਦਾਇ ਨ ਮਾਨੈ ਕੋਇ ॥ ੩ ॥**

ਕਲਜੁਗ ਦਾ ਰਾਜਾ ਵੀ ਉਸ ਦਾ ਝਗੜਾ ਨਿਬੇੜਦਾ ਹੈ ਜਿਸ ਦੇ ਹੱਥ ਵਿਚ ਕੁਛ ਪਦਾਰਥ ਹੁੰਦਾ ਹੈ ਭਾਵ ਵੱਢੀ ਲੈਕੇ ਨਿਆਂ ਕਰਦਾ ਹੈ ਜੇਕਰ ਕੋਈ ਆਕੇ ਆਖੇ ਕਿ ਖੁਦਾ ਦੇ ਵਾਸਤੇ ਮੇਰਾ ਨਿਆਓਂ ਕਰੋ ਤਾਂ ਕੋਈ ਨਹੀਂ ਮੰਨਦਾ ਹੈ ਧੱਕੇ ਮਿਲਦੇ ਹਨ।

**ਮਾਣਸ ਮੂਰਤਿ ਨਾਨਕ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥**

ਗੁਰੂ ਜੀ–ਮਨੁਖ ਦੀ ਮੂਰਤੀ ਤੇ ਨਾਮ ਮਾਤ੍ਰ ਹੀ ਹੈ ਅਕਾਲ ਪੁਰਖ ਦੇ ਦਰਵਾਜੇ ਉਤੇ ਇਸਤਰਾਂ ਦਾ ਹੀ ਹੁਕਮ ਹੈ ਕਿ ਜੀਵ ਕਰਣੀ ਕਰਕੇ ਕੁੱਤਾ ਹੋਇਆ ਹੈ ਭਾਵ ਬੂਹੇ ੨ ਮੰਗਦਾ ਫਿਰਦਾ ਹੈ।

**ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥ ੪ ॥ ੪ ॥**

Digitized by Panjab Digital Library | www.panjabdigilib.org

ਗੁਰੂ ਦੀ ਕਿਰਪਾ ਨਾਲ ਜੇਕਰ ਸੰਸਾਰ ਵਿਚ ਜੀਵ ਆਪਣੇ ਆਪਨੂੰ ਪਰਾਹੁਣਾ ਜਾਣੇ ਭਾਵ ਕਿਸੇ ਨਾਲ ਬਹੁਤਾ ਮੋਹ ਪਿਆਰ ਨਾ ਕਰੇ ਤਾਂ ਕੁਛ ਵਾਹਿਗੁਰੂ ਦੇ ਦਰਬਾਰ ਵਿਚ ਆਦਮੀ ਆਦਰ ਪਾਉਂਦਾ ਹੈ।

## ਆਸਾ ਮਹਲਾ ੧ ॥

**ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾਰੂਪੁ ਕਾਇਆ ਤੇਰੀ ।।**

ਹੇਵਾਹਿਗੁਰੂ ਜਿਤਨਾਂ ਸ਼ਬਦ=ਬੋਲ "ਆਦਮੀਆਂ ਦੀਆਵਾਜ" ਸੁਰਤਿ= ਸਮਝ "ਧੁਨਿ"=ਬਾਣੀ ਸਰੂਪ, ਦੇਹ ਇਹ ਜਿਤਨੀ ਬਖਸ਼ਸ਼ ਹੈ ਤਿਤਨੀ ਸਾਰੀ ਤੇਰੀ ਹੀ ਬਖਸ਼ੀ ਹੋਈ ਹੈ ।

**ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥ ੧ ॥**

ਹੇ ਵਾਹਿਗੁਰੂ ਤੂੰ ਜੀਭ ਰੂਪ ਵੀ ਆਪ ਹੀ ਹੈਂ ਅਤੇ ਸਿੱਖਾਂ ਦੀ ਜੀਭ ਉਤੇ ਨਾਮ ਰੂਪ ਹੋਕੇ ਤੂੰ ਆਪ ਹੀ ਵਾਸਾ ਕਰਦਾ ਹੈਂ ਹੇ ਮਾਈ=ਕੁਦਰਤ ਦੇ ਮਾਲਕ ਤੈਥੋਂ ਬਿਨਾਂ ਹੋਰ ਕੋਈ ਦੂਸਰਾ ਨਹੀਂ ਆਖਿਆ ਜਾਂਦਾ ਹੈ ।

**ਸਾਹਿਬ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ ੧ ॥ ਰਹਾਉ ॥**

ਹੇ ਮੇਰੇ ਮਾਲਕ ! ਤੂੰ ਇਕ ਹੈਂ ਇੱਕ ਹੈਂ ਇਕ ਹੈਂ ਜਾਂ ਤਿੰਨਾਂ ਸਮਿਆਂ ਵਿਚ ਤੂੰ ਮੈਨੂੰ ਇੱਕੋ ਹੀ ਭਾਈ=ਚੰਗਾ ਲੱਗਦਾ ਹੈਂ ।

**ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥ ੨ ॥**

ਆਪੇ ਹੀ ਮਾਰਦਾ ਹੈ ਆਪੇ ਹੀ ਕਿਰਪਾ ਕਰਕੇ ਛੱਡ ਦੇਂਦਾ ਹੈ ਆਪੇ ਹੀ ਸਭ ਕੁਛ ਖੋਹ ਲੈਂਦਾ ਹੈ ਅਤੇ ਫਿਰ ਆਪੇ ਹੀ ਸਭ ਕੁਛ ਦੇ ਦੇਂਦਾ ਹੈ ਆਪੇ ਹੀ ਮਾੜੇ ਚੰਗੇ ਕੰਮ ਸਾਰਿਆਂ ਦੇ ਵੇਖਦਾ ਹੈ ਅਤੇ ਆਪੇ ਹੀ ਖੁਸ਼ੀ ਹੁੰਦਾ ਹੈ ਆਪੇ ਹੀ ਕਿਰਪਾ ਦੀ ਦ੍ਰਿਸ਼ਟੀ ਕਰਦਾ ਹੈ।

**ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥**

ਹੇ ਵਾਹਿਗੁਰੂ ਜੋ ਕੁਛ ਤੂੰ ਕਰਨਾ ਸੀ ਸੋ ਕਰ ਰਿਹਾ ਹੈ ਹੋਰ ਕੁਛ ਕਿਸੇ ਪਾਸੋਂ ਨਹੀਂ ਕੀਤਾ ਜਾਂਦਾ ਹੈ।

Digitized by Panjab Digital Library | www.panjabdigilib.org

**ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ॥੩॥**

ਜਿਸ ਤਰਾਂ ਦਾ ਜੀਵਾਂ ਉਤੇ ਹੁਕਮ ਵਰਤਦਾ ਹੈ ਓਸੇ ਹੀ ਤਰਾਂ ਦਾ ਆਖਿਆ ਜਾਂਦਾ ਹੈ ਇਹ ਸਾਰੀ ਵਡਿਆਈ ਤੇਰੀ ਹੈ।

**ਕਲਿ ਕਲ ਵਾਲੀ ਮਾਇਆ ਮਦੁ ਮੀਠਾ ਮਨੁ ਮਤ-ਵਾਲਾ ਪੀਵਤੁ ਰਹੈ ॥**

ਕਲ ਵਾਲੀ=ਕਲਾ ਕਰਨ ਵਾਲੀ, ਕਲੇਸ਼ ਪਾਉਣ ਵਾਲੀ ਜਾਂ ਸ਼ਰਾਬ ਵਾਲੀ ਵੱਡੀ ਸਾਰੀ ਮੱਟੀ ਜਾਂ ਕਲਾਲਣੀ ॥

ਕਲਜੁਗ ਦੀ ਕਿਰਿਆ ਕਲਾ ਵਾਲੀ ਹੈ ਜੇਹੜੀ ਮਾਇਆ ਰੂਪ ਸ਼ਰਾਬ ਹੈ ਇਸ ਨੂੰ ਮਨ ਸ਼ਰਾਬੀ ਮਸਤ ਹੋਇਆ ੨ ਮਿੱਠਾ ਜਾਣ ਕੇ ਪੀਂਦੀ ਰਹਿੰਦਾ ਹੈ।

**ਆਪੇ ਰੂਪ ਕਰੇ ਬਹੁ ਭਾਤੀ ਨਾਨਕੁ ਬਪੁੜਾ ਏਵ ਕਹੈ ॥ ੪ ॥ ੫ ॥**

(ਗੁਰੂ ਜੀ) ਬਪੁੜਾ=ਗਰੀਬ ਆਦਮੀ ਤਾਂ ਏਹੋ ਹੀ ਆਖਦਾ ਹੈ ਕਿ ਤੂੰ ਆਪ ਹੀ ਬਹੁਤ ਤਰਾਂ ਦੇ ਰੂਪ ਕਰਦਾ ਹੈਂ।

## ਆਸਾ ਮਹਲਾ ੧ ॥

"ਗੁਰਮੁਖਾਂ ਦੀ ਨਿਰਤਕਾਰੀ"

**ਵਾਜਾ ਮਤਿ ਪਖਾਵਜੁ ਭਾਉ ॥**

ਜੇਹੜਾ ਅਕਲ ਦਾ ਚੰਗਾ ਹੋਲਾ ਹੈ ਇਹ ਪਖਾਵਜ ਵਾਜਾ ਹੈ ਜੇਹੜਾ ਭਾਉ=ਪ੍ਰੇਮ ਹੈ ਇਹ ਪਖਾਵਜ ਵਾਜੇ ਨੂੰ ਵਜਾਉਣ ਵਾਲਾ ਹੈ।

**ਹੋਇ ਅਨੰਦੁ ਸਦਾ ਮਨਿ ਚਾਉ ॥**

ਇਕੁਰ ਦੇ ਵਾਜੇ ਨਾਲ ਸਦਾ ਹੀ ਮਨ ਵਿਚ ਉਤਸ਼ਾਹ ਤੇ ਅਨੰਦ ਹੁੰਦਾ ਹੈ।

**ਏਹਾ ਭਗਤਿ ਏਹੋ ਤਪਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥ ੧ ॥**

ਏਹੋ ਹੀ ਭਗਤੀ ਹੈ ਏਹੋ ਹੀ ਅਸਲ ਤਪ ਦਾ ਤਪਣਾ ਹੈ ਇਸ ਪ੍ਰੇਮ ਨਾਲ ਵੀਚਾਰ ਦੀਆਂ ਜੁਗਤੀਆਂ ਵਿਚ ਬੁੱਧੀ ਰੂਪ ਪੈਰ ਰੱਖ ਰੱਖ ਕੇ ਨੱਚੋ।

**ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਵਾਹਿਗੁਰੂ ਸਲਾਹੁਣਾ ਜਾਣੇ ਏਹੁ ਹੀ ਤਾਲ ਦਾ ਪੂਰਾ ਰੱਖਣਾ ਹੈ ਹੋਰ ਜੇਹੜਾ ਪਰਮੇਸ਼ਰ ਦੀ ਉਸਤਤੀ ਬਿਨਾਂ ਨੱਚਣਾ ਹੈ ਓਹ ਮਨ ਦੀਆਂ ਖੁਸ਼ੀਆਂ ਕਰਕੇ ਨੱਚਣਾ ਹੈ ਓਹ ਕਿਸੇ ਲੇਖੇ ਨਹੀਂ ਹੈ।

**ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥ ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥ ੨ ॥**

ਸਤ, ਸੰਤੋਖ ਦੋਵੇਂ ਕੈਂਸੀਆਂ ਰੂਪ ਵਾਜੇ ਵੱਜਦੇ ਹਨ ਜੇਹੜਾ ਵਾਹਿਗੁਰੂ ਸਦਾ ਸਾਰਿਆਂ ਵਿਚ ਮਿਲਿਆ ਹੋਇਆ ਵੇਖਣਾ ਹੈ ਏਹੋ ਹੀ ਪੈਰਾਂ ਵਿਚ ਵੱਜਣ ਵਾਲੇ ਘੁੰਘਰੂ ਹਨ, ਦ੍ਵੈਤ ਭਾਵਨਾ ਦਾ ਕਦੀ ਵੀ ਖਿਆਲ ਨ ਆਵੇ ਏਹੋ ਹੀ ਰਾਗ ਦਾ ਨਾਦ=ਸੁਰ ਅਵਾਜ ਪੂਰਨਾ ਕਰੇ ਇੱਕੁਰ ਪ੍ਰੇਮ ਵਾਲਾ ਪੈਰ ਰੱਖ ਰੱਖ ਕੇ ਨੱਚੋ।

**ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆਉਠਦਿਆ ਨੀਤਾ ਨੀਤਿ ॥ ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥ ੩ ॥**

ਜੇਹੜਾ ਮਨ ਵਿਚ ਵਾਹਿਗੁਰੂ ਦਾ ਡਰ ਰੱਖਣਾ ਹੈ ਆਦਮੀ ਏਹੋ ਹੀ ਫੇਰੀ ਕਰੇ, ਬਹਿੰਦਿਆਂ ਉਠਦਿਆਂ ਰੋਜ ਸਰੀਰ ਨੂੰ ਨਾਸਵੰਤ ਸੁਆਹ ਹੋਇਆ ੨ ਸਮਝਣਾ ਏਹੋ ਹੀ ਨਚਦਿਆਂ ੨ ਭੁੰਜੇ ਲੇਟ ਜਾਣਾ ਕਰੇ, ਇੱਕੁਰ ਪ੍ਰੇਮ ਨਾਲ ਪੈਰ ਰੱਖ ੨ ਕੇ ਨੱਚੋ।

**ਸਿਖ ਸਭਾ ਦੀਖਿਆਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥ ਨਾਨਕ ਆਖਣੁ ਵੇਰਾ ਵੇਰ ॥ ਇਤੁਰੰਗਿ ਨਾਚਹੁ ਰਖਿ ਰਖਿ ਪੈਰ ॥ ੪ ॥ ੬ ॥**

ਜਿਨਾਂ ਸਿੱਖਾਂ ਦਾ ਗੁਰ ਉਪਦੇਸ਼ ਵਿਚ ਪ੍ਰੇਮ ਹੈ ਓਹਨਾਂ ਦੀ ਸਭਾ ਵਿਚ ਜਾਇਆ ਆਇਆ ਕਰੇ ਗੁਰਮੁਖ ਹੋਕੇ ਸਚੇ ਨਾਮ ਦਾ ਸੁਨਣਾ ਕਰੇ। ਗੁਰੂ ਜੀ ਮੁੜ ੨ ਵਾਹਿਗੁਰੂ ਦਾ ਨਾਮ ਆਖਦਾ ਰਹੇ ਇੱਕੁਰ ਪ੍ਰੇਮ ਨਾਲ ਪੈਰ ਰੱਖ ੨ ਕੇ ਨੱਚੋ।

## ਆਸਾ ਮਹਲਾ ੧ ॥

{ਰਾਮ ਕ੍ਰਿਸ਼ਨ ਆਦਕ ਅਵਤਾਰਾਂ ਦੇ ਉਪਾਸ਼ਕ ਨੂੰ ਉਪਦੇਸ਼ ਕਰਦਿਆਂ ਹੋਇਆਂ ਅਕਾਲ ਪੁਰਖ ਦੇ ਸਨਮੁਖ ਬੇਨਤੀ ਹੈ।}

Digitized by Panjab Digital Library | www.panjabdigilib.org

**ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥**

ਪਹਿਲੇ ਪੌਣ ਨੂੰ ਪੈਦਾ ਕਰਕੇ ਫਿਰ ਧਰਤੀ, ਪਾਣੀ, ਅੱਗ ਹੋਰ ਅਕਾਸ਼ ਉੱਤੋਂ ਲੈਣਾ ਇਹ ਜੋਹੜੇ ਪੰਜ ਤੱਤ ਆਪੋ ਵਿਚ ਦੀ ਇਕ ਦੂਸਰੇ ਦੇ ਵੈਰੀ ਹਨ ਇਹਨਾਂ ਨੂੰ ਕਠਿਆਂ ਕਰਕੇ ਇਹਨਾਂ ਨਾਲ ਹੀ ਸਾਰੀ ਦੁਨੀਆਂ ਪੈਦਾ ਕਰ ਰਖੀ ਹੈ।

**ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥ ੧ ॥**

ਬੇਸਮਝ ਦਸਾਂ ਸਿਰਾਂ ਵਾਲੇ ਰਾਵਨ ਨੇ ਵੈਰ ਕਰਕੇ ਤੈਥੋਂ ਆਪਣੇ ਸਿਰਾਂ ਨੂੰ ਕਟਾ ਲਿਆ,ਹੇ ਮਾਲਕਾ ਤੂੰ ਰਾਵਣ ਨੂੰ ਮਾਰ ਕੇ ਕੀ ਵੱਡਾ ਹੋਗਿਆ ਹੈ ਭਾਵ ਕੁਛ ਅਸਚਰਜ ਕੰਮ ਨਹੀਂ ਹੈ।

**ਕਿਆ ਉਪਮਾ ਤੇਰੀ ਆਖੀ ਜਾਇ॥ ਤੂੰ ਸਰਬੇ ਪੂਰਿ ਰਹਿਆ ਲਿਵਲਾਇ ॥ ੧ ॥ ਰਹਾਉ ॥**

ਹੇ ਅਕਾਲ ਪੁਰਖ ਤੇਰੀ ਉਪਮਾ ਕੀ ਆਖੀ ਜਾਵੇ ਜੇ ਪ੍ਰੀਤੀ ਲਾਕੇ ਵੇਖੀਏ ਤੇ ਤਾਂ ਤੂੰ ਸਾਰਿਆਂ ਵਿਚ ਮਿਲਿਆ ਹੋਇਆ ਹੈਂ।

**ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥**

ਇਹ ਜਿਤਨੇ ਆਦਮੀ ਹੋਰ ਜੀਆ ਜੰਤ ਹਨ ਸਾਰਿਆਂ ਨੂੰ ਤੂੰ ਪੈਦਾ ਕਰਕੇ ਓਹਨਾਂ ਦੇ ਖਾਣ ਪੀਣ ਦੀ ਜੁਗਤ ਆਪਣੇ ਹੱਥ ਵਿਚ ਰਖੀ ਹੈ ਸੋ ਇਕੁਰ ਦਾ ਤੂੰ ਸਮਰੱਥ ਹੋਕੇ ਫਿਰ ਇਕ ਕਾਲੇ ਸੱਪ ਨੂੰ ਨੱਥਕੇ ਕੀ ਤੂੰ ਕੁਛ ਵੱਡਾ ਹੋਗਿਆ ਹੈਂ ਭਾਵ ਕੁਛ ਨਹੀਂ ਹੈ।ਇਹ ਕੁਛ ਵੱਡਾ ਕੰਮ ਨਹੀਂ ਹੈ।

**ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥ ੨ ॥**

ਜੇਹੜਾ ਤੂੰ ਸਾਰਿਆਂ ਵਿਚ ਲਗਾਤਾਰ ਮਿਲਿਆ ਹੋਇਆ ਹੈਂ ਸੋ ਤੂੰ ਕਿਸ ਦਾ ਆਦਮੀ ਹੈ ਅਤੇ ਕੇਹੜੀ ਤੇਰੀ ਇਸਤ੍ਰੀ ਆਖੀ ਜਾਂਦੀਹੈ ਇਹ ਕਿਸ ਤਰਾਂ ਆਖਿਆ ਜਾਵੇ ਜਾਂ ਕਿਸਤਰਾਂ ਤੂੰ ਆਦਮੀ ਆਖਿਆਂ ਜਾਵੇਂ ਅਤੇ ਕਿਸ ਤਰਾਂ ਤੈਨੂੰ ਇਸਤ੍ਰੀ ਆਖੀਏ ਤੂੰ ਸਾਰਿਆਂ ਵਿਚ ਲਗਾਤਾਰ ਮਿਲਿਆ ਹੋਇਆ ਹੈ।

Digitized by Panjab Digital Library | www.panjabdigilib.org

## ਨਾਲਿ ਕੁਟੰਬੁ ਸਾਥਿ ਵਰ ਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥ ਆਗੈ ਅੰਤੁ ਨ ਪਾਇਓ ਤਾਕਾ ਕੰਸੁ ਛੇਦਿ ਕਿਆ ਵਡਾ ਭਇਆ ॥ ੩ ॥

ਹੇ ਵਰ ਦੇਣ ਵਾਲਿਆ ਅਕਾਲ ਪੁਰਖਾ ਜੇਹੜੀ ਤੇਰੀ ਧੁੰਨੀ ਦੇ ਨਾਲ ਕੌਲ ਫੁਲ ਦੀ ਨਾਲੀ ਲੱਗੀ ਹੋਈ ਹੈ ਏਹੋ ਹੀ ਜਿਸ ਦਾ ਟੱਬਰ ਹੈ ਇਕੁਰ ਦਾ ਬ੍ਰਹਮਾ ਆਪਣੀ ਸ੍ਰਿਸਟਿ=ਉਤਪਤੀ ਨੂੰ ਲਭਣ ਵਾਸਤੇ ਕਿ ਮੈਂ ਕਿਥੋਂ ਜੰਮਿਆਂ ਹਾਂ ਉਸ ਕੌਲ ਦੀ ਨਾਲੀ ਵਿਚ ਬਹੁਤ ਸਾਰਾ ਚਿਰ ਚਲਿਆ ਗਿਆ ਪਰ ਅਗੇ ਉਸ ਨਾਲੀ ਦੇ ਮੁਢ ਰੂਪ ਆਪ ਦਾ ਕੋਈ ਅੰਤ ਨ ਪਾਇਆ ਹੈ ਅੱਛਾ ਐਡਾ ਵੱਡਾ ਤੂੰ ਆਪ ਹੈਂ ਫਿਰ ਕੰਸ ਨੂੰ ਛੇਦ= ਮਾਰ ਕੇ ਕੀ ਤੂੰ ਵੱਡਾ ਹੋ ਗਿਆ ਹੈਂ ਭਾਵ ਕੁਛ ਨਹੀਂ ਹੈ।

## ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥

ਆਪਨੇ ਦੁਧ ਵਾਲੇ ਸਮੁੰਦਰ ਨੂੰ ਰਿੜਕ ਕੇ ਰਤਨਾਂ ਨੂੰ ਪੈਦਾ ਕੀਤਾ ਹੈ ਹੋਰ ਜੇਹੜੇ ਦੇਵਤਿਆਂ ਤੋਂ ਵਖਰੇ ਦੈਤ ਸੀ ਓਹ ਬੜੇ ਭਖਲਾਏ=ਤਪੇ ਗੁੱਸੇ ਵਿਚ ਆਏ ਅਤੇ ਆਖਣ ਲਗੇ ਸਮੁੰਦਰ ਨੂੰ ਅਸਾਂ ਰਿੜਕਿਆ ਹੈ ਇਹਨਾਂ ਚੰਗੀਆਂ ੨ ਵਸਤੂਆਂ ਨੂੰ ਅਸੀਂ ਲਵਾਂਗੇ ਇਕੁਰ ਦੀ ਦੇਵਤਿਆਂ ਦੈਂਤਾਂ ਦਾ ਜੰਗ ਹੋਇਆ।

## ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥ ੪ ॥ ੭ ॥

ਗੁਰੂ ਜੀ ਤਦੋਂ ਆਪਨੇ ਮੋਹਨੀ ਰੂਪ ਧਾਰ ਕੇ ਜੇਹੜਾ ੨ ਕਿਸੇ ਦਾ ਹਿੱਸਾ ਸੀ ਇਕ ਇਕ ਕਰਕੇ ਵੰਡ ਦਿਤਾ ਸੋ ਤੂੰ ਛਪਾਇਆ ਹੋਇਆ ਕਿਸਤਰਾਂ ਲੁਕਿਆ ਰਹਿੰਦਾ ਹੈਂ ਭਾਵ ਮੋਹਨੀ ਅਵਤਾਰ ਅੰਤ ਨੂੰ ਪ੍ਰਗਟ ਹੀ ਹੋ ਗਿਆ।

### ਆਸਾ ਮਹਲਾ ੧ ॥

## ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥

ਜਿਸ ਆਦਮੀ ਨੇ ਚੰਗਿਆਂ ਕਰਮਾਂ ਦੀ ਕਰਤੂਤ=ਕਰਣੀ ਰੂਪ ਬੇਲ ਫੈਲਾਈ ਹੈ ਓਸ ਨੂੰ ਪ੍ਰਮੇਸਰ ਦਾ ਨਾਮ ਫਲ ਪ੍ਰਾਪਤਿ ਹੋਇਆ ਹੈ।

## ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ

Digitized by Panjab Digital Library | www.panjabdigilib.org

ਕੀਆ ॥ ੧ ॥

ਓਹ ਪ੍ਰਮੇਸਰ ਦਾ ਨਾਮ ਕਿਸ ਤਰਾਂ ਦਾ ਹੈ ਜਾਂ ਕਿਸਦਾ ਹੈ ਜਿਸ ਪ੍ਰਮੇਸਰ ਦੀ ਕੋਈ ਸ਼ਕਲ ਸੁੰਦਰ ਰੂਪ ਰੇਖਾ=ਨਿਸ਼ਾਨ, ਕੁੰਡੇ ਜਾਂ ਧਨਖ ਵਰਗਾ ਟੇਢਾ ਇੱਕੁਰ ਦਾ ਕੋਈ ਨਹੀਂ ਹੈ ਓਸੇ ਹੀ ਮਾਇਆ ਤੋਂ ਰਹਿਤ ਪ੍ਰਮੇਸਰ ਨੇ ਲਗਾ ਤਾਰ ਸ਼ਬਦ=ਅਵਾਜ, ਬੋਲ ਵਾਜੇ = ਪ੍ਰਗਟ ਕੀਤਾ ਹੈ ।

**ਕਰੇ ਵਖਿਆਣੁ ਜਾਣੈ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ ॥ ੧ ॥ ਰਹਾਉ ॥**

ਹੇ ਵਾਹਿਗੁਰੂ ਜੇਹੜਾ ਕੋਈ ਤੇਰੇ ਜਸਦਾ ਵਖਿਆਣ ਕਥਨ ਕਰਨ ਜਾਣਦਾ ਹੈ ਓਹ ਨਾਮ ਅੰਮ੍ਰਿਤ ਜਾਂ ਆਤਮ ਅਨੰਦ ਨੂੰ ਪੀਂਦਾ ਹੈ ।

**ਜਿਨੑ ਪੀਆ ਸੇ ਮਸਤ ਭਇਹੈ ਤੂਟੇ ਬੰਧਨ ਫਾਹੇ ॥ ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥ ੨ ॥**

ਜਿਨਾਂ ਨੇ ਉਸ ਨਾਮ ਅੰਮ੍ਰਿਤ ਨੂੰ ਪੀਤਾ ਹੈ ਓਹ ਮਸਤ ਹੋ ਗਏ ਹਨ ਓਹਨਾਂ ਦੇ ਜੇਹੜੇ ਜਨਮ ਮਰਨ ਰੂਪ ਬੰਧਨ ਪਾਉਣ ਵਾਲੇ ਫਾਹੇ ਸੀ ਓਹ ਟੁਟ ਗਏ ਹਨ, ਭਾਵ ਸਾਰੇ ਵਿਕਾਰ ਦੂਰ ਹੋ ਗਏ ਹਨ ਓਹਨਾਂ ਦੀ ਜੋਤ ਵਾਹਿਗੁਰੂ ਦੀ ਜੋਤ ਵਿਚ ਮਿਲ ਗਈ ਹੈ,ਇਸ ਲਈ ਓਹਨਾਂ ਨੇ ਮਾਇਆ ਦੇ ਲਾਹੇ=ਲਾਲਚ ਛੱਡ ਦਿਤੇ ਹਨ ।

**ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥ ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥ ੩ ॥**

ਹੇ ਜੋਤੀ ਵਾਹਿਗੁਰੂ ਓਹਨਾਂ ਨੇ ਸਾਰਾ ਸੰਸਾਰ ਤੇਰਾ ਹੀ ਰੂਪ ਵੇਖਿਆ ਹੈ ਤੇ ਸਾਰੇ ੧੪ ਲੋਕ ਤੇਰੀ ਮਾਇਆ ਦੇ ਬਨਾਏ ਹੋਏ ਵੇਖੇ ਹਨ, ਤੂੰ ਸਾਰੇ ਸੰਸਾਰ ਦੇ ਰਾਰੇ=ਝਗੜੇ ਤੋਂ ਨਿਰਾਲਮ=ਵਖਰਾ ਹੋਕੇ ਬੈਠਾ ਹੈ ਅਤੇ ਅਪਨਾ ਛਾਇਆ ਪਾਕੇ ਸਾਰਿਆਂ ਉਤੇ ਆਪਣੀ ਨਜਰ ਦੇ ਕੇ ਸਾਰਿਆਂ ਦੇ ਮਾੜੇ ਚੰਗੇ ਕੰਮ ਵੇਖਦਾ ਹੈਂ ਜਿਨਾਂ ਦੇ ਉਤੇ ਤੂੰ ਕਿਰਪਾ ਦ੍ਰਿਸ਼ਟੀ ਕਰਦਾ ਹੈਂ ਓਹਨਾਂ ਦੇ ਰਿਦੇ ਵਿਚ ਤੂੰ ਛਾਇਆ=ਟਿਕਿਆ ਹੈਂ ਭਾਵ ਪ੍ਰਗਟ ਹੋਇਆ ਹੈਂ ।

**ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥**

ਓਹ ਜੋਗੀ=ਤੇਰੇ ਵਿਚ ਜੁੜਨ ਵਾਲਾ ਬੀਣਾ=ਸੁੰਦਰ ਸ਼ਬਦ ਨੂੰ ਵਜਾ-

Digitized by Panjab Digital Library | www.panjabdigilib.org

ਉਂਦਾ ਹੈ ਭਾਵ ਨਾਮ ਜਪਦਾ ਹੈ ਉਸੇ ਨੇ ਤੇਰਾ ਅਪਾਰ ਰੂਪ ਦਰਸ਼ਨ ਕੀਤਾ ਹੈ।

**ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥ ੪ ॥ ੮ ॥**

ਗੁਰੂ ਜੀ ਆਖਦੇ ਹਨ ਹੇ ਮਾਲਕਾ! ਉਹ ਜੋਗੀ ਵਿਚਾਰ ਕਰਨ ਵਾਲਾ ਇਸਤਰਾਂ ਲਗਾਤਾਰ ਤੇਰੇ ਵਿਚ ਰੱਤਾ ਹੋਯਾ ਹੈ ਜਾਂ ਉਸਦਾ ਸ਼ਬਦ=ਬੋਲ ਤੇਰੇ ਨਾਲ ਮਿਲਿਆ ਹੋਇਆ ਹੈ ॥ ੪ ॥ ੮ ॥

## ਆਸਾ ਮਹਲਾ ੧ ॥

**ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ ॥ ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ ਯਾਦਿ ॥ ੧ ॥**

ਹੇ ਮਾਲਕਾ! ਮੇਰੇ ਵਿਚ ਤਾਂ ਗੱਲਾਂ ਕਰਨ ਦਾ ਗੁਣ ਹੈ ਭਾਵ ਨਿੰਦਯਾਂ ਉਸਤਤੀ ਜਿਸਦਾ ਫਲ ਸਿਰ ਉੱਤੇ ਪਾਪਾਂ ਦਾ ਭਾਰ ਹੁੰਦਾ ਹੈ। ਹੇ ਦੁਨੀਆਂ ਨੂੰ ਪੈਦਾ ਕਰਨ ਵਾਲਿਆ ਗੱਲਾਂ ਵਿਚੋਂ ਉਹ ਗੱਲਾਂ ਚੰਗੀਆਂ ਹਨ ਜੇੜ੍ਹੀਆ ਤੇਰੀਆਂ ਉਸਤਤੀਆਂ ਨਾਲ ਮਿਲੀਆਂ ਹੋਣ। ਜਾਂ ਮੈਂ ਤਾਂ ਗੱਲਾਂ ਹੀ ਗੱਲਾਂ ਬਣਾਉਂਨ ਵਾਲਾ ਹਾਂ! ਹੇ ਮਾਲਕਾ ਜਿਤਨਾ ਚਿਰ ਤੂੰ ਰਿਦੇਵਿਚ ਯਾਦ ਨਹੀਂ ਆਉਂਦਾ ਹੈਂ ਓਨਾਂ ਚਿਰ ਸਾਰਾ ਖਾਣਾ, ਪੀਣਾ, ਹਸਣਾ ਬਿਅਰਥ ਹੈ।

**ਤਉ ਪਰਵਾਹ ਕੇਹੀ ਕਿਆ ਕੀਜੈ ॥ ਜਨਮਿ ਜਨਮਿ ਕਿਛੁ ਲੀਜੀ ਲੀਜੈ ॥ ੧ ਰਹਾਉ ॥**

ਜਦੋਂ ਤੂੰ ਸਾਡੇ ਉੱਤੇ ਪ੍ਰਸੰਨ ਹੋ ਜਾਂਦਾ ਹੈਂ ਤੇ ਤਾਂ ਅਸੀਂ ਕਿਸੇ ਦੀ ਕੀ ਪਰਵਾਹ ਕਰਦੇ ਹਾਂ, ਭਾਵ ਕੁਛ ਪ੍ਰਵਾਹ ਨਹੀਂ ਹੈ ਅਤੇ ਨਾ ਹੀ ਅਸੀਂ ਕੁਛ ਤੀਰਥ ਬਰਤ ਆਦਕ ਹੀ ਕਰਦੇ ਹਾਂ ਜੇਹੜਾ ਜਨਮਾਂ ਜਨਮਾਂ ਵਿਚ ਤੇਰਾ ਨਾਮ ਲੀਜੀ=ਲੈਣ ਯੋਗ ਹੈ ਅਸੀਂ ਉਸੇ ਨੂੰ ਹੀ ਲੈਂਦੇ ਹਾਂ ਭਾਵ ਜਨਮਾਂ ੨ ਵਿਚ ਤੇਰੇ ਨਾਮ ਦਾ ਲਾਭ ਲੈਂਦੇ ਰਹਿੰਦੇ ਹਾਂ।

**ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥**

ਹੇ ਮਾਲਕਾ ਜੇਹੜੀ ਮਨ ਦੀ ਅਕਲ ਹੈ ਇਹ ਸ਼ਰਾਬ ਹੈ ਇਸ ਵਿਚ ਮਨ ਮਤਾਗਲ=ਹਾਥੀ ਮਸਤ ਹੋਇਆ ਹੋਇਆ ਹੈ। ਇਸ ਲਈ ਜੋ ਕੁਛ ਭੀ ਬੋਲੀਦਾ ਹੈ ਸੋ ਸਾਰਾ ਖਤਾ=ਗੁਨਾਹ ਹੀ ਗੁਨਾਹ ਹੈ।

Digitized by Panjab Digital Library | www.panjabdigilib.org

**ਕਿਆ ਮੁਹ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥ ੨ ॥**

ਕੇਹੜਾ ਮੂੰਹ ਲੈਕੇ ਆਪਦੇ ਅੱਗੇ ਬੇਨਤੀ ਕਰੀਏ? ਪਾਪ ਤੇ ਪੁੰਨ ਦੋ ਸਾਡੇ ਪਾਸ ਸਾਖੀ=ਗਵਾਹ ਹਨ। ਜਾਂ ਹੇ ਸਾਖੀ=ਪ੍ਰਮੇਸਰ। ਪਾਪ ਪੁੰਨ ਇਹ ਦੋਵੇਂ ਤੇਰੇ ਪਾਸ ਹਨ ਭਾਵ ਤੂੰ ਇਹਨਾਂ ਨੂੰ ਜਾਣਦਾ ਹੈਂ।

**ਜੈਸਾ ਤੂੰ ਕਰਹਿ ਤੈਸਾ ਕੋ ਹੋਇ ॥ ਤੁਝ ਬਿਨੁ ਦੂਜਾ ਨਾਹੀ ਕੋਇ ॥**

ਹੇ ਵਾਹਿਗੁਰੂ ਜਿਸਤਰਾਂ ਦਾ ਤੂੰ ਜਿਸ ਕਿਸੇ ਨੂੰ ਕਰਦਾ ਹੈਂ ਓਸੇ ਹੀ ਤਰਾਂ ਓਹ ਹੁੰਦਾ ਹੈ, ਤੇਰੇ ਬਿਨਾਂ ਹੋਰ ਕੋਈ ਕਰਨ ਵਾਲਾ ਨਹੀਂ ਹੈ।

**ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥ ਤੁਧੁ ਆਪੇ ਭਾਵੈ ਤਿਵੈ ਚਲਾਵੈ ॥ ੩ ॥**

ਜਿਸਤਰਾਂ ਦੀ ਤੂੰ ਅਕਲ ਦੇਂਦਾ ਹੈਂ ਓਸੇ ਹੀ ਤਰਾਂ ਦੀ ਕੋਈ ਪਾਉਂਦਾ ਹੈ। ਜਿਸਤਰਾਂ ਤੈਨੂੰ ਆਪ ਚੰਗਾ ਲੱਗਦਾ ਹੈ ਓਸੇ ਤਰਾਂ ਤੂੰ ਸਾਰਿਆਂ ਜੀਵਾਂ ਨੂੰ ਚਲਾਉਂਦਾ ਹੈਂ।

**ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥**

ਰਾਗ ਤੇਰੀ ਪ੍ਰੀਤੀ ਲਾਉਨ ਵਾਲਾ ਰਤਨ=ਵੈਰਾਗ ਹੈ ਪਰੀਆਂ=ਕਰਣਾ ਮੁਦਿਤਾ ਆਦਕ ਭਾਵ ਚੰਗੀਆਂ ਗੱਲਾਂ ਇਹ ਸਾਰਾ ਪਰਵਾਰ ਹੈ ਜਿਸਦੇ ਅੰਦਰ ਇਹ ਸਾਰਾ ਪਰਵਾਰ ਹੁੰਦਾ ਹੈ ਓਸਦੇ ਦਿਲ ਦੇ ਅੰਦਰ ਸ੍ਰੇਸ਼ਟ ਨਾਮ ਅੰਮ੍ਰਿਤ ਪੈਦਾ ਹੁੰਦਾ ਹੈ ਜਾਂ ਆਤਮ ਆਨੰਦ ਆਉਂਦਾ ਹੈ।

**ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ ਜੇ ਕੋ ਬੂਝੈ ਏਹੁ ਬੀਚਾਰੁ ॥ ੪ ॥ ੯ ॥**

ਜੇਹੜਾ ਇਸ ਵਿਚਾਰ ਨੂੰ ਸਮਝਦਾ ਹੈ ਓਹ ਜਾਣਦਾ ਹੈ ਕਿ ਕਰਤੇ=ਤੇਰੀ ਭਗਤੀ ਕਰਨ ਵਾਲਾ ਇਹੋ ਹੀ ਧਨ ਤੇ ਹਾਥੀ ਘੋੜੇ ਆਦਕ ਮਾਲ ਹੈ ਜਾਂ ਗੁਰੂ ਜੀ ਆਖਦੇ ਹਨ ਹੇ ਕਰਤੇ ਅਕਾਲ ਪੁਰਖ ਜੋ ਪਿੱਛੇ ਦੱਸਿਆ ਗੁਣ ਆਦਕ ਮਾਲਧਨ ਹੈ ਸਭ ਆਪ ਦੀ ਕ੍ਰਿਪਾ ਨਾਲ ਪ੍ਰਾਪਤਿ ਹੁੰਦਾ ਹੈ॥੪॥੯॥

## ਆਸਾ ਮਹਲਾ ੧ ॥

[ ਵਾਹਿਗੁਰੂ ਨਾਲ ਮਿਲ ਜਾਣਾ ਇਹ ਇਕ ਅਨੰਦ ਵਿਆਹ ਹੈ ਗੁਰੂ ]

Digitized by Panjab Digital Library | www.panjabdigilib.org

ਜੀ ਇਸਨੂੰ ਸਪਸ਼ਟ ਕਰਕੇ ਦੱਸਦੇ ਹਨ ਹੋ ਸਕਦਾ ਹੈ ਕਿਸੇ ਸਿੱਖ ਨੇ ਵਿਆਹ ਦੀ ਰੀਤੀ ਪੁਛੀ ਤਾਂ ਗੁਰੂ ਜੀ ਨੇ ਦੱਸੀ, ਜਾਂ ਗੁਰੂ ਜੀ ਕਿਸੇ ਦਾ ਵਿਆਹ ਵੇਖਕੇ ਅੰਤ੍ਰੀਵ ਵਿਆਹ ਪਰਮੇਸ਼ਰ ਪ੍ਰਾਪਤਿ ਦਾ ਵਰਨਨ ਕਰਦੇ ਹਨ:—ਇਤਹਾਸਕ ਖੋਜ ਦਾ ਏਹੋ ਵਿਆਹ ਹੈ ਜੋ ਗੁਰੂ ਜੀ ਆਮ ਮਰਯਾਦਾ ਚਲਾਈ ਹੈ।

**ਕਰਿ ਕਿਰਪਾ ਅਪਨੈ ਘਰਿ ਆਇਆ ॥ ਤਾ ਮਿਲਿ ਸਖੀਆ ਕਾਜੁ ਰਚਾਇਆ ॥**

ਗੁਰੂ ਦੀ ਕ੍ਰਿਪਾ ਨਾਲ ਮਨ ਅਪਣੇ ਘਰ=ਰਿਦੇ (ਟਿਕਾਣੇ) ਵਿਚ ਆ ਗਿਆ ਹੈ, ਭਾਵ ਵੱਸ ਹੋ ਗਿਆ ਹੈ ਤਾਂ ਹੀ ਸੰਤਾਂ ਸਖੀਆਂ ਨੇ ਮਿਲਕੇ ਵਿਆਹ ਕਾਰਜ ਅਰੰਭਿਆ ਹੈ ਭਾਵ ਭਜਨ ਕਰਨ ਲੱਗੇ ਹਨ।

**ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣੁ ਆਇਆ ॥ ੧ ॥**

ਮੇਰਾ ਮਾਲਕ ਮੈਨੂੰ ਵਿਆਹੁਣ ਵਾਸਤੇ ਆਇਆ ਹੈ ਭਾਵ ਜੇਹੜਾ ਵਾਹਿਗੁਰੂ ਮੈਨੂੰ ਆਪ ਤੁਰ ਕੇ ਮਿਲਨ ਵਾਸਤੇ ਆਇਆ ਹੈ ਮੈਂ ਓਸਨੂੰ ਵੇਖਕੇ ਅਤੇ ਜੇਹੜਾ ਵਿਆਹ ਦਾ ਸਮਾਨ ਸੰਤਾਂ ਦੇ ਸਮਾਜ ਮੇਲਦਾ ਖੇਲ ਹੁੰਦਾ ਹੈ ਓਸਨੂੰ ਵੇਖਕੇ ਮੇਰਾ ਮਨ ਬੜਾ ਅਨੰਦ ਹੋਇਆ ਹੈ।

**ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗ ਜੀਵਨੁ ਭਤਾਰੁ ॥ ੧ ॥ ਰਹਾਉ ॥**

ਹੇ ਭਗਤਾਂ ਸੰਤਾਂ ਰੂਪ ਇਸਤ੍ਰੀਓ! ਵਾਹਿਗੁਰੂ ਦੇ ਜੱਸ ਦਾ ਬਿਚਾਰ ਨਾਲ ਗੌਣ ਗਾਓ, ਜਾਂ ਜਿਸਦੇ ਵਿਚ ਦੋ ਤੋਂ ਇੱਕ ਹੋਣ ਦਾ ਵਿਚਾਰ ਹੋਵੇ ਓਹ ਵਿਚਾਰ ਕੇ ਜਸ ਗਾਓ। ਭਾਵ ਜੀਵ ਈਸ਼੍ਵਰ ਜਾਂ ਇਸਤ੍ਰੀ ਪੁਰਖ ਦਾ ਮਿਲਾਪ ਹੈ ਇਸ ਲਈ ਖੁਸ਼ੀ ਕਰੋ ਮੇਰੇ ਰਿਦੇ ਰੂਪ ਘਰ ਵਿਚ ਜਗਤ ਨੂੰ ਜੀਵਾਉਣ ਵਾਲਾ ਪਤੀ ਪਰਮੇਸ਼ਰ ਆਇਆ ਹੈ ਇਸ ਲਈ ਜੱਸ ਗਾਓ॥

**ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥ ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥ ੨ ॥**

ਜਦੋਂ ਗੁਰਾਂ ਦੀ ਕਿਰਪਾ ਨਾਲ ਸਾਡਾ ਵਿਆਹ ਹੋਇਆ ਅਤੇ ਜਦੋਂ ਆਕੇ ਮਾਲਕ ਸਾਨੂੰ ਮਿਲਿਆ ਤਾਂ ਓਸ ਅਨੰਦ ਦਾ ਸੁਖ ਜਾਣਿਆਂ ਜੋ ਮੈਂ ਦੱਸ ਨਹੀਂ ਸਕਦਾ ਹਾਂ। ਜਦੋਂ ਮੇਰਾ ਹੰਕਾਰ ਚਲਿਆ ਗਿਆ ਅਤੇ ਮਨ ਮਾਲਕ

Digitized by Panjab Digital Library | www.panjabdigilib.org

ਦੇ ਅਨੰਦ ਵਿਚ ਟਿਕ ਗਿਆ, ਤਾਂ ਮਨ ਗਿਆ ਭਾਵ ਨਿਸਚਾ ਆ ਗਿਆ ਹੈ ਕਿ ਤਿੰਨਾਂ ਲੋਕਾਂ ਵਿਚ ਸਾਰੇ ਹੀ ਪ੍ਰਮੇਸ਼ਰ ਮਿਲਿਆ ਹੋਇਆ ਹੈ।

**ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ॥**

ਓਹ ਵਾਹਿਗੁਰੂ ਆਪਣਾ ਕਾਰਜ ਆਪ ਹੀ ਸਵਾਰਦਾ ਹੈ। ਹੋਰ ਕਿਸੇ ਪਾਸੋਂ ਇਹ ਕੰਮ ਨਹੀਂ ਹੋ ਸਕਦਾ ਹੈ।

**ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥ ੩ ॥**

ਜਿਸ ਕਾਰਜ ਵਿਚ ਸਤ ਸੰਤੋਖ ਦਯਾ ਧਰਮ ਵਿਚਾਰ ਆਦਕ ਸਮੱਗਰੀ ਹੈ ਇਸਨੂੰ ਕੋਈ ਗੁਰਮੁਖ ਹੀ ਸਮਝਦਾ ਹੈ।

**ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥ ੪ ॥ ੧੦ ॥**

ਗੁਰੂ ਜੀ ਓਹ ਇਕ ਪਰਮੇਸ਼ਰ ਸਾਰਿਆਂ ਦਾ ਮਾਲਕ ਹੈ ਜਿਸਦੇ ਉੱਤੇ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਹੋ ਹੀ ਇਸਤ੍ਰੀ ਸੁਹਾਗਣੀ ਹੁੰਦੀ ਹੈ। ਭਨਤਿ=ਆਖਦੇ ਹਨ ॥ ੪ ॥ ੧੦ ॥

## ਆਸਾ ਮਹਲਾ ੧ ॥

**ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ॥**

ਸ਼ਾਂਤੀ ਸੁਭਾਉ ਪ੍ਰਾਪਤਿ ਹੋਣ ਕਰਕੇ ਓਹਨਾਂ ਗੁਰਮੁਖਾਂ ਨੂੰ ਘਰ ਤੇ ਜੰਗਲ ਬਰਾਬਰ ਹੈ ਭਾਵ ਜਿਹੜਾ ਕੰਮ ਭਜਨ ਆਦਕ ਜੰਗਲ ਵਿਚ ਜਾਕੇ ਕਰਨਾ ਹੈ ਓਹ ਘਰ ਵਿਚ ਕਰਦੇ ਹਨ।

**ਦੁਰਮਤਿ ਗਤੁ ਭਈ ਕੀਰਤਿ ਠਾਇ ॥**

ਖੋਟੀ ਅਕਲ ਓਹਨਾਂ ਦੀ ਗਤੁ=ਦੂਰ ਹੋ ਗਈ ਹੈ, ਰਿਦੇ ਰੂਪ ਜਗ੍ਹਾ ਵਿਚ ਪ੍ਰਮੇਸ਼ਰ ਦੀ ਕੀਰਤੀ ਨੇ ਵਾਸ ਕੀਤਾ ਹੈ।

**ਸਚ ਪਉੜੀ ਸਾਚਉ ਮੁਖਿ ਨਾਉ ॥ ਸਤਿਗੁਰੁ ਸੇਵਿ ਪਾਏ ਨਿਜ ਥਾਉ ॥ ੧ ॥**

ਪ੍ਰਮੇਸ਼ਰ ਵਾਲੇ ਪਾਸੇ ਜਾਣ ਵਾਲੀ ਸੱਚੀ ਪੌੜੀ ਉੱਤੇ ਚੜ੍ਹਦੇ ਹਨ ਤੇ ਮੂੰਹ ਨਾਲ ਸੱਚਾ ਨਾਮ ਜਪਦੇ ਹਨ, ਸਤਿਗੁਰਾਂ ਦੀ ਸੇਵਾ ਕਰਕੇ ਆਪਣਾ ਅਸਲੀ ਥਾਂ ਪਾਇਆ ਹੈ ਭਾਵ ਵਾਹਿਗੁਰੂ!

**ਮਨ ਚੂਰੇ ਖਟੁ ਦਰਸਨੁ ਜਾਣੁ ॥ ਸਰਬ ਜੋਤਿ ਪੂਰਨ**

Digitized by Panjab Digital Library | www.panjabdigilib.org

ਭਗਵਾਨੁ ॥ ੧ ॥ ਰਹਾਉ ॥

ਜਿਸਨੇ ਮਨ ਦੇ ਖਿਆਲ ਨਾਸ ਕੀਤੇ ਹਨ ਤੇ ਛਿਆਂ ਭੇਖਾਂ ਵਿਚ ਵਾਹਿਗੁਰੂ ਨੂੰ ਮਿਲਿਆ ਹੋਇਆ ਜਾਂ ਛਿਆਂ ਸ਼ਾਸਤ੍ਰਾਂ ਦੇ ਮਤਲਬ ਨੂੰ ਜਾਣਿਆਂ ਹੈ ਹਰਤਰਾਂ ਨਾਲ ਹਰ ਥਾਂ ਵਿਚ ਭਗਵਾਨ ਦੀ ਜੋਤ ਪੂਰਨ ਜਾਣੀ ਹੈ ।

ਅਧਿਕ ਤਿਆਸ ਭੇਖ ਬਹੁ ਕਰੈ ॥

ਜਿਨ੍ਹਾਂ ਨੂੰ ਵਾਹਿਗੁਰੂ ਦਾ ਗਿਆਨ ਨਹੀਂ ਹੋਇਆ ਹੈ ਓਹਨਾਂ ਨੂੰ ਬੜੀ ਤੇਹ ਲੱਗੀ ਹੋਈ ਓਹ ਬੜਿਆਂ ਭੇਖਾਂ ਨੂੰ ਧਾਰਦੇ ਫਿਰਦੇ ਹਨ ।

ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥

ਵਿਸ਼ਿਆਂ ਦੀ ਤ੍ਰਿਸ਼ਨਾਂ ਕਰਕੇ ਸਰੀਰ ਦੇ ਅੰਦਰੋਂ ਸੁਖ ਨੂੰ ਬਾਹਰ ਸੁਟ ਦੇ ਹਨ ਭਾਵ ਸੁਖ ਨੂੰ ਛੱਡਦੇ ਹਨ ਸੁਖ ਨਹੀਂ ਪਾਂਦੇ ।

ਕਾਮ ਕ੍ਰੋਧ ਅੰਤਰਿ ਧਨੁ ਹਿਰੈ ॥

ਜੇਹੜਾ ਚੰਗਿਆਂ ਗੁਣਾਂ ਰੂਪ ਧਨ ਹੈ ਉਸਨੂੰ ਕਾਮ ਕ੍ਰੋਧ ਆਦਕ ਚੋਰ ਅੰਦਰੋਂ ਚੁਰਾ ਲੈਂਦੇ ਹਨ ।

ਦੁਬਿਧਾ ਛੋਡਿ ਨਾਮਿ ਨਿਸਤਰੈ ॥ ੨ ॥

ਜਿਨ੍ਹਾਂ ਨੇ ਨਾਮ ਨੂੰ ਜਪਿਆ ਹੈ ਓਹ ਦ੍ਵੈਤ ਭਾਵਨਾਂ ਨੂੰ ਛੱਡਕੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ ।

ਸਿਫਤਿ ਸਲਾਹਣੁ ਸਹਜ ਅਨੰਦ ॥ ਸਖਾ ਸੈਨੁ ਪ੍ਰੇਮੁ ਗੋਬਿੰਦ ॥

ਵਾਹਿਗੁਰੂ ਦੀ ਉਸਤਤੀ ਕਰਨ ਵਿਚ ਜਿਨ੍ਹਾਂ ਨੂੰ ਸਹਿਜੇ ਹੀ ਅਨੰਦ ਮਿਲਿਆ ਹੈ । ਸਖਾ=ਮਿੱਤ੍ਰ ਤੇ ਸੈਨ=ਸਾਥੀ ਜਿਨ੍ਹਾਂ ਦਾ ਇਕ ਪ੍ਰਮੇਸਰ ਦਾ ਪ੍ਰੇਮ ਹੈ ।

ਆਪੇ ਕਰੇ ਆਪੇ ਬਖਸਿੰਦੁ ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥ ੩ ॥

ਓਹ ਗੁਰਮੁਖ ਮੂੰਹੋਂ ਇਕੁੱਰ ਦਾ ਉਪਦੇਸ਼ ਕਰਦੇ ਹਨ ਕਿ ਆਪ ਹੀ ਦਾਸਾਂ ਦੇ ਔਗਣਾਂ ਨੂੰ ਬਖਸ਼ਨ ਵਾਲਾ ਪ੍ਰਮੇਸਰ ਹੈ ਤਨ ਮਨ ਪ੍ਰਮੇਸ਼ਰ ਦੇ ਅੱਗੇ ਰੱਖ ਦਿੱਤਾ ਹੈ ਅਤੇ ਜਿੰਦ ਵੀ ਉਸ ਦੇ ਅੱਗੇ ਰੱਖ ਦਿਤੀ ਹੈ ਭਾਵ ਸਰਬੰਸ ਦਾਨ ਦਿੱਤਾ ਹੈ ।

ਝੂਠੁ ਵਿਕਾਰ ਮਹਾ ਦੁਖੁ ਦੇਹ ॥ ਭੇਖ ਵਰਨ ਦੀਸਹਿ ਸਭਿ ਖੇਹ ॥

Digitized by Panjab Digital Library | www.panjabdigilib.org

ਝੂਠ ਬੋਲਣਾ ਵਿਕਾਰਾਂ ਵਾਲੇ ਕੰਮ ਕਰਨੇ ਇਹ ਬੜਾ ਦੁਖ ਦੇਂਦੇ ਹਨ ਜਿਤਨੇ ਵਰਨ ਅਤੇ ਭੇਖ ਦੁਨੀਆਂ ਉਤੇ ਦੀਹਦੇ ਹਨ ਸਾਰੇ ਨਾਸਵੰਤ ਹਨ।

**ਜੋ ਉਪਜੈ ਸੋ ਆਵੈ ਜਾਇ॥ ਨਾਨਕ ਅਸਥਿਰੁ ਨਾਮੁ ਰਜਾਇ॥ ੪ ॥ ੧੧ ॥**

ਜੇਹੜੇ ਜੰਮੇਂ ਹਨ ਓਹ ਸਾਰੇ ਜੰਮਦੇ ਮਰਦੇ ਹਨ। ਗੁਰੂ ਜੀ—ਟਿਕਿਆ ਰਹਿਣ ਵਾਲਾ ਇਕਨਾਂ ਨੇ ਇਕ ਰਜਾਇ=ਹੁਕਮ ਕਰਨ ਵਾਲੇ ਪ੍ਰਮੇਸ਼ਰ ਦਾ ਨਾਮ ਹੀ ਜਾਣਿਆ ਹੈ ਜਾਂ ਜਪਿਆ।

## ਆਸਾ ਮਹਲਾ ੧ ॥

"ਸਤ ਸੰਗਤ ਸਰੋਵਰ ਹੈ"

**ਏਕੋ ਸਰਵਰੁ ਕਮਲ ਅਨੂਪ॥ ਸਦਾ ਬਿਗਾਸੈ ਪਰਮਲ ਰੂਪ॥**

ਸੰਸਾਰ ਜਾਂ ਸਤ ਸੰਗਤ ਰੂਪ ਇੱਕ ਤਾਲ ਹੈ ਜੀਵ ਜਾਂ ਸਿਖ ਬੜੇ ਸੋਹਣੇ ਕੌਲ ਫੁਲ ਹਨ ਜੋ ਸਦਾ ਹੀ ਖਿੜੇ ਰਹਿੰਦੇ ਹਨ ਅਤੇ ਰੂਪ ਉਹਨਾਂ ਦਾ ਮੈਲ ਤੋਂ ਰਹਿਤ ਹੈ ਜਾਂ ਸੁਗੰਧੀ ਵਾਲਾ ਹੈ।

**ਊਜਲ ਮੋਤੀ ਚੂਗਹਿ ਹੰਸ॥ ਸਰਬ ਕਲਾ ਜਗਦੀਸੈ ਅੰਸ॥ ੧ ॥**

ਜੇਹੜੇ ਵੈਰਾਗ ਚੰਗੇ ਗੁਣ ਉੱਜਲ ਮੋਤੀ ਹਨ ਉਹਨਾਂਨੂੰ ਓਹ ਗਿਆਨਵਾਨ ਹੰਸਾਂ ਵਰਗੇ ਸਿਖ ਸੰਤ ਚੁਣ ਚੁਣਕੇ ਖਾਂਦੇ ਹਨ ਸੱਚ ਝੂਠ ਦਾ ਵਿਚਾਰ ਕਰਨ ਵਾਲੇ ਹਨ ਓਹ ਇੱਕਰ ਦੇ ਸਿਖ ਸਾਰੀਆਂ ਸ਼ਕਤੀਆਂ ਵਾਲੇ ਜਗਤ ਦੇ ਮਾਲਕ ਦੀ ਅੰਸ ਹਨ ਭਾਵ ਰੂਪ ਹੀ ਹਨ।

**ਜੋ ਦੀਸੈ ਸੋ ਉਪਜੈ ਬਿਨਸੈ॥ ਬਿਨੁ ਜਲ ਸਰਵਰਿ ਕਮਲੁ ਨ ਦੀਸੈ॥ ੧ ॥ ਰਹਾਉ ॥**

ਜੋ ਦੀਹਦਾ ਹੈ ਓਹ ਨਾਸ ਹੁੰਦਾ ਹੈ "ਸੰਤ ਨਹੀਂ ਮਰਦੇ" ਜਿਸ ਤਰਾਂ ਪਾਣੀ ਤੇ ਕਮਲਾਂ ਤੋਂ ਬਿਨਾਂ ਤਾਲ ਨਹੀਂ ਦੀਹਦਾ ਹੈ ਇਕੁਰ ਹੀ ਜਾਂ ਪਾਣੀ ਵਾਲੇ ਤਾਲਾਂ ਵਿਚ ਕਮਲ ਨਹੀਂ ਦਿਸਦਾ ਭਾਵ ਸਤਸੰਗ ਰੂਪ ਤਾਲ ਵਿਚ ਕਥਾ ਕੀਰਤਨ ਨਾਮ ਜਪਣ ਜਲ ਤੋਂ ਬਿਨਾਂ ਸਿਖ ਕਮਲ ਨਹੀਂ ਦੀਹਦਾ ਹੈ ਭਾਵ ਰਾਤ ਦਿਨ ਸਭ ਕੁਛ ਅਨੰਦ ਮੰਗਲ ਹੁੰਦਾ ਰਹਿੰਦਾ ਹੈ।

**ਬਿਰਲਾ ਬੂਝੈ ਪਾਵੈ ਭੇਦ॥ ਸਾਖਾ ਤੀਨਿ ਕਹੈ ਨਿਤ ਬੇਦੁ॥ ਨਾਦ ਬਿੰਦ ਕੀ ਸੁਰਤਿ ਸਮਾਇ॥ ਸਤਿਗੁਰੁ ਸੇਵਿ**

Digitized by Panjab Digital Library | www.panjabdigilib.org

**ਪਰਮ ਪਦੁ ਪਾਇ ॥ ੨ ॥**

ਪਰ ਇਸ ਮਤਲਬ ਨੂੰ ਕੋਈ ਵਿਰਲਾ ਆਦਮੀ ਹੀ ਸਮਝਦਾ ਹੈ ਜੇਹੜਾ ਗੁਰ ਉਪਦੇਸ਼ ਨਾਲ ਇਸ ਭੇਦ ਨੂੰ ਪਾਉਂਦਾ ਹੈ। ਬੇਦ=ਗਿਆਨ ਵਾਲੇ ਜੋ ਪ੍ਰਮੇਸ਼ਰ ਨੂੰ ਜਾਣਨ ਵਾਲੇ ਹਨ ਓਹ ਰੋਜ ਹੀ ਤਿੰਨ ਸਾਖਾ= ਟਾਹਣੀਆਂ ਸੰਸਾਰ ਬ੍ਰਿਛ ਦੀਆਂ ਦੱਸਦੇ ਹਨ ਭਾਵ ਰਜੋ ਸਤੋ ਤਮੋ ਵਿਚ ਜੀਵ ਜੰਮਦੇ ਮਰਦੇ ਹਨ,ਪਰ ਆਦਮੀ ਵਾਹਿਗੁਰੂ ਨੇ ਪੈਦਾ ਕੀਤਾ ਹੈ ਜੇਹੜਾ ਨਾਦ=ਗੁਰਉਪਦੇਸ਼ ਨੂੰ ਬਿੰਦ=ਥੋੜਾ ਜੇਹਾ ਵੀ ਜਾਣਦੇ ਹਨ ਅਤੇ ਰਿਦੇ ਵਿਚ ਸੁਰਤਿ=ਸਮਝ ਨਾਲ ਚੰਗੀ ਪ੍ਰੀਤੀ ਕਰਦੇ ਹਨ ਉਸ ਨਾਲ ਮਿਲ ਜਾਂਦੇ ਹਨ ਤਾਂ ਓਹ ਸਤਿਗੁਰਾਂ ਦੀ ਸੇਵਾ ਕਰਕੇ ਪਰਮ ਪਦ=ਵਾਹਿਗੁਰੂ ਨੂੰ ਪਾ ਲੈਂਦੇ ਹਨ।

**ਮੁਕਤੇ ਰਾਤਉਰੰਗਿ ਰਵਾਂਤਉ॥ ਰਾਜਨ ਰਾਜਿ ਸਦਾ ਬਿਗਸਾਂਤਉ ॥**

ਜਿਨ੍ਹਾਂ ਨੂੰ ਜੀਵਨ ਮੁਕਤੀ ਮਿਲੀ ਹੈ ਓਹਨਾਂ ਦੇ ਨਾਲ ਜੇਹੜਾ ਆਦਮੀ ਰਤਾ=ਪ੍ਰੇਮ ਕਰਦਾ ਹੈ ਓਹ ਪ੍ਰੇਮ ਜਾਂ ਅਨੰਦ ਵਿਚ ਰਵਾਂਤਉ= ਮਿਲਿਆ ਹੈ ਓਹ ਆਦਮੀ ਰਾਜਿਆਂ ਦਾ ਰਾਜਾ ਹੈ ਅਤੇ ਸਦਾ ਹੀ ਖਿੜਿਆ ਰਹਿੰਦਾ ਹੈ।

**ਜਿਸੁ ਤੂੰ ਰਾਖਹਿ ਕਿਰਪਾ ਧਾਰਿ ॥ ਬੂਡਤ ਪਾਹਨ ਤਾਰਹਿ ਤਾਰਿ ॥ ੩ ॥**

ਤੂੰ ਇਕੱਰ ਜਾਣ ਕਿ ਜਿਸ ਨੂੰ ਪਰਮੇਸ਼ਰ ਕਿਰਪਾ ਕਰਕੇ ਰੱਖਦਾ ਹੈ ਓਹ ਜਨਮ ਮਰਨ ਤੋਂ ਰਹਿਤ ਹੁੰਦਾ ਹੈ। ਪੱਥਰਾਂ ਵਰਗੇ ਆਦਮੀ ਸੰਸਾਰ ਸਮੁੰਦਰ ਵਿਚ ਡੁਬਦੇ ਜਾਂਦੇ ਹਨ ਜੇਹੜਾ ਆਦਮੀ ਵਾਹਿਗੁਰੂ ਵਲ ਤਾਰ= ਤਾੜ,ਧਿਆਨ ਜਾਂ ਪ੍ਰੀਤੀ ਬ੍ਰਿਤੀ ਲਾਉਣ ਵਾਲਾਹੈ ਓਹਆਪ ਵੀ ਤਰ ਜਾਂਦਾ ਹੈ ਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ।

**ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥ ਉਲਟ ਭਈ ਘਰੁ ਘਰ ਮਹਿ ਆਣਿਆ ॥ ਅਹਿਨਿਸਿ ਭਗਤਿ ਕਰੇ ਲਿਵ ਲਾਇ ॥ ਨਾਨਕੁ ਤਿਨਕੈ ਲਾਗੈ ਪਾਇ ॥ ੪ ॥ ੧੨ ॥**

ਜੇਹੜਾ ਇਕ ਵਾਹਿਗੁਰੂ ਤਿੰਨਾਂ ਲੋਕਾਂ ਵਿਚ ਚਾਨਣ ਕਰਨ ਵਾਲਾ ਹੈ ਉਸ ਨੂੰ ਤਿੰਨਾਂ ਲੋਕਾਂ ਵਿਚ ਪੂਰਨ ਜਾਣਿਆਂ ਹੈ ਓਹਨਾਂ ਦੀ ਬ੍ਰਿਤੀ ਸੰਸਾਰ ਤੋਂ ਉਲਟ ਗਈ ਹੈ ਜੇਹੜਾ ਮਨ ਦੇ ਅੰਦਰ ਖਿਆਲਾਂ ਦਾ ਘਰ ਕੱਠ

Digitized by Panjab Digital Library | www.panjabdigilib.org

ਹੋਇਆ ੨ ਸੀ ਉਸ ਨੂੰ ਰਿਦੇ ਵਿਚੋਂ ਬਾਹਰ ਲਿਆਏ ਹਨ, ਭਾਵ ਦੈਗੇ ਗੁਣ ਰੱਖਕੇ ਮਾੜਿਆਂ ਨੂੰ ਬਾਹਰ ਕੱਢ ਦਿੱਤਾ ਹੈ ਜਾਂ ਨਿਰਸੰਕਲਪ ਹੋਕੇ ਬੈਠ ਗਏ ਹਨ ਜਾਂ ਘਰ ਨੂੰ ਘਰ ਵਾਲੇ ਵਿਚ ਭਾਵ ਰਿਦੇ ਵਿਚ ਆਂਦਾ ਹੈ ਓਹ ਰਾਤ ਦਿਨ ਪ੍ਰੀਤੀ ਲਾ'ਕੇ ਭਗਤੀ ਕਰਦੇ ਹਨ ਗੁਰੂ ਜੀ ਇੱਕੁਰ ਦੇ ਪਿਆਰਿਆਂ ਦੀ ਮੈਂ ਚਰਨੀ ਲੱਗਦਾ ਹਾਂ।

## ਆਸਾ ਮਹਲਾ ੧ ॥

**ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥ ਲਾਗੀ ਮੈਲੁ ਮਿਟੈ ਸਚੁ ਨਾਇ ॥ ਗੁਰ ਪਰਸਾਦਿ ਰਹੈ ਲਿਵਲਾਇ ॥ ੧ ॥**

"ਭਗਤਾਂ ਦੀ ਰਹਿਤ ਤੇ ਸਮਝ ਦਾ ਵਰਨਨ ਹੈ"

ਜਿਨ੍ਹਾਂ ਨੇ ਗੁਰੂ ਦੀ ਸਿਖਿਆ ਸਚੀ ਜਾਣੀ ਹੈ ਅਤੇ ਇਹ ਹੁੱਜਤ ਕਰਨੀ ਦੂਰ ਕਰ ਦਿਤੀ ਹੈ ਅਤੇ ਇਹ ਸਮਝਿਆ ਹੈ ਕਿ ਸੰਸਾਰ ਦੀਆਂ ਬਹੁਤ ਤਰਾਂ ਦੀਆਂ ਚਤਰਾਈਆਂ ਕਰਨ ਨਾਲ ਪਾਪਾਂ ਰੂਪ ਮੈਲ ਲਗਦੀ ਹੈ, ਫਿਰ ਓਹ ਮੈਲ ਲਗੀ ਹੋਈ ਸਚੇ ਨਾਮ ਦੇ ਜਪਣ ਨਾਲ ਦੂਰ ਹੁੰਦੀ ਹੈ ਇੱਕੁਰ ਜਾਣਕੇ ਗੁਰਾਂ ਦੀ ਕ੍ਰਿਪਾ ਨਾਲ ਪ੍ਰਮੇਸ਼ਰ ਵਿਚ ਪ੍ਰੀਤੀ ਲਾਉਂਦੇ ਹਨ।

**ਹੈ ਹਜੂਰਿ ਹਾਜਰੁ ਅਰਦਾਸਿ॥ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥ ੧ ॥ ਰਹਾਉ ॥**

ਭਗਤ ਵਾਹਿਗੁਰੂ ਨੂੰ ਪਾਸ ਤੋਂ ਪਾਸ ਜਾਣਕੇ ਬੇਨਤੀ ਕਰਦੇ ਹਨ ਓਹ ਅਪਣੇ ਦੁਖ ਸੁਖ ਨੂੰ ਸੱਚੇ ਕਰਤੇ ਮਾਲਕ ਪਾਸ ਦੱਸਦੇ ਹਨ।

**ਕੂੜੁ ਕਮਾਵੈ ਆਵੈ ਜਾਵੈ ॥**

ਜੇਹੜੇ ਬੁਰੇ ਆਦਮੀ ਹਨ ਓਹ ਝੂਠੇ ਕੰਮ ਕਰਦੇ ਹਨ ਏਸੇ ਲਈ ਜੰਮਦੇ-ਮਰਦੇ ਰਹਿੰਦੇ ਹਨ।

**ਕਹਣਿ ਕਥਨਿ ਵਾਰਾ ਨਹੀ ਆਵੈ ॥**

ਓਹ ਬੁਰੇ ਆਦਮੀ ਚੰਗੀ ਧਾਰਨਾਂ ਤੋਂ ਬਿਨਾਂ ਇਤਨੀਆਂ ਕਥਨੀਆਂ ਕਹਿੰਦੇ ਹਨ ਜਿਨ੍ਹਾਂ ਦਾ ਕੋਈ ਵਾਰਾ=ਅੰਤ ਨਹੀਂ ਆਉਂਦਾ ਹੈ।

**ਕਿਆ ਦੇਖਾ ਸੂਝ ਬੂਝ ਨ ਪਾਵੈ ॥**

ਇੱਕੁਰ ਦਿਆਂ ਮਨਮੁਖਾਂ ਨੇ ਵਾਹਿਗੁਰੂ ਦਾ ਸਰੂਪ ਕੀ ਦੇਖਿਆ ਹੈ ਭਾਵ ਕੁਛ ਨਹੀਂ ਵੇਖਿਆ ਹੈ ਅਤੇ ਬਿਨਾਂ ਦੇਖਿਆਂ ਧਰਮ ਦੀ ਸੋਝੀ ਅਤੇ ਸਰੂਪ ਦੀ ਸਮਝ ਨਹੀਂ ਪਾਉਂਦੇ ਹਨ।

Digitized by Panjab Digital Library | www.panjabdigilib.org

**ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥ ੨ ॥**

ਨਾਮ ਤੋਂ ਬਿਨਾ ਮਨ ਨੂੰ ਤ੍ਰਿਪਤੀ ਨਹੀਂ ਆਉਂਦੀ ਹੈ।

**ਜੋ ਜਨਮੇ ਸੇ ਰੋਗਿ ਵਿਆਪੇ ॥**

ਜੇਹੜੇ ਸੰਸਾਰ ਵਿਚ ਜਨਮੇ ਹਨ ਓਹਨਾਂ ਸਾਰਿਆਂ ਨੂੰ ਅਗਜਾਨ ਰੋਗ ਵੰਬੜਦਾ ਹੈ।

**ਹਉਮੈ ਮਾਇਆ ਦੂਖਿ ਸੰਤਾਪੇ ॥**

ਸਾਰੇ ਜੀਵ ਝੂਠੀ ਮਾਇਆ ਦੇ ਵੱਲ ਲੱਗੇ ਹੋਏ ਹਨ ਇਸ ਲਈ ਹੰਗਤਾ ਮਮਤਾ ਦੇ ਦੁਖ ਦਾ ਬੜਾ ਸੰਤਾਪ ਹੁੰਦਾ ਹੈ,ਭਾਵ ਤਪਦੇ ਰਹਿੰਦੇ ਹਨ।

**ਸੇ ਜਨ ਬਾਂਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥ ੩ ॥**

ਓਹੋ ਹੀ ਆਦਮੀ ਬਚ ਗਏ ਹਨ ਜੇਹੜੇ ਪ੍ਰਮੇਸ਼ਰ ਨੇ ਰੱਖ ਲਏ ਹਨ ਓਹਨਾਂ ਨੇ ਸਤਿਗੁਰਾਂ ਦੀ ਸੇਵਾ ਕਰਕੇ ਆਤਮ ਅਨੰਦ ਰੂਪ ਅੰਮ੍ਰਿਤ ਰਸ ਚਖਿਆ ਹੈ।

**ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥**

ਓਹ ਭਗਤ ਚੱਲਦੇ ਮਨ ਨੂੰ ਰੋਕ ਕੇ ਅੰਮ੍ਰਿਤ ਰਸ ਨੂੰ ਚੱਖਦੇ ਹਨ ਜੇਹੜੇ ਸਤਿਗੁਰਾਂ ਦੀ ਸੇਵਾ ਕਰਕੇ ਅੰਮ੍ਰਿਤ ਰੂਪ 'ਸ਼ਬਦ' ਨਾਮ ਨੂੰ 'ਭਾਖੈ' ਬੋਲਦੇ ਹਨ।

**ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥ ੪ ॥ ੧੩ ॥**

ਉਸ ਸੱਚੇ ਨਾਮ ਨੂੰ ਯਾਦ ਕਰਕੇ ਦਿਲ ਵਿਚੋਂ ਹੰਕਾਰ ਦੂਰ ਕਰ ਦੇਂਦੇ ਹਨ ਇਸ ਲਈ 'ਗੁਰੂ ਜੀ' ਓਹ ਮੁਕਤੀ ਗਤੀ ਨੂੰ ਪਾ ਲੈਂਦੇ ਹਨ।

**ਆਸਾ ਮਹਲਾ ੧ ॥**

**ਜੋ ਤਿਨਿ ਕੀਆ ਸੋ ਸਚੁ ਥੀਆ ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥**

ਜਿਨ੍ਹਾਂ ਨੂੰ ਸਤਿਗੁਰਾਂ ਨੇ ਅੰਮ੍ਰਿਤ ਨਾਮ ਦਿਤਾ ਹੈ ਓਹਨਾਂ ਨੇ ਜੋ ਕੁਛ ਕੀਤਾ ਹੈ ਓਹ ਸਾਰਾ ਸੱਚ ਭਾਵ ਸਫਲ ਹੋਇਆ ਹੈ।

Digitized by Panjab Digital Library | www.panjabdigilib.org

**ਹਿਰਦੈ ਨਾਮੁ ਨਾਹੀ ਮਨਿ ਭੰਗੁ ॥ ਅਨਦਿਨੁ ਨਾਲਿ ਪਿਆਰੇ ਸੰਗੁ ॥ ੧ ॥**

ਓਹਨਾਂ ਦੇ ਰਿਦੇ ਵਿਚ ਨਾਮ ਹੈ ਏਸੇ ਕਰਕੇ ਮਨ ਵਿਚੋਂ ਪ੍ਰਮੇਸ਼ਰ ਦੇ ਨਾਮ ਰਸ ਦਾ ਅਨੰਦ ਨਾਸ ਨਹੀਂ ਹੁੰਦਾ ਹੈ, ਰਾਤ ਦਿਨ ਪਿਆਰੇ ਵਾਹਿਗੁਰੂ ਦੇ ਨਾਲ ਮਿਲਾਪ ਰਹਿੰਦਾ ਹੈ ।

**ਹਰਿ ਜੀਉ ਰਾਖਹੁ ਅਪਨੀ ਸਰਣਾਈ ॥ ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉਨਿਧਿ ਪਾਈ ॥ ੧ ॥ ਰਹਾਉ ॥**

ਓਹ ਇੱਕੁਰ ਦੇ ਭਗਤ ਇਸ ਤਰਾਂ ਬੇਨਤੀਆਂ ਕਰਦੇ ਹਨ ਕਿ ਹੇ ਪਰਮੇਸਰ ਸਾਨੂੰ ਆਪਣੀ ਸ਼ਰਣ ਵਿਚ ਰੱਖ ਗੁਰਾਂ ਦੀ ਕਿਰਪਾ ਨਾਲ ਅਸਾਂ ਪ੍ਰਮੇਸ਼ਰ ਦਾ ਸੁਾਦ ਪਾਇਆ ਹੈ ਜਾਂ ਜਿਨ੍ਹਾਂ ਗੁਰਾਂ ਨੇ ਨਾਮ ਪਦਾਰਥ ਪਾਇਆ ਹੈ ਓਹਨਾਂ ਦੀ ਕਿਰਪਾ ਨਾਲ ਨੌ ਨਿਧੀ ਰੂਪ ਹਰਿ ਰਸ ਨੂੰ ਪਾਈਦਾ ਹੈ ।

**ਕਰਮ ਧਰਮ ਸਚੁ ਸਾਚਾ ਨਾਉ ॥**

ਜੇਹੜਾ ਸੱਚੇ ਨਾਮ ਦਾ ਜਾਪ ਹੈ ਓਹਨਾਂ ਭਗਤਾਂ ਨੂੰ ਓਹੋ ਹੀ ਜੱਗ ਆਦਿਕ ਚੰਗੇ ਕਰਮ ਅਤੇ ਬਰਨ ਆਸ੍ਰਮਾਂ ਦੇ ਧਰਮ ਹਨ ।

**ਤਾਕੈ ਸਦ ਬਲਿਹਾਰੈ ਜਾਉ ॥ ਜੋ ਹਰਿ ਰਾਤੇ ਸੇ ਜਨ ਪਰਵਾਣੁ ॥**

ਓਹਨਾਂ ਤੋਂ ਮੈਂ ਸਦਾ ੨ ਬਲਿਹਾਰ ਜਾਂਦਾ ਹਾਂ ਜੇਹੜੇ ਪ੍ਰਮੇਸ਼ਰ ਨਾਲ ਰੱਤੇ ਹਨ ਓਹ ਆਦਮੀ ਦੁਨੀਆਂ ਉਤੇ ਆਏ ਪ੍ਰਵਾਣ ਹਨ ।

**ਤਿਨਕੀ ਸੰਗਤਿ ਪਰਮ ਨਿਧਾਨੁ ॥ ੨ ॥**

ਓਹਨਾਂ ਗੁਰਮੁਖਾਂ ਦੀ ਜੇਹੜੀ ਸੰਗਤ ਹੈ ਸੋ ਪਰਮ ਨਿਧੀਆਂ ਦਾ ਖਜ਼ਾਨਾ ਹੈ ।

**ਹਰਿ ਵਰੁ ਜਿਨਿਪਾਇਆ ਧਨ ਨਾਰੀ ॥**

ਓਹ ਗੁਰਮੁਖ ਇਸਤ੍ਰੀ ਧੰਨ ਹੈ ਜਿਸਨੇ ਨਾਮ ਜਪਕੇ ਪ੍ਰਮੇਸ਼ਰ 'ਵਰੁ' ਪਤੀ ਨੂੰ ਪਾਇਆ ਹੈ ।

**ਹਰਿ ਸਿਉ ਰਾਤੀ ਸਬਦੁ ਵੀਚਾਰੀ ॥**

ਗੁਰਉਪਦੇਸ਼ ਨੂੰ ਵਿਚਾਰ ਕੇ ਪਰਮੇਸ਼ਰ ਨਾਲ ਰੱਤੀ ਹੋਈ ਹੈ ।

Digitized by Panjab Digital Library | www.panjabdigilib.org

**ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥ ੩ ॥**

ਓਹ ਆਪ ਵੀ ਤਰ ਜਾਂਦੀ ਹੈ ਅਤੇ ਆਪਣੀ ਸੰਗਤ ਤੇ ਕੁਲ ਨੂੰ ਵੀ ਤਾਰ ਲੈਂਦੀ ਹੈ। ਸਤਿਗੁਰਾਂ ਦੀ ਸੇਵਾ ਕਰਕੇ ਅਸਲੀ ਗੱਲ ਦਾ ਵਿਚਾਰ ਕਰਦੀ ਹੈ।

**ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥**

ਸਾਡੀ ਜਾਤ ਪਾਤ ਅਤੇ ਸਾਡਾ ਕਰਮ ਧਰਮ 'ਸੰਜਮ' ਇੰਦ੍ਰੀਆਂ ਦਾ ਰੋਕਣਾ 'ਸਤਭਾਉ' ਚੰਗੀ ਸ੍ਰੇਸ਼ਟ ਭਾਵਨਾ ਸਭ ਸੱਚਾ ਨਾਮ ਹੀ ਹੈ।

**ਨਾਨਕ ਬਖਸੇ ਪੂਛ ਨ ਹੋਇ ॥**

ਗੁਰੂ ਜੀ ਜਿਸਨੂੰ ਓਹ ਬਖਸ਼ਸ਼ ਕਰਦਾ ਹੈ ਉਸਦੀ ਕਿਤੇ ਵੀ ਪੁੱਛ ਨਹੀਂ ਹੁੰਦੀ ਹੈ ਭਾਵ ਰੋਕ ਟੋਕ।

**ਦੂਜਾ ਮੇਟੇ ਏਕੋ ਸੋਇ ॥ ੪ ॥ ੧੪ ॥**

ਓਹ ਇਕ ਆਦਮੀ ਇੱਕ ਨਾਮ ਨੂੰ ਜਪਦਾ ਤੇ ਦ੍ਵੈਤਨੂੰ ਦੂਰ ਕਰ ਦੇਂਦਾ ਹੈ ॥ ੪ ॥ ੧੪ ॥

## ਆਸਾ ਮਹਲਾ ੧ ॥

**ਇਕਿ ਆਵਹਿ ਇਕਿ ਜਾਵਹਿ ਆਈ ॥**

ਇਸ ਸੰਸਾਰ ਸਮੁੰਦ੍ਰ ਵਿਚ ਇਕ ਜਨਮ ਲੈਕੇ ਆਉਂਦੇ ਹਨ ਇਕ ਆਕੇ ਚਲੇ ਜਾਂਦੇ ਹਨ।

**ਇਕਿ ਹਰਿਰਾਤੇ ਰਹਹਿ ਸਮਾਈ ॥**

ਇੱਕ ਜੇਹੜੇ ਗੁਰ ਸ਼ਬਦ ਕਰਕੇ ਪ੍ਰਮੇਸ਼ਰ ਵਿਚ ਰੱਤੇ ਹਨ ਓਹ ਪ੍ਰਮੇਸ਼ਰ ਦੇ ਵਿਚ ਹੀ ਸਮਾਇ ਰਹਿੰਦੇ ਹਨ।

**ਇਕਿ ਧਰਨਿ ਗਗਨ ਮਹਿ ਠਉਰ ਨ ਪਾਵਹਿ ॥ ਸੇ ਕਰਮ ਹੀਣ ਹਰਿ ਨਾਮੁ ਨ ਧਿਆਵਹਿ ॥ ੧ ॥**

ਇਕ ਧਰਤੀ ਅਤੇ ਆਕਾਸ਼ ਵਿਚ ਕਿਤੇ ਵੀ ਖੜੋਣਾ ਨਹੀਂ ਪਾਉਂਦੇ ਹਨ, ਭਾਵ ਛੇਤੀ ਜੰਮਦੇ ਮਰਦੇ ਰਹਿੰਦੇ ਹਨ, ਕਿਉਂਕਿ ਓਹਨਾਂ ਕਰਮ-ਹੀਣਿਆਂ ਨੇ ਪਹਿਲੇ ਜਨਮ ਨਾਮ ਨਹੀਂ ਜਪਿਆ ਹੈ।

Digitized by Panjab Digital Library | www.panjabdigilib.org

**ਗੁਰ ਪੂਰੇ ਤੇ ਗਤਿ ਮਿਤਿ ਪਾਈ ॥**

ਜਦੋਂ ਪੂਰਿਆਂ ਗੁਰਾਂ ਤੋਂ ਨਾਮ ਜਪਣ ਦੀ ਗਤਿ=ਪ੍ਰਾਪਤੀ ਦੀ ਮਰਯਾਦਾ ਪਾਈ।

**ਇਹੁ ਸੰਸਾਰੁ ਬਿਖੁਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥ ੧ ॥ ਰਹਾਉ ॥**

ਤਾਂ ਸੰਸਾਰ ਜੇਹੜਾ ਵਿਹੁ ਸਮਾਨ ਹੈ ਭਾਵ ਬਹੁਤ ਦੁਖ ਰੂਪ ਹੈ ਜਨਮ ਮਰਨ ਰੂਪ ਪਾਨੀਹੈ ਤਾਂ ਇਸ ਸਮੁੰਦਰ ਵਿਚ ਇਸ ਦੁਖ ਤੋਂ ਓਹਨਾਂ ਨੂੰ ਪ੍ਰਮੇਸ਼ਰ ਪਾਰ ਕਰ ਦੇਂਦਾ ਹੈ ਜਿਨਾਂ ਗੁਰ ਸ਼ਬਦ ਨੂੰ ਕਮਾਇਆ ਹੈ।

**ਜਿਨ ਕਉ ਆਪਿ ਲਏ ਪ੍ਰਭੁ ਮੇਲਿ ॥ ਤਿਨ ਕਉ ਕਾਲੁ ਨ ਸਾਕੈ ਪੇਲਿ ॥**

ਜਿਨ੍ਹਾਂ ਨੂੰ ਪ੍ਰਮੇਸਰ ਆਪਣੇ ਨਾਲ ਮਿਲਾ ਲੇਂਦਾ ਹੈ ਓਹਨਾਂ ਨੂੰ ਫਿਰ ਕਾਲ 'ਪੇਲ' ਦਬਾ ਜਾਂ ਤੁਰਾ ਨਹੀਂ ਸਕਦਾ ਹੈ।

**ਗੁਰਮੁਖਿ ਨਿਰਮਲ ਰਹਹਿ ਪਿਆਰੇ ॥ ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥ ੨ ॥**

ਜੇਹੜੇ ਗੁਰਮੁਖ ਵਾਹਿਗੁਰੂ ਨੂੰ ਪਿਆਰੇ ਹਨ ਓਹ ਸੰਸਾਰ ਵਿਚ ਰਹਿੰਦੇ ਹੀ ਨਿਰਮਲ ਰਹਿੰਦੇ ਹਨ, ਜਿਸ ਤਰਾਂ ਕਮਲ ਪਾਣੀ ਦੇ "ਅੰਭ" ਵਿਚ ਹਨ ਤਾਂ ਵੀ ਜਲ ਤੋਂ ਵਖਰੇ ਹੀ ਰਹਿੰਦੇ ਹਨ ਭਾਵ ਭਾਵੇਂ ਵਿਚ ਰਹਿਣ ਭਾਵੇਂ ਡੁਬ ਜਾਣ ਪਰ ਭੱਜਦੇ ਨਹੀਂ ਹਨ "ਊਪਰ" = ਵੱਖਰੇ ਰਹਿੰਦੇ ਹਨ।

**ਬੁਰਾ ਭਲਾ ਕਹੁ ਕਿਸਨੋ ਕਹੀਐ ॥**

ਓਹ ਗੁਰਮੁਖ ਆਖਦੇ ਹਨ ਦੱਸੋ ਖਾਂ ਹੁਣ ਅਸੀਂ ਬੁਰਾ ਭਲਾ ਕਿਸ ਨੂੰ ਆਖੀਏ ?

**ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥**

ਜਿਨ੍ਹਾਂ ਗੁਰਮੁਖਾਂ ਨੇ ਸੱਚ ਨੂੰ ਲੱਭ ਲਿਆ ਹੈ ਓਹਨਾਂ ਨੂੰ ਸਾਰੇ ਪ੍ਰਮੇਸਰ ਦੀਹਦਾ ਹੈ।

**ਅਕਥੁ ਕਥਉ ਗੁਰਮਤਿ ਵੀਚਾਰੁ ॥**

ਇਸ ਲਈ ਮੇਰਾ ਵੀ ਖ਼ਿਆਲ ਹੈ ਕਿ ਗੁਰਸਿਖਿਆ ਨੂੰ ਵਿਚਾਰ ਕੇ ਨ ਕਥੇ ਜਾਣ ਵਾਲੇ ਨੂੰ ਕਥਾਂ ਭਾਵ ਪ੍ਰਮੇਸਰ ਦਾ ਨਾਮ ਜਪਾਂ।

**ਮਿਲਿ ਗੁਰਸੰਗਤਿ ਪਾਵਉ ਪਾਰੁ ॥ ੩ ॥**

Digitized by Panjab Digital Library | www.panjabdigilib.org

ਸਤਸੰਗਤ ਨਾਲ ਮਿਲ ਕੇ ਸੰਸਾਰ ਤੋਂ ਪਾਰ ਪਾਵਾਂ।

## ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ ॥ ਅਠਸਠਿ ਮਜਨੁ ਹਰਿ ਰਸੁ ਰੇਦ ॥

ਸ਼ਾਸਤ੍ਰ ਵੇਦ ਸਿੰਮ੍ਰਤੀਆਂ ਬਹੁਤ ਸਾਰੇ ਭੇਦਾਂ ਦਾ ਜਾਨਣਾ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨਾ "ਰੇਦ" ਜਿਨਾਂ ਦੇ ਦਿਲ ਵਿਚ ਵਾਹਿਗੁਰੂ ਦਾ ਰਸ ਹੈ ਓਹਨਾਂ ਨੇ ਪਿੱਛੇ ਦੱਸੇ ਸਾਰੇ ਕੰਮ ਕਰ ਲਏ ਹਨ ਫਿਰ ਇੱਕੁਰ ਦੇ ਗੁਰਮੁਖਾਂ ਨੂੰ ਮੈਲ ਨਹੀਂ ਲੱਗਦੀ ਹੈ।

## ਗੁਰਮੁਖਿ ਨਿਰਮਲੁ ਮੈਲੁ ਨ ਲਾਗੈ॥ ਨਾਨਕਹਿਰਦੈ ਨਾਮੁ ਵਡੈ ਧੁਰਿ ਭਾਗੈ ॥ ੪ ॥ ੧੫ ॥

ਗੁਰੂ ਜੀ ਧੁਰਿ=ਸ਼ੁਰੂ ਤੋਂ ਹੀ ਜਿਨਾਂ ਦੇ ਰਿਦੇ ਵਿਚ ਨਾਮ ਵੱਸਦਾ ਹੈ ਓਹਨਾਂ ਦੇ ਬੜੇ ਵੱਡੇ ਭਾਗ ਹਨ।

## ਆਸਾ ਮਹਲਾ ੧ ॥

## ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ॥ਕਰਤੁ ਬੀਚਾਰੁ ਹਿਰਦੈ ਹਰਿਰਵਿਆ ਹਿਰਦੈ ਦੇਖਿ ਬੀਚਾਰਿਆ ॥ ੧ ॥

ਜਿਨ੍ਹਾਂ ਨੇ ਹਰ ਇਕ ਰੂਹ ਦੇ ਵਿਚ ਪ੍ਰਮੇਸਰ ਨੂੰ ਦੇਖਿਆ ਹੈ ਓਹਨਾਂ ਗੁਰਾਂ ਦੇ ਚਰਨੀ ਮੈਂ ਨਿਉਂ ੨ ਕੇ ਲੱਗਦਾ ਹਾਂ ਵਿਚਾਰ ਕਰਦਿਆਂ ੨ ਦਿਲ ਵਿਚ ਪ੍ਰਮੇਸਰ "ਰਵਿਆ" ਜਪਿਆ ਫਿਰ ਓਹਨਾਂ ਦੀ ਕਿਰਪਾ ਨਾਲ ਜਦੋਂ ਮੈਂ ਵੀ ਵਿਚਾਰ ਕੀਤਾ ਤਾਂ ਦਿਲ ਵਿਚ ਹੀ ਵੇਖ ਲਿਆ।

## ਬੋਲਹੁ ਰਾਮੁ ਕਰੇ ਨਿਸਤਾਰਾ ॥

ਹੇ ਭਾਈ ਪ੍ਰਮੇਸਰ ਦਾ ਨਾਮ ਬੋਲ ਜਿਹੜਾ ਦੁਨੀਆਂ ਤੋਂ ਤੁਹਾਡਾ ਨਿਸਤਾਰਾ ਕਰੇਗਾ।

## ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥ ੧ ॥ ਰਹਾਉ ॥

ਗੁਰਾਂ ਦੀ ਕਿਰਪਾ ਨਾਲ ਹਰੀ ਨਾਮ ਰਤਨ ਲੱਭਦਾ ਹੈ ਤਾਂ ਅਗਜਾਨ ਹਨੇਰਾ ਦੂਰ ਹੋ ਜਾਂਦਾ ਹੈ ਤੇ ਪ੍ਰਮੇਸ਼ਰ ਵਾਲੇ ਪਾਸੇ ਦਾ ਚਾਨਣ ਹੁੰਦਾ ਹੈ।

## ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ

Digitized by Panjab Digital Library | www.panjabdigilib.org

**ਭਰਮੁ ਨ ਜਾਈ ॥**

ਰਵਨੀ=ਇਸਤ੍ਰੀ ॥ ਰਵੈ=ਮੇਲ, ਸਨਬੰਧ ਕਰਨਾ ॥ ਜੇਹੜੇ ਮਨਮੁਖ ਵਿਚਾਰ ਤੋਂ ਬਿਨਾਂ ਹਨ ਓਹ ਇਸਤ੍ਰੀਆਂਨੂੰ ਰਮਦੇ ਹਨ, ਇਸ ਲਈ ਓਹਨਾਂ ਦੇ ਬੰਧਨ ਨਹੀਂ ਟੁਟਦੇ ਹਨ ਹੰਕਾਰ ਵਿਚ ਮਰਦੇ ਹਨ ਓਹਨਾਂ ਦਾ ਭਰਮ ਨਹੀਂ ਜਾਂਦਾ ਹੈ ।

**ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾਕੋ ਲੇਖੈ ਪਾਈ॥੨॥**

ਜਦੋਂ ਸਤਿਗੁਰਾਂ ਨੂੰ ਮਿਲਣ ਤਾਂ ਹੰਕਾਰ ਦੂਰ ਹੋ ਜਾਂਦਾ ਹੈ ਤਾਂ ਫਿਰ ਓਹਨਾਂ ਨੂੰ ਗੁਰਮੁਖਾਂ ਦੇ ਲੇਖੇ ਵਿਚ ਪਾਇਆ ਜਾਂਦਾ ਹੈ ।

**ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰਧਾਰੇ॥ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰ-ਮਤਿ ਹਰਿ ਨਿਸਤਾਰੇ ॥ ੩ ॥**

ਪਰਮੇਸਰ ਦਾ ਨਾਮ ਜਪਣਾ ਹੀ ਭਗਤੀ ਹੈ ਜੇਹੜੀ ਹਰੀ ਪ੍ਰੀਤਮ ਨੂੰ ਪਿਆਰੀ ਅਤੇ ਸੁਖਾਂ ਦਾ ਸਮੁੰਦਰ ਹੈ ਜਿਨ੍ਹਾਂ ਨੇ ਰਿਦੇ ਵਿਚ ਧਾਰੀ ਹੈ ਓਹਨਾਂ ਨੂੰ ਭਗਤਾਂ ਦਾ ਪਿਆਰਾ ਜਗਜੀਵਨ ਦਾਤਾ "ਮਤਿ" ਅਕਲ ਵਿਚ ਗੁਰੂ ਦੀ ਸਿਖਿਆ ਦੇ ਕੇ ਸੰਸਾਰ ਤੋਂ ਪਾਰ ਕਰ ਲੈਂਦਾ ਹੈ ।

**ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ॥**

ਜੇਹੜੇ ਮਨ ਦੇ ਨਾਲ ਜੁਧ ਕਰਦੇ ਮਰਦੇ ਹਨ ਭਾਵ ਜੀਵਤ ਭਾਵ ਤੋਂ ਮਰਦੇ ਹਨ ਓਹਨਾਂ ਨੇ ਪ੍ਰਮੇਸਰ ਨੂੰ ਪਾਇਆ ਹੈ, ਮਨਸਾ=ਵਾਸ਼ਨਾ ਨੂੰ ਮਨਹਿ= ਰੋਕ ਕੇ ਪਰਮੇਸਰ ਵਿਚ ਮਿਲ ਗਏ ਹਨ, ਭਾਵ ਮਨ ਨੂੰ ਰੋਕਿਆ ਹੈ ।

**ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵਲਾਏ ॥ ੪ ॥ ੧੬ ॥**

ਜਿਨ੍ਹਾਂ ਉਤੇ ਜਗਜੀਵਨ ਪਰਮੇਸ਼ਰ ਨੇ ਕਿਰਪਾ ਕੀਤੀ ਹੈ ਓਹ ਸੁਭਾਵਕ ਹੀ ਬ੍ਰਿਤੀ ਪ੍ਰਮੇਸਰ ਵਲ ਲਾਉਂਦੇ ਹਨ ।

## ਆਸਾ ਮਹਲਾ ੧ ॥

**ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ ॥ ਕਿਸੈ ਪੜਾਵਹਿ ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ ॥ ੧ ॥**

Digitized by Panjab Digital Library | www.panjabdigilib.org

ਬੂਝੈ=ਪੁੱਛਕੇ। ਜੇਹੜੇ ਗੁਰਾਂ ਤੋਂ ਪੁਛਕੇ ਭਾਵ ਸਿਖਯਾ ਲੈਕੇ ਪੜ੍ਹ,ਵਿਚਾਰ ਕੇ ਗੁਰਾਂ ਦੇ ਸ਼ਬਦ ਨਾਲ ਪ੍ਰਮੇਸ਼ਰ ਨੂੰ ਸਮਝਕੇ ਸੰਤੋਖੀ ਹੋ ਗਏ ਹਨ ਓਹ ਕਿਸਨੂੰ ਆਖਕੇ ਸੁਣਾਉਂਦੇ ਹਨ ਅਤੇ ਕਿਸ ਲਈ ਕਿਸੇ ਨੂੰ ਸਮਝਾਉਂਦੇ ਹਨ ਭਾਵ ਸਾਇਆਂ ਨੂੰ ਪ੍ਰਮੇਸ਼ਰ ਦੇ ਬਣਾਏ ਜਾਣਕੇ ਅਨੰਦ ਰਹਿੰਦੇ ਹਨ, ਭਾਵ ਓਹ ਕਿਸੇ ਨੂੰ ਕੁਛ ਨਹੀਂ ਆਖਦੇ ਓਹ ਤਾਂ ਆਪ ਹੀ ਭਜਨ ਕਰਦੇ ਹਨ।

**ਐਸਾ ਗੁਰਮਤਿ ਰਮਤੁ ਸਰੀਰਾ ॥ ਹਰਿ ਭਜੁ ਮੇਰੇ ਮਨੁ ਗਹਿਰ ਗੰਭੀਰਾ ॥ ੧ ॥ ਰਹਾਉ ॥**

ਜੇਹੜਾ ਸਮੁੰਦਰ ਵਾਂਗੂ ਡੂੰਘਾ ਪ੍ਰਮੇਸ਼ਰ ਸਰੀਰਾਂ ਵਿਚ ਵਿਆਪਿਆ ਹੋਇਆ ਹੈ ਹੇ ਮੇਰੇ ਮਨ ਇਕੁਰ ਦੇ ਪਰਮੇਸ਼ਰ ਨੂੰ ਗੁਰਸਿਖਯਾ ਲੈਕੇ ਯਾਦਕਰ।

**ਅਨਤ ਤਰੰਗ ਭਗਤਿ ਹਰਿ ਰੰਗਾ ॥ ਅਨਦਿਨੁ ਸੂਚੇ ਹਰਿ ਗੁਣ ਸੰਗਾ ॥**

ਜਿਸਦੇ ਵਿਚ ਅਨੇਕਾਂ ਤਰੰਗ ਹਨ ਇੱਕੁਰ ਦਾ ਮਨ ਜਿਸਨੇ ਹਰੀ ਦੀ ਭਗਤੀ ਵਿੱਚ ਰੰਗਿਆ ਹੈ ਓਹ ਰਾਤ ਦਿਨੇ ਹਰੀ ਦੇ ਗੁਣਾਂ ਦੇ ਨਾਲ਼ ਰਹਿਕੇ ਪਵਿੱਤ੍ਰ ਹਨ।

**ਮਿਥਿਆ ਜਨਮੁ ਸਾਕਤ ਸੰਸਾਰਾ ॥ ਰਾਮ ਭਗਤਿ ਜਨੁ ਰਹੈ ਨਿਰਾਰਾ ॥ ੨ ॥**

ਸਾਕਤਾਂ ਦਾ ਜਨਮ ਸੰਸਾਰ ਵਿਚ ਝੂਠਾ ਹੈ ਜਿਹੜਾ ਪ੍ਰਮੇਸ਼ਰ ਦੀ ਭਗਤੀ ਵਾਲ਼ਾ ਆਦਮੀ ਹੈ ਓਹ ਵੱਖਰਾ ਹੀ ਰਹਿੰਦਾ ਹੈ।

**ਸੂਚੀ ਕਾਇਆ ਹਰਿਗੁਣ ਗਾਇਆ ॥ ਆਤਮੁਚੀਨਿ ਰਹੈ ਲਿਵਲਾਇਆ ॥**

ਜਿਨ੍ਹਾਂ ਨੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਇਆ ਹੈ ਓਹਨਾਂ ਦੀ ਦੇਹ ਪਵਿਤ੍ਰ ਹੈ ਓਹਨਾਂ ਨੇ ਬ੍ਰਿਤੀ ਨੂੰ ਪਰਮੇਸ਼ਰ ਵਿਚ ਲਾਇਆ ਹੈ ਏਸੇ ਲਈ ਓਹ ਆਤਮਾਂ ਨੂੰ ਪ੍ਰਮੇਸਰ ਰੂਪ ਜਾਣਦੇ ਹਨ।

**ਆਦਿ ਅਪਾਰੁ ਅਪਰੰਪਰੁ ਹੀਰਾ॥ ਲਾਲੁ ਰਤਾ ਮੇਰਾ ਮਨੁ ਧੀਰਾ ॥ ੩ ॥**

ਜੇਹੜਾ ਪਰਮੇਸ਼ਰ ਸਭ ਤੋਂ ਪਹਿਲੇ ਦਾ ਤੇ ਵੱਡਾ ਹੈ ਸੰਸਾਰ ਤੇ ਦੇਵਤਿਆਂ ਤੋਂ ਪਰੇ ਹੈ 'ਹੀਰਾ'=ਸ਼ੁਧ ਰੂਪ ਹੈ ਓਹਨਾਂ ਸੰਤਾਂ ਦੀ ਕਿਰਪਾ ਨਾਲ ਤਿਸ ਲਾਲ=ਪਿਆਰੇ ਨਾਲ ਮਿਲਿਆ ਹੋਇਆ ਮੇਰਾ ਮਨ ਧੀਰਜ ਵਾਲਾ ਹੋਯਾ ਹੈ।

Digitized by Panjab Digital Library | www.panjabdigilib.org

**ਕਥਨੀ ਕਹਹਿ ਕਹਹਿ ਸੇ ਮੂਏ॥ ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥ ਸਭੁ ਜਗੁ ਦੇਖਿਆ ਮਾਇਆ ਛਾਇਆ ॥ ਨਾਨਕ ਗੁਰਮਤਿ ਨਾਮੁ ਧਿਆਇਆ॥ ੪ ॥ ੧੭॥**

ਕਥਨੀਆਂ ਆਖਣ ਵਾਲੇ ਆਪਣੀਆਂ ਆਖੀਆਂ ਹੋਈਆਂ ਗੱਲਾਂ ਧਾਰਿਆਂ ਤੋਂ ਬਿਨਾਂ ਜੰਮਦੇ ਮਰਦੇ ਰਹਿੰਦੇ ਹਨ ਸੋ ਹੇ ਮਾਲਕਾ! ਤੂੰ ਓਹਨਾਂ ਤੋਂ ਬਹੁਤ ਦੂਰ ਰਹਿੰਦਾ ਹੈਂ ਹੇ ਮਾਲਕਾ ਤੂੰ ਓਹਨਾਂ ਨੂੰ ਨਹੀਂ ਮਿਲਦਾ, ਜਾਂ ਆਖੀ ਹੋਈ ਕਥਨੀ ਨੂੰ ਜੇਹੜੇ ਆਖ ਆਖਕੇ ਮਰ ਗਏ ਹਨ ਭਾਵ ਹੰਕਾਰ ਛੱਡਿਆ ਹੈ ਸੋ ਓਹਨਾਂ ਦਾ ਰੂਪ ਤੂੰ ਆਪ ਹੀ ਹੈਂ ਓਹਨਾਂ ਤੋਂ ਤੂੰ ਦੂਰ ਨਹੀਂ ਹੈਂ, ਜੇਹੜਾ ਇੱਕੁਰ ਜਾਣਦਾ ਹੈ ਓਹ ਸਮਰਥ ਹੈ। 'ਪ੍ਰਸ਼ਨ' ਸੰਸਾਰ ਇਸ ਗਲ ਨੂੰ ਕਿਉਂ ਨਹੀਂ ਸਮਝਦਾ ਹੈ ? 'ਉਤਰ' ਸਾਰਾ ਸੰਸਾਰ ਮਾਇਆ ਦਾ ਛਾਇਆ ਭਾਵ ਢੱਕਿਆ ਹੋਇਆ ਦੇਖਿਆ ਹੈ ਗੁਰੂਜੀ=ਜਿਨ੍ਹਾਂ ਨੇ ਗੁਰ ਸਿਖਿਆ ਲੈਕੇ ਨਾਮ ਧਿਆਇਆ ਹੈ ਓਹਨਾਂ ਨੂੰ ਗਿਆਨ ਹੋਇਆ ਹੈ।

## ਆਸਾ ਮਹਲਾ ੧ ਤਿਤੁਕਾ ॥

**ਕੋਈ ਭੀਖਕੁ ਭੀਖਿਆ ਖਾਇ॥ ਕੋਈ ਰਾਜਾ ਰਹਿਆ ਸਮਾਇ॥ ਕਿਸਹੀ ਮਾਨੁ ਕਿਸੈ ਅਪਮਾਨੁ॥ ਢਾਹਿ ਉਸਾਰੇ ਧਰੇ ਧਿਆਨੁ॥ ਤੁਝ ਤੇ ਵਡਾ ਨਾਹੀ ਕੋਇ॥ ਕਿਸੁ ਵੇਖਾਲੀ ਚੰਗਾ ਹੋਇ ॥ ੧ ॥**

ਭੀਖਕ=ਮੰਗਤਾ। ਕੋਈ ਮੰਗਤਾ ਭਿੱਖਿਆ ਮੰਗਕੇ ਖਾਂਦਾ ਹੈ, ਕੋਈ ਰਾਜਾ ਅਪਣੇ ਰਾਜ ਦੇ ਅਨੰਦ ਵਿਚ ਸਮਾ ਰਿਹਾ ਹੈ, ਦੁਨੀਆਂ ਵਿਚ ਕਿਸੇ ਦਾ ਆਦਰ ਹੁੰਦਾ ਹੈ ਕਿਸੇ ਦਾ ਨਿਰਾਦਰ ਹੁੰਦਾ ਹੈ, ਕਿਸੇ ਨੂੰ ਤੂੰ ਢਾਹੁੰਦਾ ਹੈਂ ਕਿਸੇ ਨੂੰ ਉਸਾਰਦਾ ਹੈਂ, ਭਾਵ ਮਾਰਦਾ ਤੇ ਜਨਮ ਦੇਂਦਾ ਹੈਂ ਪਰ ਧਿਆਨ ਸਾਰਿਆਂ ਉਤੇ ਧਰਦਾ ਹੈਂ ਜਾਂ ਉਸਾਰੇ=ਪੈਦਾ ਕਰਨਾ, ਧਰੇ ਧਿਆਨ=ਪਾਲਨਾ, ਢਾਹਿ=ਮਾਰਨਾ ਕਰਦਾ ਹੈਂ, ਤੇਰੇ ਤੋਂ ਵੱਡਾ ਕੋਈ ਨਹੀਂ ਹੈ, ਮੈਂ ਚੰਗਾ ਹੋਕੇ ਕਿਸ ਨੂੰ ਵਿਖਾਵਾਂ ਕਿ ਮੈਂ ਬੜਾ ਚੰਗਾ ਹਾਂ ਜੇਹੜਾ ਚੰਗਾ ਹੋਵੇ ਉਸਨੂੰ ਤੂੰ ਅਪਣਾ ਆਪ ਵਿਖਾਉਂਦਾ ਹੈਂ।

**ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥ ੧ ॥ ਰਹਾਉ ॥**

ਮੈਨੂੰ ਤੇਰੇ ਨਾਮ ਦਾ ਆਸਰਾ ਹੈ ਤੂੰ ਕਰਣ ਵਾਲਾ ਕਰਤਾਰ ਮੇਰਾ ਦਾਤਾ ਹੈਂ।

Digitized by Panjab Digital Library | www.panjabdigilib.org

**ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ॥ਮਨ ਕਾ ਅੰਧੁਲਾ ਮਾਇਆ ਕਾ ਬੰਧੁ॥ਖੀਨ ਖਰਾਬੁ ਹੋਵੈ ਨਿਤ ਕੰਧੁ॥ਖਾਣ ਜੀਵਣ ਕੀ ਬਹੁਤੀ ਆਸ॥ ਲੇਖੈ ਤੇਰੈ ਸਾਸ ਗਿਰਾਸ ॥ ੨ ॥**

ਤੇਰਾ ਰਸਤਾ ਮੈਂ ਨਹੀਂ ਪਾਉਂਦਾ ਸਗੋਂ ਵਿੰਗਾ ਜਾਂਦਾ ਹਾਂ, ਇਸ ਲਈ ਤੇਰੀ ਦਰਗਾਹ ਵਿਚ ਬਹਿਣ ਦੀ ਜਗਾ ਨਹੀਂ ਮਿਲੇਗੀ, ਮਾਇਆ ਦੇ ਬੰਧਨਾਂ ਵਿਚ ਬੰਨ੍ਹਿਆਂ ਹੋਇਆ ਮਨ ਦੇ ਅਗਜਾਨ ਕਰਕੇ ਅੰਨ੍ਹਾਂ ਹੋਇਆ ੨ ਹਾਂ, ਕੰਧ=ਸਰੀਰ ਰੋਜ ਲਿੱਸਾ ਹੁੰਦਾ ਜਾਂਦਾ ਹੈ। ਜੀਵ ਖਰਾਬ ਹੁੰਦਾ ਹੈ ਖਾਣ ਦੀ ਅਤੇ ਜੀਉਣ ਦੀ ਬਹੁਤ ਆਸਾ ਲੱਗੀ ਹੋਈ ਹੈ ਅਤੇ ਸਾਸਾਂ ਦਾ ਆਉਣਾ ਜਾਣਾ ਸਾਰਾ ਤੇਰੇ ਲੇਖੇ ਵਿਚ ਹੈ ।

**ਅਹਿਨਿਸਿ ਅੰਧੁਲੇ ਦੀਪਕੁ ਦੇਇ ॥ ਭਉਜਲ ਡੂਬਤ ਚਿੰਤ ਕਰੇਇ॥ਕਹਹਿ ਸੁਣਹਿ ਜੋ ਮਾਨਹਿ ਨਾਉ॥ ਹਉ ਬਲਿਹਾਰੈ ਤਾਕੈ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥ ੩ ॥**

ਹੇ ਮਾਲਕ।ਇੱਕਰ ਦੇ ਰਾਤ ਦਿਨ ਦੇ ਅੰਨੇ ਨੂੰ ਗਿਆਨ ਦੀਵਾ ਦੇਹ, ਸੰਸਾਰ ਸਮੁੰਦਰ ਵਿਚ ਡੁੱਬਦਾ ਚਿੰਤਾ ਕਰਦਾ ਹੈ, ਜੇਹੜੇ ਤੇਰਾ ਨਾਮ ਆਖਣਾ ਸੁਣਨਾ ਮੰਨਣਾ ਕਰਦੇ ਹਨ, ਮੈਂ ਓਹਨਾਂ ਤੋਂ ਬਲਿਹਾਰੇ ਜਾਂਦਾ ਹਾਂ,ਗੁਰੂ ਜੀ, ਮੇਰੀ ਇਕ ਬੇਨਤੀ ਹੈ ਜੀਵ ਤੇ ਸਰੀਰ ਸਭ ਤੇਰੇ ਹੀ ਪਾਸ ਹੈ ਭਾਵ ਭਲੇ ਬੁਰੇ ਤੇਰੇ ਹਾਂ ਸਭ ਤੇਰੀ ਦਾਤ ਦਿਤੀ ਹੋਈ ਹੈ ।

**ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨੁ ਰਤਨੁ ਮਨਿ ਵਸੈ ਆਇ ॥ ਨਦਰਿ ਕਰੈ ਤਾਂ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥ ੪ ॥ ੧੮ ॥**

ਜੇ ਤੂੰ ਮੈਨੂੰ ਆਪਣਾ ਨਾਮ ਦੇਵੇਂ ਤਾਂ ਮੈਂ ਜਪਾਂ ਤਾਂ ਦਰਗਾਹ ਵਿਚ ਬਹਿਣ ਦੀ ਥਾਂ ਹੋ ਜਾਵੇ, ਜਾਂ ਜਦੋਂ ਤੈਨੂੰ ਚੰਗੀ ਗੱਲ ਲੱਗ ਜਾਵੇ ਤਾਂ ਖੋਟੀ ਅਕਲ ਦੂਰ ਹੋ ਜਾਵੇ, ਗਿਆਨ ਰਤਨ ਮਨ ਵਿਚ ਆਕੇ ਵਾਸਾ ਕਰ ਦੇਵੇ, ਜੇ ਤੂੰ ਕਿਰਪਾ ਦੀ ਦ੍ਰਿਸ਼ਟੀ ਕਰਦਾ ਹੈਂ ਤਾਂ ਸਤਿਗੁਰ ਮਿਲ ਪੈਂਦੇ ਹਨ, ਗੁਰੂ ਨਾਨਕ ਜੀ ਆਖਦੇ ਹਨ ਤਾਂ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈਂ ।

Digitized by Panjab Digital Library | www.panjabdigilib.org

## ਆਸਾ ਮਹਲਾ ੧ ਪੰਚਪਦੇ ॥
੬

< ੬ ਸ਼ਬਦ ਪੰਜਾਂ ੨ ਪੌੜੀਆਂ ਦੇ ਆਉਣਗੇ >

**ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ॥ ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥ ੧ ॥**

ਜਿਸ ਤਰਾਂ ਦੁਧ ਤੋਂ ਬਿਨਾਂ ਗਾਂ, ਖੰਭਾਂ ਤੋਂ ਬਿਨਾਂ ਪੰਛੀ ਪਾਣੀ ਤੋਂ ਬਿਨਾਂ ਉਤਭੁਜ ਖੇਤੀ, ਬ੍ਰਿਛ ਆਦਕ, ਕਿਸੇ ਕੰਮ ਨਹੀਂ ਹਨ ਜਿਸਨੂੰ ਕੋਈ ਨਮਸਕਾਰ ਨਹੀਂ ਕਰਦਾ ਹੈ ਓਹ ਬਾਦਸ਼ਾਹ ਕੀ ਹੈ ਭਾਵ ਕਿਸੇ ਕੰਮ ਨਹੀਂ ਹੈ ਇੱਕੁਰ ਹੀ ਜਿਸ ਦੇਹ ਵਿਚ ਤੇਰਾ ਨਾਮ ਨਹੀਂ ਹੈ ਸੋ ਓਹ ਕਿਸਤਰਾਂ ਦੀ ਅੰਨ੍ਹੀ ਕੋਠੀ ਹੁੰਦੀ ਹੈ ਭਾਵ ਨਿਕੰਮੀ ਹੈ।

**ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ ਦੁਖੁ ਲਾਗੈ ਤੂੰ ਵਿਸਰੁ ਨਾਹੀ ॥ ੧ ॥ ਰਹਾਉ ॥**

ਸਾਡੇ ਮਨ ਤੋਂ ਤੂੰ ਕਿਉਂ ਭੁਲਦਾ ਹੈਂ ਤੂੰ ਭੁਲਦਾ ਹੈਂ ਤਾਂ ਸਾਨੂੰ ਬੜਾ ਦੁਖ ਲਗਦਾ ਹੈ ਹੇ ਮਾਲਕਾ! ਹੋਰ ਭਾਵੇਂ ਕਿਤਨੇ ਹੀ ਦੁਖ ਆ ਲੱਗਣ ਪਰ ਇੱਕ ਤੂੰ ਨ ਭੁੱਲ।

**ਅਖੀ ਅੰਧੁ ਜੀਭ ਰਸੁ ਨਾਹੀ ਕੰਨੀਪਵਣੁ ਨ ਵਾਜੈ॥ ਚਰਨੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲਲਾਗੇ॥੨॥**

ਜਦੋਂ ਇਹ ਸਰੀਰ ਬੁੱਢਾ ਹੋ ਜਾਂਦਾ ਹੈ ਤਾਂ ਅੱਖਾਂ ਤੋਂ ਅੰਨ੍ਹਾਂ ਹੋ ਜਾਂਦਾ ਹੈ, ਜ਼ਬਾਨ ਵਿਚ ਸੁਆਦ ਨਹੀਂ ਰਹਿੰਦਾ ਹੈ ਕੰਨਾਂ ਵਿਚ ਵਾਜੈ=ਅਵਾਜ਼ ਜਾਂ ਸ਼ਬਦ ਨਹੀਂ ਪਵਨ=ਪੈਂਦਾ ਹੈ ਜਾਂ ਪੌਣ ਨਹੀਂ ਆਉਂਦੀ ਭਾਵ ਅਵਾਜ਼ ਨਹੀਂ ਸੁਣੀਦੀ ਹੈ, ਅਗੋਂ ਪਜੂਤਾ=ਫੜਿਆ ਹੋਇਆ ਹੁੰਦਾ ਹੈ ਤਾਂ ਪੈਰੀਂ ਚਲ ਸਕਦਾ ਹੈ ਹੇ ਪ੍ਰਮੇਸ਼ਰਾ ਤੇਰੀ ਸੇਵਾ ਤੋਂ ਬਿਨਾ ਇਹ ਫਲ ਲੱਗੇ ਹਨ।

**ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥ ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥ ੩ ॥**

ਅੱਖਰ ਬਵਿੰਜਾ ਜਾਂ ਪੈਂਤੀ ਹਨ ਸੋ ਸਾਰੇ ਬਾਗਾਂ ਦੇ ਬ੍ਰਿਛ ਹਨ, ਜਿਨਾਂ ਆਦਮੀਆਂ ਨੇ ਆਪਣੇ ਸੁਧ ਰਿਦੇਰੂਪ ਬਾਗ ਦੀ ਧਰਤੀਵਿਚ ਚੋਖੀ=ਲਗਾਇ

Digitized by Panjab Digital Library | www.panjabdigilib.org

ਜਾਂ ਬੀਜੇ ਹਨ ਅਤੇ ਪ੍ਰੇਮ ਰੂਪ ਪਾਣੀ ਨਾਲ ਸਿੰਜਣਾਂ ਕੀਤਾ ਹੈ। ਓਹਨਾਂ ਸਾਰਿਆਂ ਬ੍ਰਿਛਾਂ ਨੂੰ ਤੇਰੇ ਨਾਮ ਦਾ ਇਕ ਫਲ ਲਗਦਾ ਹੈ ਭਾਵ ਚੰਗੀਆਂ ਧਾਰਮਕ ਪੁਸਤਕਾਂ ਦੇ ਪੜ੍ਹਨ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ ਜਾਂ ਜਿਨ੍ਹਾਂ ਨੇ ਚੰਗੇ ਰਿਦੇ ਵਿਚ ਗੁਰਉਪਦੇਸ਼ ਰੂਪ ਅੱਖਰ ਧਾਰਨ ਕੀਤੇ ਹਨ ਓਹਨਾਂ ਸਾਰਿਆਂ ਨੂੰ ਇਕ ਮੁਕਤੀ ਫਲ ਮਿਲਦਾ ਹੈ ਪਰ ਬਿਨਾਂ ਕਰਮਾਂ ਤੋਂ ਨਾਮ ਕਿਸਤਰਾਂ ਲਿਆ ਜਾਂਦਾ ਹੈ ਸੋ ਗੁਰੂ ਦੀ ਕਿਰਪਾ ਜ਼ਰੂਰ ਹੋਵੇ।

## ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥ ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥ ੪ ॥

ਹੇ ਪਰਮੇਸਰਾ! ਜਿਤਨੇ ਜੀਅ ਹਨ ਸਾਰੇ ਹੀ ਤੇਰੇ ਹਨ ਪਰ ਬਿਨਾ ਸੇਵਾ ਤੋਂ ਕਿਸੇ ਨੂੰ ਫਲ ਨਹੀਂ ਲਗਦਾ ਹੈ, ਭਾਵ ਗੁਰੂ ਦੀ ਸੇਵਾ ਬਿਨਾ ਨਾਮ ਚਾਨਣ ਨਹੀਂ ਹੁੰਦਾ। ਸਾਰਾ ਦੁਖ ਸੁਖ ਤੇਰੇ ਹੁਕਮ ਵਿਚ ਹੁੰਦਾ ਹੈ ਨਾਮ ਤੋਂ ਬਿਨਾ ਆਦਮੀ ਜਨਮ ਮਰਨ ਤੋਂ ਰਹਿਤ ਨਹੀਂ ਹੁੰਦਾ ਹੈ।

## ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥ ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥ ੫ ॥ ੧੯ ॥

ਹੇ ਪ੍ਰਮੇਸ਼ਰ! ਤੇਰੇ ਭਗਤਾਂ ਦੀ ਅਕਲ ਵਿਚ ਮਰਨਾ ਜੀਵਣਾ ਸਾਰਾ ਸਫਲਾ ਹੈ, ਭਗਤੀ ਤੋਂ ਬਿਨਾ ਹੋਰ ਮਰਨਾ ਜੀਵਣਾ ਕਿਸਤਰਾਂ ਦਾ ਹੋਵੈ ਭਾਵ ਬਿਅਰਥ ਹੈ ਜਾਂ ਜੇ ਭਗਤੀ ਤੋਂ ਬਿਨਾ ਜੀਉਂਦੇ ਵੀ ਰਹੀਏ ਤੇ ਤਾ ਕਿਸੇ ਕੰਮ ਨਹੀਂ ਹੈ ਕੋਈ ਜੁਗਤੀ ਨਹੀਂ ਹੈ ਸਗੋਂ ਅਯੋਗ ਹੈ। ਗੁਰੂ ਜੀ=ਪਰਮੇਸ਼ਰ ਜੀਆਂ ਨੂੰ ਜੀਵਾਲਦਾ ਹੈ ਹੇ ਪ੍ਰਮੇਸ਼ਰਾ! ਜਿਥੇ ਤੈਨੂੰ ਚੰਗਾ ਲਗਦਾ ਹੈ ਓਥੇ ਹੀ ਸਾਨੂੰ ਰੱਖ ਕਿਉਂਕਿ ਅਸੀਂ ਆਪਦੇ ਵੱਸਹਾਂ।

## ਆਸਾ ਮਹਲਾ ੧ ॥

ਇਕ ਹੰਕਾਰੀ ਪੰਡਤ ਨੂੰ ਉਪਦੇਸ਼ ਹੈ।

## ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥ ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰਪਰਸਾਦੀ ਬ੍ਰਹਮਿ ਸਮਾਉ ॥ ੧ ॥

ਓਹਨਾਂ ਦਾ ਮਨ ਬ੍ਰਾਹਮਣ ਹੈ ਜਿੰਨ੍ਹਾਂ ਨੇ ਆਪਣੀ ਦੇਹੀ ਨਾਮ ਰੂਪ ਪਾਣੀ ਨਾਲ ਧੋਤੀ ਹੈ ਭਾਵ ਪਾਪਾਂ ਤੋਂ ਬਚਾਈ ਹੈ ਜਿਨਾਂ ਨੇ ਮਨ ਨੂੰ ਸੁਧ

Digitized by Panjab Digital Library | www.panjabdigilib.org

ਕੀਤਾ ਹੈ ਗਿਆਨ ਦਾ ਜਨੇਊ ਪਾਇਆ ਹੈ, ਵਾਹਿਗੁਰੂ ਦੇ ਧਿਆਨ ਦੀ 'ਕੁਸਪਾਤੀ' ਕੱਖਾਂ ਦੇ ਛੱਲੇ ਪਾਇ ਹਨ ਅਸਲੀ ਬ੍ਰਾਹਮਣ ਓਹ ਹੋਏ ਹਨ। ਹੇ ਬ੍ਰਾਹਮਣ ਤੂੰ ਵੀ ਇੱਕੁਰ ਦਾ ਬ੍ਰਾਹਮਣ ਹੋਕੇ ਹਰਿਨਾਮ ਦੇ ਜੱਸ ਦੀ ਬੇੜੀ ਨੂੰ ਗੁਰਾਂ ਪਾਸੋਂ ਮੰਗ ਜਾਂ ਨਾਮ ਮੰਗ ਤੇ ਗੁਰੂ ਦੀ ਕਿਰਪਾ ਨਾਲ ਪ੍ਰਮੇਸ਼ਰ ਨਾਲ ਮਿਲ ਜਾਹ।

## ਪਾਂਡੇ ਐਸਾ ਬ੍ਰਹਮੁ ਬੀਚਾਰੁ॥ਨਾਮੇ ਸੁਚਿ ਨਾਮੋਪੜਉ ਨਾਮੇ ਚਜੁ ਆਚਾਰੁ॥ ੧ ॥ ਰਹਾਉ ॥

ਹੇ ਪਾਂਡੇ! ਇੱਕੁਰ ਦਾ ਬ੍ਰਹਮ ਦਾ ਵਿਚਾਰ ਕਰ ਪਰਮੇਸ਼ਰ ਦੇ ਨਾਮ ਜਾਪ ਦੀ ਹੀ ਪਵਿੱਤ੍ਰਤਾ ਕਰ ਜਿ੍ਹਨਾਂ ਪੁਸਤਕਾਂ ਵਿਚ ਨਾਮ ਹੈ ਓਹਨਾਂ ਨੂੰ ਪੜ੍ਹ ਅਤੇ ਨਾਮ ਜਪਣ ਰੂਪ ਹੀ ਚੰਗਿਆਂ ਕੰਮਾਂ ਨੂੰ ਕਰ।

## ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ॥ ਧੋਤੀ ਟਿਕਾ ਨਾਮੁ ਸਮਾਲਿ॥ ਐਥੈ ਓਥੈ ਨਿਬਹੀ ਨਾਲਿ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ॥ ੨ ॥

ਬਾਹਰ ਦਾ ਜਨੇਊ ਓਨਾਂ ਚਿਰ ਰੈਂਹਦਾ ਹੈ ਜਿੰਨਾਂ ਚਿਰ ਚੇਤਨ ਸੱਤਾ ਇਸ ਸਰੀਰ ਦੇ ਨਾਲ ਰਹਿੰਦੀ ਹੈ। ਬਾਹਰ ਦਾ ਜਨੇਊ ਛੱਡ ਦੇਹ, ਦੇਹ ਨੂੰ ਧੋਂਣਾ ਧੋਤੀ ਬਣਾ, ਨਾਮ ਦਾ ਯਾਦ ਕਰਨਾ ਟਿੱਕਾ ਬਣਾ, ਜੇਹੜਾ ਲੋਕ ਪਰ-ਲੋਕ ਵਿਚ ਤੇਰੇ ਨਾਲ ਨਿਭ ਜਾਵੇ ਭਾਵ ਸਹੈਤਾ ਕਰੇ ਨਾਮ ਤੋਂ ਬਿਨਾ ਹੋਰ ਬਿਅਰਥ ਕਰਮਾਂ ਨੂੰ ਨਾਂ ਲੱਭਦਾ ਫਿਰ।

## ਪੂਜਾ ਪ੍ਰੇਮ ਮਾਇਆ ਪਰ ਜਾਲਿ॥ ਏਕੋ ਵੇਖਹੁ ਅਵਰੁ ਨ ਭਾਲਿ॥ ਚੀਨੈ ਤਤੁ ਗਗਨ ਦਸ ਦੁਆਰ॥ ਹਰਿ ਮੁਖਿ ਪਾਠ ਪੜੈ ਬੀਚਾਰ॥ ੩ ॥

ਪਰਮੇਸ਼ਰ ਨਾਲ ਪ੍ਰੇਮ ਕਰਨਾ ਠਾਕਰਾਂ ਦੀ ਪੂਜਾ ਬਣਾ ਮਾਯਾ=ਛਲ ਜਾਂ ਕਪਟ ਇਸਨੂੰ ਚੰਗੀ ਤਰਾਂ ਸਾੜ ਦੇਹ, ਇਕ ਪ੍ਰਮੇਸ਼ਰ ਨੂੰ ਹਰ ਥਾਂ ਵੇਖੋ ਹੋਰ ਦੇਵੀ ਦੇਵਤਿਆਂ ਨੂੰ ਨ ਲੱਭ, ਰਿਦੇ ਰੂਪ ਅਕਾਸ ਵਿਚ ਅਤੇ ਦਸਾਂ ਦਰਵਾ-ਜਿਆਂ ਭਾਵ ਇੰਦ੍ਰੀਆਂ ਵਿਚ ਤੱਤ ਸਰੂਪ ਪ੍ਰਮੇਸ਼ਰ ਨੂੰ ਵੇਖ ਭਾਵ ਵੇਖਣ ਵਾਲਾ, ਸੁਨਣ ਵਾਲਾ, ਸੁੰਘਣ ਵਾਲਾ ਓਹ ਇਕ ਪਰਮੇਸ਼ਰ ਹੈ ਮੂੰਹ ਤੋਂ ਵੀ ਪਰਮੇਸ਼ਰ ਦਾ ਹੀ ਪਾਠ ਪੜ ਅਤੇ ਰਿਦੇ ਵਿਚ ਵੀ ਹਰੀਸਰੂਪਦਾ ਵਿਚਾਰਕਰ।

## ਭੋਜਨੁ ਭਾਉ ਭਰਮੁ ਭਉ ਭਾਗੈ॥ ਪਾਹਰੂਅ ਰਾਛਬਿ ਚੋਰੁ ਨ ਲਾਗੈ॥

Digitized by Panjab Digital Library | www.panjabdigilib.org

**ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥ ੪ ॥**

ਪ੍ਰੇਮ ਦਾ ਅੰਨ ਖਾਹ ਜਿਸਕਰਕੇ ਤੇਰਾ ਭਰਮ ਅਤੇ ਡਰ ਦੌੜ ਜਾਵੇ ਗੁਰੂ ਜੀ ਦੇ ਸ਼ਬਦ ਨੂੰ "ਪਾਹਰੂਆ" ਪਹਿਰੇ ਵਾਲਾ "ਰਾਛਬਿ" ਰਾਖਾ। ਬਣਾ ਅਥਵਾ ਜਦੋਂ ਗੁਰੂ ਦਾ ਸ਼ਬਦ ਪਹਿਰੇ ਵਾਲਾ ਹੋਵੇ ਤੇ ਨਾਂ ਛਬਿ ਅਵਸਥਾ ਰੂਪ ਰਾਤ ਵਿਚ ਕਾਮ ਆਦਕ ਚੋਰਾਂ ਦਾ ਅਕੱਠ ਆਕੇ ਦੁਖ ਦੇਣ ਨਹੀਂ ਲੱਗਦਾ ਹੈ, ਪ੍ਰਮੇਸਰ ਨੂੰ ਇਕ ਜਾਣ ਇਹ ਮੱਥੇ ਵਿਚ ਤਿਲਕ ਲਾ ਵਿਚਾਰ ਕਰਕੇ ਇਕ ਪ੍ਰਮੇਸਰ ਨੂੰ ਆਪਣੇ ਹਿਰਦੇ ਦੇ ਅੰਦਰ ਹੀ ਸਮਝ।

**ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥ ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥ ੫॥ ੨੦ ॥**

ਨਾਮ ਤੋਂ ਬਿਨਾ ਹੋਰਨਾਂ ਵਾਧੂ ਕੰਮਾਂ ਨਾਲ ਪ੍ਰਮੇਸਰ ਨਹੀਂ ਜਿੱਤਿਆ ਜਾਂਦਾ ਭਾਵ ਵੱਸ ਨਹੀਂ ਆਉਂਦਾ ਹੈ। ਬਹੁਤਾ ਪਾਠ ਪੜ੍ਹਨ ਨਾਲ ਵੀ ਉਸਦੀ ਕੀਮਤ ਨਹੀਂ ਪਾਈ ਜਾਂਦੀ ਹੈ, ਭਾਵ ਅਸਲੀ ਗੱਲ ਦਾ ਗਿਆਨ ਨਹੀਂ ਹੁੰਦਾ ਹੈ। ਅਠ ਤੇ ਦਸ ਅਠਾਰਾਂ ਪੁਰਾਣਾਂ ਅਤੇ ਚਹੁ ਵੇਦਾਂ ਦੇ ਪੜ੍ਹਨ ਵਾਲਿਆਂ ਨੇ ਵੀ ਪ੍ਰਮੇਸਰ ਦਾ ਭੇਦ ਨਹੀਂ ਪਾਇਆ ਹੈ।ਗੁਰੂ ਜੀ ਇੱਕਰ ਦਾ ਔਖਾ ਮਿਲਨ ਵਾਲਾ ਪ੍ਰਮੇਸਰ ਗੁਰਾਂ ਨੇ ਵਿਖਾ ਦਿੱਤਾ ਹੈ ॥ ੫॥੨੦ ॥

## ਆਸਾ ਮਹਲਾ ੧ ॥

**ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥**

ਸੇਵਕ ਦਾਸ ਭਗਤ ਜਨ ਓਹੋ ਹੀ ਹੈ ਜੇਹੜਾ ਪ੍ਰਮੇਸਰ ਦਾ ਦਾਸ ਹੁੰਦਾ ਹੈ ਓਹ ਦਾਸ ਗੁਰਮੁਖ ਹੁੰਦਾ ਹੈ ਜੋ ਓਹ ਚਾਹੁੰਦਾ ਹੈ ਸੋ ਹੋ ਜਾਂਦਾ ਹੈ ਭਾਵ ਪ੍ਰਮੇਸ਼ਰ ਵੀ ਉਸਦਾ ਆਖਿਆ ਮੰਨਦਾ ਹੈ।

**ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ੧ ॥**

ਜਿਸ ਪ੍ਰਮੇਸਰ ਨੇ ਇਹ ਦੁਨੀਆਂ ਬਣਾਈ ਹੈ ਓਸੇ ਨੇ ਹੀ ਫਿਰ ਗੋਈ ਨਾਸ ਕੀਤੀ ਹੈ। ਇੱਕਰ ਦੇ ਪ੍ਰਮੇਸ਼ਰ ਤੋਂ ਬਿਨਾ ਹੋਰ ਕੋਈ ਨਹੀਂ ਹੈ।

**ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ**

Digitized by Panjab Digital Library | www.panjabdigilib.org

**ਸਾਚੈ ਦਰਬਾਰਿ ॥ ੧ ॥ ਰਹਾਉ ॥**

ਜੋਹੜੇ ਗੁਰਮੁਖ ਹਨ ਓਹ ਸੱਚੇ ਨਾਮ ਅਤੇ ਗੁਰਉਪਦੇਸ਼ ਨੂੰ ਵਿਚਾਰਕੇ ਜਪਦੇ ਹਨ ਏਸੇ ਕਰਕੇ ਓਹ ਸਚੇ ਦਰਬਾਰ ਵਿਚ ਸਚੇ ਰਹਿੰਦੇ ਹਨ।

**ਸਚਾ ਅਰਜੁ ਸਚੀ ਅਰਦਾਸਿ ॥ ਮਹਲੀਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥ ੨ ॥**

ਅਰਜੁ=ਬੇਨਤੀਆਂ ਸੁਣਨ ਵਾਲਾ ਵਾਹਿਗੁਰੂ ਸੱਚਾ ਹੈ ਅਤੇ ਅਰਦਾਸ ਬੇਨਤੀਆਂ ਸੱਚੀਆਂ ਕਰਨ ਵਾਲੇ ਗੁਰਮੁਖ ਹਨ ਦਿਲ ਰੂਪ ਸਚੇ ਮਹਿਲ ਵਿਚ ਰਹਿਣ ਵਾਲਾ ਵਾਹਿਗੁਰੂ ਮਾਲਕ ਓਹਨਾਂ ਦੀਆਂ ਬੇਨਤੀਆਂ ਸੁਣਕੇ ਸ਼ਾਬਾਸ਼ੇ ਦੇਂਦਾ ਹੈ ਓਹ ਪ੍ਰਮਾਤਮਾਂ ਸਚੇ ਤਖਤ ਭਾਵ ਆਪਣੇ ਪਾਸ ਬੁਲਾਉਂਦਾ ਹੈ ਅਤੇ ਓਹਨਾਂ ਨੂੰ ਇੱਕੁਰ ਦੀ ਵਡਿਆਈ ਦੇਂਦਾ ਹੈ ਜੋ ਜੋ ਕੰਮ ਗੁਰਮੁਖ ਕਰਦਾ ਹੈ ਓਹੋ ਹੀ ਹੋ ਜਾਂਦਾ ਹੈ ।

**ਤੇਰਾ ਤਾਣੁ ਤੂ ਹੈ ਦੀਬਾਣੁ ॥ ਗੁਰਕਾ ਸਬਦੁ ਸਚੁ ਨੀਸਾਣੁ॥ ਮੰਨੇ ਹੁਕਮੁ ਸੁ ਪਰਗਟੁ ਜਾਇ॥ ਸਚੁ ਨੀਸਾਣੈ ਠਾਕ ਨ ਪਾਇ ॥ ੩ ॥**

ਓਹ ਗੁਰਮੁਖ ਫਿਰ ਇੱਕੁਰ ਬੇਨਤੀਆਂ ਕਰਦੇ ਹਨ ਕਿ ਹੇ ਵਾਹਿਗੁਰੂ ਸਾਨੂੰ ਤੇਰਾ ਹੀ ਬਲ ਹੈ ਅਤੇ ਤੇਰਾ ਹੀ ਦੀਬਾਣ=ਆਸਰਾ ਹੈ, ਗੁਰਾਂ ਦਾ ਉਪਦੇਸ਼ ਸੱਚਾ ਪਰਵਾਨ ਹੈ ਜੋਹੜੇ ਵਾਹਿਗੁਰੂ ਦੇ ਹੁਕਮ ਨੂੰ ਮੰਨਦੇ ਹਨ ਓਹ ਪ੍ਰਗਟ ਹੀ ਵਾਹਿਗੁਰੂ ਦੇ ਪਾਸ ਜਾਂਦੇ ਹਨ ਗੁਰਮੁਖ ਦੇ ਪਾਸ ਸੱਚਾ ਪਰਵਾਨਾ ਹੈ,ਇਸ ਲਈ ਓਹਨਾਂ ਨੂੰ ਹਰ ਥਾਂ ਤੋਂ ਕੋਈ ਰੋਕ ਟੋਕ ਨਹੀਂ ਹੁੰਦੀ।

**ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥ ੪ ॥**

ਪੰਡਤ ਵੇਦਾਂ ਨੂੰ ਪੜ੍ਹਦੇ ਹਨ ਅਤੇ ਵੇਦਾਂ ਦਾ ਹੀ ਵਖਿਆਨ ਕਰਦੇ ਹਨ ਪਰ ਜੋਹੜੀ ਅੰਦਰ ਵਸਤੂ ਭਾਵ ਵਾਹਿਗੁਰੂ ਹੈ ਉਸਦਾ ਭੇਦ ਨਹੀਂ ਜਾਣਦੇ ਹਨ ਅਸਲ ਗੱਲ ਤਾਂ ਇਹ ਹੈ ਕਿ ਗੁਰਾਂ ਦੇ ਪੁਛਿਆ ਬਿਨਾਂਕਦੀ ਵੀ ਕਿਸੇ ਆਦਮੀ ਨੂੰ ਸਮਝ ਨਹੀਂ ਆਉਂਦੀ ਅਤੇ ਨਾ ਹੀ ਪੂਰਾ ਗਿਆਨਹੁੰਦਾਹੈ ਓਹ ਮਾਲਕ ਹਰ ਥਾਂ ਹਰ ਵਿਚ ਫੈਲਿਆ ਹੋਇਆਹੈ।

Digitized by Panjab Digital Library | www.panjabdigilib.org

**ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥ ਨਾਨਕ ਏਕੋ ਦਰੁ ਦੀਬਾਣੁ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥ ੫ ॥ ੨੧ ॥**

ਮੈਂ ਮੂੰਹ ਤੋਂ ਕੀ ਹੌਲੀ ਦਿਤੀ ਆਖਾਂ ਤੇ ਕੀ ਉੱਚੀ ਦਿੱਤੀ ਜੋਰ ਨਾਲ ਆਖਾਂ ਜਾਂ ਉਸਤਤੀ ਕਰਾਂ ਤੂੰ ਵਿਡਾਣੀ=ਵਡਾ ਜਾਂ ਅਸਚਰਜ ਤਮਾਸ਼ਿਆਂ ਵਾਲਾ ਆਪੇ ਸਾਰਿਆਂ ਜੀਆਂ ਦੇ ਅੰਦਰ ਦੀਆਂ ਗੱਲਾਂ ਜਾਣਦਾ ਹੈਂ । ਗੁਰੂ ਜੀ ਤੂੰ ਇੱਕੁਰ ਵਾਹਿਗੁਰੂ ਨੂੰ ਜਾਣ ਕਿ ਇਕੋ ਹੀ ਵਾਹਿਗੁਰੂ ਦਰ=ਅੰਦਰ ਹੈ ਅਤੇ ਇਕੋ ਹੀ ਦੀਬਾਣ=ਆਸਰਾ ਰੂਪ ਹੈ ਜੇਹੜੇ ਸੱਚੇ ਗੁਰਮੁਖ ਹਨ ਓਹ। ਤਹਾ=ਓਥੇ ਸੱਚੇ ਪ੍ਰਮੇਸਰ ਵਿਚ ਲੱਗੇ ਹੋਏ ਹੀ ਸਮਾਂ ਗੁਜ਼ਾਰਦੇ ਹਨ ॥੫॥੨੧।

## ਆਸਾ ਮਹਲਾ ੧ ॥

**ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ ॥ ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ ॥ ੧ ॥**

ਹੇ ਵਾਹਿਗੁਰੂ ! ਤੇਰੀ ਕਿਰਪਾ ਬਿਨਾਂ ਇਹ ਦੇਹ ਕੱਚੀ ਗਾਗਰ ਵਾਂਗੂੰ ਹੈ। ਇਸ ਵਿਚ ਹੰਕਾਰ ਕਰਕੇ ਬੁਧੀ ਵੀ ਬੜੀ ਦੁਖੀ ਰਹਿੰਦੀ ਹੈ ਅਰ ਮੁੜ ਮੁੜ ਜਨਮ ਮਰਨ ਕਰਕੇ ਦੁਖ ਹੀ ਪਾਉਂਦੀ ਹੈ।ਇਹ ਸੰਸਾਰ ਸਮੁੰਦਰ ਬੜਾ ਔਖਾ ਹੈ ਕਿਸਤਰਾਂ ਤਰੀਏ । ਹੇ ਪ੍ਰਮੇਸ਼ਰ ਗੁਰੂ ਦੀ ਕ੍ਰਿਪਾ ਬਿਨਾ ਪਾਰ ਨਹੀਂ ਪਾਇਆ ਜਾਂਦਾ ਹੈ ।

**ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ ਤੁਝ ਬਿਨੁ ਅਵਰੁ ਨ ਕੋਇ ਹਰੇ ॥ ਸਰਬੀ ਰੰਗੀ ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥ ੧ ॥ ਰਹਾਉ ॥**

ਹੇ ਮੇਰੇ ਪਿਆਰੇ ਵਾਹਿਗੁਰੂ ਸਾਰਿਆਂ ਨੂੰ ਹਰਿਆ ਕਰਨ ਵਾਲਿਆ ਤੇਰੇ ਤੋਂ ਬਿਨਾਂ ਤਿੰਨਾਂ ਹੀ ਸਮਿਆਂ ਵਿਚ ਕੋਈ ਨਹੀਂ ਹੈ, ਸਾਰਿਆਂ ਰੰਗਾਂ ਰੂਪਾਂ ਵਿਚ ਤੂੰਹੀ ਹੈਂ ਭਾਵ ਸਾਰਿਆਂ ਜੀਵਾਂ ਵਿਚ ਤੇ ਸਾਰੇ ਕੰਮਾਂ ਦੇ ਕਰਨ ਵਿਚ ਜਿਸਦੇ ਉੱਤੇ ਤੂੰ ਕਿਰਪਾ ਦ੍ਰਿਸ਼ਟੀ ਕਰਦਾ ਹੈਂ ਉਸਨੂੰ ਬਖਸ਼ ਲੈਂਦਾ ਹੈਂ ।

**ਸਾਸੁ ਬੁਰੀ ਘਰਿ ਵਾਸੁ ਨ ਦੇਵੈਪਿਰ ਸਿਉ ਮਿਲਣ ਨ ਦੇਇ ਬੁਰੀ ॥ ਸਖੀ ਸਾਜਨੀ ਕੇ ਹਉ ਚਰਨ ਸਰੇਵਉ**

Digitized by Panjab Digital Library | www.panjabdigilib.org

**ਹਰਿ ਗੁਰ ਕਿਰਪਾ ਤੇ ਨਦਰਿ ਧਰੀ ॥ ੨ ॥**

ਬਿਅਕਲੀ ਅਵਿਦਯਾ ਰੂਪ ਸੱਸ ਬੁਰੀ ਹੈ ਜਿਹੜੀ ਰਿਦੇ ਰੂਪ ਘਰ ਵਿਚ ਮਨ ਨੂੰ ਵੱਸਣ ਨਹੀਂ ਦੇਂਦੀ, ਇਸ ਕਰਕੇ ਵੀ ਬੁਰੀ ਹੈ ਜੋ ਪਤੀ ਪਰਮੇਸ਼ਰ ਨਾਲ ਮਿਲਨ ਨਹੀਂ ਦੇਂਦੀ ਹੈ। ਮੈਂ ਪਿਆਰੀਆਂ ਸਖੀਆਂ ਸੱਜਣੀਆਂ ਭਾਵ ਸੰਤਾਂ ਦੇ ਚਰਨਾਂ ਦੀ ਸਰੇਵਉ=ਸੇਵਾ ਕਰਦੀ ਹਾਂ ਹੇ ਪਰ-ਮੇਸ਼ਰਾ ਗੁਰਾਂ ਦੀ ਕ੍ਰਿਪਾ ਨਾਲ ਤੁਸਾਂ ਮੇਰੇ ਤੇ ਕ੍ਰਿਪਾ ਦ੍ਰਿਸ਼ਟੀ ਕੀਤੀ ॥ ੨ ॥

**ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨਅਵਰੁ ਕੋਈ ॥ ਜਿਉ ਤੂੰ ਰਾਖਹਿ ਤਿਵਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ ॥੩॥**

ਮਨ ਨੂੰ ਮਾਰ ਭਾਵ ਵੱਸ ਕਰਕੇ ਆਪਣੇ ਵਿਚ, ਆਪਹੀ ਵਿਚਾਰ ਕੇ ਚੰਗੀ ਤਰਾਂ ਵੇਖ ਲਿਆ ਹੈ ਤੇਰੇ ਵਰਗਾ ਦੂਸਰਾ ਹੋਰ ਕੋਈ ਮਿਤ੍ਰ ਨਹੀਂ ਹੈ ਜਿਸਤਰਾਂ ਤੁਸੀਂ ਰੱਖੋ ਓਸੇਤਰਾਂ ਸਾਨੂੰ ਰਹਿਣਾ ਜੋਗਹੈ ਜੋ ਤੁਸੀ ਸੁਖ ਦੁਖ ਦੇਵੋਗੇ ਹੁਕਮ ਮੰਨ ਕੇ ਓਹੋ ਹੀ ਸਹਾਰਾਂਗਾ ਤੇ ਓਹ ਹੀ ਕੰਮ ਕਰਾਂਗਾ ਜੋ ਕਰਾਓਗੇ।

**ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁਗੁਣ ਆਸ ਨਿ-ਰਾਸ ਭਈ ॥ ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥ ੪ ॥**

ਆਸਾ ਕਰਨੀਆਂ ਮਨਸਾ=ਵਾਸ਼ਨਾਂ ਕਰਨੀਆਂ ਭਾਵ ਅਕਲ ਨਾਲ ਬਹੁਤ ਸੋਚਾਂ ਸੋਚਣੀਆਂ ਇਹ ਦੋਵੇਂ ਨਾਸ ਕਰਨ ਵਾਲੀਆਂ ਹਨ। ਇੱਕੁਰ ਜਾਣਕੇ ਮੇਰੀ ਅਕਲ ਜਿਥੋਂ ਤਕ ਤ੍ਰਿਗੁਣਾਂ ਵਾਲਾ ਸੰਸਾਰ ਰਚਿਆ ਹੋਇਆ ਹੈ ਭਾਵ ਜੋ ਚੰਗੇ ੨ ਪਦਾਰਥ ਹਨ ਸਭ ਤੋਂ ਨਿਰਾਸ ਹੋਈ ਹੈ। ਚੌਥੀਅਵਸਥਾ ਜਿੱਥੇ ਪ੍ਰਮੇਸ਼ਰ ਨੂੰ ਲੱਭ ਲਈਦਾ ਹੈ ਓਹ ਗੁਰੂ ਦੀ ਕਿਰਪਾ ਨਾਲ ਪਾਈ ਦੀ ਹੈ ਮੈਂ ਇੱਕੁਤ ਜਾਣਕੇ ਸੰਤਾਂ ਦੀ ਸਭਾ ਦੀ ਓਟ ਲਈ ਹੈ ॥੩॥

**ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁਹਰਿ ਹਿਰਦੈ ਅਲਖ ਅਭੇਵਾ ॥**

ਹੇ ਅਲਖ ਅਭੇਵਾ ਪ੍ਰਮੇਸ਼ਰਾ! ਜਿਸਦੇ ਦਿਲ ਵਿਚ ਤੂੰ ਹੈਂ ਉਸਨੇ ਗਿਆਨ ਧਿਆਨ ਜਪ ਤਪ ਸਾਰੇ ਸਾਧਨ ਕਰ ਲਏ ਹਨ।

**ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥ ੫ ॥ ੨੨ ॥**

Digitized by Panjab Digital Library | www.panjabdigilib.org

ਗੁਰੂ ਜੀ-ਹੇ ਪ੍ਰਮੇਸ਼ਰਾ ! ਗੁਰੂ ਦੀ ਸਿਖਜਾ ਲੈਣ ਨਾਲ ਸ਼ਾਂਤੀ ਸਹਤ ਸੇਵਾ ਕਰਕੇ ਮੇਰਾ ਮਨ ਤੇਰੇ ਨਾਮ ਵਿਚ ਰੱਤਾ ਹੈ ॥ ੫ ॥ ੨੨ ॥

## ਆਸਾ ਮਹਲਾ ੧ ਪੰਚਪਦੇ ॥

੨

< ਸੰਸਾਰ ਤੋਂ ਤਰਨ ਦਾ ਕਾਰਨ ਦੱਸਦੇ ਹਨ >

**ਮੋਹੁ ਕੁਟੰਬੁ ਮੋਹੁ ਸਭ ਕਾਰ ॥**

ਜਿੰਨਾਂ ਅਪਾਣੇ ਟੱਬਰ ਨਾਲ ਮੋਹ ਕਰਨਾਹੈਂਇਹ ਸਾਰਾ ਮੋਹੁ=ਮੂੰਹ ਉੱਤੇ ਕਾਰ=ਕਾਲਖ ਲ ਉਣ ਵਾਲਾ ਹੈ।

**ਮੋਹੁ ਤੁਮ ਤਜਹੁ ਸਗਲ ਵੇਕਾਰੁ ॥ ੧ ॥**

ਹੇ ਗੁਰਮੁਖੋ!ਜੇਹੜਾ ਸਾਰੇ ਵਿਕਾਰ ਰੂਪ ਮੋਹ ਹੈ ਇਸਨੂੰ ਤੁਸੀ ਛੱਡ ਦਿਓ।

**ਮੋਹੁ ਅਰੁ ਭਰਮੁ ਤਜਹੁ ਤੁਮ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥ ੧ ॥ ਰਹਾਉ ॥**

ਹੇ ਬੀਰ=ਭਰਾਓ ! ਮੋਹ ਅਤੇ ਭਰਮ=ਬੇਸਮਝੀ ਅਗਜਾਨਤਾ ਏਹਨਾਂ ਦੋਹਾਂ ਨੂੰ ਛੱਡ ਦਿਓ ।ਜੇਹੜਾ ਸਾਰਿਆਂ ਥਾਵਾਂ ਜੀਆਂ ਵਿਚ ਫੈਲਿਆ ਹੈ ਉਸੇ ਸੱਚੇ ਨਾਮ ਨੂੰਦਿਲ ਭਾਵ ਪਰਾ ਬਾਣੀ ਨਾਲ ਅਤੇ ਸਰੀਰ ਭਾਵ ਬੈਖਰੀ ਬਾਣੀ ਨਾਲ ਜਪੋ ।

**ਸਚੁ ਨਾਮੁ ਜਾ ਨਵਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥ ੨ ॥**

ਜਦੋਂ ਸੱਚ ਨਾਮ ਰੂਪ ਨੌਨਿਧੀ ਆਦਮੀ ਨੇ ਪਾ ਲਈ ਤੇ ਤਾਂ ਮਨ ਰੂਪ ਪੁੱਤਰ ਪਦਾਰਥਾਂ ਵ ਸਤੇ ਰੋਂਦਾ ਨਹੀਂ ਹੈ ਤੇ ਮਾਈ=ਬੁਧੀ ਵੀ ਕਲਪਦੀ ਨਹੀਂ ਹੈ ਜਾਂ ਮਾਈ=ਮਾਇਆ ਦੇ ਕਲਪੇ ਹੋਇ ਪਦਾਰਥ ਜਾਣਦਾ ਹੈ ।

**ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥ ੩ ॥**

ਇਸ ਮੋਹ ਕਰਕੇ ਸਾਰਾ ਸੰਸਾਰ ਡੁਬਾ ਹੋਇਆ ਹੈ ਕੋਈ ਗੁਰਮੁਖ ਹੀ ਪਾਰ ਉਤਰਦਾ ਹੈ ॥ ੩ ॥

**ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥ ੪ ॥**

ਏਸੇ ਮੋਹ ਕਰਕੇ ਫਿਰ ਚੁਰਾਸੀ ਲੱਖ ਜੂਨੀਆਂ ਵਿਚ ਪਾਇਆ ਜਾਂਦਾ ਹੈ ਏਸੇ ਮੋਹ ਵਿਚ ਲੱਗਾ ਹੋਇਆ ਆਦਮੀ ਜਮ ਪੁਰ ਨੂੰ ਜਾਂਦਾ ਹੈ ॥੪॥

Digitized by Panjab Digital Library | www.panjabdigilib.org

**ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥ ੫ ॥**

ਜੇਹੜੇ ਗੁਰੂ ਦੀ ਸਿੱਖਿਆ ਲੈਕੇ ਜਪ ਤਪ ਨਹੀਂ ਕਮਾਉਂਦੇ ਹਨ ਨਾ ਓਹਨਾਂ ਦਾ ਮੋਹ ਰੂਪ ਬੰਧਨ ਟੁੱਟਦਾ ਹੈ ਅਤੇ ਨ ਓਹ ਅਸਲੀ ਥਾਂ ਵਾਹਿਗੁਰੂ ਨੂੰ ਪਾਉਂਦੇ ਹਨ ਜਾਂ ਗੁਰ ਉਪਦੇਸ਼ ਨਾਲ ਮੋਹ ਟੁੱਟਦਾ ਹੈ ਹੋਰ ਕਿਸੇ ਤਰਾਂ ਨਹੀਂ ਹੈ ॥

**ਨਦਰਿ ਕਰੇ ਤਾ ਏਹੁ ਮੋਹੁ ਜਾਇ ॥**

ਜਦੋਂ ਗੁਰੂ ਜੀ ਕਿਰਪਾ ਦ੍ਰਿਸ਼ਟੀ ਕਰਨ ਤੇ ਤਾਂ ਇਹ ਮੋਹ ਚਲਿਆ ਜਾਂਦਾ ਹੈ ।

**ਨਾਨਕ ਹਰਿ ਸਿਉ ਰਹੈ ਸਮਾਇ ॥ ੬ ॥ ੨੩ ॥**

ਗੁਰੂ ਜੀ ਤਾਂ ਇਹ ਆਦਮੀ ਪ੍ਰਮੇਸਰ ਦੇ ਨਾਲ ਮਿਲ ਜਾਂਦਾ ਹੈ ॥੬॥੨੩॥

## ਆਸਾ ਮਹਲਾ ੧ ॥

ਸਨਮੁਖ ਬੇਨਤੀ

**ਆਪਿ ਕਰੇ ਸਚੁ ਅਲਖ ਅਪਾਰੁ ॥ ਹਉ ਪਾਪੀ ਤੂੰ ਬਖਸਣਹਾਰੁ ॥ ੧ ॥**

ਹੇ ਸੱਚੇ ਅਲੱਖ ਅਪਾਰ ਸਭ ਕੁਛ ਤੂੰ ਆਪ ਹੀ ਕਰਦਾ ਹੈਂ ਮੈਂ ਪਾਪੀ ਹਾਂ ਤੂੰ ਬਖਸ਼ਨ ਵਾਲਾ ਹੈਂ ॥

**ਤੇਰਾ ਭਾਣਾ ਸਭੁ ਕਿਛੁ ਹੋਵੈ ॥ ਮਨ ਹਠਿ ਕੀਚੈ ਅੰਤਿ ਵਿਗੋਵੈ ॥ ੧ ॥ ਰਹਾਉ ॥**

ਹੇ ਅਕਾਲ ਪੁਰਖ ਜੇਹੜਾ ਤੇਰਾ ਭਾਣਾ ਹੈ ਇਸ ਵਿਚ ਸਭ ਕੁਛ ਹੁੰਦਾ ਹੈ, ਜਹੜੇ ਕਰਮ ਮਨਦੇ ਹਠ ਨਾਲ ਕਰੀਏ ਓਹ ਅੰਤ ਨੂੰ ਖਰਾਬ ਕਰਦੇ ਹਨ। ਵਿਗੋਵੈ=ਖਰਾਬ ॥

**ਮਨਮੁਖ ਕੀਮਤਿ ਕੂੜ ਵਿਆਪੀ ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ॥ ੨ ॥**

ਪ੍ਰਮੇਸ਼ਰ ਤੋਂ ਬੇਮੁਖ ਹੋਕੇ ਮਨਮੁਖਾਂ ਦੀ ਅਕਲ ਝੂਠ ਵਿਚ ਵਿਆਪੀ ਹੋਈ ਹੈ। ਪ੍ਰਮੇਸ਼ਰ ਦੇ ਸਿਮਰਨ ਤੋਂ ਬਿਨਾ ਪਾਪਾਂ ਕਰਕੇ ਬਹੁਤ ਤਪਦੀ ਹੈ ।

**ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ॥ ਜੋ ਉਪਜੈ**

Digitized by Panjab Digital Library | www.panjabdigilib.org

**ਸੋ ਅਲਖ ਅਭੇਵਹੁ ॥ ੩ ॥**

ਖੋਟੀ ਅਕਲ ਨੂੰ ਛੱਡਕੇ ਪ੍ਰਮੇਸ਼ਰ ਦੇ ਨਾਮ ਦਾ ਕੁਛ ਲਾਭ ਲਵੋ, ਜੇਹੜਾ ਸੰਸਾਰ ਪੈਦਾ ਹੁੰਦਾ ਹੈ ਇਹ ਸਾਰਾ ਅਲੱਖ ਅਭੇਵਾ ਹਰੀ ਦਾ ਰੂਪ ਜਾਣੋ।

**ਐਸਾ ਹਮਰਾ ਸਖਾ ਸਹਾਈ ॥ ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥ ੪ ॥**

ਇੱਕੁਰ ਦਾ ਵਾਹਿਗੁਰੂ ਸਖਾ=ਮਿਤ੍ਰ ਸਾਡਾ ਸਹਾਈ ਹੈ, ਜਦੋਂ ਗੁਰਾਂ ਨੇ ਭਗਤੀ ਪੱਕੀ ਕਰਾਈ ਤਾਂ ਓਹ ਛੇਤੀ ਨਾਲ ਹੀ ਮਿਲ ਪਿਆ।

**ਸਗਲੀ ਸਉਦੀ ਤੋਟਾ ਆਵੈ ॥ ਨਾਨਕ ਰਾਮ ਨਾਮੁ ਮਨਿ ਭਾਵੈ ॥ ੫ ॥ ੨੪ ॥**

ਸਾਰਿਆਂ ਸੌਦਿਆਂ ਵਿਚ ਘਾਟਾ ਆਉਂਦਾ ਹੈ ਗੁਰੂ ਜੀ ਇਸ ਲਈ ਮੇਰੇ ਮਨ ਨੂੰ ਪ੍ਰਮੇਸਰ ਦਾ ਨਾਮ ਹੀ ਚੰਗਾ ਲੱਗਦਾ ਹੇ ॥ ੫ ॥

## ਆਸਾ ਮਹਲਾ ੧ ਚਉਪਦੇ ॥

੪

(ਨਾਮ ਦੀ ਵਡਿਆਈ ਹੈ)

**ਵਿਦਿਆ ਵੀਚਾਰੀ ਤਾਂ ਪਰ ਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥ ੧ ॥**

ਓਹੋ ਹੀ ਵਿਦਯਾ ਵਿਚਾਰੀ ਹੋਈ (ਭਾਵ ਪੜ੍ਹਕੇ ਅਰਥਾਂ ਨੂੰ ਸਮਝਿਅ ਹੋਇਆ ਹੋਵੇ) ਸਫਲ ਹੈ ਜੋ ਆਦਮੀ ਵਿਦਿਆ ਵਾਲਾ ਪਰਉਪਕਾਰ ਕਰਨ ਵਾਲਾ ਹੋਵੇ, ਤੀਰਥਾਂ ਉਤੇ ਰਹਿਣ ਵਾਲਾ ਤਾਂ ਹੀ ਚੰਗਾ ਹੋ ਸਕਦਾ ਹੈ ਜੇ ਪੰਜ ਕਾਮ ਆਦਕਾਂ ਤੋਂ ਮਨ ਰਾਸੀ=ਸੱਚਾ ਭਾਵ ਰਹਿਤ ਹੋਏ।

**ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥ ੧ ॥ ਰਹਾਉ ॥**

ਪੈਰਾਂ ਨਾਲ ਬੰਨ੍ਹਕੇ ਘੁੰਘਰੂ ਵਜਾਉਣੇ ਤਾਂ ਹੀ ਸਫਲ ਹਨ ਜੇ ਮਨ ਪ੍ਰਮੇਸ਼ਰ ਨਾਲ ਲਗ ਜਾਵੇ ਤਾਂ ਅੱਗੇ ਜਮ ਮੇਰੇ ਨਾਲ ਕੀ ਕਰੇਗਾ ਭਾਵ ਪ੍ਰਲੋਕ ਵਿਚ ਦੁਖ ਨਹੀਂ ਦੇਵੇਗਾ।

**ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥ ੨ ॥**

ਸਾਰੀਆਂ ਆਸਾਂ ਤੋਂ ਨਿਰਾਸ ਹੋ ਜਾਵੇ ਤੇ ਤਾਂ ਸੰਨਯਾਸੀ ਹੋ ਸਕਦਾ ਹੈ

Digitized by Panjab Digital Library | www.panjabdigilib.org

ਜਤ ਰਖਣ ਵਾਲਾ ਅਤੇ ਜੋਗੀ ਤਾਂ ਹੀ ਚੰਗਾ ਹੈ ਜੇ ਦੇਹ ਦੇ ਅੰਦਰ ਹੀ ਪ੍ਰਮੇਸ਼ਰ ਦੇ ਅਨੰਦ ਲੈਣ ਵਾਲਾ ਹੋਵੇ, ਕਾਇਆਂ ਦਾ ਭੋਗੀ ਆਖਣ ਦਾ ਭਾਵ ਇਹ ਹੈ ਕਿ ਦੇਹ ਨੂੰ ਖਾਣ ਭਾਵ ਦੁਖ ਦੇਕੇ ਪ੍ਰਮੇਸ਼ਰ ਦੇ ਪਾਸੇ ਲਾਉਣਾ।

**ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥ ੩ ॥**

ਦਿਗੰਬਰ='ਦਿਸ਼ਾ ਹੀ ਜਿਸਦਾ ਕਪੜਾ ਹੋਵੇ, ਭਾਵ ਨੰਗਾ ਆਦਮੀ ਤਾਂ ਹੀ ਹੋ ਸਕਦਾ ਹੈ ਜੇਹੜਾ ਮਨੁਖ ਦੇਹ ਨੂੰ ਪਾਕੇ ਸਾਰਿਆਂ ਜੀਆਂ ਉਤੇ ਦਯਾ ਦਾ ਵਿਚਾਰਨ ਵਾਲਾ ਹੋਵੇ ਭਾਵ ਦਯਾ ਕਰੇ, ਆਪ ਮਰ ਜਾਵੇ ਭਾਵ ਆਪਣੇ ਆਪ ਉਤੇ ਦੁਖ ਸਹਾਰ ਲਵੇ, ਪਰ ਹੋਰਨਾਂ ਜੀਵਾਂ ਨੂੰ ਦੁਖ ਨ ਦੇਵੇ ਕਿਸੇ ਜੀਵ ਨੂੰ ਨ ਮਾਰੇ।

**ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥ ੪ ॥ ੨੫ ॥**

ਹੋਰ ਵੇਸ ਭਾਵ ਭੇਖ ਬਹੁਤ ਸਾਰੇ ਹਨ ਸੋ ਓਹਨਾਂ ਭੇਖਾਂ ਵਿੱਚ ਇੱਕ ਤੂੰ ਆਪਹੀ ਹੈਂ, ਗੁਰੂ ਜੀ=ਤੇਰੇ ਤਮਾਸ਼ੇ ਜਾਣੇ ਨਹੀਂ ਜਾਂਦੇ ਹਨ ॥੪॥੨੫॥

## ਆਸਾ ਮਹਲਾ ੧ ॥

( ਇਸਤ੍ਰੀ ਰੂਪ ਜਿੰਦ ਦੀ ਪਤੀ ਪ੍ਰਮੇਸ਼ਰ ਪਾਸ ਬੇਨਤੀ ਹੈ )

**ਏਕ ਨ ਭਰੀਆ ਗੁਣ ਕਰਿ ਧੋਵਾ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥ ੧ ॥**

ਮੈਂ ਇਕ ਪਾਪ ਨਾਲ ਭਰੀ ਹੋਈ ਨਹੀਂ ਹਾਂ ਜੋ ਕਿਸੇ ਗੁਣ ਨਾਲ ਉਸ ਪਾਪ ਨੂੰ ਧੋਕੇ ਸੁੱਧ ਹੋ ਜਾਵਾਂ ਭਾਵ ਮੇਰੇ ਵਿਚ ਬਹੁਤ ਪਾਪ, ਦੋਸ਼ ਹਨ, ਮੇਰਾ ਪਤੀ ਜਾਗਦਾ ਹੈ ਮੈਂ ਰਾਤ ਨੂੰ ਭਰਕੇ ਭਾਵ ਬਹੁਤ ਹੀ ਸੌਣਾਂ ਕਰਦੀ ਹਾਂ ਭਾਵ ਪ੍ਰਮੇਸ਼ਰ ਮੇਰੇ ਅੰਦਰ ਹੈ ਪਰ ਮੈਂ ਨਹੀਂ ਜਾਣਦੀ ਹਾਂ।

**ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ ਜਾਗੈ ਹਉ ਨਿਸ ਭਰਿ ਸੋਵਾ ॥ ੧ ॥ ਰਹਾਉ ॥**

ਇੱਕੁਰ ਕਿੱਕੁਰ ਪਤੀ ਨੂੰ ਪਿਆਰੀ ਹੋਵਾਂਗੀ ਮੇਰਾ ਮਾਲਕ ਜਾਗਦਾ ਰਹਿੰਦਾ ਹੈ ਅਰ ਮੈਂ ਰਾਤ ਭਰ ਸੁੱਤੀ ਰਹਿੰਦੀ ਹਾਂ ॥੧॥

**ਆਸ ਪਿਆਸੀ ਸੇਜੈ ਆਵਾ ॥ ਆਗੈ ਸਹ ਭਾਵਾ**

Digitized by Panjab Digital Library | www.panjabdigilib.org

**ਕਿ ਨ ਭਾਵਾ ॥ ੨ ॥**

ਮਿਲਨ ਦੀ ਆਸ਼ਾ ਕਰਕੇ ਪਿਆਸੀ ਹੋਈ ੨ ਸਰਧਾ ਰੂਪ ਸੇਜ ਉੱਤੇ ਆਉਂਦੀ ਹਾਂ ਤਾਂ ਵੀ ਅਗਲੇ ਪਾਪਾਂ ਕਰਕੇ ਦਿਲ ਵਿਚ ਡਰ ਰਹਿੰਦਾ ਹੈ ਕਿ ਮੈਂ ਖਬਰੇ ਪਤੀ ਨੂੰ ਚੰਗੀ ਲੱਗਾਂ ਕਿ ਨ ਲੱਗਾਂ।

**ਕਿਆ ਜਾਨਾ ਕਿਆ ਹੋਇਗਾ ਰੀ ਮਾਈ॥ਹਰਿ ਦਰ· ਸਨੁ ਬਿਨੁ ਰਹਨੁ ਨ ਜਾਈ ॥ ੧ ॥ ਰਹਾਉ ॥**

ਹੇ ਮਾਈ ਭਾਵ ਸੰਤੋ! ਮੈਂ ਕੀ ਜਾਣਾਂ ਕਿ ਮੇਰਾ ਕੀ ਹਾਲ ਹੋਵੇਗਾ, ਪ੍ਰਮੇਸ਼ਰ ਦੇ ਦਰਸ਼ਨ ਬਿਨਾਂ ਮੇਰੇ ਪਾਸੋਂ ਰਿਹਾ ਨਹੀਂ ਜਾਂਦਾ ਹੈ।

**ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ॥ ਗਇਆ ਸੁ ਜੋਬਨੁ ਧਨ ਪਛੁਤਾਨੀ ॥ ੩ ॥**

ਮੈਂ ਪ੍ਰੇਮ ਰਸ ਨਹੀਂ ਚਖਿਆ ਹੈ ਇਸ ਲਈ ਮੇਰੀ ਤੇਹ ਨਹੀਂ ਬੁਝੀ, ਜਦੋਂ ਸਾਰੀ ਜੁਆਨੀ ਐਵੇਂ ਹੀ ਚਲੀ ਗਈ ਤਾਂ ਇਸਤ੍ਰੀ ਬਹੁਤ ਪਛਤਾਵ, ਕਰੇਗੀ ਭਾਵ ਮਨੁਖਾ ਜਨਮ ਗੁਜ਼ਰ ਜਾਣ ਤੇ ਰੋਵੇਗੀ।

**ਅਜੈ ਸੁ ਜਾਗਉ ਆਸਪਿਆਸੀ ॥ ਭਈ ਲੇਉਦਾਸੀ ਰਹਉ ਨਿਰਾਸੀ ॥ ੧ ॥ ਰਹਾਉ ॥**

ਅਜੇ ਵੀ ਮੈਂ ਮਿਲਨ ਦੀ ਆਸ਼ਾ ਦੀ ਪਿਆਸੀ ਹੋਈ ੨ ਜਾਗਦੀ ਹਾਂ, ਉਦਾਸ ਹੋਈ ੨ ਸੰਸਾਰ ਤੋਂ ਨਿਰਾਸ ਰਹਿੰਦੀ ਹਾਂ।

**ਹਉਮੈ ਖੋਇ ਕਰੇ ਸੀਗਾਰੁ॥ਤਉ ਕਾਮਣਿ ਸੇਜੈ ਰਵੈ ਭਤਾਰੁ॥੪॥**

ਹੰਕਾਰ ਨੂੰ ਦੂਰ ਕਰਕੇ ਜਦੋਂ ਸਤ ਸੰਤੋਖ ਚੰਗਿਆਂ ਗੁਣਾਂ ਦਾ ਸ਼ਿੰਗਾਰ ਕਰੇ, ਤਾਂ ਜੀਵ ਰੂਪ ਇਸਤ੍ਰੀ ਦੀ ਸੇਜਾ ਉੱਤੇ ਪਤੀ ਰਸ ਦਾ ਭਾਵ ਪ੍ਰਗਟ ਹੋਕੇ ਅਨੰਦ ਦੇਂਦਾ ਹੈ।

**ਤਉ ਨਾਨਕ ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ ਖਸਮ ਸਮਾਵੈ ॥ ੧ ॥ ਰਹਾਉ ॥ ੨੬ ॥**

ਗੁਰੂ ਜੀ ਆਂ ਇੰਞ ਰ ਇਸਤ੍ਰੀ ਪਤੀ ਨੂੰ ਚੰਗੀ ਲਗਦੀ ਹੈ ਆਪਣੀ ਵਡਿਆਈ ਛੱਡਕੇ ਅਪਣੇ ਪਤੀ ਦੇ ਨਾਲ ਹੀ ਮਿਲ ਜਾਂਦੀ ਹੈ ॥ ੨੬ ॥

**ਆਸਾ ਮਹਲਾ ੧ ॥**

**ਪੇਵਕੜੈ ਧਨ ਖਰੀ ਇਆਣੀ ॥ ਤਿਸੁ ਸਹ ਕੀ ਮੈ**

Digitized by Panjab Digital Library | www.panjabdigilib.org

**ਸਾਰ ਨ ਜਾਣੀ ॥ ੧ ॥**

ਮੈਂ ਇਸਤ੍ਰੀ ਨੇ ਪਿਤਾ ਦੇ ਘਰ ਵਿਚ ਭਾਵ ਇਸ ਲੋਕ ਵਿਚ ਰਹਿਕੇ ਬਹੁਤ ਹੀ ਬੇਸਮਝ ਮੂਰਖਤਾ ਵਿਚ ਭਰੀ ਰਹੀ ਹਾਂ, ਮੈਂ ਉਸ ਮਾਲਕ ਪਤੀ ਦੇ ਗੁਣਾਂ ਦੀ ਕਦਰ ਨਹੀਂ ਜਾਂਣੀ ਹੈ ।

**ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥ ਨਦਰਿ ਕਰੇ ਮੇਲਾਵਾ ਹੋਈ ॥ ੧ ॥ ਰਹਾਉ ॥**

ਮੇਰਾ ਮਾਲਕ ਇਕ ਹੈ ਉਸ ਵਰਗਾ ਹੋਰ ਦੂਸਰਾ ਕੋਈ ਨਹੀਂ ਹੈ ਜੇ ਓਹ ਕਿਰਪਾ ਦੀ ਨਜ਼ਰ ਕਰਦਾ ਹੈ ਤਾਂ ਮਿਲਾਪ ਹੁੰਦਾ ਹੈ ।

**ਸਾਹੁਰੜੈ ਧਨ ਸਾਚੁ ਪਛਾਣਿਆ ॥ ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥ ੨ ॥**

ਜਿਸ ਧਨ=ਇਸਤ੍ਰੀ ਨੇ ਸਾਹੁਰੇ ਭਾਵ ਪ੍ਰਲੋਕ ਦਾ ਜਾਣਾ ਭਾਵ ਮਰ ਜਾਣਾਂ ਸੱਚਾ ਕਰਕੇ ਪਛਾਣਿਆਂ ਹੈ ਜਾਂ ਪਰਲੋਕ ਦੇ ਸੁਖ ਵਾਸਤੇ ਸੱਚ ਸਰੂਪ ਨੂੰ ਸਮਝਿਆ ਹੈ ਉਸਨੇ ਸਹਿਜ ਸੁਭਾਇ ਹੀ ਆਪਣਾ ਮਾਲਕ ਸਮਝ ਲਿਆ ਹੈ ਜੋ ਉਸ ਬਿਨਾਂ ਹੋਰ ਕੋਈ ਨਹੀਂ ।

**ਗੁਰ ਪਰਸਾਦੀ ਐਸੀ ਮਤਿ ਆਵੈ ॥ ਤਾਂ ਕਾਮਣਿ ਕੰਤੈ ਮਨਿ ਭਾਵੈ ॥ ੩ ॥**

ਗੁਰੂ ਦੀ ਕਿਰਪਾ ਨਾਲ ਜਦੋਂ ਇੱਕੁਰ ਦੀ ਅਕਲ ਆ ਜਾਵੇ ਤਾਂ ਓਹ ਇਸਤਰੀ ਆਪਣੇ ਮਾਲਕ ਦੇ ਮਨ ਵਿਚ ਚੰਗੀ ਲੱਗਦੀ ਹੈ ।

**ਕਹਤੁ ਨਾਨਕੁ ਭੈ ਭਾਵ ਕਰੇ ਸੀਗਾਰੁ ॥ ਸਦ ਹੀ ਸੇਜੈ ਰਵੈ ਭਤਾਰੁ ॥ ੪ ॥ ੨੭ ॥**

ਗੁਰੂ ਜੀ ਜਦੋਂ ਓਹ ਇਸਤਰੀ ਡਰ ਅਤੇ ਪਰੇਮ ਦਾ ਸ਼ਿੰਗਾਰ ਕਰੇ ਤਾਂ ਪਤੀ ਉਸਦੀ ਸੇਜਾ ਉੱਤੇ ਸਦਾ ਹੀ ਰਮਣ ਕਰਦਾ ਹੈ ਭਾਵ ਦਰਸ਼ਨ ਦੇਂਦਾ ਹੈ ॥ ੪ ॥ ੨੭ ॥

## ਆਸਾ ਮਹਲਾ ੧ ॥

**ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥ ੧ ॥**

ਹੇ ਵਾਹਿਗੁਰੂ ਨ ਕਿਸੇ ਦਾ ਕੋਈ ਪੁਤ ਹੈ ਨ ਕਿਸੇ ਦੀ ਕੋਈ ਮਾਂ ਹੈ

Digitized by Panjab Digital Library | www.panjabdigilib.org

ਝੂਠੇ ਮੋਹ ਕਰਕੇ ਦੁਨੀਆਂ ਭਰਮ ਵਿਚ ਭੁੱਲੀ ਫਿਰਦੀ ਹੈ।

**ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥ ੧ ॥ ਰਹਾਉ ॥**

ਹੇ ਮੇਰੇ ਮਾਲਕਾ ! ਮੈਂ ਤੇਰਾ ਬਣਾਯਾ ਹੋਇਆ ਆਦਮੀ ਹਾਂ, ਜਦੋਂ ਤੂੰ ਗੁਰਾਂ ਦੁਆਰੇ ਅਪਣਾ ਨਾਮ ਦੇਂਦਾ ਹੈਂ ਤਾਂ ਮੈਂ ਜਪਦਾ ਹਾਂ।

**ਬਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥ ੨ ॥**

ਬਹੁਤੇ ਸਾਰੇ ਔਗਣ ਕਰਕੇ ਜੇ ਕੋਈ ਤੇਰੇ ਪਾਸ ਪੁਕਾਰ ਕਰੇ ਭਾਵ ਹਾਲਦੁਹਾਈ ਪਾਵੇ, ਪਰ ਹੇ ਮਾਲਕਾ ਜੇ ਤੈਨੂੰ ਉਸਦਾ ਆਖਣਾ ਚੰਗਾ ਲੱਗ ਜਾਵੇ ਤੇ ਤਾਂ ਤੂੰ ਓਸਨੂੰ ਬਖਸ਼ ਲੈਂਦਾ ਹੈਂ।

**ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾਂ ਤਹ ਏਕੋ ਸੋਈ ॥ ੩ ॥**

ਗੁਰਾਂ ਦੀ ਕਿਰਪਾ ਨਾਲ ਜਦੋਂ ਖੋਟੀ ਅਕਲ ਨਾਸ ਕੀਤੀ ਤਦੋਂ ਜਿੱਥੇ ਵੇਖਦਾ ਹਾਂ ਓਥੇ ਤੂੰ ਆਪਹੀ ਦੀਂਹਦਾ ਹੈਂ।

**ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥ ੪ ॥ ੨੯ ॥**

ਗੁਰੂ ਜੀ ਜਦੋਂ ਇੱਕੁਰ ਦੀ ਅਕਲ ਆਉਂਦੀ ਹੈ ਹੇ ਸੱਚੇ ਤਾਂ ਕੋਈ ਤੇਰੇ ਸੱਚੇ ਰੂਪ ਵਿਚ ਮਿਲ ਜਾਂਦਾ ਹੈ ॥ ੪ ॥ ੨੯ ॥

## ਆਸਾ ਮਹਲਾ ੧ ਦੁਪਦੇ ॥

**ਤਿਤੁ ਸਰਵਰੜੈ ਭਈ ਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ ਪੰਕਜੁ ਮੋਹਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਆਲੇ ॥ ੧ ॥**

ਹੇ ਭਰਾ ! ਜਿਸ ਸੰਸਾਰ ਸਮੁੰਦਰ ਵਿਚ ਉਸ ਪਰਮੇਸ਼ਰ ਨੇ ਪਾਣੀ ਭਾਵ ਸ਼ਬਦ ਸਪਰਸ ਰੂਪ ਰਸ ਗੰਧ ਅਤੇ ਪਾਵਕ=ਅੱਗ ਭਾਵ ਆਸਾ ਤ੍ਰਿਸ਼ਨਾਂ ਨੂੰ ਪੈਦਾ ਕੀਤਾ ਹੈ ਉਸ ਵਿਚ ਤੇਰਾ ਆ ਕੇ ਟਿਕਾਣਾ ਹੋਇਆ ਹੈ, ਭਾਵ ਤੂੰ ਜੰਮਿਆਂ ਹੈਂ ਮੋਹ ਰੂਪ ਚਿੱਕੜਹੈ ਉਸ ਵਿਚ ਅਕਲ ਰੂਪ ਪੈਰ ਨਹੀਂ ਚੱਲ ਸੱਕਦਾ ਹੈ ਭਾਵ ਪ੍ਰਮੇਸਰ ਵੱਲ ਨਹੀਂ ਜਾਇਆ ਜਾਂਦਾ ਹੈ,ਅਸਾਂ ਇਸ ਸਰੋਵਰ

Digitized by Panjab Digital Library | www.panjabdigilib.org

ਵਿਚ ਅਨੇਕਾਂ ਆਦਮੀਆਂ ਨੂੰ ਡੁਬਦਿਆਂ ਵੇਖਿਆ ਹੈ।

**ਮਨ ਏਕੁ ਨ ਚੇਤਸਿ ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥**

ਹੇ ਮਨ ਮੂਰਖ ਤੂੰ ਇਕ ਵਾਹਿਗੁਰੂ ਨੂੰ ਕਿਉਂ ਨਹੀਂ ਯਾਦ ਕਰਦਾ। ਵਾਹਿਗੁਰੂ ਨੂੰ ਭੁਲਣ ਨਾਲ ਜਿਤਨਿਆਂ ਤੇਰਿਆਂ ਗੁਣਾਂ ਦਾ ਅਕੱਠ ਤੇਰੇ ਵਿਚ ਹੈ ਸਾਰਾ ਹੀ ਗਲ ਜਾਵੇਗਾ,(ਕਈ ਗੁਣ ਦਾ ਅਰਥ ਰੱਸਾ, ਤੇ ਗਲਿਆਂ ਦਾ ਅਰਥ ਗਲ,ਗਰਦਨ ਵੀ ਕਰਦੇ ਹਨ।)

**ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥ ਪ੍ਰਣਵਤਿ ਨਾਨਕ ਤਿਨ੍ਹਕੀ ਸਰਣਾ ਜਿਨ੍ਹ ਤੂੰ ਨਾਹੀ ਵੀਸਰਿਆ ॥ ੨ ॥ ੨੯ ॥**

ਹੇ ਪ੍ਰਮੇਸ਼ਰ! ਨ ਮੈਂ ਜਤੀ ਹਾਂ ਨ ਸੱਚਾ ਹਾਂ ਨ ਪੜ੍ਹਿਆ ਹੋਇਆ ਹਾਂ, ਮੈਂ ਮੂਰਖ ਦਾ ਅਗਜਾਨ ਕਰਕੇ ਜਨਮ ਬਿਅਰਥ ਹੋਯਾਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਜਿਨ੍ਹਾਂ ਸੰਤਾਂ ਨੂੰ ਤੂੰ ਕਦੀ ਵੀ ਭੁੱਲਦਾ ਨਹੀਂ ਹੈ ਮੈਂ ਓਹਨਾਂ ਦੀ ਸ਼ਰਨ ਪਿਆ ਹਾਂ* ॥ ੨ ॥ ੨੯ ॥

## ਆਸਾ ਮਹਲਾ ੧ ॥

**ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥ ੧ ॥**

†ਛੇ ਸ਼ਾਸਤ੍ਰ ਹਨ ਛੇ ਓਹਨਾਂ ਦੇ ਕਰਤਾ ਹਨ ਛੇ ਤਰਾਂ ਦਾ ਓਹਨਾਂ ਦਾ ਉਪਦੇਸ਼ ਹੈ, ਸਾਰਿਆਂ ਓਹਨਾਂ ਕਰਤਿਆਂ ਭਾਵ ਗੁਰੂਆਂ ਦਾ ਗੁਰੂ ਇਕ ਪਰਮੇਸਰ ਹੈ ਅਤੇ ਅਨੇਕ ਤਰਾਂ ਦੇ ਰੂਪ ਉਸਦੇ ਲੋਕਾਂ ਨੇ ਦੱਸੇਹਨ ਜਾਂ ਸਰੀਰਾਂ ਦੇ ਸਾਰੇ ਵੇਸ ਉਸਦੇ ਹਨ।

**ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਹਿ ॥ ੧ ॥ ਰਹਾਉ ॥**

ਜਿਸ ਘਰ=ਸ਼ਾਸਤ੍ਰ ਵਿਚ ਕਰਤੇ ਦਾ ਕੀਰਤਨ=ਜਸ ਹੋਵੇ ਉਸ ਵਿਚ ਤੂੰ ਆਪਣੇ ਮਨ ਨੂੰ ਰੱਖ, ਭਾਵ ਉਸ ਪੁਸਤਕ ਨੂੰ ਸੁਣ ਇਸ ਵਿਚ ਤੇਰੀ ਵਡਿਆਈ ਹੋਵੇਗੀ ਜਾਂ ਹੇ ਕਰਤੇ! ਜਿਸ ਘਰ=ਸਤਸੰਗ ਵਿਚ ਤੇਰਾ ਜੱਸ

*ਇਸਦਾ ਅਰਥ ਵਿਸ੍ਤਾਰ ਨਾਲ ਪਹਿਲੀ ਸੈਂਚੀ ਵਿਚ ਕੀਤਾ ਹੈ।

†ਇਸਦਾ ਅਰਥ ਵਿਸਤਾਰ ਨਾਲ ਪਹਿਲੀ ਸੈਂਚੀ ਵਿਚ ਵੇਖੋ।

Digitized by Panjab Digital Library | www.panjabdigilib.org

ਹੁੰਦਾ ਹੈ ਓਥੇ ਮੈਨੂੰ ਰੱਖ ਮੈਂ ਤੇਰੀ ਵਡਿਆਈ ਕਰਾਂਗਾ।

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥ ੨ ॥ ੩੦ ॥

੧੫ ਵਾਰ ਅੱਖਾਂ ਨੂੰ ਮੀਟੀਏ ਉਘਾੜੀਏ ਤਾਂ ਉਸਦਾ ਨਾਮ ਵਿਸਾ ਹੈ ਅਤੇ ੧੫ ਵਿਸਿਆਂ ਦਾ ਨਾਮ ਚਸਾ ਹੈ ੩੦ ਚਸਿਆਂ ਦਾ ਇਕ ਪਲ ਹੁੰਦਾ ਹੈ ੬੦ ਪਲਾਂ ਦੀ ਇਕ ਘੜੀ ਹੁੰਦੀ ਹੈ ਅਰ ਅੱਠਾਂ ਘੜੀਆਂ ਦਾ ਇਕ ਪਹਿਰ ਹੁੰਦਾ ਹੈ, ਅੱਠਾਂ ਪਹਿਰਾਂ ਦਾ ਦਿਨ ਰਾਤ ਹੁੰਦਾ ਹੈ ੧੫ ਥਿਤਾਂ ੧੨ ਮਹੀਨੇ ੬ ਰੁੱਤਾਂ ਹਨ ਪਰ ਇਕ ਸੂਰਜ ਦੇ ਇਹ ਸਾਰੇ ਭੇਦ ਹਨ ਭਾਵ ਸੂਰਜ ਦੇ ਚੜ੍ਹਨ ਡੁਬਣ ਨਾਲ ਇਹ ਸਭ ਹੁੰਦੇ ਹਨ। ਵਾਸਤਵ ਵਿਚ ਸੂਰਜ ਇਕ ਹੈ ਗੁਰੂ ਜੀ ਆਖਦੇ ਹਨ ਇੱਕੁਰ ਹੀ ਪਰਮੇਸ਼ਰ ਇਕ ਹੈ ਉਸਦੇ ਵੇਸ ਅਨੇਕ ਹਨ॥੨॥੩੦॥

## ੧ ਓ ਸਤਿਗੁਰਪ੍ਰਸਾਦਿ ॥

〈 ਪ੍ਰਮੇਸਰ ਤੋਂ ਬੇਮੁਖ ਹੋਣ ਨਾਲ ਸਾਰੇ ਪਦਾਰਥ ਬਿਅਰਥ ਹਨ 〉

## ਆਸਾ ਘਰੁ ੩ ਮਹਲਾ ੧ ॥

ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥ ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ ॥ ੧ ॥

ਲੱਖਾਂ ਹੀ ਫੌਜਾਂ ਹੋਣ, ਲੱਖਾਂ ਹੀ ਵਾਜੇ ਹੋਣ ਲੱਖਾਂ ਹੀ ਨੇਜੇ ਵਰਗੇ ਸ਼ਸਤ੍ਰ ਹੋਣ ਅਤੇ ਲੱਖਾਂ ਹੀ ਅਗੋਂ ਉੱਠਕੇ ਸਲਾਮ ਕਰਦੇ ਹੋਣ, ਲੱਖਾਂ ਆਦਮੀਆਂ ਉੱਤੇ ਤੇਰੀ ਆਗਜਾ ਹੋਵੇ, ਲੱਖਾਂ ਹੀ ਆਦਮੀ ਅੱਗੋਂ ਉਠ ਕੇ ਤੇਰਾ ਆਦਰ ਰੱਖਦੇ ਹੋਣ, ਪਰ ਜੇ ਅਕਾਲ ਪੁਰਖ ਦੇ ਪਾਸ ਇਸ ਆਦਮੀ ਦੀ ਇੱਜ਼ਤ ਕਿਸੇ ਲੇਖੇ ਵਿਚ ਨ ਪਵੇ ਭਾਵ ਗਿਣਤੀ ਵਿਚ ਨ ਆਵੇ ਤਾਂ ਸਾਰੇ ਹੀ ਕੰਮ ਨਿਸ਼ਫਲ ਹਨ।

ਹਰਿ ਕੇ ਨਾਮ ਬਿਨਾ ਜਗੁ ਧੰਧਾ ॥ ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਪਰਮੇਸ਼ਰ ਦੇ ਨਾਮ ਤੋਂ ਬਿਨਾ ਆਦਮੀ ਸੰਸਾਰ ਦਾ ਧੰਧਾ ਕਰਦਾ ਹੋਇਆ ਮਰ ਜਾਂਦਾ ਹੈ ਜੇ ਭੋਲੇ ਆਦਮੀ ਨੂੰ ਕੁਝ ਸਮਝਾਈਏ ਤੇ ਤਾਂਵੀ ਓਹ ਅੰਨ੍ਹੇ ਦਾ ਅੰਨ੍ਹਾ ਹੀ ਰਹਿੰਦਾ ਹੈ ।

**ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਜੀਅ ਕਿਥੈ ਫਿਰਿ ਪਾਹਿ ॥ ੨ ॥**

ਲੱਖਾਂ ਹੀ ਪਦਾਰਥ ਖੱਟੀਏ ਲੱਖਾਂ ਹੀ ਜਮਾਂ ਕਰੀਏ ਲੱਖਾਂ ਹੀ ਆ ਜਾਣ, ਲੱਖਾਂ ਹੀ ਚਲੇ ਜਾਣ ਜੇ ਪਰਮੇਸ਼ਰ ਦੇ ਦਰਬਾਰ ਵਿਚ ਜੀਵ ਦੀ ਇਜ਼ਤ ਗਿਣਤੀ ਵਿਚ ਨਾ ਆਈ ਤਾਂ ਫ਼ਿਰ ਜੀਵ ਕਿਥੇ ਜਾਕੇ ਪਵੇਗਾ ਭਾਵ ਦੁਖ ਵਿੱਚ ।

**ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ॥ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ॥੩॥**

ਲੱਖਾਂ ਹੀ ਸ਼ਾਸਤ੍ਰਾਂ ਦੀ ਸਮਝਾਉਣੀ ਦੇਵੀਏ ਲੱਖਾਂ ਹੀ ਤਰਾਂ ਦੀ ਕਥਾ ਪੁਰਾਣਾਂ ਵਿਚੋਂ ਪੰਡਤ ਪੜ੍ਹ ਕੇ ਸੁਨਾਉਣ ਪਰ ਜੇ ਅਕਾਲ ਪੁਰਖ ਦੇ ਦਰਬਾਰ ਵਿਚ ਜੀਵ ਦੀ ਇਜ਼ਤ ਦੀ ਗਿਣਤੀ ਨ ਹੋਈ ਤੇ ਤਾਂ ਸਾਰੇ ਹੀ ਨ ਮੰਨੇ ਜਾਣ ਵਾਲੇ ਹੋਣਗੇ ।

**ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ॥ ਅਹਿ-ਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ॥੪॥੧॥੩੧॥**

ਸੱਚਾ ਨਾਮ ਜਪਣ ਨਾਲ ਇੱਜ਼ਤ ਪ੍ਰਗਟ ਹੁੰਦੀ ਹੈ ਭਾਵ ਮਿਲਦੀ ਹੈ ਅਤੇ ਚੰਗੇ ਕੰਮ ਕਰਨ ਨਾਲ ਕਰਤਾਰ ਦਾ ਨਾਮ ਮਿਲਦਾ ਹੈ, ਗੁਰੂ ਜੀ ਆਖਦੇ ਹਨ ਰਾਤ ਦਿਨ ਜਦੋਂ ਸੱਚਾ ਨਾਮ ਰਿਦੇ ਵਿਚ ਵੱਸ ਜਾਂਦਾ ਹੈ ਤਾਂ ਪਰਮੇਸ਼ਰ ਤੇ ਗੁਰੂ ਦੀ ਕਿਰਪਾ ਨਾਲ ਸੰਸਾਰ ਤੋਂ ਪਾਰ ਹੋ ਜਾਂਦਾ ਹੈ।੪।੧।੩੧।

## ਆਸਾ ਮਹਲਾ ੧ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਵੇਲੇ
ਸ੍ਰੀ ਚੰਦ ਲਖਮੀ ਦਾਸ ਜੀ ਨੇ ਪੁਛਿਆ ਕਿ ਆਪਦੇ
ਸਰੀਰ ਦੀ ਦੇਹ ਕਿਰਿਆ ਕਿਸਤਰਾਂ ਕੀਤੀ ਜਾਵੇ
ਤਾਂ ਗੁਰੂ ਜੀ ਨੇ ਸ਼ਬਦ ਆਖਿਆ । ਪਿਤਾ ਕਾਲੂ ਦੇ
ਚਲਾਣੇ ਵੇਲੇ ਗੁਰੂ ਜੀ ਸ਼ਬਦ ਉਚਾਰਿਆ
ਕਈ ਇੱਕੁਰ ਵੀ ਆਖਦੇ ਹਨ ।

Digitized by Panjab Digital Library | www.panjabdigilib.org

**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮਸਿਉ ਮੇਲੁ॥੧॥**

ਦੁਖ ਦਾ ਤੇਲ ਹੈ ਜਿਸ ਵਿਚ ਇਕ ਨਾਮ ਜਪਣਾ ਹੀ ਮੇਰਾ ਦੀਵਾ ਮਣਸਣਾ ਸਮਝਣਾ ਚਾਹੀਏ ਉਸ ਨਾਮ ਦੇ ਚਾਨਣ ਵਿਚ ਓਹ ਦੁਖ ਤੇ ਸੜ ਕੇ ਸੁੱਕ ਗਿਆ ਹੈ। ਤਾਂ ਫਿਰ ਹੁਣ ਜਮ ਦਾ ਮੇਲ ਜਾਂਦਾ ਰਿਹਾ ਹੈ।

**ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥ ੧ ॥ ਰਹਾਉ ॥**

ਹੇ ਲੋਕੋ ਭਾਵ ਸਿਖੋ ਪੁਤ੍ਰੋ ! ਮੇਰੇ ਵਾਸਤੇ ਕੋਈ ਖਰਾਬੀ ਮਤ ਕਰੋ ਭਾਵ ਖਰਾਬੀਆਂ ਨਾ ਪਾਓ, ਭਾਵ ਕਿਰਿਆ ਕਰਮ ਕੁਛ ਨਹੀਂ ਕਰਨਾ, ਜਿਸਤਰਾਂ ਲੱਖਾਂ ਭਾਰ ਲਕੜੀਆਂ ਦੇ ਕਠੇ ਕਰੀਏ ਉਸ ਵਿਚ ਰਤੀ ਭਰ 'ਭਾਹਿ' ਅੱਗ ਦੇ ਦੇਈਏ ਭਾਵ ਅੱਗ ਲਾ ਦੇਈਏ ਤਾਂ ਸਾਰੇ ਸੜ ਜਾਂਦੇ ਹਨ ਇਕੁਰ ਕਰਮ, ਨਾਮ ਦੇ ਪ੍ਰਤਾਪ ਨਾਲ ਸੜ ਜਾਂਦੇ ਹਨ।

**ਪਿੰਡੁ* ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥ ੨ ॥**

ਕਰਤਾਰ ਦੇ ਕੇਸਵ ਆਦਕ ਸੱਚਿਆਂ ਨਾਮਾਂ ਦਾ ਜਪਣਾ ਹੀ ਮੇਰੀ ਪਿੰਡ ਪਤਲ ਕਿਰਿਆ ਹੈ ਇਸ ਲੋਕ ਵਿਚ ਮੇਰੇ ਪਿਛੇ ਅਤੇ ਪ੍ਰਲੋਕ ਵਿਚ ਮੇਰੇ ਅੱਗੇ ਇੱਕ ਨਾਮ ਦਾ ਹੀ ਮੇਰਾ ਆਸਰਾ ਹੈ।

---

*ਪਿੰਡ ਪਤਲ ਕਿਰਿਆ ਦੀਵਾ ਫੁਲ ਹਰਿ ਸਰ ਪਾਵਏ" ਇਹ ਪੰਗਤੀ ਰਾਮਕਲੀ ਸੱਦ ਵਿਚ ਸ੍ਰੀਗੁਰੂ ਅਮਰਦਾਸ ਜੀ ਮਹਾਰਾਜ ਦੇ ਪੜੋਤੇ ਬਾਬਾ ਸੁੰਦਰ ਜੀ ਦੀ ਉਚਾਰੀ ਹੋਈ ਭਾਵ ਸ੍ਰੀ ਗੁਰੂ ਅਮਰਦਾਸ ਜੀ ਦੀ ਹੀ ਮੁਖਵਾਕ ਬਾਣੀ ਹੈ ਜਿਸਦਾ ਕਈ ਬੇਸਮਝ ਭਰਾ ਹਿੰਦੂ ਮਤ ਅਨੁਸਾਰ ਹਿੰਦੂਆਂ ਵਾਲਾ ਅਰਥ ਕਰਦੇ ਹੋਏ ਆਖਦੇ ਹਨ, ਫੁਲ ਭਾਵ ਹੱਡੀਆਂ ਗੰਗਾ ਵਿਚ ਪਾਉਣੀਆਂ ਚਾਹੀਦੀਆਂ ਹਨ ਸੋ ਇਹ ਅਰਥ ਉਕਾ ਹੀ ਅਸੁਧ ਹੈ, ਠੀਕ ਅਰਥ ਇਹ ਹੈ ਕਿ ਪਿੰਡ ਭਰਾਉਣੇ, ਪੱਤਲਾਂ ਦੇਣੀਆਂ, ਕਿਰਿਆ ਕਰਨੀ, ਦੀਵਾ ਜਗਾਉਣਾ, ਫੁਲ ਗੰਗਾ ਵਿਚ ਪੌਣੇ, ਇਹਨਾਂ ਸਾਰਿਆਂ ਕੰਮਾਂ ਦੀ ਥਾਂ ਮੇਰੇ ਪਿਛੇ ਪਰਮੇਸ਼ਰ ਦਾ ਕੀਰਤਨ ਕਰਨਾ ਕਿਉਂ ਜੋ 'ਹਰਿ ਰੰਗੁ ਗੁਰ ਭਾਵਏ। ਕੀ ਕਦੇ ਸ੍ਰੀ ਗੁਰੂ ਅਮਰ ਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਤੋਂ

[ਬਾਕੀ ਨੋਟ ਲਈ ਦੇਖੋ ਪੰਨਾ ੫੭]

Digitized by Panjab Digital Library | www.panjabdigilib.org

**ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ-ਰਾਉ ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥ ੩ ॥**

ਵਾਹਿਗੁਰੂ ਦੀ ਉਸਤਤੀ ਗੰਗਾ ਹੈ ਅਤੇ ਮਨੁਖ ਸਰੀਰ ਕਾਂਸ਼ੀ ਹੈ ਇਸ ਵਿਚ ਆਤਮ ਰਾਉ=ਮੇਰਾ ਮਨ ਇਸ਼ਨਾਨ ਕਰਦਾ ਹੈ, ਤੁਹਾਨੂੰ ਇਹ ਅਕਲ ਆਉਣੀ ਚਾਹੀਦੀ ਹੈ, ਹੇ ਲੋਕੋ ਸੱਚਾ ਇਸ਼ਨਾਨ ਤਾਂ ਹੁੰਦਾ ਹੈ ਜੇ ਰਾਤ ਦਿਨ ਨਾਮ ਵਿਚ ਪ੍ਰੇਮ ਲੱਗਾ ਰਿਹਾ ਕਰੇ ਜਾਂ ਤੁਮਾਰੀ=ਤੁਹਾਡੀ ਗੰਗਾ ਕਾਂਸ਼ੀ ਹੈ। ਤੁਸੀ ਇਸ ਦੀ ਸਿਫਤ ਕਰਦੇ ਹੋ ਮੈਂ ਮਨ ਨੂੰ ਵਸ ਕਰਨਾ ਚੰਗਾ ਸਮਝਦਾ ਹਾਂ

**ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥ ੪ ॥ ੨ ॥ ੩੨ ॥**

ਇਕ ਲੋਕੀ ਭਾਵ ਖੀਰ ਦੇ ਪਿੰਡ ਦੂਸਰੇ ਛਮਛਰੀ=ਜੌਂ ਦੇ ਆਟੇ ਦੇ ਪਿੰਡ ਜਾਂ ਕੱਚੇ ਪੱਕੇ ਪਿੰਡ ਅਥਵਾ ਪਿਤਰਾਂ ਤੇ ਦੇਵਤਿਆਂ ਦੇ ਵਾਸਤੇ ਪਿੰਡ ਵੱਟਦੇ,ਭਰਵਾ ਕੇ ਬ੍ਰਾਹਮਨ ਉਸ ਦੀ ਦੱਖਣਾ ਲੈਂਦੇ ਖਾਂਦੇ ਹਨ ਭਾਵ ਪਿਤਰ ਰੱਜ ਜਾਂਦੇ ਹਨ ਪਰ ਪਿੰਡ ਮੁੱਕ ਜਾਂਦੇ ਹਨ ਤੇ ਪਿਤਰ ਭੁੱਖੇ ਮਰਦੇ ਹਨ ਇਹ

[੫੬ ਪੰਨੇ ਦਾ ਬਾਕੀ ਫੁਟ ਨੋਟ ਏਹ ਹੈ]

ਉਲਟ ਲਿਖ ਸਕਦੇ ਸੀ, ਕਈ ਹਰਿਸਰਿ ਦਾ ਅਰਥ ਅੰਮ੍ਰਿਤਸਰ ਕਰਦੇ ਹਨ ਓਹਵੀ ਅਜੋਗ ਹੈ ਕਿਉਂ ਜੋ ਅੰਮ੍ਰਿਤਸਰ ਓਦੋਂ ਤਿਆਰ ਨਹੀਂ ਸੀ, ਨਾਲੇ ਅੰਮ੍ਰਿਤ ਵਿਚ ਪੌਣ ਨਾਲ ਤੀਰਥ ਅਪਵਿਤ੍ਰ ਹੋ ਜਾਵੇਂਗਾ ਅਜੇਹੀ ਅਪਵਿਤ੍ਰ ਵਸਤੂ ਮਹਾਂ ਪਵਿਤ੍ਰ ਤੀਰਥ ਵਿਚ ਨਹੀਂ ਪੌਣੀ ਚਾਹੀਦੀ,ਸਿਖਾਂ ਨੂੰ ਸਾਰੇ ਭਰਮ ਛਡਕੇ ਜੇਹੜਾ ਕੋਈ ਦਰਿਆ, ਨਦੀ, ਸਮੁੰਦ੍ਰ ਆਦਿਕ ਵਗਦਾ ਪਾਣੀ ਲੱਭੇ, ਫੁਲ ਪਾ ਦੇਣੇ ਜੋਗ ਹਨ । ਜੇ ਮਸਾਣ ਭੂਮਕਾ ਵਿਚ ਪਏ ਰਹਿਣ ਤਾਂ ਬਹੁਤ ਢੇਰਾਂ ਦੇ ਢੇਰ ਲਗ ਜਾਣਗੇ, ਇਸ ਲਈ ਸਫਾਈ ਰੱਖਣੀ ਵੀ ਜਰੂਰੀ ਹੈ । ਸ੍ਰੀ ਦਸਮੇ ਪਾਤਸ਼ਾਹ ਜੀ ਮਹਾਰਾਜ ਪਾਸੋਂ ਅੰਤ ਸਮੇਂ ਅੰਗੀਠੇ ਬਾਬਤ ਪੁਛਿਆ ਗਿਆ ਤਾਂ ਆਪ ਨੇ ਆਖਿਆ ਸਾਡਾ ਅੰਗੀਠਾ ਨਾ ਫੋਲਣਾ ਇਸਤੋਂ ਭਾਵ ਸੀਕਿ ਹਿੰਦੂ ਕਿਰਿਆ ਕੋਈ ਨਾ ਕਰਨੀ। ਹੁਣ ਜੇਹੜੇ ਸਾਡੇ ਭਰਾ ਗੰਗਾ ਆਦਕ ਤੀਰਥਾਂ ਤੇ ਜਾਣ,ਸਮਝੋ ਓਹ ਭੁੱਲੇ ਫਿਰਦੇ ਹਨ । ਕਈ ਹਰਿਸਰ ਦਾ ਅਰਥ ਗੁਰਬਾਣੀ ਦਾ ਪਮਾਣ ਦੇਕੇ ਸਤਸੰਗ ਕਰਦੇ ਹਨ ਕਿ ਸਾਧ ਸੰਗਤ ਦੇ ਚਰਨਾਂ ਵਿਚ ਹੱਡੀਆਂ ਨੂੰ ਪੀਹ ਕੇ ਪਾ ਦਿਓ,ਸੋ ਇਹ ਵੀ ਅਜੋਗ ਹੈ ਠੀਕ ਤਾਂ ਇਹ ਹੈ ਕਿ ਫੁਲ ਕਿਸੇ ਵਗਦੇ ਪਾਣੀ ਵਿਚ ਪਾਓ ।

Digitized by Panjab Digital Library | www.panjabdigilib.org

ਓਹਨਾਂ ਦਾ ਹੀ ਆਖਣਾ ਹੈ। ਗੁਰੂ ਜੀ ਜੋ ਨਾਮ ਜਪਣ ਨਾਲ ਅਕਾਲ ਪੁਰਖ ਦੀ ਬਖਸ਼ੀਸ=ਕਿਰਪਾ ਹੁੰਦੀ ਹੈ ਸੋ ਓਹ ਪਿੰਡ ਨਹੀਂ ਮੁੱਕਦਾ ਹੈ ।

## ਆਸਾ ਘਰੁ ੪ ਮਹਲਾ ੧ ॥

## ੧ ਓ ਸਤਿਗੁਰਪ੍ਰਸਾਦਿ ॥

{ਮਰਦਾਨੇ ਨੇ ਆਖਿਆ ਆਪ ਸਦਾ ਹੀ ਜੰਗਲਾਂ ਵਿਚ ਲਈ ਫਿਰਦੇ ਹੋ ਤਾਂ ਗੁਰੂ ਜੀ ਨੇ ਕਿਹਾ ਬੜੇ੨ ਮਹਾਤਮਾਂ ਤੇ ਦੇਵਤੇ ਘਰਾਂ ਨੂੰ ਛੱਡਕੇ ਪ੍ਰਮੇਸਰ ਨੂੰ ਜੰਗਲਾਂ ਵਿਚ ਲੱਭਦੇ ਫਿਰਦੇ ਹਨ। ਇਸ ਗਲ ਨੂੰ ਮੁਖ ਰੱਖਕੇ ਗੁਰੂਜੀਨੇ ਮਰਦਾਨੇ ਪ੍ਰਤੀ ਪ੍ਰਮੇਸ਼ਰਦੇ ਸਨਮੁਖ ਸ਼ਬਦ ਆਖਿਆ।}

**ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥ ੧ ॥**

ਬੜਿਆਂ ੨ ਦੇਵਤਿਆਂ ਭਾਵ ਚੰਗਿਆਂ ੨ ਆਦਮੀਆਂ ਨੇ ਤੇਰੇ ਦਰਸ਼ਨ ਦੇ ਵਾਸਤੇ ਤਪਾਂ ਦੇ ਦੁਖ ਅਤੇ ਵਰਤਾਂ ਦੀ ਭੁੱਖ ਸਹਾਰਨੀ ਕੀਤੀ ਹੈ ਅਤੇ ਤੀਰਥਾਂ ਉਤੇ ਫਿਰਨਾ ਕੀਤਾ ਹੈ, ਇਕ ਜੋਗੀ ਬਣੇ ਹੋਏ ਫਿਰਦੇ ਹਨ ਇਕ ਜਤੀ=ਸੰਨਿਆਸੀ ਹੋਕੇ ਅਪਣੇ ਜਤ ਦੀ ਰੱਖਿਆ ਵਾਸਤੇ ਜੁਗਤੀਆਂ ਵਿਚ ਪਏ ਜਤਨ ਕਰਦੇ ਹਨ ਅਤੇ ਭਗਵੇ ਭੇਖ ਬਣਾ ਬਣਾ ਕੇ ਤੇਰੇ ਆਸਰੇ ਪਏ ਫਿਰਦੇ ਹਨ।

**ਤਉ ਕਾਰਣਿ ਸਾਹਿਬਾ ਰੰਗਿਰਤੇ॥ਤੇਰੇ ਨਾਮ ਅਨੇਕਾਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ਰਹਾਉ ॥**

ਹੇ ਮਾਲਕਾ ਤੇਰੇ ਮਿਲਨ ਵਾਸਤੇ ਤੇਰੇ ਪ੍ਰੇਮ ਵਿਚ ਰੱਤੇ ਹੋਏ ਪਏ ਫਿਰਦੇ ਹਨ, ਤੇਰੇ ਅਨੇਕਾਂ ਹੀ ਨਾਮ ਹਨ ਜੋ ਗਿਨਕੇ ਦੱਸੇ ਨਹੀਂ ਜਾਂਦੇ ਹਨ (ਕਿ ਕੇਤੇ=ਕਿਤਨੇ ਕੁ ਹਨ)।

**ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥ ੨ ॥**

ਦਰਵਾਜੇ, ਘਰ, ਚੰਗੇ ੨ ਮਹਿਲ, ਹਾਥੀ ਘੋੜੇ ਅਪਣਾ ਦੇਸ ਵਲੈਤ ਛਡਕੇ ਤੇਰੇ ਵੈਰਾਗ ਵਿਚ ਉਦਾਸ ਹੋਇ ਹੋਇ ਹੋਰ ਥਾਵਾਂ ਜੰਗਲਾਂ ਉਜਾੜਾਂ ਵਿਚ ਚਲੇ ਗਏ ਹਨ। ਬੜੇ ੨ ਬੁਢੇ ਆਦਮੀ, ਪ੍ਰਮੇਸਰ ਦਾ ਸੁਨੇਹਾ ਦੇਣ

Digitized by Panjab Digital Library | www.panjabdigilib.org

ਵਾਲੇ, (ਸਾਲਕ) ਰਸਤਾ ਦੱਸਣ ਵਾਲੇ। ਸਾਦਿਕ=ਸਿਦਕ ਵਾਲੇ ਇੱਕੁਰ ਦਿਆਂ ਵਿਚੋਂ ਜਿਸਨੇ ਦੁਨੀਆਂ ਛੱਡੀ ਭਾਵ ਮਾਇਆ ਤਿਆਗੀ ਹੈ ਓਹੋ ਹੀ ਥਾਂ ਪਏ, ਭਾਵ ਲੇਖੇ ਲੱਗੇ ਹਨ।

**ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ ੩ ॥**

ਸਹਜ=ਆਤਮ ਅਨੰਦ ਦੇ ਸਾਦ=ਸੁਾਦ ਵਾਸਤੇ ਰਸਾਂ ਦੇ ਸੁਖ ਜੇਹੜੇ ਇੰਦ੍ਰੀਆਂ ਨੂੰ ਆਪਣੀ ਵੱਲ ਖਿੱਚ ਲੈਂਦੇ ਹਨ ਓਹ ਸੁਖ ਛੱਡ ਦਿਤੇ ਹਨ ਭਾਵ ਚੰਗਿਆਂ ੨ ਸਵਾਦਾਂ ਨੂੰ ਛੱਡ ਦਿਤਾ ਹੈ ਅਰ ਕਪੜੇ ਛੱਡਕੇ ਹਰਨ ਆਦਕਾਂ ਦੇ ਚਮੜੇ ਸਰੀਰ ਉਤੇ ਲੈ ਲੀਤੇ ਹਨ, ਸਾਰਿਆਂ ਦੇ ਦਰਦਾਂ ਨੂੰ ਜਾਨਣ ਵਾਲੇ ਤੇਰੇ ਨਾਮ ਵਿਚ ਰੱਤੇ ਹੋਇ ਤੇਰੇ ਵਿਛੋੜੇ ਕਰਕੇ ਦੁਖੀਏ ਹੋਇ ੨ ਜਾਂ ਫਕੀਰ ਬਣਕੇ ਤੇਰੇ ਦਰਵਾਜੇ ਉਤੇ ਖੜੋਤੇ ਹੋਇ ਹਨ।

**ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥ ੪ ॥ ੧ ॥ ੩੩ ॥**

ਕਈ ਖਲੜੀ=ਖੱਲਾਂ ਭਾਵ ਬਟੂਏ ਰਖਦੇ ਹਨ ਕਈਖਪਰੀ=ਛੋਟੀਆਂ੨ ਚਿਪੀਆਂ ਰਖ ਕੇ ਅਲੱਖ ੨ ਕਰਦੇ ਫਿਰਦੇ ਹਨ ਕਈ ਲਕੜੀ ਦਾ ੩ਪੋਰੀਆਂ ਵਾਲਾ ਡੰਡਾ ਚੁਕੀ ਫਿਰਦੇ ਹਨ, ਓਹਨਾਂ ਦਾ ਨਾਮ ਦੰਡੀ ਸੰਨਿਆਸੀ ਹੈ ਕਈ ਚਮੜੀਆਂ ਹਰਨਾਂ ਸ਼ੇਰਾਂ ਦੀਆਂ ਪਾਂਦੇ ਹਨ, ਇਕ ਬ੍ਰਾਹਮਣ ਤੇ ਛੱਤਰੀ ਹਨ ਜੇਹੜੇ ਸਿੱਖਾਂ=ਚੋਟੀਆਂ ਬੋਦੀਆਂ ਸੂਤ=ਜਨੇਊ ਤੇ ਧੋਤੀ ਪਾਂਦੇ ਹਨ ਤੂੰ ਮਾਲਕ ਹੈਂ ਮੈਂ ਤੇਰਾ ਸਾਂਗੀ ਹਾਂ। ਗੁਰੂ ਜੀ ਆਖਦੇ ਹਨ ਹੇ ਮਾਲਕਾ! ਤੇਰੀ ਜਾਤੀ ਕਿਸਤਰਾਂ ਦੀ ਹੈ ਭਾਵ ਇਹਨਾਂ ਸਾਂਗਾਂ ਵਾਲਿਆਂ ਤੇਰਾ ਭੇਦ ਨਹੀਂ ਪਾਇਆ ਹੈ ਜਾਂ ਜਿਹੜੇ ਤੇਰੇ ਨਾਮ ਵਿਚ ਰੱਤੇ ਹਨ ਓਹਨਾਂ ਦੀ ਜਾਤ ਪਾਤ ਕੋਈ ਨਹੀ ਹੈ ਓਹ ਕਿਸੇ ਤਰ੍ਹਾਂ ਦਾ ਹੰਕਾਰ ਨਹੀਂ ਕਰਦੇ ਹਨ ॥੪॥੧॥੩੩॥

**ਆਸਾ ਘਰੁ ੫ ਮਹਲਾ ੧ ॥**

**ੴ ਸਤਿਗੁਰਪ੍ਰਸਾਦਿ ॥**

**ਭੀਤਰਿ ਪੰਚ ਗੁਪਤ ਮਨਿ ਵਾਸੇ ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥ ੧ ॥**

Digitized by Panjab Digital Library | www.panjabdigilib.org

ਇਸ ਮਨ ਦੇ ਅੰਦਰ ਪੰਜ ਚੋਰ ਕਾਮ ਆਦਕ ਛਪੇ ਹੋਇ ਵੱਸਦੇ ਹਨ, ਇਸੇ ਕਰਕੇ ਮਨ ਟਿਕਿਆ ਨਹੀਂ ਰਹਿੰਦਾ ਹੈ ਉਦਾਸ ਹੋਇਆ ੨ ਭੌਂਦਾ ਰਹਿੰਦਾ ਹੈ।

**ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥ ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥ ੧ ॥ ਰਹਾਉ ॥**

ਮੇਰਾ ਮਨ ਦਿਆਲੂ ਪਰਮੇਸਰ ਦੇ ਨਾਲ ਟਿਕਿਆ ਨਹੀਂ ਰਹਿੰਦਾ ਹੈ, ਕਿਉਂ ਨਹੀਂ ਰਹਿੰਦਾ? ਉਤਰ—ਲੋਭੀ, ਕਪਟੀ, ਪਾਪੀ ਪਾਖੰਡੀ ਹੈ ਅਤੇ ਬਹੁਤ ਹੀ ਮਾਇਆ ਵਿਚ ਲੱਗਦਾ ਹੈ।

**ਫੂਲ ਮਾਲਾ ਗਲਿ ਪਹਿਰਉਗੀ ਹਾਰੋ ॥ ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ ॥ ੨ ॥**

ਚੰਗਿਆਂ ਗੁਣਾਂ ਰੂਪ ਫੁਲਾਂ ਦੀ ਮਾਲਾ ਦਾ ਹਾਰ ਜਦ ਗਲ ਵਿਚ ਪਾਵਾਂ-ਗੀ ਜਦੋਂ ਇਕੁਰ ਦਾ ਸ਼ਿੰਗਾਰ ਕਰਾਂਗੀ ਤਾਂ ਪਿਆਰਾ ਪਤੀ ਮਿਲੇਗਾ।

**ਪੰਚ ਸਖੀ ਹਮ ਏਕੁ ਭਤਾਰੋ॥ਪੇਡਿ ਲਗੀਹੈ ਜੀਅੜਾ ਚਾਲਣਹਾਰੋ ॥ ੩ ॥**

ਪੰਜ ਗਿਆਨ ਇੰਦ੍ਰੀਆਂ ਹਨ ਅਤੇ ਇਕ ਹੰਕਾਰ ਕਰਨ ਵਾਲਾ ਉਹਨਾਂ ਦਾ ਦੇਹ ਅਭਿਮਾਨੀ ਜੀਵ ਪਤੀ ਹੈ 'ਪੇਡ' ਰੁਖ ਭਾਵ ਆਦ ਤੋਂ ਹੀ ਇਹ ਗਲ ਲਗੀ=ਚਲੀ ਆਉਂਦੀ ਹੈ ਕਿ ਜੀਵ ਚਲਣ ਵਾਲਾ ਹੈ ਭਾਵ ਜਨਮ ਮਰਨ ਵਿਚ ਪੈਣ ਵਾਲਾ ਹੈ।

**ਪੰਚ ਸਖੀ ਮਿਲਿ ਰੁਦਨੁ ਕਰੇਹਾ॥ਸਾਹੁ ਪਜੂਤਾ ਪ੍ਰਣ-ਵਤਿ ਨਾਨਕ ਲੇਖਾ ਦੇਹਾ ॥ ੪ ॥ ੧ ॥ ੩੪ ॥**

ਜਦੋਂ ਮਰਦਾ ਹੈ ਤਾਂ ਓਹਨਾਂ ਹੀ ਪੰਜਾਂ ਗਿਆਨ ਇੰਦਰੀਆਂ ਨਾਲ ਮਿਲਕੇ ਰੋਂਦਾ ਹੈ।ਗੁਰੂ ਜੀ ਆਖਦੇ ਹਨ ਸਾਹੁ=ਧਰਮਰਾਜਾ ਦਾ ਪਜੂਤਾ=ਫੜਜਾ ਹੋਇਆ ਤਾਂ ਫਿਰ ਆਪਣਿਆਂ ਕਰਮਾਂ ਦਾ ਲੇਖਾ ਦੇਂਦਾ ਹੈ ਅਤੇ ਦੁਖ ਸੁਖ ਪਾਂਦਾ ਹੈ ॥ ੪ ॥ ੧ ॥ ੩੪ ॥

Digitized by Panjab Digital Library | www.panjabdigilib.org

## ੴ ਸਤਿਗੁਰਪ੍ਰਸਾਦਿ ॥

## ਆਸਾ ਘਰੁ ੬ ਮਹਲਾ ੧ ॥

{ ਗੁਰੂ ਜੀ ਸੰਗਲਾ ਦੀਪ ਗਏ ਸ਼ਿਵਨਾਭ ਦਾ ਬਾਗ ਹਰਿਆ ਹੋਗਿਆ, ਰਾਜੇ ਨੇ ਸੁੰਦਰ ਇਸਤ੍ਰੀਆਂ ਪਰਖਣ ਲਈ ਘੱਲੀਆਂ ਗੁਰੂ ਜੀ ਮੋਹਤ ਨ ਹੋਏ, ਓਹਨਾਂ ਦੇ ਬਹਾਨੇ ਸਾਰੇ ਸੰਸਾਰ ਨੂੰ ਉਪਦੇਸ਼ ਹੈ। }

**ਮਨੁ ਮੋਤੀ ਜੇ ਗਹਿਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥ ੧ ॥**

ਜੇਹੜਾ ਮਨ ਦਾ ਫੜਨਾ ਹੈ ਏਹੋ ਹੀ ਮੋਤੀਆਂ ਦਾ ਜੜਾਊ ਗਹਿਣਾ ਹੈ ਉਸ ਮਨ ਦੇ ਵਿੱਚ ਪੌਣ ਦਾ ਸੂਤ ਪਾਇਆ ਜਾਵੇ ਭਾਵ ਸਾਸ ਸਾਸ ਨਾਮ ਜਪਿਆ ਜਾਵੇ, ਸਾਰਿਆਂ ਜੀਆਂ ਉੱਤੇ ਦਯਾ ਕਰਨੀ ਜਦੋਂ ਜੀਆਂ ਰੂਪ ਇਸਤ੍ਰੀ ਇਕੁਰ ਦਾ ਤਨ ਤੇ ਸਿੰਗਾਰ ਕਰਦੀ ਹੈ ਤਾਂ ਪਿਆਰੇ ਲਾਲ ਵਾਹਿਗੁਰੂ ਦੀ ਪਿਆਰੀ ਇਸਤ੍ਰੀ ਹੋਕੇ ਉਸ ਨੂੰ ਰੌਂਦੀ ਭਾਵ ਅਨੰਦ ਮਾਣਦੀ ਹੈ।

**ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥ ੧ ॥ ਰਹਾਉ ॥**

ਹੇ ਬਹੁਤ ਗੁਣਾਂ ਵਾਲੇ ਪਿਆਰੇ ਪਰਮੇਸਰ ਜੇਹੜੇ ਤੇਰੇ ਵਿੱਚ ਗੁਣ ਹਨ ਸੋ ਹੋਰਨਾਂ ਵਿੱਚ ਨਹੀਂ ਹਨ ਤੈਨੂੰ ਇਕੁਰ ਦਾ ਜਾਣਕੇ ਸਿਖ ਰੂਪ ਇਸਤ੍ਰੀ ਮੋਹਤ ਹੋ ਗਈ ਹੈ ਕਿ ਤੂੰ ਪ੍ਰਸੰਨ ਹੋ ਜਾਵੇਂ।

**ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰ ਕਰਿ ਕਰਤਾ ਕੰਗਨ ਪਹਰੈ ਇਨ ਬਿਧਿ ਚਿਤੁ ਧਰੇਈ ॥ ੨ ॥**

ਹਰੀ ੨ ਨਾਮ ਦਾ ਜਪਣਾ ਏਹੋ ਹੀ ਗੁਰਾਂ ਪਾਸੋਂ ਲੈਕੇ ਹਾਰ ਪਾਵੇ ਗਲ ਵਿੱਚ ਅਤੇ ਦਾਮੋਦਰ ੨ ਪ੍ਰਮੇਸਰ ਦੇ ਨਾਮ ਦਾ ਜਾਪ ਦੰਦਾਸਾ ਮਲ ਲਵੇ, ਕਰਤਾ ਦੇ ਨਾਮ ਦਾ ਜਾਪ ਜਪਣਾ ਹੱਥਾਂ ਵਿੱਚ ਕੰਙਣਾ ਪਾਵੇ ਇੱਕੁਰ ਚਿਤ ਨੂੰ ਪ੍ਰਮੇਸਰ ਵਿੱਚ ਧਰੇ ਭਾਵ ਲਾਵੇ।

Digitized by Panjab Digital Library | www.panjabdigilib.org

**ਮਧੁ ਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥ ੩ ॥**

ਹੰਕਾਰ ਹੈਂਤ ਨੂੰ ਮਾਰਨ ਵਾਲੇ ਪ੍ਰਮੇਸਰ ਦਾ ਜਾਪ ਜਪਣਾ ਇਹ ਹੱਥਾਂ ਵਿੱਚ ਮੁੰਦਰੀ ਪਾਵੇ ਤੇ ਪ੍ਰਮੇਸਰ ਨਾਮ ਦਾ ਜਾਪ ਕਪੜੇ ਪਾਵੇ, ਧੀਰਜ ਦਾ ਧਾਰਨਾ ਪੱਟੀਆਂ ਮੀਡੀਆਂ ਗੰਦਾਵੇ ਸ੍ਰੀ ਰੰਗ ਦਾ ਜਾਪ ਇਹ ਅੱਖਾਂ ਵਿੱਚ ਸੁਰਮਾਂ ਪਾਵੇ । ਧੜੀ=ਪੱਟੀ, ਮੀਡੀ ।

**ਮਨ ਮੰਦਰ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥ ੪ ॥ ੧ ॥ ੩੫ ॥**

ਮਨ, ਅੰਤਸ਼ਕਰਨ ਰੂਪ ਮੰਦਰ ਵਿੱਚ ਗਿਆਨ ਰੂਪ ਦੀਵਾ ਜਗਾਵੇ, ਸਾਧਨਾਂ ਵਾਲੀ ਕਾਇਆਂ ਨੂੰ ਕਰਨਾ ਭਾਵ ਅਕਲ ਨੂੰ ਸਵਾਰਨਾ ਏਹੋ ਹੀ ਸੇਜਾ ਬਣਾਵੇ ਗੁਰੂ ਜੀ ਜਦੋਂ ਗਿਆਨ ਪ੍ਰਕਾਸ਼ਕ ਅਕਾਲ ਪੁਰਖ ਸਰੀਰ ਰੂਪ ਸੇਜਾ ਉੱਤੇ ਦਰਸ਼ਨ ਦੇਂਦਾ ਹੈ ਤਾਂ ਜੀਵ ਵਾਹਿਗੁਰੂ ਦੇ ਸੁਖ ਨੂੰ ਭੋਗਦਾ ਹੈ ।

## ਆਸਾ ਮਹਲਾ ੧ ॥

( ਜੀਵ ਵਿਚਾਰਾ ਫਸਿਆ ਹੋਇਆ ਹੈ ਇਸ ਗੱਲ ਤੇ ਉਪਦੇਸ਼ ਹੈ । )

**ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥ ੧ ॥**

ਹੇ ਭਾਈ=ਸਾਰਿਆਂ ਨੂੰ ਚੰਗਿਆਂ ਲਗਣ ਵਾਲੇ ਪ੍ਰਮੇਸਰ ਸਭ ਕੁਛ ਤੇਰਾ ਹੀ ਕੀਤਾ ਹੁੰਦਾ ਹੈ ਹੋਰ ਜੇਹੜੇ ਕਰਮ ਤੂੰ ਜੀਆਂ ਤੋਂ ਕਰਾਇ ਚਾਹੁੰਦਾ ਹੈਂ ਓਹੋ ਹੀ ਜੀਵ ਕਰਦੇ ਹਨ ਅਸੀ ਹੁਣ ਉਹਨਾਂ ਜੀਆਂ ਨੂੰ ਕੀ ਦੋਖ ਲਾਈਏ ਜੋ ਤੂੰ ਕਰਨਾ ਸੀ ਓਹ ਤੂੰ ਪਹਿਲੇ ਹੀ ਕਰ ਰਿਹਾ ਹੈਂ ਇਸ ਬਣਾਏ ਹੋਏ ਜੀਵ ਦੀ ਕੀ ਸਿਆਣਪ ਹੈ ਭਾਵ ਬਿਅਰਥ ਹੈ ਇਹ ਕੁਛ ਨਹੀਂ ਕਰ ਸਕਦਾ ਜੋ ਕਰਦਾ ਹੈ ਓਹ ਤੇਰੇ ਹੁਕਮ ਵਿੱਚ ਕਰਦਾ ਹੈ ।

**ਤੇਰਾ ਹੁਕਮੁ ਭਲਾ ਤੁਧੁ ਭਾਵੈ ॥ ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਮਾਲਕਾ ਜੋ ਤੈਨੂੰ ਚੰਗਾ ਲੱਗਦਾ ਹੈ ਓਹੋ ਹੀ ਤੇਰਾ ਹੁਕਮ ਸਾਨੂੰ ਚੰਗਾ ਲਗਦਾ ਹੈ ਹੇ ਸੱਚੇ ਨਾਮੀ ਵਾਹਿਗੁਰੂ ਜੋ ਤੇਰੇ ਵਿੱਚ ਸਮਾਉਂਦਾ ਹੈ ਉਸ ਨੂੰ ਦੁਨੀਆਂ ਵਿੱਚ ਵਡਿਆਈ ਮਿਲਦੀ ਹੈ।

**ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ ॥ ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ ॥ ੨ ॥**

ਜੇਹੜਾ ਪਰਵਾਨਾ ਲਿਖਿਆ ਗਿਆ ਹੈ ਹੁਣ ਫਿਰ ਕੁਛ ਨਵਾਂ ਹੁਕਮ ਨਹੀ ਹੁੰਦਾ ਹੈ ਓਸੇ ਕਿਰਤ ਵਿੱਚ ਜੀਵ ਪਿਆ ਹੈ ਜਿਸ ਤਰਾਂ ਦਾ ਲਿਖਿਆ ਹੈ ਓਸੇ ਤਰਾਂ ਦਾ ਮੱਥੇ ਵਿੱਚ ਲਿਖਿਆ ਪੜ੍ਹਿਆ ਹੈ ਜਾਂ ਪਿਆ ਹੈ ਕੋਈ ਮਿਟਾ ਨਹੀਂ ਸਕਦਾ ਹੈ।

**ਜੇਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥ ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ॥ ੩ ॥**

ਜੇਹੜਾ ਕੋਈ ਸਭਾ ਜਾਂ ਸਤਸੰਗ ਵਿਚ ਜਾਕੇ ਬਹੁਤਾ ਬੋਲਦਾ ਭਾਵ ਹੁਕਮ ਨਹੀਂ ਮੰਨਦਾ ਹੈ ਤਾਂ ਉਸ ਦਾ ਨਾਮ ਬਜਾਰੀ=ਮਸ਼ਕਰਾ ਪੈ ਜਾਂਦਾ ਹੈ, ਸਤਰੰਜ=ਸੰਸਾਰ ਵਿਚ ਉਸਦੀ ਬਾਜੀ ਪੱਕਦੀ ਨਹੀਂ ਹੈ ਭਾਵ ਅੰਦਰਲੇ ਘਰ ਸਰੂਪ ਵਿਚ ਨਹੀਂ ਪੁਜਦਾ ਸਾਰੀ=ਨਰਦ ਕੱਚੀ ਆਉਂਦੀ ਹੈ ਭਾਵ ਜਨਮ ਮਰਨ ਦੇ ਫੇਰਿਆਂ ਵਿਚ ਆਉਂਦੀ ਹੈ।

**ਨਾਕੋ ਪੜਿਆ ਪੰਡਿਤੁ ਬੀਨਾ ਨਾਕੋ ਮੂਰਖੁ ਮੰਦਾ ॥ ਬੰਦੀ ਅੰਦਰਿ ਸਿਫਤਿ ਕਰਾਇ ਤਾਕਉ ਕਹੀਐ ਬੰਦਾ ॥ ੪ ॥ ੨ ॥ ੩੬ ॥**

ਨ ਕੋਈ ਪੜ੍ਹਿਆ ਹੋਇਆ ਪੰਡਤ ਹੈ ਨ ਕੋਈ ਬੀਨਾ=ਸਿਆਣਾ ਹੈ ਨ ਕੋਈ ਮੂਰਖ ਮੰਦਾ ਹੀ ਹੈ ਜਿਸਦੇ ਦਿਲ ਵਿਚ ਬੰਦਗੀ ਹੋਵੇ ਅਤੇ ਬਾਣੀ ਕਰਕੇ ਤੂੰ ਨਾਮ ਦੀ ਉਸਤਤੀ ਕਰਾਵੇਂ ਉਸਨੂੰ ਤੇਰਾ ਦਾਸ ਆਖੀਦਾ ਹੈ।

## ਆਸਾ ਮਹਲਾ ੧ ॥

"ਜੋਗੀ ਭਰਥਰੀ ਨਾਥ ਨੂੰ ਉਪਦੇਸ਼ ਹੈ"

**ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜਜੋਗ**

Digitized by Panjab Digital Library | www.panjabdigilib.org

ਨਿਧਿ ਪਾਵਉ॥ ੧ ॥

ਗੁਰੂ ਦਾ ਉਪਦੇਸ਼ ਕੰਨਾਂ ਵਿਚ ਮੁੰਦਰਾਂ ਹਨ ਖਿਮਾ ਦੀ ਗੋਦੜੀ ਹੰਢਾਹੇਉਂਦਾ ਹਾਂ ਜੋ ਕੁਛ ਪਰਮੇਸਰ ਕਰਦਾ ਹੈ ਸੋ ਚੰਗਾ ਕਰਕੇ ਜਾਨਦਾ ਹਾਂ ਤਾਂ ਜੋਗ ਕਰਕੇ ਸਹਜੇ ਹੀ ਨਾਮ ਨਿਧੀ ਨੂੰ ਪਾਂਦਾ ਹਾਂ ।

ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥ ਅੰਮ੍ਰਿਤੁ ਨਾਮੁ ਨਿਰੰਜਨੁ ਪਾਇਆ ਗਿਆਨ ਕਾਇਆ ਰਸ ਭੋਗੰ ॥ ੧ ॥ ਰਹਾਉ ॥

ਹੇ ਬਾਬਾ ਭਰਥਰੀ ਜੋਗੀ ਜੇਹੜਾ ਜੀਵ ਜੁਗਾਂ ੨ ਦੀਆਂ ਸੰਸਾਰ ਜੁਗਤੀਆਂ ਵਿਚ ਜੁੜਿਆ ਹੋਇਆ ਸੀ ਸੋ ਓਹ ਪਰਮ ਤਤ ਅਕਾਲ ਪੁਰਖ ਵਿਚ ਜੋਗੰ= ਜੋੜਿਆ ਹੈ ਨਿਰੰਜਨ ਦਾ ਨਾਮ ਅੰਮ੍ਰਿਤ ਮੈ ਪਾਇਆ ਹੈ ਹੁਣ ਮੇਰੀ ਕਾਇਆਂ ਭਾਵ ਅਕਲ ਗਿਆਨ ਰਸ ਨੂੰ ਭੋਗਦੀ ਹੈ ।

ਸਿਵ ਨਗਰੀ ਮਹਿ ਆਸਣ ਬੈਸਉ ਕਲਪ ਤਿਆਗੀ ਬਾਦੰ ॥ ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥ ੨ ॥

ਸ਼ਾਂਤੀ ਜਾਂ ਕਲਪਣਾ ਤੋਂ ਰਹਿਤ ਪਰਮੇਸਰ ਰੂਪ ਨਗਰੀ ਵਿਚ ਇਸਤਤ ਹੋਕੇ ਬਹਿੰਦਾ ਹਾਂ ਹੋਰ ਬਿਅਰਥ ਵਾਧੂ ਕਲਪਣਾ ਛੱਡ ਦਿਤੀ ਹੈ, ਜੇਹੜਾ ਗੁਰਾਂ ਦਾ ਉਪਦੇਸ਼ ਲਗਾਤਾਰ ਜਪਣਾ ਹੈ ਇਹ ਬੜੀ ਸੋਹਣੀ ਸ੍ਰਿਸ਼ਟੀ ਦੀ ਅਵਾਜ ਹੋ ਰਹੀ ਹੈ ਜੇਹੜਾ ਰਾਤ ਦਿਨ ਪ੍ਰਮੇਸਰ ਹਰ ਥਾਂ ਪੂਰਨ ਜਾਣਿਆਂ ਹੈ ਏਹੋ ਹੀ ਅਸੀ ਨਾਦ ਵਜਾਉਂਦੇ ਹਾਂ ।

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥ ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥ ੩ ॥

ਪਤੁ=ਭਾਂਡਾ ਤੂੰਬਾ ਵਿਚਾਰ ਦਾ ਹੈ ਜੇਹੜਾ ਵਰਤਮਾਨ ਸੰਸਾਰ ਹੈ ਇਸ ਨੂੰ ਨਾਸਵੰਤ ਸਮਝਿਆ ਹੈ ਏਹੋ ਹੀ ਬਿਭੂਤ ਧਾਰਨ ਕੀਤੀ ਹੈ ਗਿਆਨ ਵਾਲੀ ਅਕਲ ਦਾ ਡੰਡਾ ਲਿਆ ਹੈ ਜੇਹੜਾ ਹਰੀ ਦਾ ਕੀਰਤਨ ਕਰਦੇ ਹਾਂ ਇਹ ਸਾਡੀ ਰਹੁਰੀਤੀ ਹੈ ਜੇਹੜਾ ਗੁਰਾਂ ਦੀ ਕਿਰਪਾ ਨਾਲ ਸਭ ਤੋਂ ਅਤੀਤ= ਵਖ ਹੋਇ ਹਾਂ ਸੋ ਇਹ ਸਾਡਾ ਪੰਥ ਹੈ ।

ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ॥

Digitized by Panjab Digital Library | www.panjabdigilib.org

**ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥ ੪ ॥ ੩ ॥ ੩੭ ॥**

ਸਾਰੀ ਦੁਨੀਆਂ ਵਿਚ ਜੇਹੜੇ ਤਰਾਂ ਤਰਾਂ ਦੇ ਅਨੇਕਾਂ ਹੀ ਵਰਨ=ਰੰਗ ਹਨ ਓਹਨਾਂ ਸਾਰਿਆਂ ਵਿਚ ਇਕ ਜੋਤ "ਸੰਮਿਆਂ"=ਸਮਾਈ ਹੋਈ ਜਾਣੀ ਹੈ ਇਹ ਸਾਡੀ ਸੰਗਿਆ ਹੈ ਭਾਵ ਗਿਣਤੀ। ਗੁਰੂ ਜੀ ਆਖਦੇ ਹਨ ਹੇ ਜੋਗੀ ਜੀ ਸੁਣੋ ਹੁਨ ਸਾਡੀ ਇਕ ਪ੍ਰਮੇਸਰ ਵਿਚ ਲਿਵ ਲਗ ਰਹੀ ਹੈ ਏਹੋ ਹੀ ਸਾਡਾ ਜੋਗ ਹੈ।

## ਆਸਾ ਮਹਲਾ ੧ ॥

"ਸ਼ਰਾਬੀ ਜੋਗੀ ਨੂੰ ਉਪਦੇਸ਼ ਹ"

**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥ ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥ ੧ ॥**

ਗਿਆਨ ਦਾ ਗੁੜਧਿਆਨ ਰੂਪ ਧਾਵਿਆਂ ਦੇ ਫੁਲ ਚੰਗੀ ਕਰਨੀ ਕਿੱਕਰ ਦੇ ਸੱਕ ਪਾਈਏ, ਏਹ ਰੂਪ ਜੀਵ ਦਾ ਪਾਰ ਜਾਂ ਸਾਰਿਆਂ ਲੋਕਾਂ ਨੂੰ ਨਾਸਵੰਤ ਜਾਨਣਾ ਸੋ ਇਹ ਭੱਠੀ ਹੈ ਭਗਤੀ ਦੀ ਘੜੀ ਹੈ ਇਸ ਉਤੇ ਪ੍ਰੇਮ ਦਾ ਪੋਚਾ ਹੈ ਇਕੁਰ ਨਾਮ ਰਸ ਅੰਮ੍ਰਿਤ ਨੂੰ ਚੁਆਈਏ ।

**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥ ਅਹਿਨਿਸਿ ਬਨੀ ਪ੍ਰੇਮ ਲਿਵਲਾਗੀ ਸਬਦੁ ਅਨਾਹਦ ਗਹਿਆ ॥ ੧ ॥ ਰਹਾਉ ॥**

ਹੇ ਬਾਬਾ ਜੋਗੀ ਨਾਮ ਰਸ ਨੂੰ ਪੀ ਕੇ ਮਨ ਮਸਤ ਹੋਕੇ ਸਹਿਜ ਦੇ ਅਨੰਦ ਵਿਚ ਰਚ ਰਿਹਾ ਹੈ, ਰਾਤ ਦਿਨ ਪਰੇਮ ਕਰਕੇ ਬੜੀ ਚੰਗੀ ਬਣੀ ਹੋਈ ਲਿਵ ਲੱਗੀ ਹੋਈ ਹੈ ਅਰ ਲਗਾਤਾਰ ਸ਼ਬਦ=ਪ੍ਰਮੇਸ਼ਰ ਦੇ ਚਰਨਾਂ ਨੂੰ ਫੜਿਆ ਹੈ।

**ਪੂਰਾਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾਕਉ ਨਦਰਿ ਕਰੇ ॥ ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥ ੨ ॥**

ਇਹ ਸੱਚਾ ਤੇ ਪੂਰਾ ਪਿਆਲਾ ਹੈ ਜਿਹਦੇ ਉੱਤੇ ਪਰਮੇਸ਼ਰ ਕ੍ਰਿਪਾ

Digitized by Panjab Digital Library | www.panjabdigilib.org

ਦੀ ਨਜ਼ਰ ਕਰਦਾ ਹੈ ਉਸਨੂੰ ਸਹਿਜੇ ਹੀ ਪਿਆਉਂਦਾ ਹੈ ਅਤੇ ਓਹ ਗੁਰਮੁਖ ਨਾਮ ਰਸ ਅੰਮ੍ਰਤਦਾ ਬਪਾਰੀ ਹੋ ਜਾਂਦਾ ਹੈ ਭਾਵ ਛਕਦਾ ਛਕਾਉਂਦਾ ਹੈ, ਜਿਸਨੇ ਇਸ ਅਨੰਦ ਨੂੰ ਪਾਲਿਆ ਹੈ ਓਹ ਹੋਰ ਤੁੱਛ ਸ਼ਰਾਬਾਂ ਨਾਲ ਕਦੋਂ ਪਰੇਮ ਕਰਦਾ ਹੈ।

**ਗੁਰ ਕੀ ਸਾਖੀ ਅੰਮ੍ਰਿਤ ਬਾਣੀਪੀਵਤ ਹੀ ਪਰਵਾਣੁ ਭਇਆ॥ ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥ ੩ ॥**

ਗੁਰਾਂ ਦੀ ਸਿਖਯਾ ਰੂਪ ਬਾਣੀ ਰੂਪ (ਅੰਮ੍ਰਿਤ) ਪੀਂਦਾ ਹੀ ਆਦਮੀ ਪਰਵਾਣ ਹੋ ਜਾਂਦਾ ਹੈ ਦਰ=ਰਿਦੇ ਅੰਦਰ ਨੀਝ ਮਾਰਕੇ, ਜਾਂ ਸਤਸੰਗ ਵਿਚ ਜਾਕੇ ਜਿਹੜਾ ਪਰਮੇਸ਼ਰ ਦੇ ਦਰਸ਼ਨ ਦਾ ਪ੍ਰੀਤਮ ਹੁੰਦਾ ਹੈ ਫਿਰ ਓਹ ਮੁਕਤੀ ਤੇ ਸੁਰਗ ਨੂੰ ਕੀ ਕਰੇ ਭਾਵ ਕੁਛ ਨਹੀਂ ਜਾਣਦਾ ਹੈ।

**ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥ ੪ ॥ ੪ ॥ ੩੮ ॥**

ਜੇਹੜਾ ਸਿਫਤੀ=ਪ੍ਰਮੇਸਰਵਿਚ ਰੱਤਾਹਇਆ ਸਦਾ ਹੀ ਵੈਰਾਗਵਾਨਰਹਿੰਦਾ ਹੈ ਉਹ ਵਿਸ਼ਿਆਂ ਰੂਪ ਜੂਏ ਵਿਚ ਆਪਣਾ ਮਨੁਖਾ ਜਨਮ ਨਹੀਂ ਹਾਰਦਾ ਹੈ।

ਗੁਰੂ ਜੀ ਆਖਦੇ ਹਨ ਹੇ ਭਰਥਰੀ ਜੋਗੀ ਸੁਣ ਓਸੇ ਅੰਮ੍ਰਤਧਾਰ ਵਿਚ ਮੇਰਾ ਮਨ ਮਸਤ ਹੋਇਆ ਹੈ ਤੂੰ ਵੀ ਏਹੋ ਆਨੰਦ ਲੈ ॥ ੪ ॥ ੪ ॥ ੩੮ ॥

## ਆਸਾ ਮਹਲਾ ੧ ॥

{ਗੁਰੂ ਜੀ ਏਮਨਾਬਾਦ ਗਏ ਓਥੇ ਪਠਾਣਾਂ ਨੇ ਮਰਦਾਨੇ ਦਾ ਨਿਰਾਦਰ ਕੀਤਾ, ਉਸ ਵੇਲੇ ਗੁਰੂ ਜੀ ਨੇ ਸ਼ਬਦ ਉਚਾਰੇ ਓਹਨਾਂ ਸ਼ਬਦਾਂ ਵਿਚੋਂ ਇਹ ਇਕ ਸ਼ਬਦ ਆਸਾ ਵਿਚ ਹੈ, ਪਰਮੇਸਰ ਦੇ ਸਨਮੁਖ ਬੇਨਤੀ ਹੈ।}

**ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁਕਰਿ ਮੁਗਲੁ ਚੜਾਇਆ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥ ੧ ॥**

Digitized by Panjab Digital Library | www.panjabdigilib.org

ਖੁਰਾਸਾਨ ਦੇਸ ਦਾ ਤਾਂ ਪੱਖ ਕੀਤਾ ਹੈ ਅਤੇ ਹਿੰਦੁਸਤਾਨ ਨੂੰ ਬੜਾ ਡੁਰਾਇਆ ਮੈ ਭਾਵ ਮੁਗਲਾਂ ਦੀ ਸਹੈਤਾ ਕੀਤੀ, ਪਠਾਣਾਂ ਨੂੰ ਮਾਰਿਆ, ਪਰ ਹੇ ਅਕਾਲ ਪੁਰਖ ਤੂੰ ਆਪਣੇ ਉੱਤੇ ਕੋਈ ਦੋਸ਼ ਨਹੀਂ ਲਿਆ ਹੈ ਜਮ ਰੂਪ ਬਾਬਰ ਮੁਗਲ ਨੂੰ ਚੜ੍ਹਾ ਦਿਤਾ ਹੈ ਐਨੀਂ ਮਾਰ ਪਈ ਕਿ ਪਠਾਣਾਂ ਬੜਾ ਰੋਣ ਲੱਗੇ ਪਰ ਹੇ ਪਰਮੇਸਰ ਤੈਨੂੰ ਦਰਦ ਨ ਆਇਆ।

**ਕਰਤਾ ਤੂੰ ਸਭਨਾ ਕਾ ਸੋਈ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥**

ਹੇ ਕਰਤਾ ਅਕਾਲ ਪੁਰਖ ! ਤੂੰ ਸੋਈ ਸਾਰਿਆਂ ਦੀ ਖਬਰ ਲੈਣ ਵਾਲਾ ਹੈਂ, ਜੇ ਜੋਰ ਵਾਲਾ ਜੋਰ ਵਾਲੇ ਨੂੰ ਮਾਰੇ ਤਾਂ ਤੇਰੇ ਮਨ ਵਿਚ ਗੁੱਸਾ ਨਹੀਂ ਆਉਂਦਾ ਹੈ ਕਿ ਮਾਰਨ ਵਾਲੇ ਨੂੰ ਮੈਂ ਮਾਰਾਂ।

**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੀ ਮੁਇਆਸਾਰ ਨ ਕਾਈ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥ ੨ ॥**

ਜੇ ਜੋਰ ਵਾਲਾ ਸ਼ੇਰ ਗਊਆਂ ਦੇ ਵੱਗਾਂ ਨੂੰ ਮਗਰ ਪੈਕੇ ਮਾਰਨ ਲਗ ਪਵੇ ਤਾਂ ਵਾਗੀ ਨੂੰ ਜਰੂਰ ਰਾਖੀ ਕਰਨੀ ਲੋੜੀ ਦੀ ਹੈ। ਪੁਰਸਾਈ=ਪੁਰਖਾਰਥ ਭਾਵ ਜੋਰ ਸਹੈਤਾ ਭਾਵ ਜਿਹੜਾ ਮਰਦਾਨੇ ਆਦਕ ਸੰਤਾਂ ਨੂੰ ਪਠਾਣਾਂ ਨੇ ਦੁਖ ਦਿਤਾ ਸੀ ਉਸਦਾ ਫਲ ਤੂੰ ਦਿਤਾ ਹੈ, ਰਤਨ ਰੂਪ ਮਨੁਖ ਜਨਮ ਨੂੰ ਵਿਸ਼ਿਆਂ ਵਿਚ ਵਿਗਾੜਕੇ ਖਰਾਬ ਹੋਇ ਹਨ। ਇਹ ਕੁੱਤੀ ਜਾਤੀ ਵਾਲੇ ਹਨ ਜਿਨਾਂ ਦੇ ਮਰਨ ਦੀ ਕੋਈ ਖਬਰ ਨਹੀਂ ਮਿਲਦੀ ਹੈ ਕਿ ਕਿਤਨੇ ਕੁ ਮਰ ਗਏ ਹਨ। ਹੇ ਪਰਮੇਸਰ ਆਪਹੀ ਤੂੰ ਮੇਲਦਾ ਹੈਂ ਆਪਹੀ ਵਿਛੋੜ ਦਿੰਦਾ ਹੈਂ, ਇਹ ਤੇਰੀ ਵਡਿਆਈ ਵੇਖਦੇ ਹਾਂ।

**ਜੇਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥ਮਰਿਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ।੩।੫।੩੯।**

ਜੇ ਕੋਈ ਆਪਣਾ ਨਾਮ ਵੱਡਾ ਧਰਾ ਲਏ ਅਤੇ ਮਨ ਭਾਉਂਦੇ ਸੁਾਦ ਭਾਵ ਖਾਣੇ ਖਾਣੇ ਕਰਦਾ ਹੈ ਹੇ ਮਾਲਕਾ ਤੇਰੀ ਨਜ਼ਰ ਵਿਚ ਓਹ ਕੀੜਾ ਨਜ਼ਰ ਆਉਂਦਾ ਹੈ ਤੂੰ ਜਾਣਦਾ ਹੈਂ ਜਿਤਨੇ ਭੋਗ ਭੋਗਦਾ ਹੈ ਉਨੇ ਹੀ ਦਾਣੇ ਚੁਗਦਾ ਹੈ ਜਾਂ ਜਿੰਨੇ ਦਾਣੇ ਚੁਗਦਾ ਹੈ ਓਹ ਸਾਰੇ ਆਪਦੀ ਨਜ਼ਰ

Digitized by Panjab Digital Library | www.panjabdigilib.org

ਵਿਚ ਕੀੜਾ ਜੇ ਵ ਪਾਪ ਕਰਦਾ ਹੈ ਗੁਰੂ ਜੀ ਜਦੋਂ ਸੰਸਾਰ ਦੇ ਮਾਰਨ ਵਾਲਿਆਂ ਤੇ ਵਿਸ਼ਿਆਂ ਵੱਲੋਂ ਮਰਕੇ ਜੀਵ ਜੀਊਂਦਾ ਹੋਵੇ ਅਤੇ ਨਾਮ ਦਾ ਜਾਪ ਕਰਦਾ ਹੋਵੇ ਤੇ ਤਾਂ ਓਹ ਕੁਛ ਰਸ ਨੂੰ ਪਾਂਦਾ ਹੈ।

## ਰਾਗੁ ਆਸਾ ਘਰੁ ੨ ਮਹਲਾ ੩

### ੧ ਓ ਸਤਿਗੁਰਪ੍ਰਸਾਦਿ ॥

**ਹਰਿ ਦਰਸਨੁ ਪਾਵੈ ਵਡਭਾਗਿ ॥ ਗੁਰਕੈ ਸਬਦਿ ਸਚੈ ਬੈਰਾਗਿ ॥ ਖਟੁ ਦਰਸਨ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ ॥ ੧ ॥**

ਜੇਹੜੇ ਗੁਰ ਉਪਦੇਸ਼ ਨੂੰ ਸੁਣ ਕੇ ਸੱਚੇ ਵੈਰਾਗੀ ਹੋਏ ਹਨ ਓਹ ਵਡਿਆਂ ਭਾਗਾਂ ਵਾਲੇ ਹਰ ਦਰਸ਼ਨ ਨੂੰ ਪਾਂਦੇ ਹਨ, ਛਿਆਂ ਭੇਖਾਂ ਦਾ ਜੇਹੜਾ ਵਰਤਾਰਾ ਵਰਤਦਾ ਹੈ ਇਹਨਾਂ ਵਿਚ ਅਗਮ ਅਪਾਰ ਗੁਰਾਂ ਦਾ ਦਰਸ਼ਨ ਹੀ ਭਾਵ ਸਾਰਿਆਂ ਭੇਖਾਂ ਨੇ ਗੁਰੂ ਨੂੰ ਹੀ ਅਸਚਰਜ ਪ੍ਰਮੇਸਰ ਰੂਪ ਮੰਨਿਆਂ ਹੈ।

**ਗੁਰਕੈ ਦਰਸਨਿ ਮੁਕਤਿਗਤਿ ਹੋਇ ॥ ਸਾਚਾਆਪਿ ਵਸੈ ਮਨਿ ਸੋਇ ॥ ੧ ॥ ਰਹਾਉ ॥**

ਗੁਰਾਂ ਦੇ ਦਰਸ਼ਨ ਕਰਕੇ ਮੁਕਤੀ ਗਤੀ=ਪ੍ਰਾਪਤਿ ਹੁੰਦੀ ਹੈ ਅਤੇ ਓਹ ਸੱਚਾ ਅਕਾਲ ਪੁਰਖ ਮਨ ਵਿਚ ਆ ਵੱਸਦਾ ਹੈ।

**ਗੁਰ ਦਰਸਨਿ ਉਧਰੈ ਸੰਸਾਰਾ ॥ ਜੇਕੋ ਲਾਏ ਭਾਉ ਪਿਆਰਾ ॥ ਭਾਉਪਿਆਰਾ ਲਾਏ ਵਿਰਲਾ ਕੋਇ॥ਗੁਰਕੈ ਦਰਸਨਿ ਸਦਾ ਸੁਖੁ ਹੋਇ ॥ ੨ ॥**

ਜੇਹੜਾ ਕੋਈ ਪਿਆਰਾ ਗੁਰਾਂ ਦੇ ਦਰਸ਼ਨ ਵਿਚ ਪ੍ਰੇਮ ਕਰਦਾ ਹੈ, ਓਹ ਗੁਰਾਂ ਦੇ ਦਰਸ਼ਨ ਕਰਕੇ ਸੰਸਾਰ ਤੋਂ ਤਰ ਜਾਂਦਾ ਹੈ ਪਰ ਕੋਈ ਵਿਰਲਾ ਹੀ ਪਿਆਰਾ ਪ੍ਰੇਮ ਲਾਂਦਾ ਹੈ ਜੇਹੜਾ ਲਾਂਦਾ ਹੈ ਉਸਨੂੰ ਗੁਰ ਦਰਸ਼ਨ ਤੋਂ ਵੱਡਾ ਸੁਖ ਮਲਦਾ ਹੈ।

**ਗੁਰਕੈ ਦਰਸਨਿ ਮੋਖੁ ਦੁਆਰੁ ॥ ਸਤਿਗੁਰੁ ਸੇਵੈਪਰ- ਵਾਰ ਸਾਧਾਰੁ॥ਨਿਗੁਰੇ ਕਉ ਗਤਿ ਕਾਈ ਨਾਹੀ॥ ਅਵ-**

Digitized by Panjab Digital Library | www.panjabdigilib.org

## ਗੁਣਿ ਮੁਠੇ ਚੋਟਾ ਖਾਹੀ ॥ ੩ ॥

ਗੁਰਾਂ ਦੇ ਦਰਸ਼ਨ ਨਾਲ ਮੁਕਤੀ ਦੁਆਰਾ ਗਿਆਨ ਮਿਲਦਾ ਹੈ ਸਤਿਗੁਰਾਂ ਦੀ ਸੇਵਾ ਕਰਕੇ ਸਾਰੇ ਟੱਬਰ ਦਾ ਸਧਾਰ=ਉਧਾਰ ਹੁੰਦਾ ਹੈ, ਜੇਹੜਾ ਕਿ ਨਿਗੁਰਾ ਹੈ ਉਸਦੀ ਕਿਤੇ ਵੀ ਗ ੀ ਨਹੀਂ ਹੁੰਦੀ ਹੈ ਓ ਾ ਔਗੁਣਾਂ ਕਰਕੇ ਠਗਿਆ ਹੋਇਆ ਚੋਟਾਂ ਖਾਂਦਾ ਹੈ ।

## ਗੁਰਕੈ ਸਬਦਿ ਸੁਖੁ ਸਾਂਤਿ ਸਰੀਰ॥ਗੁਰਮੁਖਿ ਤਾਕਉ ਲਗੈ ਨ ਪੀਰ॥ ਜਮਕਾਲੁ ਤਿਸੁ ਨੇੜਿ ਨ ਆਵੈ॥ਨਾਨਕ ਗੁਰਮੁਖਿ ਸਾਚਿ ਸਮਾਵੈ ॥ ੪ ॥ ੧ ॥ ੪੦ ॥

ਗੁਰਾਂ ਦੇ ਸ਼ਬਦ ਨਾਲ ਸਰੀਰ ਨੂੰ ਸੁਖ ਤੇ ਸ਼ਾਂਤੀ ਰਹਿੰਦੀ ਹੈ, ਜੇਹੜਾ ਗੁਰਮੁਖ ਹੈ ਉਸ ਨੂੰ ਦੁਖ ਨਹੀਂ ਲੱਗਦਾ ਹੈ, ਜਨਮ ਮਰਨ ਦਾ ਦੁਖ ਓਹਨਾਂ ਦੇ ਨੇੜੇ ਨਹੀਂ ਆਉਂਦਾ ਹੈ ਗੁਰੂ ਜੀ ਗੁਰਮੁਖ ਸੱਚੇ ਪ੍ਰਮੇਸਰ ਨਾਲ ਮਿਲ ਜਾਂਦੇ ਹਨ ।

## ਆਸਾ ਮਹਲਾ ੩ ॥

## ਸਬਦਿ ਮੁਆ ਵਿਚਹੁ ਆਪੁ ਗਵਾਇ ॥ ਸਤਿਗੁਰੁ ਸੇਵੇ ਤਿਲੁ ਨ ਤਮਾਇ ॥ ਨਿਰਭਉ ਦਾਤਾ ਸਦਾ ਮਨਿ ਹੋਇ ॥ ਸਚੀ ਬਾਣੀ ਪਾਏ ਭਾਗਿ ਕੋਇ ॥ ੧ ॥

ਜੇਹੜਾ ਗੁਰ ਉਪਦੇਸ਼ ਕਰਕੇ ਰਿਦੇ ਵਿਚੋਂ ਹੰਕਾਰ ਨੂੰ ਦੂਰ ਕਰਕੇ ਸੰਸਾਰ ਵੱਲੋਂ ਮੋਇਆ ਹੈ ਅਤੇ ਸਤਿਗੁਰਾਂ ਦੀ ਸੇਵਾ ਕਰਦਾ ਹੈ ਅਤੇ ਥੋੜਾ ਜੇਹਾ ਵੀ ਜਿਸਨੂੰ ਲੋਭ ਨਹੀਂ ਹੈ ਨਿਰਭੈ ਦਾਤਾ ਪ੍ਰਮੇਸਰ ਸਦਾ ਉਸਦੇ ਮਨ ਵਿਚ ਹੁੰਦਾ ਹੈ ਜਾਂ ਉਸ ਨੂੰ ਮੰਨਣਾ ਹੁੰਦਾ ਹੈ ਇਹ ਸੱਚੀ ਬਾਣੀ ਦਾ ਉਪਦੇਸ਼ ਕੋਈ ਵਿਰਲਾ ਭਾਗਾਂ ਵਾਲਾ ਆਦਮੀ ਪਾਂਦਾ ਹੈ ।

## ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰਕੈ ਸਬਦਿ ਸਮਾਹਿ ॥ ੧ ॥ ਰਹਾਉ ॥

ਦਿਲ ਅੰਦਰ ਗੁਣਾਂ ਨੂੰ ਕੱਠਿਆਂ ਕਰੋ ਜਿਸ ਕਰਕੇ ਸਰੀਰ ਵਿਚੋਂ ਸਾਰੇ ਔਗਣ ਜਾਂਦੇ ਰਹਿਣ, ਪੂਰਿਆਂ ਗੁਰਾਂ ਦੇ ਉਪਦੇਸ਼ ਵਿਚ ਮਨ ਸਮਾਇਆ ਜਾਵੇ ।

## ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ

Digitized by Panjab Digital Library | www.panjabdigilib.org

**ਸਬਦਿ ਨਾਮੁ ਵਖਾਣੈ॥ ਸਾਚੀ ਬਾਣੀ ਸੂਚਾ ਹੋਇ॥ਗੁਣਤੇ ਨਾਮੁ ਪਰਾਪਤਿ ਹੋਇ ॥ ੨ ॥**

ਜੇਹੜਾ ਚੰਗਿਆਂ ਗੁਣਾਂ ਦਾ ਗਾਹਕ ਹੁੰਦਾ ਹੈ ਓਹ ਗੁਣਾਂ ਨੂੰ ਜਾਣਦਾ ਹੈ, ਓਹ ਹੀ ਅੰਮ੍ਰਤ ਰੂਪ ਉਪਦੇਸ਼ ਨੂੰ ਲੈਕੇ ਨਾਮ ਨੂੰ ਜਪਦਾ ਹੈ, ਸੱਚੀ ਬਾਣੀ ਨੂੰ ਮੰਨਕੇ ਓਹ ਸੁੱਚਾ ਹੁੰਦਾ ਹੈ, ਨਾਮ ਦੀ ਪਰਾਪਤੀ ਗੁਣਾਂ ਕਰਕੇ ਹੁੰਦੀ ਹੈ।

**ਗੁਣ ਅਮੋਲਕ ਪਾਏ ਨ ਜਾਹਿ ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ॥ ਸੇ ਵਡਭਾਗੀ ਜਿਨਨਾਮੁ ਧਿਆਇਆ ॥ ਸਦਾ ਗੁਣ ਦਾਤਾ ਮੰਨਿ ਵਸਾਇਆ ॥ ੩ ॥**

ਇਹ ਅਮੋਲਕ ਗੁਣ ਪਰਮੇਸਰ ਦੀ ਕਿਰਪਾ ਬਿਨਾਂ ਨਹੀਂ ਪਾਏ ਜਾਂਦੇ ਜਿਨਾਂ ਨੂੰ ਮਿਲ ਗਏ ਹਨ ਓਹਨਾਂ ਦਾ ਮਨ ਸਾਫ ਹੋਇਆ ਹੈ ਅਤੇ ਸੱਚੇ ਉਪਦੇਸ਼ ਵਿਚ ਸਮਾ ਗਏ ਹਨ ਓਹ ਹੀ ਵੱਡਿਆਂ ਭਾਗਾਂ ਵਾਲੇ ਹਨ, ਜਿਨਾਂ ਨੇ ਗੁਣਾਂ ਨੂੰ ਕੱਠਿਆਂ ਕਰਕੇ ਨਾਮ ਨੂੰ ਧਿਆਇਆ ਹੈ ਰੋਜ ਹੀ ਗੁਣ ਦਾਤੇ ਪਰਮੇਸਰ ਨੂੰ ਮਨ ਵਿਚ ਵਸਾਯਾ ਹੈ।

**ਜੋ ਗੁਣ ਸੰਗ੍ਰਹੈ ਤਿਨ ਬਲਿਹਾਰੈ ਜਾਉ ॥ ਦਰਿਸਾਚੈ ਸਾਚੇ ਗੁਣਗਾਉ ॥ ਆਪੇ ਦੇਵੈ ਸਹਜਿ ਸੁਭਾਇ॥ਨਾਨਕ ਕੀਮਤਿ ਕਹਣੁ ਨ ਜਾਇ ॥ ੪ ॥ ੨ ॥ ੪੧ ॥**

ਜੇਹੜੇ ਗੁਣਾਂ ਨੂੰ ਕੱਠਜਾਂ ਕਰਦੇ ਹਨ ਓਹਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਸਚਿਆਂ ਗੁਣਾਂ ਨੂੰ ਗਾ ਕੇ ਦਰ=ਅੰਦਰ ਹੀ ਪਰਮੇਸਰ ਨੂੰ ਲੱਭ ਲੈਂਦੇ ਹਨ, ਓਹਨਾਂ ਨੂੰ ਪ੍ਰਮੇਸਰ ਸ਼ਾਂਤੀ ਸੁਭਾਤੇ ਆਪ ਹੀ ਦੇਂਦਾ ਹੈ, ਗੁਰੂ ਜੀ ਓਹਨਾਂ ਗੁਰਮੁਖਾਂ ਦੀ ਮਹਿਮਾਂ ਆਖੀ ਨਹੀਂ ਜਾਂਦੀ ਹੈ।੪।੨॥੪੧॥

## ਆਸਾ ਮਹਲਾ ੩ ॥

**ਸਤਿਗੁਰ ਵਿਚਿ ਵਡੀ ਵਡਿਆਈ॥ ਚਿਰੀ ਵਿਛੁੰਨੇ ਮੇਲਿ ਮਿਲਾਈ ॥ ਆਪੇ ਮੇਲੇ ਮੇਲਿ ਮਿਲਾਏ ॥ ਅਪਣੀ ਕੀਮਤਿ ਆਪੇ ਪਾਏ ॥ ੧ ॥**

ਸਤਿਗੁਰਾਂ ਵਿਚ ਇਹ ਬੜੀ ਵੱਡੀ ਵਡਿਆਈ ਹੈ ਜਿਹੜਾ ਆਦਮੀ ਬਹੁਤ ਹੀ ਚਿਰਾਂ ਦਾ ਵਿਛੜਿਆ ਹੋਇਆ ਸੀ ਉਸਨੂੰ ਅਪਣੇ ਸਤਸੰਗ ਵਿਚ ਮਿਲਾ ਲੇਂਦਾ ਹੈ। ਜਦੋਂ ਵਾਹਿਗੁਰੂ ਆਪ ਹੀ ਸਤਸੰਗ ਵਿਚ ਮੇਲਦਾ ਹੈ ਤਾਂ

Digitized by Panjab Digital Library | www.panjabdigilib.org

ਸਤਿਗੁਰਾਂ ਨੂੰ ਮੇਲਕੇ ਆਪਣੇ ਨਾਲ ਮਿਲਾ ਲੈਂਦਾ ਹੈ ਜਦੋਂ ਸਤਿਗੁਰਾਂ ਨੂੰ ਮਿਲਦਾ ਹੈ ਤਾਂ ਆਪਣੇ ਆਪਦੀ ਕਦਰ ਆਪ ਹੀ ਪਾਂਦਾ ਹੈ ਭਾਵ ਪਰਮੇਸਰ ਨੂੰ ਅੰਦਰ ਹੀ ਸਮਝ ਜਾਂਦਾ ਹੈ।

**ਹਰਿ ਕੀਮਤਿ ਕਿਨਬਿਧਿ ਹੋਇ ॥ ਹਰਿ ਅਪਰੰਪਰੁ ਅਗਮ ਅਗੋਚਰੁ ਗੁਰਕੈ ਸਬਦਿ ਮਿਲੈ ਜਨੁ ਕੋਇ ॥੧॥ਰਹਾਉ ॥**

ਵਾਹਿਗੁਰੂ ਦੀ ਕੀਮਤ ਕਿਸਤਰਾਂ ਹੋਵੇ? ਉਤਰ—ਪਰਮੇਸਰ ਸੰਸਾਰ ਤੋਂ ਪਰੇ ਅਗੰਮ ਅਗੋਚਰ ਹੈ ਗੁਰਾਂ ਦੇ ਉਪਦੇਸ਼ ਕਰਕੇ ਕੋਈ ਵਿਰਲਾ ਹੀਆਦਮੀ ਪਰਮੇਸਰ ਨਾਲ ਮਿਲਦਾ ਹੈ।

**ਗੁਰਮੁਖਿ ਕੀਮਤਿ ਜਾਣੈ ਕੋਇ ॥ ਵਿਰਲੇ ਕਰਮਿ ਪਰਾਪਤਿ ਹੋਇ ॥ ਊਚੀ ਬਾਣੀ ਊਚਾ ਹੋਇ ॥ ਗੁਰਮੁਖਿ ਸਬਦਿ ਵਖਾਣੈ ਕੋਇ ॥ ੨ ॥**

ਗੁਰਮੁਖਾਂ ਦੇ ਧਰਮ ਨੂੰ ਸਮਝਕੇ ਕੋਈ ਵਿਰਲਾ ਹੀ ਉਸਦੇ ਭੇਦ ਨੂੰ ਸਮਝਦਾ ਹੈ, ਕਿਸੇ ਵਿਰਲੇ ਨੂੰ ਹੀ ਪ੍ਰਮੇਸਰ ਦੀ ਕ੍ਰਿਪਾ ਨਾਲ ਇਹ ਮੁਰਾਤਬਾ ਪ੍ਰਾਪਤ ਹੁੰਦਾ ਹੈ। ਉਚੀ ਬਾਣੀ ਨੂੰ ਸੁਣਕੇ ਆਦਮੀ ਉੱਚਾ ਹੁੰਦਾ ਹੈ, ਇੱਕੁਰ ਗੁਰਾਂ ਦੀ ਕ੍ਰਿਪਾ ਨਾਲ ਸ਼ਬਦ ਦਾ ਉਚਾਰਨ ਕੋਈ ਵਿਰਲਾ ਹੀ ਕਰਦਾ ਹੈ।

**ਵਿਣ ਨਾਵੈਦੁਖੁ ਦਰਦੁ ਸਰੀਰਿ ॥ ਸਤਿਗੁਰੁ ਭੇਟੈਤਾ ਉਤਰੈ ਪੀਰ ॥ ਬਿਨੁਗੁਰ ਭੇਟੇਦੁਖੁ ਕਮਾਇ ॥ ਮਨਮੁਖਿ ਬਹੁਤੀ ਮਿਲੈ ਸਜਾਇ ॥ ੩ ॥**

ਨਾਮ ਤੋਂ ਬਿਨਾ ਜਨਮਾਂ ੨ ਦਾ ਦੁਖ ਅਤੇ ਈਰਖਾ ਝਗੜਿਆਂਦਾਦਰਦ ਸਰੀਰ=ਭਾਵ ਦਿਲ ਨੂੰ ਲੱਗਾ ਰਹਿੰਦਾ ਹੈ, ਜਦੋਂ ਸਤਿਗੁਰ ਮਿਲਦੇ ਹਨ ਤੇ ਤਾਂ ਇਹ ਪੀੜਾ ਦੂਰ ਹੋਂਦੀ ਹੈ। ਗੁਰਾਂ ਦੇ ਮਿਲਿਆਂ ਬਿਨਾ ਦੁਖੀ ਹੀ ਰਹਿੰਦਾ ਹੈ ਅਰ ਦੁਖਾਂ ਦੇ ਮਿਲਨ ਵਾਲੇ ਕੰਮਾਂ ਦੀ ਕਮਾਈ ਕਰਦਾ ਰਹਿੰਦਾ ਹੈ ਇਕੁਰ ਮਨਮੁਖਾਂ ਨੂੰ ਬਹੁਤੀਆਂ ਸਜਾਵਾਂ ਮਿਲਦੀਆਂ ਹਨ।

**ਹਰਿਕਾ ਨਾਮੁ ਮੀਠਾ ਅਤਿ ਰਸੁ ਹੋਇ ॥ ਪੀਵਤਰਹੈ ਪੀਆਏ ਸੋਇ ॥ ਗੁਰ ਕਿਰਪਾ ਤੇ ਹਰਿ ਰਸੁ ਪਾਏ ॥ ਨਾਨਕ ਨਾਮਿ ਰਤੇ ਗਤਿ ਪਾਏ ॥ ੪ ॥ ੩ ॥ ੪੨ ॥**

Digitized by Panjab Digital Library | www.panjabdigilib.org

ਪਰਮੇਸਰ ਦਾ ਨਾਮ ਬਹੁਤ ਹੀ ਮਿੱਠਾ ਜਿਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ, ਓਹ ਆਪ ਪੀਂਦੇ ਹਨ ਅਤੇ ਹੋਰਨਾਂ ਨੂੰ ਪਿਆਉਂਦੇ ਹਨ, ਪਰ ਇਹ ਪਰਮੇਸਰ ਦੇ ਨਾਮ ਦਾ ਰਸ ਗੁਰਾਂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ, ਗੁਰੂ ਜੀ ਜਿਹੜੇ ਨਾਮ ਵਿਚ ਰੱਤੇ ਹਨ ਓਹ ਮੁਕਤੀ ਪਾਂਦੇ ਹਨ ॥ ੪ ॥ ੩ ॥ ੪੨ ॥

## ਆਸਾ ਮਹਲਾ ੩ ॥

**ਮੇਰਾ ਪ੍ਰਭੁ ਸਾਚਾ ਗਹਿਰ ਗੰਭੀਰ ॥ ਸੇਵਤ ਹੀ ਸੁਖੁ ਸਾਂਤਿ ਸਰੀਰ ॥ ਸਬਦਿ ਤਰੇ ਜਨ ਸਹਜਿ ਸੁਭਾਇ ॥ ਤਿਨਕੈ ਹਮ ਸਦ ਲਾਗਹ ਪਾਇ ॥ ੧ ॥**

ਮੇਰਾ ਮਾਲਕ ਸੱਚਾ ਤੇ ਬਹੁਤ ਗੁਣਾਂ ਦਾ ਖਜ਼ਾਨਾ ਹੈ ਉਸ ਦੀ ਸੇਵ ਕਰਦਿਆਂ ਹੀ ਸਰੀਰ ਭਾਵ ਦਿਲ ਨੂੰ ਸ਼ਾਂਤੀ ਸੁਖ ਮਿਲਦਾ ਹੈ, ਸ਼ਾਂਤੀ ਸੁਭਾਉ ਵਾਲੇ ਜੇਹੜੇ ਗੁਰ ਉਪਦੇਸ਼ ਨੂੰ ਉਚਾਰਨਾ ਕਰਦੇ ਹਨ ਅਸੀਂ ਸਦਾ ਹੀ ਉਹਨਾਂ ਦੀ ਚਰਨੀ ਲੱਗਦੇ ਹਾਂ।

**ਜੋ ਮਨਿ ਰਾਤੇ ਹਰਿ ਰੰਗੁ ਲਾਇ ॥ ਤਿਨਕਾ ਜਨਮ ਮਰਣ ਦੁਖੁ ਲਾਥਾ ਤੇ ਹਰਿ ਦਰਗਹ ਮਿਲੇ ਸੁਭਾਇ ॥ ੧ ॥ ਰਹਾਉ ॥**

ਜੇਹੜੇ ਪ੍ਰਮੇਸਰ ਵਿੱਚ ਪ੍ਰੇਮ ਲਾਕੇ ਮਨਵਿਚ ਰਾਤੇ=ਮਸਤ ਹੋਏਹਨ, ਉਹਨਾਂ ਦਾ ਜਨਮ ਮਰਨ ਦਾ ਦੁਖ ਦੂਰ ਹੋ ਗਿਆ ਹੈ, ਓਹ ਪ੍ਰਮੇਸਰ ਦੀ ਦਰਗਾਹ ਵਿੱਚ ਸੋਹਣੇ ਸਜ ਧਜਕੇ ਮਿਲੇ ਹਨ।

**ਸਬਦੁ ਚਾਖੈ ਸਾਚਾ ਸਾਦੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਹਰਿ ਪ੍ਰਭੁ ਸਦਾ ਰਹਿਆ ਭਰਪੂਰਿ ॥ ਆਪੇ ਨੇੜੈ ਆਪੇ ਦੂਰਿ ॥ ੨ ॥**

ਜੇਹੜੇ ਗੁਰਉਪਦੇਸ਼ ਦੇ ਰਸ ਨੂੰ ਚੱਖਦੇ ਹਨ ਉਹੋ ਹੀ ਸੱਚੇ ਪ੍ਰਮੇਸ਼ਰ ਦੇ ਮਿਲਾਪ ਦਾ ਸੁਆਦ ਪਾਂਦੇ ਹਨ, ਪ੍ਰਮੇਸਰ ਦਾ ਨਾਮ ਮਨ ਵਿੱਚ ਵਸਾਂਦੇ ਹਨ, ਜੇਹੜਾ ਪ੍ਰਮੇਸਰ ਮਾਲਕ ਸਦਾ ਹੀ ਫੈਲਿਆ ਹੋਇਆ ਹੈ ਓਹ ਗੁਰਮੁਖਾਂ ਨੂੰ ਨੇੜੇ ਦੀਹਦਾ ਹੈ ਤੇ ਮਨਮੁਖਾਂ ਨੂੰ ਬਹੁਤ ਦੂਰ ਹੈ।

**ਆਖਣਿ ਆਖੈ ਬਕੈ ਸਭੁ ਕੋਇ ॥ ਆਪੇ ਬਖਸਿ ਮਿਲਾਏ ਸੋਇ ॥ ਕਹਣੈ ਕਥਨਿ ਨ ਪਾਇਆ ਜਾਇ ॥**

**ਗੁਰਪਰਸਾਦਿ ਵਸੈ ਮਨਿ ਆਇ ॥ ੩ ॥**

ਜੇਹੜੇ ਪੁਰਾਣਿਆਂ ਲੋਕਾਂ ਨੇ ਬਹੁਤ ਸਾਰੇ ਅਖਾਣ ਆਖੇ ਹੋਏ ਹਨ ਓਹਨਾਂ ਨੂੰ ਹਰ ਕੋਈ ਬੋਲਦਾ ਹੈ ਪਰ ਓਹ ਪ੍ਰਮਾਤਮਾ ਜਿਸ ਦੇ ਔਗੁਣਾਂ ਨੂੰ ਬਖਸ਼ ਲੈਂਦਾ ਹੈ ਉਸ ਨੂੰ ਨਾਲ ਮਿਲਾ ਲੈਂਦਾ ਹੈ ਓਹ ਬਹੁਤੀਆਂ ਗੱਲਾਂ ਕਹਿਣ ਕਥਨ ਨਾਲ ਨਹੀਂ ਪਾਇਆ ਜਾਂਦਾ ਹੈ, ਗੁਰਾਂ ਦੀ ਕਿਰਪਾ ਨਾਲ ਆਪੇ ਹੀ ਮਨ ਵਿੱਚ ਆ ਵੱਸਦਾ ਹੈ ।

**ਗੁਰਮੁਖਿ ਵਿਚਹੁ ਆਪੁ ਗਵਾਇ॥ ਹਰਿ ਰੰਗਿ ਰਾਤੇ ਮੋਹੁ ਚੁਕਾਇ ॥ ਅਤਿ ਨਿਰਮਲ ਗੁਰ ਸਬਦ ਵੀਚਾਰ ॥ ਨਾਨਕ ਨਾਮਿ ਸਵਾਰਣਹਾਰ ॥ ੪ ॥ ੪ ॥ ੪੩ ॥**

ਗੁਰਮੁਖਾਂ ਨੇ ਵਿਚੋਂ ਹੰਕਾਰ ਦੂਰ ਕਰ ਦਿੱਤਾ ਹੈ ਅਤੇ ਮੋਹ ਨੂੰ ਦੂਰ ਕਰਕੇ ਪਰਮੇਸਰ ਦੇ ਪ੍ਰੇਮ ਵਿੱਚ ਮਸਤ ਹਨ ਗੁਰੂ ਜੀ=ਓਹਨਾਂ ਨੇ ਬਹੁਤ ਹੀ ਸ਼ੁਧ ਗੁਰ ਸ਼ਬਦ ਦਾ ਵਿਚਾਰ ਕੀਤਾ ਹੈ, ਇਸ ਲਈ ਓਹਨਾਂ ਨੂੰ ਨਾਮੀ ਅਕਾਲ ਪੁਰਖ ਸਵਾਰਨ ਵਾਲਾ ਹੋਇਆ ਹੈ ।

## ਆਸਾ ਮਹਲਾ ੩ ॥

**ਦੂਜੈ ਭਾਇ ਲਗੇ ਦੁਖੁ ਪਾਇਆ ॥ ਬਿਨੁ ਸਬਦੈ ਬਿਰਥਾ ਜਨਮੁ ਗਵਾਇਆ॥ਸਤਿਗੁਰੁ ਸੇਵੈ ਸੋਝੀ ਹੋਇ॥ ਦੂਜੈ ਭਾਇ ਨ ਲਾਗੈ ਕੋਇ ॥ ੧ ॥**

ਜੇਹੜੇ ਮਨਮੁਖ ਦੇਵੀ ਦੇਵਤਿਆਂ ਦੇ ਦੂਸਰੇ ਪ੍ਰੇਮ ਵਿੱਚ ਲੱਗੇ ਹਨ ਉਹਨਾਂ ਨੇ ਦੁਖ ਪਾਇਆ ਹੈ, ਗੁਰ ਉਪਦੇਸ਼ ਬਿਨਾ ਮਨਮੁਖਾਂ ਨੇ ਜਨਮ ਬਿਅਰਥ ਹੀ ਗਵਾ ਲਿਆ ਹੈ, ਜੇਹੜੇ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਹਨਾਂ ਨੂੰ ਸੱਚ ਝੂਠ ਦੀ ਖਬਰ ਲਗ ਜਾਂਦੀ ਹੈ ਜਾਂ ਪ੍ਰਮੇਸਰ ਦੀ ਸਮਝ ਲੱਗ ਜਾਂਦੀ ਹੈ ਫਿਰ ਦ੍ਵੈਤ ਭਾਵਨਾ ਵਿੱਚ ਕੋਈ ਕਿਸੇ ਤਰਾਂ ਵੀ ਨਹੀਂ ਲੱਗਦਾ ਹੈ ਜਾਂ ਦ੍ਵੈਤ ਨਾਲ ਕੋਈ ਨਹੀਂ ਲਗਦਾ ਹੈ ।

**ਮੂਲਿ ਲਾਗੇ ਸੇ ਜਨੁ ਪਰਵਾਣੁ॥ ਅਨਦਿਨੁ ਰਾਮਨਾਮੁ ਜਪਿ ਹਿਰਦੈ ਗੁਰ ਸਬਦੀ ਹਰਿ ਏਕੋ ਜਾਣੁ॥੧॥ਰਹਾਉ॥**

ਜੇਹੜੇ ਪਰਮੇਸਰ ਰੂਪ ਮੁੱਢ ਨਾਲ ਲਗੇ ਹਨ ਓਹ ਆਦਮੀ ਦੁਨੀਆਂ ਤੇ ਆਏ ਪਰਵਾਣ ਹੋਏ ਹਨ ਓਹ ਰਾਤ ਦਿਨ ਰਾਮ ਨਾਮ ਨੂੰ ਦਿਲ ਨਾਲ ਜਪਦੇਹਨ ਅਤੇ ਗੁਰਉਪਦੇਸ਼ ਕਰਕੇ ਉਹਨਾਂਨੇ ਪਰਮੇਸ਼ਰਨੂੰ ਇਕਜਾਣਿਆਂ ਹੈ।

Digitized by Panjab Digital Library | www.panjabdigilib.org

**ਡਾਲੀ ਲਾਗੈ ਨਿਹਫਲੁ ਜਾਇ ॥ ਅੰਧੀ ਕੰਮੀ ਅੰਧ ਸਜਾਇ ॥ ਮਨਮੁਖੁ ਅੰਧਾ ਠਉਰ ਨ ਪਾਇ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥ ੨ ॥**

ਜੇਹੜੇ ਟਾਹਣੀਆਂ ਭਾਵ ਦੇਵੀ ਦੇਵਤਿਆਂ ਦੀ ਸੇਵਾ ਵਿੱਚ ਲੱਗੇ ਹਨ ਉਹਨਾਂ ਦੀ ਸੇਵਾ ਨਿਸ਼ਫਲ ਜਾਂਦੀ ਹੈ, ਇੱਕੁਰ ਦੇ ਅੰਨ੍ਹਿਆਂ ਕੰਮਾਂ ਕਰਕੇ ਅੰਨ੍ਹੇ ਨੂੰ ਨਰਕਾਂ ਦੀ ਸਜਾ ਮਿਲਦੀ ਹੈ ਮਨਮੁਖ ਅੰਨ੍ਹੇ ਨੂੰ ਕੋਈ ਥਾਂ ਨਹੀਂ ਮਿਲਦੀ ਹੈ ਜਿਸਤਰਾਂ ਵਿਸ਼ਟਾ ਦਾ ਕੀੜਾ ਵਿਸ਼ਟਾ ਵਿੱਚ ਰਹਿਕੇ ਵਿਸ਼ਟਾ ਦੇ ਵਿੱਚ ਹੀ ਮਰਦਾ ਹੈ ਭਾਵ ਬੁਰਿਆਂ ਕੰਮਾਂ ਦਾ ਬੁਰਾ ਫਲ ਦੁਖ ਪਾਂਦੇ ਹਨ।

**ਗੁਰ ਕੀ ਸੇਵਾ ਸਦਾ ਸੁਖੁ ਪਾਏ ॥ ਸੰਤ ਸੰਗਤਿ ਮਿਲਿ ਹਰਿ ਗੁਣ ਗਾਏ ॥ ਨਾਮੇ ਨਾਮਿ ਕਰੇ ਵੀਚਾਰੁ ॥ ਆਪਿ ਤਰੈ ਕੁਲ ਉਧਰਣਹਾਰੁ ॥ ੩ ॥**

ਗੁਰਾਂ ਦੀ ਸੇਵਾ ਨਾਲ ਸਦਾ ਸੁਖ ਮਿਲਦਾ ਹੈ ਜੇਹੜਾ ਸਤਸੰਗ ਨਾਲ ਮਿਲਕੇ ਹਰਿਗੁਣ ਗਾਂਦਾ ਹੈ ਨਾਮੀ ਪ੍ਰਮੇਸਰ ਦਾ ਨਾਮ ਜਪ ਕੇ ਵਿਚਾਰ ਕਰਦਾ ਹੈ ਓਹ ਆਪ ਤਰ ਜਾਂਦਾ ਹੈ ਤੇ ਹੋਰਨਾਂ ਕੁੱਲਾਂ ਦਾ ਵੀ ਤਾਰਨ ਵਾਲਾ ਹੋ ਜਾਂਦਾ ਹੈ।

**ਗੁਰ ਕੀ ਬਾਣੀ ਨਾਮਿ ਵਜਾਏ ॥ ਨਾਨਕ ਮਹਲੁ ਸਬਦਿ ਘਰੁ ਪਾਏ ॥ ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥ ੪ ॥ ੫ ॥ ੪੪ ॥**

ਜੇਹੜਾ ਗੁਰੂ ਦੀ ਬਾਣੀ ਕਰਕੇ ਨਾਮੀ ਨੂੰ ਜਪਦਾ ਹੈ ਓਹ ਗੁਰ ਉਪਦੇਸ਼ ਨੂੰ ਸੁਣ ਕੇ ਰਿਦੇ ਦੇ ਅੰਦਰ ਹੀ ਪ੍ਰਮੇਸਰ ਨੂੰ ਪਾਂਦਾ ਹੈ, ਜਿਨ੍ਹਾਂ ਦਾ ਮਨ ਗੁਰਾਂ ਦੀ ਸਿਖਿਆ ਲੈਕੇ ਸਤਸੰਗ ਕਰਕੇ ਪ੍ਰਮੇਸਰ ਰੂਪ ਪਾਣੀ ਵਿਚ ਨ੍ਹਾਉਂਦਾ ਹੈ, ਉਸਦੀ ਖੋਟੀ ਅਕਲ ਦੀ ਮੈਲ ਅਤੇ ਪਾਪ ਦੂਰ ਹੋਗਿਆ ਹੈ।

**ਆਸਾ ਮਹਲਾ ੩ ॥**

**ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ ॥ ਦੂਜੈ**

Digitized by Panjab Digital Library | www.panjabdigilib.org

**ਭਾਇ ਆਤਮ ਸੰਘਾਰਹਿ ॥ ਮੇਰਾ ਮੇਰਾ ਕਰਿ ਕਰਿ ਵਿਗੂਤਾ ॥ ਆਤਮੁ ਨ ਚੀਨੈ ਭਰਮੈ ਵਿਚਿ ਸੂਤਾ ॥ ੧ ॥**

ਜੇਹੜੇ ਮਨਮੁਖ ਮਰਦੇ ਹਨ ਓਹ ਮਰਨ ਦੇ ਵੇਲੇ ਮਰਨੇ ਨੂੰ ਵਿਗਾੜ ਕੇ ਮਰ ਜਾਂਦੇ ਹਨ, ਓਹ ਦ੍ਵੈਤ ਭਾਵ ਵਿਚ ਲੱਗੇ ਹੋਇ ਹਨ, ਆਪਣੇ ਆਪ ਦਾ ਨਾਸ ਕਰਦੇ ਹਨ, ਮੇਰਾ ਮੇਰਾ ਕਰਕੇ ਆਦਮੀ ਖਰਾਬ ਹੁੰਦਾ ਹੈ, ਅਗਜਾਨ ਵਿਚ ਸੁੱਤਾ ਹੋਇਆ ਆਪਣੇ ਆਪ ਨੂੰ ਨਹੀਂ ਸਮਝਦਾ ਹੈ।

**ਮਰੁ ਮੁਇਆ ਸਬਦੇ ਮਰਿ ਜਾਇ ॥ ਉਸਤਤਿ ਨਿੰਦਾ ਗੁਰਿ ਸਮਜਾਣਾਈ ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ ॥ ੧ ॥ ਰਹਾਉ ॥**

ਜਿਨਾਂ ਗੁਰਮੁਖਾਂ ਦਾ ਮਨ ਗੁਰਉਪਦੇਸ਼ ਕਰਕੇ ਮੋਇਆ ਹੈ ਓਹਨਾਂ ਦਾ ਜਨਮਨਾ ਮਰਨਾ ਜਾਂਦਾ ਰਿਹਾ ਹੈ ਜਾਂ ਓਹਨਾਂ ਦਾ ਮਰਨਾ ਮਰਜਾਂਦਾ ਹੈ, ਓਹਨਾਂ ਨੂੰ ਨਿੰਦਿਆ ਉਸਤਤੀ ਗੁਰਾਂ ਨੇ ਇਕ ਜੈਸੀ ਸਮਝਾ ਦਿਤੀ ਹੈ ਭਾਵ ਹਟਾਇਆ ਹੈ ਇਸ ਕਲਜੁਗ ਵਿਚ ਓਹੋ ਹੀ ਨਾਮ ਜਪਦੇ ਹਰ ਨਾਮ ਦਾ ਲਾਭ ਲੈ ਜਾਂਦੇ ਹਨ।

**ਨਾਮੁ ਵਿਹੂਣ ਗਰਭ ਗਲਿ ਜਾਇ ॥ ਬਿਰਥਾ ਜਨਮੁ ਦੂਜੈ ਲੋਭਾਇ ॥ ਨਾਮ ਵਿਹੂਣੀ ਦੁਖਿ ਜਲੈ ਸਬਾਈ ॥ ਸਤਿਗੁਰਿ ਪੂਰੈ ਬੂਝ ਬੁਝਾਈ ॥ ੨ ॥**

ਜੇਹੜੇ ਮਨਮੁਖ ਨਾਮ ਤੋਂ ਰਹਿਤ ਹਨ ਓਹ ਗਰਭਾਂ=ਜਨਮਾਂ ਵਿਚ ਗਲ ਜਾਂਦੇ ਹਨ ਦੂਸਰੇ ਭਾਵ ਵਿਚ ਮਨ ਲਾਉਣ ਨਾਲ ਓਹਨਾਂ ਦਾ ਜਨਮ ਬਿਅਰਥ ਹੈ ਨਾਮ ਤੋਂ ਬਿਨਾ, ਸਾਰੀ ਦੁਨੀਆਂ ਦੁਖੀ ਹੋਈ ੨ ਸੜਦੀ ਹੈ ਇਹ ਸਮਝ ਪੂਰਿਆਂ ਗੁਰਾਂ ਨੇ ਸਮਝਾਈ ਹੈ ਤਾਂਤੇ ਸਮਝੀ ਹੈ।

**ਮਨੁ ਚੰਚਲ ਬਹੁ ਚੋਟਾ ਖਾਇ ॥ ਏਥਹੁ ਛੁੜਕਿਆ ਠਉਰ ਨ ਪਾਇ ॥ ਗਰਭ ਜੋਨਿ ਵਿਸਟਾ ਕਾ ਵਾਸੁ ॥ ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥ ੩ ॥**

ਮਨਮੁਖਾਂ ਦਾ ਮਨ ਚੰਚਲ ਹੈ ਇਸ ਲਈ ਜਮ ਦੀਆਂ ਬਹੁਤ ਚੋਟਾਂ ਖਾਂਦੇ ਹਨ, ਇਸ ਮਨੁਖਾ ਜਨਮ ਤੋਂ ਛੁਟਿਆਂ ਹੋਇਆਂ ਨੂੰ ਕੋਈ ਵੀ ਟਿਕਾਣਾ ਨਹੀਂ ਹੈ, ਚੁਰਾਸੀ ਲੱਖ ਜੂਨ ਦਾ ਚੱਕਰ ਪੈਂਦਾ ਹੈ ਜਿੱਥੇ ੨ ਵਿਸ਼ਟਾ ਦਾ

Digitized by Panjab Digital Library | www.panjabdigilib.org

ਵਾਸਾ ਹੈ ਸਾਰੀਆਂ ਜੂਨਾਂ ਵਿਚ ਜਾਂਦਾ ਹੈ ਹਰੇਕ ਘਰ ਵਿਚ ਮਨਮੁਖ ਨਿਵਾਸ ਕਰਦਾ ਹੋਇਆ ਦੁਖ ਪਾਂਦਾ ਹੈ।

**ਅਪੁਨੇ ਸਤਿਗੁਰ ਕਉ ਸਦਾ ਬਲਿਜਾਈ ॥ ਗੁਰਮੁਖਿ ਜੋਤੀ ਜੋਤਿ ਮਿਲਾਈ ॥ ਨਿਰਮਲ ਬਾਣੀ ਨਿਜ ਘਰਿ ਵਾਸਾ॥ਨਾਨਕ ਹਉਮੈ ਮਾਰੇ ਸਦਾ ਉਦਾਸਾ ॥੪॥੬॥੪੫॥**

ਗੁਰਮੁਖ ਆਪਣਿਆਂ ਸਤਿਗੁਰਾਂ ਤੋਂ ਸਦਾ ਬਲਿਹਾਰ ਜਾਂਦੇ ਹਨ ਗੁਰਮੁਖਾਂ ਦੀ ਜੋਤ ਪ੍ਰਮੇਸ਼ਰ ਨਾਲ ਮਿਲ ਗਈ ਹੈ ਅਤੇ ਓਹਨਾਂ ਦੀ ਬਾਣੀ ਸਾਫ ਹੋਗਈ ਹੈ ਅਸਲ ਘਰ ਵਿਚ ਵਾਸਾ ਹੋਇਆ ਹੈ ਗੁਰੂ ਜੀ=ਗੁਰਮੁਖ ਹੰਗਤਾ ਮਮਤਾ ਨੂੰ ਮਾਰ ਕੇ ਸਭ ਤੋਂ ਉਦਾਸ ਰਹਿੰਦੇ ਹਨ।

## ਆਸਾ ਮਹਲਾ ੩ ॥

{ ਦਾਸ ਕਿਸ ਨੂੰ ਆਖਦੇ ਹਨ ਅਸਲੀ ਦਾਸ ਦੀ ਕੀ ਨਿਸ਼ਾਨੀ ਹੈ? ਇਹ ਸਿੱਖਾਂ ਨੇ ਪ੍ਰਸ਼ਨ ਕੀਤਾ ਤਾਂ ਸ੍ਰੀ ਗੁਰੂ ਅਮਰ ਦਾਸ ਜੀ ਨੇ ਸ਼ਬਦ ਉਚਾਰਿਆ। }

**ਲਾਲੈ ਆਪਣੀ ਜਾਤਿ ਗਵਾਈ ॥ ਤਨੁ ਮਨੁ ਅਰਪੇ ਸਤਿਗੁਰ ਸਰਣਾਈ ॥ ਹਿਰਦੈ ਨਾਮੁ ਵਡੀ ਵਡਿਆਈ॥ ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥ ੧ ॥**

ਓਹ ਦਾਸ ਹੈ ਜਿਸਨੇ ਆਪਣੀ ਜਾਤੀ ਦੀ ਹੰਗਤਾ ਦੂਰ ਕਰ ਦਿਤੀ ਹੈ, ਤਨ ਮਨ ਅਰਪਨ ਕਰਕੇ ਸਤਿਗੁਰਾਂ ਦੀ ਸ਼ਰਨ ਵਿਚ ਆਗਿਆ ਹੈ, ਜਿਸ ਨਾਮ ਦੀ ਵੱਡੀ ਵਡਿਆਈ ਹੈ ਉਸ ਨੂੰ ਰਿਦੇ ਵਿਚ ਧਾਰਿਆ ਹੈ, ਉਸ ਦਾ ਪ੍ਰੀਤਮ ਮਾਲਕ ਹਰ ਵੇਲੇ ਸਹਾਇ ਹੁੰਦਾ ਹੈ।

**ਸੋ ਲਾਲਾ ਜੀਵਤੁ ਮਰੈ ॥ ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰਪਰਸਾਦੀ ਸਬਦਿ ਉਧਰੈ ॥ ੧ ॥ ਰਹਾਉ ॥**

ਅਸਲੀ ਦਾਸ ਓਹ ਹੈ ਜੇਹੜਾ ਜੀਉਂਦਾ ਹੀ ਮਰ ਜਾਵੇ ਭਾਵ ਗੁਰੂ ਦੀ ਸੇਵਾ ਵਿਚ ਲੱਗਾ ਹੋਇਆ ਅਪਣਾ ਆਪ ਨ ਦੱਸੇ, ਖੁਸ਼ੀ ਗ਼ਮੀ ਦੋਹਾਂ ਨੂੰ ਇਕੋ ਜਿਹਾ ਸਮਝੇ ਗੁਰੂ ਦੀ ਕਿਰਪਾ ਨਾਲ ਗੁਰ ਉਪਦੇਸ਼ ਲੈਕੇ ਦੁਨੀਆਂ ਤੋਂ ਅਪਣੇ ਆਪਦਾ ਉਧਾਰ ਕਰੇ।

**ਕਰਣੀ ਕਾਰ ਧੁਰਹੁ ਫੁਰਮਾਈ ॥ ਬਿਨੁ ਸਬਦ ਕੋ**

Digitized by Panjab Digital Library | www.panjabdigilib.org

**ਥਾਇ ਨ ਪਾਈ ॥ ਕਰਣੀ ਕੀਰਤਿ ਨਾਮੁ ਵਸਾਈ ॥ ਆਪੇ ਦੇਵੈ ਢਿਲਿ ਨ ਪਾਈ ॥ ੨ ॥**

ਇਹ ਸਾਰੀ ਚੰਗੀ ਕਾਰ ਕਰਣੀ ਧੁਰ ਤੋਂ ਹੀ ਆਖੀ ਗਈ ਹੈ ਕਿ ਗੁਰਉਪਦੇਸ਼ ਬਿਨਾਂ ਕੋਈ ਵੀ ਥਾਂ ਨਹੀਂ ਪਾਂਦਾ ਹੈ, ਦਾਸ ਕੀਰਤ ਰੂਪ ਕਰਣੀ ਕਰਦੇ ਹਨ ਤੇ ਦਾਸਾਂ ਨੇ ਨਾਮ ਦੀ ਪ੍ਰੀਤੀ ਮਨ ਵਿਚ ਵਸਾਈ ਹੋਈ ਹੈ । ਵਾਹਿਗੁਰੂ ਇੱਕੁਰ ਦੇ ਦਾਸਾਂ ਨੂੰ ਅਪਣਾ ਆਪ ਦੇਂਦਾ ਹੋਇਆ ਚਿਰ ਨਹੀਂ ਲਾਂਦਾ ਹੈ ।

**ਮਨਮੁਖਿ ਭਰਮਿ ਭੁਲੈ ਸੰਸਾਰੁ ॥ ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥ ਵਿਣੁ ਰਾਸੀ ਵਖਰੁ ਪਲੈ ਨ ਪਾਇ ॥ ਮਨਮੁਖਿ ਭੁਲਾ ਜਨਮੁ ਗਵਾਇ ॥ ੩ ॥**

ਮਨਮੁਖ ਭਰਮ ਕਰਕੇ ਸੰਸਾਰ ਵਿਚ ਭੁਲਦੇ ਹਨ, ਸਰਧਾ ਰੂਪ ਰਾਸ ਤੋਂ ਬਿਨਾਂ ਮੰਦਿਆਂ ਕਰਮਾਂ ਵਾਲਾ ਝੂਠਾ ਵਪਾਰ ਕਰਦੇ ਹਨ, ਬਿਨਾਂ ਰਾਸ ਤੋਂ ਸਰਧਾ ਰੂਪ ਸੌਦਾ ਅਪਣੇ ਪੱਲੇ ਨਹੀਂ ਪੈਂਦਾ ਹੈ ਭਾਵ ਨਾਮ ਨਹੀਂ ਮਿਲਦਾ ਹੈ, ਇੱਕੁਰ ਹੀ ਮਨਮੁਖ ਭੁੱਲਾ ਹੋਇਆ ਅਪਣਾ ਜਨਮ ਵਿਅਰਥ ਗਵਾਂਦਾ ਹੈ ॥੩॥

**ਸਤਿਗੁਰੁ ਸੇਵੇ ਸੁ ਲਾਲਾ ਹੋਇ ॥ ਊਤਮ ਜਾਤੀ ਊਤਮੁ ਸੋਇ ॥ ਗੁਰ ਪਉੜੀ ਸਭਦੂ ਊਚਾ ਹੋਇ ॥ ਨਾਨਕ ਨਾਮਿ ਵਡਾਈ ਹੋਇ ॥ ੪ ॥ ੭ ॥ ੪੬ ॥**

ਜੇਹੜਾ ਸਤਿਗੁਰਾਂ ਦੀ ਸੇਵਾ ਕਰਦਾ ਹੈ ਓਹ ਲਾਲ ਹੁੰਦਾ ਹੈ, ਉਸਦੀ ਉੱਤਮ ਜਾਤੀ ਹੈ ਓਹ ਆਪ ਵੀ ਉੱਤਮ ਹੈ, ਗੁਰ ਉਪਦੇਸ਼ ਰੂਪ ਪੌੜੀ ਉਤੇ ਚੜ੍ਹਕੇ ਸਾਰਿਆਂ ਤੋਂ ਉੱਚਾ ਹੋ ਜਾਂਦਾ ਹੈ, ਗੁਰੂ ਜੀ=ਇਹ ਸਾਰੀ ਵਡਿਆਈ ਨਾਮ ਨਾਲ ਹੀ ਮਿਲਦੀ ਹੈ॥ ੪ ॥ ੭ ॥ ੪੬ ॥

## ਆਸਾ ਮਹਲਾ ੩ ॥

**ਮਨਮੁਖਿ ਝੂਠੋ ਝੂਠੁ ਕਮਾਵੈ॥ਖਸਮੈ ਕਾ ਮਹਲੁ ਕਦੇ ਨ ਪਾਵੈ ॥ ਦੂਜੈ ਲਗੀ ਭਰਮਿ ਭੁਲਾਵੈ ॥ ਮਮਤਾ ਬਾਧਾ ਆਵੈ ਜਾਵੈ ॥ ੧ ॥**

ਮਨਮੁਖ ਝੂਠੇ ਝੂਠ ਹੀ ਕਮਾਂਦੇ ਹਨ, ਓਹ ਮਾਲਕ ਦੇ ਮਹਲ ਨੂੰ ਨਹੀਂ

Digitized by Panjab Digital Library | www.panjabdigilib.org

ਪਾਂਦੇ ਹਨ, ਜਿਨਾਂ ਦੀ ਅਕਲ ਦੂਸਰੇ ਪਾਸੇ ਲੱਗੀ ਹੈ ਓਹ ਆਪ ਵੀ ਭਰਮ ਵਿਚ ਭੁਲੇ ਹਨ ਤੇ ਹੋਰਨਾਂ ਨੂੰ ਵੀ ਭੁਲਾਂਦੇ ਹਨ। ਮਮਤਾ ਦੇ ਵਿਚ ਬੱਧੇ ਹੋਏ ਆਉਂਦੇ ਜਾਂਦੇ ਹਨ।

**ਦੋਹਾਗਣੀ ਕਾਮਨ ਦੇਖੁ ਸੀਗਾਰੁ ॥ ਪੁਤ੍ਰ ਕਲਤ੍ਰਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ ॥ ੧ ॥ ਰਹਾਉ ॥**

ਮਨਮੁਖ ਰੂਪ ਛੁਟੜ ਇਸਤ੍ਰੀਆਂ ਦੇ ਸਿੰਗਾਰ ਵੇਖੋ ਪੁਤ੍ਰ, ਇਸਤ੍ਰੀ, ਧਨ ਵਿਚ ਚਿਤ ਲਾਕੇ ਮਾਇਆ ਦੇ ਮੋਹ ਕਰਕੇ ਝੂਠ ਪਖੰਡ ਆਦਕ ਵਿਕਾਰਾਂ ਵਿਚ ਲੱਗੀ ਹੋਈ ਹੈ।

**ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥ ਗੁਰ ਸਬਦੀ ਸੀਗਾਰੁ ਬਣਾਵੈ ॥ ਸੇਜ ਸੁਖਾਲੀ ਅਨਦਿਨੁ ਹਰਿ ਰਾਵੈ॥ ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥ ੨ ॥**

ਓਹ ਸਦਾ ਹੀ ਸੁਹਾਗਣੀ ਹੈ ਜੇਹੜੀ ਮਾਲਕ ਨੂੰ ਭਾਂਦੀ ਹੈ, ਗੁਰ ਉਪ-ਦੇਸ਼ ਧਾਰਨਾ ਇਹ ਸ਼ਿੰਗਾਰ ਬਣਾਂਦੀ ਹੈ, ਓਹੋ ਹੀ ਅੰਤਸ਼ਕਰਣ ਰੂਪ ਸੇਜਾ ਉੱਤੇ ਸੁਖ ਨਾਲ ਪਿਆਰੇ ਦੇ ਸਾਥ ਰਮਣ ਕਰਦੀ ਭਾਵ ਅਨੰਦ ਲੈਂਦੀ ਹੈ ਤੇ ਰਾਤ ਦਿਨ ਪਿਆਰੇ ਨਾਲ ਮਿਲਕੇ ਸਦਾ ਸੁਖ ਪਾਂਦੀ ਹੈ।

**ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ॥ ਅਪਣਾ ਪਿਰੁ ਰਾਖੈ ਸਦਾ ਉਰਧਾਰਿ ॥ ਨੇੜੈ ਵੇਖੈ ਸਦਾ ਹਦੂਰਿ ॥ ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥ ੩ ॥**

ਜਿਸਦਾ ਸੱਚੇ ਮਾਲਕ ਨਾਲ ਪਿਆਰ ਹੈ ਓਹ ਸੁਹਾਗਣੀ ਸੱਚੀ ਹੈ,ਓਹ ਅਪਣੇ ਪਿਆਰੇ ਨੂੰ ਸਦਾ ਹੀ ਰਿਦੇ ਵਿਚ ਯਾਦ ਰਖਦੀ ਹੈ, ਓਹ ਮਾਲਕ ਨੂੰ ਨੇੜੇ ਤੋਂ ਨੇੜੇ ਵੇਖ ਕੇ ਸਦਾ ਹੀ ਮਾਲਕ ਦੇ ਪਾਸ ਰਹਿੰਦੀ ਹੈ ਅਤੇ ਇਹ ਜਾਣਦੀ ਹੈ ਕਿ ਮੇਰਾ ਮਾਲਕ ਸਦਾ ਭਰਪੂਰ ਹੋਇਆ ਹੋਯਾ ਹੈ, ਹਰ ਥਾਂ ਹੈ।

**ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥ ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥ ੪ ॥ ੯ ॥ ੪੭ ॥**

Digitized by Panjab Digital Library | www.panjabdigilib.org

ਪ੍ਰਮੇਸਰ ਦੇ ਪਾਸ ਜਾਤ ਤੇ ਸੁੰਦਰ ਸ਼ਕਲ ਆਦਕ ਰੂਪ ਨਹੀਂ ਜਾਂਦਾ ਹੈ, ਜਿੱਕੁਰ ਦੇ ਕਰਮ ਕਮਾਂਦਾ ਹੈ ਉੱਕਰ ਦਾ ਫਲ ਮਿਲ ਜਾਂਦਾ ਹੈ, ਜੇਹੜਾ ਗੁਰ ਉਪਦੇਸ਼ ਨੂੰ ਧਾਰਨ ਕਰਦਾ ਹੈ ਓਹ ਉੱਚਾ ਹੁੰਦਾ ਹੈ, ਗੁਰੂ ਜੀ=ਓਹੋ ਹੀ ਸੱਚੇ ਨਾਲ ਮਿਲ ਜਾਂਦਾ ਹੈ ॥ ੪ ॥ ੮ ॥ ੪੭ ॥

## ਆਸਾ ਮਹਲਾ ੩ ॥

**ਭਗਤਿ ਰਤਾ ਜਨੁ ਸਹਜਿ ਸੁਭਾਇ ॥ ਗੁਰ ਕੈ ਭੈ ਸਾਚੈ ਸਾਚਿ ਸਮਾਇ ॥ ਬਿਨੁ ਗਰ ਪੂਰੇ ਭਗਤਿ ਨ ਹੋਇ ॥ ਮਨਮੁਖ ਰੁੰਨੇ ਅਪਨੀ ਪਤਿ ਖੋਇ ॥ ੧ ॥**

ਜਿਸ ਦਾਸ ਦਾ ਮਨ ਭਗਤੀ ਵਿਚ ਰੱਤਾ ਹੈ ਉਸਦਾ ਮਨ ਸ਼ਾਂਤੀ ਸੁਭਾਉ ਵਾਲਾ ਹੋਇਆ ਹੈ, ਸਚੇ ਗੁਰਾਂ ਦਾ ਡਰ ਰੱਖਣ ਵਾਲਾ ਸੱਚੇ ਪ੍ਰਮੇਸਰ ਵਿੱਚ ਸਮਾਂਦਾ ਹੈ, ਪੂਰਿਆਂ ਗੁਰਾਂ ਬਿਨਾਂ ਭਗਤੀ ਪ੍ਰਾਪਤ ਨਹੀਂ ਹੁੰਦੀ ਹੈ, ਭਗਤੀ ਬਿਨਾ ਮਨਮੁਖ ਅਪਣੀ ਇੱਜ਼ਤ ਗਵਾਕੇ ਰੋਂਦੇ ਹਨ ।

**ਮੇਰੇ ਮਨ ਹਰਿ ਜਪਿ ਸਦਾ ਧਿਆਇ ॥ ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ ਸੋਈ ਫਲੁ ਪਾਇ ॥ ੧ ॥ ਰਹਾਉ ॥**

ਹੇ ਮੇਰੇ ਮਨ ਵਾਹਿਗੁਰੂ ਨੂੰ ਸਦਾ ਹੀ ਜਪ ਤੇ ਵਾਹਿਗੁਰੂ ਦਾ ਹੀ ਧਿਆਨ ਕਰ ਤਾਂ ਤੈਨੂੰ ਰਾਤ ਦਿਨ ਅਨੰਦ ਹੋਵੇਗਾ ਜੋ ਇੱਛਿਆ ਕਰੇਂਗਾ ਸੋ ਫਲ ਮਿਲ ਜਾਵੇਗਾ ।

**ਗੁਰ ਪੂਰੇ ਤੇ ਪੂਰਾ ਪਾਏ ॥ ਹਿਰਦੈ ਸਬਦੁ ਸਚੁ ਨਾਮੁ ਵਸਾਏ ॥ ਅੰਤਰੁ ਨਿਰਮਲੁ ਅੰਮ੍ਰਿਤ ਸਰਿਨਾਇ ॥ ਸਦਾ ਸੂਚੇ ਸਾਚਿ ਸਮਾਏ ॥ ੨ ॥**

ਪੂਰੇ ਗੁਰੂ ਦੀ ਕਿਰਪਾ ਨਾਲ ਪੂਰਾ ਪ੍ਰਮੇਸਰ ਮਿਲਦਾ ਹੈ, ਜਦੋਂ ਰਿਦੇ ਵਿਚ ਸੱਚਾ ਨਾਮ ਸ਼ਬਦ ਵਸਦਾ ਹੈ ਅਤੇ ਅੰਮ੍ਰਿਤ ਦੇ ਸਰੋਵਰ ਵਿੱਚ ਨਹਾ ਕੇ ਦਿਲ ਨਿਰਮਲ ਹੁੰਦਾ ਹੈ ਸੋ ਇੱਕੁਰ ਸਾਫ ਹੋਕੇ ਸੱਚੇ ਪ੍ਰਮੇਸਰ ਵਿੱਚ ਮਿਲ ਜਾਂਦਾ ਹੈ ।

**ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥ ਗੁਰ ਪਰਸਾਦਿ ਰਹਿਆ ਭਰਪੂਰਿ ॥ ਜਹਾ ਜਾਉ ਤਹ ਵੇਖਾ ਸੋਇ ॥**

Digitized by Panjab Digital Library | www.panjabdigilib.org

ਗੁਰ ਬਿਨੁ ਦਾਤਾ ਅਵਰੁ ਨ ਕੋਇ ॥ ੩ ॥

ਓਹ ਗੁਰੂ ਦੀ ਕਿਰਪਾ ਨਾਲ ਪ੍ਰਮੇਸ੍ਰ ਮਾਲਕ ਨੂੰ ਸਦਾ ਹੀ ਪਾਸ ਵੇਖਦਾ ਹੈ ਅਤੇ ਹਰ ਥਾਂ ਜੰਗਲਾਂ ਪਹਾੜਾਂ ਵਿਚ ਪਰਮੇਸਰ ਨੂੰ ਹੀ ਫੈਲਿਆ ਹੋਇਆ ਵੇਖਦਾ ਹੈ, ਜਿਥੇ ਜਾਂਦਾ ਹੈ ਓਥੇ ਹੀ ਉਸਨੂੰ ਵੇਖਦਾ ਹੈ, ਪਰ ਇਕੁਰ ਦੇ ਗਿਆਨ ਦਾ ਦਾਤਾ ਗੁਰੂ ਤੋਂ ਬਿਨਾ ਹੋਰ ਕੋਈ ਨਹੀਂ ਹੈ ।

ਗੁਰ ਸਾਗਰੁ ਪੂਰਾ ਭੰਡਾਰ ॥ ਊਤਮ ਰਤਨ ਜਵਾਹਰ ਅਪਾਰ ॥ ਗੁਰ ਪਰਸਾਦੀ ਦੇਵਣਹਾਰੁ ॥ ਨਾਨਕ ਬਖਸੇ ਬਖਸਣਹਾਰੁ ॥ ੪ ॥ ੯ ॥ ੪੮ ॥

ਗੁਰੂ ਸਮੁੰਦਰ ਹੈ ਅਤੇ ਗੁਰੂ ਦਾ ਖਜ਼ਾਨਾ ਭਰਿਆ ਹੋਇਆ ਹੈ ਜਿਸ ਵਿੱਚ ਉਤਮ ਰਤਨ ਜਵਾਹਰਾਤ ਅਪਾਰ ਹੀ ਗੁਣ ਹਨ ਜਿਸ ਦੇ ਉਤੇ ਗੁਰੂ ਜੀ ਕਿਰਪਾ ਕਰਕੇ ਇਹਨਾਂ ਰਤਨਾਂ ਦੇ ਦੇਣ ਵਾਲੇ ਬਣਦੇ ਹਨ, ਗੁਰੂ ਜੀ ਅਕਾਲ ਪੁਰਖ ਬਖਸ਼ਣ ਵਾਲਾ ਉਹਨਾਂ ਨੂੰ ਬਖਸ਼ ਲੈਂਦਾ ਹੈ ।

## ਆਸਾ ਮਹਲਾ ੩ ॥

ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥ ਪੂਰੈ ਭਾਗਿ ਗੁਰ ਸੇਵਾ ਹੋਇ ॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਗੁਰ ਪਰਸਾਦੀ ਸੇਵ ਕਰਾਏ ॥ ੧ ॥

ਜੇਹੜਾ ਸੱਚਾ ਸਤਿਗੁਰੂ ਹੈ ਏਹੋ ਹੀ ਵੱਡਾ ਸਮੁੰਦਰ ਹੈ, ਜਿਸ ਦੇ ਪੂਰਨ ਭਾਗ ਹੁੰਦੇ ਹਨ ਉਸ ਪਾਸੋਂ ਗੁਰਾਂ ਦੀ ਸੇਵਾ ਹੁੰਦੀ ਹੈ, ਇਸ ਗਲ ਨੂੰ ਓਹ ਸਮਝਦਾ ਹੈ ਜਿਸ ਨੂੰ ਗੁਰੂ ਆਪ ਸਮਝਾਂਦਾ ਹੈ ਗੁਰੂ ਕਿਰਪਾ ਕਰਕੇ ਆਪਣੀ ਸੇਵਾ ਆਪ ਕਰਾਂਦਾ ਹੈ ।

ਗਿਆਨ ਰਤਨਿ ਸਭ ਸੋਝੀ ਹੋਇ ॥ ਗੁਰਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥ ੧ ॥ ਰਹਾਉ ॥

ਜਿਸ ਦੇ ਪਾਸ ਗਿਆਨ ਰਤਨ ਹੈ ਉਸ ਨੂੰ ਸਾਰੀ ਹੀ ਸੋਝੀ ਹੋ ਜਾਂਦੀ ਹੈ ਗੁਰਾਂ ਦੀ ਕਿਰਪਾ ਨਾਲ ਉਸ ਦਾ ਅਗਿਆਨ ਦੂਰ ਹੋ ਜਾਂਦਾ ਹੈ ਓਹ ਰਾਤ ਦਿਨ ਜਾਗਦਾ ਹੈ ਸਚੇ ਹਰੀ ਨੂੰ ਹਰ ਥਾਂ ਹਰ ਵੇਲੇ ਵੇਖਦਾ ਹੈ ।

ਮੋਹੁ ਗੁਮਾਨੁ ਗੁਰਸਬਦਿ ਜਲਾਏ ॥ ਪੂਰੇ ਗੁਰ ਤੇ

**ਸੋਝੀ ਪਾਏ ॥ ਅੰਤਰਿ ਮਹਲੁ ਗੁਰ ਸਬਦਿ ਪਛਾਣੈ ॥ ਆਵਣੁ ਜਾਣੁ ਰਹੈ ਥਿਰੁ ਨਾਮਿ ਸਮਾਣੇ ॥ ੨ ॥**

ਜੇਹੜਾ ਆਦਮੀ ਗੁਰ ਉਪਦੇਸ਼ ਨਾਲ ਮੋਹ ਤੇ ਹੰਕਾਰ ਨੂੰ ਸਾੜ ਦੇਵੇ ਓਹ ਪੂਰੇ ਗੁਰਾਂ ਤੋਂ ਗਿਆਨ ਪਾਂਦਾ ਹੈ, ਗੁਰ ਉਪਦੇਸ਼ ਨਾਲ ਦਿਲ ਅੰਦਰ ਹੀ ਪਰਮੇਸ਼ਰ ਦੇ ਮਹਲ ਨੂੰ ਲੱਭ ਲੈਂਦਾ ਹੈ, ਥਿਰ ਰਹਿਣ ਵਾਲੇ ਨਾਮ ਵਿਚ ਸਮਾਕੇ ਜਨਮ ਮਰਨ ਤੋਂ ਰਹਿਤ ਹੁੰਦਾ ਹੈ ।

**ਜੰਮਣੁ ਮਰਣਾ ਹੈ ਸੰਸਾਰੁ ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥ ਪਰ ਨਿੰਦਾ ਬਹੁ ਕੂੜੁ ਕਮਾਵੈ ॥ ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥ ੩ ॥**

ਜੰਮਣ ਮਰਨ ਦਾ ਨਾਮ ਹੀ ਸੰਸਾਰ ਹੈ ਇਸ ਵਿਚ ਬੇਸਮਝ ਮਨਮੁਖਨੂੰ ਮਾਇਆ ਮੋਹ ਰੂਪ ਗਾਹੜਾ ਹਨੇਰਾ ਪਿਆ ਹੋਇਆ ਹੈ, ਪਰਾਈ ਨਿੰਦਿਆ ਕਰਦਾ ਹੈ ਬਹੁਤੇ ਝੂਠੇ ਕੰਮ ਕਮਾਂਦਾ ਹੈ, ਵਿਸ਼ਟੇ ਦਾ ਕੀੜਾ ਹੋਕੇ ਵਿਸ਼ਟਾ ਦੇ ਵਿਚ ਹੀ ਰਹਿੰਦਾ ਹੈ ਭਾਵ ਦੁਖ ਭੋਗਦਾ ਹੈ ।

**ਸਤਸੰਗਤਿ ਮਿਲਿ ਸਭ ਸੋਝੀ ਪਾਏ ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥ ਭਾਣਾ ਮੰਨੇ ਸਦਾ ਸੁਖੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥ ੪ ॥ ੧੦॥੪੯॥**

ਜੇਹੜਾ ਸਤਸੰਗਤ ਵਿਚ ਮਿਲਦਾ ਹੈ ਓਹ ਸੱਚ ਝੂਠ ਦੀ ਸਾਰੀ ਸੋਝੀ ਪਾ ਲੈਂਦਾ ਹੈ, ਗੁਰਾਂ ਦਾ ਉਪਦੇਸ਼ ਪ੍ਰਮੇਸਰ ਦੀ ਭਗਤੀ ਦ੍ਰਿੜ ਕਰਾਂਦਾ ਹੈ ਜੇਹੜਾ ਹੁਕਮ ਮੰਨਦਾ ਹੈ ਉਸਨੂੰ ਸਦਾ ਸੁਖ ਹੁੰਦਾ ਹੈ । ਗੁਰੂ ਜੀ ਓਹੋ ਹੀ ਸੱਚੇ ਪ੍ਰਮੇਸ਼ਰ ਨਾਲ ਮਿਲ ਜਾਂਦਾ ਹੈ ॥ ੪ ॥ ੧੦ ॥ ੪੯ ॥

## ਆਸਾ ਮਹਲਾ ੩ ਪੰਚਪਦੇ ॥

੨

**ਸਬਦਿ ਮਰੈ ਤਿਸੁ ਸਦਾ ਅਨੰਦ ॥ ਸਤਿਗੁਰ ਭੇਟੇ ਗੁਰ ਗੋਬਿੰਦ ॥ ਨਾ ਫਿਰਿ ਮਰੈ ਨ ਆਵੈ ਜਾਇ ॥ ਪੂਰੇ ਗੁਰ ਤੇ ਸਾਚਿ ਸਮਾਇ ॥ ੧ ॥**

ਜੇਹੜਾ ਗੁਰ ਉਪਦੇਸ਼ ਸੁਣਕੇ ਜੀਵਤ ਭਾਵ ਤੋਂ ਮਰ ਗਿਆ ਹੈ ਓਸਨੂੰ ਸਦਾ ਹੀ ਅਨੰਦ ਰਹਿੰਦਾ ਹੈ, ਸਤਿਗੁਰਾਂ ਦੀ ਕ੍ਰਿਪਾ ਨਾਲ ਉਸਨੂੰ ਵੱਡੇ ਪੂਜਨੀਕ

Digitized by Panjab Digital Library | www.panjabdigilib.org

ਗੋਵਿੰਦ ਮਿਲ ਪਏ ਹਨ ਫਿਰ ਨ ਓਹ ਮਰ ਕੇ ਜਾਂਦਾ ਹੈ ਨ ਜੰਮ ਕੇ ਆਉਂਦਾ ਹੈ, ਪੂਰਿਆਂ ਗੁਰਾਂ ਦੀ ਕ੍ਰਿਪਾ ਨਾਲ ਸੱਚ ਵਿਚ ਸਮਾ ਜਾਂਦਾ ਹੈ ॥

**ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ ॥ ਤੇ ਅਨਦਿਨੁ ਨਾਮੁ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ ਵਿਸੇਖੁ ॥ ੧ ॥ ਰਹਾਉ ॥**

ਜਿਨਾਂ ਦੇ ਮੱਥੇ ਉਤੇ ਧੁਰ ਤੋਂ ਹੀ ਨਾਮ ਦੇ ਮਿਲਨ ਦਾ ਲੇਖ ਲਿਖਿਆ ਹੋਇਆ ਹੈ ਓਹੋ ਹੀ ਪੂਰਿਆਂ ਗੁਰਾਂ ਤੋਂ ਚੰਗੀ ਭਗਤੀ ਸਿੱਖ ਕੇ ਰਾਤ ਦਿਨ ਨਾਮ ਨੂੰ ਯਾਦ ਕਰਦੇ ਹਨ ॥

**ਜਿਨ ਕਉ ਹਰਿ ਪ੍ਰਭੁ ਲਏ ਮਿਲਾਇ ॥ ਤਿਨ ਕੀ ਗਹਣਗਤਿ ਕਹੀ ਨ ਜਾਇ ॥ ਪੂਰੈ ਸਤਿਗੁਰ ਦਿਤੀ ਵਡਿਆਈ ॥ ਊਤਮ ਪਦਵੀ ਹਰਿ ਨਾਮੁ ਸਮਾਈ ॥੨॥**

ਜਿਨ੍ਹਾਂ ਨੂੰ ਪ੍ਰਮੇਸ਼ਰ ਮਾਲਕ ਅਪਣੇ ਨਾਲ ਮਿਲਾ ਲੈਂਦਾ ਹੈ,ਓਹਨਾਂ ਦੀ ਧਾਰਨਾਂ ਦੀ ਗਤੀ ਫੜਨੀ ਬੜੀ ਔਖੀ ਹੈ ਕਿਸੇ ਪਾਸੋਂ ਆਖੀ ਨਹੀਂ ਜਾਂਦੀ ਹੈ, ਪਰ ਇਹ ਸਾਰੀ ਵਡਿਆਈ ਪੂਰੇ ਸਤਿਗੁਰਾਂ ਦੀ ਦਿਤੀ ਹੋਈ ਹੈ, ਜੋ ਪ੍ਰਮੇਸ਼ਰ ਦਾ ਨਾਮ ਜਪ ਕੇ ਉੱਤਮ ਪਦਵੀ ਪਾਈ ਹੈ ॥

**ਜੋ ਕਿਛੁ ਕਰੇ ਸੁ ਆਪੇ ਆਪਿ ॥ ਏਕ ਘੜੀ ਮਹਿ ਥਾਪਿ ਉਥਾਪਿ ॥ ਕਹਿ ਕਹਿ ਕਹਣਾ ਆਖਿ ਸੁਣਾਏ ॥ ਜੇ ਸਉ ਘਾਲੇ ਥਾਇ ਨ ਪਾਏ ॥ ੩ ॥**

ਪ੍ਰਮੇਸ਼ਰ ਜੋ ਕੁਛ ਕਰਦਾ ਹੈ ਸੋ ਆਪੇ ਆਪ ਹੀ ਕਰਦਾ ਹੈ ਓਹ ਚਾਹਵੇ ਤਾਂ ਇਕ ਘੜੀ ਵਿਚ ਸੰਸਾਰ ਨੂੰ ਪੈਦਾ ਕਰ ਦੇਵੇ ਓਹ ਚਾਹੇ ਤਾਂ ਇਕ ਘੜੀ ਵਿਚ ਨਾਸ ਕਰ ਦੇਵੇ। ਜੇਹੜੇ ਮਨਮੁਖ ਹਨ ਓਹ ਹੋਰਨਾਂ ਲੋਕਾਂ ਪੁਰਾਣਿਆਂ ਦੀਆਂ ਆਖੀਆਂ ਹੋਈਆਂ ਗੱਲਾਂ ਲੋਕਾਂ ਨੂੰ ਸੁਣਾ ਸੁਣਾ ਕੇ ਭਾਵ ਬੜਿਆਂ ਪ੍ਰਸੰਗਾਂ ਨੂੰ ਆਖ ਆਖ ਕੇ ਸੁਣਾਂਦੇ ਹਨ ਸੋ ਇੱਕੁਰ ਭਾਵੇਂ ਸੌ ਵਾਰੀ ਆਖਣ ਦੀ ਕਮਾਈ ਮਿਹਨਤ ਕਰੇ ਪਰ ਪ੍ਰਮੇਸ਼ਰ ਓਸਨੂੰ ਕਿਸੇ ਵੀ ਗਿਣਤੀ ਵਿਚ ਨਹੀਂ ਪਾਂਦਾ ਹੈ ॥

**ਜਿਨ ਕੈ ਪੋਤੈ ਪੁੰਨੁ ਤਿਨਾ ਗੁਰੂ ਮਿਲਾਏ ॥ ਸਚੁ ਬਾਣੀ ਗੁਰੁ ਸਬਦੁ ਸੁਣਾਏ ॥ ਜਹਾਂ ਸਬਦੁ ਵਸੈ ਤਹਾਂ**

Digitized by Panjab Digital Library | www.panjabdigilib.org

ਦੁਖੁ ਜਾਏ ॥ ਗਿਆਨ ਰਤਨਿ ਸਾਚੈ ਸਹਜਿ ਸਮਾਏ॥੪॥

ਜਿਨਾਂ ਗੁਰਮੁਖਾਂ ਦੇ ਖਜ਼ਾਨੇ ਵਿਚ ਪੁੰਨ ਹਨ ਭਾਵ ਪੂਰਬ ਜਨਮ ਚੰਗੇ ਕਰਮ ਕੀਤੇ ਹਨ ਓਹਨਾਂ ਨੂੰ ਪ੍ਰਮੇਸ਼ਰ ਗੁਰਾਂ ਦੇ ਨਾਲ ਮਿਲਾਂਦਾ ਹੈ ਓਹ ਗੁਰ ਉਪਦੇਸ਼ ਰੂਪ ਸੱਚੀ ਬਾਣੀ ਸੁਣਾਂਦੇ ਹਨ ਜਿਸ ਦਿਲ ਵਿਚ ਗੁਰੂ ਦਾ ਉਪਦੇਸ਼ ਵੱਸਦਾ ਹੈ ਉਥੋਂ ਦੁਖ ਜਾਂਦਾ ਰਹਿੰਦਾ ਹੈ ਉਹ ਗਿਆਨ ਰਤਨ ਕਰਕੇ ਸਹਿਜੇ ਹੀ ਸੱਚੇ ਵਿਚ ਸਮਾ ਜਾਂਦੇ ਹਨ ॥

ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ ॥ ਜਿਸਨੋ ਬਖਸੇ ਸਾਚਾ ਸੋਇ ॥ ਪੂਰੈ ਸਬਦਿ ਮੰਨਿ ਵਸਾਏ ॥ ਨਾਨਕ ਨਾਮਿ ਰਤੇ ਸੁਖੁ ਪਾਏ ॥ ੫ ॥ ੧੧ ॥ ੫੦ ॥

ਨਾਮ ਵਰਗਾ ਵੱਡਾ ਹੋਰ ਕੋਈ ਪਦਾਰਥ ਨਹੀਂ ਹੈ, ਪਰ ਜਿਸਨੂੰ ਉਹ ਸੱਚਾ ਅਕਾਲ ਪੁਰਖ ਦੇਂਦਾ ਹੈ ਉਹੋ ਹੀ ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਮਨ ਵਿਚ ਵਸਾਂਦਾ ਹੈ ਉਹੋ ਹੀ ਨਾਮੀ ਵਿਚ ਰੱਤਾ ਹੋਇਆ ਸੁਖ ਪਾਂਦਾ ਹੈ ॥

## ਆਸਾ ਮਹਲਾ ੩ ॥

ਨਿਰਤਿ ਕਰੇ ਬਹੁ ਵਾਜੇ ਵਜਾਏ ॥ ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥ ਅੰਤਰਿ ਲੋਭੁ ਭਰਮੁ ਅਨਲ ਵਾਉ ॥ ਦੀਵਾ ਬਲੈ ਨ ਸੋਝੀ ਪਾਇ ॥ ੧ ॥

ਬਹੁਤ ਵਾਜੇ ਵਜਾਕੇ ਨੱਚਦੇ ਹਨ, ਪਰ ਮਨ ਬੇਸਮਝਪਨੇ ਕਰਕੇ ਅੰਨ੍ਹਾ ਹੈ, ਉਪਦੇਸ਼ ਰੂਪ ਕੰਨਾਂ ਤੋਂ ਬੋਲਾ ਹੈ ਇਹ ਕਿਸ ਨੂੰ ਆਖ ਆਖਕੇ ਸੁਣਾਂਦਾ ਹੈ, ਦਿਲ ਵਿਚ ਲੋਭ ਤੇ ਭਰਮ ਹੈ ਤ੍ਰਿਸ਼ਨਾ ਰੂਪ ਅੱਗ ਤੇ ਵਾਸ਼ਨਾ ਰੂਪ ਪੌਣ ਹੈ, ਇਸ ਕਰਕੇ ਬਿਬੇਕ ਰੂਪ ਦੀਵਾ ਬਲਦਾ ਨਹੀਂ ਹੈ ਅਤੇ ਆਤਮ ਗਿਆਨ ਦੀ ਸਮਝ ਨਹੀਂ ਆਉਂਦੀ ਹੈ ॥

ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥ ੧ ॥ ਰਹਾਉ ॥

ਭਗਤੀ ਕਰਕੇ ਗੁਰਮੁਖਾਂ ਦੇ ਦਿਲ ਵਿਚ ਚਾਨਣ ਹੁੰਦਾ ਹੈ ਜਿਹੜੇ ਅਪਣੇ ਆਪਨੂੰ ਪਛਾਣਦੇ ਹਨ ਓਹ ਉਸ ਪਰਮੇਸਰ ਨਾਲ ਮਿਲ ਜਾਂਦੇ ਹਨ ।

ਗੁਰਮੁਖਿ ਨਿਰਤਿ ਹਰਿ ਲਾਗੈ ਭਾਉ ॥ ਪੂਰੇ ਤਾਲ ਵਿਚਹੁ ਆਪੁ ਗਵਾਇ ॥ ਮੇਰਾ ਪ੍ਰਭੁ ਸਾਚਾ ਆਪੇ ਜਾਣੁ ॥

**ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ ॥ ੨ ॥**

ਗੁਰਮੁਖਾਂ ਦਾ ਨੱਚਣਾ ਇਹੋ ਹੀ ਹੈ ਜੋ ਪ੍ਰਮੇਸਰ ਵਿਚ ਪ੍ਰੇਮ ਲੱਗ ਜਾਵੇ, ਛੈਣਿਆਂ ਕੈਂਸੀਆਂ ਦਾ ਵਜਾਉਣਾਂ ਇਹੋ ਹੀ ਹੈ ਜੋ ਹੰਕਾਰ ਗਵਾਯਾ ਹੈ, ਮੇਰਾ ਸੱਚਾ ਮਾਲਕ ਜੇਹੜਾ ਗੁਰਮੁਖਾਂ ਨੂੰ ਅਪਣਾ ਜਾਣਦਾ ਹੈ ਓਹ ਗੁਰਮੁਖ ਸ਼ਬਦ ਕਰਕੇ ਅੰਦਰ ਹੀ ਪਰਮੇਸਰ ਨੂੰ ਜਾਣ ਲੈਂਦੇ ਹਨ ।

**ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ ਗੁਰ ਕਾ ਸਬਦੁ ਸਹਜਿ ਵੀਚਾਰੁ ॥ ਗੁਰਮੁਖਿ ਭਗਤਿ ਜੁਗਤਿ ਸਚੁ ਹੋਇ ॥ ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥੩॥**

ਗੁਰਮੁਖ ਭਗਤੀ ਦੇ ਵਿਚ ਪ੍ਰੀਤੀ ਕਰਦੇ ਹਨ ਏਸੇ ਲਈ ਪਰਮੇਸਰ ਓਹਨਾਂ ਨਾਲ ਪਿਆਰ ਕਰਦਾ ਹੈ, ਗੁਰਮੁਖ ਗੁਰਸ਼ਬਦ ਦਾ ਸੁਭਾਵਕ ਹੀ ਵਿਚਾਰ ਕਰਦੇ ਹਨ, ਓਹ ਹੀ ਗੁਰਮੁਖ ਹੈ ਜਿਹੜਾ ਸੱਚੀ ਭਗਤੀ ਦੀ ਜੁਗਤੀ ਜਾਣਦਾ ਹੈ, ਜਾਂ ਭਗਤੀ ਨਾਲ ਜੁੜਦਾ ਹੈ, ਜੇਹੜੇ ਪਖੰਡ ਵਾਲੀ ਭਗਤੀ ਨਾਲ ਨੱਚਦੇ ਟੱਪਦੇ ਹਨ ਓਹਨਾਂ ਨੂੰ ਸਦਾ ਦੁਖ ਹੁੰਦਾ ਹੈ ।

**ਏਹਾ ਭਗਤਿ ਜਨੁ ਜੀਵਤੁ ਮਰੈ ॥ ਗੁਰ ਪਰਸਾਦੀ ਭਵਜਲੁ ਤਰੈ ॥ ਗੁਰਕੈ ਬਚਨਿ ਭਗਤਿ ਥਾਇ ਪਾਇ ॥ ਹਰਿ ਜੀਉ ਆਪਿ ਵਸੈ ਮਨਿ ਆਇ ॥ ੪ ॥**

ਇਹੋ ਹੀ ਭਗਤੀ ਸੱਚੀ ਹੈ ਜੋ ਦਾਸ ਜੀਵਤ ਭਾਵ ਤੋਂ ਮਰ ਜਾਵੇ ਭਾਵ ਹੰਕਾਰ ਛਡ ਦੇਵੇ, ਓਹੋ ਹੀ ਗੁਰੂ ਦੀ ਕਿਰਪਾ ਨਾਲ ਸੰਸਾਰ ਸਮੁੰਦ੍ਰ ਤੋਂ ਤਰ ਜਾਂਦਾ ਹੈ, ਗੁਰਾਂ ਦੇ ਬਚਨਾਂ ਨੂੰ ਮੰਨੀਏਂ ਤੇ ਤਾਂ ਭਗਤੀ ਥਾਂ ਪੈਂਦੀ ਹੈ । ਹਰੀ ਜੀ ਦਿਲ ਵਿਚ ਆ ਕੇ ਵੱਸਦੇ ਹਨ ।

**ਹਰਿ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ॥ਭਗਤਿ ਰਤੇ ਤਿਨ ਸਚੀ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੫॥੧੨॥੫੧॥**

ਜਦੋਂ ਵਾਹਿਗੁਰੂ ਅਪਣੀ ਕ੍ਰਿਪਾ ਕਰਦਾ ਹੈ ਤਾਂ ਗੁਰਾਂ ਨਾਲ ਮਿਲਾ ਦਿੰਦਾ ਹੈ ਤਾਂ ਆਦਮੀ ਅਚੱਲ ਹਰੀ ਦੀ ਭਗਤੀ ਵਿਚ ਚਿਤ ਲਾਂਦਾ ਹੈ ਜਾਂ ਭਗਤੀ ਕਰਕੇ ਹਰੀ ਵਿਚ ਚਿਤ ਲਾਂਦਾ ਹੈ । ਇਕੁਰ ਹੀ ਸੱਚੀ ਭਗਤੀ ਵਿਚ ਜੇਹੜੇ ਰੱਤੇ ਹਨ ਓਹਨਾਂ ਦੀ ਸੋਭਾ ਸੱਚੀ ਹੋਂਦੀ ਹੈ, ਗੁਰੂ ਜੀ ਨਾਮੀ ਪ੍ਰਮੇਸਰ ਵਿਚ ਪਰੀਤੀ ਕਰਨ ਨਾਲ ਸੁਖ ਹੁੰਦਾ ਹੈ ॥ ੫ ॥ ੧੨ ॥ ੫੧ ॥

Digitized by Panjab Digital Library | www.panjabdigilib.org

## ਆਸਾ ਘਰੁ ੮ ਕਾਫੀ ਮਹਲਾ ੩

ੴ ਸਤਿਗੁਰਪ੍ਰਸਾਦਿ ॥

**ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ ॥ ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ ॥ ੧ ॥**

ਜਦੋਂ ਪਰਮੇਸਰ ਦੀ ਆਗਜਾ ਨਾਲ ਸਤਿਗੁਰੂ ਮਿਲਦੇ ਹਨ ਤਾਂ ਸੱਚੇ ਮਾਲਕ ਪਰਮੇਸਰ ਦੀ ਸੋਝੀ ਹੋ ਜਾਂਦੀ ਹੈ, ਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਦੇ ਮਨ ਵਿਚ ਗੁਰ ਉਪਦੇਸ਼ ਆ ਵਸੇ ਓਹਨਾਂ ਨੂੰ ਪਰਮੇਸਰ ਦੀ ਸਮਝ ਪੈ ਜਾਂਦੀ ਹੈ।

**ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ ॥ ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ॥੧॥ਰਹਾਉ॥**

ਮੇਰਾ ਮਾਲਕ ਇੱਕ ਹੀ ਦਾਤਾ ਹੈ ਹੋਰ ਦੂਸਰਾ ਕੋਈ ਨਹੀਂ ਹੈ ਜਦੋਂ ਓਹ ਮਾਲਕ ਗੁਰਾਂ ਦੀ ਕ੍ਰਿਪਾ ਨਾਲ ਮਨ ਵਿਚ ਆ ਵੱਸਦਾ ਹੈ ਤਾਂ ਸਦਾ ਸੁਖ ਹੁੰਦਾ ਹੈ ।

**ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ ॥ ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ ॥ ੨ ॥**

ਇਸ ਕਲਜੁਗ ਵਿਚ ਹਰੀ ਦਾ ਨਾਮ ਹੀ ਸਿਮਰਨ ਕਰੀਏ ਜੋ ਹਰ ਡਰ ਤੋਂ ਨਿਰਭੈ ਕਰਦਾ ਹੈ ਪਰ ਗੁਰਾਂ ਦੁਆਰੇ ਵੀਚਾਰ ਨਾਲ ਹਰ ਨਾਮ ਪਾਈਦਾ ਹੈ ਜੇਹੜਾ ਮਨਮੁਖ ਨਾਮ ਤੋਂ ਰਹਿਤ ਹੈ ਉਹੋ ਹੀ ਅੰਨਾਂ ਮੂਰਖ ਜਮ ਦੇ ਵੱਸ ਪੈਂਦਾ ਹੈ ।

**ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ ॥ ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ॥੩॥**

ਜੇਹੜਾ ਪ੍ਰਮੇਸਰ ਦਾ ਹੁਕਮ ਮੰਨ ਕੇ ਦਾਸ ਸੇਵਾ ਕਰਦਾ ਹੈ ਓਹ ਹੀ ਸੱਚੇ ਪ੍ਰਮੇਸ਼ਰ ਨੂੰ ਸਮਝ ਲੈਂਦਾ ਹੈ, ਹਰੀ ਦੇ ਭਾਣੇ ਕਰਕੇ ਪਰਮੇਸਰ ਦਾ ਸਲਾਹੁਣਾ ਕਰੇ ਅਤੇ ਪਰਮੇਸਰ ਦਾ ਭਾਣਾ ਮੰਨੇ ਤੇ ਤਾਂ ਸੁਖ ਹੁੰਦਾ ਹੈ ।

**ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ**

Digitized by Panjab Digital Library | www.panjabdigilib.org

ਊਤਮ ਹੋਈ ॥ ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ॥ ੪ ॥ ੩੯ ॥ ੧੩ ॥ ੫੨ ॥

ਪਰਮੇਸਰ ਦੇ ਹੁਕਮ ਵਿਚ ਹੀ ਮਨੁਖ ਜਨਮ ਮਿਲਿਆ ਹੈ ਜੋ ਅਮੋਲਕ ਪਦਾਰਥ ਹੈ ਅਤੇ ਉੱਤਮ ਅਕਲ ਹੋਈ ਹੈ ਸੋਹੇ ਭਾਈ ਤੂੰ ਵੀ ਨਾਮ ਦੀ ਸਲਾਹੁਤਾ ਕਰ ਜਿਸ ਨਾਮ ਕਰਕੇ ਗੁਰਮੁਖਾਂ ਦੀ ਗਤੀ ਭਾਵ ਮੁਕਤੀ ਹੁੰਦੀ ਹੈ॥੪॥ ੩੯॥ ੧੩ ॥ ੫੩ ॥

## ਆਸਾ ਮਹਲਾ ੪ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥ ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ਰਹਾਉ॥

ਹੇ ਕਰਤਾ ਅਕਾਲ ਪੁਰਖ ! ਤੂੰ ਸੱਚਾ ਅਤੇ ਮੇਰਾ ਮਾਲਕ ਹੈਂ, ਜੋ ਕੁਝ ਤੈਨੂੰ ਚੰਗਾ ਲਗਦਾ ਹੈ ਓਹੋ ਹੁੰਦਾ ਹੈ ਜੋ ਤੂੰ ਦੇਂਦਾ ਹੈਂ ਸੋ ਮੈਂ ਪਾਂਦਾ ਹਾਂ।

ਸਭ ਤੇਰੀ ਤੂੰ ਸਭਨੀ ਧਿਆਇਆ ॥ਜਿਸਨੋ ਕ੍ਰਿਪਾ ਕਰਹਿ ਤਿਨ ਨਾਮ ਰਤਨੁ ਪਾਇਆ ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥ ੧ ॥

ਸਾਰੀ ਦੁਨੀਆਂ ਤੇਰੀ ਹੈ ਸਾਰਿਆਂ ਆਦਮੀਆਂ ਨੇ ਤੈਨੂੰ ਯਾਦ ਕੀਤਾ ਹੈ, ਜਿਸਦੇ ਉੱਤੇ ਤੂੰ ਕ੍ਰਿਪਾ ਦ੍ਰਿਸ਼ਟੀ ਕਰਦਾ ਹੈਂ ਉਸਨੇ ਤੇਰਾ ਰਤਨ ਰੂਪ ਨਾਮ ਪਾਇਆ ਹੈ, ਗੁਰਮੁਖਾਂ ਨੇ ਤੈਨੂੰ ਲਭ ਲਿਆ ਹੈ ਮਨਮੁਖਾਂ ਨੇ ਤੈਨੂੰ ਭੁਲਾ ਦਿੱਤਾ ਹੈ ਜਾਂ ਜਨਮ ਸਫਲਾ ਅਫਲ ਕੀਤਾ ਹੈ, ਤੂੰ ਆਪ ਹੀ ਮਨਮੁਖਾਂ ਨੂੰ ਅਪਣੇ ਨਾਲੋਂ ਵਿਛੋੜਿਆ ਹੈ ਅਤੇ ਆਪ ਹੀ ਗੁਰਮੁਖਾਂ ਨੂੰ ਅਪਣੇ ਨਾਲ ਮਿਲਾ ਲਿਆ ਹੈ।

ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥ ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥ ੨ ॥

Digitized by Panjab Digital Library | www.panjabdigilib.org

ਤੂੰ ਦਰਿਆ ਰੂਪ ਹੈਂ ਸਾਰੇ ਆਦਮੀ ਤੇਰੇ ਵਿਚ ਬੁਲਬੁਲੇ ਰੂਪ ਹਨ, ਤੈਥੋਂ ਬਿਨਾਂ ਸਾਡਾ ਮਾਲਕ ਹੋਰ ਕੋਈ ਨਹੀਂ ਹੈ, ਛੋਟੇ ਵਡੇ ਜੀਵ ਸਾਰੇ ਤੇਰਾ ਖੇਲ ਹਨ ਜਿਸਨੂੰ ਸੰਤਾਂ ਗੁਰਮੁਖਾਂ ਦੇ ਨਾਲੋਂ ਵਿਛੋੜਾ ਹੈ ਉਹ ਤੇਰੇ ਮਿਲਨ ਤੋਂ ਵਿਛੜਿਆ ਹੈ ਅਰ ਜਿਹੜਾ ਸਤਸੰਗ ਦਾ ਸੰਜੋਗੀ ਹੋਇਆ ਹੈ ਓਹਦਾ ਤੇਰੇ ਨਾਲ ਮੇਲ ਹੋਗਿਆ ਹੈ ।

**ਜਿਸ ਨੋ ਤੂੰ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦਹੀ ਆਖਿ ਵਖਾਣੈ ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥ ੩ ॥**

ਜਿਸਨੂੰ ਤੂੰ ਅਪਨਾ ਆਪ ਜਣਾਉਂਦਾ ਹੈਂ ਹੇ ਪਰਮੇਸ੍ਰ ! ਓਹ ਆਦਮੀ ਤੇਰਿਆਂ ਗੁਣਾਂ ਨੂੰ ਸਦਾ ਹੀ ਮੂੰਹੋਂ ਆਖਦਾ ਰਹਿੰਦਾ ਹੈ ਅਰ ਓਹ ਹੀ ਤੈਨੂੰ ਜਾਣ ਲੈਂਦਾ ਹੈ । ਹੇ ਹਰੀ ਜਿਸਨੇ ਤੈਨੂੰ ਸੇਵਿਆ ਹੈ ਉਸਨੇ ਸੁਖ ਪਾਇਆ ਹੈ ਹੇ ਹਰੀ ਨਾਮੀ ਓਹ ਸੁਭਾਵਕ ਹੀ ਤੇਰੇ ਸਰੂਪ ਵਿਚ ਮਿਲ ਗਿਆ ਹੈ ।

**ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥ਤੁਧੁਬਿਨੁ ਦੂਜਾ ਅਵਰੁ ਨ ਕੋਇ॥ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥ਜਨ ਨਾਨਕ ਗੁਰਮੁਖਿ ਪਰਗਟੁਹੋਇ॥੪॥੧॥੫੩॥**

ਤੂੰ ਆਪ ਹੀ ਸਾਰਿਆਂ ਦਾ ਕਰਤਾ ਹੈਂ ਸਾਰਾ ਕੰਮ ਤੇਰਾ ਹੀ ਕੀਤਾ ਹੋਇਆ ਹੁੰਦਾ ਹੈ । ਤੈਥੋਂ ਬਿਨਾਂ ਦੂਸਰਾ ਹੋਰ ਕੋਈ ਨਹੀਂ ਹੈ, ਸੋਈ ਤੂੰ ਆਪ ਦੁਨੀਆਂ ਨੂੰ ਬਣਾ ੨ ਕੇ ਆਪ ਦੇਖਦਾ ਹੈਂ, ਸਾਰਿਆਂ ਦੇ ਕੰਮਾਂਨੂੰ ਜਾਣਦਾ ਹੈਂ ਗੁਰੂ ਜੀ ਗੁਰਾਂ ਦੀ ਕਿਰਪਾ ਨਾਲ ਦਾਸਾਂ ਨੂੰ ਪ੍ਰਗਟ ਹੁੰਦਾ ਹੈ ॥੪॥੧॥੫੩॥

## ੧ ਓ ਸਤਿਗੁਰਪ੍ਰਸਾਦਿ ॥

## ਰਾਗੁ ਆਸਾ ਘਰੁ ੨ ਮਹਲਾ ੪ ॥

[ਆਪਣਾ ਨਿਸਚਾ ਤੇ ਦੁਨੀਆਂ ਦੇ ਲੋਕਾਂ ਦਾ ਨਿਸਚਾ ਦਸਦੇ ਹਨ]

**ਕਿਸਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥**

Digitized by Panjab Digital Library | www.panjabdigilib.org

ਕਿਸਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥ ਹਮਾਰਾ ਧੜਾ ਹਰਿ ਰਹਿਆ ਸਮਾਈ ॥ ੧ ॥

ਕਿਸੇ ਨੇ ਮਿੱਤ੍ਰ ਪੁੱਤ੍ਰ ਭਰਾ ਨਾਲ ਪੱਖ ਬੱਧਾ ਹੈ ਕਿਸੇ ਨੇ ਅਪਣੇ ਕੁੜਮ ਤੇ ਸਕੇ ਜਵਾਈ ਨਾਲ ਮੇਲ ਕੀਤਾ ਹੈ, ਕਿਸੇ ਨੇ ਸਰਦਾਰ ਚੌਧਰੀ ਨਾਲ ਅਪਣੇ ਕੰਮ ਸਵਾਰਨ ਲਈ ਪੱਖ ਬੰਨ੍ਹਿਆਂ ਹੈ ਸਾਡਾ *ਧੜਾ=ਪੱਖ ਪਰਮੇਸਰ ਨਾਲ ਹੈ ਜੋ ਸਾਰਿਆਂ ਵਿਚ ਸਮਾਯਾ ਹੋਇਆ ਹੈ।

ਹੰਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥ ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥ ੧ ॥ ਰਹਾਉ ॥

ਹੇ ਭਰਾ ਮੈਂ ਤਾਂ ਪਰਮੇਸਰ ਨਾਲ ਮੇਲ ਕੀਤਾ ਹੈ, ਮੇਰੀ (ਟੇਕ) ਓਟ ਤੇ ਇਕ ਪ੍ਰਮੇਸਰ ਹੀ ਹੈ ਮੇਰਾ ਪਰਮੇਸਰ ਤੋਂ ਬਿਨਾਂ ਹੋਰ ਕੋਈ ਪੱਖ ਕਰਨ ਵਾਲਾ ਨਹੀਂ ਹੈ ਅਤੇ ਨਾ ਹੀ ਮੈਂ ਕਿਸੇ ਨਾਲ ਮੇਲ ਕਰਦਾ ਹਾਂ, ਮੈਂ ਬਿਅੰਤ ਪਰਮੇਸ੍ਵਰ ਦੇ ਅਨੇਕਾਂ ਗੁਣ ਗਾਂਦਾ ਹਾਂ।

ਜਿਨ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥ ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥ ੨ ॥

ਏ ਮੂਰਖ ਲੋਕ! ਜਿਨਾਂ ਦੇ ਨਾਲ ਮੇਲ ਬੰਨ੍ਹਦੇ ਹਨ ਓਹ ਸਾਰੇ ਨਾਸ ਹੋ ਜਾਂਦੇ ਹਨ, ਇਹਨਾਂ ਝੂਠਿਆਂ ਧੜਿਆਂ ਨੂੰ ਕਰਕੇ ਪਿੱਛੋਂ ਪੱਸਚਾਤਾਪ ਕਰਦੇ ਹਨ। ਇਹ ਸਾਰੇ ਹੀ ਧੜੇ ਥਿਰ ਨਹੀਂ ਰਹਿੰਦੇ ਹਨ ਮਨ ਵਿਚ ਬੁਰਾਈ ਕਮਾਂਦੇ ਹਨ, ਅਸੀਂ ਅਪਣਾ ਮੇਲ ਹਰੀ ਨਾਲ ਕੀਤਾ ਹੈ ਜਿਸ ਵਰਗਾ ਸਮਰੱਥ ਹੋਰ ਕੋਈ ਨਹੀਂ ਹੈ।

ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥ ਮਾਇਆ ਕਉ ਲੂਝਹਿ ਗਾਵਾਰੀ ॥ ਜਨਮਿ ਮਰਹਿ ਜੂਐ ਬਾਜੀ

*ਧੜਾ=ਮੇਲ ਮਿਲਾਪ ਕਰਨ ਦਾ ਨਾਮ ਹੈ।

Digitized by Panjab Digital Library | www.panjabdigilib.org

**ਹਾਰੀ ॥ ਹਮਰੈ ਹਰਿ ਧੜਾ ਜਿ ਹਲਤ ਪਲਤੁ ਸਭੁ ਸਵਾਰੀ ॥ ੩ ॥**

ਇਹ ਜਿਤਨੇ ਧੜੇ ਹਨ ਸਾਰੇ ਹੀ ਮੋਹ ਕਰਕੇ ਮਾਇਆ ਖਲਾਰੀ ਹੋਈ ਹੈ, ਭਾਵ ਆਦਮੀਆਂ ਨੂੰ ਬੰਨ੍ਹਿਆਂ ਹੋਇਆ ਹੈ, ਧੜਿਆਂ ਨੂੰ ਬੰਨ੍ਹਾ ਕੇ ਮੂਰਖ ਮਾਯਾ ਨੂੰ ਹੀ ਚਾਹੁੰਦੇ ਹਨ, (ਲੂਝਹਿ)ਸੜਦੇ ਖਪਦੇ ਹਨ ॥ ਸੰਸਾਰ ਰੂਪ ਜੂਏ ਦੀ ਖੇਡ ਵਿਚ ਅਪਨਾ ਮਨੁਖ ਜਨਮ ਰੂਪ ਅਮੋਲਕ ਪਦਾਰਥ ਰੂਪ ਬਾਜੀ ਹਾਰ ਦਿਤੀ ਹੈ,ਇਸ ਲਈ ਜੰਮਦੇ ਮਰਦੇ ਹਨ। ਸਾਡਾ ਮੇਲ ਪਰਮੇਸਰ ਨਾਲ ਹੈ ਜਿਹੜਾ ਲੋਕ ਪਰਲੋਕ ਸਭ ਸਵਾਰ ਦੇਂਦਾ ਹੈ।

**ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥ ਜਿਸਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥ ੪ ॥**

ਇਸ ਕਲਜੁਗ ਵਿਚ ਪੰਜ ਕਾਮਾਦਿਕ ਚੋਰ ਜੀਆਂ ਨੂੰ ਧੜੇ ਕਰਾਕੇ ਝਗੜਾਂਦੇ ਹਨ ਇਹੋ ਹੀ ਪੰਜਾਂ ਚੋਰਾਂ ਨੂੰ ਹੀ ਵਧਾਂਦੇ ਹਨ ਭਾਵ ਪੰਜਾਂ ਵਿਕਾਰਾਂ ਨਾਲ ਹੀ ਸਾਰੇ ਝਗੜੇ ਵਧਦੇ ਹਨ ਜਾਂ ਜਿਨ੍ਹਾਂ ਨੇ ਪੰਜ ਵਿਕਾਰ ਵਧਾਏ ਹਨ ਉਹ ਹੀ ਝਗੜਿਆਂ ਨੂੰ ਵਧਾਂਦੇ ਹਨ ਜਿਸ ਉਤੇ ਹਰੀ ਕ੍ਰਿਪਾ ਕਰਦਾ ਹੈ ਉਸਨੂੰ ਸਤਸੰਗ ਨਾਲ ਮਿਲਾਂਦਾ ਹੈ। ਮੇਰਾ ਤਾਂ ਮੇਲ ਪਰਮੇਸਰ ਦੇ ਨਾਲ ਹੈ ਜਿਸਨੇ ਇਹ ਸਾਰੇ ਧੜੇ ਦਿਲ ਵਿਚੋਂ ਦੂਰ ਕਰ ਦਿਤੇ ਹਨ।

**ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥ ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥ ਜੈਸਾ ਬੀਜੈ ਤੈਸਾ ਖਾਵੈ ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥ ੫ ॥ ੨ ॥ ੫੪ ॥**

ਝੂਠਾ ਦੂਸਰਾ ਭਾ ਪਾਕੇ ਆਪੋ ਵਿਚ ਧੜੇ ਪਾ ਬਹਿੰਦੇ ਹਨ, ਪਰਾਇਆਂ ਦੋਸਾਂ ਨੂੰ ਅਪਣੇ ਦਿਲ ਵਿਚ ਅਟਕਾ ਲੈਂਦੇ ਹਨ ਭਾਵ ਰੀਢ ਬੰਨ੍ਹਾ ਲੈਂਦੇ ਹਨ ਹਰ ਵੇਲੇ ਪਰਾਈਆਂ ਹੀ ਬੁਰਾਈਆਂ ਕਰਦੇ ਹਨ ਅਤੇ ਅਪਣੇ ਹੰਕਾਰ ਨੂੰ ਹੀ ਵਧਾਂਦੇ ਹਨ। ਜਿਸਤਰਾਂ ਦਾ ਬੀ ਬੀਜਦੇ ਹਨ ਉਸੇ ਹੀ ਤਰਾਂ ਦਾ ਫਲ ਖਾਂਦੇ ਹਨ ਭਾਵ ਦੁਖ ਪਾਂਦੇ ਹਨ। ਗੁਰੂ ਜੀ=ਸਾਡਾ ਤਾਂ ਧਰਮ ਰੂਪ ਪ੍ਰਮੇਸਰ ਦੇ ਨਾਲ ਹੀ ਮੇਲ ਹੈ ਜਿਸ ਮੇਲ ਕਰਕੇ ਅਸੀਂ ਸਾਰੀ ਦੁਨੀਆਂ ਨੂੰ ਜਿੱਤ ਆਏ ਹਾਂ ॥੫॥ ੨॥ ੫੪ ॥

Digitized by Panjab Digital Library | www.panjabdigilib.org

## ਆਸਾ ਮਹਲਾ ੪ ॥

**ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥ ਗੁਰਬਾਣੀ ਹਰਿ ਅਲਖੁ ਲਖਾਇਆ ॥ ੧ ॥**

ਨਾਮ ਅੰਮ੍ਰਿਤ ਨੂੰ ਸੁਣ ਸੁਣ ਕੇ ਜਿਨ੍ਹਾਂ ਦੇ ਮਨ ਵਿਚ ਚੰਗਾ ਲੱਗਾ ਹੈ ਓਹਨਾਂ ਨੂੰ ਗੁਰਬਾਣੀ ਨੇ ਹਰੀ ਅਲੱਖ ਵਿਖਾ ਦਿਤਾ ਹੈ।

**ਗੁਰਮੁਖਿ ਨਾਮੁ ਸੁਨਹੁ ਮੇਰੀ ਭੈਨਾ ॥ ਏਕੋ ਰਵਿ ਰਹਿਆ ਘਟ ਅੰਤਰਿ ਮੁਖਿ ਬੋਲਹੁ ਗੁਰ ਅੰਮ੍ਰਿਤ ਬੈਨਾ ॥ ੧ ॥ ਰਹਾਉ ॥**

ਹੇ ਮੇਰੀਆਂ ਭੈਣਾਂ ਸੰਤੋ ਗੁਰਮੁਖ ਸਖੀਓ!ਗੁਰਾਂ ਦੁਆਰੇ ਨਾਮ ਨੂੰ ਸੁਣੋ ਇਕ ਪਰਮੇਸਰ ਰਿਦੇ ਦੇ ਅੰਦਰ ਵਿਆਪਿਆ ਹਇਆ ਹੈ ਗੁਰਾਂ ਦੁਆਰੇ ਨਾਮ ਉਚਾਰਨ ਰੂਪ ਅੰਮ੍ਰਿਤ ਰੂਪ ਬਚਨਾਂ ਨੂੰ ਮੂੰਹੋਂ ਬੋਲਿਆ ਕਰੋ।

**ਮੈ ਮਨਿ ਤਨਿ ਪ੍ਰੇਮੁ ਮਹਾ ਬੈਰਾਗੁ ॥ ਸਤਿਗੁਰੁ ਪੁਰਖੁ ਪਾਇਆ ਵਡਭਾਗੁ ॥ ੨ ॥**

ਮੇਰੇ ਮਨ ਵਿਚ ਬਹੁਤ ਪਰੇਮ ਹੈ ਅਤੇ ਸਰੀਰ ਵਿਚ ਵੀ ਬੜਾ ਵੈਰਾਗ ਹੁੰਦਾਹੈ ਮੈਂ ਸਤਿਗੁਰੂ ਪੁਰਖ ਪਾਇਆਹੈ ਇਸ ਲਈ ਮੇਰੇ ਬੜੇ ਵੱਡੇ ਭਾਗਹਨ।

**ਦੂਜੈ ਭਾਇ ਭਵਹਿ ਬਿਖੁ ਮਾਇਆ ॥ ਭਾਗਹੀਨ ਨਹੀ ਸਤਿਗੁਰੁ ਪਾਇਆ ॥ ੩ ॥**

ਜੋਹੜੇ ਦੂਸਰੇ ਪ੍ਰੇਮ ਵਿਚ ਲੱਗੇ ਹੋਏ ਹਨ ਓਹ ਵਿਹੁ ਰੂਪ ਮਾਇਆ ਵਾਸਤੇ ਭੱਜੇ ਫਿਰਦੇ ਹਨ, ਓਹਨਾਂ ਭਾਗਹੀਣਿਆਂ ਨੇ ਸਤਿਗੁਰੂ ਨੂੰ ਨਹੀਂ ਪਾਇਆ ਹੈ।

**ਅੰਮ੍ਰਿਤੁ ਹਰਿ ਰਸੁ ਆਪਿ ਪੀਆਇਆ ॥ ਗੁਰਿ ਪੂਰੈ ਨਾਨਕ ਹਰਿ ਪਾਇਆ ॥ ੪ ॥ ੩ ॥ ੫੫ ॥**

ਗੁਰਾਂ ਦੁਆਰੇ ਜਿਨਾਂ ਨੂੰ ਪਰਮੇਸਰ ਨੇ ਹਰੀ ਰਸ ਅੰਮ੍ਰਿਤ ਪਿਆਯਾ ਹੈ, ਗੁਰੂਜੀ=ਓਹਨਾਂਨੂੰ ਪੂਰਿਆਂ ਗੁਰਾਂਦੁਆਰੇ ਹਰ ਰਸ ਪ੍ਰਾਪਤ ਹੋਯਾਹੈ।੪।੩।੫੫॥

Digitized by Panjab Digital Library | www.panjabdigilib.org

## ਆਸਾ ਮਹਲਾ ੪ ॥

**ਮੇਰੈ ਮਨਿ ਤਨਿ ਪ੍ਰੇਮੁ ਨਾਮੁ ਆਧਾਰੁ ॥ ਨਾਮੁ ਜਪੀ ਨਾਮੋ ਸੁਖ ਸਾਰੁ ॥੧॥**

ਹੇ ਮੇਰੇ ਸੱਜਣੋਂ! ਮੇਰੇ ਮਨ ਤੰਨ ਵਿਚ ਤਾਂ ਨਾਮ ਦੇ ਹੀ ਪਰੇਮ ਦਾ ਆਸਰਾ ਰਹਿੰਦਾ ਹੈ, ਮੈਂ ਨਾਮ ਹੀ ਜਪਦਾ ਹਾਂ ਸਾਰਿਆਂ ਸੁਖਾਂ ਦਾ ਨਚੋੜ ਸੁਖ ਮੈਨੂੰ ਨਾਮ ਹੀ ਹੈ ।

**ਨਾਮੁ ਜਪਹੁ ਮੇਰੇ ਸਾਜਨ ਸੈਨਾ ॥ ਨਾਮ ਬਿਨਾ ਮੈ ਅਵਰੁ ਨ ਕੋਈ ਵਡੈਭਾਗਿ ਗੁਰਮੁਖਿ ਹਰਿ ਲੈਨਾ ॥ ੧ ॥ ਰਹਾਉ ॥**

ਹੇ ਮੇਰੇ ਸੱਜਣੋਂ (ਸੈਨਾ) ਸਾਥੀਓ ਜਾਂ ਸਬੰਧੀਓ! ਨਾਮ ਜਪੋ ਮੈਂ ਚੰਗੀ ਤਰਾਂ ਵੇਖ ਲਿਆ ਹੈ ਨਾਮ ਬਿਨਾਂ ਹੋਰ ਦੂਸਰਾ ਉਪਾ ਕੋਈ ਨਹੀਂ ਹੈ ਵਡਜਾਂ ਭਾਗਾਂ ਨਾਲ ਗੁਰਾਂ ਦੁਆਰੇ ਹਰੀ ਨਾਮ ਲਿਆ ਜਾਂਦਾ ਹੈ ।

**ਨਾਮ ਬਿਨਾ ਨਹੀ ਜੀਵਿਆ ਜਾਇ ॥ ਵਡੈ ਭਾਗਿ ਗੁਰਮੁਖਿ ਹਰਿ ਪਾਇ ॥ ੨ ॥**

ਨਾਮ ਜਪਿਆਂ ਬਿਨਾ ਜੀਵਿਆ ਨਹੀਂ ਜਾਂਦਾ ਹੈ ਵੱਡਜਾਂ ਭਾਗਾਂ ਨਾਲ ਗੁਰਾਂ ਦੁਆਰੇ ਨਾਮ ਪਾਇਆ ਹੈ ।

**ਨਾਮ ਹੀਨ ਕਾਲਖ ਮੁਖਿ ਮਾਇਆ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ ॥ ੩ ॥**

ਜੇਹੜੇ ਆਦਮੀ ਨਾਮ ਤੋਂ ਰਹਿਤ ਹਨ ਓਹਨਾਂ ਦੇ ਮੂੰਹ ਉੱਤੇ ਮਾਯਾ ਕਾਲਖ ਲੱਗੀ ਹੋਈ ਹੈ ਜਿਹੜਾ ਨਾਮ ਤੋਂ ਬਿਨਾ ਜੀਉਣਾ ਹੈ ਉਸਨੂੰ ਲੋਕ ਪ੍ਰਲੋਕ ਦੋਹਾਂ ਵਿਚ ਧਿਰਕਾਰ ਹੈ ।

**ਵਡਾ ਵਡਾ ਹਰਿ ਭਾਗ ਕਰਿ ਪਾਇਆ ॥ ਨਾਨਕ ਗੁਰਮੁਖਿ ਨਾਮੁ ਦਿਵਾਇਆ ॥ ੪ ॥ ੪ ॥ ੫੬ ॥**

ਗੁਰੂ ਜੀ=ਜਦੋਂ ਹਰੀ ਨੇ ਜਿਹੜੇ ਗੁਰੂ ਮੁਖੀ ਹਨ ਉਹਨਾਂ ਤੋਂ ਨਾਮ ਦਿਵਾਯਾ ਤਾਂ ਸਾਰਿਆਂ ਤੋਂ ਵੱਡਾ ਜਿਹੜਾ ਪ੍ਰਮੇਸਰ ਹੈ ਓਹ ਵੱਡਿਆਂ ਭਾਗਾਂ ਨਾਲ ਪਾ ਲਿਆ ॥ ੪ ॥ ੪ ॥ ੫੬ ॥

Digitized by Panjab Digital Library | www.panjabdigilib.org

## ਆਸਾ ਮਹਲਾ ੪ ॥

**ਗੁਣ ਗਾਵਾ ਗੁਣ ਬੋਲੀ ਬਾਣੀ ॥ ਗੁਰਮੁਖਿ ਹਰਿ ਗੁਣ ਆਖਿ ਵਖਾਣੀ ॥ ੧ ॥**

ਵਾਹਿਗੁਰੂ ਦੇ ਗੁਣਾਂ ਨੂੰ ਰਾਗ ਵਿਚ ਗਾਂਦਾ ਹਾਂ ਤੇ ਸਿਧੀ ਬਾਣੀ ਨਾਲ ਬੋਲਦਾ ਹਾਂ, ਗੁਰਾਂ ਦੁਆਰੇ ਪਰਮੇਸਰ ਦੇ ਗੁਣਾਂ ਨੂੰ ਮੂੰਹੋਂ ਆਖਕੇ ਸੁਣਾਂਦਾ ਹਾਂ।

**ਜਪਿ ਜਪਿ ਨਾਮੁ ਮਨਿ ਭਇਆ ਅਨੰਦਾ ॥ ਸਤਿ ਸਤਿ ਸਤਿਗੁਰਿ ਨਾਮੁ ਦਿੜਾਇਆ ਰਸਿ ਗਾਏ ਗੁਣ ਪਰਮਾਨੰਦਾ ॥ ੧ ॥ ਰਹਾਉ ॥**

ਨਾਮ ਜਪ ਜਪ ਕੇ ਮੈਨੂੰ ਮਨ ਵਿਚ ਬੜਾ ਅਨੰਦ ਹੋਇਆ ਹੈ, ਸੱਚੇ ਅਕਾਲ ਪੁਰਖ ਦਾ ਸੱਚਾ ਨਾਮ ਸਤਿਗੁਰੂ ਨੇ ਦ੍ਰਿੜ ਕਰਾਯਾ ਹੈ ਤਾਂ ਬੜੇ 'ਰਸ' ਪ੍ਰੇਮ ਕਰਕੇ ਪਰਮ ਅਨੰਦ ਰੂਪ ਪ੍ਰਮੇਸਰ ਦੇ ਗੁਣ ਗਾਏ ਹਨ।

**ਹਰਿ ਗੁਣ ਗਾਵੈ ਹਰਿ ਜਨ ਲੋਗਾ ॥ ਵਡੈ ਭਾਗਿ ਪਾਏ ਹਰਿ ਨਿਰਜੋਗਾ ॥**

ਜਿਹੜੇ ਲੋਗ ਪਰਮੇਸਰ ਦੇ ਦਾਸ ਹਨ ਓਹ ਹਰੀ ਗੁਣ ਗਾਂਦੇ ਹਨ, ਵੱਡਿਆਂ ਭਾਗਾਂ ਨਾਲ ਜਿਹੜਾ ਪ੍ਰਮੇਸਰ ਸਾਰਿਆਂ ਤੋਂ ਵੱਖਰਾ ਰਹਿੰਦਾ ਹੈ ਉਸਨੂੰ ਪਾਂਦੇ ਹਨ।

**ਗੁਣ ਵਿਹੂਣ ਮਾਇਆ ਮਲੁ ਧਾਰੀ ॥ ਵਿਣੁ ਗੁਣ ਜਨਮਿ ਮੁਏ ਅਹੰਕਾਰੀ ॥ ੩ ॥**

ਜੇਹੜੇ ਗੁਣਾਂ ਤੋਂ ਬਿਨਾ ਹਨ ਅਤੇ ਮਾਇਆ ਰੂਪ ਮੈਲ ਨੂੰ ਧਾਰਨ ਕਰਦੇ ਹਨ ਓਹ ਹਰੀ ਗੁਣ ਤੋਂ ਬਿਨਾ ਹੰਕਾਰ ਵਿਚ ਜੰਮਦੇ ਮਰਦੇ ਹਨ।

**ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥ ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥ ੪ ॥ ੫ ॥ ੫੭ ॥**

ਜਿਨ੍ਹਾਂ ਨੇ ਅਪਣੇ ਮਨੁਖ ਸਰੀਰ ਤਾਲ ਵਿਚ ਗੁਣ ਰੂਪ ਕੌਲ ਫੁਲ ਪਰਗਟ ਕਰ ਲਏ ਹਨ ਗੁਰੂ ਜੀ=ਓਹਨਾਂ ਗੁਰਮੁਖਾਂ ਨੇ ਰਿੜਕ ਕੇ ਪ੍ਰਮੇਸਰ ਦੇ ਨਾਮ ਮੱਖਣ ਨੂੰ ਕੱਢ ਲਿਆ ਹੈ ॥ ੪ ॥ ੫ ॥ ੫੭ ॥

Digitized by Panjab Digital Library | www.panjabdigilib.org

## ਆਸਾ ਮਹਲਾ ੪ ॥

**ਨਾਮੁ ਸੁਣੀ ਨਾਮੋ ਮਨਿ ਭਾਵੈ ॥ ਵਡੈ ਭਾਗਿ ਗੁਰਮੁਖਿ ਹਰਿ ਪਾਵੈ ॥ ੧ ॥**

ਮੈਂ ਨਾਮ ਹੀ ਸੁਣਦਾ ਹਾਂ ਨਾਮ ਹੀ ਮੇਰੇ ਮਨ ਨੂੰ ਚੰਗਾ ਲਗਦਾ ਹੈ ਇੱਕੁਰ ਦਾ ਹਰੀ ਨਾਮ ਗੁਰਾਂ ਦੁਆਰੇ ਵਡਿਆਂ ਭਾਗਾਂ ਨਾਲ ਪਾਇਆ ਜਾਂਦਾ ਹੈ।

**ਨਾਮੁ ਜਪਹੁ ਗੁਰਮੁਖਿ ਪਰਗਾਸਾ ॥ ਨਾਮੁ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥ ੧ ॥ ਰਹਾਉ ॥**

ਜਿਸ ਨਾਮ ਦਾ ਗੁਰਮੁਖਾਂ ਤੋਂ ਪਰਕਾਸ਼ ਹੋਇਆ ਹੈ ਮੈਂ ਓਹ ਨਾਮ ਜਪਦਾ ਹਾਂ ਨਾਮ ਤੋਂ ਬਿਨਾਂ ਮੈਨੂੰ ਕੋਈ ਆਸਰਾ ਨਹੀਂ ਹੈ ਮੈਂ ਸਾਹ ਲੈਂਦਿਆਂ ਰੋਟੀ ਖਾਂਦਿਆਂ ਹਰ ਵੇਲੇ ਨਾਮ ਨੂੰ ਹੀ ਜਪਦਾ ਹਾਂ।

**ਨਾਮੈ ਸੁਰਤਿ ਸੁਨੀ ਮਨਿ ਭਾਈ ॥ ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥ ੨ ॥**

ਮੈਂ ਹਰ ਇਕ ਨੂੰ ਨਾਮ ਜਪਕੇ ਹੀ ਸਮਝ ਹੁੰਦੀ ਸੁਣੀ ਹੈ, ਇਸੇ ਲਈ ਨਾਮ ਦੀ ਪ੍ਰੀਤੀ ਮੇਰੇ ਮਨ ਨੂੰ ਚੰਗੀ ਲੱਗੀ ਹੈ; ਇਕੁਰ ਦਾ ਨਾਮ ਜਿਹੜਾ ਮੈਨੂੰ ਸੁਣਾਵੇ ਓਹ ਹੀ ਮੇਰਾ ਮਿੱਤਰ ਹੈ, ਉਹੋ ਹੀ ਮੇਰਾ ਸਹਾਇਕ ਹੈ।

**ਨਾਮ ਹੀਣ ਗਏ ਮੂੜ ਨੰਗਾ ॥ ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ ॥ ੩ ॥**

ਨਾਮ ਤੋਂ ਹੀਣੇ ਮੂਰਖ ਨੰਗੇ ਆਦਮੀ ਜਨਮ ਮਰਨ ਵੱਲ ਚਲੇ ਗਏ ਹਨ ਅਤੇ ਵਿਸ਼ਿਆਂ ਨੂੰ ਵੇਖ ੨ ਕੇ ਪਤੰਗਿਆਂ ਵਾਂਗ ਸੜ ੨ ਕੇ ਮਰਦੇਜਾਂਦੇਹਨ।

**ਆਪੇ ਥਾਪੇ ਥਾਪਿ ਉਥਾਪੇ ॥ ਨਾਨਕ ਨਾਮੁ ਦੇਵੈ ਹਰਿ ਆਪੇ ॥ ੪ ॥ ੬ ॥ ੫੮ ॥**

ਗੁਰਮੁਖਾਂ ਦਾ ਇਹ ਭਰੋਸਾ ਹੈ ਕਿ ਵਾਹਿਗੁਰੂ ਆਪ ਹੀ ਦੁਨੀਆਂ ਨੂੰ ਪੈਦਾ ਕਰਦਾ ਹੈ ਫਿਰ ਸੰਸਾਰ ਨੂੰ ਬਣਾ ਕੇ ਆਪ ਹੀ ਨਾਸ ਕਰ ਦਿੰਦਾ ਹੈ। ਗੁਰੂ ਜੀ=ਆਪ ਹੀ ਪਰਮੇਸਰ ਜੀਹਦੇ ਉੱਤੇ ਕ੍ਰਿਪਾ ਕਰਦਾ ਹੈ ਉਸਨੂੰ ਆਪਣਾ ਨਾਮ ਦੇਂਦਾ ਹੈ ॥ ੪ ॥ ੬ ॥ ੫੮ ॥

Digitized by Panjab Digital Library | www.panjabdigilib.org

## ਆਸਾ ਮਹਲਾ ੪ ॥

**ਗੁਰਮੁਖਿ ਹਰਿ ਹਰਿ ਵੇਲਿ ਵਧਾਈ ॥ ਫਲ ਲਾਗੇ ਹਰਿ ਰਸਕ ਰਸਾਈ ॥ ੧ ॥**

ਗੁਰਮੁਖਾਂ ਨੇ ਪਰਮੇਸਰ ਦੇ ਜਾਪ ਦੀ ਵੇਲ ਵਧਾਈ ਹੈ ਨਾਮ ਦੇ ਰਸੀਏ ਹੋਕੇ ਜਿਹੜੀ ਬਿਰਤੀ ਪਰਮੇਸਰ ਦੇ ਨਾਮ ਨਾਲ ਰਸਾਈ ਹੈ ਉਸ ਵੇਲ ਨੂੰ ਫਲ ਪਰਮੇਸਰ ਦਾ ਨਾਮ ਹੀ ਲੱਗਾ ਹੈ ਭਾਵ ਪਰਮੇਸਰ ਨੇ ਦਰਸ਼ਨ ਦਿਤਾ ਹੈ।

**ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥ ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮ ਕੰਕਰ ਭੁਇਅੰਗਾ ॥ ੧ ॥ ਰਹਾਉ ॥**

ਅਨਤ=ਅਨੇਕ ਤਰੰਗਾਂ ਨਾਲ ਭਾਵ ਤਰ੍ਹਾਂ ਨਾਲ ਪਰਮੇਸਰ ਦਾ ਨਾਮ ਜਪ ਜਾਂ ਜਿਸ ਪਰਮੇਸਰ ਦੇ ਅਨੇਕਾਂ ਤਰੰਗ ਹਨ ਉਸਦਾ ਹਰੀ ਨਾਮ ਜਪ, ਜਿਹੜੇ ਪਰਮੇਸਰ ਦਾ ਨਾਮ ਜਪਕੇ ਗੁਰਾਂ ਦੁਆਰੇ ਸਲਾਹੀ=ਸੋਭਾ ਕਰਨ ਵਾਲੇ ਹੋ ਗਏ ਹਨ ਉਨ੍ਹਾਂ ਨੇ ਕਾਲ=ਨਾਸ ਕਰਨ ਵਾਲੇ ਜਮ ਦੇ ਦੂਤ ਸੱਪ ਰੂਪ ਡੰਗਣ ਵਾਲੇ ਨੂੰ ਮਾਰ ਲਿਆ ਹੈ। ਕੰਕਰ=ਦਾਸ ਦੂਤ। ਭੁਇਅੰਗ=ਸੱਪ।

**ਹਰਿ ਹਰਿ ਗੁਰ ਮਹਿ ਭਗਤਿ ਰਖਾਈ ॥ ਗੁਰੁ ਤੁਠਾ ਸਿਖ ਦੇਵੈ ਮੇਰੇ ਭਾਈ ॥ ੨ ॥**

ਦੁਖਾਂ ਦੇ ਨਾਸ ਕਰਨ ਵਾਲੀ ਭਗਤੀ ਪਰਮੇਸਰ ਨੇ ਗੁਰਾਂ ਵਿਚ ਰੱਖੀ ਹੈ, ਹੇ ਮੇਰੇ ਭਰਾ ! ਜਦੋਂ ਗੁਰੂ ਪਰਸੰਨ ਹੋਣ ਤਾਂ ਉਸ ਪ੍ਰਮੇਸਰ ਦੀ ਭਗਤੀ ਦੀ ਸਿਖਯਾ ਦਿੰਦੇ ਹਨ।

**ਹਉਮੈ ਕਰਮੁ ਕਿਛੁ ਬਿਧਿ ਨਹੀ ਜਾਣੈ ॥ ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥ ੩ ॥**

ਜਿਹੜੇ ਮਨਮੁਖ ਹੰਗਤਾ ਦੇ ਕੰਮ ਕਰਦੇ ਹਨ ਓਹ ਕੋਈ ਵਿਧੀ ਨਹੀਂ ਜਾਣਦੇ ਹਨ ਓਹਨਾਂ ਮਨਮੁਖਾਂ ਦੇ ਕੰਮ ਇਕੁਰ ਦੇ ਹੁੰਦੇ ਹਨ ਜਿਕੁਰ ਹਾਥੀ ਨਹਾ ਕੇ ਸਿਰ ਵਿਚ ਸੁਆਹ ਛਾਣੇ=ਪਾ ਲੈਂਦਾ ਹੈ।

**ਜੇ ਵਡਭਾਗੁ ਹੋਵਹਿ ਵਡ ਊਚੇ ॥ ਨਾਨਕ ਨਾਮੁ ਜਪਹਿ ਸਚਿ ਸੂਚੇ ॥ ੪ ॥ ੭ ॥ ੫੯ ॥**

ਜੇਕਰ ਵੱਡਿਆਂ ਤੋਂ ਵੱਡੇ ਬੜੇ ਉੱਚੇ ਕਰਮ ਹੋਣ ਤਾਂ ਗੁਰੂ ਜੀ=ਸੱਚ

Digitized by Panjab Digital Library | www.panjabdigilib.org

ਨਾਮ ਜਪਕੇ ਸੁੱਚੇ ਹੋਈਦਾ ਹੈ ॥੪॥ ੧ ॥ ੫੯ ॥

## ਆਸਾ ਮਹਲਾ ੪ ॥

**ਹਰਿ ਹਰਿ ਨਾਮ ਕੀ ਮਨਿ ਭੂਖ ਲਗਾਈ ॥ ਨਾਮਿ ਸੁਨਿਐ ਮਨੁ ਤ੍ਰਿਪਤੈ ਮੇਰੇ ਭਾਈ ॥ ੧ ॥**

ਮੇਰੇ ਮਨ ਨੂੰ ਪ੍ਰਮੇਸਰ ਦੇ ਨਾਮ ਦੀ ਭੁਖ ਗੁਰਾਂ ਨੇ ਲਾਈ ਹੈ ਹੇ ਭਰਾ ਨਾਮ ਹੀ ਸੁਣਕੇ ਮਨ ਰੱਜਦਾ ਹੈ ।

**ਨਾਮੁ ਜਪਹੁ ਮੇਰੇ ਗੁਰ ਸਿਖ ਮੀਤਾ ॥ ਨਾਮੁ ਜਪਹੁ ਨਾਮੇ ਸੁਖੁ ਪਾਵਹੁ ਨਾਮੁ ਰਖਹੁ ਗੁਰਮਤਿ ਮਨਿ ਚੀਤਾ ॥ ੧ ॥ ਰਹਾਉ ॥**

ਹੇ ਮੇਰੇ ਗੁਰਸਿਖ ਮਿੱਤਰੋ ! ਨਾਮ ਹੀ ਜਪੋ, ਜਿਹੜਾ ਨਾਮ ਗੁਰਾਂ ਦੀ ਸਿਖ੍ਯਾ ਨਾਲ ਮਿਲਿਆ ਹੈ ਉਸਨੂੰ ਮਨ ਵਿਚ (ਚੀਤਾ) ਯਾਦ ਕਰੋ ਏਸੇ ਨਾਮ ਨੂੰ ਜਪੋ ਤਾਂ ਸੁਖ ਪਾਓਗੇ ।

**ਨਾਮੋ ਨਾਮੁ ਸੁਣੀ ਮਨੁ ਸਰਸਾ ॥ ਨਾਮੁ ਲਾਹਾ ਲੈ ਗੁਰਮਤਿ ਬਿਗਸਾ ॥ ੨ ॥**

ਨਾਮ ਹੀ ਨਾਮ ਸੁਣੀਏ ਤੇ ਤਾਂ ਮਨ ਪਰਸੰਨ ਹੁੰਦਾ ਹੈ ਨਾਮ ਹੀ ਲੈਣ ਨਾਲ ਗੁਰਮੁਖਾਂ ਦਾ ਰਿਦਾ ਕੌਲ ਖਿੜਦਾ ਹੈ ।

**ਨਾਮੁ ਬਿਨਾ ਕੁਸਟੀ ਮੋਹ ਅੰਧਾ ॥ ਸਭ ਨਿਹਫਲ ਕਰਮ ਕੀਏ ਦੁਖੁ ਧੰਧਾ ॥ ੩ ॥**

ਜੇਹੜਾ ਨਾਮ ਤੋਂ ਬਿਨਾ ਅਤੇ ਮੋਹ ਕਰਕੇ ਅੰਨਾਂ ਹੋਇਆ੨ ਹੈ ਸਮਝੋ ਇਹ ਬਿਸਮਝ ਆਦਮੀ ਕੋਹੜਾ ਹੈ ਉਸਨੇ ਜਿੰਨੇ ਕੰਮ ਕੀਤੇ ਹਨ ਸਾਰੇ ਨਿਸ-ਫਲ ਹਨ ਅਤੇ ਦੁਖ ਰੂਪ ਧੰਧਾ ਹੈ ।

**ਹਰਿ ਹਰਿ ਹਰਿ ਜਸੁ ਜਪੈ ਵਡਭਾਗੀ ॥ ਨਾਨਕ ਗੁਰਮਤਿ ਨਾਮਿ ਲਿਵ ਲਾਗੀ ॥ ੪ ॥ ੮ ॥ ੬੦ ॥**

ਮਨ ਬਾਣੀ ਸਰੀਰ ਕਰਕੇ ਵੱਡਿਆਂ ਭਾਗਾਂ ਵਾਲੇ ਗੁਰਮੁਖ ਹਰਿ ਜਸ ਦਾ ਜਾਪ ਕਰਦੇ ਹਨ ਗੁਰੂ ਜੀ=ਗੁਰਾਂ ਦੀ ਸਿਖਿਆ ਲੈਨ ਨਾਲ ਓਹਨਾਂ ਦੀ ਬ੍ਰਿਤੀ ਨਾਮ ਵਿਚ ਲਗੀ ਰਹਿੰਦੀ ਹੈ ॥ ੪ ॥ ੮ ॥ ੬੦ ॥

Digitized by Panjab Digital Library | www.panjabdigilib.org

## ੧ ਓ ਸਤਿਗੁਰਪ੍ਰਸਾਦਿ ॥

## ਮਹਲਾ ੪ ਰਾਗੁ ਆਸ ਘਰੁ ੬ ਕੇ ੩ ॥

(ਭੇਖੀ ਹੰਕਾਰੀ ਜੋਗੀ ਨੂੰ ਉਪਦੇਸ਼ ਹੈ)

**ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥ ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥ ੧ ॥**

ਹੇ ਜੋਗੀ ਜੇਹੜਾ ਤੂੰ ਹਥਾਂ ਨਾਲ ਵਾਜਾ ਵਜਾਂਦਾ ਹੈਂ ਓਹ ਬੀਨ ਤੇਰੀ ਪ੍ਰਮੇਸਰ ਦੇ ਨਾਮ ਰਸ ਤੋਂ ਖਾਲੀ ਹੈ,ਇਸ ਲਈ ਥੋੜੀ ਵੱਜਦੀ ਹੈ ਹੇ ਜੋਗੀ ਪਰਮੇਸ਼ਰ ਦੇ ਗੁਣਾਂ ਨੂੰ ਬੋਲ ਗੁਰਾਂ ਤੋਂ ਸਿਖਿਆ ਲੈਕੇ ਇਸ ਮਨ ਨੂੰ ਪਰਮੇਸ਼ਰ ਦੇ ਪਰੇਮ ਪਾਣੀ ਵਿਚ (ਭੇਨ) ਭਿਓ ਦੇਹ।

**ਜੋਗੀ ਹਰਿ ਦੇਹੁ ਮਤੀ ਉਪਦੇਸੁ ॥ ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ॥੧॥ਰਹਾਉ॥**

ਹੇ ਜੋਗੀ ਪ੍ਰਮੇਸ਼ਰ ਦੇ ਸਿਮਰਨ ਦੀ ਸਿਖਿਆ ਦਾ ਉਪਦੇਸ਼ ਦੇਹ ਜੇਹੜਾ ਪਰਮੇਸ਼ਰ ਜੁਗਾਂ ੨ ਵਿਚ ਭਗਤਾਂ ਦੇ ਦੁਖਾਂ ਨੂੰ ਨਾਸ ਕਰਨ ਵਾਲਾ ਹੈ ਓਹ ਇਕ ਰੂਪ ਹੋਕੇ ਸਾਰਿਆਂ ਵਿਚ ਵਰਤਦਾ ਹੈ ਅਸੀਂ ਉਸਦੇ ਅੱਗੇ ਨਮਸਕਾਰ ਕਰਦੇ ਹਾਂ।

**ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥ ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥ ੨ ॥**

ਜੇਹੜਾ ਅਨੇਕ ਤਰਾਂ ਦੇ ਰਾਗ ਗਾਂਦਾ ਹੈ ਅਤੇ ਬਹੁਤ ਤਰਾਂ ਬਾਤ ਬੋਲਦਾ ਹੈ ਇਹ ਜੇਹੜਾ ਤੇਰਾ ਮਨ ਹੈ ਸੋ ਇਹ ਤਾਂ ਖੇਡਾਂ ਖੇਡਦਾ ਹੈ, ਜਿਸਤਰਾਂ ਕੋਈ ਵੇਲਾਂ ਬੂਟਿਆਂ ਨੂੰ ਪਾਣੀ ਸਿੰਜਣ ਵਾਸਤੇ ਖੂਹ ਜੋਵੇ ਓਹਨਾਂ ਵੇਲਾਂ ਨੂੰ ਬੈਲਦ ਪਹਿਲਾਂ ਹੀ ਖਾ ਗਏ ਹੋਣ,ਇਸ ਲਈ ਵਲੀਆਂ ਨੂੰ ਸਿੰਜਣ ਲਈ ਜੇਹੜਾ ਧਿਆਨ ਜਾਂ ਰਾਗ ਗੌਣ ਰੂਪ ਪਾਣੀ ਦੇਂਦਾ ਹੈਂ ਸੋ ਓਹ ਤਾਂ ਮਨ ਬੈਲ ਗੁਣਾਂ ਨੂੰ ਖਾ ਗਿਆ ਹੈ ਜਾਂ ਵੇਲਾਂ ਵਿਚ ਚਲਾ ਗਿਆ ਹੈ ਭਾਵ ਮਨ ਟਿਕਦਾ ਨਹੀਂ ਹੈ ॥ ਬਸੁਧਾ=ਧਰਤੀ ਵਿਚ ਜੇਹੜੇ ਬੂਟੇ ਲੱਗੇ ਹਨ ॥

Digitized by Panjab Digital Library | www.panjabdigilib.org

**ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥ ਮਨੂਆ ਅਸਥਿਰੁ ਬੈਲੁ ਮਨੁ ਜੇਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥ ੩ ॥**

ਹੇ ਜੋਗੀ ਕਾਇਆ ਰੂਪ ਨਗਰੀ ਵਿਚ ਪ੍ਰਮੇਸਰ ਦੇ ਕਰਮਾਂ ਰੂਪ ਬੀ ਬੀਜੋ ਭਾਵ ਚੰਗੇ ਕਰਮ ਕਰੋ ਮਨ ਬੈਲ ਨੂੰ ਬੰਨ੍ਹਕੇ ਬਚਨ ਮੰਨਣ ਵਿਚ ਜੋੜੋ ਤਾਂ ਪ੍ਰਮੇਸਰ ਦੇ ਦਰਸ਼ਨ ਰੂਪ ਖੇਤ ਹਰਿਆ ਹੋਕੇ ਭਰਿਆ ਉਗੇਗਾ ਗੁਰਾਂ ਦੀ ਸਿਖਿਆ ਨਾਲ ਜੇਕਰ ਹਰੀ ਨਾਮ ਦਾ ਅਭਿਆਸ ਰੂਪ ਪਾਣੀ ਸਿੰਜੋਗੇ ਤੇ ਤਾਂ ਤੁਹਾਡੀ ਜਿੱਤ ਹੋਵੇਗੀ ।

**ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥ ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥ ੪ ॥ ੯ ॥ ੬੧ ॥**

ਹੇ ਜੋਗੀ ਇੱਕੁਰ ਬੇਨਤੀ ਕਰੋ ਹੇ ਸਵਾਮੀ ਜੋਗੀ ਜੰਗਮ ਆਦਿਕ ਜਿਤਨੇ ਭੇਖ ਹਨ ਅਤੇ ਜਿੰਨੀ ਦੁਨੀਆਂ ਹੈ ਸਾਰੀ ਤੇਰੀ ਹੈ ਜਿਸਤਰਾਂ ਦੀ ਅਕਲ ਤੁਸੀਂ ਦੇਂਦੇ ਹੋ ਓਸੇ ਤਰਾਂ ਅਸੀਂ ਚੱਲਦੇ ਹਾਂ ਗੁਰੂਜੀ=ਹੇ ਅੰਤਰ ਜਾਮੀ ਮਾਲਕਾ ਮੇਰੇ ਮਨ ਨੂੰ ਪੇਲ=ਪ੍ਰੇਰਕੇ ਭਾਵ ਖਿੱਚਕੇ ਅਪਣੇ ਚਰਨਾਂ ਵਿਚ ਲਾ ॥ ੪ ॥ ੯ ॥ ੬੧ ॥

## ਆਸਾ ਮਹਲਾ ੪ ॥

{ਚੰਗੇ ੨ ਰਾਗੀ ਗਵੱਯੇ ਸਾਜਾਂ ਨੂੰ ਸੁਰ ਕਰਨ ਵਿਚ ਬਹੁਤ ਚਿਰ ਲਾ ਦੇਂਦੇ ਹਨ ਗੁਰੂ ਜੀ ਓਹਨਾਂ ਨੂੰ ਸਮਝਾਂਦੇ ਹਨ।

**ਕਬ ਕੋ ਭਾਲੈ ਘੁੰਘਰੂ ਤਾਲਾ ਕਬਕੋ ਬਜਾਵੈ ਰਬਾਬੁ ॥ ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ ॥ ੧ ॥**

ਕਦੋਂ ਕੋਈ ਘੁੰਘਰੂ ਛਣੇ ਲੱਭਦਾ ਫਿਰੇ ਕਦੋਂ ਕੋਈ ਰਬਾਬ ਵਜਾਵੇ ਜਿਹੜੀ ਆਉਂਦਿਆਂ ਜਾਂਦਿਆਂ ਇੱਕ ਛਿਨ ਵੀ ਲਗ ਜਾਂਦੀ ਹੈ ਓਨਾਂ ਚਿਰ ਤਾਂ ਮੈਂ ਨਾਮ ਨੂੰ ਯਾਦ ਕਰਾਂਗਾ ।

**ਮੇਰੈ ਮਨਿ ਐਸੀ ਭਗਤਿ ਬਨਿਆਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨੁ**

Digitized by Panjab Digital Library | www.panjabdigilib.org

**ਮਰਿ ਜਾਈ ॥ ੧ ॥ ਰਹਾਉ ॥**

ਹੇ ਭਾਈ! ਮੇਰੇ ਮਨ ਵਿਚ ਤਾਂ ਇੱਕੁਰਦੀ ਭਗਤੀ ਬਣ ਆਈ ਹੈ ਜਿਕਰ ਪਾਣੀ ਬਿਨਾ ਮੱਛੀ ਮਰ ਜਾਂਦੀ ਹੈ, ਇੱਕਰ ਮੈਂ ਪਰਮੇਸਰ ਤੋਂ ਬਿਨਾਂ ਤਾਂ ਇਕ ਛਿਨ ਭਰ ਵੀ ਨਹੀਂ ਰਹਿ ਸਕਦਾ ਹਾਂ।

**ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ ॥ ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ ॥ ੨ ॥**

ਕਦੋਂ ਤਕ ਕੋਈ ਪੰਜਾਂ ਸੱਤਾਂ ਗਵੱਈਆਂ ਨੂੰ ਕੱਠਯਾਂ ਕਰੇ ਕਦੋਂ ਤਕ ਕੋਈ ਰਾਗਾਂ ਦੀ ਅਵਾਜ਼ ਕੱਢੇ ਸੁਰਾਂ ਨੂੰ ਮਿਲਾਉਂਦਿਆਂ ਗਵੱਯਾਂ ਨੂੰ ਸੁਣਦਿਆਂ ਜੇਹੜਾ ਇਹ ਛਿਨ ਪਲ ਚਸਾ ਭਾਵ ਬਹੁਤ ਹੀ ਥੋੜੇ ਤੋਂ ਵੀ ਥੋੜਾ ਚਿਰ ਲੱਗਣਾ ਹ, ਇਤਨਾਂ ਚਿਰ ਵੀ ਮੇਰਾ ਮਨ ਨਹੀਂ ਖੜੋ ਸੱਕਦਾ ਮੇਰਾ ਮਨ ਤਾਂ ਰਾਮ ਦੇ ਗੁਣ ਗਾਵੇਗਾ।

**ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ ॥ ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮਾਰੈ ॥ ੩ ॥**

ਕਦੋਂ ਤਕ ਕੋਈ ਨਾਚ ਕਰੇ ਪੈਰਾਂ ਨੂੰ ਸਾਧਕੇ ਖਲਾਰੇ ਕਦੋਂ ਤਕ ਕੋਈ ਹੱਥਾਂ ਨੂੰ ਖਲਾਰ ਕੇ ਭਾਉ ਦੱਸੇ ਕਿਉਂਕਿ ਹੱਥਾਂ ਪੈਰਾਂ ਦੇ ਪਸਾਰਨ ਨਾਲ ਥੋੜਾ ਜਿਹਾ ਚਿਰ ਲੱਗੇਗਾ ਓਨਾਂ ਚਿਰ ਵੀ ਮੇਰਾ ਮਨ ਨਹੀਂ ਰਹਿ ਸਕਦਾ, ਮੇਰਾ ਮਨ ਤਾਂ ਰਾਮ ਨਾਮ ਦਾ ਸਿਮਰਨ ਕਰੇਗਾ।

**ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾਪਤਿ ਹੋਇ॥ ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਤਾ ਜੈ ਜੈ ਕਰੇ ਸਭੁ ਕੋਇ ॥ ੪ ॥ ੧੦ ॥ ੬੨ ॥**

ਜਿਹੜੇ ਲੋਕ ਨਾਚ ਦੇਖਨ ਬੈਠੇ ਹਨ ਕਦੋਂ ਤਕ ਕੋਈ ਓਹਨਾਂ ਨੂੰ ਰਾਜ਼ੀ ਕਰੇ ਹੱਛਾ ਜੇ ਇਹ ਰਾਜ਼ ਵੀ ਹੋ ਗਏ ਤਾਂ ਏਹਨਾਂ ਦੇ ਰਾਜੀ ਹੋਣ ਨਾਲ ਆਦਮੀ ਦੀ ਇਜ਼ਤ ਨਹੀਂ ਵਧਦੀ ਹੈ, ਗੁਰੂ ਜੀ=ਇਸ ਲਈ ਰਿਦੇ ਵਿਚ ਵਾਹਿਗੁਰੂ ਨੂੰ ਸਦਾ ਹੀ ਧਿਆਓ ਤਾਂ ਫਿਰ ਸਾਰਾ ਸੰਸਾਰ ਤੁਹਾਡਾ ਜੈ ਜੈ ਕਾਰ ਕਰੇਗਾ ਭਾਵ ਗਾਉਣ ਨਾਲ ਲੋਕ ਪਰਸੰਨ ਤਾਂ ਹੋਣਗੇ ਪਰ ਵਾਹਿਗੁਰੂ ਦੇ ਪਰਸਨ ਹੋਣ ਦਾ ਕਾਰਨ ਨਾਮ ਹੀ ਹੈ ॥੪॥੧੦॥੬੨॥

Digitized by Panjab Digital Library | www.panjabdigilib.org

## ਆਸਾ ਮਹਲਾ ੪ ॥

(ਚੰਗਾ ਨੱਚਣਾ ਦਸਦੇ ਹਨ)

**ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥ ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥ ੧ ॥**

ਪਰਮੇਸਰ ਦੀ ਸਤਸੰਗਤ ਵਿਚ ਮਿਲੀਏ ਤੇ ਪ੍ਰਮੇਸਰ ਦੀ ਸਤਸੰਗਤ ਵਿਚ ਮਿਲਕੇ ਉਸਦੇ ਗੁਣ ਗਾਵੀਏ ਜਦੋਂ ਇੱਕੁਰ ਕਰਨ ਨਾਲ ਦਿਲ ਵਿਚ ਗਿਆਨ ਰਤਨ ਦਾ ਚਾਨਣ ਹੋਇਆ ਤਾਂ ਅਗਜਾਨ ਹਨੇਰਾ ਜਾਂਦਾ ਰਿਹਾ ।

**ਹਰਿ ਜਨ ਨਾਚਹੁ ਹਰਿ ਹਰਿ ਧਿਆਇ॥ ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ ॥ ੧ ॥ਰਹਾਉ ॥**

ਹੇ ਭਰਾਓ! ਪਰਮੇਸਰ ਦੇ ਦਾਸ ਬਣਕੇ ਪ੍ਰਮੇਸਰ ਦਾ ਧਿਆਨ ਧਰਨ ਰੂਪ ਨੱਚਣਾ ਕਰੋ, ਜਿਹੜੇ ਸੰਤ ਇਕੁਰ ਦਾ ਨਾਚ ਕਰਨ ਵਾਲੇ ਹਨ ਅਸੀ ਓਹਨਾਂ ਦੇ ਚਰਨਾਂ ਨੂੰ ਧੋਂਦੇ ਹਾਂ ।

**ਹਰਿ ਹਰਿ ਨਾਮੁ ਜਪਹੁ ਮਨ ਮੇਰੇ ਅਨਦਿਨੁ ਹਰਿ ਲਿਵ ਲਾਇ ॥ ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਭੂਖ ਨ ਲਾਗੈ ਆਇ ॥ ੨ ॥**

ਹੇ ਮਨ ਮੇਰੇ! ਰਾਤ ਦਿਨ ਪਰਮੇਸਰ ਦੇ ਨਾਮ ਵਿਚ ਲਿਵ ਲਾਕੇ ਪਰ-ਮੇਸਰ ਦੇ ਨਾਮ ਦਾ ਜਾਪ ਕਰੋ, ਜੋ ਚਾਹੋਗੇ ਸੋ ਫਲ ਪਾ ਲਓਗੇ ਫਿਰ ਤੁਹਾਨੂੰ ਕਿਸੇ ਪਦਾਰਥ ਦੀ ਵੀ ਭੁੱਖ ਨਹੀਂ ਲੱਗੇਗੀ ।

**ਆਪੇ ਹਰਿ ਅਪਰੰਪਰੁ ਕਰਤਾ ਹਰਿ ਆਪੇ ਬੋਲਿ ਬੁਲਾਇ ॥ ਸੇਈ ਸੰਤ ਭਲੇ ਤੁਧੁ ਭਾਵਹਿ ਜਿਨ ਕੀ ਪਤਿ ਪਾਵਹਿ ਥਾਇ ॥ ੩ ॥**

ਵਾਹਿਗੁਰੂ ਆਪੇ ਹੀ ਸੰਸਾਰ ਤੋਂ ਪਰੇ ਹੈ, ਆਪੇ ਹੀ ਸਾਰਿਆਂ ਦਾ ਕਰਤਾ ਹੈ ਆਪੇ ਹੀ ਸਾਰਿਆਂ ਤੋਂ ਬੋਲ ਬੁਲਾਂਦਾ ਹੈ,ਅਸੀਂ ਉਸ ਅੱਗੇਇਕੁਰ

Digitized by Panjab Digital Library | www.panjabdigilib.org

ਬੇਨਤੀ ਕਰਦੇ ਹਾਂ ਕਿ ਹੇ ਪਰਮੇਸਰ! ਓਹੋਹੀ ਸੰਤ ਚੰਗੇ ਹਨ ਜਿਹੜੇ ਤੈਨੂੰ ਚੰਗੇ ਲਗਦੇ ਹਨ ਓਹਨਾਂ ਦੀ ਤੂੰ ਇੱਜ਼ਤ ਲੇਖੇ ਪਾ ਲੈਂਦਾ ਹੈਂ।

**ਨਾਨਕੁ ਆਖਿ ਨ ਰਾਜੈ ਹਰਿ ਗੁਣ ਜਿਉ ਆਖੈ ਤਿਉ ਸੁਖੁ ਪਾਇ ॥ ਭਗਤਿ ਭੰਡਾਰ ਦੀਏ ਹਰਿ ਅਪੁਨੇ ਗੁਣ ਗਾਹਕੁ ਵਣਜਿ ਲੈ ਜਾਇ ॥ ੪ ॥ ੧੧ ॥ ੬੩ ॥**

ਗੁਰੂਜੀ=ਮੈਂ ਪ੍ਰਮੇਸਰ ਦੇ ਗੁਣਾਂ ਨੂੰ ਕਹਿੰਦਾ ਹੋਇਆ ਰੱਜਦਾ ਨਹੀਂ ਹਾਂ ਕਿਉਂ ਕਿ ਜਿਉਂ ੨ ਆਖਦਾ ਹਾਂ ਤਿਉਂ ੨ ਸੁਖ ਪਾਂਦਾ ਹਾਂ, ਅਗੇ ਭਗਤੀ ਦੇ ਖ਼ਜ਼ਾਨੇ ਪਰਮੇਸਰ ਨੇ ਅਪਣਿਆਂ ਦਾਸਾਂ ਨੂੰ ਜੋ ਮੇਰੇ ਵਰਗਿਆਂ ਦਾਸਾਂ ਨੂੰ ਦਿਤੇ ਹਨ ਓਹ ਗੁਣਾਂ ਦੇ ਗਾਹਕ ਸਿਖ ਗੁਣਾਂ ਨੂੰ ਖਰੀਦ ਲੈਂਦੇ ਹਨ ॥੪॥੧੧॥੬੩॥

## ੴ ਸਤਿਗੁਰਪ੍ਰਸਾਦਿ ॥

## ਰਾਗੁ ਆਸਾ ਘਰੁ ੮ ਕੇ ਕਾਫੀ ਮਹਲਾ ੪ ॥

{ ਕਾਫੀ=ਛੰਦ ਦੀ ਰੀਤੀ ਹੈ ਵੈਰਾਗ ਵਾਲੇ ਛੰਦ ਹੁੰਦੇ ਹਨ। }

**ਆਇਆ ਮਰਣੁ ਧੁਰਾਹੁ ਹਉਮੈ ਰੋਈਐ ॥ ਗੁਰਮੁਖਿ ਨਾਮੁ ਧਿਆਇ ਅਸਥਿਰੁ ਹੋਈਐ ॥ ੧ ॥**

ਮੁਢ ਤੋਂ ਹੀ ਜੰਮਣਾ ਮਰਣਾ ਚਲਿਆ ਆਇਆ ਹੈ, ਹੰਗਤਾ ਮਮਤਾ ਕਰਕੇ ਰੋਈਦਾ ਹੈ। ਜਦੋਂ ਗੁਰਮੁਖ ਹੋਕੇ ਨਾਮ ਨੂੰ ਧਿਆਈਏ ਤੇ ਤਾਂ ਇਸਥਤ ਹੋ ਜਾਈਦਾ ਹੈ ਭਾਵ ਜਨਮ ਮਰਨ ਤੋਂ ਰਹਿਤ ਹੋ ਜਾਈਦਾ ਹੈ।

**ਗੁਰ ਪੂਰੈ ਸਾਬਾਸਿ ਚਲਣੁ ਜਾਣਿਆ॥ ਲਾਹਾ ਨਾਮੁ ਸੁ ਸਾਰੁ ਸਬਦਿ ਸਮਾਣਿਆ ॥ ੧ ॥ ਰਹਾਉ ॥**

ਜਿਸਨੇ ਠੀਕ ਮਰ ਜਾਣਾ ਜਾਣ ਲਿਆ ਹੈ ਨਾਮ ਦਾ ਲਾਭ ਜਿਹੜਾ ਜਗਤ ਵਿਚ ਨਚੋੜ ਅਸਲੀ ਵਸਤੂ ਹੈ ਇਸ ਵਿਚ ਸਮਾਇਆ ਹੈ ਉਸਨੂੰ ਪੂਰਿਆਂ ਗੁਰਾਂ ਦੇ ਸ਼ਬਦ ਤੋਂ ਸ਼ਾਬਾਸ਼ੇ ਮਿਲਦੀ ਹੈ।

**ਪੂਰਬਿ ਲਿਖੇ ਡੇਹ ਸਿ ਆਏ ਮਾਇਆ ॥ ਚਲਣੁ**

Digitized by Panjab Digital Library | www.panjabdigilib.org

**ਅਜੁ ਕਿ ਕਲਿ ਧੁਰਹੁ ਫੁਰਮਾਇਆ ॥ ੨ ॥**

ਮਾਇਆ=ਹੇ ਮਾਂ ਭਾਵ ਭਰਾਓ ! ਜਿਹੜੇ ਪਹਿਲੇ ਹੀ ਡੇਹ=ਦਿਨ ਮਰਨ ਦੇ ਲਿਖੇ ਗਏ ਹਨ ਸੋ ਆਏ ਹੀ ਸਮਝੋ ਇਹ ਧੁਰ ਦੀ ਆਗਿਆ ਹੈ ਅੱਜ ਜਾਂ ਕੱਲ ਨੂੰ ਜ਼ਰੂਰ ਚੱਲਣਾ ਹੈ।

**ਬਿਰਥਾ ਜਨਮੁ ਤਿਨਾ ਜਿਨੀ ਨਾਮੁ ਵਿਸਾਰਿਆ ॥ ਜੂਐ ਖੇਲਣੁ ਜਗਿ ਕਿ ਇਹੁ ਮਨੁ ਹਾਰਿਆ ॥ ੩ ॥**

ਜਿਨਾਂ ਨੇ ਨਾਮ ਨੂੰ ਭੁਲਾ ਦਿਤਾ ਹੈ ਓਹਨਾਂ ਦਾ ਜਨਮ ਬਿਅਰਥ ਹੈ ਜਨਮ ਵਿਚ ਜੂਏ ਦੀ ਖੇਡ ਵਿਚ ਇਸ ਮਨ ਨੂੰ ਹਾਰ ਦਿਤਾ ਹੈ।

**ਜੀਵਣ ਮਰਣ ਸੁਖੁ ਹੋਇ ਜਿਨਾ ਗੁਰੁ ਪਾਇਆ ॥ ਨਾਨਕ ਸਚੇ ਸਚਿ ਸਚਿ ਸਮਾਇਆ ॥ ੪ ॥੧੨॥੬੪॥**

ਜਿਨ੍ਹਾਂ ਨੇ ਗੁਰੂ ਨੂੰ ਪਾਇਆ ਹੈ ਓਹਨਾਂਨੂੰਜੰਮਣ ਮਰਨ ਦੋਹਾਂ ਵੇਲਿਆਂ ਵੇਲੇ ਸੁਖ ਹੁੰਦਾ ਹੈ, ਗੁਰੂ ਜੀ=ਓਹ ਆਦਮੀ ਸੱਚੇ ਹਨ ਜਿਨਾਂ ਦਾ ਮਨ ਸੱਚੇ ਪ੍ਰਮੇਸਰ ਵਿਚ ਨਿਸਚੇ ਕਰਕੇ ਮਿਲਿਆ ਹੈ । ੪॥ ੧੨॥੬੪।

## ਆਸਾ ਮਹਲਾ ੪ ॥

**ਜਨਮੁ ਪਦਾਰਥੁ ਪਾਇ ਨਾਮੁ ਧਿਆਇਆ ॥ ਗੁਰ ਪਰਸਾਦੀ ਬੁਝਿ ਸਚਿ ਸਮਾਇਆ ॥ ੧ ॥**

ਜਿਨ੍ਹਾਂ ਨੇ ਮਨੁਖ ਜਨਮ ਪਦਾਰਥ ਪਾਕੇ ਨਾਮ ਧਿਆਯਾ ਹੈ, ਓਹਨਾਂ ਦਾ ਮਨ ਗੁਰਾਂ ਦੀ ਕਿਰਪਾ ਨਾਲ ਅਸਲੀ ਗੱਲ ਨੂੰ ਸਮਝਕੇ ਸੱਚ ਨਾਲ ਮਿਲ ਗਿਆ ਹੈ।

**ਜਿਨਧੁਰਿ ਲਿਖਿਆ ਲੇਖੁ ਤਿਨੀ ਨਾਮੁ ਕਮਾਇਆ॥ ਦਰਿ ਸਚੈ ਸਚਿਆਰ ਮਹਲਿ ਬੁਲਾਇਆ ॥੧॥ਰਹਾਉ॥**

ਜਿਨ੍ਹਾਂ ਦੇ ਮੱਥੇ ਧੁਰੋਂ ਹੀ ਅਕਾਲ ਪੁਰਖ ਨੇ ਲੇਖ ਲਿਖਿਆ ਹੈ ਓਹਨਾਂ ਨੇ ਨਾਮ ਨੂੰ ਕਮਾਯਾ ਹੈ ਅਤੇ ਸਚੇ ਪਰਮੇਸਰ ਦੇ ਬੂਹੇ ਉੱਤੇ ਸੱਚੇ ਹੋ ਗਏ ਹਨ ਓਹਨਾਂ ਨੂੰ ਪ੍ਰਮੇਸਰ ਨੇ ਅਪਣੇ ਮਹਿਲ ਦੇ ਅੰਦਰ ਬੁਲਾ ਲਿਆ ਹੈ।

**ਅੰਤਰਿ ਨਾਮੁ ਨਿਧਾਨੁ ਗੁਰਮੁਖਿ ਪਾਈਐ॥ਅਨ-ਦਿਨੁ ਨਾਮੁ ਧਿਆਇ ਹਰਿ ਗੁਣ ਗਾਈਐ ॥ ੨ ॥**

Digitized by Panjab Digital Library | www.panjabdigilib.org

ਨਾਮ ਦਾ ਖਜ਼ਾਨਾ ਜਾਂ ਆਸਰਾ ਰੂਪ ਨਾਮ ਦਿਲ ਅੰਦਰ ਗੁਰਾਂ ਦੀ ਮਿਹਰ ਨਾਲ ਪਾਇਆ ਜਾਂਦਾ ਹੈ, ਜਿਨਾਂ ਨੂੰ ਪ੍ਰਮੇਸਰ ਦਾ ਨਾਮ ਲੱਭਾ ਹੈ ਓਹ ਰਾਤ ਦਿਨੇ ਨਾਮ ਨੂੰ ਧਿਆ ਕੇ ਪਰਮੇਸਰ ਦੇ ਗੁਣਾਂ ਨੂੰ ਹੀ ਗਾਂਦੇ ਰਹਿੰਦੇ ਹਨ।

**ਅੰਤਰਿ ਵਸਤੁ ਅਨੇਕ ਮਨਮੁਖਿ ਨਹੀ ਪਾਈਐ ॥ ਹਉਮੈ ਗਰਬੈ ਗਰਬੁ ਆਪਿ ਖੁਆਈਐ ॥ ੩ ॥**

ਦਿਲ ਅੰਦਰ ਅਨੇਕਾਂ ਗੁਣਾਂ ਵਾਲਾ ਪਰਮੇਸਰ ਹੀ ਵਸਤੂ ਹੈ ਪਰ ਮਨਮੁਖ ਨਹੀਂ ਪਾ ਸਕਦਾ ਹੈ, ਮਨਮੁਖ ਹੰਗਤਾ ਮਮਤਾ ਕਰਕੇ ਹੰਕਾਰੀ ਹੋਜਾਂਦੇ ਹਨ ਇਸੇ ਕਰਕੇ ਪਰਮੇਸਰ ਨੂੰ ਭੁਲਾ ਬੈਠਦੇ ਹਨ ॥

**ਨਾਨਕ ਆਪੇ ਆਪਿ ਆਪਿ ਖੁਆਈਐ ॥ ਗੁਰਮਤਿ ਮਨਿ ਪਰਗਾਸੁ ਸਚਾ ਪਾਈਐ ॥ ੪ ॥ ੧੩ ॥ ੬੫ ॥**

ਗੁਰੂ ਜੀ=ਓਹ ਆਪੇ ਹੀ ਆਪ ਆਪ ਰਾਮ ਦਾਸ ਪੁਰਖ ਹੈ ਓਹ ਤਦੋਂ ਮਿਲਦਾ ਹੈ ਜਦੋਂ ਆਪਣੇ ਵਿਚੋਂ ਹੰਕਾਰ ਨੂੰ ਦੂਰ ਕਰ ਦੇਵੀਏ, ਗੁਰਾਂ ਦੀ ਦਿੱਤੀ ਹੋਈ ਜੇਹੜੀ ਅਕਲ ਹੈ ਉਸ ਕਰਕੇ ਜਦੋਂ ਮਨ ਵਿਚ ਚਾਨਣ ਹੋਵੇ ਤਾਂ ਸੱਚਾ ਹਰੀ ਮਿਲਦਾ ਹੈ ॥ ੪ ॥ ੧੩ ॥ ੬੫ ॥

## ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ

## ੧ ੴ ਸਤਿਗੁਰਪ੍ਰਸਾਦਿ ॥

{ਸੁਧੰਗ=ਇਹ ਸਾਰੀ ਬਾਣੀ ਸੁਧ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਤ੍ਰੇ ਆਖਦੇ ਹਨ ॥}

**ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥ ਸਤਿਗੁਰਿ ਮੋਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ ਰਹਾਉ ॥**

ਮੈਂ ਰਾਤ ਦਿਨ ਹਰੀ ਨਾਮ ਦਾ ਕੀਰਤਨ ਕਰਦਾ ਹਾਂ, ਸਤਿਗੁਰਾਂ ਨੇ ਮੈਨੂੰ ਹਰਿ ਨਾਮ ਦਾ ਸਿਮਰਨ ਦਸਿਆ ਹੈ, ਇਸ ਲਈ ਮੈਂ ਪ੍ਰਮੇਸ਼ਰ ਤੋਂ ਬਿਨਾਂ ਇਕ ਛਿਨ ਭਰ ਵੀ ਨਹੀਂ ਰਹਿ ਸਕਦਾ ਹਾਂ।

Digitized by Panjab Digital Library | www.panjabdigilib.org

ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥ ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨ ਕਿਉ ਰਹੈ ਹਰਿ ਸੇਵਾ ਬਿਨੁ ॥ ੧ ॥

ਮੇਰੇ ਪਾਸ ਸੁਣਨਾ ਵੀ ਪ੍ਰਮੇਸਰਦਾ ਹੀ ਹੈ ਮੈਂ ਸਿਮਰਨਾ ਵੀ ਪ੍ਰਮੇਸ਼ਰਦਾ ਹੀ ਕਰਦਾ ਹਾਂ ਕੀਰਤਨ ਵੀ ਹਰੀ ਦਾ ਹੀ ਕਰਦਾ ਹਾਂ ਮੈਂ ਇਕ ਛਿਨ ਵੀ ਪ੍ਰਮੇਸਰ ਦੇ ਨਾਮ ਬਿਨਾ ਨਹੀਂ ਰਹਿ ਸਕਦਾ ਹਾਂ, ਜਿਸ ਤਰਾਂ ਹੰਸ ਬਿਨਾ ਮਾਨ ਸਰਤਾਲ ਦੇ ਨਹੀਂ ਰਹਿ ਸਕਦਾ ਹੈ ਉਕਰ ਹੀ ਹਰੀ ਦਾ ਦਾਸ ਹਰੀ ਦੀ ਸੇਵਾ ਬਿਨਾ ਕਿਸਤਰਾਂ ਰਹਿ ਸੱਕਦਾ ਹੈ ।

ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥ ਹਰਿ ਜਨੁ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ ॥ ੨ ॥ ੧ ॥ ੧੪ ॥ ੬੬ ॥

ਕਿਸੇ ਨੇ ਦੂਸਰਾ ਭਾ ਰਿਦੇ ਵਿਚ ਧਾਰਕੇ ਪ੍ਰੀਤੀ ਲਾਈ ਹੈ ਕਿਸੇ ਨੇ ਮੋਹ ਕਰਕੇ ਲੋਕਾਂ ਦੇ ਨਿਰਾਦਰ ਕਰਨ ਵਿਚ ਪ੍ਰੀਤੀ ਲਾਈ ਹੈ ਜੇਹੜੇ ਹਰੀ ਦੇ ਦਾਸ ਹਨ ਓਹਨਾਂ ਨੇ ਨਿਰਬਾਣ=ਸੁਧ ਪਦ ਪਰਮੇਸਰ ਵਿਚ ਪਰੀਤੀ ਲਾਈ ਹੈ ਸੋ ਹਰੀ ਹਰੀ ਭਗਵਾਨ ਇੱਕੁਰਦੇ ਨਾਮਾਂ ਦਾ ਸਿਮਰਨ ਕਰਦੇਹਾਂ।੨।੧।੨੪।੬੬

## ਆਸਾਵਰੀ ਮਹਲਾ ੪

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥੧॥ ਰਹਾਉ॥

ਹੇ ਸੰਤੋ! ਮੈਨੂੰ ਮੇਰਾ ਪਿਆਰਾ ਪਰਮੇਸਰ ਦੱਸੋ ਮੈਂ ਉਸਤੋਂ ਬਿਨਾ ਛਿਨ ਭਰ ਵੀ ਰਹਿ ਨਹੀਂ ਸਕਦਾ ਹਾਂ (ਮਾਈ=ਮਾਂ, ਸੰਤ ॥ ਰੀ=ਸੰਬੋਧਨ) ਜਿਸਤਰਾਂ (ਕਰਹਲ) ਊਠ ਦੀ ਵੇਲਾਂ ਨਾਲ ਰੀਝ ਆਈ ਹੁੰਦੀ ਹੈ ਜਾਂ ਰੀਝਦਾ ਹੈ।

ਹਮਰਾ ਮਨੁ ਬੈਰਾਗ ਬਿਰਕਤੁ ਭਇਓਹਰਿ ਦਰਸਨ ਮੀਤ ਕੈ ਤਾਈ ॥ ਜੈਸੇ ਅਲਿ ਕਮਲਾ ਬਿਨੁ ਰਹਿ ਨ

Digitized by Panjab Digital Library | www.panjabdigilib.org

**ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥ ੧ ॥**

ਮੇਰਾ ਮਨ ਮਿਤ੍ਰ ਦੇ ਮਿਲਨ ਵਾਸਤੇ ਬੜਾ ਪਰੇਮੀ ਤੇ ਦੁਨੀਆਂਦੇ ਪਦਾ-ਰਥਾਂ ਦਾ ਤਿਆਗੀ ਹੋਇਆ ਹੈ ਮੈਂ ਮਿਤ੍ਰ ਦੇ ਦਰਸ਼ਨ ਤਾਂਈ ਚਾਹੁੰਦਾ ਹਾਂ ਜਿਸਤਰਾਂ ਭੌਰਾ ਕੌਲ ਫੁਲ ਬਿਨਾ ਨਹੀਂ ਰਹਿ ਸਕਦਾ ਹੈ ਇੱਕੁਰ ਹੀ ਮੈਂ ਪਰਮੇਸ਼ਰ ਬਿਨਾ ਨਹੀਂ ਰਹਿ ਸਕਦਾ ਹਾਂ ।

**ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ ॥ ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨੁ ਨਿਮਖ ਦਿਖਾਈ ॥ ੨ ॥ ੨ ॥ ੩੯ ॥ ੧੩ ॥ ੧੫ ॥ ੬੭ ॥**

ਹੇ ਜਗਤ ਦੇ ਮਾਲਕ ਪਿਆਰੇ ! ਮੈਨੂੰ ਆਪਣੀ ਸਰਣ ਵਿਚ ਰਖ, ਹੇ ਮਾਲਕਾ!ਮੇਰੀ ਸਰਧਾ ਨੂੰ ਪੂਰਾ ਕਰ। ਗੁਰੂ ਜੀ=ਮੈਨੂੰ ਤਾਂ ਆਨੰਦ ਹੁੰਦਾ ਹੈ ਜਦੋਂ ਤੂੰ ਮੈਨੂੰ ਇਕ ਪਲ ਭਰ ਵੀ ਆਪਣਾ ਦਰਸ਼ਨ ਦਿਖਾ ਦੇਂਦਾ ਹੈ ਤਾਂ ਮੈ ਜੀਂਦਾ ਹਾਂ ॥ ੨ ॥ ੨ ॥ ੨੯ ॥ ੧੩ ॥ ੧੫ ॥ ੬੭ ॥

## ਰਾਗੁ ਆਸਾ ਘਰੁ ੨ ਮਹਲਾ ੫

## ੧ ਓ ਸਤਿਗੁਰਪ੍ਰਸਾਦਿ ॥

**ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥ ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ ॥ ਭਾਈ ਮੀਤ ਕੁਟੰਬ ਦੇਖਿ ਬਿਬਾਦੇ॥ ਹਮ ਆਈ ਵਸਗਤਿ ਗੁਰ ਪਰਸਾਦੇ ॥ ੧ ॥**

ਜਿਸਨੇ ਮਾਇਆ ਦੇ ਨਾਲ ਪਰੀਤੀ ਲਾਈ ਹੈ ਓਸੇ ਨੂੰ ਫਿਰ ਇਸਨੇ ਖਾਧਾ ਹੈ ਭਾਵ ਨਾਸ ਕੀਤਾ ਹੈ,ਜਿਸਨੇ ਆਪਣੇ ਘਰ ਵਿਚ ਸੁਖ ਨਾਲਬਹਾਈ ਹੈ ਭਾਵ ਜਮਾਂ ਕੀਤੀ ਹੈ ਉਸਨੂੰ ਇਸਨੇ ਬਹੁਤ ਤਰਾਂ ਦਾ ਡਰ ਵਿਖਾਇਆ ਹੈ ਭਾਵ ਚੋਰ, ਅੱਗ ਰਾਜਾ ਆਦਕ ਆ ਪੈਂਦੇ ਹਨ, ਭਰਾ ਮਿਤਰ, ਟੱਬਰ ਦੇ ਲੋਕ ਮਾਇਆ ਨੂੰ ਵੇਖ ਵੇਖਕੇ ਬੜੇ ਝਗੜੇ ਆ ਕਰਦੇ ਹਨ,ਗੁਰੂ ਰਾਮਦਾਸ ਜੀ ਦੀ ਕ੍ਰਿਪਾ ਨਾਲ ਇਸ ਮਾਇਆ ਦੀ ਗਤਿ=ਚਾਲ ਜਾਂ ਸ਼ਕਤੀ ਸਾਡੇ ਵੱਸ ਵਿਚ ਆ ਗਈ ਹੈ ।

Digitized by Panjab Digital Library | www.panjabdigilib.org

**ਐਸਾ ਦੇਖਿ ਬਿਮੋਹਿਤ ਹੋਏ ॥ ਸਾਧਿਕ ਸਿਧ ਸੁਰ ਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥੧॥ਰਹਾਉ॥**

ਇੱਕੁਰ ਦਾ ਤਮਾਸ਼ਾ ਵੇਖਕੇ ਬਿ=ਵਸ਼ੇਸ਼ ਕਰਕੇ ਸਾਰੇ ਜੀਅ ਮੋਹਤ ਹੋਗਏ ਹਨ ਜਾਂ ਹੋਰਨਾਂ ਮੋਹਾਂ ਤੋਂ ਰਹਿਤ ਹੋਗਏ ਹਨ ਤੇ ਮਾਇਆ ਵੱਲ ਹੀ ਲੱਗ ਗਏ ਹਨ ਸਾਧਨਾਂ ਕਰਨ ਵਾਲੇ, ਚੁਰਾਸੀ ਸਿਧ, ਦੇਵਤਿਆਂ ਦਾ ਦੇਵਤਾ ਇੰਦਰ ਜਾਂ ਛੋਟੇ ਵੱਢੇ ਸਾਰੇ ਦੇਵਤੇ ਮਨੁਖ ਆਦਕ ਜਿਤਨੇ ਹਨ ਇਕ ਸਾਧੂ=ਪ੍ਰਮੇਸਰ ਦੇ ਪਿਆਰੇ ਦੇ ਬਿਨਾਂ ਇਸ ਮਾਇਆ ਛਲਨੀ ਨੇ ਸਾਰੇ ਹੀ ਛਲ ਲਏ ਹਨ ।

**ਇਕਿ ਫਿਰਹਿ ਉਦਾਸੀ ਤਿਨ ਕਾਮਿ ਵਿਆਪੈ ॥ ਇਕਿ ਸੰਚਹਿ ਗਿਰਹੀ ਤਿਨ ਹੋਇ ਨ ਆਪੈ ॥ ਇਕਿ ਸਤੀ ਕਹਾਵਹਿ ਤਿਨ ਬਹੁਤੁ ਕਲਪਾਵੈ॥ ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ ॥ ੨ ॥**

ਜਿਨ੍ਹਾਂ ਦੇ ਉੱਤੇ ਗੁਰਾਂ ਦੀ ਕਿਰਪਾ ਨਹੀਂ ਹੈ ਓਹ ਇਕ ਆਦਮੀ ਵੇਖਣ ਵਿਚ ਤਾਂ ਬੜੇ ਉਦਾਸ ਫਿਰਦੇ ਹਨ ਪਰ ਓਹਨਾਂ ਦੇ ਸਰੀਰ ਵਿਚ ਮਾਇਆ ਕਾਮ ਰੂਪ ਹੋਕੇ ਚੰਬੜੀ ਹੋਈ ਹੈ । ਇਕ ਗ੍ਰਹਸਤੀ ਬਣਕੇ ਮਾਇਆ ਨੂੰ ਕੱਠਾ ਕਰਦੇ ਹਨ ਓਹਨਾਂ ਦੀ ਵੀ ਆਪਣੀ ਨਹੀਂ ਹੁੰਦੀਹੈ ਭਾਵ ਦੂਸਰੇਪਾਸ ਚਲੀ ਜਾਂਦੀ ਹੈ।ਇਕ ਅਪਣੇ ਆਪਨੂੰ ਸੱਚੇ ਕਹੌਂਦੇਹਨ ਕਿ ਅਸੀ ਸਾਰੀ ਉਮਰ ਦੁਨੀਆਂ ਉਤੇ ਕਦੀ ਵੀ ਝੂਠ ਨਹੀਂ ਬੋਲਾਂਗੇ ਦੇਖੋ ਯੁਧਿਸ਼ਟਰ ਦਾ ਪ੍ਰਸੰਗ ਓਹਨਾਂ ਨੂੰ ਵੀ ਮਾਇਆ ਬਹੁਤ ਕਲਪਾਂਦੀ ਹੈ ਅਸੀਂ ਸਤਿਗੁਰਾਂ ਦੇ ਚਰਨਾਂ ਨਾਲ ਲੱਗੇ ਹਾਂ ਸਾਨੂੰ ਪਰਮੇਸਰ ਨੇ ਬਚਾ ਰੱਖਿਆ ਹੈ ।

**ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥ ਤ੍ਰੈਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥ ੩ ॥**

ਮਾਯਾ ਨੇ ਤਪ ਕਰਦੇ ਹੋਏ ਤਪਸੀ ਵੀ ਭੁਲਾ ਲਏ ਹਨ, ਸਬਾਏ=ਸਾਰੇ ਪੰਡਤ ਵੀ ਲੋਭ ਵਿਚ ਮੋਹੇ ਗਏ ਹਨ, ਤਿੰਨਾਂ ਗੁਣਾਂ ਕਰਕੇ ਸਾਰਿਆਂ ਨੂੰ ਮੋਹਤ ਕੀਤਾ ਹੈ ਜਾਂ ਤਿੰਨ ਗੁਣੀਜੀਵ ਸਾਰੇਹੀ ਮੋਹ ਲਏ ਹਨ ਤੇ ਸਾਰਾ ਅਕਾਸ ਭਾਵ ਅਕਾਸ ਦੇ ਰਹਿਣ ਵਾਲੇ ਜਾਨਵਰ ਵੀ ਮੋਹੇ ਗਏ ਹਨ ਸਾਨੂੰ ਸਤਿਗੁਰਾਂ ਨੇ ਆਪਣਾ ਹੱਥ ਦੇਕੇ ਰੱਖ ਲਿਆ ਹੈ ।

**ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ**

Digitized by Panjab Digital Library | www.panjabdigilib.org

ਕਰੇ ਅਰਦਾਸਿ ॥ ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖਿ ਨੇੜਿ ਨ ਆਵਾ ॥ ੪ ॥ ੧ ॥

ਗਿਆਨੀ ਆਦਮੀ ਦੀ ਦਾਸੀ ਹੋਕੇ ਵਰਤਦੀ ਹੈ ਭਾਵ ਸੇਵਾ ਕਰਦੀ ਹੈ, ਹੱਥ ਜੋੜਕੇ ਸੇਵਾ ਕਰਦੀ ਹੈ ਅਤੇ ਅਗੋਂ ਇਕੁਰ ਬੇਨਤੀ ਕਰਦੀ ਹੈ ਕਿ ਜੋ ਆਪ ਆਖੋਗੇ ਮੈਂ ਉਹ ਹੀ ਕੰਮ ਕਰਾਂਗੀ, ਜੇਹੜੇ ਗੁਰਮੁਖ ਗਿਆਨੀ ਹਨ ਓਹਨਾਂ ਦੇ ਪਾਸ ਤਾਂ ਮੈਂ ਪਹਿਲਾਂ ਹੀ ਨਹੀਂ ਆਉਂਦੀ ਹਾਂ ॥੪॥ ੧ ॥

## ਆਸਾ ਮਹਲਾ ੫ ॥

ਸਸੂ ਤੇ ਪਿਰਿ ਕੀਨੀ ਵਾਖਿ ॥ ਦੇਰ ਜਿਠਾਣੀ ਮੁਈ ਦੂਖਿ ਸੰਤਾਪਿ ॥ ਘਰਕੇ ਜਿਠੇ ਰੇ ਕੀ ਚੂਕੀ ਕਾਣਿ ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ ॥ ੧ ॥

ਮੈਨੂੰ ਮਾਲਕ ਨੇ ਅਵਿੱਦਜਾ ਰੂਪ ਸੱਸ ਤੋਂ ਵਖਰੀ ਕਰ ਦਿਤਾ ਹੈ। ਆਸ਼ਾ ਤ੍ਰਿਸ਼ਨਾਂ ਜਿਹੜੀਆਂ ਦੋਵੇਂ ਦਰਾਣੀਆਂ ਜਠਾਣੀਆਂ ਦੁਖ ਸੰਤਾਪ ਦੇਣ ਵਾਲੀਆਂ ਸਨ ਸੋ ਓਹ ਮਰ ਗਈਆਂ ਹਨ, ਘਰਦੇ ਜੇਠ=ਧਰਮ ਰਾਜ ਦੀ ਵੀ ਕੁਸ਼ਾਮਤ ਦੂਰ ਹੋ ਗਈ ਹੈ। ਬਹੁਤ ਸਿਆਣੇ ਪਤੀ ਨੇ ਮੇਰੀ ਰੱਖਯਾ ਕੀਤੀ ਹੈ।

ਸੁਨਹੁ ਲੋਕਾਮੈ ਪ੍ਰੇਮ ਰਸੁ ਪਾਇਆ ॥ ਦੁਰਜਨਮਾਰੇ ਵੈਰੀ ਸੰਘਾਰੇ ਸਤਿਗੁਰਿ ਮੋਕਉ ਹਰਿਨਾਮੁ ਦਿਵਾਇਆ ॥ ੧ ॥ ਰਹਾਉ ॥

ਹੇ ਲੋਕੋ! ਸੁਣੋਂ ਮੈਂ ਪ੍ਰੇਮ ਦਾ ਸ੍ਵਾਦ ਪਾਇਆ ਹੈ ਜਿਹੜੇ ਮੇਰੇ ਵੈਰੀ ਖੋਟੇ ਕਾਮ ਆਦਕ ਮੈਨੂੰ ਮਾਰਨ ਵਾਲੇ ਸੀ ਜਦੋਂ ਪਰਮੇਸਰ ਨੇ ਮੈਨੂੰ ਸਤਿਗੁਰਾਂ ਪਾਸੋਂ ਨਾਮ ਦਾਨ ਦ੍ਰਿੜ ਕਰਵਾਯਾ ਤਾਂ ਮੈਂ ਓਹ ਸਾਰੇ ਹੀ ਨਾਸ ਕਰ ਦਿੱਤੇ।

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ॥ ਤ੍ਰੈਗੁਣ ਤਿਆਗਿ ਦੁਰਜਨਿ ਮੀਤਸਮਾਨੇ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥ ੨ ॥

ਪਹਿਲੇ ਮੈਂ ਹੰਗਤਾ ਮਮਤਾ ਦੀ ਪ੍ਰੀਤੀ ਛਡ ਦਿਤੀ ਦੂਸਰੇ ਲੋਕਾਂ ਵਾਲੀ ਰੀਤ ਛੱਡ ਦਿਤੀ, ਤਿੰਨਾਂ ਗੁਣਾਂ ਦੀ ਰੀਤ ਛੱਡਕੇ ਦੁਸ਼ਮਣਾਂ ਸੱਜਣਾਂ ਨੂੰ ਇੱਕ ਜੈਸਾ ਸਮਝਿਆ ਸ ਧੂਆਂ ਨੂੰ ਮਿਲਕੇ ਜਿਹੜਾ ਤੁਰੀਆ ਗੁਣ ਅਤੀਤ ਹੈ ਉਸ

Digitized by Panjab Digital Library | www.panjabdigilib.org

ਨੂੰ ਪਛਾਣ ਲਿਆ ।

**ਸਹਜ ਗੁਫਾ ਮਹਿ ਆਸਣੁ ਬਾਧਿਆ ॥ ਜੋਤਿ ਸਰੂਪ ਅਨਾਹਦੁ ਵਾਜਿਆ ॥ ਮਹਾ ਅਨੰਦੁ ਗੁਰ ਸਬਦੁ ਵੀਚਾਰਿ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ ॥ ੩ ॥**

ਅਸਾਂ ਸ਼ਾਂਤੀ ਰੂਪ ਗੁਫਾ ਵਿਚ ਲਗਾਤਾਰ ਜਾਂ ਅਨੰਦ ਰੂਪ ਗੁਫਾ ਵਿਚ ਆਸਣ ਬੰਨ੍ਹਿਆਂ ਹੈ ਭਾਵ ਮਨ ਟਿਕਾਇਆ ਹੈ ਜੋਤ ਰੂਪ ਪਰਮੇਸਰ ਨਾਲ ਮਿਲਨ ਕਰਕੇ ਜੇਹੜਾ ਕਿਸੇ ਅਵਾਜ ਨਾਲ ਸ਼ਬਦ ਨ ਵੱਜੇ ਓਹ ਸਾਡੇ ਅੰਦਰ ਇਕ ਰਸ ਵੱਜਣ ਲਗ ਪਿਆ ਭਾਵ ਪਰਮੇਸ਼ਰ ਮਿਲ ਪਿਆ।ਗੁਰਾਂ ਦੇ ਸ਼ਬਦ ਦੇ ਵਿਚਾਰ ਕਰਕੇ ਜਿਸ ਨੂੰ ਵੱਡਾ ਅਨੰਦ ਪਰਾਪਤਿ ਹੋਇਆ ਹੈ ਓਹੋ ਹੀ ਇਸਤਰੀ ਧੰਨ ਹੈ ਆਪਣੇ ਪਤੀ ਨਾਲ ਮਿਲੀ ਹੋਈਹੈ ।

**ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ॥ਜੋ ਸੁਣੇ ਕਮਾਵੈ ਸੁ ਉਤਰੈ ਪਾਰਿ॥ਜਨਮਿ ਨ ਮਰੈ ਨ ਆਵੈ ਨ ਜਾਇ॥ ਹਰਿ ਸੇਤੀ ਓਹੁ ਰਹੈ ਸਮਾਇ ॥ ੪ ॥ ੨ ॥**

ਗੁਰੂ ਜੀ ਆਖਦੇ ਹਨ ਜੇਹੜਾ ਇਸ ਬ੍ਰਹਮ ਵਿਚਾਰ ਨੂੰ ਸੁਣੇਗਾ ਤੇ ਕਮਾਵੇਗਾ ਓਹ ਸਿਖ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਵੇਗਾ ਫਿਰ ਨ ਓਹ ਜੰਮਕੇ ਆਵੇਗਾ ਨ ਮਰਕੇ ਜਾਵੇਗਾ, ਅਤੇ ਓਹ ਹਰ ਵੇਲੇ ਪ੍ਰਮੇਸਰ ਦੇ ਨਾਲ ਮਿਲਿਆ ਰਹੇਗਾ ॥ ੪ ॥ ੨ ॥

## ਆਸਾ ਮਹਲਾ ੫ ॥

{ ਮਾੜੀ ਚੰਗੀ ਅਕਲ ਪ੍ਰਥਾਇ ਪਸ਼ਨੋਤ੍ਰੀ ਹੈ ਕਿ ਓਹ ਕੇਹੜੀ ਚੰਗੀ ਕਰਣੀ ਹੈ ਜਿਸ ਕਰਕੇ ਪ੍ਰਮੇਸ਼ਰ ਮਿਲਦਾ ਹੈ । }

**ਨਿਜ ਭਗਤੀ ਸੀਲਵੰਤੀ ਨਾਰਿ ॥ ਰੂਪਿ ਅਨੂਪ ਪੂਰੀ ਆਚਾਰਿ ॥ ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ ॥ ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ ॥ ੧ ॥**

ਅਪਣੀ ਭਗਤੀ ਦਾ ਰੂਪ ਹੀ ਹੈ ਅਤੇ ਸੀਤਲਵੰਤੀ ਇਸਤ੍ਰੀ ਹੈ ਬਹੁਤ ਹੀ ਸੁੰਦਰ ਰੂਪ ਹੈ, ਕੰਮਾਂ ਕਾਰਾਂ ਵਿਚ ਵੀ ਪੂਰੀ ਚਤਰ ਹੈ ਜਿਸ ਘਰ ਰੂਪਾ ਰਿਦੇ ਵਿਚ ਇਕੁਰ ਦੀ ਇਸਤਰੀ ਰਹਿੰਦੀ ਹੈ ਓਹ ਘਰ ਬੜਾ ਸੋਭਾ ਵਾਲਾ ਹੋਂਦਾ ਹੈ ਕਿਸੇ ਵਿਰਲੇ ਹੀ ਆਦਮੀ ਨੇ ਇੱਕੁਰ ਦੀ ਚੰਗੀ ਕਰਣੀ ਰੂਪ

Digitized by Panjab Digital Library | www.panjabdigilib.org

ਇਸਤ੍ਰੀ ਗੁਰਾਂ ਦੁਆਰੇ ਪਾਈ ਭਾਵ ਲੱਭੀ ਹੈ।

**ਸੁ ਕਰਣੀ ਕਾਮਣਿ ਗੁਰ ਮਿਲਿ ਹਮ ਪਾਈ॥ ਜਜਿ ਕਾਜਿ ਪਰਥਾਇ ਸੁਹਾਈ ॥ ੧ ॥ ਰਹਾਉ ॥**

ਜਿਸਦੇ ਕੰਮ ਬੜੇ ਸੁੰਦਰ ਹਨ ਇਕੁਰ ਦੀ ਸੁੰਦਰ ਇਸਤਰੀ ਗੁਰਾਂ ਨਾਲ ਮਿਲਕੇ ਲੱਭੀ ਹੈ ਜਜ=ਪੂਜਾ,ਕਾਜ=ਵਿਹਾਰਾਂ ਸਾਰੇ ਕੰਮਾਂ ਵਿਚ ਹਰਇਕ ਥਾਂ ਵਿਚ ਜਾਂ ਪਰਲੋਕ ਵਿਚ ਵੀ ਸੋਭਾ ਵਾਲਿਆਂ ਕਰਦੀ ਹੈ ਇਕੁਰ ਦੀ ਇਹ ਚੰਗੀ ਕਰਣੀ ਰੂਪ ਇਸਤ੍ਰੀ ਹੈ।

**ਜਿਚਰੁ ਵਸੀ ਪਿਤਾ ਕੈ ਸਾਥਿ ॥ ਤਿਚਰੁ ਕੰਤੁ ਬਹੁ ਫਿਰੈ ਉਦਾਸਿ ॥ ਕਰਿ ਸੇਵਾ ਸਤ ਪੁਰਖੁ ਮਨਾਇਆ ॥ ਗੁਰਿਆਣੀ ਘਰ ਮਹਿ ਤਾ ਸਰਬ ਸੁਖ ਪਾਇਆ ॥੨॥**

ਜਿਤਨਾਂ ਚਿਰ ਓਹ ਗੁਰੂ ਦੇ ਨਾਲ ਵੱਸੀ ਸੀ ਉਤਨਾਂ ਚਿਰ ਜੀਵ ਉਦਾਸ ਹੋਇਆ ੨ ਐਧਰ ਓਧਰ ਭੌਂਦਾ ਫਿਰਦਾ ਸੀ ਜਦੋਂ ਸੇਵਾ ਕਰਕੇ ਸਤਿਗੁਰ ਪੁਰਖ ਨੂੰ ਮਨਾਇਆ ਭਾਵ ਖੁਸ਼ੀ ਕੀਤਾ ਤਾਂ ਗੁਰੂ ਜੀ ਨੇ ਇਸ ਜੀਵ ਦੇ ਘਰ ਰੂਪ ਰਿਦੇ ਵਿਚ ਪਰਗਟ ਕਰ ਦਿਤੀ ਤਾਂ ਹੀ ਸਾਰਾ ਸੁਖ ਪਾ ਲਿਆ।

***ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥ ਆਗਿਆਕਾਰੀ ਸੁਘੜ ਸਰੂਪ ॥ ਇਛ ਪੂਰੇ ਮਨ ਕੰਤ ਸੁਆਮੀ॥ ਸਗਲ ਸੰਤੋਖੀ ਦੇਰ ਜੇਠਾਨੀ ॥ ੩ ॥**

ਓਹ ਇਸਤਰੀ ਬੱਤੀ ਲੱਛਣਾਂ ਵਾਲੀ ਹੈ ਅਤੇ ਸਤਨਾਮ ਸਿਮਰਨ ਵਾਲੀਚੰਗੀ ੨ ਉਲਾਦ ਪੁਤਰਾਂ ਧੀਆਂ ਵਾਲੀ ਭਾਵ ਪਵਿਤਰ ਹੈ ਆਗਿਆ ਕਾਰਨ ਤੇ ਬੜੀ ਸਿਆਣੀ ਸਰੂਪ ਵਾਲੀ ਹੈ, ਜੀਵ ਪਤੀ ਨੂੰ ਮਾਲਕ ਜਾਣਕੇ ਉਸਦੀਆਂ ਮਨ ਦੀਆਂ ਲੋੜਾਂ ਸਾਰੀਆਂ ਪੂਰੀਆਂ ਕਰਦੀ ਹੈ। ਆਸਾ ਤ੍ਰਿਸ਼ਨਾ

*੩੨ ਲੱਛਣ ਇਹ ਹਨ:–ਸੁੰਦਰ ੧ ਲੱਜਯਾ ੨ ਚੰਗੀ ਅਕਲ ੩ ਚੰਗੇ ਕੰਮਾਂ ਵਿਚ ਹਠ ੪ ਸੁਹਿਰਦਤਾ ੫ ਸਚਿਆਈ ੬ ਸੂਰਤਾ ੭ ਪਵਿਤ੍ਰਤਾ ੮ ਸਾਵਧਾਨਤਾ ੯ ਪੰਡਤਾ ੧੦ ਉੱਦਮ ੧੧ ਉਦਾਰਤਾ ੧੨ ਗੁਣ ਗ੍ਰਾਹਤਾ ੧੩ ਗੰਭੀਰਤਾ ੧੪ ਮਨ ਦੀ ਸੁਸਤਾ ੧੫ ਧਰਮ ੧੬ ਖਿਮਾਂ ੧੭ ਤਤਗਯਾਨ ੧੮ ਇੰਦ੍ਰੇ ਜੈ ੧੯ ਸਰੇਸ਼ਟ ਧਰਮ ਕਰਨ ਦਾ ਨੇਮ ੨੦ ਸੁਕ੍ਰਿਤ ੨੧ ਧੀਰਜ ੨੨ ਨਿੰਮਰਤਾ ੨੩ ਤੇਜ ੨੪ ਦਯਾ ੨੫ ਪ੍ਰਮੇਸ਼ਰ ਪਰੇਮ ੨੬ ਸਮ ਲੋਭ ੨੭ ਅਕੋਪ ੨੮ ਅਹਿੰਸਾ ੨੯ ਅਕਾਮ ੩੦ ਅਕਪਟ ੩੧ ਅਗਰਬ ੩੨।

Digitized by Panjab Digital Library | www.panjabdigilib.org

ਦਰਾਣੀਆਂ ਜਠਾਣਾਆਂ ਨੂੰ ਸੰਤੋਖ ਦਿੱਤਾ ਹੈ ਭਾਵ ਛੱਡਯਾ ਹੈ।

**ਸਭ ਪਰਵਾਰੈ ਮਾਹਿ ਸਰੇਸਟ ॥ ਮਤੀ ਦੇਵੀ ਦੇਵਰ ਜੇਸਟ॥ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥ ਜਨ ਨਾਨਕ ਸੁਖੇ ਸੁਖਿ ਵਿਹਾਇ ॥ ੪ ॥ ੩ ॥**

ਸਾਰੇ ਪਰਵਾਰ ਭਾਵ ਚੰਗੇ ਗੁਣ ਮੈਤਰੀ ਮੁਦਿਤਾ ਕਰਣਾ ਸਰਧਾ ਆਦਿਕ ਵਿਚ ਸ੍ਰੇਸ਼ਟ ਹੈ।ਦਿਓਰ ਜੇਠ ਭਾਵ ਲਬ ਲੋਭਨੂੰ ਮਤੀ ਦੇਣੀ=ਅਕਲ ਦੇਂਦੀ ਹੈ ਓਹ ਘਰ ਰੂਪ ਰਿਦਾ ਧੰਨ ਹੈ ਜਿਸ ਵਿਚ ਆ ਕੇ ਪ੍ਰਗਟ ਹੋਈ ਹੈ, ਗੁਰੂ ਜੀ=ਉਸ ਘਰ ਦਾ ਸੁਖਾਂ ਹੀ ਸੁਖਾਂ ਵਿਚ ਸਮਾਂ ਬੀਤਦਾ ਹੈ॥੪॥੩॥

## ਆਸਾ ਮਹਲਾ ੫ ॥

"ਮਾੜੀ ਕਰਣੀ ਰੂਪ ਇਸਤਰੀ"

**ਮਤਾ ਕਰਉ ਸੋ ਪਕਨਿ ਨ ਦੇਈ॥ਸੀਲ* ਸੰਜਮ ਕੈ ਨਿਕਟਿ ਖਲੋਈ ॥ ਵੇਸ ਕਰੇ ਬਹੁ ਰੂਪਿ ਦਿਖਾਵੈ ॥ ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥ ੧ ॥**

ਜੇਹੜੀ ਮੈਂ ਸਲਾਹ ਕਰਦਾ ਹਾਂ ਸੋ ਓਹ ਪੱਕਣ ਨਹੀਂ ਦੇਂਦੀ ਅੱਗੋਂ ਹੀ ਵਿਘਨ ਪਾ ਦੇਂਦੀ ਹੈ, ਸੀਤਲ ਸੁਭਾਉ ਇੰਦਰੀਆਂ ਨੂੰ ਰੋਕਣਾ ਇਹਨਾਂ ਚੰਗਿਆਂ ਕੰਮਾਂ ਦੇ ਤਾਂ ਪਾਸ ਹੀ ਨਹੀਂ ਖੜੋਣੇ ਦੇਂਦੀ ਇਕੁਰ ਦੀ ਬੁਰੀ ਇਸਤ੍ਰੀ ਹੈ, ਪਖੰਡਾਂ ਦੇ ਭੇਖ ਬਣਾ ਕੇ ਜੀਵ ਨੂੰ ਬਹੁਤ ਰੂਪ ਦਖਾਂਦੀ ਹੈ ਘਰ ਵਿਚ ਵੱਸਣ ਨਹੀਂ ਦਿੰਦੀ ਹੈ ਘਰ ਤੋਂ ਵੱਖਰਾ ੨ ਬਾਹਰ ੨ ਹੀ ਭੁਆਂਦੀ ਹੈ ਭਾਵ ਸਰੀਰ ਵਿਚ ਇੰਦਰੀਆਂ ਨੂੰ ਟਿਕਣ ਨਹੀਂ ਦਿੰਦੀ।

**ਘਰ ਕੀ ਨਾਇਕਿ ਘਰ ਵਾਸੁ ਨ ਦੇਵੈ॥ਜਤਨ ਕਰਉ ਉਰਝਾਇ ਪਰੇਵੈ ॥ ੧ ॥ ਰਹਾਉ ॥**

ਰਿਦੇ ਰੂਪ ਘਰ ਦੀ ਮਾਲਕਣ ਬਣਕੇ ਚੰਗਿਆਂ ਗੁਣਾਂ ਵਾਲੇ ਜੀਵ ਨੂੰ ਘਰ ਵਿਚ ਰਹਿਣ ਨਹੀਂ ਦੇਂਦੀ ਹੈ, ਜੇ ਓਹ ਘਰ ਵਿਚ ਵੱਸਣ ਦਾ ਜਤਨ ਵੀ ਕਰਦਾ ਹੈ ਤਾਂ ਉਰਝਾਵਾ=ਵਿਘਨ ਪਰੇਵੈ=ਪਾ ਦੇਂਦੀ ਹੈ।

*ਜਿਸ ਵਿਚ ੧੩ ਗੁਣ ਹੋਣ ਉਸਨੂੰ ਸੀਲ ਆਖਦੇ ਹਨ, ਵਾਹਿਗੁਰੂ ਨਾਲ ਪਰੀਤੀ ੧ ਭਗਤੀ ਵਡਿਆਂ ਦਾ ਆਦਰ ੨ ਕਿਸੇ ਨੂੰ ਦੁਖ ਨ ਦੇਣਾ ੩ ਕੋਮਲਤਾ ੪ ਪਿਆਰ ੫ ਪਰਉਪਕਾਰ ੬ ਸ਼ਰਨ ਆਇਆਂ ਨੂੰ ਸੁਖ ਦੇਣਾਂ ੭ ਪ੍ਰਸੰਨ ੮ ਸ਼ਾਂਤੀ ੯ ਆਦਿਕ।

Digitized by Panjab Digital Library | www.panjabdigilib.org

**ਧੁਰਕੀ ਭੇਜੀ ਆਈ ਆਮਰਿ॥ ਨਉ ਖੰਡ ਜੀਤੇ ਸਭਿ ਥਾਨ ਥਨੰਤਰ॥ ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ॥ ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥ ੨ ॥**

ਜਦੋਂ ਦੀ ਦੁਨੀਆਂ ਬਣੀ ਹੈ ਤਦੋਂ ਤੋਂ ਹੀ ਪਰਮੇਸਰ ਦੀ ਘੱਲੀ ਹੋਈ ਇਹ ਇਸਤਰੀ ਆਈ ਹੈ ਇਹ ਮਰਦੀ ਵੀ ਨਹੀਂ ਹੈ ਭਾਵ ਇਸਨੂੰ ਗਿਆਨ ਨਹੀਂ ਹੈ ਜਾਂ ਧੁਰ ਦੇ ਅਮਰ ਹੁਕਮ ਨਾਲ ਆਈ ਹੋਈ ਹੈ, ਹੁਣ ਪਿਛਾਂ ਮੁੜ ਨਹੀਂ ਸਕਦੀ ਹੈ ਜਾਂ ਹੁਕਮ ਕਰਨ ਵਾਲੀ ਹੈ, ਨੌ ਖੰਡ ਧਰਤੀ ਸੱਤ ਦੀਪ, ਸਮੁੰਦਰ, ਅਕਾਸ਼, ਪਤਾਲ ਸਾਰਿਆਂ ਥਾਵਾਂ ਵਿਚ ਸਾਰਿਆਂ ਥਾਵਾਂ ਦੇ ਅੰਦਰ ਰਹਿਣ ਵਾਲਿਆਂ ਤੀਰਥਾਂ ਦੇ ਕਨਾਰਿਆਂ ਦੇ ਵਾਸੀਆਂ ਜੋਗੀਆਂ ਸੰਨਿਆ- ਸੀਆਂ ਆਦਕਾਂ ਨੂੰ,ਕੋਈ ਵੀ ਇਸਨੇ ਨਹੀਂ ਛਡਣਾ ਹੈ ਸਾਰਿਆਂ ਨੂੰ ਜਿਤਣਾ ਹੈ ਵੇਦਾਂ ਸਿੰਮਰਤੀਆਂ ਦਾ ਅਭਿਆਸ ਪਾਠ ਪੜ੍ਹ ਕੇ ਸਭ ਥੱਕ ਗਏ ਹਨ।

**ਜਹ ਬੈਸਉ ਤਹ ਨਾਲੇ ਬੈਸੈ ॥ ਸਗਲ ਭਵਨ ਮਹਿ ਸਬਲ ਪ੍ਰਵੇਸੈ॥ਹੋਛੀ ਸਰਣਿ ਪਇਆ ਰਹਣੁ ਨ ਪਾਈ॥ ਕਹੁ ਮੀਤਾ ਹਉ ਕੈਪਹਿ ਜਾਈ ॥ ੩ ॥**

ਮੈਂ ਜਿੱਥੇ ਬਹਿੰਦਾ ਹਾਂ ਓਥੇ ਨਾਲ ਹੀ ਬਹਿੰਦੀ ਹੈ ਸਾਰਿਆਂ ਚੌਦਾਂ ਲੋਕਾਂ ਵਿਚ ਜ਼ੋਰ ਦੇ ਨਾਲ ਬਦੋਬਦੀ ਜਾ ਵੜਦੀ ਹੈ। ਹੋਛੀ ਸ਼ਰਨੀ ਪੈਣ ਨਾਲ ਕੋਈ ਰਹਿਣਾ ਨਹੀਂ ਪਾਂਦਾ ਹੈ ਭਾਵ ਦੇਵਤਿਆਂ ਆਦਕਾਂ ਦੀ, ਦੱਸ ਹੇ ਮਿੱਤਰ ! ਮੈਂ ਕਿਸਦੇ ਪਾਸ ਜਾਵਾਂ ਜਿਸ ਕਰਕੇ ਮਾਇਆ ਤੋਂ ਛੁਟਕਾਰਾ ਪਾਵਾਂ ਭਾਵ ਅਵੈੜੀ ਅਕਲ ਕਿਸਤਰਾਂ ਛੱਡਾਂ ਸੋ ਗੁਰਾਂ ਦੀ ਦੱਸ ਪਈ ।

**ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥ ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ॥ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥ ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥ ੪ ॥**

ਉਪਦੇਸ਼ ਸੁਣਨ ਵਾਸਤੇ ਜਾਂ ਓਹ ਉਪਦੇਸ਼ ਸੁਣਕੇ ਜਦੋਂ ਮੈਂ ਗੁਰਾਂ ਦੀ ਸ਼ਰਨ ਵਿਚ ਆਇਆ ਤਾਂ ਗੁਰਾਂ ਨੇ ਮੈਨੂੰ ਪਰਮੇਸਰ ਦੇ ਨਾਮ ਦਾ ਮੰਤਰ ਦਿਤਾ, ਜਾਂ ਹਰਿਆ ਕਰਨ ਵਾਲਾ ਨਾਮ ਪੱਕਾ ਕਰਾਇਆ। ਪਰਮੇਸਰ ਦੇ ਬਿਅੰਤ ਗੁਣਾਂ ਨੂੰ ਗਾ ਕੇ ਫਿਰ ਮੈਂ ਅਪਣੇ ਘਰ ਵਿਚ ਸੁਖ ਨਾਲ ਵੱਸਿਆ

Digitized by Panjab Digital Library | www.panjabdigilib.org

ਭਾਵ ਮਨ ਵਿਚ ਅਨੰਦ ਲਿਆ।ਗੁਰੂ ਜੀ=ਗੁਰਾਂ ਦੀ ਕ੍ਰਿਪਾ ਨਾਲ ਮਾਲਕ ਅਕਾਲ ਪੁਰਖ ਮਿਲ ਪਿਆ, ਹੁਣ ਮੈਂ ਬੇਫਿਕਰ ਹੋ ਗਿਆ ਹਾਂ ॥੪॥

**ਘਰੁ ਮੇਰਾ ਇਹ ਨਾਇਕਿ ਹਮਾਰੀ॥ ਇਹ ਆਮਰਿ ਹਮ ਗੁਰਿ ਕੀਏ ਦਰਬਾਰੀ॥੧॥ਰਹਾਉ*ਦੂਜਾ ॥੪॥੪॥**

ਹੁਣ ਇਹ ਮਾਇਆ ਸਾਡੀ ਇਸਤਰੀ ਬਣ ਗਈ ਹੈ ਭਾਵ ਸੇਵਾ ਕਰਦੀ ਹੈ ਜਾਂ ਅਗੇ ਇਹ ਸਾਡੀ ਨਾਇਕ=ਮਾਲਕਣ ਅਫਸਰਨੀ ਬਣੀ ਹੋਈ ਸੀ ਹੁਣ ਇਸ ਉੱਤੇ ਸਾਡਾ ਆਮਰ=ਹੁਕਮ ਹੋ ਗਿਆ ਹੈ ਕਿਉਂਕਿ ਸਾਨੂੰ ਗੁਰਾਂ ਦੇ ਦਰਬਾਰ ਭਾਵ ਵਾਹਿਗੁਰੂ ਦੀ ਪ੍ਰਾਪਤੀ ਵਾਲੇ ਕਰ ਦਿਤਾ ਹੈ ਇਸ ਦਾ ਤੇ ਮੇਰਾ ਘਰ ਇਕ ਹੈ ਭਾਵ ਦਿਲ ਮਿਲ ਗਿਆ ਹੈ, ਨਾਯਕ=ਇਸਤਰੀ ਦਾ ਨਾਮ ਹੈ ॥੪॥ ੪॥

## ਆਸਾ ਮਹਲਾ ੫ ॥

{ ਜਦੋਂ ਸੁਲਹੀ ਪਠਾਣ ਪ੍ਰਿਥੀਏ ਦਾ ਘੱਲਿਆ ਹੋਇਆ ਅੰਮ੍ਰਿਤਸਰ ਤੇ ਚੜ੍ਹਾਈ ਕਰਕੇ ਆਇਆ ਸੀ ਉਸ ਵੇਲੇ ਦਾ ਪ੍ਰਸੰਗ ਸ਼ਬਦ ਵਿਚ ਸੂਚਨ ਹੈ । }

**ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥੧॥**

†ਪਹਿਲੇ ਇਹ ਸਲਾਹ ਕੀਤੀ ਕਿ ਕੁਛ ਚਿਠੀ ਪੱਤਰ ਲਿਖਕੇ ਘੱਲਾਂ ਫਿਰ ਇਹ ਸਲਾਹ ਕੀਤੀ ਕਿ ਦੋ ਮਨੁੱਖ ਭਾਈ ਗੁਰਦਾਸ ਭਾਈ ਬੁਢਾ ਆਦਕ ਜਾਂ ਕੋਈ ਹੋਰ ਘੱਲਾਂ, ਤੀਸਰੇ ਇਹ ਸਲਾਹ ਕੀਤੀ ਕਿ ਕੁਛ ਹੋਰ ਜਤਨ ਕਰਾਂ ਭਾਵ ਲੋਕਾਂ ਦੇ ਆਖਣ ਤੋਂ ਗੁਰੂ ਜੀ ਨੇ ਇਹ ਕੁਛ ਪਹਿਲੇ ਸੋਚਿਆ ਫਿਰ ਆਖਿਆ ਹੇ ਅਕਾਲ ਪੁਰਖ ! ਮੈਂ ਸਭ ਕੁਛ ਛੱਡਕੇ ਇਕ ਤੈਨੂੰ ਹੀ ਧਿਆਯਾ ਹੈ ਆਪੇ ਤੂੰ ਹੀ ਮੇਰੀ ਰਖਜਾ ਕਰੇਂਗਾ ।

**ਮਹਾ ਅਨੰਦ ਅਚਿੰਤ ਸਹ ਜਾਇਆ ॥ ਦੁਸਮਨ ਦੂਤ**

*ਦੂਸਰਾ ਬਿਸਰਾਮ ਹੈ, ਕਈਆਂ ਸ਼ਬਦਾਂ ਵਿਚ ੪ ਵੇਰੀ ਬਿਸਰਾਮ ਆਉਂਦਾ ਹੈ।

†ਇਸ ਸ਼ਬਦ ਦਾ ਅਰਥ ਕਈ ਵਿਦਵਾਨ ਹੋਰ ਬੀ ਕਰਦੇ ਹਨ ਕਿ ਪਰਮੇਸਰ ਨੇ ਜਾਂ ਬ੍ਰਹਮਾਂ ਨੇ ਸੋਚਿਆ ਕਿ ਮੈਂ ਦੁਨੀਆਂ ਪੈਦਾ ਕਰਨ ਵਾਸਤੇ ਪਹਿਲੀ ਕੋਈ ਵਿਦਜਾ ਰਚਾਂ ਫਿਰ ਸੰਭੂ ਸਤ ਰੂਪਾ ਘੱਲਾਂ ਆਦਕ ਅਰਥ ਹੈ।

Digitized by Panjab Digital Library | www.panjabdigilib.org

ਮੁਏ ਸੁਖੁ ਪਾਇਆ ॥ ੧ ॥ ਰਹਾਉ ॥

ਹੇ ਮਹਾਰਾਜ ਪਰਮੇਸਰ ! ਗੁਰਾਂ ਦੀ ਕਿਰਪਾ ਨਾਲ ਮੈਨੂੰ ਬੇਫਿਕਰੀ ਅਤੇ ਬੜਾ ਵੱਡਾ ਅਨੰਦ ਸਹਿਜੇ ਹੀ ਆ ਪਰਾਪਤ ਹੋਇਆ, ਮੋਹ ਕਾਮ ਕ੍ਰੋਧ ਆਦਿਕ ਸਾਰੇ ਹੀ ਦੁਸ਼ਮਨ ਚੁਗਲ ਮਰ ਗਏ ਅਤੇ ਮੈਂ ਬੜਾ ਸੁਖ ਪਾਇਆ।

ਸਤਿਗੁਰਿ ਮੋਕਉ ਦੀਆ ਉਪਦੇਸੁ॥ਜੀਉ ਪਿੰਡੁਸਭੁ ਹਰਿ ਕਾ ਦੇਸੁ॥ ਜੋ ਕਿਛੁ ਕਰੀ ਸੁ ਤੇਰਾ ਤਾਣੁ ॥ ਤੂੰਮੇਰੀ ਓਟ ਤੂੰ ਹੈ ਦੀਬਾਣੁ ॥ ੨ ॥

ਗੁਰੂ ਜੀ ਨੇ ਮੈਨੂੰ ਇਕੁਰ ਦਾ ਉਪਦੇਸ਼ ਦਿਤਾ ਕਿ ਸਰੀਰ ਜੀਅ ਸਾਰਾ ਦੇਸ=ਜਾਂ ਇੰਦਰੀਆਂ ਦਾ ਅਕੱਠ ਸਾਰਾ ਪ੍ਰਮੇਸਰ ਦਾ ਦਿਤਾ ਹੋਇਆ ਹੈ,ਮੈਂ ਜੋ ਕੁਛ ਕਰਦਾ ਹਾਂ ਸੋ ਤੇਰਾ ਹੀ ਜੋਰ ਹੈ ਤੂੰ ਹੀ ਮੇਰਾ ਮਨ ਕਰਕੇ ਆਸਰਾ ਹੈਂ। ਤੂੰ ਹੀ ਮੇਰਾ ਤਨ ਕਰਕੇ ਆਸਰਾ ਹੈਂ।

ਤੁਧਨੋ ਛੋਡਿ ਜਾਈਐ ਪ੍ਰਭ ਕੈ ਧਰਿ॥ਆਨ ਨ ਬੀਆ ਤੇਰੀ ਸਮਸਰਿ ॥ ਤੇਰੇ ਸੇਵਕ ਕਉ ਕਿਸ ਕੀ ਕਾਣਿ ॥ ਸਾਕਤੁ ਭੂਲਾ ਫਿਰੈ ਬੇਬਾਣਿ ॥ ੩ ॥

ਹੇ ਮਾਲਕਾ ! ਤੈਨੂੰ ਛੱਡਕੇ ਕਿਸਦੇ ਆਸਰੇ ਜਾਈਏ ਕਿਉਂਕਿ ਤੇਰੇ ਬਰਾਬਰ ਹੋਰ ਕੋਈ ਦੂਸਰਾ ਨਹੀਂ ਹੈ, ਹੇ ਮਾਲਕਾ ਤੇਰੇ ਦਾਸ ਨੂੰ ਕਿਸਦੀ ਖੁਸ਼ਾਮਤ ਹੈ ਜੇਹੜਾ ਤੈਨੂੰ ਨਹੀਂ ਜਾਣਦਾ ਹੈ ਓਹ ਮਾਇਆ ਧਾਰੀ ਉਜਾੜ ਵਿਚ ਭੁੱਲਾ ਭੌਂਦਾ ਹੈ ਭਾਵ ਦੁਨੀਆਂ ਵਿਚ ਦੁਖ ਪਾਂਦਾ ਹੈ।

ਤੇਰੀ ਵਡਿਆਈ ਕਹੀ ਨ ਜਾਇ॥ ਜਹ ਕਹ ਰਾਖਿ ਲੈਹਿ ਗਲਿ ਲਾਇ॥ ਨਾਨਕ ਦਾਸ ਤੇਰੀ ਸਰਣਾਈ ॥ ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥ ੪ ॥ ੫ ॥

ਹੇ ਮਾਲਕਾ ਤੇਰੀ ਵਡਿਆਈ ਜੀਆਂ ਪਾਸੋਂ ਆਖੀ ਨਹੀਂ ਜਾਂਦੀ ਹੈ ਜਿੱਥੇ ਕਿਤੇ ਦਾਸਾਂ ਨੂੰ ਔਕੜ ਆ ਬਣਦੀ ਹੈ ਓਥੇ ਓਥੇ ਹੀ ਜਾਕੇ ਤੂੰ ਰੱਖਿਆ ਕਰਦਾ ਹੈਂ ਦਾਸਾਂ ਨੂੰ ਗਲ ਨਾਲ ਲਾਕੇ ਰੱਖ ਲੈਂਦਾ ਹੈਂ ਭਾਵ ਹਰ ਥਾਂ ਸਹੈਤਾ ਕਰਦਾ ਹੈਂ ਮੈਂ ਦਾਸ ਤੇਰੀ ਸ਼ਰਣ ਆਇਆ ਹਾਂ ਹੇ ਮਾਲਕਾ ! ਤੂੰ

Digitized by Panjab Digital Library | www.panjabdigilib.org

ਮੇਰੀ ਲੱਜਜਾ ਰੱਖੀ ਹੈ ਇਸ ਲਈ ਮੈਨੂੰ ਖੁਸ਼ੀ ਪ੍ਰਗਟ ਹੋਈ ਹੈ*॥੪॥ ੫ ॥

## ਆਸਾ ਮਹਲਾ ੫ ॥

**ਪਰਦੇਸੁ ਝਾਗਿ ਸਉਦੇ ਕਉ ਆਇਆ ॥ ਵਸਤ ਅਨੂਪ ਸੁਣੀ ਲਾਭਾਇਆ ॥ ਗੁਣ ਰਾਸਿ ਬੰਨਿ੍ ਪਲੈ ਆਨੀ॥ ਦੇਖਿ ਰਤਨੁ ਇਹੁ ਮਨੁ ਲਪਟਾਨੀ ॥ ੧ ॥**

ਸਿਖ ਆਖਦਾ ਹੈ ਹੇ ਗੁਰੂ ਜੀ ਚੁਰਾਸੀ ਲੱਖ ਜੂਨ ਪਰਦੇਸ ਨੂੰ ਲੰਘ ਕੇ ਮੈਂ ਮਨੁਖ ਸਰੀਰ ਪਾਕੇ ਆਪ ਦੇ ਪਾਸ ਸੌਦਾ ਕਰਨ ਆਇਆ ਹਾਂ ਆਪ ਦੇ ਪਾਸ ਨਾਮ ਧਨ ਸੁੰਦਰ ਵਸਤੂ ਆਤਮ ਗਿਆਨ ਰੂਪ ਲਾਭ ਦੇਣ ਵਾਲੀ ਸੁਣ ਕੇ ਆਇਆ ਹਾਂ,ਚੰਗਿਆਂ ਗੁਣਾਂ ਰੂਪ ਰਾਸ ਲੈ ਮੈਂ ਬੁਧੀ ਰੂਪ ਪੱਲੇ ਵਿਚ ਬੰਨ੍ਹ ਕੇ ਆਂਦੀ ਹੈ ਜੇਹੜਾ ਆਪ ਦੇ ਪਾਸ ਨਾਮ ਰਤਨ ਹੈ ਉਸ ਨੂੰ ਦੇਖ ਕੇ ਮਨ ਦੀ ਬ੍ਰਿਤੀ ਉਸ ਵਿਚ ਲੰਪਟ ਭਾਵ ਲਗ ਗਈ ਹੈ ।

**ਸਾਹ ਵਾਪਾਰੀ ਦੁਆਰੈ ਆਏ॥ਵਖਰ ਕਾਢਹੁ ਸਉਦਾ ਕਰਾਏ ॥ ੧ ॥ ਰਹਾਉ ॥**

ਹੇ ਸ਼ਾਹੂਕਾਰ ਸਤਿਗੁਰੂ ਜੀ ਸਿਖ ਰੂਪ ਬਪਾਰੀ ਆਪ ਦੇ ਬੂਹੇ ਉਤੇ ਆਏ ਹਨ ਨਾਮ ਸੌਦਾ ਕੱਢੋ ਅਸੀਂ ਸੌਦਾ ਕਰਨ ਆਏ ਹਾਂ ।

**ਸਾਹਿ ਪਠਾਇਆ ਸਾਹੈ ਪਾਸਿ ॥ ਅਮੋਲ ਰਤਨ ਅਮੋਲਾ ਰਾਸਿ ॥ ਵਿਸਟੁ ਸੁਭਾਈ ਪਾਇਆ ਮੀਤ ॥ ਸਉਦਾ ਮਿਲਿਆ ਨਿਹਚਲ ਚੀਤ ॥ ੨ ॥**

ਸ਼ਾਹੂਕਾਰ, ਪ੍ਰਮੇਸ਼ਰ ਨੇ ਮੈਨੂੰ ਦੁਨੀਆਂ ਉਤੇ ਘਲਿਆ ਹੈ ਕਿ ਤੂੰ ਸ਼ਾਹੂ-ਕਾਰ ਸਤਿਗੁਰਾਂ ਦੇ ਪਾਸ ਜਾਹ ਹੇ, ਗੁਰੂ ਜੀ ਆਪ ਦੇ ਪਾਸ ਅਮੋਲਕ ਨਾਮ ਰਤਨ ਹੈ ਮੇਰੇ ਪਾਸ ਅਮੋਲਕ ਸਾਧਨਾਂ ਦੀ ਰਾਸਹੈ ਤਾਂ ਗੁਰਾਂਨੇਪ੍ਰਸੰਨ ਹੋਕੇ ਨਾਮ ਦਾ ਸੌਦਾ ਕਰਾਇਆ ਤਾਂ ਸਿਖ ਖੁਸ਼ੀ ਹੋਕੇ ਆਖਦਾ ਹੈ, ਜਦੋਂ ਮੈਂ (ਵਿਸਟ) ਵਕੀਲ ਸੋਹਣਾ ਮਿਤ੍ਰ ਸਤਿਗੁਰੂ ਪਾਇਆ ਤੇ ਨਾਮ ਦਾ ਸੌਦਾ ਮਿਲਿਆ ਤਾਂ ਚਿਤ ਟਿਕ ਗਿਆ ।

**ਭਉ ਨਹੀ ਤਸਕਰ ਪਉਣ ਨ ਪਾਨੀ ॥ ਸਹਜਿ**

*ਭਾਵ ਸੁਲਹੀ ਆਵੇ ਵਿਚ ਸੜਕੇ ਮਰ ਗਿਆ ਸੀ ਦੇਖੋ ਸਵਿਸਥਾਰ ਸੂਰਜ ਪ੍ਰਕਾਸ਼ ਗ੍ਰੰਥ ਵਿਚੋਂ ਸਾਰਾ ਪਰਸੰਗ ।

Digitized by Panjab Digital Library | www.panjabdigilib.org

ਵਿਹਾਝੀ ਸਹਜਿ ਲੈਜਾਨੀ ॥ ਸਤਕੈ ਖਟਿਐ ਦੁਖੁ ਨਹੀ ਪਾਇਆ ॥ ਸਹੀ ਸਲਾਮਤਿ ਘਰਿਲੈਆਇਆ ॥ ੩ ॥

ਇਸ ਨਾਮ ਰਤਨ ਨੂੰ ਨ ਤਾਂ ਚੋਰ ਦਾ ਡਰ ਹੈ ਨ ਪੌਣ ਪਾਣੀ ਦਾ ਡਰ ਹੈ, ਨਾਮ ਵਸਤੁ ਸ਼ਾਂਤੀ ਨਾਲ ਖਰੀਦੀ ਹੈ ਤੇ ਸ਼ਾਂਤੀ ਨਾਲ ਹੀ ਲੈ ਜਾਂਦੇ ਹਨ। ਸੱਚ ਬੋਲ ਕੇ ਖੱਟਦੇ ਹਾਂ ਇਸ ਲਈ ਦੁਖ ਨਹੀਂ ਪਾਇਆ ਹੈ । ਇਸ ਨਾਮ ਰਤਨ ਨੂੰ ਮੈਂ ਸੁਖ ਨਾਲ ਘਰ ਲੈ ਆਇਆ ਹਾਂ ਭਾਵ ਦਿਲਵਿਚ ਯਾਦ ਕੀਤਾ ਹੈ ।

ਮਿਲਿਆ ਲਾਹਾ ਭਏ ਅਨੰਦ ॥ ਧੰਨੁ ਸਾਹ ਪੂਰੇਬਖਸਿੰਦ॥ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ॥ ਸਹਲੀ ਖੇਪ ਨਾਨਕੁ ਲੈ ਆਇਆ ॥ ੪ ॥ ੬ ॥

ਹੁਣ ਬਹੁਤ ਸਾਰਾ ਲਾਭ ਮਿਲਿਆ ਇਸ ਲਈ ਅਸੀਂ ਬੜੇ ਅਨੰਦ ਹੋਏ ਹਾਂ। ਧੰਨ ਹੈ ਪ੍ਰਮੇਸਰ ਸ਼ਾਹ ਜਾਂ ਗੁਰੂ ਸ਼ਾਹੂਕਾਰ ਪੂਰੀ ਬਖਸ਼ਸ਼ ਕਰਨ ਵਾਲਾ ! ਇਹ ਨਾਮ ਰਤਨ ਦਾ ਸੌਦਾ ਕਿਸੇ ਵਿਰਲੇ ਗੁਰਮੁਖ ਨੇ ਪਇਆਹੈ । ਗੁਰੂ ਜੀ–ਇਹ ਖੇਪ=ਸੌਦੇ ਦੀ ਖੱਟੀ ਸੁਖੱਲੀ ਹੀ ਮਿਲੀ ਹੈ ਜੋ ਸਿਖ ਇਸਨੂੰ ਘਰ ਭਾਵ ਦਿਲ ਵਿਚ ਲੈ ਆਇਆਹੈ ।

ਆਸਾ ਮਹਲਾ ੫ ॥

ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ ॥ ਨਹ ਦੇਖਿਓ ਰੂਪ ਰੰਗ ਸੀਗਾਰੋ ॥ ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥ ਬਾਹ ਪਕਰਿ ਪ੍ਰਿਅ ਸੇਜੈ ਆਨੀ ॥ ੧ ॥

ਮੇਰਾ ਕੋਈ ਗੁਣ ਔਗੁਣ ਨਹੀਂ ਵਿਚਾਰਿਆ ਹੈ। ਰੂਪ,ਰੰਗ, ਸਿੰਗਾਰ, ਭਾਵ ਜਪ ਤਪ ਵੀ ਕੁਛ ਨਹੀਂ ਵੇਖਿਆ ਹੈਮੇਰੇ ਕੰਮਾਂ ਤੇ ਕਰਤਬਾਂ ਦੀ ਵੀ ਕੋਈ ਰੀਤੀ ਨਹੀਂ ਜਾਣੀ ਹੈ। ਮਾਲਕ ਨੇ ਮੇਰੀ ਬਾਂਹ ਫੜਕੇ ਸੇਜ ਉਤੇ ਲੈ ਆਂਦੀ ਹੈ ਭਾਵ ਮੈਨੂੰ ਲੈ ਆਏ ਹਨ ॥

ਸੁਨਿਬੋ ਸਖੀ ਕੰਤਿ ਹਮਾਰੋ ਕੀਅ ਲੋ ਖਸਮਾਨਾ ॥ ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆਜਾਨੈ ਇਹੁ ਲੋਕੁ ਅਜਾਨਾ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਸਖੀ ਸੁਣ! ਮਾਲਕ ਨੇ ਮੇਰਾ ਪੱਖ ਕੀਤਾ ਹੈ । ਮੱਥੇ ਉਤੇ ਹੱਥ ਧਾਰਕੇ ਮੈਨੂੰ ਆਪਣਾ ਬਣਾ ਰੱਖਿਆ ਹੈ ਭਾਵ 'ਦਾਸ ਬਣਾ ਲਿਆ ਹੈ,' ਇਹ ਬੇਸਮਝ ਲੋਕ ਕੀ ਜਾਣਦੇ ਹਨ।

**ਸੁਹਾਗੁ ਹਮਾਰੋ ਅਬਹੁਣਿ ਸੋਹਿਓ ॥ ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥ ਆਂਗਨਿ ਮੇਰੈ ਸੋਭਾ ਚੰਦ ॥ ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥ ੨ ॥**

ਹੁਣ ਮੇਰਾ ਸੁਹਾਗ ਬੜਾ ਚੰਗਾ ਸੁਹਾਇਆ ਹੈ, ਮੇਰਾ ਮਾਲਕ ਮਿਲਿਆ ਹੈ ਤੇ ਮੇਰਾ ਸਾਰਾ ਦੁਖ ਵੇਖਿਆ ਹੈ ਭਾਵ ਦੁਖ ਨਾਸ ਕੀਤਾ ਹੈ । ਮੇਰੇ ਦਿਲ ਰੂਪ ਵੇਹੜੇ ਵਿਚ ਸੋਭਾ ਦਾ ਚੰਦ ਚੜ੍ਹਿਆ ਹੈ ਭਾਵ ਬਹੁਤ ਸੋਭਾ ਹੁੰਦੀ ਹੈ। ਮੈਂ ਰਾਤ ਦਿਨ ਪਿਆਰੇ ਨਾਲ ਅਨੰਦ ਮਾਣਦੀ ਹਾਂ ।

**ਬਸਤ੍ਰ ਹਮਾਰੇ ਰੰਗਿ ਚਲੂਲ ॥ ਸਗਲ ਆਭਰਣ ਸੋਭਾ ਕੰਠਿ ਫੂਲ ॥ ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥ ਦੁਸਟ ਦੂਤ ਕੀ ਚੂਕੀ ਕਾਨਿ ॥ ੩ ॥**

ਦਿਲ ਰੂਪ ਕਪੜੇ ਮੇਰੇ ਗਾਹੜੇ ਪ੍ਰੇਮ ਰੰਗ ਵਾਲੇ ਹੋ ਗਏ ਹਨ, ਹਰ ਤਰਾਂ ਦੇ ਕੌਲ ਫੁਲ ਆਦਿਕ ਗਹਿਣੇ ਬੜੇ ਸੋਹਣੇ ਲੱਗਦੇ ਹਨ ਜਦੋਂ ਪਿਆਰੇ ਪਤੀ ਨੇ ਚੰਗੀ ਨਜ਼ਰ ਨਾਲ ਮੈਨੂੰ ਵੇਖਿਆ ਤਾਂ ਮੈਂ ਸਾਰੇ ਖਜਾਨੇ ਪਾ ਲਏ ਜੇਹੜੇ ਦੁਸ਼ਟ ਦੂਤ ਕਾਮ ਆਦਿਕ ਪਿਆਰੇ ਤੋਂ ਵਿਛੋੜਾ ਪਾਂਦੇ ਸਨ ਓਹਨਾਂ ਦੀ ਕੁਸ਼ਾਮਤ ਦੂਰ ਹੋ ਗਈ ਹੈ ।

**ਸਦ ਖੁਸੀਆ ਸਦਾ ਰੰਗ ਮਾਣੇ॥ ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ ॥ ਕਹੁ ਨਾਨਕ ਜਉ ਪਿਰਹਿ ਸੀਗਾਰੀ ॥ ਥਿਰੁ ਸੋਹਾਗਨਿ ਸੰਗਿ ਭਤਾਰੀ ॥ ੪ ॥੭॥**

ਹੁਣ ਸਦਾ ਖੁਸ਼ੀਆਂ ਤੇ ਸਦਾ ਅਨੰਦ ਮਾਣਦੇ ਹਾਂ, ਭਾਵ ਪ੍ਰਮੇਸਰ ਦੇ ਨਾਮ ਦਾ ਆਨੰਦ ਆਉਂਦਾ ਹੈ ਨੌ ਨਿਧੀ ਰੂਪ ਨਾਮ ਨੂੰ ਦਿਲ ਵਿਚ ਪਾਕੇ ਅਸੀਂ ਬੜੇ ਰਜ ਗਏ ਹਾਂ "ਗ੍ਰਿਹ = ਘਰ" ਗੁਰੂ ਜੀ=ਜਦੋਂ ਪਿਆਰੇ ਪਤੀ ਨੇ ਮੈਨੂੰ ਸ਼ਿੰਗਾਰਿਆ ਭਾਵ ਗੁਣਾਂ ਵਾਲੀ ਕਰ ਦਿੱਤਾ ਏਸੇ ਕਰਕੇ ਮੈਂ ਸੁਹਾਗਣ ਪਤੀ ਦੇ ਨਾਲ ਮਿਲ ਕੇ ਅਚਲ ਹੋ ਗਈ ਹਾਂ ।

Digitized by Panjab Digital Library | www.panjabdigilib.org

## ਆਸਾ ਮਹਲਾ ੫ ॥

(ਇਕ ਲੋਭੀ ਬ੍ਰਾਹਮਣ ਪ੍ਰਥਾਇ ਹੈ)

**ਦਾਨੁ ਦੇਇ ਕਰਿ ਪੂਜਾ ਕਰਨਾ ॥ ਲੈਤ ਦੇਤ ਉਨ ਮੂਕਰਿ ਪਰਨਾ ॥ ਜਿਤੁ ਦਰਿ ਤੁਮ੍ਹੈ ਬ੍ਰਾਹਮਣ ਜਾਣਾ ॥ ਤਿਤੁ ਦਰਿ ਤੂੰਹੀ ਹੈ ਪਛੁਤਾਣਾ ॥ ੧ ॥**

ਜਿਨ੍ਹਾਂ ਬ੍ਰਾਹਮਣਾਂ ਨੂੰ ਦਾਨ ਦੇਕੇ ਪੂਜਾ ਦਾ ਕਰਨਾ ਹੁੰਦਾ ਹੈ ਭਾਵ ਜਿਨ੍ਹਾਂ ਨੂੰ ਦਾਨ ਦੇਕੇ ਅਸੀਂ ਪੂਜਾ ਕਰਦੇ ਹਾਂ ਕਿ ਇਹ ਬੜੇ ਚੰਗੇ ਪੂਜਣ ਜੋਗ ਹਨ ਓਹਨਾਂਹੀ ਬ੍ਰਾਹਮਣਾਂ ਨੂੰ ਵੇਖਿਆ ਜਾਂਦਾਹੈ ਕਿ ਦਾਨ ਲੈਂਦਿਆਂ ਹੋਇਆਂ ਅਤੇ ਜਜਮਾਨ ਦੇ ਦਾਨ ਦੇਂਦਿਆਂ ਛੇਤੀ ਨਾਲ ਹੀ ਮੁੱਕਰ ਪੈਣਾ ਵੇਖਿਆ ਜਾਂਦਾ ਹੈ ਭਾਵ ਓਹ ਫਿਰ ਜਾਂਦੇ ਹਨ ਕਿ ਅਸਾਂ ਕੁਛ ਨਹੀਂ ਲਿਆਹੈ ਇੱਕਰ ਦੇ ਬ੍ਰਾਹਮਣਾਂ ਨੂੰ ਆਖਦੇ ਹਨ ਹੇ ਬ੍ਰਾਹਮਣੋਂ ! ਤੁਸਾਂ ਮਰਕੇ ਜਿਸ ਬੂਹੇ ਉਤੇ ਜਾਣਾ ਹੈ ਉਸ ਧਰਮਰਾਜ ਦੇ ਬੂਹੇ ਉਤੇ ਤੁਸਾਂ ਜਾਕੇ ਬੜਾ ਪਛਤਾਪ ਕਰਨਾ ਹੈ ਭਾਵ ਦੁਖ ਮਿਲੇਗਾ ।

**ਐਸੇ ਬ੍ਰਾਹਮਣ ਡੂਬੇ ਭਾਈ ॥ ਨਿਰਾਪਰਾਧ ਚਿਤਵਹਿ ਬੁਰਿਆਈ ॥ ੧ ॥ ਰਹਾਉ ॥**

ਹੇ ਭਰਾ ਇੱਕੁਰ ਬ੍ਰਾਹਮਣ ਡੁੱਬ ਗਏ ਜੇਹੜੇ ਅਪਰਾਧ ਤੋਂ ਬਿਨਾਂ ਹੀ ਪਰਾਈ ਬੁਰਾਈ ਚਾਹੁੰਦੇ ਹਨ ।

**ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥ ਮਾਇਆ ਮੂਠਾ ਚੇਤੈ ਨਾਹੀ ॥ ਭਰਮੇ ਭੂਲਾ ਬਹੁਤੀ ਰਾਹੀ ॥ ੨ ॥**

ਦਿਲ ਅੰਦਰ ਲੋਭ ਹੈ ਇਸ ਲਈ ਹਲਕਾਏ ਕੁੱਤੇ ਵਾਂਗ ਫਿਰਦੇ ਹਨ, ਸਚਿਆਂ ਆਦਮੀਆਂ ਦੀ ਨਿੰਦਿਆ ਕਰਕੇ ਆਪਣੇ ਸਿਰ ਉਤੇ ਭਾਰ ਉਠਾਂਦੇ ਹਨ ਜਿਸਦਾ ਦਿਲ ਮਾਇਆ ਕਰਕੇ ਲੁੱਟਿਆ ਹੋਇਆ ਹੈ ਓਹ ਪ੍ਰਮੇਸਰ ਨੂੰ ਯਾਦ ਨਹੀਂ ਕਰਦਾ ਹੈ ਓਹ ਭਰਮ ਵਿਚ ਭੁੱਲਾ ਹੋਇਆ ਬਾਹਲਿਆਂ ਰਸਤਿਆਂ ਵਿਚ ਭੌਂਦਾ ਹੈ ।

**ਬਾਹਰਿ ਭੇਖ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥ ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ**

Digitized by Panjab Digital Library | www.panjabdigilib.org

**ਬ੍ਰਾਹਮਣੁ ਕਹੀ ਨ ਸੀਝੈ ॥ ੩ ॥**

ਬਾਹਰੋਂ ਤਾਂ ਸਰੀਰ ਦੇ ਬੜੇ ਭੇਖ ਬਣਾਂਦਾ ਹੈ ਭਾਵ ਤਿਲਕ ਛਾਪੇ ਆਦਿਕ ਲਾਂਦਾ ਹੈ ਤੇ ਦਿਲ ਅੰਦਰ ਵਿਸ਼ਿਆਂ ਰੂਪ ਵਿਹੁ ਘੋਰ ਕਰਕੇ ਲੱਥੀ ਹੈ ਭਾਰ ਬਹੁਤ ਆ ਵੜੀ ਹੈ, ਹੋਰਨਾਂ ਨੂੰ ਉਪਦੇਸ ਕਰਦਾ ਹੈ ਪਰ ਆਪ ਨਹੀਂ ਸਮਝਦਾ ਹੈ, ਇਕੁਰ ਦਾ ਬ੍ਰਾਹਮਣ ਕਿਤੇ ਵੀ ਸੁਖ ਨਹੀਂ ਪਾਂਦਾ ਹੈ।

**ਮੂਰਖ ਬਾਮਣ ਪ੍ਰਭੂ ਸਮਾਲਿ॥ਦੇਖਤ ਸੁਨਤ ਤੇਰੈ ਹੈ ਨਾਲਿ ॥ ਕਹੁ ਨਾਨਕ ਜੇ ਹੋਵੀ ਭਾਗੁ॥ ਮਾਨੁ ਛੋਡਿ ਗੁਰ ਚਰਣੀ ਲਾਗੁ ॥ ੪ ॥ ੮ ॥**

ਹੇ ਮੂਰਖ ਬ੍ਰਾਹਮਣ ਮਾਲਕ ਨੂੰ ਯਾਦ ਕਰ ਜੇਹੜਾ ਦੇਖਦਾ, ਸੁਣਦਾ ਹਰ ਵੇਲੇ ਤੇਰੇ ਨਾਲ ਹੈ ਗੁਰੂ ਜੀ=ਜੋ ਤੇਰਾ ਚੰਗਾ ਭਾਗ ਹੈ ਹੇ ਬ੍ਰਾਹਮਣ ਹੰਕਾਰ ਨੂੰ ਛੱਡਕੇ ਗੁਰਾਂ ਦੀ ਚਰਨੀ ਲੱਗ ॥ ੪ ॥ ੮ ॥

## ਆਸਾ ਮਹਲਾ ੫ ॥

**ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥ ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤਹੀ ਨ ਜਾਇ ॥ ੧ ॥**

ਗਤੁ=ਨਾਸ। ਹਰ ਤਰਾਂ ਦੇ ਰੋਗ ਦੁਖ ਇਸ ਸਰੀਰ ਦੇ ਨਾਸ ਹੋ ਗਏ ਹਨ ਅਤੇ ਪ੍ਰਮੇਸਰ ਦੇ ਗੁਣ ਗੌਣ ਕਰਕੇ ਮਨ ਸਾਫ ਹੋਇਆ ਹੈ ਸਾਧੂਆਂ ਦੇ ਨਾਲ ਮਿਲਕੇ ਅਨੰਦ ਹੋਏ ਹਾਂ ਹੁਣ ਮੇਰਾ ਮਨ ਕਿਸੇ ਦੂਸਰੇ ਪਾਸੇ ਨਹੀਂ ਜਾਂਦਾ ਹੈ।

**ਤਪਤਿ ਬੁਝੀ ਗੁਰ ਸਬਦੀ ਮਾਇ॥ ਬਿਨਸਿਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥ ੧ ॥ ਰਹਾਉ ॥**

ਗੁਰਾਂ ਦੇ ਉਪਦੇਸ਼ ਕਰਕੇ ਮਾਇਆ ਦੀ ਤਪਤ ਮੇਰੇ ਮਨ ਤੋਂ ਦੂਰ ਹੋ ਗਈ ਹੈ ਜਦੋਂ ਸ਼ਾਂਤੀ ਰੂਪ ਸਤਿਗੁਰੂ ਮਿਲਿਆ ਤਾਂ ਜਿਤਨਾਂ ਸੰਸਾ ਤੇ ਤਾਪ ਸੀ ਸਾਰਾ ਬਿਨਾਂ ਜਤਨ ਦੂਰ ਹੋ ਗਿਆ।

**ਧਾਵਤ ਰਹੇ ਏਕੁ ਇਕੁ ਬੂਝਿਆ ਆਇ ਬਸੇ ਅਬ**

Digitized by Panjab Digital Library | www.panjabdigilib.org

**ਨਿਹਚਲੁ ਥਾਇ ॥ ਜਗਤੁ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ ॥ ੨ ॥**

ਹੁਣ ਅਸਾਂ ਇਕ ਹੀ ਇਕ ਅਕਾਲਪੁਰਖ ਨੂੰ ਜਾਣ ਲਿਆ ਹੈ ਅਤੇ ਦੌੜਨ ਤੋਂ ਰਹਤ ਹੋ ਗਏ ਹਾਂ ਹੁਣ ਨਿਸਚਲ ਥਾਂ ਵਿੱਚ ਆਕੇ ਵੱਸ ਗਏ ਹਾਂ ਭਾਵ ਜਨਮ ਮਰਨ ਤੋਂ ਰਹਿਤ ਹੋ ਗਏ ਹਾਂ ਅਤੇ ਇੱਕਰ ਬੇਨਤੀ ਕਰਦੇਹਾਂ ਕਿ ਹੇ ਅਕਾਲਪੁਰਖ ਜਗਤ ਦਾ ਉਧਾਰ ਕਰਨ ਵਾਲੇ! ਜੇਹੜੇ ਤੇਰੇ ਸੰਤ ਹਨ ਅਸੀਂ ਓਹਨਾਂ ਦਾ ਦਰਸ਼ਨ ਦੇਖਦੇ ਹੀ ਰੱਜ ਗਏ ਹਾਂ ।

**ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥ ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾਕਉ ਫੁਨਿ ਕਾਲੁ ਨ ਖਾਇ ॥ ੩ ॥**

ਜੇਹੜੇ ਮੇਰੇ ਜਨਮ ੨ ਦੇ ਦੋਸ਼ ਸੀ ਓਹ ਸਾਰੇ ਮੇਰੇ ਪਿੱਛੇ ਪੈ ਗਏ ਹਨ ਭਾਵ ਨਾਸ ਹੋ ਗਏ ਹਨ ਤੇ ਸਾਧੂਆਂ ਦੇ ਚਰਨਾਂ ਨੂੰ ਫੜਕੇ ਅਸੀਂ ਨਿਸਚਲ ਹੋ ਗਏ ਹਾਂ ।ਸ਼ਾਂਤੀ ਰੂਪ ਸ਼ਬਦਾਂ ਕਰਕੇ ਮੇਰਾ ਮਨ ਹਰੀ ਦੇ ਮੰਗਲ ਰੂਪ ਗੁਣ ਗਾਂਦਾ ਹੈ ਇਸ ਮੇਰੇ ਮਨ ਨੂੰ ਹੁਣ ਕਾਲ ਨਹੀਂ ਖਾਵੇਗਾ ।

**ਕਰਨ ਕਾਰਨ ਸਮਰਥ ਹਮਾਰੇ ਸੁਖਦਾਈ ਮੇਰੇਹਰਿ ਹਰਿ ਰਾਇ ॥ ਨਾਮੁ ਤੇਰਾਜਪਿ ਜੀਵੈ ਨਾਨਕੁ ਓਤਿਪੋਤਿ ਮੇਰੈ ਸੰਗਿ ਸਹਾਇ ॥ ੪ ॥ ੯ ॥**

ਹੇ ਸੰਸਾਰ ਦੇ ਸਾਰਿਆਂ ਕੰਮਾਂ ਦੇ ਕਰਨ ਨੂੰ ਸਮਰੱਥ ਮੇਰੇ ਮਾਲਕ ਪ੍ਰਮੇਸਰ ਰਾਜੇ ਮੈਨੂੰ ਹਰ ਤਰਾਂ ਦੇ ਸੁਖ ਦੇਣ ਵਾਲੇ ਤਾਣੇ ਪੇਟੇ ਵਾਂਗੂੰ ਮੇਰੇ ਨਾਲ ਮਿਲਕੇ ਮੇਰੇ ਕੰਮਾਂ ਵਿੱਚ ਸਹਾਇਤਾ ਕਰਨ ਵਾਲੇ ਮੈਂ ਨਾਨਕ ਤੇਰਾ ਨਾਮ ਜਪਕੇ ਜੀਂਦਾ ਹਾਂ ॥ ੪ ॥ ੯ ॥

## ਆਸਾ ਮਹਲਾ ੫ ॥

**ਅਰੜਾਵੈ ਬਿਲਲਾਵੈ ਨਿੰਦਕੁ ॥ ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥੧॥ ਰਹਾਉ॥**

ਜਿਸ ਨਿੰਦਕ ਨੂੰ ਪ੍ਰਮੇਸਰ ਭੁੱਲਿਆ ਹੋਇਆ ਹੈ ਓਹ ਸਦਾ ਹੀ ਅਰੜਾਂਦਾ ਰਹਿੰਦਾ ਹੈ ਭਾਵ ਉੱਚੀ ੨ ਬੋਲਦਾ ਰਹਿੰਦਾ ਹੈ ਤੇ ਮੁੜ ੨ ਰੋਂਦਾ ਰਹਿੰਦਾ ਹੈ ਅਪਣਾ ਕੀਤਾ ਹੋਇਆ ਜੇਹੜਾ ਨਿੰਦਿਆ ਦਾ ਫਲ ਹੈ ਓਹ

Digitized by Panjab Digital Library | www.panjabdigilib.org

ਰੋਣਾ ਰੋਜ ਹੀ ਪਾਂਦਾ ਰਹਿੰਦਾ ਹੈ।

***ਜੇ ਕੋਈ ਉਸਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥ ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀਮਾਹਿ ਜਲਾਵੈ ॥ ੧ ॥**

ਜੇਹੜਾ ਕੋਈ ਉਸ ਨਿੰਦਕ ਦਾ ਸੰਗੀ ਹੁੰਦਾ ਹੈ ਉਸਨੂੰ ਵੀ ਨਿੰਦਕ ਜਮ ਪੁਰੀ ਨੂੰ ਨਾਲ ਹੀ ਲੈ ਜਾਂਦਾ ਹੈ, ਜਿਸ ਕਰਕੇ ਕੁਛ ਲਾਭ ਨਾ ਹੁੰਦਾ ਹੋਵੇ ਓਹ ਬਿਨਾ ਲਾਭ ਦੇ ਨਿੰਦਕ ਪਵਾਏ ਪਾਪ ਰੂਪ (ਅਜਗਰ†) ਬਹੁਤ ਭਾਰ ਨੂੰ ਅਪਣੇ ਸਿਰ ਉੱਤੇ ਉਠਾਂਦਾ ਹੈ ਅਤੇ ਪਰਾਏ ਪਾਪ ਰੂਪ ਅੱਗ ਵਿੱਚ ਅਪਣੇ ਆਪ ਨੂੰ ਅਪਣੇ ਸਾਥੀਆਂ ਸਮੇਤ ਜਲਾਂਦਾ ਹੈ ਜਾਂ ਨਿੰਦਕ ਨੂੰ ਜਮਦੂਤ ਜਲਾਂਦੇ ਹਨ।

**ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥ ਭਗਤ ਜਨਾ ਕਉਸਦਾ ਅਨੰਦੁ ਹੈਹਰਿ ਕੀਰਤਨੁ ਗਾਇ ਬਿਗਸਾਵੈ ॥ ੨ ॥ ॥ ੧੦ ॥**

ਜਹੜੀ ਨਿੰਦਕਾਂ ਦੀ ਦਸ਼ਾ ਵਾਹਿਗੁਰੂ ਦੇ ਬੂਹੇ ਉਤੇ ਹੋ ਬੀਤਦੀ ਹੈ ਓਹ ਸਾਰਿਆਂ ਨੂੰ ਆਖਕੇ ਨਾਨਕ ਸੁਣਾਂਦਾ ਹੈ, ਭਗਤ ਜਨਾਂ ਨੂੰ ਸਦਾ ਹੀ ਅਨੰਦ ਹੈ, ਓਹ ਹਰੀ ਦਾ ਕੀਰਤਨ ਗਾ ਕੇ ਹੋਰਨਾਂ ਨੂੰ ਪ੍ਰਸੰਨ ਕਰਦੇ ਹਨ ॥੨॥੧੦॥

## ਆਸਾ ਮਹਲਾ ੫ ॥

**ਜਉਮੈ ਕੀਓਸਗਲ ਸੀਗਾਰਾ ॥ ਤਉ ਭੀ ਮੇਰਾਮਨੁ ਨ ਪਤੀਆਰਾ ॥ ਅਨਿਕ ਸੁਗੰਧਤ ਤਨ ਮਹਿ ਲਾਵਉ ॥ ਓਹੁ ਸੁਖੁ ਤਿਲੁ ਸਮਾਨਿ ਨਹੀ ਪਾਵਉ ॥ ਮਨ ਮਹਿ ਚਿਤਵਉ ਐਸੀ ਆਸਾਈ॥ ਪ੍ਰਿਅ ਦੇਖਤ ਜੀਵਉ ਮੇਰੀ ਮਾਈ ॥ ੧ ॥**

ਭਾਵੇਂ ਮੈਂ ਸਿੰਗਾਰਾਂ ਰੂਪ ਬਹੁਤ ਹੀ ਸਾਧਨ ਕੀਤੇ ਹਨ ਤਾਂ ਵੀ ਮੇਰਾਮਨ ਨਹੀਂ ਪਤਿਆਂਦਾ ਹੈ, ਭਾਵ ਮੰਨਦਾ ਨਹੀਂ ਹੈ। ਭਾਵੇਂ ਮੈਂ ਅਨੇਕ ਤਰਾਂ ਦੇ ਸੁਗੰਧਤ ਸਰੀਰ ਨੂੰ ਲਾਂਦੀ ਹਾਂ ਭਾਵ ਚੰਗੇ ਜਸ ਵਾਲੇ ਕੰਮ ਕਰਦੀ ਹਾਂ ਪਰ

*ਇਹ ਵੀ ਸੂਲਹੀ ਪ੍ਰਥਾਇ ਹੈ। †ਬਹੁਤ ਵੱਡੇ ਸਪ ਦਾ ਨਾਮ ਭੀ ਹੈ।

Digitized by Panjab Digital Library | www.panjabdigilib.org

ਓਹ ਪਿਆਰੇ ਦੇ ਸੁਖ ਨੂੰ ਤਿਲ ਭਰ ਦੇ ਬਰਾਬਰ ਵੀ ਨਹੀਂ ਪਾਂਦੀ ਹਾਂ ਹੇ ਮੇਰੀ ਮਾਈ! ਮੈਂ ਮਨ ਵਿਚ ਇਕੁਰ ਦੀ ਆਸ ਚਿਤਵਦੀ ਹਾਂ ਕਿ ਪਤੀ ਨੂੰ ਦੇਖਕੇ ਜੀਵਾਂਗੀ।

**ਮਾਈ ਕਹਾ ਕਰਉ ਇਹੁ ਮਨੁ ਨ ਧੀਰੈ ॥ ਪ੍ਰਿਅ ਪ੍ਰੀਤਮ ਬੈਰਾਗੁ ਹਿਰੈ ॥੧॥ ਰਹਾਉ ॥**

ਹੇ ਮਾਂ ਕੀ ਕਰਾਂ ਇਹ ਮਨ ਨਹੀਂ ਧੀਰਜ ਕਰਦਾ ਹੈ ਜੇਹੜਾ ਪਿਆਰਾ ਪ੍ਰੀਤਮ ਹੈ ਜਿਹੜਾ ਉਸਦਾ ਵੈਰਾਗ ਹੈ ਓਹ ਮੇਰੇ ਮਨ ਦੇ ਸੁਖ ਨੂੰ ਹਿਰੈ=ਦੂਰ ਕਰਦਾ ਹੈ।

**ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ ॥ ਓਇ ਭੀ ਜਾਨਉ ਕਿਤੈ ਨ ਲੇਖੈ ॥ ਪਤਿ ਸੋਭਾ ਅਰੁ ਮਾਨੁ ਮਹਤੁ॥ ਆਗਿਆਕਾਰੀ ਸਗਲ ਜਗਤੁ ॥ ਗ੍ਰਿਹੁ ਐਸਾ ਹੈ ਸੁੰਦਰ ਲਾਲ ॥ ਪ੍ਰਭ ਭਾਵਾ ਤਾ ਸਦਾ ਨਿਹਾਲ ॥ ੨ ॥**

ਵਿਸ਼ੇਸ਼ ਕਰਕੇ ਬਹੁਤ ਤਰਾਂ ਦੇ ਕਪੜਿਆਂ ਗਹਿਣਿਆਂ ਦੇ ਜੇਹੜੇ ੨ ਸੁਖ ਵੀ ਹਨ ਮੈਂ ਜਾਣਦੀ ਹਾਂ ਓਹ ਵੀ ਕਿਸੇ ਲੇਖੇ ਵਿਚ ਨਹੀਂ ਹਨ। ਇਜ਼ਤ, ਸੋਭਾ, ਆਦਰ, ਵਡਿਆਈ ਸਾਰਾ ਸੰਸਾਰ ਆਗਜਾਕਾਰੀ ਹੈ, ਘਰ ਵੀ ਬੜਾ ਸੁੰਦਰ ਲਾਲ ਰੰਗ ਬਣਿਆਂ ਹੋਇਆ ਹੈ, ਪਰ ਕਿਸੇ ਲੇਖੇ ਵਿਚ ਨਹੀਂ ਹੈ, ਜੇ ਮਾਲਕ ਨੂੰ ਚੰਗੀ ਲੱਗਾਂ ਤਾਂ ਸਦਾ ਹੀ ਨਿਹਾਲ ਹਾਂ ਫਿਰ ਕਦੀ ਦੁਖ ਨਹੀਂ ਹੋਵੇਗਾ।

**ਬਿੰਜਨ ਭੋਜਨ ਅਨਿਕ ਪ੍ਰਕਾਰ॥ਰੰਗ ਤਮਾਸੇ ਬਹੁਤ ਬਿਸਥਾਰ ॥ ਰਾਜ ਮਿਲਖ ਅਰੁ ਬਹੁਤੁ ਫੁਰਮਾਇਸਿ ॥ ਮਨੁ ਨਹੀ ਧ੍ਰਾਪੈ ਤ੍ਰਿਸਨਾ ਨ ਜਾਇਸਿ ॥ ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ ॥ ਮਿਲੈ ਪ੍ਰਭੂ ਤਾ ਸਭ ਸੁਖ ਪਾਵੈ ॥ ੩ ॥**

ਅਨੇਕ ਤਰਾਂ ਦੇ ਬਿੰਜਨਾਂ ਤਰਕਾਰੀਆਂ ਸਵਾਦਾਂ ਵਾਲੇ ਭੋਜਨ ਕਰਦਾ ਹਾਂ ਬਹੁਤ ਵਿਸਤਾਰ ਦੇ ਰੰਗ ਤਮਾਸ਼ੇ ਵੀ ਵੇਖਦਾ ਹਾਂ, ਰਾਜ ਮੁਲਕ ਜਗੀਰ ਇਹਨਾਂ ਉੱਤੇ ਵੀ ਬਹੁਤ ਹੁਕਮ ਚਲਾਂਦਾ ਹਾਂ ਤਾਂ ਵੀ ਮੇਰਾ ਮਨ ਨਹੀਂ ਰੱਜਦਾ ਹੈ ਅਤੇ ਪਦਾਰਥਾਂ ਦੀ ਤ੍ਰਿਸ਼ਨਾਂ ਨਹੀਂ ਜਾਂਦੀ ਹੈ। ਉੱਤੇ ਦਸੇ ਸੁਖ

Digitized by Panjab Digital Library | www.panjabdigilib.org

ਭਾਵੇਂ ਸਾਰੇ ਹੀ ਮਿਲ ਜਾਣ ਪਰ ਪਿਆਰੇ ਦੇ ਮਿਲੇ ਬਿਨਾਂ ਦਿਨ ਨਹੀਂ ਬੀਤਦਾ ਹੈ ਜਦੋਂ ਸਾਡਾ ਮਾਲਕ ਮਿਲੇ ਤਾਂ ਸਾਰੇ ਸੁਖ ਪਾ ਲਵਾਂ।

**ਖੋਜਤ ਖੋਜਤ ਸੁਨੀ ਇਹ ਸੋਇ॥ ਸਾਧ ਸੰਗਤਿਬਿਨੁ ਤਰਿਓ ਨ ਕੋਇ ॥ ਜਿਸੁ ਮਸਤਕਿ ਭਾਗੁ ਤਿੰਨਿ ਸਤਿ-ਗੁਰੁ ਪਾਇਆ ॥ ਪੂਰੀ ਆਸਾਮਨੁ ਤ੍ਰਿਪਤਾਇਆ॥ ਪ੍ਰਭ ਮਿਲਿਆ ਤਾ ਚੂਕੀ ਡੰਝਾ ॥ ਨਾਨਕ ਲਧਾ ਮਨ ਤਨ ਮੰਝਾ ॥ ੪ ॥ ੧੧ ॥**

ਸੋਇ=ਸੋਭਾ ਜਾਂ ਕੰਨ ਦੀ ਵਾਜ ਭਾਵ ਕੰਨ ਵਿਚ ਅਵਾਜ਼ ਆ ਪਈ। ਲੱਭਦਿਆਂ ੨ ਇਹ ਗੱਲ ਸੁਣੀ ਕਿ ਸੰਤਾਂ ਦਾ ਸੰਗ ਕੀਤਿਆਂ ਬਿਨਾਂ ਕੋਈ ਨਹੀਂ ਤਰਿਆ ਹੈ ਜਿਸਦੇ ਮੱਥੇ ਦੇ ਪੂਰਨ ਭਾਗ ਹਨ ਉਸਨੇ ਸਤਿਗੁਰੂ ਨੂੰ ਪਾਇਆ ਹੈ, ਉਸਦੀ ਆਸਾ ਪੂਰੀ ਹੋ ਗਈ ਹੈ ਅਤੇ ਵਿਸ਼ਿਆਂਦੀ ਵਾਸ਼ਨਾਂ ਦੂਰ ਹੋਗਈ ਹੈ ਹੁਣ ਮਨ ਰੱਜ ਗਿਆ ਹੈ, ਸਤਿਗੁਰਾਂ ਦੇ ਉਪਦੇਸ਼ ਕਰਕੇ ਵਿਛੋੜੇ ਦੀ ਡੰਝਾ=ਤ੍ਰੇਹ ਦੂਰ ਹੋ ਗਈ ਹੈ ਮਾਲਕ ਮਿਲ ਪਿਆ ਹੈ ਇਸ ਮਨ ਤਨ ਦੇ ਵਿਚੋਂ ਹੀ ਲੱਭਾ ਹੈ॥

## ਆਸਾਮਹਲਾ ੫ ਪੰਚਪਦੇ ॥

੨

(ਜੀਵ ਇਸਤ੍ਰੀ ਨੂੰ ਉਲਾਂਭੇ ਦਾ ਉਪਦੇਸ਼ ਹੈ)

**ਪ੍ਰਥਮੇ ਤੇਰੀ ਨੀਕੀ ਜਾਤਿ॥ ਦੁਤੀਆ ਤੇਰੀ ਮਨੀਐ ਪਾਤਿ ॥ ਤ੍ਰਿਤੀਆ ਤੇਰਾ ਸੁੰਦਰ ਥਾਨੁ ॥ਬਿਗੜ ਰੂਪੁਮਨ ਮਹਿ ਅਭਿਮਾਨੁ ॥ ੧ ॥**

ਪਹਿਲੇ ਤੇਰੀ ਜਾਤੀ ਬੜੀ ਚੰਗੀ ਹੈ ਭਾਵ ਮਨੁਖ ਜਨਮ ਬੜਾ ਉੱਤਮ ਹੈ।ਦੂਸਰੇ ਤੇਰੀ ਪੰਗਤੀ ਬੜੀ ਚੰਗੀ ਮੰਨੀ ਜਾਂਦੀ ਹੈ ਭਾਵ ਹਰ ਥਾਂ ਤੇਰਾ ਆਦਰ ਹੈ। ਤੀਜਾ ਤੇਰਾ ਥਾਂ ਵੀ ਬੜਾ ਚੰਗਾ ਹੈ ਭਾਵ ਭਾਰਤ ਖੰਡ ਆਦਕ ਪਰ ਪਿਛਲਿਆਂ ਸਾਰਿਆਂ ਚੰਗਿਆਂ ਕੰਮਾਂ ਨੂੰ ਵਿਗਾੜਨ ਵਾਲਾ ਹੰਕਾਰ ਤੂੰ ਮਨ ਵਿਚ ਵਾੜ ਲਿਆ ਹੈ।

**ਸੋਹਨੀ ਸਰੂਪਿ ਸੁਜਾਣਿ ਬਿਚਖਨਿ ॥ ਅਤਿ ਗਰਬੈ ਮੋਹਿ ਫਾਕੀ ਤੂੰ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਸੋਹਣੀ ਸਰੂਪ ਵਾਲੀ ਹੈਂ ਸਿਆਣੀ ਹੈਂ ਬਹੁਤ ਹੀ ਬਿਚੱਖਣ=ਸੁੰਦਰ ਨੇਤ੍ਰਾਂ ਵਾਲੀ ਹੈਂ ਪਰ ਬਹੁਤ ਹੀ ਮੋਹ ਨੇ ਹੰਕਾਰ ਨਾਲ ਤੈਨੂੰ ਠੱਕ ਭਾਵ ਖਾ ਲਿਆ ਹੈ ਭਾਵ ਫਸਾ ਰੱਖਿਆ ਹੈ ।

**ਅਤਿਸੂਚੀ ਤੇਰੀ ਪਾਕਸਾਲ ॥ ਕਰਿ ਇਸਨਾਨੁਪੂਜਾ ਤਿਲਕੁ ਲਾਲ॥ਗਲੀ ਗਰਬਹਿ ਮੁਖਗੋਵਹਿ ਗਿਆਨ ॥ ਸਭਿ ਬਿਧਿ ਖੋਈ ਲੋਭਿ ਸੁਆਨ ॥ ੨ ॥**

ਰਸੋਈ ਦੀ ਜਗ੍ਹਾ ਵੀ ਤੇਰੀ ਬੜੀ ਪਵਿੱਤ੍ਰ ਹੈ ਇਸ਼ਨਾਨ ਪੂਜਾ ਵੀ ਕੀਤੀ ਹੋਈ ਹੈ ਮੱਥੇ ਉੱਤੇ ਲਾਲ ਟਿੱਕਾ ਵੀ ਲਾਇਆ ਹੋਇਆ ਹੈ ਬਹੁਤ ਹੰਕਾਰ ਦੀਆਂ ਗੱਲਾਂ ਕਰਦੀ ਹੈਂ ਮੂੰਹੋਂ ਗਿਆਨ ਦੀਆਂ ਬਾਤਾਂ ਗੋਵਹਿ= ਬੋਲਦੀ ਹੈਂ,ਪਰ ਲੋਭ ਰੂਪੀ ਕੁੱਤਾ ਜੋਹੜਾ ਤੇਰੇ ਅੰਦਰ ਹੈ ਉਸਨੇ ਸਾਰੀਆਂ ਤੇਰੀਆਂ ਉਤਲੀਆਂ ਰੀਤੀਆਂ ਨਾਸ ਕਰ ਦਿੱਤੀਆਂ ਹਨ ।

**ਕਾਪਰ ਪਹਿਰੈ ਭੋਗਹਿ ਭੋਗ॥ ਆਚਾਰ ਕਰਹਿਸੋਭਾ ਮਹਿ ਲੋਗ ॥ ਚੋਆ ਚੰਦਨ ਸੁਗੰਧ ਬਿਸਥਾਰ ॥ ਸੰਗੀ ਖੋਟਾ ਕ੍ਰੋਧ ਚੰਡਾਲ ॥ ੩ ॥**

ਚੰਗੇ ਕੱਪੜੇ ਪਾਂਦੀਹੈਂ ਚੰਗਿਆਂ ਭੋਗਾਂ ਨੂੰ ਭੋਗਦੀ ਹੈਂ ਕੰਮ ਵੀ ਸਾਰਿਆਂ ਨਾਲੋਂ ਚੰਗਾ ਹੈ ਜਿਸ ਕਰਕੇ ਸਾਰਿਆਂ ਲੋਕਾਂ ਵਿੱਚ ਤੇਰੀ ਸੋਭਾ ਹੁੰਦੀ ਹੈ ਬਹੁਤ ਤਰਾਂ ਦੀਆਂ ਸੁਗੰਧੀਆਂ ਚੋਆਚੰਦਨ ਆਦਕਾਂ ਨੂੰ ਵਿਸਤਾਰ ਨਾਲ ਲਾਂਦੀ ਹੈਂ ਪਰ ਇਕ ਗੁੱਸਾ ਖੋਟਾ ਚੰਡਾਲ ਜੋਹੜਾ ਤੇਰੇ ਨਾਲ ਹੈ ਇਸ ਨੇ ਸਾਰੀਆਂ ਗੱਲਾਂ ਮਾੜੀਆਂ ਕਰ ਦਿੱਤੀਆਂ ਹਨ ।

**ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀਮਹਿ ਤੇਰੀ ਸਿਕਦਾਰੀ ॥ ਸੁਇਨਾ ਰੂਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥ ੪ ॥**

ਸਾਰੀਆਂ ਜੂਨਾਂ ਤੇਰੀਆਂ ਪਾਣੀ ਭਰਨ ਵਾਲੀਆਂ ਹਨ, ਇਸ ਧਰਤੀ ਉੱਤੇ ਤੇਰੀ ਹੀ ਸਰਦਾਰੀ ਹੈ ਤੂੰ ਗਰੀਬ ਨਹੀਂ ਸੋਨਾਂ ਚਾਂਦੀ ਆਦਕ ਧਨ ਰੁਪਏ ਵੀ ਤੇਰੇ ਪਾਸ ਹਨ ਪਰ ਇਕ ਕੰਮ ਨੇ ਤੇਰਾ ਸੀਲ ਵਿਗਾੜ ਦਿੱਤਾ ਹੈ ਭਾਵ ਸਾਰੇ ਕੰਮ ਵਿਗਾੜ ਦਿਤੇ ਹਨ ।

**ਜਾਕਉ ਦ੍ਰਿਸਟਿ ਮਇਆ ਹਰਿਰਾਇ ॥ ਸਾ ਬੰਦੀ**

Digitized by Panjab Digital Library | www.panjabdigilib.org

**ਤੇ ਲਈ ਛਡਾਇ ॥ ਸਾਧ ਸੰਗਿ ਮਿਲਿ ਹਰਿ ਰਸੁ ਪਾਇਆ ॥ ਕਹੁ ਨਾਨਕ ਸਫਲ ਓਹ ਕਾਇਆ ॥ ੫ ॥**

ਜਿਸ ਉੱਤੇ ਹਰੀ ਦੀ ਇਨੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਓਹ ਇਸ ਜਨਮ ਮਰਨ ਦੇ ਜੇਹਲਖਾਨੇ ਤੋਂ ਛੁਡਾ ਲਈ ਜਾਂਦੀ ਹੈ ਸਾਧ ਸੰਗਤ ਵਿੱਚ ਮਿਲਕੇ ਜੀਵ ਨੇ ਪ੍ਰਮੇਸਰ ਦੇ ਨਾਮ ਦਾ ਸੁਆਦ ਪਾਇਆ ਹੈ ਗੁਰੂ ਜੀ=ਹੁਣ ਓਹ ਕਾਇਆਂ ਸਫਲ ਹੋ ਗਈ ਹੈ।

**ਸਭਿ ਰੂਪ ਸਭਿ ਸੁਖ ਬਨੇ ਸੁਹਾਗਨਿ ॥ ਅਤਿ ਸੁੰਦਰਿ ਬਿਚਖਨਿ ਤੂੰ ॥ ੧ ॥ ਰਹਾਉ ਦੂਜਾ ॥ ੧੨ ॥**

ਸਾਰੇ ਸੁਖ ਰੂਪ ਅਤੇ ਬਹੁਤ ਹੀ ਸੁੰਦਰਤਾ ਚਤਰਾਈ ਸਾਰੇ ਗੁਣ ਇੱਕੁਰ ਦੀ ਸੁਹਾਗਣ ਨੂੰ ਹੀ ਆਕੇ ਮਿਲੇ ਹਨ। ਬਣੇ=ਆਖਣੇ ਬਣਦੇ ਹਨ ਜਾਂ ਮਿਲੇ ਹਨ ॥ ੧੨ ॥

## ਆਸਾ ਮਹਲਾ ੫ ਇਕਤੁਕੇ ੨ ॥

**ਜੀਵਤ ਦੀਸੈ ਤਿਸੁ ਸਰਪਰ ਮਰਣਾ ॥ ਮੁਆ ਹੋਵੈ ਤਿਸੁ ਨਿਹਚਲੁ ਰਹਣਾ ॥ ੧ ॥**

ਜੇਹੜੇ ਪ੍ਰਮੇਸਰ ਦੇ ਭਜਨ ਤੋਂ ਬਿਨਾਂ ਜੀਂਦੇ ਹਨ ਉਹਨਾਂ ਜ਼ਰੂਰ ਹੀ ਮਰਨਾ ਹੈ ਜੇਹੜਾ ਜੀਵਤ ਭਾਵ ਤੋਂ ਮੋਇਆ ਹੈ ਉਸ ਨੇ ਦੁਨੀਆਂ ਉੱਤੇ ਨਿਸ਼ਚਲ ਹੋਕੇ ਰਹਿਣਾ ਹੈ।

**ਜੀਵਤ ਮੁਏ ਮੁਏ ਸੇ ਜੀਵੇ ॥ ਹਰਿ ਹਰਿ ਨਾਮੁ ਅਵ-ਖਧੁ ਮੁਖਿ ਪਾਇਆ ਗੁਰ ਸਬਦੀ ਰਸੁ ਅੰਮ੍ਰਿਤੁ ਪੀਵੇ ॥ ੧ ॥ ਰਹਾਉ ॥**

ਜੇਹੜੇ ਵਿਸ਼ਿਆਂ ਵਿੱਚ ਜੀਉਂਦੇ ਹਨ ਉਹਨਾਂ ਨੂੰ ਜਰੂਰ ਹੀ ਮੋਇਆਂ ਹੋਇਆਂ ਸਮਝੋ ਜੇਹੜੇ ਸੰਸਾਰ ਦੇ ਵਿਸ਼ਿਆਂ ਵੱਲੋਂ ਮਰ ਗਏ ਹਨ ਉਹਨਾਂ ਨੂੰ ਜੀਉਂਦੇ ਜਾਣੋਂ ਕਿਉਂਕਿ ਉਹਨਾਂ ਨੇ ਗੁਰਾਂ ਦੇ ਉਪਦੇਸ਼ ਦੁਆਰਾ ਹਰਿ ਹਰਿ ਨਾਮ ਜਪਣ ਰੂਪ ਦਵਾਈ ਨੂੰ ਮੂੰਹ ਵਿੱਚ ਪਾਇਆ ਹੈ ਮੁੜ ੨ ਉਸੇ ਨਾਮ ਅੰਮ੍ਰਿਤ ਨੂੰ ਪੀਂਦੇ ਹਨ।

**ਕਾਚੀ ਮਟੁਕੀ ਬਿਨਸਿ ਬਿਨਾਸਾ ॥ ਜਿਸੁ ਛੂਟੈ**

Digitized by Panjab Digital Library | www.panjabdigilib.org

**ਤ੍ਰਿਕੁਟੀ ਤਿਸੁ ਨਿਜ ਘਰਿ ਵਾਸਾ ॥ ੨ ॥**

ਇਸ ਦੇਹ ਰੂਪ ਕੱਚੀ ਮਟਕੀ ਨੂੰ ਨਾਸ ਹੋਣ ਵਾਲੀ ਸਮਝਕੇ ਆਸਾ ਤੋਂ ਬਿਨਾ ਹੋਏ ਹਨ ਜਿਸ ਦੀ ਇੱਕੁਰ ਦੀ ਤ੍ਰਿਕੁਟੀ ਛੁਟਦੀ ਹੈ ਭਾਵ ਵਾਸ਼ਨਾ ਦੂਰ ਹੁੰਦੀਆਂ ਹਨ ਉਸਦਾ ਅਪਣੇ ਅਸਲੀ ਘਰ ਵਿੱਚ ਵਾਸਾ ਹੁੰਦਾ ਹੈ ਭਾਵ ਓਹ ਪਰਮੇਸਰ ਨਾਲ ਮਿਲ ਜਾਂਦਾ ਹੈ ।

**ਊਚਾ ਚੜੈ ਸੁ ਪਵੈ ਪਇਆਲਾ ॥ ਧਰਨਿ ਪੜੈ ਤਿਸੁ ਲਗੈ ਨ ਕਾਲਾ ॥ ੩ ॥**

ਜੇਹੜਾ ਉੱਚਾ ਚੜ੍ਹਦਾ ਭਾਵ ਹੰਕਾਰ ਕਰਦਾ ਹੈ ਓਹ ਪਤਾਲ ਪੈਂਦਾ ਭਾਵ ਦੁਖ ਪਾਂਦਾ ਹੈ ਜੇਹੜਾ ਧਰਤੀ ਉਤੇ ਡਿਗਦਾ ਭਾਵ ਨਿੰਮ੍ਰਤਾ ਕਰਦਾ ਹੈ ਓਸਨੂੰ ਕਾਲ ਨਹੀਂ ਲਗਦਾ ਭਾਵ ਮੌਤ ਦਾ ਦੁਖ ਨਹੀਂ ਹੁੰਦਾ ਹੈ ।

**ਭ੍ਰਮਤ ਫਿਰੇ ਤਿਨ ਕਿਛੂ ਨ ਪਾਇਆ ॥ ਸੇ ਅਸਥਿਰ ਜਿਨ ਗੁਰ ਸਬਦੁ ਕਮਾਇਆ ॥ ੪ ॥**

ਓਹ ਕਦੀ ਕਿਤੇ ਕਦੀ ਕਿਤੇ ਭੌਂਦੇ ਫਿਰਦੇ ਹਨ ਓਹਨਾਂ ਨੇ ਕਦੀ ਕਿਤੋਂ ਕੁਛ ਵੀ ਨਹੀਂ ਪਾਇਆ ਹੈ ਭਾਵ ਲਾਭ ਨਹੀਂ ਲਿਆ ਓਹੋ ਹੀ ਅਸ-ਥਿਰ ਹੋਏ ਹਨ ਜਿਨਾਂ ਨੇ ਗੁਰ ਸ਼ਬਦ ਨੂੰ ਕਮਾਇਆ ਹੈ ।

**ਜੀਉ ਪਿੰਡੁ ਸਭੁ ਹਰਿ ਕਾ ਮਾਲੁ ॥ ਨਾਨਕ ਗੁਰ ਮਿਲਿ ਭਏ ਨਿਹਾਲ ॥ ੫ ॥ ੧੩ ॥**

ਗੁਰਮੁਖਾਂ ਦਾ ਇਹ ਭਰੋਸਾ ਹੈ ਕਿ ਸਰੀਰ, ਜੀਅ, ਮਾਲ ਸਾਰਾਂ ਹੀ ਪਰਮੇਸ਼ਰ ਦਾ ਦਿਤਾ ਹੋਇਆ ਹੈ ਗੁਰੂ ਜੀ=ਇਕੁਰ ਦੇ ਆਦਮੀ ਗੁਰਾਂ ਨੂੰ ਮਿਲ ਕੇ ਨਿਹਾਲ ਹੋਏ ਹਨ ॥

## ਆਸਾ ਮਹਲਾ ੫ ॥

"ਹੰਕਾਰੀਆਂ ਨੂੰ ਉਪਦੇਸ਼ ਹੈ"

**ਪੁਤਰੀ ਤੇਰੀ ਬਿਧਿ ਕਰਿ ਥਾਟੀ ॥ ਜਾਨੁ ਸਤਿ ਕਰਿ ਹੋਇਗੀ ਮਾਟੀ ॥ ੧ ॥**

ਹੇ ਮੂਰਖ ਆਦਮੀ ਜੇਹੜੀ ਤੇਰੀ ਇਹ ਦੇਹ ਪੁਤਲੀ ਹੈ ਇਹ ਰੀਤੀ ਨਾਲ ਭਾਵ ਪੰਜਾਂ ਤਤਾਂ ਦੇ ਮੇਲ ਨਾਲ "ਥਾਟੀ" ਬਣਾਈ ਗਈ ਹੈ, ਇਸ ਗਲ ਨੂੰ ਸੱਚ ਜਾਣ ਛੱਡ, ਕਿ ਕਿਸੇ ਦਿਨ ਨੂੰ ਇਹ ਮਿੱਟੀ ਹੋ ਜਾਵੇਗੀ ।

Digitized by Panjab Digital Library | www.panjabdigilib.org

ਮੂਲੁ ਸਮਾਲਹੁ ਅਚੇਤ ਗਵਾਰਾ॥ ਇਤਨੇ ਕਉ ਤੁਮ੍ ਕਿਆ ਗਰਬੇ ॥ ੧ ॥ ਰਹਾਉ ॥

ਹੇ ਬੇਸਮਝ ਮੂਰਖ ਕਿਉਂ ਹੰਕਾਰ ਕਰਦਾ ਹੈਂ ਤੂੰ ਆਪਣੇ ਮੁੱਢ ਭਾਵ ਵਾਹਿਗੁਰੂ ਨੂੰਯਾਦ ਕਰ ਜਾਂ ਗੰਦ ਤੋਂ ਦੇਹ ਬਣੀ ਹੈ,ਇਸ ਲਈ ਇਤਨੇ ਮਾਲ ਧਨ ਤੇ ਤੂੰ ਕਿਉਂ ਹੰਕਾਰ ਕਰਦਾ ਹੈਂ ।

ਤੀਨਿ ਸੇਰਕਾ ਦਿਹਾੜੀ ਮਿਹਮਾਨੁ ॥ ਅਵਰ ਵਸਤੁ ਤੁਝ ਪਾਹਿ ਅਮਾਨ ॥ ੨ ॥

ਸਾਰੀ ਦਿਹਾੜੀ ਵਿਚ ਤੂੰ ਤਿੰਨ ਸੇਰ ਅੰਨ ਦਾ ਪਰਾਹੁਣਾ ਹੈਂ ਹੋਰ ਜਿਤਨੀ ਵਸਤੂ ਤੇਰੇ ਪਾਸ ਹੈ ਸਾਰੀ ਹੀ ਅਮਾਨਤ ਹੈ ।

ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥ ੩ ॥

ਵਿਸ਼ਟਾ,ਹੱਡੀਆਂ,ਲਹੂ,ਇੱਕੁਰ ਦੇ ਸਾਰੇ ਗੰਦੇ ਮਾਲ ਚੰਮ ਵਿਚ ਲਪੇਟੇ ਹੋਏ ਹਨ ਇਸ ਮੈਲੀ ਦੇਹ ਉਤੇ ਤੂੰ ਹੰਕਾਰ ਕਿਉਂ ਲੈ ਰਖਿਆ ਹੈ ।

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥ ਬਿਨੁ ਬੂਝੇਤੂੰ ਸਦਾ ਨਾਪਾਕ ॥ ੪ ॥

ਇਕ ਆਤਮਕ ਵਸਤੂ ਨੂੰ ਤੂੰ ਸਮਝ ਲਏਂ ਤੇ ਤਾਂ ਪਵਿੱਤ੍ਰ ਹੋ ਜਾਵੇਂ ਬਿਨਾ ਉਸ ਵਸਤੂ ਦੇ ਤੂੰ ਸਦਾ ਹੀ ਅਪਵਿੱਤ੍ਰ ਹੈ ।

ਕਹੁ ਨਾਨਕ ਗੁਰ ਕਉ ਕੁਰਬਾਨੁ॥ ਜਿਸਤੇ ਪਾਈਐ ਹਰਿ ਪੁਰਖੁ ਸੁਜਾਨੁ ॥ ੫ ॥ ੧੪ ॥

ਗੁਰੂ ਜੀ=ਮੈਂ ਗੁਰਾਂਦੇ ਉਤੋਂ ਕੁਰਬਾਨ ਹਾਂ ਜਿਨ੍ਹਾਂ ਦੀ ਕਿਰਪਾ ਨਾਲ ਮੈਂ ਅਕਾਲ ਪੁਰਖ ਚਤਰ ਨੂੰ ਲੱਭ ਲਿਆ ਹੈ ।

## ਆਸਾ ਮਹਲਾ ੫ ਇਕਤੁਕੇ ਚਉਪਦੇ ॥

"ਸਿਖ ਦੀ ਪ੍ਰੀਤੀ"

ਇਕ ਘੜੀ ਦਿਨਸੁ ਮੋਕਉ ਬਹੁਤੁ ਦਿਹਾਰੇ॥ ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥ ੧ ॥

Digitized by Panjab Digital Library | www.panjabdigilib.org

ਇਕ ਘੜੀ ਦਿਨ ਦੀ ਮੈਨੂੰ ਬਹੁਤ ਦਿਹਾੜਿਆਂ ਵਰਗੀ ਜਾਪਦੀ ਹੈ ਮੈਂ ਪਿਆਰੇ ਨਾਲ ਕਿਸਤਰਾਂ ਮਿਲਾਂ ਮੇਰਾ ਮਨ ਟਿਕਦਾ ਨਹੀਂ ਹੈ।

## ਇਕੁ ਪਲੁ ਦਿਨਸੁ ਮੋਕਉ ਕਬਹੁ ਨ ਬਿਹਾਵੈ ॥ ਦਰਸਨਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁਮੋਕਉ ਪਿਰਹਿ ਮਿਲਾਵੈ ॥ ੧ ॥ ਰਹਾਉ ॥

ਜੇਹੜਾ ਦਿਨ ਦਾ ਇਕ ਪਲ ਹੈ ਵਿਛੋੜੇ ਕਰਕੇ ਓਹ ਬੀਤਣ ਵਿਚ ਨਹੀਂ ਆਉਂਦਾ ਹੈ ਪਿਆਰੇ ਦੇ ਦਰਸ਼ਨ ਕਰਨ ਦੀ ਮੇਰੇ ਦਿਲ ਵਿਚ ਬਹੁਤ ਹੀ ਆਸਾ ਲਗੀ ਹੋਈ ਹੈ ਇਕੁਰ ਦਾ ਵੀ ਕੋਈ ਸੰਤ ਹੈ ਜੇਹੜਾ ਮੈਨੂੰ ਪਿਆਰੇ ਦੇ ਨਾਲ ਮਿਲਾ ਦੇਵੇ ?

## ਚਾਰਿ ਪਹਰ ਚਹੁ ਜੁਗਹ ਸਮਾਨੇ ॥ ਰੈਣਿ ਭਈ ਤਬ ਅੰਤੁ ਨ ਜਾਨੇ ॥ ੨ ॥

ਦਿਨ ਦੇ ਚਾਰ ਪਹਿਰ ਮੈਨੂੰ ਚਹੁੰ ਜੁਗਾਂ ਵਰਗੇ ਬੀਤਦੇ ਹਨ ਜਦੋਂ ਰਾਤ ਹੁੰਦੀ ਹੈ ਉਸ ਵੇਲੇ ਤਾਂ ਮੈਂ ਉਸ ਦੁਖ ਦਾ ਅੰਤ ਹੀ ਨਹੀਂ ਜਾਣਦੀ ਹਾਂ।

## ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥ ੩ ॥

ਪੰਜਾਂ ਦੂਤਾਂ ਨੇ ਮਿਲ ਕੇ ਮੈਨੂੰ ਪਿਆਰੇ ਪਤੀ ਤੋਂ ਵਿਛੋੜਿਆ ਹੈ ਇਸ ਲਈ ਹਥਾਂ ਨੂੰ ਸਿਰ ਨਾਲ ਮਾਰ ਮਾਰ ਕੇ ਭਰਮ ਦੀ ਭਰਮਾਈ ਹੋਈ ਇਹ ਦਾਸੀ ਰੋਂਦੀ ਹੈ।

## ਜਨ ਨਾਨਕ ਕਉਹਰਿ ਦਰਸੁ ਦਿਖਾਇਆ॥ ਆਤਮੁ ਚੀਨਿ ਪਰਮ ਸੁਖੁ ਪਾਇਆ॥ ੪ ॥ ੧੫ ॥

ਗੁਰੂ ਜੀ=ਮੈਂ ਦਾਸ ਨੂੰ ਕ੍ਰਿਪਾ ਕਰਕੇ ਪਰਮੇਸਰ ਨੇ ਦਰਸ਼ਨ ਵਿਖਾਯਾ ਹੈ, ਅਪਣੇ ਅਸਲੀ ਰੂਪ ਨੂੰ ਸਮਝਕੇ ਮੈਂ ਵੱਡਾ ਸੁਖ ਪਾਇਆ ਹੈ॥

## ਆਸਾ ਮਹਲਾ ੫ ॥

## ਹਰਿ ਸੇਵਾ ਮਹਿ ਪਰਮ ਨਿਧਾਨੁ॥ ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ ॥ ੧ ॥

ਪ੍ਰਮੇਸਰ ਦੀ ਸੇਵਾ ਕਰਨ ਵਿਚ ਆਦਮੀ ਨੂੰ ਵੱਡਾ ਖਜਾਨਾਂ ਭਾਵ ਸੁਖ

Digitized by Panjab Digital Library | www.panjabdigilib.org

ਮਿਲਦਾ ਹੈ ਜਾਂ ਆਸਰਾ ਹੈ ਮੂੰਹੋਂ ਨਾਮ ਦਾ ਬੋਲਣਾ ਹਰੀ ਦੀ ਸੇਵਾ ਹੈ ।

**ਹਰਿ ਮੇਰਾ ਸਾਥੀ ਸੰਗਿ ਸਖਾਈ ॥ ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋਕਉ ਕਹਾ ਡਰਾਈ ॥ ੧ ॥ ਰਹਾਉ ॥**

ਪਰਮੇਸਰ ਮੇਰਾ ਸਾਥੀ ਹੈ ਅਤੇ ਸਦਾ ਹੀ ਨਾਲ ਰਹਿਕੇ ਸਹੈਤਾ ਕਰਨ ਵਾਲਾ ਹੈ, ਦੁਖ ਸੁਖ ਵਿਚ ਜਿਥੇ ਕਿਤੇ ਯਾਦ ਕਰੀਏ ਪ੍ਰਗਟ ਹੁੰਦਾ ਹੈ ਜਮ ਵਿਚਾਰਾ ਮੈਨੂੰ ਕੀ ਡਰਾ ਸਕਦਾ ਹੈ ।

**ਹਰਿ ਮੇਰੀ ਓਟ ਮੈ ਹਰਿ ਕਾ ਤਾਣੁ ॥ ਹਰਿ ਮੇਰਾ ਸਖਾ ਮਨ ਮਾਹਿ ਦੀਬਾਣੁ ॥ ੨ ॥**

ਪ੍ਰਮੇਸਰ ਹੀ ਮੇਰੇ ਸਰੀਰ ਦੀ ਓਟ ਹੈ, ਪਰਮੇਸਰ ਹੀ ਮੇਰਾ ਬਲ ਵਰਗਾ ਹੈ ਪਰਮੇਸਰ ਹੀ ਮੇਰਾ ਮਿਤ੍ਰ ਹੈ ਓਸੇ ਦਾ ਹੀ ਮੇਰੇ ਮਨ ਨੂੰ ਆਸਰਾ ਹੈ ।

**ਹਰਿ ਮੇਰੀ ਪੂੰਜੀ ਮੇਰਾ ਹਰਿ ਵੇਸਾਹੁ ॥ ਗੁਰਮੁਖਿ ਧਨੁ ਖਟੀ ਹਰਿ ਮੇਰਾ ਸਾਹੁ ॥ ੩ ॥**

ਪਰਮੇਸਰ ਹੀ ਮੇਰੀ ਰਾਸ ਹੈ ਅਤੇ ਭਰੋਸਾ ਵੀ ਆਪ ਹੀ ਹੈ ਸੋ ਗੁਰਮੁਖਤਾਈ ਕਰਕੇ ਹਰੀ ਧਨ ਖੱਟੀ ਦਾ ਹੈ ਸੋ ਪਰਮੇਸਰ ਮੇਰਾ ਸ਼ਾਹੂਕਾਰ ਹੈ ।

**ਗੁਰ ਕਿਰਪਾ ਤੇ ਇਹ ਮਤਿ ਆਵੈ ॥ ਜਨੁ ਨਾਨਕੁ ਹਰਿ ਕੈ ਅੰਕਿ ਸਮਾਵੈ ॥ ੪ ॥ ੧੬ ॥**

ਜਿਸਨੂੰ ਗੁਰੂ ਦੀ ਕਿਰਪਾ ਨਾਲ ਇਹ ਅਕਲ ਆ ਜਾਵੇ, ਗੁਰੂ ਜੀ=ਓਹ ਆਦਮੀ ਵਾਹਿਗੁਰੂ ਦੇ ਗਲ ਨਾਲ ਮਿਲ ਜਾਂਦਾ ਹੈ ਭਾਵ ਇਕ ਰੂਪ ॥

## ਆਸਾ ਮਹਲਾ ੫ ॥

**ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ ਲਾਈ॥ਸਤਿਗੁਰੁ ਸੇਵਿ ਸਭੈ ਫਲ ਪਾਈ ॥ ੧ ॥**

ਜਦੋਂ ਵਾਹਿਗੁਰੂ ਮਾਲਕ ਪਰਸੰਨ ਹੋਵੇ ਤਾਂ ਇਹ ਮਨ ਗੁਰਾਂ ਦੀ ਸੇਵਾ ਵਿਚ ਲਾਈਦਾ ਹੈ, ਜਦੋਂ ਸਤਿਗੁਰਾਂ ਦੀ ਸੇਵਾ ਕਰਦਾ ਹੈ ਤਾਂ ਸਾਰੇ ਫਲ ਪਾ ਲੈਂਦਾ ਹੈ ।

**ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ॥**

Digitized by Panjab Digital Library | www.panjabdigilib.org

**ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤਸਰਿ ਸਦਹੀ ਭਰਪੂਰਾ ॥ ੧ ॥ ਰਹਾਉ ॥**

ਹੇ ਮਨ! ਮੇਰਾ ਪੂਰਾ ਸਤਿਗੁਰੂ ਜਿਹੜਾ ਸਦਾ ਹੀ ਅੰਮ੍ਰਿਤ ਦਾ ਤਾਲ ਭਰਿਆ ਹੋਇਆ ਹੈ, ਸੁਖਾਂ ਦਾ ਖਜ਼ਾਨਾ ਹੈ ਮਨ ਭਾਉਂਦੀਆਂ ਵਾਸ਼ਨਾ ਪੂਰੀਆਂ ਕਰਨ ਵਾਲਾ ਹੈ ਤਾਂ ਫਿਰ ਤੂੰ ਕਿਉਂ ਰੋਵੇਂਗਾ ਜਾਂ ਉਦਾਸ ਹੋਵੇਂਗਾ ਗੁਰੋਂ ਤੋਂ ਸਭ ਕੁਛ ਮਿਲ ਜਾਵੇਗਾ ।

**ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥ ੨ ॥**

ਜਿਨ੍ਹਾਂ ਨੇ ਗੁਰਾਂ ਦੇ ਚਰਨ ਕਮਲ ਰਿਦੇ ਵਿਚ ਧਾਰਨ ਕੀਤੇ ਹਨ ਉਨ੍ਹਾਂ ਨੂੰ ਜੋਤ ਪ੍ਰਗਟ ਹੋਈ ਹੈ ਭਾਵ ਸਮਝ ਆ ਗਈ ਹੈ ਅਤੇ ਉਹ ਪਿਆਰੇ ਪਰਮੇਸਰ ਦੇ ਨਾਲ ਮਿਲ ਗਏ ਹਨ ।

**ਪੰਚ ਸਖੀ ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦੁ ਵਜਾਇਆ ॥ ੩ ॥**

ਸੰਤਾਂ ਸਖੀਆਂ ਨਾਲ ਮਿਲਕੇ ਮਾਲਕ ਦਾ ਜੱਸ ਗਾਇਆ ਹੈ, ਲਗਾਤਾਰ ਬਾਣੀ ਰੂਪ ਨਾਦ-ਸ਼ਬਦ ਨੂੰ ਵਜਾਇਆ ਭਾਵ ਜਪਿਆ ਹੈ ।

**ਗੁਰੁ ਨਾਨਕੁ ਤੁਠਾ ਮਿਲਿਆ ਹਰਿਰਾਇ ॥ ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ ॥ ੪ ॥ ੧੭ ॥**

ਗੁਰੂ ਜੀ ਜਦੋਂ ਗੁਰੂ ਨਾਨਕ ਦੇਵ ਪ੍ਰਸੰਨ ਹੋਇਆ ਤਾਂ ਪ੍ਰਕਾਸ਼ਕ ਪਰਮੇਸਰ ਮਿਲ ਪਿਆ ਹੈ ਤਾਂ ਸਾਰੀ ਅਵਸਥਾ ਰੂਪ ਰਾਤ ਸੁਖ ਨਾਲ ਬੀਤੀ ਹੈ ਅਤੇ ਸ਼ਾਂਤੀ ਸੁਭਾਉ ਹੋਇਆ ਹੈ ।

## ਆਸਾ ਮਹਲਾ ੫ ॥

**ਕਰਿ ਕਿਰਪਾ ਹਰਿ ਪਰਗਟੀ ਆਇਆ ॥ ਮਿਲਿ ਸਤਿਗੁਰ ਧਨੁ ਪੂਰਾ ਪਾਇਆ ॥ ੧ ॥**

ਜਦੋਂ ਸਤਿਗੁਰਾਂ ਨਾਲ ਮਿਲਕੇ ਪੂਰਾ ਨਾਮ ਧਨ ਪਾਇਆ ਤਾਂ ਕ੍ਰਿਪਾ ਕਰਕੇ ਪਰਮੇਸਰ ਪ੍ਰਗਟ ਹੋ ਆ ਗਿਆ ।

**ਐਸਾ ਹਰਿ ਧਨੁ ਸੰਚੀਐ ਭਾਈ ॥ ਭਾਹਿ ਨ ਜਾਲੈ**

Digitized by Panjab Digital Library | www.panjabdigilib.org

**ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ ॥ ੧ ॥ ਰਹਾਉ ॥**

ਹੇ ਭਰਾ ! ਇਕੁਰ ਦਾ ਹਰੀ ਧਨ ਕੱਠਾ ਕਰੀਏ ਜਿਸਨੂੰ ਅੱਗ ਸਾੜਦੀ ਨਹੀਂ ਪਾਣੀ ਡੋਬਦਾ ਨਹੀਂ ਤੇ ਓਹ ਇਕੁਰ ਦਾ ਧਨ ਸਾਥ ਛੱਡ ਕੇ ਕਿਤੇ ਜਾਂਦਾ ਨਹੀਂ ਹੈ ।

**ਤੋਟਿ ਨ ਆਵੈ ਨਿਖੁਟਿ ਨ ਜਾਇ ॥ ਖਾਇ ਖਰਚਿ ਮਨੁ ਰਹਿਆ ਅਘਾਇ ॥ ੨ ॥**

ਖਾਣ ਨਾਲ ਘਾਟਾ ਨਹੀਂ ਆਉਂਦਾ ਹੋਰਨਾਂ ਨੂੰ ਦੇਣ ਨਾਲ ਮੁੱਕਦਾ ਨਹੀਂ ਹੈ। ਖਾਂਦਿਆਂ ਖਰਚਦਿਆਂ ਮਨ ਰੱਜ ਰਹਿੰਦਾ ਹੈ ।

**ਸੋ ਸਚੁ ਸਾਹੁ ਜਿਸੁ ਘਰਿ ਹਰਿ ਧਨੁ ਸੰਚਾਣਾ॥ਇਸੁ ਧਨ ਤੇ ਸਭੁ ਜਗੁ ਵਰਸਾਣਾ ॥ ੩ ॥**

ਓਹ ਸੱਚਾ ਸ਼ਾਹੂਕਾਰ ਹੈ, ਜਿਸਦੇ ਦਿਲ ਅੰਦਰ ਸੱਚਾ ਨਾਮ ਧਨ ਕੱਠਾ ਕੀਤਾ ਹੋਇਆ ਹੈ ਇਸ ਧਨ ਤੋਂ ਸਾਰਾ ਜਗਤ ਹੀ ਵਰਸਾਇਆ ਹੈ ਭਾਵ ਲਾਭ ਉਠਾਇਆ ਹੈ ।

**ਤਿਨਿ ਹਰਿ ਧਨੁ ਪਾਇਆ ਜਿਸੁ ਪੁਰਬ ਲਿਖੇ ਕਾ ਲਹਣਾ॥ਜਨ ਨਾਨਕ ਅੰਤਿ ਵਾਰ ਨਾਮੁ ਗਹਣਾ॥੪॥੧੮॥**

ਓਹਨਾਂ ਨੇ ਹਰੀ ਧਨ ਪਾਇਆ ਹੈ ਜਿਨਾਂ ਦੇ ਲਾਭ ਹੋਣ ਦਾ ਮੱਥੇ ਉਤੇ ਪਹਿਲੇ ਹੀ ਲੇਖ ਲਿਖਿਆ ਹੋਇਆ ਸੀ।ਗੁਰੂ ਜੀ=ਅੰਤ ਦੇ ਵੇਲੇ ਨਾਮ ਹੀ ਗਹਿਣਾ ਹੈ ਭਾਵ ਸੋਭਾ ਤੇ ਆਸਰਾ ਦੇਣ ਵਾਲਾ ॥

## ਆਸਾ ਮਹਲਾ ੫ ॥

**ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥ ੧ ॥**

ਜਿਸਤਰਾਂ ਜ਼ਿਮੀਦਾਰ ਖੇਤੀ ਬੀਜਦਾ ਹੈ ਓਹ ਜਦੋਂ ਚਾਹੇ ਕੱਚੀ ਪੱਕੀ ਵੱਢ ਲੈਂਦਾ ਹੈ ਭਾਵ ਸਾਰੀਆਂ ਅਵਸਥਾਂ ਵਾਲੇ ਜੀਵ ਉਸਦੀ ਖੇਤੀ ਹਨ ਓਹ ਜਦੋਂ ਚਾਹੇ ਪਰਾਣੀਆਂ ਨੂੰ ਜਾਂ ਪ੍ਰਾਣਾਂ ਨੂੰ ਕੱਢ ਲੈਂਦਾ ਹੈ ।

**ਜੋ ਜਨਮੈ ਸੋ ਜਾਨਹੁ ਮੂਆ ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਜੋ ਜੰਮਿਆਂ ਹੈ ਓਹ ਮੋਇਆ ਹੀ ਜਾਣ ਲਓ ਪਰਮੇਸਰ ਦਾ ਭਗਤ ਸਦਾ ਹੀ ਇਸਥਿਤ ਰਹਿਣ ਵਾਲਾ ਪ੍ਰਗਟ ਹੋਇਆ ਹੈ।

**ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ ਫਿਰਿ ਹੋਇ ਪਰਭਾਤਿ ॥ ੨ ॥**

ਜਿਸਤਰਾਂ ਦਿਨ ਹੋਇਆ ਤਾਂ ਜ਼ਰੂਰ ਰਾਤ ਪਵੇਗੀ, ਜਦੋਂ ਰਾਤ ਚਲੀ ਗਈ ਤਾਂ ਸਵੇਰ ਹੋਵੇਗਾ।

**ਮਾਇਆ ਮੋਹਿ ਸੋਇ ਰਹੇ ਅਭਾਗੇ॥ਗੁਰ ਪਰਸਾਦਿ ਕੋ ਵਰਲਾ ਜਾਗੇ ॥ ੩ ॥**

ਮਾਇਆ ਦੇ ਮੋਹੇ ਹੋਏ ਅਭਾਗੇ ਜੀਵ ਸਦਾ ਹੀ ਮੋਹ ਨੀਂਦ ਵਿਚ ਸੌ ਰਹੇ ਹਨ,ਗੁਰਾਂ ਦੀ ਕ੍ਰਿਪਾ ਨਾਲ ਮੋਹ ਨੀਂਦ ਤੋਂ ਕੋਈ ਵਿਰਲਾ ਹੀਜਾਗਦਾਹੈ!

**ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥ ੪ ॥ ੧੯ ॥**

ਗੁਰੂ ਜੀ=ਜਦੋਂ ਅਕਾਲਪੁਰਖ ਦੇ ਰੋਜ ਹੀ ਗੁਣ ਗਾਈਏ ਤਾਂ ਲੋਕ ਪ੍ਰਲੋਕ ਵਿਚ ਮੂੰਹ ਉੱਜਲਾ ਹੁੰਦਾ ਹੈ ਅਤੇ ਮਨ ਸੁਧ ਹੁੰਦਾ ਹੈ ॥

## ਆਸਾ ਮਹਲਾ ੫ ॥

( ਸਨਮੁਖ ਬੇਨਤੀ ਹੈ )

**ਨਉਨਿਧਿ ਤੇਰੈ ਸਗਲ ਨਿਧਾਨ ॥ ਇਛਾ ਪੂਰਕੁ ਰਖੈ ਨਿਦਾਨ ॥ ੧ ॥**

ਨੌਂ ਨਿਧੀਆਂ ਆਦਿਕ ਸਾਰੇ ਪਦਾਰਥ ਤੇਰੇ ਖਜਾਨੇ ਵਿਚ ਹਨ ਸਾਰਿਆਂ ਦੀਆਂ ਲੋੜਾਂਨੂੰ ਪੂਰੀਆਂ ਕਰਦਾ ਹੈਂ ਅਤੇ ਅੰਤਨੂੰ ਰੱਖਿਆ ਵੀਕਰਦਾਹੈਂ॥੧॥

**ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ॥ ਤੂੰ ਮਨਿ ਵਸਿਆ ਲਗੈ ਨ ਦੂਖਾ ॥ ੧ ॥ ਰਹਾਉ ॥**

ਹੇ ਵਾਹਿਗੁਰੂ ਜਦੋਂ ਤੂੰ ਮੇਰਾ ਪਿਆਰਾ ਹੈਂ ਤਾਂ ਮੈਨੂੰ ਕਿਸਤਰਾਂ ਦੀ ਜਾਂ ਕੀ ਭੁੱਖ ਹੈ, ਜਦੋਂ ਤੂੰ ਮੇਰੇ ਮਨ ਵਿਚ ਵੱਸ ਗਿਆ ਤਾਂ ਮੈਨੂੰ ਕੋਈ ਦੁਖ ਨਹੀਂ ਲਗਦਾ ਹੈ।

**ਜੋ ਤੂੰ ਕਰਹਿ ਸੋਈ ਪਰਵਾਣੁ ॥ ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ ॥ ੨ ॥**

Digitized by Panjab Digital Library | www.panjabdigilib.org

ਹੇ ਮਾਲਕਾ ਜੋ ਤੂੰ ਕਰਦਾ ਹੈਂ ਸੋ ਸਾਨੂੰ ਪਰਮਾਣ ਹੁੰਦਾ ਹੈ ਸਚਿਆ ਮਾਲਕਾ ਤੇਰਾ ਹੁਕਮ ਸੱਚਾ ਹੈ।

## ਜਾ ਤੁਧੁ ਭਾਵੈ ਤਾ ਹਰਿ ਗੁਣ ਗਾਉ ॥ ਤੇਰੈ ਘਰਿ ਸਦਾ ਸਦਾ ਹੈ ਨਿਆਉ ॥ ੩ ॥

ਜੇ ਤੈਨੂੰ ਭਾਵਾਂ ਤਾਂ ਤੇਰੇ ਗੁਣ ਗਾਵਾਂ ਭਾਵ ਤੂੰ ਕਿਰਪਾ ਕਰੇਂ ਤੇ ਤਾਂ ਨਾਮ ਜਪਾਂ ਤੇਰੇ ਘਰ ਸਦਾ ੨ ਨਿਆਉਂ ਹੈ ਭਾਵ ਕਿਸੇ ਨਾਲ ਧੱਕਾ ਨਹੀਂ ਹੁੰਦਾ ਹੈ।

## ਸਾਚੇ ਸਾਹਿਬ ਅਲਖ ਅਭੇਵ ॥ ਨਾਨਕ ਲਾਇਆ ਲਾਗਾ ਸੇਵ ॥ ੪ ॥ ੨੦ ॥

ਹੇ ਸੱਚੇ ਮਾਲਕ ਨ ਵੇਖੇ ਜਾਣ ਵਾਲੇ ਨ ਭੇਦ ਲਏ ਜਾਣ ਵਾਲੇ ਗੁਰੂ ਜੀ ਮੈਂ ਦਾਸ ਲਾਇਆ ਹੋਇਆ ਤੇਰੀ ਸੇਵਾ ਵਿੱਚ ਲਗਦਾ ਹਾਂ ॥

## ਆਸਾ ਮਹਲਾ ੫ ॥

## ਨਿਕਟਿ ਜੀਅ ਕੈ ਸਦ ਹੀ ਸੰਗਾ॥ ਕੁਦਰਤਿ ਵਰਤੈ ਰੂਪ ਅਰੁ ਰੰਗਾ ॥ ੧ ॥

ਪ੍ਰਮੇਸਰ ਆਦਮੀ ਦੇ ਪਾਸ ਹੈ ਅਤੇ ਸਦਾ ਹੀ ਸਰੀਰ ਦੇ ਨਾਲ ਰਹਿੰਦਾ ਹੈ ਵਾਲ ੨ ਨਾਲ ਮਿਲਿਆ ਹੋਇਆ ਹੈ, ਅਪਣੀ ਮਾਇਆ ਕਰਕੇ ਸਾਰਿਆਂ ਰੂਪਾਂ ਰੰਗਾਂ ਵਿੱਚ ਵਰਤ ਰਿਹਾ ਹੈ।

## ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ॥ ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ ॥ ੧ ॥ ਰਹਾਉ ॥

ਹੇ ਭਰਾ ਮਨ ਕਰਕੇ ਕੜਨਾ ਭਾਵ ਸੜਨਾ ਮੂੰਹ ਨਾਲ ਝੂਰਨਾ ਭਾਵ ਆਪਣਾ ਦੁਖ ਹੋਰਨਾਂ ਨੂੰ ਦੱਸਣਾ ਇਹ ਸਾਡੇ ਪਾਸ ਨਹੀਂ ਹੈ ਜੇਹੜਾ ਮਨ ਦੁਖਾਂ ਕਰਕੇ ਰੋਣ ਵਾਲਾ ਸੀ ਸੋ ਹੁਣ ਨਹੀਂ ਹੈ, ਇਹ ਸਮਝਕੇ ਮਨ ਨਹੀਂ ਰੋਂਦਾ ਹੈ ਜੋ ਸਾਡਾ ਮਾਲਕ ਨਾਸਰਹਿਤ ਹੈ ਜਿਸਦੀ ਗਤੀ ਪਾਈ ਨਹੀਂ ਜਾਂਦੀ ਇੰਦ੍ਰਿਆਂ ਤੋਂ ਪਰੇ ਹੈ ਸਦਾ ਰਹਿਣ ਵਾਲਾ ਹੈ, ਭਾਵ ਜਿਸ ਦਾ ਮਾਲਕ ਇੱਕੁਰ ਦਾ ਹੈ ਉਸ ਨੂੰ ਫਿਰ ਕੀ ਝੋਰਾ ਹੈ।

## ਤੇਰੇ ਦਾਸਰੇ ਕਉ ਕਿਸਕੀ ਕਾਣਿ ॥ ਜਿਸ ਕੀ ਮੀਰਾ ਰਾਖੈ ਆਣਿ ॥ ੨ ॥

Digitized by Panjab Digital Library | www.panjabdigilib.org

ਤੇਰੇ ਦਾਸ ਨੂੰ ਕਿਸ ਦੀ ਕੁਸ਼ਾਮਦ ਹੈ ਹੇ ਪਾਤਸ਼ਾਹ! ਜਿਸਦੀ ਤੂੰ ਇੱਜ਼ਤ ਰੱਖਦਾ ਹੈਂ (ਉਸ)ਦੀ ਅਗੇ ਗੱਲ ਦੱਸਦੇ ਹਨ।

**ਜੋ ਲਉੜਾ ਪ੍ਰਭਿ ਕੀਆ ਅਜਾਤਿ ॥ ਤਿਸੁ ਲਉੜੇ ਕਉ ਕਿਸ ਕੀ ਤਾਤਿ ॥ ੩ ॥**

ਹੇ ਮਾਲਕਾ ਜੇਹੜਾ ਦਾਸ ਨੂੰ ਜਾਤੀ ਆਦਕ ਹੰਕਾਰ ਤੋਂ ਰਹਿਤ ਕੀਤਾ ਹੈ ਉਸ ਦਾਸ ਨੂੰ ਕਿਸ ਦੀ ਤਾਤਿ=ਲੋੜ ਹੈ।

**ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ *ਗੁਰ ਵਾਹੁ ॥ ੪ ॥ ੨੧ ॥**

ਤੂੰ ਬੇਮੁਹਤਾਜ ਤੇ ਬੇਪਰਵਾਹ ਹੈਂ ਮੈਂ ਗੁਰੂ ਦੀ ਕਿਰਪਾ ਨਾਲ ਤੈਨੂੰ ਵਾਹੁ ਵਾਹੁ ਗੁਰ ਕਰਕੇ ਆਖਦਾ ਹਾਂ ਭਾਵ ਅਸਚਰਜ ਅਸਚਰਜ ॥

## ਆਸਾ ਮਹਲਾ ੫ ॥

**ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥ ੧ ॥**

ਆਦਮੀ ਪ੍ਰਮੇਸਰ ਦੇ ਰਸ ਨੂੰ ਛੱਡਕੇ ਹੋਛਿਆਂ ਵਿਸ਼ਿਆਂ ਦੇ ਰਸਾਂ ਵਿੱਚ ਮਾਤਾ ਹੋਇਆ ਹੈ, ਆਤਮ ਵਸਤੂ ਰਿਦੇ ਰੂਪ ਘਰ ਵਿੱਚ ਹੈ ਇਹ ਬਾਹਰ ਜੰਗਲਾਂ ਨੂੰ ਉਠਕੇ ਜਾਂਦਾ ਹੈ।

**ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥ ੧ ॥ ਰਹਾਉ ॥**

ਇਸ ਪਾਸੋਂ ਸੱਚੀ ਅੰਮ੍ਰਿਤ ਰੂਪ ਪ੍ਰਮੇਸਰ ਦੀ ਕਥਾ ਸੁਣੀ ਨਹੀਂ ਜਾਂਦੀ ਹੈ,ਝੂਠੀਆਂ ਗੱਲਾਂ ਕਹਾਣੀਆਂ ਵਿੱਚ ਲੱਗਕੇ ਲੜਾਈਆਂ ਕਰਦਾ ਰਹਿੰਦਾ ਹੈ।

**ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹਿ ਅਛਾਦਿਓ ਪ੍ਰਾਨੀ ॥ ੨ ॥**

ਖਾਣ ਪੀਣ ਦਾ ਰੋਜ਼ੀਨਾ ਮਾਲਕ ਪਾਸੋਂ ਖਾਂਦਾ ਹੈ ਅਤੇ ਸੇਵਾ ਬਗਾਨੀ ਦੇਵੀ ਦੇਵਤਿਆਂ ਦੀ ਕਰਦਾ ਹੈ ਇੱਕੁਰ ਦੇ ਦੋਸਾਂ ਨਾਲ ਇਹ ਆਦਮੀ ਢੱਕਿਆ ਹੋਇਆ ਹੈ।

**ਤਿਸੁ ਸਿਉ ਲੂਕ ਜੋ ਸਦਹੀ ਸੰਗੀ ॥ ਕਾਮਿ ਨ**

*ਇਹ ਵਾਹੁਗੁਰ, ਕਰਕੇ ਪੜ੍ਹਨਾ ਅਸੁਧ ਹੈ।

Digitized by Panjab Digital Library | www.panjabdigilib.org

ਆਵੈ ਸੋ ਫਿਰਿ ਫਿਰਿ ਮੰਗੀ ॥ ੩ ॥

ਉਸ ਨਾਲ ਲੁਕਾ ਕਰਦਾ ਹੈ ਜੇਹੜਾ ਪ੍ਰਮੇਸ਼ਰ ਸਦਾ ਹੀ ਨਾਲ ਰਹਿੰਦਾ ਹੈ ਜੇਹੜੀ ਵਸਤੂ ਇਸਦੇ ਕਦੀ ਵੀ ਕੰਮ ਨਹੀਂ ਆਉਣੀ ਉਸ ਇਸਤ੍ਰੀ ਪੁਤ੍ਰ ਨੂੰ ਮੁੜ ੨ ਮੰਗਦਾ ਹੈ।

ਕਹੁ ਨਾਨਕ ਪ੍ਰਭ ਦੀਨ ਦਇਆਲਾ ॥ ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥ ੪ ॥ ੨੨ ॥

ਗੁਰੂ ਜੀ=ਹੇ ਮਾਲਕ! ਦੀਨ ਦਿਆਲੂ ਜਿੱਕੁਰ ਤੈਨੂੰ ਚੰਗਾ ਲਗਦਾ ਹੈ ਉੱਕਰ ਹੀ ਮੇਰੀ ਪਾਲਣਾ ਕਰ।

## ਆਸਾ ਮਹਲਾ ੫ ॥

ਜੀਅ ਪ੍ਰਾਨ ਧਨੁ ਹਰਿ ਕੋ ਨਾਮੁ ॥ ਈਹਾ ਊਹਾਂ ਉਨ ਸੰਗਿ ਕਾਮੁ ॥ ੧ ॥

ਮੇਰਾ ਜੀਅ ਪ੍ਰਾਣ ਧਨ ਸਭ ਪਰਮੇਸਰ ਦਾ ਨਾਮ ਹੀ ਹੈ, ਏਥੇ ਓਥੇ ਉਸ ਨਾਮ ਨਾਲ ਹੀ ਸਾਡਾ ਕੰਮ ਹੈ, ਭਾਵ ਹਰ ਥਾਂ ਸਹੈਤਾ ਕਰਦਾ ਹੈ ॥ ੧ ॥

ਬਿਨੁ ਹਰਿ ਨਾਮੁ ਅਵਰੁ ਸਭੁ ਥੋਰਾ ॥ ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ ॥ ੧ ॥ ਰਹਾਉ ॥

ਪਰਮੇਸਰ ਦੇ ਨਾਮ ਬਿਨਾਂ ਹੋਰ ਸਾਰਾ ਵਿਸ਼ਿਆਂ ਦਾ ਰਸ ਥੋੜਾ ਭਾਵ ਕੁਛ ਨਹੀਂ ਹੈ, ਮੇਰਾ ਮਨ ਪਰਮੇਸਰ ਦੇ ਦਰਸ਼ਨ ਨਾਲ ਰੱਜਦਾ ਹੈ। ਤ੍ਰਿਪਤ ਤੇ ਅਘਾਵੇ ਦਾ ਅਰਥ ਰੱਜਣਾ ਪ੍ਰਸੰਨ ਹੋਣਾ ਹੈ।

ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ ॥ ੨ ॥

ਲਾਲ=ਪ੍ਰੇਮ ਦਾ ਤੇ ਭਗਤੀ ਦਾ ਖਜ਼ਾਨਾ ਗੁਰਾਂ ਦੀ ਬਾਣੀ ਹੈ ਜੇਹੜਾ ਗੁਰਬਾਣੀ ਨੂੰ ਗਾਂਦਾ ਸੁਣਦਾ ਕਮਾਂਦਾ ਹੈ ਓਹ ਨਿਹਾਲ ਹੁੰਦਾ ਹੈ।

ਚਰਣ ਕਮਲ ਸਿਉ ਲਾਗੋ ਮਾਨੁ ॥ ਸਤਿਗੁਰਿ ਤੂਠੈ ਕੀਨੋ ਦਾਨੁ ॥ ੩ ॥

ਮੇਰਾ ਮਨ ਚਰਨਾਂ ਕਮਲਾਂ ਨਾਲ ਲਗਾ ਹੈ, ਸਤਿਗੁਰਾਂ ਨੇ ਪ੍ਰਸੰਨ ਹੋਕੇ ਮੈਨੂੰ ਨਾਮ ਦਾਨ ਦਿੱਤਾ ਹੈ।

Digitized by Panjab Digital Library | www.panjabdigilib.org

ਨਾਨਕ ਕਉ ਗੁਰਿ ਦੀਖਿਆ ਦੀਨ੍ਹ ॥ ਪ੍ਰਭੁ ਅਬਿਨਾਸੀ ਘਟਿ ਘਟਿ ਚੀਨ੍ਹ ॥ ੪ ॥ ੨੩ ॥

ਗੁਰੂ ਜੀ=ਮੈਨੂੰ ਗੁਰਾਂ ਨੇ ਇੱਕੁਰ ਦੀ ਸਿਖਿਆ ਦਿਤੀ ਹੈ ਜਿਸ ਕਰਕੇ ਅਸਾਂ ਨ ਮਰਨ ਵਾਲੇ ਮਾਲਕ ਨੂੰ ਘਟ ੨ ਵਿੱਚ ਪੂਰਨ ਵੇਖਿਆ ਹੈ ॥

ਆਸਾ ਮਹਲਾ ੫ ॥

ਅਨਦ ਬਿਨੋਦ ਭਰੇ ਪੁਰਿ ਧਾਰਿਆ ॥ ਅਪੁਨਾ ਕਾਰਜੁ ਆਪਿ ਸਵਾਰਿਆ ॥ ੧ ॥

ਅਕਾਲ ਪੁਰਖ ਆਪ ਅਨੰਦ ਰੂਪ ਹੈ ਇਹ ਜਿਤਨੇ ਤਮਾਸ਼ੇ ਹਨ ਸਾਰਿਆਂ ਵਿੱਚ ਪੂਰਨ ਹੋਕੇ ਸਾਰਿਆਂ ਨੂੰ ਆਪ ਨੇ ਹੀ ਧਾਰਿਆ ਹੋਇਆ ਹੈ ਅਪਣਾ ਕੰਮ ਸਾਰਾ ਸੰਸਾਰ ਦਾ ਆਪ ਹੀ ਸਵਾਰਿਆ ਹੋਇਆ ਹੈ ਜਾਂ ਭਗਤਾਂ ਅਪਣਿਆਂ ਦਾ ਕੰਮ ।

ਪੂਰ ਸਮਗ੍ਰੀ ਪੂਰੇ ਠਾਕੁਰ ਕੀ ॥ ਭਰਿਪੁਰਿ ਧਾਰਿ ਰਹੀ ਸੋਭ ਜਾਕੀ ॥ ੧ ॥ ਰਹਾਉ ॥

ਮੇਰੇ ਪੂਰੇ ਮਾਲਕ ਦੀ ਸਮੱਗਰੀ ਪੂਰੀ ਹੈ ਜਿਸ ਦੀ ਚੇਤਨਸੱਤਾ ਭਰਪੂਰ ਹੋਕੇ ਸਾਰੇ ਸੰਸਾਰ ਨੂੰ ਧਾਰਨ ਕਰ ਰਹੀ ਹੈ ਅਤੇ ਸਾਰੇ ਲੋਕ ਸ਼ਾਸਤ੍ਰ ਜਿਸ ਦੀ ਸੋਭਾ ਕਰਦੇ ਹਨ ।

ਨਾਮੁ ਨਿਧਾਨੁ ਜਾਕੀ ਨਿਰਮਲ ਸੋਇ ॥ ਆਪੇ ਕਰਤਾ ਅਵਰੁ ਨ ਕੋਇ ॥ ੨ ॥

ਜਿਸ ਪ੍ਰਮੇਸਰ ਦਾ ਨਾਮ ਸਾਰਿਆਂ ਸੁੱਖਾਂ ਦਾ ਖਜ਼ਾਨਾ ਹੈ ਅਤੇ ਜਿਸ ਦੀ ਨਿਰਮਲ ਸੋਭਾ ਹੈ ਓਹ ਕਰਤਾ ਪੁਰਖ ਮਾਲਕ ਆਪ ਹੀ ਹੈ ਦੂਸਰਾ ਹੋਰ ਕੋਈ ਉਸ ਦੇ ਬਰਾਬਰ ਕਰਤਾ ਨਹੀਂ ਹੈ ।

ਜੀਅ ਜੰਤ ਸਭਿ ਤਾਕੈ ਹਾਥਿ ॥ ਰਵਿ ਰਹਿਆ ਪ੍ਰਭੁ ਸਭ ਕੈ ਸਾਥਿ ॥ ੩ ॥

ਛੋਟੇ ਵੱਡੇ ਸਾਰੇ ਜੀਵ ਉਸਦੇ ਹੱਥ ਵਸ ਹਨ ਓਹ ਸਾਰਿਆਂ ਦੇ ਨਾਲ ਮਿਲਿਆ ਹੋਇਆ ਹੈ ।

ਪੂਰਾ ਗੁਰੁ ਪੂਰੀ ਬਣਤ ਬਣਾਈ ॥ ਨਾਨਕ ਭਗਤ ਮਿਲੀ ਵਡਿਆਈ ॥ ੪ ॥ ੨੪ ॥

Digitized by Panjab Digital Library | www.panjabdigilib.org

ਪੂਰੇ ਗੁਰੂ ਨੇ ਸਾਰੇ ਸੰਸਾਰ ਦੀ ਪੂਰੀ ਬਣਤ ਬਣਾਈ ਹੈ ਗੁਰੂ ਜੀ= ਜੇਹੜੇ ਭਗਤ ਹਨ ਓਹਨਾਂ ਨੂੰ ਵਡਿਆਈ ਮਿਲੀ ਹੈ ॥

## ਆਸਾ ਮਹਲਾ ੫ ॥

**ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥ ਗੁਰ ਕਾ ਦਰਸਨੁ ਸੰਚਹੁ ਹਰਿ ਧਨੁ ॥ ੧ ॥**

ਗੁਰਾਂ ਦੇ ਉਪਦੇਸ਼ ਕਰਕੇ ਇਸ ਮਨ ਚੰਚਲ ਨੂੰ ਸੁੱਧ ਬਨਾਵਾਂ ਤੇ ਗੁਰਾਂ ਦਾ ਦਰਸ਼ਨ ਕਰਕੇ ਇਹ ਹਰੀ ਨਾਮ ਧਨ ਨੂੰ ਕੱਠਾ ਕਰਾਂ।

**ਊਤਮ ਮਤਿ ਮੇਰੈ ਹਿਰਦੈ ਤੂੰ ਆਉ ॥ ਧਿਆਵਉ ਗਾਵਉ ਗੁਣ ਗੋਵਿੰਦਾ ਅਤਿ ਪ੍ਰੀਤਮ ਮੋਹਿ ਲਾਗੈ ਨਾਉ ॥ ੧ ॥ ਰਹਾਉ ॥**

ਹੇ ਚੰਗੀ ਅਕਲ ਤੂੰ ਮੇਰੇ ਦਿਲ ਵਿੱਚ ਆ ਜਿਸ ਕਰਕੇ ਮੈਂ ਪ੍ਰਮੇਸਰ ਨੂੰ ਯਾਦ ਕਰਾਂ ਤੇ ਉਸਦੇ ਗੁਣ ਗਾਵਾਂ ਅਤੇ ਪਿਆਰੇ ਦਾ ਨਾਮ ਹੀ ਮੈਨੂੰ ਪਿਆਰਾ ਲੱਗੇ !

**ਤ੍ਰਿਪਤਿ ਅਘਾਵਨੁ ਸਾਚੈ ਨਾਇ ॥ ਅਠਸਠਿ ਮਜਨੁ ਸੰਤ ਧੂਰਾਇ ॥ ੨ ॥**

ਸੱਚੇ ਨਾਮ ਨਾਲ ਮੇਰਾ ਮਨ ਰੱਜਕੇ, ਬਹੁਤ ਹੀ ਪ੍ਰਸੰਨ ਹੋ ਜਾਂਦਾ ਹੈ ਸੰਤਾਂ ਦੀ ਧੂੜ ਮਿਲੇ ਤੇ ਤਾਂ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਆ ਮਿਲਦਾ ਹੈ।

**ਸਭ ਮਹਿ ਜਾਨਉ ਕਰਤਾ ਏਕ ॥ ਸਾਧ ਸੰਗਤਿ ਮਿਲਿ ਬੁਧਿ ਬਿਬੇਕ ॥ ੩ ॥**

ਜਦੋਂ ਸਾਧ ਸੰਗਤ ਵਿਚ ਮਿਲਕੇ ਵਿਚਾਰ ਵਾਲੀ ਅਕਲ ਵਾਲਾ ਮਨ ਹੋਵੇਗਾ ਤਾਂ ਮੈਂ ਇਕ ਕਰਤਾ ਪੁਰਖ ਨੂੰ ਸਾਰਿਆਂ ਵਿਚ ਪੂਰਨ ਜਾਣਾਂਗਾ।

**ਦਾਸੁ ਸਗਲ ਕਾ ਛੋਡਿ ਅਭਿਮਾਨੁ ॥ ਨਾਨਕ ਕਉ ਗੁਰਿ ਦੀਨੋ ਦਾਨੁ ॥ ੪ ॥ ੨੫ ॥**

ਗੁਰੂ ਨਾਨਕ ਦੇਵ ਜੀ=ਮੈਨੂੰ ਚੰਗੀ ਅਕਲ ਦਾ ਦਾਨ ਦਿੱਤਾ ਹੈ ਜਿਸ ਕਰਕੇ ਮੈਂ ਸਾਰਾ ਜਾਤੀ ਆਦਿਕ ਦਾ ਹੰਕਾਰ ਛੱਡ ਕੇ ਸਾਰਿਆਂ ਦਾ ਦਾਸ ਹੋਇਆ ਹਾਂ ॥

Digitized by Panjab Digital Library | www.panjabdigilib.org

## ਆਸਾ ਮਹਲਾ ੫ ॥

**ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾਤੇ ਬਿਨਸੀ ਦੁਰਮਤਿ ਦੂਰੀ ॥ ੧ ॥**

ਜਦੋਂ ਸਤਿਗੁਰਾਂ ਨੂੰ ਮਿਲਕੇ ਚੰਗੀ ਅਕਲ ਮਿਲੀ ਤਾਂ ਅਕਲ ਚਾਨਣ ਵਾਲੀ ਹੋ ਗਈ, ਇਸ ਲਈ ਪ੍ਰਮੇਸਰ ਤੋਂ ਦੂਰ ਕਰਨ ਵਾਲੀ ਖੋਟੀ ਸਿਖਿਆ ਜਾਂ ਅਕਲ ਨਾਸ ਹੋ ਗਈ ਭਾਵ ਪਹਿਲੇ ਪ੍ਰਮੇਸਰ ਨੂੰ ਦੂਰ ਜਾਣਦਾ ਸੀ ਹੁਣ ਹਰ ਥਾਂ ।

**ਐਸੀ ਗੁਰਮਤਿ ਪਾਈਅਲੇ ॥ ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈਰੇ ॥ ੧ ॥ ਰਹਾਉ ॥**

ਹੇ ਭਰਾ ! ਮੈਂ ਗੁਰਾਂ ਪਾਸੋਂ ਇੱਕੁਰ ਦੀ ਸਿਖਿਆ ਪਾਈ ਹੈ ਸੰਸਾਰ ਰੂਪ ਡਰੌਣੇ ਅੰਨ੍ਹੇ ਖੂਹ ਵਿਚ ਮੈਂ ਡੁੱਬਦਾ ਸੀ ਬਾਹਰ ਨਿਕਲ ਆਯਾ ਹਾਂ ।

**ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥ ੨ ॥**

ਜੇਹੜਾ ਬੜਾ ਅਥਾਹ ਕਾਮ ਆਦਿਕ ਅੱਗ ਦਾ ਸਮੁੰਦਰ ਹੈ ਜੇਹੜੇ ਗੁਰੂ ਰਤਨ ਆਦਿਕ ਗੁਣਾਂ ਦੀ ਖਾਣ ਹਨ ਓਹਨਾਂ ਨੇ ਆਪ ਹੀ ਜਹਾਜ ਰੂਪ ਹੋਕੇ ਤਾਰ ਲਿਆ ਹੈ ।

**ਦੁਤਰ ਅੰਧ ਬਿਖਮ ਇਹ ਮਾਇਆ ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥ ੩ ॥**

ਜਿਸ ਦਾ ਤਰਨਾ ਬੜਾ ਔਖਾ ਹੈ ਅਤੇ ਔਖਾ ਰਸਤਾ ਹੈ ਇਕੁਰ ਦੀ ਮਾਇਆ ਰੂਪ ਨਦੀ ਤੋਂ ਪੂਰੇ ਗੁਰਾਂ ਨੇ ਆਪਨੀ ਕ੍ਰਿਪਾ ਕਰਕੇ ਪ੍ਰਗਟ ਹੀ ਰਸਤਾ ਵਿਖਾਇਆ ਹੈ ।

**ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੇਰੀ ॥ ੪ ॥ ੨੬ ॥**

ਹੇ ਗੁਰ ਨਾਨਕ ਦੇਵ ਜੀ ! ਮੈਂ ਕੇਵਲ ਆਪਦੀ ਸਰਣ ਆਯਾ ਹਾਂ ਨ ਮੇਰੇ ਵਿਚ ਬਲ ਹੈ ਨ ਜਾਪ ਤਾਪ ਹੈ ਨ ਬਾਣੀ ਬੋਲਨ ਦੀ ਉਕਤੀ ਜੁਗਤੀ ਹੈ ਜੋ ਕੁਛ ਹੈ ਆਪ ਦੀ ਹੀ ਕਿਰਪਾ ਹੈ ॥

Digitized by Panjab Digital Library | www.panjabdigilib.org

## ਆਸਾ ਮਹਲਾ ੫ ਤਿਪਦੇ ੨ ॥

**ਹਰਿ ਰਸੁ ਪੀਵਤ ਸਦਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥ ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥**

ਭਗਤ ਪ੍ਰਮੇਸਰ ਦੇ ਰਸ ਨੂੰ ਪੀਕੇ ਸਦਾ ਹੀ ਮਤਾ ਰਹਿੰਦਾ ਹੈ ਜੋਹੜੇ ਹੋਰ ਰਸ ਹਨ ਓਹਨਾਂ ਦਾ ਨਸ਼ਾ ਪਲ ਵਿਚ ਲਹਿ ਜਾਂਦਾ ਹੈ। ਜਿਨਾਂ ਦਾ ਮਨ ਹਰੀ ਰਸ ਵਿਚ ਮੱਤਾ ਹੈ ਓਹ ਸਦਾ ਅਨੰਦ ਰਹਿੰਦੇ ਹਨ, ਹੋਰ ਰਸਾਂ ਵਾਲਿਆਂ ਦੇ ਮਨ ਨੂੰ ਚਿੰਤਾ ਆ ਕੇ ਚੰਬੜਦੀ ਹੈ ਜਾਂ ਹੋਰ ਰਸਾਂ ਵਿਚ।

**ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ਆਨ ਰਸਾ ਸਭਿ ਹੋਛੇਰੇ ॥ ੧ ॥ ਰਹਾਉ ॥**

ਜੇਹੜਾ ਹਰੀ ਰਸ ਪੀਂਦਾ ਹੈ ਓਹ ਅਲ=ਪੂਰੀ ਮਸਤੀ ਕਰਕੇ ਮਤਵਾਲਾ ਹੋਇਆ ਰਹਿੰਦਾ ਹੈ ਜਿਤਨੇ ਹੋਰ ਰਸ ਹਨ ਸਾਰੇ ਹੀ ਫਿੱਕੇ ਹਨ ਭਾਵ ਮਾੜੇ ਜਾਣਦੇ ਹਨ।

**ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥ ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ ॥ ੨ ॥**

ਹਰੀ ਰਸ ਦੀ ਕੀਮਤ ਕਹੀ ਨਹੀਂ ਜਾਂਦੀ ਹੈ ਇਹ ਹਰੀ ਰਸ ਸਾਧੂਆਂ ਦੀ ਹੱਟੀ ਭਾਵ ਸਤਸੰਗ ਜਾਂ ਰਿਦੇ ਵਿਚ ਸਮਾਇਆ ਰਹਿੰਦਾ ਹੈ। ਇਹ ਹਰੀ ਰਸ ਲੱਖ ਕਰੋੜ ਰੁਪੱਯਾ ਖਰਚਨ ਨਾਲ ਕਿਸੇ ਤਰਾਂ ਵੀ ਕਿਸੇ ਨੂੰ ਨਹੀਂ ਮਿਲਦਾ ਹੈ ਜਿਸ ਨੂੰ ਮਿਲਨਾ ਲਿਖਿਆ ਹੈ ਓਸੇ ਨੂੰ ਗੁਰੂ ਦੇਂਦਾ ਹੈ।

**ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥ ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥ ੩ ॥ ੨੭ ॥**

ਗੁਰੂ ਜੀ=ਅਸੀਂ ਚੱਖ ਕੇ ਅਸਚਰਜ ਹੋ ਗਏ ਹਾਂ ਪਰ ਚੌਥ ਨਾਨਕ ਤੋਂ ਸੁਾਦ ਆਇਆ ਹੈ ਜੋ ਨਾਨਕ ਅਨੇਕਾਂ ਦੇ ਦੁਖਾਂ ਤੋਂ ਰਹਿਤ ਭਾਵ ਪ੍ਰਮੇਸਰ ਹੈ ਉਸ ਹਰੀ ਰਸ ਵਿਚ ਮੇਰਾ ਮਨ ਗਿਝ ਗਿਆ ਹੈ ਹੁਣ ਉਸ ਰਸ ਨੂੰ ਛੱਡ ਕੇ ਈਧਰ ਉਧਰ ਕਿਤੇ ਨਹੀਂ ਜਾਂਦਾ ਹੈ।

Digitized by Panjab Digital Library | www.panjabdigilib.org

## ਆਸਾ ਮਹਲਾ ੫ ॥

**ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥ ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥ ੧ ॥**

ਕਾਮ, ਕ੍ਰੋਧ, ਲੋਭ, ਮੋਹ ਦੇ ਜ਼ੋਰ ਨੂੰ ਤਾਂ ਮਿਟਾਵੇਂਗੀ ਅਤੇ ਅਪਣੀ ਧਾਰਨ ਕੀਤੀ ਹੋਈ ਜੇਹੜੀ ਖੋਟੀ ਅਕਲ ਹੈ ਓਹਵੀ ਛੁਟ ਜਾਵੇਗੀ। ਜਦੋਂ ਤੂੰ ਨਿਮਾਣੀ ਭਾਵ ਹੰਕਾਰ ਰਹਤ ਹੋਕੇ ਸੰਤਾਂ ਦੀ ਸੇਵਾ ਕਰੇਂਗੀ ਤੇ ਤਾਂ ਪਿਆਰੇ ਪਤੀ ਦੇ ਮਨ ਨੂੰ ਪਿਆਰੀ ਲੱਗੇਂਗੀ।

**ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥ ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥ ੧ ॥ ਰਹਾਉ ॥**

ਹੇ ਸਿੱਖ ਰੂਪ ਇਸਤਰੀ! ਤੂੰ ਸੰਤਾਂ ਦੇ ਸੁੰਦਰ ਬਚਨਾਂ ਨੂੰ ਸੁਣ, ਤਾਂ ਤੇਰਾ ਉਧਾਰ ਹੋਵੇਗਾ। ਮਨ ਨੂੰ ਸੁਖ ਦੇਣ ਵਾਲੀ (ਨਾਰੀ) ਇਸਤਰੀ ਭਾਵ ਪ੍ਰੇਮਾ-ਭਗਤੀ ਜਦੋਂ ਤੈਨੂੰ ਮਿਲੇਗੀ ਤਾਂ ਦੁਖ ਭੁਖ ਸੰਸਾ ਤੇਰਾ ਦੂਰ ਹੋ ਜਾਵੇਗਾ ਅਤੇ ਤੂੰ ਸੁਖ ਪਾਵੇਂਗੀ।

**ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥ ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿਦੁਆਰੀ ॥ ੨ ॥**

ਜਦੋਂ ਚਰਨ ਧੋ ਕੇ ਗੁਰਾਂ ਦੀ ਸੇਵਾ ਕਰੇਂਗੀ ਤਾਂ ਤੇਰਾ ਮਨ ਨਿਰਮਲ ਹੋਵੇਗਾ ਅਤੇ ਵਿਸ਼ਿਆਂ ਦੀ ਤੇਹ ਦੂਰ ਹੋ ਜਾਵੇਗੀ, ਜਦੋਂ ਤੂੰ ਦਾਸਾਂ ਦੇ ਦਾਸਾਂ ਦੀ ਦਾਸੀ ਬਣੇਂਗੀ ਤਾਂ ਹਰੀ ਪਿਆਰੇ ਦੇ ਦਰਬਾਰ ਵਿਚ ਤੂੰ ਸੋਭਾਪਾਵੇਂਗੀ।

**ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥ ਜੋ ਇਹੁ ਮੰਤ੍ਰ ਕਮਾਵੈ ਨਾਨਕ ਸੋ ਭਉਜਲ ਪਾਰਿ ਉਤਾਰੀ ॥ ੩ ॥ ੨੮ ॥**

ਏਹੋ ਹੀ ਚੰਗਾ ਕਰਤੱਬ ਹੈ ਇਹੋ ਹੀ ਚੰਗਾ ਵਿਹਾਰ ਹੈ, ਜੋ ਤੂੰਪ੍ਰਮੇਸ਼ਰ ਦੀ ਆਗਜਾ ਮੰਨੇਂਗੀ ਤਾਂ ਹੀ ਤੇਰੀ ਭਗਤੀ ਪੂਰੀ ਹੋਵੇਗੀ, ਗੁਰੂ ਜੀ=ਜਿਹੜੀ ਇਸ ਮੰਤ੍ਰ ਨੂੰ ਕਮਾਵੇਗੀ ਸੋ ਜੀਵ ਇਸਤ੍ਰੀ ਇਸ ਸੰਸਾਰ ਸਮੁੰਦਰ ਤੋਂ ਆਪ ਵੀ

Digitized by Panjab Digital Library | www.panjabdigilib.org

ਪਾਰ ਉਤਰ ਜਾਵੇਗੀ ਅਤੇ ਹੋਰਨਾਂ ਨੂੰ ਵੀ ਪਾਰ ਉਤਾਵੇਗੀ ॥

## ਆਸਾ ਮਹਲਾ ੫ ਦੁਪਦੇ ॥

{ ਦੇਹੁਰੀਆ=ਦੇਹ । ਬਰੀਆ=ਵਾਰੀ । ਸਰੰਜਾਮਿ=ਉੱਦਮ । ਰੰਗਿ=ਪ੍ਰੇਮ । ਸਰਮਾ=ਲੱਜਿਆ । ਇਸ ਸ਼ਬਦ ਦਾ ਅਰਥ ਪਹਿਲੀ ਸੈਂਚੀ ਵਿਚ ਹੋ ਚੁਕਾ ਹੈ ॥ }

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ ੧ ॥

ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ੧ ॥ ਰਹਾਉ ॥

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿਰਾਇਆ ॥ ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥ ੨ ॥ ੨੯ ॥

## ਆਸਾ ਮਹਲਾ ੫ ॥

ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥ ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥ ੧ ॥

ਮੈਨੂੰ ਤੇਰੇ ਬਿਨਾਂ ਹੋਰ ਕੋਈ ਦੂਸਰਾ ਨਜ਼ਰ ਨਹੀਂ ਆਉਂਦਾ ਹੈ ਤੂੰ ਹੀ ਮੇਰੇ ਮਨ ਵਿੱਚ ਵੱਸਦਾ ਹੈਂ ਤੂੰ ਹੀ ਮੇਰਾ ਮਿਤ੍ਰ ਹੈਂ ਤੂੰ ਹੀ ਮੇਰਾ ਸਾਥੀ ਹੈਂ ਹੇ ਪ੍ਰਮੇਸਰਾ ! ਫਿਰ ਅਸੀਂ ਜੀ ਵਿਚ ਕਿਉਂ ਡਰੀਏ,ਭਾਵ ਨਹੀਂ ਡਰਦੇ ਹਾਂ।

ਤੁਮਰੀ ਓਟ ਤੁਮਾਰੀ ਆਸਾ ॥ ਬੈਠਤ ਊਠਤ ਸੋਵਤ ਜਾਗਤ ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥੧॥ਰਹਾਉ॥

Digitized by Panjab Digital Library | www.panjabdigilib.org

ਹੇ ਮਾਲਕਾ ! ਤੇਰੀ ਹੀ ਓਟ ਹੈ ਅਤੇ ਤੇਰੀ ਹੀ ਆਸਾ ਲੱਗੀ ਹੋਈ ਹੈ ਹੇ ਮਾਲਕਾ ਬਹਿੰਦਿਆਂ ਉਠਦਿਆਂ ਸੌਂਦਿਆਂ ਜਾਗਦਿਆਂ ਆਪ ਕਿਸੇ ਵੀ ਸੁਆਸ ਗਰਾਸ ਵਿੱਚ ਸਾਨੂੰ ਨ ਭੁੱਲੋ ।

**ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ ॥ ਨਾਨਕ ਕੇ ਸੁਖ ਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ ॥ ੨ ॥ ੩੦ ॥**

ਹੇ ਮਾਲਕਾ ਇਸ ਭੈਆਨਕ ਸੰਸਾਰ ਸਮੁੰਦ੍ਰ ਤੋਂ ਬਚਾਕੇ ਸਾਨੂੰ ਅਪਣੀ ਸਰਣ ਵਿੱਚ ਰੱਖ, ਰੱਖ, ਹੇ ਗੁਰੂ ਜੀ ਅਸੀਂ ਤੁਹਾਡੇ ਬੱਚੇ ਹਾਂ ਤੁਸੀਂ ਸਾਡੇ ਸੁਖਦਾਤੇ ਹੋ ਆਪ ਗੁਪਾਲ ਹੋਕੇ ਰੱਖਿਆ ਕਰੋ ਭਾਵ ਜਿੱਕੁਰ ਕ੍ਰਿਸ਼ਨ ਨੇ ਰੱਖਿਆ ਕੀਤੀ ਸੀ ਇੱਕੁਰ ਤੁਸੀ ਰੱਖਿਆ ਕਰੋ।

## ਆਸਾ ਮਹਲਾ ੫ ॥

**ਹਰਿ ਜਨ ਲੀਨੇ ਪ੍ਰਭੂ ਛਡਾਇ॥ਪ੍ਰੀਤਮ ਸਿਉ ਮੇਰੋ ਮਨੁ ਮਾਨਿਆ ਤਾ ਪਾਪੁ ਮੂਆ ਬਿਖੁ ਖਾਇ॥੧॥ਰਹਾਉ॥**

ਪ੍ਰਮੇਸਰ ਨੇ ਕਾਮ ਆਦਕ ਦੁਸ਼ਟਾਂ ਤੋਂ ਜਾਂ ਸੰਸਾਰ ਦੇ ਦੁੱਖਾਂ ਤੋਂ ਅਪਣੇ ਦਾਸ ਛੁਡਾ ਲਏ ਹਨ, ਮੇਰਾ ਮਨ ਪਿਆਰੇ ਵਾਹਿਗੁਰੂ ਨਾਲ ਮੰਨ ਗਿਆ ਹੈ ਕਿਉਂਕਿ ਮੇਰਾ ਤਾਪ ਜੇਹੜਾ ਮੇਰੇ ਸਰੀਰ ਨੂੰ ਦੁਖਦਾਈ ਸੀ ਵਿਹੁ ਖਾਕੇ ਮਰ ਗਿਆ ਹੈ ਭਾਵ ਲੱਥ ਗਿਆ ਹੈ ।

**ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਣ ਗਾਇ ॥ ਡਾਕੀ ਕੋ ਚਿਤਿ ਕਛੂ ਨ ਲਾਗੈ ਚਰਣ ਕਮਲ ਸਰਨਾਇ ॥ ੧ ॥**

ਠੰਢ ਗਰਮੀ ਹੁਣ ਕੁਛ ਨਹੀਂ ਖੰਥੜਦੀ ਹੈ ਰਾਮ ਨਾਮ ਦੇ ਗੁਣ ਗਾਂਦੇ ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਦੀ ਸ਼ਰਨ ਆਏ ਹਾਂ, ਇਸ ਲਈ ਤ੍ਰਿਸ਼ਨਾ ਡੈਣ ਦਾ ਚਿਤਵਨਾ ਭਾਵ ਵੇਖਣਾ ਕੁਛ ਨਹੀਂ ਲਗਦਾ ਹੈ ।

**ਸੰਤਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ॥ ਗੁਨ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੂਖੁ ਮਿਟਾਇ ॥ ੨ ॥ ੩੧ ॥**

ਹੁਣ ਸੰਤਾਂ ਦੀ ਕ੍ਰਿਰਪਾ ਕਰਕੇ ਪ੍ਰਮੇਸਰ ਜੀ ਆਪ ਹੀ ਕ੍ਰਿਰਪਾਲੂ

Digitized by Panjab Digital Library | www.panjabdigilib.org

ਹੋਕੇ ਸਹੈਤਾ ਕਰਨ ਵਾਲੇ ਹੋਏ ਹਨ, ਦੁਖ ਸੰਦੇਹ ਦੂਰ ਕਰਕੇ ਹੁਣ ਪ੍ਰਮੇਸਰ ਗੁਣਾਂ ਦੇ ਖਜਾਨੇ ਨੂੰ ਰੋਜ਼ ਹੀ ਗਾਂਦੇ ਹਾਂ ॥

## ਆਸਾ ਮਹਲਾ ੫ ॥

**ਅਉਖਧੁ ਖਾਇਓ ਹਰਿ ਕੋ ਨਾਉ ॥ ਸੁਖੁ ਪਾਏ ਦੁਖੁ ਬਿਨਸਿਆ ਥਾਉ ॥ ੧ ॥**

ਅਸਾਂ ਪ੍ਰਮੇਸਰ ਦਾ ਨਾਮ ਦਵਾਈ ਖਾਧੀ ਹੈ ਇਸ ਲਈ ਦੁਖ ਦਾ ਥਾਂ ਅਗਜਾਨ ਦੂਰ ਹੋ ਗਿਆ ਹੈ ਅਤੇ ਸੁਖ ਪਾਇਆ ਹੈ।

**ਤਾਪੁ ਗਇਆ ਬਚਨਿ ਗੁਰ ਪੂਰੇ ॥ ਅਨਦੁ ਭਇਆ ਸਭਿ ਮਿਟੇ ਵਿਸੂਰੇ ॥ ੧ ॥ ਰਹਾਉ ॥**

ਪੂਰਿਆਂ ਗੁਰਾਂ ਦੇ ਬਚਨਾਂ ਕਰਕੇ ਤਾਪ ਚਲਿਆ ਗਿਆ ਹੈ ਹੁਣ ਸਾਨੂੰ ਹਰ ਤਰਾਂ ਨਾਲ ਅਨੰਦ ਹੋਗਿਆ ਹੈ ਅਤੇ ਹਰਤਰਾਂ ਦੇ ਝੋਰੇ ਦੂਰ ਹੋ ਗਏ ਹਨ।

**ਜੀਅ ਜੰਤ ਸਗਲ ਸੁਖੁ ਪਾਇਆ ॥ ਪਾਰਬ੍ਰਹਮੁ ਨਾਨਕ ਮਨਿ ਧਿਆਇਆ ॥ ੨ ॥ ੩੨ ॥**

ਗੁਰੂ ਜੀ=ਜਿਨ ਜਿਨ ਮਨ ਨਾਲ ਪ੍ਰਮੇਸਰ ਨੂੰ ਯਾਦ ਕੀਤਾ ਹੈ ਉਸ ਉਸ ਛੋਟੇ ਵੱਡੇ ਜੀਅ ਨੇ ਸੁਖ ਪਾਇਆ ਹੈ ॥

## ਆਸਾ ਮਹਲਾ ੫ ॥

**ਬਾਛਤ ਨਾਹੀ ਸੁ ਬੇਲਾ ਆਈ ॥ ਬਿਨੁ ਹੁਕਮੈ ਕਿਉ ਬੁਝੈ ਬੁਝਾਈ ॥ ੧ ॥**

ਜਿਸ ਵੇਲੇ ਨੂੰ ਆਦਮੀ ਨਹੀਂ ਚਾਹੁੰਦਾ ਸੀ ਸੋ ਉਸ ਵੇਲੇ ਦੀ ਘੜੀ ਨੇੜੇ ਆਈ ਚਾਹੁੰਦੀ ਹੈ, ਸਮਝਾਈਦਾ ਤਾਂ ਬੜਾ ਹੈ ਪਰ ਪ੍ਰਮੇਸਰ ਦੇ ਹੁਕਮ ਬਿਨਾਂ ਕਿਸਤਰਾਂ ਸਮਝਾਇਆ ਸਮਝੇ? ਭਾਵ ਨਹੀਂ ਸਮਝਦਾ ਹੈ।

**ਠੰਢੀ ਤਾਤੀ ਮਿਟੀ ਖਾਈ ॥ ਓਹੁ ਨ ਬਾਲਾ ਬੂਢਾ ਭਾਈ ॥ ੧ ॥ ਰਹਾਉ ॥**

ਠੰਢੀ=ਪਾਣੀ। ਤਾਤੀ=ਅੱਗ। ਮਿੱਟੀ=ਧਰਤੀ। ਖਾ=ਅਕਾਸ। ਈ=ਪੌਣ, ਭਾਵ ਇਹਨਾਂ ਪੰਜਾਂ ਤੱਤਾਂ ਨਾਲ ਦੇਹ ਬਣੀ ਜਾਂ ਦੇਹ ਦਾ ਇਹ ਹਾਲ ਹੁੰਦਾ ਹੈ ਕੋਈ ਪਾਣੀ ਵਿਚ ਰੋੜ੍ਹ ਦਿੰਦਾ ਹੈ ਕੋਈ ਸਾੜ ਦਿੰਦਾ ਹੈ, ਕੋਈ ਮਿੱਟੀ

Digitized by Panjab Digital Library | www.panjabdigilib.org

ਵਿੱਚ ਦਬਾ ਦੇਂਦਾ ਹੈ ਕੋਈ ਖਾਈ=ਮੋਏ ਆਦਮੀ ਨੂੰ ਪਿਆ ਰਹਿਣ ਦੇਂਦਾ ਹੈ ਕੁੱਤੇ ਖਾ ਜਾਂਦੇ ਹਨ, ਜਿਹੜਾ ਚੇਤਨ ਆਤਮਾ ਹੈ ਉਹ ਨ ਬਾਲਕ ਹੈ ਨ ਬੁੱਢਾ ਹੈ ਭਾਵ ਵਧਦਾ ਘਟਦਾ ਨਹੀਂ ਹੈ। ਜਾਂ ਮਿੱਟੀ ਦੀ ਦੇਹ ਨੂੰ ਠੰਢੀ ਤੱਤੀ ਭਾਵ ਹਰਖ ਸ਼ੋਕ ਦੋਵੇਂ ਹੀ ਖਾਈ ਭਾਵ ਮਾਰ ਜਾਂਦੇ ਹਨ ਪਰ ਚੇਤਨ ਇਕ ਰਸਹੈ ਜਾਂ ਤਿੰਨ ਤੱਤ, ਪਾਣੀ, ਅੱਗ, ਮਿਟੀ ਦੇ ਨੂੰ ਖਾ ਜਾਂਦੇ ਹਨ ਅਤੇ ਆਤਮਾ ਸਦਾ ਹੈ।

**ਨਾਨਕ ਦਾਸ ਸਾਧ ਸਰਣਾਈ ॥ ਗੁਰਪ੍ਰਸਾਦਿ ਭਉ ਪਾਰਿ ਪਰਾਈ ॥ ੨ ॥ ੩੩ ॥**

ਗੁਰੂ ਜੀ ਸੰਤਾਂ ਦੀ ਸ਼ਰਨ ਤੇ ਗੁਰੂ ਦੀ ਕਿਰਪਾ ਨਾਲ ਡਰੌਣੇ ਸੰਸਾਰ ਸਮੁੰਦਰ ਤੋਂ ਆਦਮੀ ਪਾਰ ਹੋ ਜਾਂਦਾ ਹੈ ॥

## ਆਸਾ ਮਹਲਾ ੫ ॥

**ਸਦਾ ਸਦਾ ਆਤਮ ਪਰਗਾਸੁ ॥ ਸਾਧ ਸੰਗਤਿ ਹਰਿ ਚਰਣਿ ਨਿਵਾਸੁ ॥ ੧ ॥**

ਜਿਸ ਆਤਮਾਂ ਦਾ ਸਦਾ ਹੀ ਪਰਕਾਸ਼ ਹੈ ਸਾਧ ਸੰਗਤ ਕਰਨ ਨਾਲ ਉਸ ਪਰਮੇਸਰ ਦੇ ਚਰਨਾਂ ਵਿਚ ਆਦਮੀ ਦਾ ਨਿਵਾਸ ਹੁੰਦਾ ਹੈ।

**ਰਾਮ ਨਾਮ ਨਿਤਿ ਜਪਿ ਮਨ ਮੇਰੇ ॥ ਸੀਤਲ ਸਾਂਤਿ ਸਦਾ ਸੁਖ ਪਾਵਹਿ ਕਿਲਵਿਖ ਜਾਹਿ ਸਭੇ ਮਨ ਤੇਰੇ ॥ ੧ ॥ ਰਹਾਉ ॥**

ਹੇ ਮਨ ਮੇਰੇ! ਰੋਜ਼ ੨ ਰਾਮ ਨਾਮ ਨੂੰ ਜਪ ਜਿਸ ਕਰਕੇ ਸਦਾ ਸੁਖ ਹੋਵੇ ਦਿਲ ਸ਼ਾਂਤੀ, ਸੀਤਲ ਹੋਣ ਨਾਲ ਤੇਰੇ ਮਨ ਦੇ ਸਾਰੇ ਭਾਰੇ ੨ ਪਾਪ ਦੂਰ ਹੋ ਜਾਣ।

**ਕਹੁ ਨਾਨਕ ਜਾ ਕੇ ਪੂਰਨ ਕਰਮ ॥ ਸਤਿਗੁਰ ਭੇਟੇ ਪੂਰਨ ਪਾਰਬ੍ਰਹਮ ॥੨॥੩੪॥ ਦੂਜੇ ਘਰ ਕੇ ਚਉਤੀਸ**

ਗੁਰੂ ਜੀ=ਜਿਸਦੇ ਪੂਰੇ ਭਾਗ ਹੁੰਦੇ ਹਨ ਉਸਨੂੰ ਇੱਕੁਰ ਦਾ ਗਿਆਨ ਦੇਣ ਵਾਲੇ ਪੂਰਨ ਪਰਮੇਸਰ ਦਾ ਰੂਪ ਸਤਿਗੁਰੂ ਆਕੇ ਮਿਲਦੇ ਹਨ।

## ਆਸਾ ਮਹਲਾ ੫ ॥

**ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ ॥ ਪੀੜ ਗਈ ਫਿਰਿ ਨਹੀ ਦੁਹੇਲੀ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਜਿਸਦਾ ਮਿੱਤ੍ਰ ਪਰਮੇਸਰ ਸਮਰੱਥ ਹੈ ਉਸਦੀ ਪੀੜ ਜਾਂਦੀ ਰਹੀ ਹੈ ਅਤੇ ਉਸਦੀ ਅਕਲ਼ ਵੀ ਦੁਖੀ ਨਹੀਂ ਹੁੰਦੀ ਹੈ।

**ਕਰਿ ਕਿਰਪਾ ਚਰਨ ਸੰਗਿ ਮੇਲੀ ॥ ਸੂਖ ਸਹਜ ਆਨੰਦ ਸੁਹੇਲੀ ॥ ੧ ॥**

ਗੁਰਾਂ ਨੇ ਕਿਰਪਾ ਕਰਕੇ ਅਪਣੇ ਚਰਨਾਂ ਨਾਲ ਮਿਲਾਈਹੈ ਸਹਿਜ ਸੁਖ ਵਾਲਾ ਜਿਹੜਾ ਪਰਮੇਸਰ ਹੈ ਉਸਦੇ ਅਨੰਦ ਨੂੰ ਪਾਕੇ ਬਹੁਤ ਹੀ ਸੁਖੀਹੋਈਹੈ।

**ਸਾਧ ਸੰਗਿ ਗੁਣ ਗਾਇ ਅਤੋਲੀ ॥ ਹਰਿ ਸਿਮਰਤ ਨਾਨਕ ਭਈ ਅਮੋਲੀ ॥ ੨ ॥ ੩੫ ॥**

ਗੁਰੂ ਜੀ=ਸਾਧ ਸੰਗਤ ਵਿਚ ਮਿਲਕੇ ਹਰੀ ਦੇ ਗੁਣ ਗਾਕੇ ਅਤੇ ਸਿਮਰਨ ਕਰਕੇ ਓਹ ਅਕਲ ਅਤੋਲੀ ਤੇ ਅਮੋਲੀ ਹੋ ਗਈ ਹੈ।

## ਆਸਾ ਮਹਲਾ ੫ ॥

**ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥ ਸਤੁ ਸੰਤੋਖੁ ਦਇਆ ਧਰਮੁ ਸਚੁ ਇਹੁ ਅਪਨੈ ਗ੍ਰਿਹ ਭੀਤਰਿ ਵਾਰੇ ॥ ੧ ॥**

ਕਾਮ ਕਰੋਧ ਮਾਇਆ ਦਾ ਛਲ ਤੇ ਜਾਤੀ ਆਦਕ ਦਾ ਹੰਕਾਰ ਈਰਖਾ ਇਹ ਸਾਰੇ ਔਗਣ ਭਜਨ ਰੂਪ ਜੂਏ ਦੀ ਖੇਡ ਖੇਡਦਿਆਂ ਹੋਇਆਂ ਹਾਰ ਦਿਤੇ ਹਨ ਭਾਵ ਸਾਰੇ ਔਗਣ ਦੂਰ ਹੋ ਗਏ ਹਨ, ਸਤ ਸੰਤੋਖ, ਦਯਾ ਧਰਮ ਪਵਿੱਤਰਤਾ ਆਦਕ ਗੁਣ ਦਿਲ ਵਿਚ ਵਾੜ ਲਏ ਹਨ ਭਾਵ ਧਾਰੇਹਨ।

**ਜਨਮ ਮਰਨ ਚੂਕੇ ਸਭਿ ਭਾਰੇ ॥ ਮਿਲਤ ਸੰਗਿ ਭਇਓ ਮਨ ਨਿਰਮਲੁ ਗੁਰਿਪੂਰੈ ਲੈ ਖਿਨ ਮਹਿ ਤਾਰੇ ॥ ੧ ॥ ਰਹਾਉ ॥**

ਜਨਮ ਮਰਨ ਦੇ ਭਾਰੇ ਦੁਖ ਨਾਸ ਹੋ ਗਏ ਹਨ, ਸਾਧ ਸੰਗਤ ਵਿਚ ਮਿਲਕੇ ਮੇਰਾ ਮਨ ਨਿਰਮਲ ਹੋਇਆ ਹੈ, ਪੂਰੇ ਗੁਰਾਂ ਨੇ ਇਕ ਛਿਨ ਵਿਚ ਤਾਰ ਲਿਆ ਹੈ।

**ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥ ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭ ਜੀਅ ਸਮ੍ਹਾਰੇ ॥ ੨ ॥**

Digitized by Panjab Digital Library | www.panjabdigilib.org

ਜਦੋਂ ਇਹ ਮਨ ਹੰਕਾਰ ਛੱਡ ਕੇ ਸਾਰਿਆਂ ਦੇ ਚਰਨਾਂ ਦੀ ਧੂੜੀ ਹੋ ਗਿਆ, ਫਿਰ ਸਾਰੇ ਆਦਮੀ ਸਾਡੇ ਮਿਤ੍ਰ ਪਿਆਰੇ ਹੀ ਦਿੱਸਨ ਲੱਗੇ। ਮੇਰਾ ਮਾਲਕ ਸਾਰਿਆਂ ਵਿੱਚ ਮਿਲਿਆ ਹੋਇਆ ਹੈ ਅਤੇ ਸਾਰਿਆਂ ਦਾ ਦਾਤਾ ਹੈ ਅਤੇ ਸਾਰਿਆਂ ਦੀ ਸੰਭਾਲਣਾ ਕਰਦਾ ਹੈ।

**ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ ॥ ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥ ੩ ॥**

ਇਕ ਹੀ ਪਿੱਛੇ ਸੀ ਇਕ ਹੀ ਹੁਣ ਹੈ ਅਤੇ ਇਕੋ ਇਕ ਇਸ ਸਾਰੇ ਪਸਾਰੇ ਵਿੱਚ ਅੱਗੇ ਹੋਵੇਗਾ ਪ੍ਰਮੇਸਰ ਨੂੰ ਜਪ ਜਪ ਕੇ ਸਾਰੇ ਹੀ ਮਾੜੇ ਆਦਮੀ ਸ੍ਰੇਸ਼ਟ ਆਦਮੀ ਬਣ ਗਏ ਹਨ, ਓਹਨਾਂ ਨੇ ਇਕ ਨਾਮ ਨੂੰ ਯਾਦ ਕਰਕੇ ਬਹੁਤ ਸਾਰਿਆਂ ਜੀਵਾਂ ਨੂੰ ਉਧਾਰਿਆ ਹੈ।

**ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ ॥ ਤੁਮ੍ਰੀ ਕ੍ਰਿਪਾ ਤੇ ਗੁਣ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ ॥੪॥੩੬॥**

ਹੇ ਡੂੰਘੇ, ਇਸਥਿਤ, ਧਰਤੀ ਦੇ ਮਾਲਕ! ਤੇਰਾ ਕੋਈ ਅੰਤ ਨਹੀਂ ਹੈ ਜਾਂ ਤੇਰੇ ਜਸ ਦੇ ਪਾਰਾਵਾਰ ਦਾ ਕੋਈ ਅੰਤ ਨਹੀਂ ਹੈ, ਤੂੰ ਬਿਅੰਤ ਹੈਂ, ਗੁਰੂ ਜੀ=ਮੈਂ ਤੇਰੀ ਕਿਰਪਾ ਨਾਲ ਤੇਰੇ ਗੁਣ ਗਾਂਦਾ ਹਾਂ ਤੇ ਤੇਰੇ ਰੂਪ ਨੂੰ ਯਾਦ ਕਰਕੇ ਮੱਥਾ ਟੇਕਦਾ ਹਾਂ॥

## ਆਸਾ ਮਹਲਾ ੫ ॥

**ਤੂ ਬਿਅੰਤੁ ਅਵਿਗਤੁ ਅਗੋਚਰੁ ਇਹੁ ਸਭੁ ਤੇਰਾ ਆਕਾਰੁ ॥ ਕਿਆ ਹਮ ਜੰਤ ਕਰਹ ਚਤੁਰਾਈ ਜਾ ਸਭੁ ਕਿਛੁ ਤੁਝੈ ਮਝਾਰਿ ॥ ੧ ॥**

ਹੇ ਨ ਮਰਨ ਵਾਲੇ ਨ ਵੇਖੇ ਜਾਣ ਵਾਲੇ ਪ੍ਰਮੇਸਰਾ! ਤੂੰ ਬਿਅੰਤ ਹੈਂ ਇਹ ਜੜ ਜੰਗਮ ਜਿਤਨੀ ਦੁਨੀਆਂ ਹੈ ਸਾਰਾ ਤੇਰਾ ਹੀ ਅਕਾਰ ਬਣਾਇਆ ਹੋਇਆ ਹੈ ਜਦੋਂ ਸਾਰੇ ਗੁਣ ਸਾਰੀ ਦੁਨੀਆਂ ਤੇਰੇ ਹੀ ਵਿਚ ਵਰਤਰਹੀ ਹੈ ਭਾਵ ਤੇਰੇ ਵਿਚੋਂ ਨਿਕਲੀ ਹੋਈ ਹੈ ਤੇ ਤਾਂ ਅਸੀਂ ਤੁੱਛ ਆਦਮੀ ਕੀ ਚਤ-ਰਾਈ ਕਰਦੇ ਹਾਂ ਭਾਵ ਤੇਰੀਆਂ ਗੱਲਾਂ ਸਿਆਣਪ ਨਾਲ ਨਹੀਂ ਕਰਸਕਦੇ ਹਾਂ।

**ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ**

Digitized by Panjab Digital Library | www.panjabdigilib.org

**ਧਾਰਿ ॥ ਦੇਹੁ ਸੁਮਤਿ ਸਦਾ ਗੁਣ ਗਾਵਾ ਮੇਰੇ ਠਾਕੁਰ ਅਗਮ ਅਪਾਰ ॥ ੧ ॥ ਰਹਾਉ ॥**

ਹੇ ਮੇਰੇ ਮਾਲਕ ਸਤਗੁਰੂ "ਲੀਲਾ ਧਾਰ" ਸੰਸਾਰ ਰੂਪ ਤਮਾਸ਼ੇ ਦੇ ਧਾਰਨ ਵਾਲੇ ਮੈਨੂੰ ਅਪਣੇ ਬਾਲਕ ਨੂੰ ਸੰਸਾਰ ਰੂਪ ਸਮੁੰਦ੍ਰ ਤੋਂ ਬਚਾ ਲੈ ਹੇ ਮਾਲਕਾ ਮੈਨੂੰ ਇੱਕੁਰ ਦੀ ਚੰਗੀ ਅਕਲ ਦੇਹ ਜੋ ਤੇਰਿਆਂ ਅਗੰਮ ਅਪਾਰ ਗੁਣਾਂ ਨੂੰ ਸਦਾ ਗਾਵਾਂ ।

**ਜੈਸੇ ਜਨਨਿ ਜਠਰ ਮਹਿ ਪ੍ਰਾਨੀ ਓਹੁ ਰਹਤਾ ਨਾਮੁ ਅਧਾਰਿ ॥ ਅਨਦੁ ਕਰੈ ਸਾਸਿ ਸਾਸਿ ਸਮ੍ਹਾਰੈ ਨਾਪੋਹੈ ਅਗਨਾਰਿ ॥ ੨ ॥**

ਜਿੱਕੁਰ ਮਾਂ ਦੇ ਪੇਟ ਵਿੱਚ ਜੀਵ ਨਾਮ ਦੇ ਅਧਾਰ ਕਰਕੇ ਰਹਿੰਦਾ ਹੈ ਉਸ ਨੂੰ ਅਗਨਾਰ=ਪੇਟ ਦੀ ਅੱਗ ਸਾੜ ਨਹੀਂ ਸਕਦੀ ਹੈ ਜੀਵ ਅਨੰਦ ਨਾਲ ਸਾਸ ਸਾਸ ਤੈਨੂੰ ਯਾਦ ਕਰਦਾ ਰਹਿੰਦਾ ਹੈ(ਜਨਨਿ=ਮਾਂ । ਸਮਾਰੇ=ਸੰਭਾ-ਲਦਾ ਭਾਵ ਯਾਦ ਰਖਦਾ। ਅਗਨਾਰਿ=ਅੱਗ ਤੇ ਪਾਣੀ। ਪੋਹੈ=ਛੁਹ ਸਕਦਾ।)

**ਪਰਧਨ ਪਰਦਾਰਾ ਪਰਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥ ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ॥ ੩ ॥**

ਹੇ ਮਾਲਕਾ ਪਰਾਇਆ ਧਨ ਪਰਾਈ ਨਿੰਦਿਆ ਪਰਾਈ ਇਸਤ੍ਰੀ ਇਹਨਾਂ ਨਾਲੋਂ ਸਾਡੀ ਪ੍ਰੀਤੀ ਹਟਾ ਲੈ ਅਤੇ ਇੱਕੁਰ ਦੀ ਕਿਰਪਾ ਕਰ ਕਿ ਗੁਰ ਪੂਰੇ ਦੇ ਆਸਰੇ ਹੋਕੇ ਤੇਰੇ ਚਰਨਾਂ ਕਮਲਾਂ ਨੂੰ ਰਿਦੇ ਵਿਚ ਧਾਰਨ ਕਰਕੇ ਸੇਵਾ ਕਰਾਂ ।

**ਗ੍ਰਿਹੁ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ॥ ਜਬ ਲਗੁ ਜੀਵਹਿ ਕਲੀ ਕਾਲ ਮਹਿ ਜਨੁ ਨਾਨਕ ਨਾਮੁ ਸਮ੍ਹਾਰਿ ॥ ੪ ॥ ੩੭ ॥**

ਕੱਚੇ ਪੱਕੇ ਘਰ ਮੰਦਰ ਅਤੇ ਮਹਲ=ਇਸਤ੍ਰੀਆਂ ਜੋ ਦੀਹਦੀਆਂ ਹਨ ਇੱਕੁਰ ਦੇ ਪਦਾਰਥਾਂ ਵਿਚੋਂ ਕੋਈ ਵੀ ਨਾਲ ਜਾਣ ਵਾਲਾ ਨਹੀਂ ਹੈ। ਗੁਰੂ ਜੀ= ਅਸੀ ਇਹ ਆਖਦੇ ਹਾਂ ਕਿ ਜਿਤਨਾਂ ਚਿਰ ਸਾਡਾ ਜੀਵ ਕਲਜੁਗ ਦੇ ਸਮੇਂ ਵਿੱਚ ਰਹਿੰਦਾ ਹੈ ਉਤਨਾਂ ਚਿਰ ਨਾਮ ਦਾ ਹੀ ਸਿਮਰਨ ਕਰਦਾ ਰਹੇ ।

Digitized by Panjab Digital Library | www.panjabdigilib.org

## ਆਸਾ ਘਰੁ ੩ ਮਹਲਾ ੫

## ੧ ਓ ਸਤਿਗੁਰਪ੍ਰਸਾਦਿ ॥

**ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੁੋਆਨੀ॥ ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈਆਨੀ॥ ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ ॥੧॥**

ਰਾਜ ਜਗੀਰ ਜੋ ਕੁਛ ਇਹ ਬਣਿਆਂ ਹੋਯਾ ਬਣਾਹੈ ਜਾਂ ਜੁਆਨ ਉਮਰ, ਘਰ, ਸੋਭਾ ਅਤੇ ਰੂਪ ਵਾਲੀ ਜੁਆਨੀ, ਬਹੁਤ ਹੀ ਧਨ, ਹਾਥੀ ਤੇ ਘੋੜੇ ਲੱਖਾਂ ਹੀ ਰਤਨ ਜਿਨ੍ਹਾਂ ਦਾ ਬੈਆਨੀ=ਕੋਈ ਮੁੱਲ ਨਹੀਂ ਹੈ।

ਹੇ ਹੰਕਾਰੀ ਆਦਮੀ ਅੱਗੇ ਪਰਮੇਸਰ ਦੇ ਲੋਕ ਵਿਚ ਬਿਨਾਂ ਭਜਨ ਤੋਂ ਉੱਪਰ ਦੱਸੇ ਪਦਾਰਥ ਕੰਮ ਨਹੀਂ ਆਉਣਗੇ, ਕਿਉਂਕਿ ਇਹਨਾਂ ਪਦਾਰਥਾਂ ਨੂੰ ਇਥੇ ਹੀ ਸਾਰੇ ਛਡਕੇ ਚਲੇ ਜਾਣਗੇ ਤੇ ਤੂੰਬੀ ਕੁਛ ਨਹੀਂ ਨਾਲ ਖੜਨਾ।

**ਕਾਹੇ ਏਕ ਬਿਨਾ ਚਿਤੁ ਲਾਈਐ ॥ ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ॥ ੧॥ ਰਹਾਉ॥**

ਇੱਕ ਪਰਮੇਸਰ ਤੋਂ ਬਿਨਾਂ ਦੂਸਰੇ ਵਿਚ ਕਿਉਂ ਚਿਤ ਲਾਈਏ, ਉਠਦਿਆਂ ਬਹਿੰਦਿਆਂ ਸੌਂਦਿਆਂ ਜਾਗਦਿਆਂ ਸਦਾ ਸਦਾ ਪ੍ਰਮੇਸਰ ਨੂੰ ਧਿਆਈਏ।

**ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ ॥ ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ ॥ ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ ॥ ੨ ॥**

ਬਹੁਤ ਤਰਾਂ ਦੇ ਭਲਵਾਨਾਂ ਦੇ ਸੁੰਦਰ ਅਖਾੜੇ ਦੇਖਦਾ ਹੈ ਅਤੇ ਰਣ ਵਿਚ ਪਵਾੜੇ=ਜੁਧ ਜਾਂ ਝਗੜੇ ਜਿੱਤਦਾ ਹੈ। ਮੂੰਹ ਤੋਂ ਇਕੁਰ ਬਬਾੜੇ=ਬਕਦਾ ਹੈ ਕਿ ਮੈਂ ਉਸਨੂੰ ਮਾਰਾਂਗਾ, ਉਸਨੂੰ ਬੰਨਾਂਗਾ, ਉਸਨੂੰ ਛੱਡਾਂਗਾ; ਜਿਸ ਵੇਲੇ ਇਕ ਦਿਨ ਪ੍ਰਮੇਸਰ ਦਾ ਹੁਕਮ ਆਇਆ ਤਾਂ ਇਹਨਾਂ ਸਾਰਿਆਂ ਪਦਾਰਥਾਂ ਨੂੰ ਛੱਡ ਕੇ ਚਲਿਆ ਜਾਵੇਗਾ।

**ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ**

Digitized by Panjab Digital Library | www.panjabdigilib.org

ਜਾਨੈ ॥ ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥ ਨਾਗਾ ਆਇਆ ਨਾਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥ ੩ ॥

ਬਹੁਤਤਰਾਂ ਦੇ ਕਰਮਾਂ ਧਰਮਾਂਨੂੰਕਰਦਾਹੈ ਜਾਂ ਜੁਗਤੀਆਂ ਨਾਲ ਕਰਦਾ ਹੈ ਪਰ ਕਰਨ ਵਾਲੇ ਕਰਤਾ ਅਕਾਲਪੁਰਖਨੂੰ ਨਹੀਂ ਜਾਣਦਾਹੈ ਆਪਕਮਾਂਦਾ ਨਹੀਂ ਲੋਕਾਂ ਨੂੰ ਉਪਦੇਸ਼ ਕਰਦਾ ਹੈ, ਤੇ ਤੱਤ ਰੂਪ ਜਿਹੜਾ ਸ਼ਬਦ=ਵਾਹਿਗੁਰੂ ਹੈ ਉਸਨੂੰਨਹੀਂ ਪਛਾਣਦਾ ਹੈ ਨੰਗਾ ਆਇਆ ਹੈ ਨੰਗਾ ਹੀ ਚਲਿਆ ਜਾਵੇਗਾ, ਜਿਸਤਰਾਂ ਹਾਥੀ ਸੁਆਹ ਮਿੱਟੀ ਨੂੰ ਛਾਣਦਾ ਹੈ ਭਾਵ ਨ੍ਹਾਕੇ ਸਿਰ ਵਿਚ ਸੁਆਹ ਪਾ ਲੈਂਦਾ ਹੈ ਇੱਕੁਰ ਭਜਨ ਬਿਨਾ ਸਭ ਕਰਨੀ ਬਿਅਰਥ ਹੈ

ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ॥ ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ॥ ਗੁਰ ਮਿਲਿ ਨਾਨਕ ਨਾਮੁ ਧਿਆਇਆ ਸਾਚਿ ਨਾਮਿ ਨਿਸਤਾਰਾ ॥ ੪ ॥ ੩੮ ॥

ਹੇ ਸੰਤੋ ! ਸੱਜਣੋ ਮਿਤਰੋ ! ਤੁਸੀ ਸਾਰੇ ਸੁਣੋਂ,ਇਹ ਸਾਰਾ ਪਸਾਰਾ ਝੂਠਾ ਹੈ ਜੇਹੜੇ ਮੂਰਖ ਮੇਰੀ੨ ਕਰਦੇ ਹਨ ਓਹ ਖਪ ਖਪ ਕੇ ਸੰਸਾਰ ਸਮੁੰਦਰਵਿਚ ਡੁਬ ਜਾਂਦੇ ਹਨ, ਮੈਂ ਗੁਰਾਂ ਨਾਲ ਮਿਲਕੇ ਨਾਮ ਨੂੰ ਧਿਆਯਾ ਹੈ ਸੱਚੇ ਨਾਮੀ ਨਾਲ ਮਿਲਕੇ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ ॥

## ਰਾਗੁ ਆਸਾ ਘਰੁ ੫ ਮਹਲਾ ੫

## ੧ ੴ ਸਤਿਗੁਰਪ੍ਰਸਾਦਿ ॥

ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥ ੧ ॥

ਸੰਸਾਰ ਦੇ ਸਾਰਿਆਂ ਜੀਵਾਂ ਦੀ ਅਕਲ ਭਰਮ ਰੂਪ ਨੀਂਦ ਵਿਚ ਸੁੱਤੀ ਪਈ ਹੈ ਇਸ ਲਈ ਧੰਧਿਆਂ ਵਿਚ ਆਦਮੀ ਅੰਨ੍ਹੇਂ ਹੋਏ ਪਏ ਹਨ, ਇਸ ਮੋਹ ਨੀਂਦ ਤੋਂ ਕੋਈ ਵਿਰਲਾ ਹੀ ਪ੍ਰਮੇਸਰ ਦਾ ਪਿਆਰਾ ਜਾਗਦਾ ਹੈ ।

ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ ॥ ਕੋਊ

Digitized by Panjab Digital Library | www.panjabdigilib.org

**ਤਿਆਗੈ ਵਿਰਲਾ ॥ ੨ ॥**

ਇਹ ਆਦਮੀ ਬਹੁਤ ਹੀ ਪ੍ਰੀਤੀ ਨਾਲ ਵੱਡੀ ਮੋਹਨ ਵਾਲੀ ਮਾਇਆ ਵਿੱਚ ਮਸਤ ਹੋਏ ੨ ਹਨ ਪ੍ਰਾਣਾਂ ਨਾਲੋਂ ਵੀ ਪਿਆਰੀ ਲੱਗਦੀ ਹੈ ਇਸ ਨੂੰ ਕੋਈ ਵਿਰਲਾ ਹੀ ਛੱਡਦਾ ਹੈ ।

**ਚਰਨ ਕਮਲ ਅਨੂਪ ਹਰਿ ਸੰਤ ਮੰਤ ॥ ਕੋਊ ਲਾਗੈ ਸਾਧੂ ॥ ੩ ॥**

ਅਕਾਲ ਪੁਰਖ ਦੇ ਚਰਨ ਕਮਲ ਜੋਹੜੇ ਬਹੁਤ ਹੀ ਸੁੰਦਰ ਹਨ, ਪ੍ਰਮੇਸਰ ਦੇ ਸੰਤਾਂ ਦਾ ਉਪਦੇਸ਼ ਲੈਕੇ ਉਸ ਵਿੱਚ ਕੋਈ ਹੀ ਸਾਧੂ ਲੱਗਦਾ ਹੈ। ਮੰਤੁ=ਉਪਦੇਸ਼ ।

**ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥ ੪ ॥ ੧ ॥ ੩੯ ॥**

ਗੁਰੂ ਜੀ ਜੋਹੜਾ ਸਾਧੂਆਂ ਦਾ ਸੰਗ ਕਰਕੇ ਗਿਆਨ ਦੇ ਪ੍ਰੇਮ ਨਾਲ ਮੋਹ ਨੀਂਦ ਤੋਂ ਜਾਗਦਾ ਹੈ ਓਹੋ ਹੀ ਆਦਮੀ ਵੱਡਿਆਂ ਭਾਗਾਂ ਵਾਲਾ ਹੈ ਅਤੇ ਓਸੇ ਉੱਤੇ ਅਕਾਲ ਪੁਰਖ ਦੀ ਕਿਰਪਾ ਹੁੰਦੀ ਹੈ ।

## ੧ ਓ ਸਤਿਗੁਰਪ੍ਰਸਾਦਿ ॥

## ਰਾਗੁ ਆਸਾ ਘਰੁ ੬ ਮਹਲਾ ੫ ॥

**ਜੋ ਤੁਧੁ ਭਾਵੈ ਸੋ ਪਰਵਾਨਾ ਸੂਖੁ ਸਹਜੁ ਮਨਿ ਸੋਈ॥ ਕਰਣ ਕਾਰਣ ਸਮਰਥ ਅਪਾਰਾ ਅਵਰੁ ਨਾਹੀ ਰੇ* ਕੋਈ ॥ ੧ ॥**

ਜੋ ਤੈਨੂੰ ਭਾਂਦਾ ਹੈ ਓਹੋ ਹੀ ਸਾਨੂੰ ਚੰਗਾ ਲੱਗਦਾਹੈ ਸਾਨੂੰ ਸ਼ਾਂਤੀ ਸੁਖ ਭੀ ਉਸੇ ਹੁਕਮ ਦੇ ਮੰਨਣ ਨਾਲ ਹੋਇਆ ਹੈ ਹੇ ਅਕਾਲ ਪੁਰਖ ਤੂੰ ਹਰ ਇਕ ਕੰਮ ਦੇ ਕਰਨ ਨੂੰ ਸਮਰੱਥ ਤੇ ਅਪਾਰ ਹੈਂ ਤੇਰੇ ਵਰਗਾ ਹੋਰ ਕੋਈ ਦੂਸਰਾ ਨਹੀਂ ਹੈ।

**ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ ॥ ਮਸ-**

---

*ਹੇ ਸੰਬੋਧਨ ਹੈ,ਕਿਸੇ ਨੂੰ ਆਖਿਆ ਹੈ ਹੇ ਭਾਈ ਪ੍ਰਮੇਸਰ ਵਰਗਾ ਕੋਈ ਨਹੀਂ ਹੈ ਜਾਂ ਪ੍ਰਮੇਸਰ ਨੂੰ ਹੀ ਹੇ=ਕਰਕੇ ਆਖਿਆ ਹੈ, ਭਾਵ ਪ੍ਰੇਮ ਵਿੱਚ ਓਇ ਕਰਕੇ ਸੰਦਣ ਨਾਲ਼ ਕੋਈ ਦੋਸ਼ ਨਹੀਂ ਹੈ ।

Digitized by Panjab Digital Library | www.panjabdigilib.org

**ਲਤਿ ਮਤਾ ਸਿਆਣਪ ਜਨਕੀ ਜੋ ਤੂੰ ਕਰਹਿ ਕਰਾਵਹਿ ॥ ੧ ॥ ਰਹਾਉ ॥**

ਤੇਰੇ ਪ੍ਰੇਮੀ,ਰਸ ਨਾਲ ਗੁਣ ਗਾਂਦੇ ਹਨ, ਬਹੁਤਿਆਂ ਦੀ ਸਲਾਹ ਦੋ ਜਣਿਆਂ ਦਾ ਮਤਾ ਅਕਲ ਦੀ ਸਿਆਣਪ ਜੋ ਕੁਛ ਵੀ ਇਹ ਦਾਸ ਦੀ ਹੈ ਸੋ ਜੋ ਤੂੰ ਕਰਾਂਦਾ ਹੈਂ ਸੋ ਅਸੀਂ ਕਰਦੇ ਹਾਂ ਭਾਵ ਜੋ ਹੁੰਦਾ ਹੈ ਸੋ ਸਾਰਾ ਪ੍ਰਮੇਸਰ ਹੀ ਕਰਦਾ ਹੈ ।

**ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧ ਸੰਗਿ ਰਸੁ ਪਾਇਆ ॥ ਤ੍ਰਿਪਤਿ ਅਘਾਇ ਸੇਈ ਜਨ ਪੂਰੇ ਸੁਖ ਨਿਧਾਨੁ ਹਰਿ ਗਾਇਆ ॥ ੨ ॥**

ਹੇ ਪਿਆਰੇ ਜੇਹੜਾ ਆਪ ਦਾ ਨਾਮ ਹੈ ਸੋਈ ਅੰਮ੍ਰਿਤ ਹੈ,ਪਰ ਜਿਸ ਨੇ ਇਹ ਰਸ ਪਾਇਆ ਹੈ ਸੋ ਸਾਧ ਸੰਗਤ ਤੋਂ ਹੀ ਪਾਇਆ ਹੈ ਹੇ ਸੁਖਾਂ ਦੇ ਖਜ਼ਾਨਿਆਂ ਪ੍ਰਮੇਸਰਾ ਜਿਨਾਂ ਦਾਸਾਂ ਨੇ ਆਪ ਦੇ ਗੁਣਾਂ ਨੂੰ ਗਾਇਆ ਹੈ ਓਹੋ ਹੀ ਪੂਰੇ ਹਨ ਅਤੇ ਓਹੋ ਹੀ ਬੜੇ ਰੱਜਕੇ ਪ੍ਰਸੰਨ ਹੋਏ ੨ ਹਨ ।

**ਜਾਕਉ ਟੇਕ ਤੁਮ੍ਹਾਰੀ ਸੁਆਮੀ ਤਾਕਉ ਨਾਹੀ ਚਿੰਤਾ ॥ ਜਾਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ ॥ ੩ ॥**

ਹੇ ਮਾਲਕਾ ਜਿਸ ਨੂੰ ਤੇਰੀ ਓਟ ਹੈ ਉਸ ਨੂੰ ਕਿਸੇ ਤਰਾਂ ਦੀ ਚਿੰਤਾ ਨਹੀਂ ਹੈ ਹੇ ਮਾਲਕਾ ਜਿਨ੍ਹਾਂ ਉੱਤੇ ਤੇਰੀ ਦਯਾ ਹੋਈ ਹੈ ਓਹੋ ਹੀ ਸੰਸਾਰ ਵਿੱਚ ਬੜੇ ਚੰਗੇ ਸ਼ਾਹੂਕਾਰ ਹਨ ।

**ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ ॥ ਵਰਤਣਿ ਨਾਮੁ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਆ ॥ ੪ ॥ ੧ ॥ ੪੦ ॥**

ਹੇ ਮਾਲਕਾ ਜਦੋਂ ਦਾ ਅਸਾਂ ਤੇਰਾ ਦਰਸ਼ਨ ਪਾਇਆ ਹੈ ਤਦ ਤੋਂ ਸਾਡੇ ਭਰਮ ਮੋਹ ਆਦਕ ਸਾਰੇ ਵਿਕਾਰ ਨਿਕਲ ਗਏ ਹਨ ਹੇ ਮਾਲਕਾ ਜਦ ਤੋਂ ਤੇਰੇ ਨਾਮ ਦਾ ਵਰਣਨ ਭਾਵ ਸਿਮਰਨਾ ਕੀਤਾ ਹੈ ਤਦ ਤੋਂ ਮੇਰਾ ਮਨ ਤੇਰੇ ਨਾਮ ਦੇ ਪ੍ਰੇਮ ਵਿਚ ਮਿਲ ਗਿਆ ਹੈ । ਸਚੁ=ਸੱਚਾ ਜਾਂ ਭਰੋਸਾ ॥

Digitized by Panjab Digital Library | www.panjabdigilib.org

## ਆਸਾ ਮਹਲਾ ੫ ॥

**ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥ ਈਹਾ ਸੁਖੁ ਨਹੀ ਦਰਗਹ ਢੋਈ ਜਮ-ਪੁਰਿ ਜਾਇ ਪਚਾਵੈ ॥ ੧ ॥**

ਜਨਮਾਂ ੨ ਦੀ ਜੇਹੜੀ ਪਾਪਾਂ ਰੂਪੀ ਪਰਾਈ ਮੈਲ ਹੈ ਸੋ ਨਿੰਦਕ ਨਿੰਦਿਆ ਕਰਕੇ ਧੋ ਦੇਂਦਾ ਹੈ ਅਤੇ ਅਪਣੇ ਕੀਤੇ ਦਾ ਫਲ ਨਰਕ ਪਾਂਦਾ ਹੈ। ਨ ਏਥੇ ਸੰਸਾਰ ਵਿੱਚ ਸੁਖ ਪਾਂਦਾ ਹੈ ਨ ਅੱਗੇ ਪ੍ਰਲੋਕ ਵਿੱਚ ਚੰਗੀ ਜਗ੍ਹਾ ਮਿਲਦੀ ਹੈ ਜਦੋਂ ਜਮਪੁਰ ਜਾਂਦਾ ਹੈ ਤਾਂ ਨਿੰਦਿਆ ਦੇ ਫਲ ਕਰਕੇ ਜਮਦੂਤ ਅੱਗ ਵਿੱਚ ਸੜਾਂਦੇ ਹਨ।

**ਨਿੰਦਕਿ ਅਹਿਲਾ ਜਨਮੁ ਗਵਾਇਆ ॥ ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ॥ ੧ ॥ ਰਹਾਉ ॥**

ਨਿੰਦਕ ਨੇ ਅਪਣਾ ਅਹਿਲਾ=ਸੁੰਦਰ ਜਨਮ ਬਿਅਰਥ ਗਵਾ ਲਿਆ ਹੈ ਇਸ ਲੋਕ ਵਿੱਚ ਕਿਸੇ ਗੱਲ ਤਕ ਨਹੀਂ ਪੁਜ ਸਕਦਾ ਭਾਵ ਕੋਈ ਮਨੋਰਥ ਪੂਰਾ ਨਹੀਂ ਹੁੰਦਾ ਹੈ ਅਤੇ ਅੱਗੇ ਪ੍ਰਲੋਕ ਵਿੱਚ ਵੀ ਚੰਗਾ ਥਾਂ ਨਹੀਂ ਪਾਂਦਾ ਹੈ।

**ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ ॥ ਤਹਾ ਬਿਗੂਤਾ ਜਹ ਕੋਇ ਨ ਰਾਖੈ ਕਿਸੁ ਪਹਿ ਕਰੇ ਪੁਕਾਰਾ ॥ ੨ ॥**

ਓਹ ਵਿਚਾਰਾ ਕੀ ਕਰੇ ਉਸ ਨਿੰਦਕ ਵਿਚਾਰੇ ਦਾ ਇਹ ਕੰਮ ਪੈ ਗਿਆ ਹੈ ਕਿਸਦਾ ਨਿੰਦਾ ਕਰਨੀ, ਦੁਖ ਪਾਣਾ, ਉਸ ਜਮ ਲੋਕ ਅਸਥਾਨ ਵਿਚ ਨਿੰਦਕ ਬੜਾ ਖਰਾਬ ਹੋਯਾ ਹੈ ਓਥੇ ਕੋਈ ਵੀ ਓਸਦਾ ਰਾਖਾ ਨਹੀਂ ਹੁੰਦਾ ਹੈ ਓਹ ਕਿਸਦੇ ਪਾਸ ਜਾ ਕੇ ਅਪਣੀ ਪੁਕਾਰ ਕਰੇ?

**ਨਿੰਦਕਕੀ ਗਤਿ ਕਤਹੂ ਨਾਹੀ ਖਸਮੈ ਏਵੈ ਭਾਣਾ॥ ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥ ੩ ॥**

ਨਿੰਦਕ ਦੀ ਗਤੀ ਕਿਸੇ ਥਾਂ ਵਿਚ ਨਹੀਂ ਹੁੰਦੀ,ਮਾਲਕ ਨੂੰ ਇੱਕੁਰ ਹੀ ਚੰਗਾ ਲੱਗਾ ਹੈ, ਜਿਕੁਰ ੨ ਸੰਤਾਂ ਦੀ ਨਿੰਦਯਾ ਕਰਦਾ ਹੈ ਉੱਕਰ ੨ ਸੰਤਾਂ ਨੇ ਸੁਖ ਮੰਨਿਆਂ ਹੈ ਤੇ ਨਿੰਦਕ ਨਿੰਦ੍ਯਾ ਕਰਕੇ ਦੁਖ ਪਾਂਦਾ ਹੈ।

Digitized by Panjab Digital Library | www.panjabdigilib.org

**ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ॥ ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥ ੪ ॥ ੨ ॥ ੪੧ ॥**

ਹੇ ਪਰਮੇਸਰਾ ! ਸੰਤਾਂ ਨੂੰ ਤੇਰੀ ਓਟ ਹੈ ਤੂੰ ਸੰਤਾਂ ਦਾ ਸਹਾਈ ਹੈ, ਗੁਰੂ ਜੀ=ਹੇ ਮਾਲਕਾ ! ਤੂੰ ਜਨਮ ਮਰਨ ਤੋਂ ਸੰਤਾਂ ਦੀ ਰੱਖਯਾ ਕੀਤੀ ਹੈ ਅਤੇ ਨਿੰਦਯਾ ਕਰਨ ਵਾਲਿਆਂ ਨੂੰ ਇਸ ਸੰਸਾਰ ਸਮੁੰਦਰ ਵਿਚ ਰੋੜ੍ਹਾ ਦਿਤਾ ਹੈ ।

## ਆਸਾ ਮਹਲਾ ੫ ॥

**ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪਨੇ ਖੋਏ ॥ ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥ ੧ ॥**

ਬਾਹਰੋਂ ਸਰੀਰ ਨੂੰ ਧੋਂਦਾ ਹੈ ਮਨਅੰਦਰੋਂ ਬੜਾ ਮੈਲਾ ਹੈ ਇਸ ਲਈ ਇਕੁਰ ਦੇ ਆਦਮੀ ਨੇ ਅਪਣੇ ਦੋਵੇਂ ਥਾਂ ਨਾਸ ਕਰ ਲਏ ਹਨ । ਇਥੇ ਕਾਮ ਕਰੋਧ ਲੋਭ ਮੋਹ ਆਦਕ ਵਿਕਾਰਾਂ ਵਿਚ ਚੰਮੜਿਆ ਹੋਇਆ ਹੈ ਅਤੇ ਅਗੇ ਜਦੋਂ ਪਰਲੋਕ ਵਿਚ ਜਾਵੇਗਾ ਤਾਂ ਹਾਹੁਕੇ ਲੈ ਲੈਕੇ ਰੋਵੇਗਾ ।

**ਗੋਵਿੰਦ ਭਜਨ ਕੀਮਤਿ ਹੈ ਹੋਰਾ ॥ ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥**

ਹੇ ਭਾਈ ! ਪ੍ਰਮੇਸਰ ਦੇ ਭਜਨ ਦੀ ਦੂਸਰੀ ਮੱਤ ਭਾਵ ਚੰਗੀ ਹੈ ਜਿਸ ਮਿੱਟੀ ਦੀ ਰੁੱਡ ਵਿਚ ਸੱਪ ਰਹਿੰਦਾ ਹੈ ਉਸਨੂੰ ਮਾਰਨ ਨਾਲ ਸੱਪ ਨਹੀਂ ਮਰਦਾ ਹੈ ਇਕੁਰ ਦਿਲ ਦਾ ਹੰਕਾਰ ਸੱਪ ਵਿਚਾਰ ਮੰਤ੍ਰ ਬਿਨਾਂ ਨਹੀਂ ਮਰਦਾ, ਇਹ ਬੋਲਾ ਆਦਮੀ ਨਾਮ ਨੂੰ ਨਹੀਂ ਸੁਣਦਾ ਹੈ ।

**ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ॥ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥ ੨ ॥**

ਮਾਇਆ ਧਾਰੀਆਂ ਵਾਲੀ ਕ੍ਰਿਤ ਕਮਾਈ ਪਖੰਡੀ ਭਗਤ ਬਣਕੇ ਛੱਡਕੇ ਗਵਾਈ ਹੈ ਭਾਵ ਪਖੰਡ ਦੀ ਕਾਰ ਵੀ ਛਡ ਦਿਤੀਹੈ,ਅਤੇ ਭਗਤੀ ਦੀ ਸਾਰ ਵੀ ਨਹੀਂ ਜਾਣਦਾ ਹੈ । ਦੋਹਾਂ ਕੰਮਾਂ ਵੱਲੋਂ ਗਿਆ ਗਵਾਤਾ ਹੋਇਆ ਹੈ

Digitized by Panjab Digital Library | www.panjabdigilib.org

ਦੇਖੋ ਵੇਦਾਂ ਸ਼ਾਸਤ੍ਰਾਂ ਭਾਵ ਧਾਰਮਕ ਪੁਸਤਕਾਂ ਨੂੰ ਤਰਕਾਂ ਕਰਨ ਲੱਗਾ ਹੈ ਭਾਵ ਸੰਤਾਂ ਦੇ ਵਾਕਾਂ ਨੂੰ ਨਿੰਦਦਾ ਹੈ ਤੇ ਅਸਲੀ ਗਿਆਨ ਨਾਲ ਪਰਮੇਸਰ ਵਿਚ ਜੁੜਨਾ ਜਾਣਦਾ ਨਹੀਂ ਹੈ।

**ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥ ਅੰਤਰਿਜਾਮੀ ਸਭੁ ਕਿਛੁ ਜਾਨੈ ਉਸਤੇ ਕਹਾ ਛਪਾਇਆ ॥ ੩ ॥**

ਜਦੋਂ ਸੰਤਾਂ ਸਰਾਫਾਂ ਦੀ ਨਜ਼ਰ ਵਿਚ ਆਇਆ ਜਿਸਤਰਾਂ ਖੋਟਾ ਰੁਪੱਯਾ ਹੁੰਦਾ ਹੈ ਓਸੇਤਰਾਂ ਦਾ ਉੱਘਾ ਹੋ ਗਿਆ, ਭਾਵ ਪਾਜ ਉੱਘੜ ਗਿਆ। ਅੰਤਰਜਾਮੀ ਅਕਾਲਪੁਰਖ ਸਭ ਕੁਛ ਜਾਣਦਾ ਹੈ ਉਸਤੋਂ ਔਗਣ ਕਿੱਥੇ ਲੁਕਾਯਾ ਜਾਵੇ ਭਾਵ ਲੁਕਾਇਆਂ ਨਹੀਂ ਲੁਕਦਾ ਹੈ।

**ਕੂੜਿਕਪਟਿ ਬੰਚਿਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥ ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥ ੪ ॥ ੩ ॥ ੪੨ ॥**

ਨਿੰਮੁਨੀਆ=ਬੇਮੁਣਆਦਿਆਂ ਭਾਵ ਜੇਹੜੇ ਨਿਸਚੇ ਰੂਪ ਜੜ ਤੋਂ ਬਿਨਾਂ ਹਨ ਇੱਕੁਰ ਦੇ ਆਦਮੀਆਂ ਦਾ ਝੂਠ, ਖੋਟ, ਬੰਚ=ਛਲ ਜਿਤਨਾਂ ਕੁ ਹੋਰ ਪਖੰਡ ਸੀ ਸੋ ਅੱਗੇ ਵਾਹਿਗੁਰੂ ਦੇ ਪਾਸ ਸਾਰਾ ਹੀ ਛੇਤੀ ਨਾਲ ਨਾਸ ਹੋ ਗਿਆ ਭਾਵ ਪ੍ਰਗਟ ਹੋ ਗਿਆ ਜਾਂ ਮਾੜੇ ਕੰਮ ਕਰਦਾ ੨ ਆਦਮੀ ਛੇਤੀ ਨਾਲ ਹੀ ਮਰ ਗਿਆ,ਗੁਰੂ ਜੀ=ਹੇ ਸਿਖ ਅਪਣੇ ਰਿਦੇ ਵਿੱਚ ਸੰਭਾਲਕੇ ਦੇਖ ਭਾਵ ਚੰਗੀ ਤਰਾਂ ਯਾਦ ਕਰ ਅਸਾਂ ਠੀਕ ੨ ਸੱਚਾ ਬਚਨ ਆਖਿਆ ਹੈ।

### ਆਸਾ ਮਹਲਾ ੫ ॥

**ਉਦਮ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥ ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥ ੧ ॥**

ਇਸ ਨੱਚਣ ਦਾ ਉੱਦਮ ਕਰਦਿਆਂ ਹੋਇਆਂ ਮਨ ਸੁਧ ਹੋ ਜਾਂਦਾ ਹੈ ਜੇਹੜਾ ਇੱਕੁਰ ਦੀ ਨਿਰਤਕਾਰੀ ਕਰਦਾ ਹੈ ਓਹ ਹੰਕਾਰ ਨੂੰ ਦੂਰ ਕਰਦਾ ਹੈ, ਪੰਜਾਂ ਕਾਮ ਆਦਕ ਵਿਕਾਰਾਂ ਦੀ ਗਤੀ ਨੂੰ ਵੱਸ ਕਰ ਰੱਖਦਾ ਹੈ ਅਤੇ ਮਨ ਵਿੱਚ ਇਕ ਓਅੰਕਾਰ ਦਾ ਧਿਆਨ ਕਰਦਾ ਹੈ (ਤੇ ਇੱਕੁਰ ਬੇਨਤੀ ਕਰਦਾਹੈ)।

**ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥ ਰਬਾਬੁ ਪਖਾ·**

Digitized by Panjab Digital Library | www.panjabdigilib.org

**ਵਾਜਾ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ਰਹਾਉ॥**

ਹੇ ਪ੍ਰਮੇਸਰਾ ਤੇਰਾ ਦਾਸ ਨਿਰਤਕਾਰੀ ਕਰਦਾ ਹੈ ਤੇ ਗੁਣ ਗਾਂਦਾ ਹੈ ਇਸ ਨਿਰਤਕਾਰੀ ਦੇ ਰਬਾਬ, ਜੋੜੀ ਮ੍ਰਿਦੰਗ ਛੈਣੇ ਆਦਕ ਸਾਜ ਇਹ ਹਨ ਜੋ ਲਗਾਤਾਰ ਗੁਰ ਸ਼ਬਦ ਨੂੰ ਵਜਾਂਦਾ ਭਾਵ ਜਪਦਾ ਹਾਂ,ਪ੍ਰਮੇਸਰ ਦੇ ਪਾਸੇ ਆ ਪ੍ਰਗਟ ਹੋਣਾ ਪ੍ਰਮੇਸਰ ਦੀ ਸੋਭਾ ਦਾ ਆ ਜਾਣਾ ਭਾਵ ਇਕ ਰਸ ਗੁਣ ਗਾਣਾਂ ਏਹੋ ਹੀ ਨੱਚਣਾ ਹੈ ।

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥ ੨ ॥**

ਇੱਕੁਰ ਦੀ ਨਿਰਤਕਾਰੀ ਕਰਕੇ ਪਹਿਲੇ ਅਪਣੇ ਮਨ ਨੂੰ ਗਿਆਨ ਕਰਕੇ ਸਿਖਾਵੇ ਪਿਛੋਂ ਹੋਰਨਾਂ ਨੂੰ ਪ੍ਰਸੰਨ ਕਰੇ, ਪ੍ਰਮੇਸਰ ਦਾ ਨਾਮ ਜਪਕੇ ਫੇਰ ਰਿਦੇ ਵਿੱਚ ਜਾਪ ਨੂੰ ਜਪੇ ਫੇਰ ਮੂੰਹ ਨਾਲ ਉੱਚੀ ਅਵਾਜ ਨਾਲ ਸਾਰਿਆਂ ਨੂੰ ਸੁਣਾਵੇ ।

**ਕਰਿ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥ ਮਨੁ ਤਨੁ ਅਰਪਿ ਧਰੈ ਗੁਰ ਆਗੈ ਸਤਿ ਪਦਾਰਥੁ ਪਾਵੈ ॥ ੩ ॥**

ਪ੍ਰਮੇਸਰ ਦਾ ਰੂਪ ਸੰਤਾਂ ਦੀ ਸੰਗਤ ਕਰਕੇ ਸਾਧੂਆਂ ਦੇ ਚਰਨਾਂ ਨੂੰ ਅਪਣਿਆਂ ਹੱਥਾਂ ਨਾਲ ਧੋਵੇ ਫਿਰ ਸਾਧੂਆਂ ਦੀ ਚਰਨ ਧੂੜ ਨੂੰ ਅਪਣੇ ਸਾਰੇ ਸਰੀਰ ਉੱਤੇ ਲਾਵੇ, ਮਨ ਤਨ ਭੇਟਾ ਕਰਕੇ ਗੁਰਾਂ ਦੇ ਅੱਗੇ ਰੱਖ ਦੇਵੇ ਇੱਕੁਰ ਦੀ ਨਿਰਤ ਕਰਦਾ ਹੋਇਆ ਸੱਚੇ ਪਦਾਰਥ ਪ੍ਰਮੇਸਰ ਨੂੰ ਪਾ ਲੈਂਦਾ ਹੈ ।

**ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾਕਾ ਜਨਮ ਮਰਣ ਦੁਖੁ ਭਾਗੈ ॥ ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥ ੪ ॥ ੪ ॥ ੪੩ ॥**

ਜੇਹੜਾ ੨ ਇਸ ਨਿਰਤਕਾਰੀ ਨੂੰ ਸਰਧਾ ਕਰਕੇ ਦੇਖੇ ਜਾਂ ਸੁਣੇ ਉਸ ਦਾ ਜਨਮ ਮਰਨ ਦਾ ਦੁਖ ਨੱਸ ਜਾਂਦਾ ਹੈ, ਇੱਕੁਰ ਦੀ ਨਿਰਤਕਾਰੀ ਨਰਕ ਦੇ ਦੁਖਾਂ ਨੂੰ ਦੂਰ ਕਰਦੀ ਹੈ ਪਰ ਗੁਰੂ ਜੀ=ਇੱਕੁਰ ਦੀ ਨਿਰਤਕਾਰੀ ਵਿੱਚ ਕੋਈ ਗੁਰਮੁਖ ਹੀ ਜਾਗਦਾ ਹੈ ॥

Digitized by Panjab Digital Library | www.panjabdigilib.org

## ਆਸਾ ਮਹਲਾ ੫ ॥

( ਗੁਰਾਂ ਦੀ ਕਿਰਪਾ ਨਾਲ ਅਕਲ ਸੌਰ ਗਈ ਹੈ )

**ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥ ੧ ॥**

ਗੁਰਾਂ ਦੀ ਕਿਰਪਾ ਨਾਲ ਅਕਲ ਸੌਰ ਗਈ ਪਹਿਲੇ ਸੂਦਰਨੀ ਅਧਮਣੀ ਚੰਡਾਲਣੀ ਸੀ ਫੇਰ ਬ੍ਰਾਹਮਣੀ ਨਾਲੋਂ ਵੀ ਚੰਗੀ ਬਣ ਗਈ ਕੁਝ ਗੁਰ ਉਪਦੇਸ਼ ਨਾਲ ਅਕਲ ਗਿਆਨ ਵਾਲੀ ਹੋ ਗਈ।

ਪਤਾਲਾਂ ਅਕਾਸਾਂ ਦੇ ਭਾਵ ਸਾਰੇ ਸੰਸਾਰ ਦੇ ਚੰਗੇ ੨ ਪਦਾਰਥ ਲੈਕੇ ਵੀ ਜਿਹੜੀ ਸੱਖਣੀ ਭਾਵ ਖਾਲੀ ਦੀ ਖਾਲੀ ਰਹਿੰਦੀ ਸੀ ਭਾਵ ਜਿਸਦੀ ਤ੍ਰਿਸ਼ਨਾਂ ਜਾਂਦੀ ਹੀ ਨਹੀਂ ਸੀ, ਜਦੋਂ ਗੁਰਾਂ ਨੇ ਅੰਮ੍ਰਿਤ ਪਿਆਯਾ ਤਾਂ ਤ੍ਰਿਸ਼ਨਾ ਅੱਗ ਦੀ ਜਿਹੜੀ 'ਲਹਿਬਰ' ਲਾਟ ਲਹਿ ਲਹਿ ਕਰਦੀ ਸੀ ਓਹ ਬੁਝ ਗਈ ਜਾਂ ਖਾਈ=ਖਾਣ ਦੀ ਲੋੜ ਹਟ ਗਈ।

**ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈਰੇ॥ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥ ੧ ॥ ਰਹਾਉ ॥**

ਸਰੀਰ ਜਾਂ ਰਿਦੇ ਘਰ ਵਿਚ ਜਿਹੜੀ ਬਿੱਲੀ ਵਾਂਗ ਅਕਲ ਸੀ ਤੇ ਪਦਾਰਥ ਰੂਪ ਚੂਹੇ ਦੇ ਖਾਣ ਵਾਲੀ ਸੀ ਉਸਨੂੰ ਹੋਰ ਹੀ ਸਿਖਯਾ ਆ ਗਈ ਭਾਵ ਸਗੋਂ ਪਦਾਰਥ ਚੂਹੇ ਨੂੰ ਦੇਖਕੇ ਡਰਨਲਗ ਪਈ, ਭਾਵ ਖ਼ਾਣਿਆਂ ਤੋਂ ਗਿਲਾਨੀ ਕੀਤੀ, ਗੁਰਾਂ ਨੇ ਵਿਚਾਰ ਰੂਪ ਬੱਕਰੇ ਦੇ ਵੱਸ ਹੰਕਾਰ ਰੂਪ ਸ਼ੇਰ ਕਰ ਦਿੱਤਾ, ਅਤੇ ਜਿਹੜੀਆਂ ਇੰਦ੍ਰੀਆਂ ਕੁਤੀਆਂ ਪਦਾਰਥਾਂ ਲਈ ਰੋਜ ਸੋਟੇ ਖਾਂਦੀਆਂ ਸੀ ਓਹਨਾਂ ਨੂੰ ਘਾਹ ਦੀ ਤ੍ਰਿਣਾਂ ਭਾਵ ਫਲ ਫੁਲ ਖਾਣ ਲਈ ਲਾ ਦਿਤਾ ਹੈ, ਹੁਣ ਫਲ ਖਾ ਕੇ ਝੱਟ ਟਪਾਂਦੀਆਂ ਹਨ।

**ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥ ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥ ੨ ॥**

ਆਸਾ ਤ੍ਰਿਸ਼ਨਾਂ ਰੂਪ ਥੰਮੀਆਂ ਤੋਂ ਬਿਨਾਂ ਸਰੀਰ ਰੂਪ ਛੱਪਰ ਥੰਮਿਆਂ ਹੈ ਭਾਵ ਸਰੀਰ ਦਾ ਨਿਰਬਾਹ ਪ੍ਰਮੇਸਰ ਦੇ ਦੇਣ ਤੇਰੱਖਿਆ ਹੈ ਜੇਹੜਾ ਜੀਵ

Digitized by Panjab Digital Library | www.panjabdigilib.org

ਨਿਘਰਾ ਸੀ ਉਸਨੇ ਪ੍ਰਮੇਸਰ ਘਰ ਨੂੰ ਪ ਲਿਆ ਹੈ, ਜੇਹੜਾ ਜੀਵ ਪਹਿਲੇ ਸੰਤੋਖ ਆਦਕ ਗੁਣਾਂ ਤੋਂ ਰਹਿਤ ਸੀ ਉਸ ਦੇ ਦਿਲ ਵਿਚ ਚੰਗਿਆਂ ਗੁਣਾਂ ਦਾ ਜੜਾਂਵਾ, ਗੁਰਾਂ ਨੇ ਜੜ ਦਿੱਤਾ ਜਾਂ ਬਿਨਾ ਜੜੀਏ=ਬਿਨਾ ਬੰਮਨ ਤੋਂ ਗੁਰਾਂ ਨੇ ਜੜਾਵਾ ਜੜਿਆ ਫਿਰ ਗਿਆਨ ਰੂਪ ਅਸਚਰਜ ਥੇਵਾ ਵਿਚ ਲਾਇਆ ।

## ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥ ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥ ੩ ॥

ਜਿਤਨਾਂ ਚਿਰ ਜੀਵ ਪੁਕਾਰਾਂ ਕਰਨ ਵਾਲਾ ਸੀ ਓਨਾਂ ਚਿਰ ਦਾ ਤਨੂੰ ਨਹੀਂ ਪਾਂਦਾ ਸੀ, ਜਦੋਂ ਚੁਪ ਕਰ ਗਿਆ ਤਾਂ ਨਿਰਨਾ ਭਾਵ ਇਨਸਾਫ ਰੂਪ ਦਾਤ ਨੂੰ ਪਾਣ ਵਾਲਾ ਹੋ ਗਿਆ ਜਾਂ ਜਦੋਂ ਚੁਪ ਧਾਰੀ ਤਾਂ ਕੋਈ ਪੁਕਾਰ ਨਾ ਰਹੀ ਪਰਮੇਸ਼ਰ ਨੂੰ ਲੱਭ ਲਿਆ ।

ਜੇਹੜੀ ਅਕਲ ਪ੍ਰਮੇਸਰ ਵੱਲੋਂ ਮੋਈ ਹੋਈ ਸੀ ਓਹ ਚੰਗੇ ਆਸਣ ਭਾਵ ਰਾਜ ਗੱਦੀ ਰੂਪ ਪ੍ਰਮੇਸਰ ਨੂੰ ਮੱਲ ਬੈਠੀ,ਫਿਰ ਜਿਨਾਂ ਅੱਖਾਂ ਦਾ ਦਖਾਵਾ ਸੀ ਸਾਰਾ ਹੀ ਨੱਸ ਗਿਆ ਭਾਵ ਸੰਸਾਰਨੂੰ ਝੂਠਾ ਸਮਝਿਆ ਜਾਂ ਚੰਗੇ ੨ ਮਾਲ ਨੂੰ ਜੋ ਦੱਬ ਬੈਠੀ ਸੀ ਉਸ ਵੱਲੋਂ ਮਰ ਗਈ ਭਾਵ ਹਟ ਗਈ ।

## ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥ ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥ ੪ ॥ ੫ ॥ ੪੪ ॥

ਓਹ ਮਹਾਂ ਮੂਰਖ ਹੈ ਜੇਹੜਾ ਆਖਦਾ ਹੈ ਮੈਂ ਪਰਮੇਸਰਨੂੰਜਾਣਿਆਂ ਹੈ ਭਾਵ ਜਿਹੜਾ ਪਰੇ ਤੋਂ ਪਰੇ ਹੈ ਉਸਨੂੰ ਕੋਈ ਕਿੱਕੁਰ ਜਾਣੇਗਾ, ਜਿਨਾਂ ਨੂੰ ਗੁਰਾਂ ਦੀ ਕਿਰਪਾ ਨਾਲ ਪਰਮੇਸਰ ਮਿਲਿਆ ਹੈ ਓਹ ਦੱਸਦੇ ਨਹੀਂ ਹਨ ਇਕੁਰ ਦੇ ਚੰਗੇ ਮਹਾਂਪੁਰਖ ਛਾਨਾ=ਲੁਕੇ ਛਪੇ ਨਹੀਂ ਰਹਿੰਦੇ ਓਹਨਾਂ ਨੂੰ ਆਪ ਹੀ ਸਾਰਾ ਸੰਸਾਰ ਜਾਨਣ ਵਾਲਾ ਹੋ ਜਾਂਦਾ ਹੈ। ਗੁਰੂ ਜੀ=ਜਦੋਂ ਗੁਰਾਂ ਨੇ ਨਾਮ ਅੰਮ੍ਰਿਤ ਨੂੰ ਪਿਆਯਾ ਤੇ ਤਾਂ ਮਨ ਬਹੁਤ ਹੀ ਪ੍ਰੇਮੀ ਰਸੀਆ ਹੋਕੇ ਨਾਮ ਅੰਮ੍ਰਿਤ ਵਿਚ ਰਸ ਲੈਣ ਵਾਲਾ ਹੋਇਆ ਭਾਵ ਨਾਮ ਜਪਕੇ ਬਹੁਤ ਹੀ ਪ੍ਰਸੰਨ ਹੋਇਆ ।

## ਆਸਾ ਮਹਲਾ ੫ ॥

## ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ

Digitized by Panjab Digital Library | www.panjabdigilib.org

**ਸਮ੍ਹਾਰਿਆ ॥ ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ ॥ ੧ ॥**

ਜਦੋਂ ਗੁਰਾਂ ਨੇ ਅਪਣਾ ਧਰਮ ਸੰਭਾਲਿਆ ਤਾਂ ਸਿੱਖ ਦੇ ਸਾਰੇ ਔਗਣ ਵਿਸਾਰ ਕੇ ਜਨਮ ਮਰਨ ਰੂਪ ਬੰਧਨਾਂ ਨੂੰ ਕੱਟ ਦਿਤਾ, ਜਿਕੁਰ ਮਾਤਾ ਪਿਤਾ ਬਾਲ ਦੀ ਪਾਲਣਾ ਕਰਦੇ ਹਨ, ਓਸੇਤਰਾਂ ਗੁਰੂ ਜੀ ਨੇ ਕ੍ਰਿਪਾਲੂ ਹੋਕੇ ਸਿਖ ਦੀ ਰੱਖਜਾ ਕੀਤੀ ॥

**ਗੁਰਸਿਖ ਰਾਖੇ ਗੁਰ ਗੋਪਾਲਿ ॥ ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ ॥੧॥ਰਹਾਉ॥**

ਗੁਪਾਲ ਦਾ ਸਰੂਪ ਗੁਰੂ ਨੇ ਗੁਰਸਿਖ ਨੂੰ ਅਪਣੀ ਕ੍ਰਿਪਾ ਦ੍ਰਿਸ਼ਟੀ ਨਾਲ 'ਨਿਹਾਲ' ਵੇਖਕੇ ਬੜੇ ਡਰੌਣੇ ਸੰਸਾਰ ਸਮੁੰਦਰ ਤੋਂ ਕੱਢ ਲਿਆ ਤੇ ਬਚਾ ਰੱਖਜਾ।

**ਜਾਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥ ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥ ੨ ॥**

ਜਿਸਦੇ ਸਿਮਰਨ ਨਾਲ ਜਮ ਤੋਂ ਛੁਟਕਾਰਾ ਹੁੰਦਾ ਹੈ ਤੇ ਦੋਹਾਂ ਲੋਕਾਂ ਵਿਚ ਸੁਖ ਮਿਲਦਾ ਹੈ ਉਸ ਵਾਹਿਗੁਰੂ ਦਾ ਸਾਹ ਲੈਂਦਿਆਂ ਰੋਟੀ ਖਾਂਦਿਆਂ ਰਸਨਾਂ ਨਾਲ ਜਾਪ ਜਪੋ ਤੇ ਸਦਾ ੨ ਗੁਣ ਗਾਓ।

**ਭਗਤਿ ਪ੍ਰੇਮ ਪਰਮ ਪਦੁ ਪਾਇਆ ਸਾਧ ਸੰਗਿ ਦੁਖ ਨਾਠੇ ॥ ਛਿਜੈ ਨ ਜਾਇ ਕਿਛੁ ਭਉ ਨ ਬਿਆਪੇ ਹਰਿ ਧਨੁ ਨਿਰਮਲੁ ਗਾਠੇ ॥ ੩ ॥**

ਜਿਸਨੇ ਸਾਧ ਸੰਗਤ ਕਰਕੇ ਪ੍ਰੇਮਾਭਗਤੀ ਨਾਲ ਪਰਮਪਦ ਨੂੰ ਪਾਯਾ ਹੈ ਉਸਦੇ ਜਿਤਨੇ ਦੁਖ ਸੀ ਸਾਰੇ ਦੂਰ ਹੋਗਏ ਹਨ, ਜੇਹੜਾ ਨਿਰਮਲ ਹਰ ਧਨ ਗੰਢ ਵਿਚ ਹੈ ਓਹ ਨਾਸ ਨਹੀਂ ਹੁੰਦਾ ਅਤੇ ਨ ਓਸਨੂੰ ਚੋਰ ਦਾ ਹੀ ਡਰ ਹੁੰਦਾ ਹੈ।

**ਅੰਤਿਕਾਲ ਪ੍ਰਭ ਭਏ ਸਹਾਈ ਇਤ ਉਤ ਰਾਖਨਹਾਰੇ ॥ ਪ੍ਰਾਨ ਮੀਤ ਹੀਤ ਧਨੁ ਮੇਰੈ ਨਾਨਕ ਸਦ ਬਲਿਹਾਰੇ ॥ ੪ ॥ ੬ ॥ ੪੫ ॥**

ਇਧਰ ਉਧਰ ਦੋਹਾਂ ਲੋਕਾਂ ਦੇ ਰੱਖਜਾ ਕਰਨ ਵਾਲੇ ਜਿਹੜੇ ਮਾਲਕ

Digitized by Panjab Digital Library | www.panjabdigilib.org

ਜੀ ਹਨ ਸੋ ਓਹ ਅੰਤ ਕਾਲ ਨੂੰ ਭਗਤਾਂ ਦੇ ਸਹੈਤਾ ਕਰਨ ਵਾਲੇ ਹੁੰਦੇ ਹਨ ਗੁਰੂ ਜੀ=ਮੇਰਾ ਤੇ ਪ੍ਰਾਣ ਅਤੇ ਮਿਤ੍ਰਸਮਾਨ ਹਿਤ ਕਰਨ ਵਾਲਾ ਧਨ ਰੂਪ ਸਭ ਪਰਮੇਸਰ ਹੀ ਹੈਮੈਂ ਓੁਸਤੋਂ ਸਦਾ ਬਲਿਹਾਰ ਜਾਂਦਾ ਹਾਂ।

## ਆਸਾ ਮਹਲਾ ੫ ॥

**ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸੁ ਸਾਲਾਹੀ ॥ ਏਕੁ ਤੂੰ ਤਾ ਸਭੁ ਕਿਛੁ ਹੈ ਮੈ ਤੁਧੁ ਬਿਨੁ ਦੂਜਾ ਨਾਹੀ ॥ ੧ ॥**

ਜਦੋਂ ਤੂੰ ਮੇਰਾ ਮਾਲਕ ਹੈਂ ਤਾਂ ਮੈਨੂੰ ਕੀ ਡਰ ਹੈ, ਮੈਂ ਤੈਥੋਂ ਬਿਨਾਂ ਕਿਸਦੀ ਉਪਮਾ ਕਰਾਂ? ਜਦ ਤੂੰ ਮੈਨੂੰ ਇਕ ਲੱਭ ਗਿਆ ਹੈਂ ਤਾਂ ਸਭ ਕੁਛ ਮੈਨੂੰ ਮਿਲ ਚੁਕਾ ਹੈ, ਮੈਨੂੰ ਤੈਥੋਂ ਬਿਨਾਂ ਹੋਰ ਕੋਈ ਦੂਸਰਾ ਆਸਰਾ ਨਹੀਂ ਹੈ ।

**ਬਾਬਾ ਬਿਖੁ ਦੇਖਿਆ ਸੰਸਾਰੁ ॥ ਰਖਿਆ ਕਰਹੁ ਗੁਸਾਈ ਮੇਰੇ ਮੈ ਨਾਮੁ ਤੇਰਾ ਆਧਾਰੁ ॥ ੧ ॥ ਰਹਾਉ ॥**

ਹੇ ਬਾਬਾ ! ਇਹ ਸੰਸਾਰ ਵਿਹੁ ਰੂਪ ਵੇਖਿਆ ਹੈ, ਹੇ ਮੇਰੇ ਮਾਲਕ ! ਇਸ ਸੰਸਾਰ ਤੋਂ ਮੇਰੀ ਰੱਖਯਾ ਕਰ ਮੈਂ ਇਕ ਤੇਰਾ ਨਾਮ ਹੀ ਆਸਰਾ ਕੀਤਾਹੈ।

**ਜਾਣਹਿ ਬਿਰਥਾ ਸਭਾ ਮਨ ਕੀ ਹੋਰੁ ਕਿਸੁ ਪਹਿ ਆਖਿ ਸੁਣਾਈਐ ॥ ਵਿਣੁ ਨਾਵੈ ਸਭੁ ਜਗੁ ਬਉ-ਰਾਇਆ ਨਾਮੁ ਮਿਲੈ ਸੁਖੁ ਪਾਈਐ ॥ ੨ ॥**

ਤੂੰ ਸਾਡੇ ਮਨ ਦੀਆਂ ਸਾਰੀਆਂ ਪੀੜਾਂ ਜਾਣਦਾ ਹੈਂ ਅਸੀਂ ਹੋਰ ਕਿਸਦੇ ਪਾਸ ਆਖਕੇ ਸੁਣਾਈਏ? ਬਿਨਾਂ ਨਾਮ ਤੋਂ ਸਾਰਾ ਜਗਤ ਕਮਲਾ ਹੋਇਆ ੨ ਹੈ ਜਦੋਂ ਨਾਮ ਮਿਲਦਾ ਹੈ ਤਾਂ ਸੁਖ ਪਾਈਦਾ ਹੈ।

**ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ ॥ ਸਭੁ ਕਿਛੁ ਕੀਤਾ ਤੇਰਾ ਵਰਤੈ ਸਦਾ ਸਦਾ ਤੇਰੀ ਆਸ ॥ ੩ ॥**

ਹੇ ਮਾਲਕਾ! ਤੈਥੋਂ ਬਿਨਾਂ ਹੋਰ ਕਿਸੇ ਨੂੰ ਮੂੰਹ ਨਾਲ ਕੀ ਆਖੀਏ ਅਤੇ ਕੀ ਸੁਣਾਈਏ ਇਸ ਲਈ ਮੇਰਾ ਜੋ ਕੁਛ ਆਖਣਾ ਹੈ ਸਾਰਾ ਤੇਰੇ ਪਾਸ ਹੈ, ਕਿਉਂਕਿ ਜਿਹੜਾ ਤੇਰਾ ਕੀਤਾ ਹੋਇਆ ਹੁਕਮ ਹੈ ਓਸੇ ਅਨੁਸਾਰ ਸਭ ਕੁਛ ਵਰਤਦਾ ਹੈ ਮੈਨੂੰ ਤਾਂ ਸਦਾ ਤੇਰੀ ਆਸ ਹੈ ।

Digitized by Panjab Digital Library | www.panjabdigilib.org

**ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ ਇਤ ਉਤ ਤੁਝਹਿ ਧਿਆਉ ॥ ਨਾਨਕ ਕੇ ਪ੍ਰਭ ਸਦਾ ਸੁਖ ਦਾਤੇ ਮੈ ਤਾਣੁ ਤੇਰਾ ਇਕੁ ਨਾਉ ॥ ੪ ॥ ੭ ॥ ੪੬ ॥**

ਜੇ ਤੂੰ ਸਾਨੂੰ ਦਾਸਾਂ ਨੂੰ ਵਡਿਆਈ ਦੇਂਦਾ ਹੈਂ ਤਾਂ ਸਾਰੀ ਤੇਰੀ ਹੀ ਵਡਿਆਈ ਹੁੰਦੀ ਹੈ ਮੈਂ ਇਧਰ ਦੋਹਾਂ ਲੋਕਾਂ ਵਿਚ ਤੇਰਾ ਹੀ ਧਿਆਨ ਧਰਦਾ ਹਾਂ ਭਾਵ ਹਰ ਥਾਂ ਤੈਨੂੰ ਵੇਖਦਾ ਹਾਂ।

ਗੁਰੂ ਜੀ=ਹੇ ਮੇਰੇ ਮਾਲਕ ਸਦਾ ਸੁਖ ਦੇਣ ਵਾਲੇ! ਮੈਨੂੰ ਤੇਰਾ ਇਕ ਨਾਮ ਹੀ ਬਲ ਰੂਪ ਹੈ।

## ਆਸਾ ਮਹਲਾ ੫ ॥

**ਅੰਮ੍ਰਿਤੁ ਨਾਮੁ ਤੁਮਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥ ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥ ੧ ॥**

ਹੇ ਮਾਲਕਾ! ਤੇਰਾ ਜਿਹੜਾ ਨਾਮ ਅਮ੍ਰਿਤ ਵੱਡਾ ਰਸ ਹੈ ਸੋ ਮੈਂ ਦਾਸ ਨੇ ਇਹ ਪੀਤਾ ਹੈ, ਸੋ ਜਨਮਾਂ ੨ ਦੇ ਵੱਡੇ ਭਾਰੇ ਡਰ ਦੂਰ ਹੋ ਗਏ ਹਨ ਅਤੇ ਸਾਰੇ ਪਾਪ ਵੀ ਨਾਸ ਹੋ ਗਏ ਹਨ ਦੂਸਰਾ ਭਰਮ ਵੀ ਨਾਸ ਹੋ ਗਿਆ ਹੈ।

**ਦਰਸਨੁ ਪੇਖਤ ਮੈ ਜੀਓ ॥ ਸੁਨਿ ਕਰਿ ਬਚਨ ਤੁਮਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥ ੧ ॥ ਰਹਾਉ ॥**

ਹੇ ਮਾਲਕਾ ਤੇਰਾ ਦਰਸ਼ਨ ਵੇਖਕੇ ਮੈਂ ਜੀਂਦਾ ਹਾਂ, ਹੇ ਸਤਗੁਰੂ ਜੀ ਮੇਰਾ ਮਨ ਤਨ ਵਿਛੋੜੇ ਦੀ ਅੱਗ ਨਾਲ ਸੜਦਾ ਸੀ ਸੋ ਤੁਹਾਡੇ ਬਚਨ ਸੁਣਕੇ ਠੰਢਾ ਹੋ ਗਿਆ ਹੈ।

**ਤੁਮ੍ਰੀ ਕ੍ਰਿਪਾ ਤੇ ਭਇਓ ਸਾਧ ਸੰਗੁ ਏਹੁ ਕਾਜ ਤੁਮ੍ ਆਪਿ ਕੀਓ ॥ ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈਖੀਓ ॥ ੨ ॥**

ਤੁਹਾਡੀ ਕਿਰਪਾ ਨਾਲ ਸੰਤਾਂ ਦਾ ਸਤਸੰਗ ਮਿਲਿਆ ਹੈ ਇਹ ਕੰਮ ਤੁਸਾਂ ਆਪਹੀ ਕੀਤਾ ਹੈ, ਤੁਹਾਡੇ ਚਰਨ ਕਮਲ ਦ੍ਰਿੜ ਕਰਕੇ ਫੜੇ ਹਨ ਅਤੇ ਸਹਿਜੇ ਹੀ ਵਿਹੁ ਵਾਸ਼ਨਾ ਨਾਸ ਹੋਗਈ ਹੈ।

Digitized by Panjab Digital Library | www.panjabdigilib.org

ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥ ਕਰਿ ਕਿਰਪਾ ਮੋਹਿ ਸਤਿਗੁਰ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ॥ ੩ ॥

ਜਿਹੜਾ ਤੇਰਾ ਨਾਮ ਅਬਿਨਾਸੀ ਮੰਤ੍ਰ ਸੁਖਾਂ ਦਾ ਖਜ਼ਾਨਾ ਹੈ ਹੇ ਮਾਲਕਾ ਇਹ ਅਸਾਂ ਗੁਰਾਂ ਪਾਸੋਂ ਲਿਆ ਹੈ ਜਦੋਂ ਗੁਰਾਂ ਨੇ ਕ੍ਰਿਪਾ ਕਰਕੇ ਮੈਨੂੰ ਮੰਤ੍ਰ ਦਿੱਤਾ ਤਾਂ ਤਿੰਨਾਂ ਤਾਪਾਂ ਦਾ ਜਿਹੜਾ ਸੰਤਾਪ ਸੀ ਤੇ ਵੈਰ ਸੀ ਸੋ ਸਾਰਾ ਚਲਿਆ ਗਿਆ।

ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ॥ ਧੰਨ ਸੁ ਕਲਿਜੁਗੁ ਸਾਧ ਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁਹੀਓ ॥ ੪ ॥ ੮॥੪੭॥

ਜਿਸ ਕਰਕੇ ਮਾਲਕ ਨੇ ਸਾਨੂੰ ਅਪਣੇ ਵਿਚ ਮੇਲ ਲਿਆ ਹੈ ਸੋ ਇਹ ਮਨੁਖ ਦੇਹੀ ਪਾਈ ਧੰਨ ਹੈ। ਗੁਰੂ ਜੀ=ਹੋਰਨਾਂ ਜੁਗਾਂ ਨਾਲੋਂ ਕਲਜੁਗ ਧੰਨ ਹੈ ਜਿਸਦਾ ਧਰਮ ਪੁਸਤਕਾਂ ਵਿਚ ਕੀਰਤਨ ਗਾਈਦਾ ਹੈ, ਇਸ ਕਲਜੁਗ ਵਿਚ ਸਾਧ ਸੰਗਤ ਦੁਆਰਾ ਮੇਰੇ ਰਿਦੇ ਨੂੰ ਨਾਮ ਦਾ ਆਸਰਾ ਹੋਇਆ ਹੈ।

## ਆਸਾ ਮਹਲਾ ੫ ॥

ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾ ॥ ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ ॥ ੧ ॥

ਜਿਹੜਾ ਪ੍ਰਮੇਸਰ ਸਾਰਿਆਂ ਤੋਂ ਅੱਗੋਂ ਦਾ ਹੈ, ਜਾਂ ਪਹਿਲੇ ਤੋਂ ਹੀ ਪਿਛਲੇ ਕਰਮਾਂ ਅਨੁਸਾਰ ਸਭ ਕੁਛ ਹੋਯਾ ੨ ਹੈ, ਹੋਰ ਵਿਚਾਰ ਕਰਕੇ ਕੀ ਜਾਨਣਾ ਹੈ ਭਾਵ ਜੋ ਹੁੰਦਾ ਹੈ ਮਿਟਣਾਂ ਨਹੀਂ ਹੈ ਸਭ ਪਰਮੇਸ਼ਰ ਦੇ ਹੁਕਮ ਵਿਚ ਹੁੰਦਾ ਹੈ। ਪਰੇ ਰਹਿਣ ਵਾਲੇ ਪ੍ਰਮੇਸਰ ਨੇ ਭੁੱਲਿਆ ਚੁਕਿਆ ਅਪਣਾ ਬਾਲਕ ਬਖਸ਼ ਲਿਆ ਹੈ।

ਸਤਿਗੁਰੁ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ ॥ ਕਾਟਿਆ ਰੋਗੁ ਮਹਾ ਸੁਖੁ ਪਾਇਆ ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਮੇਰਾ ਸਤਿਗੁਰੂ ਸਦਾ ਦਿਆਲੂ ਹੈ ਜਿਸਨੇ ਮੈਨੂੰ ਗਰੀਬ ਨੂੰ ਸੰਸਾਰ ਤੋਂ ਰੱਖ ਲਿਆ ਹੈ, ਜਦੋਂ ਤੋਂ ਨਾਮ ਅੰਮ੍ਰਿਤ ਮੇਰੇ ਮੂੰਹ ਵਿਚ ਦਿਤਾ ਹੈ ਤਦ ਤੋਂ ਮੇਰਾ ਸਾਰਾ ਰੋਗ ਕੱਟਿਆ ਗਿਆ ਤੇ ਮੈਂ ਵੱਡਾ ਸੁਖ ਪਾਇਆ।

**ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥ ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥ ੨ ॥**

ਮੇਰਿਆਂ ਅਨੇਕਾਂ ਪਾਪਾਂ ਨੂੰ ਦੂਰ ਕੀਤਾ ਤੇ ਮੇਰੇ ਸੰਸਾਰ ਬੰਧਨ ਕੱਟ ਦਿਤੇ ਅਸੀਂ ਜੀਵਨ ਮੁਕਤ ਹੋ ਗਏ। ਵੱਡੇ ਡਰੌਣੇ ਅੰਨ੍ਹੇ ਖੂਹ ਸੰਸਾਰ ਰੂਪ ਤੋਂ ਗੁਰਾਂ ਨੇ ਬਾਂਹ ਫੜਕੇ ਕੱਢ ਲਿਆ ਹੈ।

**ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨਹਾਰੇ ॥ ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ ॥ ੩ ॥**

ਰੱਖਿਆ ਕਰਨ ਵਾਲੇ ਨੇ ਰੱਖ ਲਿਆ ਤਾਂ ਸਾਡਾ ਸਾਰਾ ਡਰ ਦੂਰ ਹੋ ਗਿਆ ਤੇ ਅਸੀਂ ਨਿਡਰ ਹੋ ਗਏ ਹੇ ਮੇਰੇ ਮਾਲਕਾ ਤੇਰੀ ਦਾਤ ਇੱਕੁਰ ਦੀ ਹੈ, ਜਿਸ ਨੇ ਮੇਰੇ ਦੋਹਾਂ ਲੋਕਾਂ ਦੇ ਸਾਰੇ ਕੰਮ ਸਵਾਰ ਦਿੱਤੇ ਹਨ।

**ਗੁਣ ਨਿਧਾਨ ਸਾਹਿਬ ਮਨਿ ਮੇਲਾ ॥ ਸਰਣਿ ਪਇਆ ਨਾਨਕ ਸੋੁਹੇਲਾ ॥ ੪ ॥ ੯ ॥ ੪੮ ॥**

ਗੁਰੂ ਜੀ=ਮੈਂ ਸ਼ਰਣ ਆਇਆ ਹਾਂ ਹੇ ਗੁਣਾਂ ਦੇ ਖ਼ਜ਼ਾਨੇ ਮਾਲਕ ਮੇਰਾ ਮਨ ਤੁਸਾਂ ਅਪਣੀ ਸ਼ਰਣ ਵਿੱਚ ਮੇਲ ਲਿਆ ਹੈ ਜਾਂ ਮਨ ਨਾਲ ਮੇਲਾ ਹੋ ਗਿਆ ਹੈ ਤਾਂ ਮੈਂ ਸੁਖੀ ਹੋਇਆ ਹਾਂ ॥

## ਆਸਾ ਮਹਲਾ ੫ ॥

**ਤੂੰ ਵਿਸਰਹਿ ਤਾ ਸਭੁ ਕੋ ਲਾਗੂ ਚੀਤਿ ਆਵਹਿ ਤਾ ਸੇਵਾ ॥ ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥ ੧ ॥**

ਜੇ ਤੂੰ ਭੁੱਲਦਾ ਹੈਂ ਤਾਂ ਹਰ ਕੋਈ ਦੁਸ਼ਮਨ ਬਣ ਜਾਂਦਾ ਹੈ ਜੋ ਤੂੰ ਚਿਤ ਵਿੱਚ ਚੇਤੇ ਆਉਂਦਾ ਹੈ ਤਾਂ ਸਭ ਕੋਈ ਸੇਵਾ ਕਰਦਾ ਹੈ ਹੇ ਸੱਚੇ ਅਲੱਖ ਅਭੇਵ ਸਤਿਗੁਰੂ ! ਮੈਨੂੰ ਤੈਥੋਂ ਬਿਨਾਂ ਹੋਰ ਕੋਈ ਦੂਸਰਾ ਨਹੀਂ ਸੁੱਝਦਾ ਹੈ।

Digitized by Panjab Digital Library | www.panjabdigilib.org

**ਚੀਤਿ ਆਵਹਿ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥ ਬੁਰਾ ਭਲਾ ਕਹੁ ਕਿਸਨੋ ਕਹੀਐ ਸਗਲੇ ਜੀਅ ਤੁਮਾਰੇ ॥ ੧ ॥ ਰਹਾਉ ॥**

ਹੇ ਸਦਾ ਦਿਆਲੂ ਮਾਲਕ ! ਜੇ ਤੂੰ ਚਿਤ ਵਿਚ ਯਾਦ ਆਵੇਂ ਤਾਂ ਸੰਸਾਰ ਦੇ ਲੋਕ ਵਿਚਾਰੇ ਕੀ ਦੁਸ਼ਮਨੀ ਕਰ ਸਕਦੇ ਹਨ, ਦੱਸੋ ਖਾਂ ਭਲਾਬੁਰਾ ਕਿਸ ਨੂੰ ਆਖੀਏ?ਜਿਤਨੇ ਜੀਵ ਹਨ ਸਾਰੇ ਤੇਰਾ ਹੀ ਰੂਪ ਹਨ।

**ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥ ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ ॥ ੨ ॥**

ਤੇਰੀ ਹੀ ਮਨ ਨੂੰ ਓਟ ਹੈ ਤੇਰਾ ਹੀ ਬਾਣੀ ਕਰਕੇ ਆਸਰਾ ਹੈ ਤੂੰ ਆਪਹੀ ਹੱਥ ਦੇਕੇ ਰੱਖਯਾ ਕਰਦਾ ਹੈਂ ਜਿਸ ਦਾਸ ਉੱਤੇ ਤੇਰੀ ਕਿਰਪਾ ਹੋਂਦੀ ਹੈ ਉਸਨੂੰ ਬਿਪ=ਬਿਪਤਾ ਕੋਈ ਨਹੀਂ ਖਾ ਸਕਦੀ ਹੈ ਜਾਂ ਕੋਈ ਉਲਟਾ ਬਚਨ ਵੀ ਨਹੀਂ ਆਖ ਸਕਦਾ ਹੈ ।

**ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥ ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥ ੩ ॥**

ਹੇ ਮਾਲਕਾ ! ਜਿਹੜੀ ਤੇਰੇ ਮਨ ਨੂੰ ਚੰਗੀ ਲੱਗੀ ਹੈ ਉਹੋ ਹੀ ਸੁਖ ਤੇ ਵਡਿਆਈ ਚੰਗੀ ਹੈ ਤੂੰ ਸਦਾ ਸਿਆਣਾ ਮਿਹਰਬਾਨੀ ਕਰਨ ਵਾਲਾ ਹੈਂ,ਮੈਨੂੰ ਆਪਦਾ ਨਾਮ ਮਿਲੇ ਤੇ ਤਾਂ ਮੈਂ ਸੁਖ ਅਨੰਦ ਮਾਣਦਾ ਹਾਂ।

**ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥ ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥ ੪ ॥ ੧੦ ॥ ੪੯ ॥**

ਤੇਰੇ ਅੱਗੇ ਸਾਡੀ ਬੇਨਤੀ ਹੈ ਕਿ ਇਹ ਜੀਅ ਤੇ ਸਰੀਰ ਸਭ ਕੁਛ ਤੇਰਾ ਹੀ ਹੈ ਭਾਵ ਤੇਰਾ ਦਿਤਾ ਹੋਇਆ ਤੇਰੇ ਅੱਗੇ ਅਰਪਣ ਹੈ !

ਗੁਰੂ ਜੀ=ਮੇਰਾ ਤਾਂ ਨਾਮ ਕੋਈ ਨਹੀਂ ਜਾਣਦਾ ਸੀ, ਇਹ ਜਿਤਨੀ ਵਡਿਆਈ ਹੈ ਸਾਰੀ ਤੇਰੀ ਹੀ ਦਿਤੀ ਹੋਈ ਹੈ।

Digitized by Panjab Digital Library | www.panjabdigilib.org

ਆਸਾ ਮਹਲਾ ੫ ॥

ਕਰਿ ਕਿਰਪਾ ਪ੍ਰਭ ਅੰਤਰਜਾਮੀ ਸਾਧ ਸੰਗਿ ਹਰਿ ਪਾਈਐ ॥ ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ ॥ ੧ ॥

ਹੇ ਭਰਾ ! ਮਾਲਕ ਅੰਤਰਜਾਮੀ ਦੀ ਕਿਰਪਾ ਕਰਕੇ ਸਾਧ ਸੰਗ ਪਾਈਦਾ ਹੈ, ਸੰਤ ਜੜ੍ਹਤਾ ਦੇ ਤਖਤੇ ਖੋਹਲ ਕੇ ਵਾਹਿਗੁਰੂ ਦਾ ਦਰਸ਼ਨ ਵਿਖਾਲ ਦੇਂਦੇ ਹਨ ਫਿਰ ਠੀਕ ਸਮਝੋ ਜਨਮ ਵਿਚ ਨਹੀਂ ਆਈਦਾ ਹੈ !

ਮਿਲਉ ਪਰੀਤਮ ਸੁਆਮੀ ਅਪੁਨੇ ਸਗਲੇ ਦੂਖ ਹਰਉਰੇ ॥ ਪਾਰਬ੍ਰਹਮੁ ਜਿਨ੍ਹਿ ਰਿਦੈ ਅਰਾਧਿਆ ਤਾਕੇ ਸੰਗਿ ਤਰਉਰੇ ॥ ੧ ॥ ਰਹਾਉ ॥

ਹੇ ਭਰਾ ! ਮੈਂ ਅਪਣੇ ਪਿਆਰੇ ਨੂੰ ਮਿਲਾਂ ਤੇ ਸਾਰੇ ਦੁਖ ਦੂਰ ਕਰ ਦਜਾਂ ਜਿਨਾਂ ਸੰਤਾਂ ਨੇ ਪ੍ਰਮੇਸਰ ਨੂੰ ਰਿਦੇ ਵਿਚ ਧਿਆਯਾ ਹੈ ਓਹਨਾਂ ਦੇ ਸੰਗ ਰਲਕੇ ਸੰਸਾਰ ਸਮੁੰਦਰ ਤੋਂ ਤਰ ਜਾਵਾਂ ।

ਮਹਾ ਉਦਿਆਨ ਪਾਵਕ ਸਾਗਰ ਭਏ ਹਰਖ ਸੋਗ ਮਹਿ ਬਸਨਾ ॥ ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ ਜਪਿ ਅੰਮ੍ਰਿਤੁ ਹਰਿ ਰਸਨਾ ॥ ੨ ॥

ਹੇ ਭਰਾ! ਵੱਡੀ ਉਜਾੜ ਤੇ ਅੱਗ ਰੂਪ ਜੇਹੜਾ ਸੰਸਾਰ ਸਮੁੰਦ੍ਰ ਹੈ ਜੇਹੜੇ ਆਦਮੀ ਏਥੇ ਆ ਗਏ ਹਨ ਇਹਨਾਂ ਦਾ ਹਰਖ ਸ਼ੋਕ ਵਿੱਚ ਹੀ ਵੱਸਣਾਂ ਹੁੰਦਾ ਹੈ, ਜਿਨ੍ਹਾਂ ਨੂੰ ਸਤਿਗੁਰੂ ਦਾ ਮੇਲਾ ਹੋਇਆ ਹੈ ਓਹਨਾਂ ਨੇ ਅੰਮ੍ਰਿਤ ਰੂਪ ਪ੍ਰਮੇਸਰ ਦਾ ਨਾਮ ਜਪਿਆ ਹੈ ਏਸੇ ਲਈ ਓਹਨਾਂ ਦਾ ਮਨ ਨਿਰਮਲ ਹੋਇਆ ਹੈ ਭਾਵ ਦੁਖ ਤੋਂ ਰਹਿਤ ।

ਤਨੁ ਧਨੁ ਥਾਪਿ ਕੀਓ ਸਭੁ ਅਪਨਾ ਕੋਮਲ ਬੰਧਨ ਬਾਂਧਿਆ ॥ ਗੁਰ ਪਰਸਾਦਿ ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ ॥ ੩ ॥

ਇਸ ਆਦਮੀ ਨੇ ਸਰੀਰ ਤੇ ਧਨ ਸਭ ਕੁਛ ਅਪਣਾ ਜਾਣ ਰੱਖਿਆ ਹੈ ਅਤੇ ਮੋਹ ਰੂਪ ਕੋਮਲ ਬੰਧਨਾਂ ਵਿੱਚ ਬੰਨ੍ਹਿਆਂ ਹੋਇਆ ਹੈ ਗੁਰਾਂ ਦੀ ਕਿਰਪਾ

Digitized by Panjab Digital Library | www.panjabdigilib.org

ਨਾਲ ਜਿਨ੍ਹਾਂ ਨੇ ਪਰਮੇਸਰ ਦਾ ਨਾਮ ਯਾਦ ਕੀਤਾ ਹੈ ਓਹ ਆਦਮੀ ਮੋਹ ਰੂਪ ਬੰਧਨਾਂ ਤੋਂ ਛੁਟ ਗਏ ਹਨ ।

**ਰਾਖਿ ਲੀਏ ਪ੍ਰਭੁ ਰਾਖਨਹਾਰੈ ਜੋ ਪ੍ਰਭ ਅਪੁਨੇ ਭਾਣੇ ॥ ਜੀਉ ਪਿੰਡੁ ਸਭੁ ਤੁਮਰਾ ਦਾਤੇ ਨਾਨਕ ਸਦ ਕੁਰਬਾਣੇ ॥੪॥ ੧੧ ॥ ੫੦ ॥**

ਜੇਹੜੇ ਅਪਣੇ ਮਾਲਕ ਨੂੰ ਚੰਗੇ ਲੱਗੇ ਹਨ ਓਹ ਆਦਮੀ ਰੱਖਿਆ ਕਰਨ ਵਾਲੇ ਮਾਲਕ ਨੇ ਬਚਾ ਰਖੇ ਹਨ ਭਾਵ ਸੰਸਾਰ ਦੁਖਾਂ ਤੋਂ । ਗੁਰੂ ਜੀ=ਹੇ ਸੁਖਾਂ ਦੇ ਦਾਤੇ ਵਾਹਿਗੁਰੂ ਇਹ ਜੀਅ ਸਰੀਰ ਸਭ ਕੁਛ ਤੇਰਾ ਹੀ ਹੈ ਮੈਂ ਸਦਾ ਬਲਿਹਾਰ ਜਾਂਦਾ ਹਾਂ ।

## ਆਸਾ ਮਹਲਾ ੫ ॥

{ਚੰਗਾ ਗਿਆਨਵਾਨ ਸਿੱਖ, ਸਿੱਖੀ ਵਿੱਚ ਆਉਣ ਵਾਲੇ ਸਿੱਖ ਅੱਗੇ ਪ੍ਰਸ਼ਨ ਕਰਦਾ ਹੈ । ਤੇ ਸਖੀ,ਸਖੀ ਨਾਲ ਪ੍ਰਸ਼ਨੋਤ੍ਰੀ ।}

**ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓਰੀ॥ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾਆਲਸੁ ਕਹਾ ਗਇਓਰੀ ॥ ੧ ॥ ਰਹਾਉ ॥**

ਮੋਹ ਰੂਪ ਮੈਲੀ ਨੀਂਦ ਤੋਂ ਜੇਹੜੀ ਤੂੰ ਛੁਟ ਗਈ ਹੈਂ ਸੋ ਤੇਰੇ ਉਤੇ ਜੇਹੜੀ ਕਿਰਪਾ ਹੋਈ ਹੈ,ਹੇ ਸਖੀ ! ਤੈਨੂੰ ਵੱਡੀ ਮੋਹਣ ਵਾਲੀ ਮਾਇਆ ਨਹੀਂ ਚੰਬੜਦੀ ਅਤੇ ਤੇਰਾ ਆਲਸ ਕਿੱਥੇ ਚਲਿਆ ਗਿਆ ਹੈ ।

**ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓਰੀ ॥ ਸੁਰਿ ਨਰਦੇਵ ਅਸੁਰ ਤ੍ਰੈਗੁਨੀਆ ਸਗਲੋ ਭਵਨੁ ਲੁਟਿਓਰੀ ॥ ੧ ॥**

ਕਾਮ ਕ੍ਰੋਧ ਹੰਕਾਰ ਦਾ ਜੇਹੜਾ ਕਰੜਾ ਜਾਂ ਔਖਾ ਥਾਂ ਸੀ ਓਹ ਤੇਰਾ ਕਿਸ ਤਰੀਕੇ ਨਾਲ ਛੁੱਟ ਗਿਆ ਹੈ, ਜਿਨ੍ਹਾਂ ਕਾਮ ਆਦਕਾਂ ਨੇ ਚੰਗਿਆਂ ਦੇਵਤਿਆਂ ਤੇ ਆਦਮੀਆਂ, ਦੈਤਾਂ ਤੇ ਤ੍ਰਿੰਨਾਂ ਗੁਣਾਂ ਵਾਲਿਆਂ ਸਾਰਿਆਂ ਸੰਸਾਰੀ ਜੀਵਾਂ ਨੂੰ ਤੇ ਸਾਰਿਆਂ ਲੋਕਾਂ ਨੂੰ ਲੁਟ ਲਿਆ ਹੈ ।

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓਰੀ॥ ਐਸੋ ਸਮਰਥੁ ਵਰਨਿ ਨ ਸਾਕਉਤਾਕੀ**

Digitized by Panjab Digital Library | www.panjabdigilib.org

ਉਪਮਾ ਜਾਤ ਨ ਕਹਿਓਰੀ ॥ ੨ ॥

ਇਸ ਮਾਇਆ ਰੂਪ ਬਨ ਨੂੰ ਸਾੜਨ ਵਾਲੀ ਅੱਗ ਨੇ ਜੀਵ ਰੂਪੀ ਬਹੁਤ ਘਰ ਸਾੜ ਸੁਟੇ ਹਨ ਕੋਈ ਸਤਸੰਗੀ ਜੀਵ ਰੂਪ ਬੂਟਾ ਹਰਿਆ ਰਿਹਾ ਹੈ ਹੇ ਸਖੀ ਕੇਹੜਾ ਬੂਟਾ ਹਰਿਆ ਰਿਹਾ ਹੈ ਮੈਂ ਇੱਕੁਰ ਦੇ ਸਮਰੱਥ ਦੇ ਗੁਣ ਵਰਨਣ ਨਹੀਂ ਕਰ ਸਕਦੀ ਹਾਂ ਅਤੇ ਉਸਦੇ ਜੋਰ ਦੀ ਵੀ ਉਪਮਾ ਨਹੀਂ ਕਹੀ ਜਾਂਦੀ ਹੈ।

ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓਰੀ ॥ ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓਰੀ ॥ ੩ ॥

ਜੇਹੜੀ ਸੰਸਾਰ ਰੂਪ ਪਾਪਾਂ ਦੀ ਕਾਲੀ ਕੋਠੀ ਹੈ ਉਸ ਵਿੱਚ ਰਹਿਕੇ ਵੀ ਤੂੰ ਕਾਲੀ ਨਹੀਂ ਹੋਈ ਹੈਂ ਤੇਰਾ ਰੰਗ ਬੜਾ ਨਿਰਮਲ ਬਣਿਆਂ ਰਿਹਾ ਹੈ ਹੇ ਸਖੀ ਸੁਣ ਵਡਾ ਮੰਤ੍ਰ ਨਾਮ ਅਸਚਰਜ ਰੂਪ ਗੁਰਾਂ ਦੀ ਕਿਰਪਾ ਨਾਲ ਸੁਣਿਆਂ ਹੋਇਆ ਜਦੋਂ ਮੇਰੇ ਰਿਦੇ ਵਿੱਚ ਵਸਿਆ।

ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥ ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥ ੪ ॥ ੧੨ ॥ ੫੧ ॥

ਤਾਂ ਕਿਰਪਾ ਕਰਕੇ ਮਾਲਕ ਪ੍ਰਮੇਸਰ ਨੇ ਕਿਰਪਾ ਦੀ ਭਰੀ ਨਜ਼ਰ ਨਾਲ ਵੇਖਕੇ ਮੈਂ ਦਾਸੀ ਅਪਣੇ ਚਰਨਾਂ ਵਿੱਚ ਲਾ ਲਈ।

ਪ੍ਰੇਮਾ ਭਗਤੀ ਕਰਕੇ ਸਾਧ ਸੰਗਤ ਦ੍ਵਾਰਾ ਮਾਲਕ ਵਿਚ ਮੇਰੀ ਸਮਾਈ ਹੋਈ ਇਸ ਲਈ ਮੈਂ ਸੁਖ ਪਾਇਆ ਹੈ।

ੴ ਸਤਿਗੁਰਪ੍ਰਸਾਦਿ ॥

ਰਾਗੁ ਆਸਾ ਘਰੁ ੭ ਮਹਲਾ ੫ ॥

ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥ ੧ ॥

ਤਥਾ

ਪ੍ਰੇਮ ਰੂਪ ਲਾਲ ਰੰਗ ਦਾ ਕਪੜਾ ਤੇਰੇ ਸਰੀਰ ਉਤੇ ਸੋਹਿਆ ਹੋਇਆ

Digitized by Panjab Digital Library | www.panjabdigilib.org

ਹੈ (ਸੁਰਜਨ ਪ੍ਰਮੇਸਰ ਨੂੰ ਤੂੰ ਚੰਗੀ ਲੱਗਦੀ ਹੈਂ ਇਸ ਲਈ ਉਸ ਵਿਚ ਤੇਰਾ ਮਨ ਮੋਹਿਆ ਹੋਇਆ ਹੈ ਜਾਂ ਪ੍ਰਮੇਸਰ ਦਾ ਮਨ ਤੇਰੇ ਵਿਚ ਮੋਹਿਆ ਗਿਆ ਹੈ।

**ਕਵਨ ਬਨੀਰੀ ਤੇਰੀ ਲਾਲੀ ॥ ਕਵਨ ਰੰਗਿ ਤੂੰ ਭਈ ਗੁਲਾਲੀ ॥ ੧ ॥ ਰਹਾਉ ॥**

ਨੀ ਸਖੀ ਜੇਹੜੇ ਪ੍ਰੇਮ ਨਾਲ ਤੇਰੀ ਲਾਲੀ=ਪ੍ਰੀਤੀ ਚੰਗੀ ਬਣੀ ਹੈ ਅਤੇ ਜਿਸ ਪ੍ਰੇਮ ਨਾਲ ਤੂੰ ਗਾੜ੍ਹੀ ਅਨੰਦ ਵਾਲੀ ਹੋਈ ਹੈਂ।

**ਤੁਮਹੀ ਸੁੰਦਰਿ ਤੁਮਹਿ ਸੁਹਾਗੁ ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥ ੨ ॥**

ਮੈਂ ਜਾਣ ਲਿਆ ਤੂੰ ਹੀ ਸੁੰਦਰ ਹੈਂ ਅਤੇ ਤੂੰ ਹੀ ਸੁਹਾਗ ਵਾਲੀ ਹੈਂ "ਲਾਲਨ" ਪਿਆਰਾ ਪਤੀ ਵੀ ਤੇਰੇ ਹੀ ਘਰ ਰੂਪ ਰਿਦੇ ਵਿਚ ਹੈ ਅਤੇ ਚੰਗਾ ਭਾਗ ਵੀ ਤੇਰੇ ਹੀ ਘਰ ਵਿਚ ਹੇ।

**ਤੂੰ ਸਤਵੰਤੀ ਤੂੰ ਪਰਧਾਨਿ ॥ ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ ॥ ੩ ॥**

ਤੂੰਹੀਂ ਸਤ ਵਾਲੀ ਹੈਂ ਤੂੰ ਹੀ ਵੱਡੀ ਹੈਂ ਤੂੰ ਹੀ ਪਿਆਰੇ ਨੂੰ ਚੰਗੀ ਲੱਗਦੀ ਹੈਂ ਅਤੇ ਸੁਰ=ਦੇਵਤਿਆਂ ਵਾਲੇ ਲੰਮੇ ਗਿਆਨ ਵ ਲੀ ਵੀ ਤੂੰਹੀ ਹੈਂ।

**ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ॥ ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ ॥ ੪ ॥**

ਤੂੰ ਪਿਆਰੇ ਪਤੀ ਨੂੰ ਚੰਗੀ ਲੱਗੀ ਹੈਂ ਤਾਂ ਤੂੰ ਚੰਗੇ ਗਾਹੜੇ ਪ੍ਰੇਮ ਵਾਲੀ ਹੈਂ। ਗੁਰੂ ਜੀ=ਤੂੰ ਚੰਗੀ ਕਿਰਪਾ ਦ੍ਰਿਸ਼ਟੀ ਨਾਲ ਨਿਹਾਲ ਹੋਈ ਨਜ਼ਰ ਆਂਦੀ ਹੈ ਤੂੰ ਕੇਹੜੀ ਚੰਗੀ ਕਮਾਈ ਕੀਤੀ ਹੈ?

"ਉਤਰ"।

**ਸੁਨ ਰੀ ਸਖੀ ਇਹ ਹਮਰੀ ਘਾਲ ॥ ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥੧॥ ਰਹਾਉ ਦੂਜਾ ॥੧॥੫੨॥**

ਹੇ ਸਖੀ! ਸੁਣ ਮੇਰੀ ਇਹ ਕਮਾਈ ਜੇਹੜਾ ਮਾਲਕ ਸੰਸਾਰ ਨੂੰ ਸਵਾਰਨ ਭਾਵ ਬਣਾਨ ਵਾਲਾ ਹੈ ਉਸ ਨੇ ਚੰਗੇ ਗੁਣ ਦੇਕੇ ਮੈਨੂੰ ਆਪੇ ਹੀ ਸਿੰਗਾਰ ਲਿਆ ਹੈ।

## ਆਸਾ ਮਹਲਾ ੫ ॥

**ਦੂਖੁ ਘਨੋ ਜਬ ਹੋਤੇ ਦੂਰਿ ॥ ਅਬ ਮਸਲਤਿ ਮੋਹਿ**

Digitized by Panjab Digital Library | www.panjabdigilib.org

ਮਿਲੀ ਹਦੂਰਿ ॥ ੧ ॥

ਜਦੋਂ ਪਤੀ ਜੀ ਦੂਰ ਹੁੰਦੇ ਸਨ ਤਾਂ ਮੈਨੂੰ ਬੜਾ ਦੁਖ ਹੁੰਦਾ ਸੀ ਹੁਣ ਗੁਰਾਂ ਦੀ ਕਿਰਪਾ ਨਾਲ ਮੈਨੂੰ ਪਤੀ ਦੇ ਪਾਸ ਰਹਿਣ ਦੀ ਸਲਾਹ ਮਿਲੀ ਹੈ ਜਾਂ ਪਤੀ ਮੈਨੂੰ ਪਾਸ ਆ ਕੇ ਮਿਲਿਆ ਹੈ।

ਚੁਕਾ ਨਿਹੋਰਾ ਸਖੀ ਸਹੇਰੀ॥ ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ॥ ੧ ॥ ਰਹਾਉ ॥

ਹੇ ਪਿਆਰੀ ਸਖੀ ਮੇਰਾ ਅਹਿਸਾਨ ਤਰਲਾ ਦੂਰ ਹੋ ਗਿਆ ਹੈ ਭਰਮ ਚਲਿਆ ਗਿਆ ਹੈ ਗੁਰਾਂ ਨੇ ਮੈਨੂੰ ਪਿਆਰੇ ਪਤੀ ਨਾਲ ਮਿਲਾ ਦਿਤਾ ਹੈ।

ਨਿਕਟਿ ਆਨਿ ਪ੍ਰਿਅ ਸੇਜ ਧਰੀ ॥ ਕਾਣਿ ਕਢਣ ਤੇ ਛੂਟਿ ਪਰੀ ॥ ੨ ॥

ਮੈਨੂੰ ਪਤੀ ਨੇ ਅਪਣੇ ਪਾਸ ਹੀ ਸੇਜਾ ਉਤੇ ਲਿਆਕੇ ਧਰ ਲਿਆ ਭਾਵ ਬਠਾ ਲਿਆ ਹੈ ਹੁਣ ਹੋਰਨਾਂ ਲੋਕਾਂ ਦੀ ਕੁਸ਼ਾਮਤ ਛੁਟ ਪਈ ਹੈ, ਭਾਵ ਦੂਰ ਹੋ ਗਈ ਹੈ।

ਮੰਦਰਿ ਮੇਰੈ ਸਬਦਿ ਉਜਾਰਾ ॥ ਅਨਦ ਬਿਨੋਦੀ ਖਸਮੁ ਹਮਾਰਾ ॥ ੩ ॥

ਮੇਰੇ ਸਰੀਰ ਰੂਪ ਘਰ ਵਿਚ ਗੁਰ ਸ਼ਬਦ ਦਾ ਚਾਨਣ ਹੈ ਮੇਰਾ ਮਾਲਕ ਦੁਨੀਆਂ ਦੇ ਤਮਾਸ਼ੇ ਕਰਨ ਵਾਲਾ ਸਦਾ ਅਨੰਦ ਰੂਪ ਹੈ।

ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥ ਥਿਰੁ ਸੋਹਾਗੁ ਨਾਨਕ ਜਨ ਪਾਇਆ ॥ ੪ ॥ ੨ ॥ ੫੩ ॥

ਜਦੋਂ ਮੇਰੇ ਮੱਥੇ ਦਾ ਭਾਗ ਲਿਖਿਆ ਹੋਇਆ ਜਾਗ ਪਿਆ ਤਾਂ ਮੇਰੇ ਘਰ ਪਤੀ ਆਇਆ। ਗੁਰੂ ਜੀ=ਤਾਂ ਹੀ ਮੇਰਾ ਸੁਹਾਗ ਟਿਕਿਆ ਤੇ ਮੈਂ ਅਚੱਲ ਸੁਖ ਪਾਇਆ।

ਆਸਾ ਮਹਲਾ ੫ ॥

ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥ ੧ ॥

Digitized by Panjab Digital Library | www.panjabdigilib.org

ਮੇਰਾ ਮਨ ਸੱਚੇ ਨਾਮੀ ਪ੍ਰਮੇਸਰ ਵਿਚ ਲੱਗ ਹੈ ਹੋਰ ਸੰਸਾਰੀ ਲੋਗਾਂਨਾਲ ਮੇਰਾ ਬਾਗ=ਬਾਣੀ ਦਾ ਠੱਠਾ ਬਣਿਆ ਹੋਇਆ ਹੈ

{ ਭਾਵ ਹਾਸ ਬਿਲਾਸ ਹੈ, ਗੁਰੂ ਜੀ ਕਦੀ ਕਦੀ ਕਾਰ ਸਰੋਵਰ ਦੀ ਕਰਾਂਦੇ ਕਰਾਂਦੇ ਛੇਤੀ ੨ ਕਹਿੰਦੇ ਸਨ ਤਾਂ ਲੋਕ ਅੱਗੋਂ ਆਖਦੇ ਸਨ ਜੀ ਆਪ ਇੰਞ ਕਿਉਂ ਆਖਦੇ ਹੋ ਤਾਂ ਗੁਰੂ ਜੀ ਅਸਲੀ ਭਾਵ ਦੱਸਿਆ ਹੈ }

**ਬਾਹਰਿ ਸੂਤੁ ਸਗਲ ਸਿਉ ਮਉਲਾ ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ੧ ॥ ਰਹਾਉ ॥**

ਬਾਹਰੋਂ ਤਾਂ ਮੈਂ ਸੂਤ ਵਾਂਗ ਸਾਰਿਆਂ ਮਾਇਆ ਦੇ ਵਿਹਾਰਾਂ ਵਿਚ ਮਿਲਿਆ ਹੋਇਆ ਹਾਂ ਅਤੇ ਅੰਦ੍ਰੋਂ ਇੰਞ ਦਾ ਵੱਖਰਾ ਰਹਿੰਦਾ ਹਾਂ ਜਿੰਞ ਪਾਣੀ ਵਿਚ ਕੌਲ ਵੱਖਰਾ ਰਹਿੰਦਾ ਹੈ ।

**ਮੁਖ ਕੀ ਬਾਤ ਸਗਲ ਸਿਉ ਕਰਤਾ ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ ੨ ॥**

ਮੂੰਹ ਦੀਆਂ ਗੱਲਾਂ ਤਾਂ ਸਾਰਿਆਂ ਨਾਲ ਕਰਦਾ ਹਾਂ ਪਰ ਜੀਆ ਨਾਲ ਰਿਦੇ ਵਿਚ ਅਪਣੇ ਮਾਲਕ ਦਾ ਧਿਆਨ ਧਰਦਾ ਹਾਂ ।

**ਦੀਸਿ ਆਵਤ ਹੈ ਬਹੁਤੁ ਭੀਹਾਲਾ ॥ ਸਗਲ ਚਰਨ ਕੀ ਇਹੁ ਮਨੁ ਰਾਲਾ ॥ ੩ ॥**

ਭਾਵੇਂ ਮੇਰਾ ਸੁਭਾਉ ਬਹੁਤ ਡਰੌਣਾ ਦੀਹਦਾਹੈ ਪਰ ਮੇਰਾ ਮਨ ਸਾਰਿਆਂ ਦੇ ਚਰਨਾਂ ਦੀ ਧੂੜ ਹੈ ।

**ਨਾਨਕ ਜਨਿ ਗੁਰੁ ਪੂਰਾ ਪਾਇਆ॥ ਅੰਤਰਿ ਬਾਹਰਿ ਏਕੁ ਦਿਖਾਇਆ ॥ ੪ ॥ ੩ ॥ ੫੪ ॥**

ਗੁਰੂ ਜੀ=ਜਦ ਮੈਂ ਦਾਸ ਨੇ ਪੂਰੇ ਗੁਰੂ ਨੂੰ ਪਾਇਆ ਤਾਂ ਗੁਰਾਂਨੇ ਅੰਦਰ ਬਾਹਰ ਇਕ ਮਾਲਕ ਨੂੰ ਵਿਖਾਇਆ ।

## ਆਸਾ ਮਹਲਾ ੫ ॥

(ਹੰਕਾਰੀ ਆਦਮੀ ਦਾ ਹਾਲ)

**ਪਾਵਤੁ ਰਲੀਆ ਜੋਬਨਿ ਬਲੀਆ ॥ ਨਾਮ ਬਿਨਾ ਮਾਟੀ ਸੰਗਿ ਰਲੀਆ ॥ ੧ ॥**

ਕਈ ਤਰਾਂ ਦੇ ਅਨੰਦ ਪਾਂਦਾ ਹੈ ਜੋਬਨ ਕਰਕੇ ਬਲੀ ਹੈ ਪਰ ਨਾਮਬਿਨਾ

Digitized by Panjab Digital Library | www.panjabdigilib.org

ਮਿੱਟੀ ਨਾਲ ਰਲ ਜਾਣਾ ਹੈ।

**ਕਾਨ ਕੁੰਡਲੀਆ ਬਸਤ੍ਰ ਓਢਲੀਆ ॥ ਸੇਜ ਸੁਖ-ਲੀਆ ਮਨਿ ਗਰਬਲੀਆ ॥ ੧ ॥ ਰਹਾਉ ॥**

ਕੰਨਾਂ ਵਿਚ ਕੁੰਡਲ ਹਨ ਕੱਪੜੇ ਵੀ ਚੰਗੇ ਪਾਏ ਹਨ ਸੇਜਾ ਵੀ ਸੁਖ ਦੇਣ ਵਾਲੀ ਮਿਲੀ ਹੈ ਇੱਕੁਰ ਦੇ ਪਦਾਰਥਾਂ ਨੂੰ ਪਾਕੇ ਮਨ ਵਿਚ ਹੰਕਾਰਕਰਦਾ ਹੈ।

**ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ ॥ ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ ॥ ੨ ॥**

ਹੇਠਾਂ ਹਾਥੀਹੈ ਸਿਰ ਤੇ ਸੋਨੇ ਦਾ ਛੱਤ੍ਰਹੈ ਪਰ ਪ੍ਰਮੇਸਰ ਦੀ ਭਗਤੀ ਬਿਨਾ ਲੈਕੇ ਮਿੱਟੀ ਵਿਚ ਗੱਡ ਦਿੱਤਾ ਜਾਵੇਗਾ।

**ਰੂਪ ਸੁੰਦਰੀਆ ਅਨਿਕ ਇਸਤਰੀਆ ॥ ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥ ੩ ॥**

ਸੁੰਦਰ ਰੂਪ ਵਾਲੀਆਂ ਅਨੇਕਾਂ ਇਸਤ੍ਰੀਆਂ ਵੀ ਹਨ, ਪਰ ਪ੍ਰਮੇਸਰ ਦੇ ਨਾਮ ਬਿਨਾਂ ਸਾਰੇ ਸੁਆਦ ਫਿੱਕੇ ਹਨ।

**ਮਾਇਆ ਛਲੀਆ ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥ ੪ ॥ ੪ ॥ ਪਪ ॥**

ਮਾਇਆ ਛਲਣ ਵਾਲੀ ਹੈ ਵਿਕਾਰ ਵਿਹੁ ਵਾਲੇ ਹਨ ਗੁਰੂ ਜੀ=ਹੇ ਦਿਆਲੂ ਅਕਾਲਪੁਰਖ! ਮੈਂ ਆਪਦੀ ਸ਼ਰਣ ਆਇਆ ਹਾਂ ਮੈਨੂੰ ਬਚਾ ਲੈ।

## ਆਸਾ ਮਹਲਾ ੫ ॥

**ਏਕੁ ਬਗੀਚਾ ਪੇਡ ਘਨ ਕਰਿਆ ॥ ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥ ੧ ॥**

ਸੰਸਾਰ ਇਕ ਬਗੀਚਾ ਹੈ ਬਹੁਤ ਸਾਰੇ ਆਦਮੀ ਪੰਛੀ ਵਿਚ ਬ੍ਰਿਛ ਹਨ ਬਹੁਤ ਤਰਾਂ ਦੇ ਕਰਮਾਂ ਦੇ ਫਲ ਹਨ ਪਰ ਅੰਮ੍ਰਿਤ ਰੂਪ ਨਾਮ ਵੀ ਇਸ ਵਿਚ ਫਲ ਰਿਹਾ ਹੈ।

**ਐਸਾ ਕਰਹੁ ਬੀਚਾਰੁ ਗਿਆਨੀ ॥ ਜਾਤੇ ਪਾਈਐ ਪਦੁ ਨਿਰਬਾਨੀ ॥ ਆਸਿਪਾਸਿ ਬਿਖੂਆਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈਰੇ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਭਾਈ ਗਿਆਨੀਆਂ ਨਾਲ ਮਿਲਕੇ ਇੱਕੁਰ ਦਾ ਵਿਚਾਰ ਕਰੋ ਜਿਸ ਵਿਚਾਰ ਕਰਨ ਨਾਲ ਬੰਧਨਾਂ ਤੋਂ ਬਿਨਾ ਪਦ ਪਾ ਲਈਏ ਚਹੁੰਆਂ ਪਾਸਿਆਂ ਵੱਲ ਵਿਹੁ ਦੇ ਕੁੰਡ ਹਨ, ਭਾਵ ਬੁਰੇ ਆਦਮੀ, ਅੰਮ੍ਰਿਤ ਰੂਪ ਸਤਸੰਗ ਹੈ।

**ਸਿੰਚਨ ਹਾਰੇ ਏਕੈ ਮਾਲੀ ॥ ਖਬਰਿ ਕਰਤੁ ਹੈ ਪਾਤ ਪਤ ਡਾਲੀ ॥ ੨ ॥**

ਇੱਕੁਰਦੇ ਬ੍ਰਿਛਾਂ ਨੂੰ ਸਿੰਜਣ ਵਾਲਾ ਇਕ ਹੀ ਮਾਲੀ ਪ੍ਰਮੇਸਰਹੈ ਜੇਹੜਾ ਕਿਰਪਾ ਰੂਪ ਪਾਣੀ ਨਾਲ ਸਾਰਿਆਂ ਬ੍ਰਿਛਾਂਦੇ ਪੱਤਾਂ ਟਾਹਣੀਆਂ ਦੀਆਂਪਾਤ-ਪੰਗਤੀਆਂ ਦੀ ਖਬਰ ਕਰਦਾ ਹੈ,ਭਾਵ ਖਬਰ ਲੈਂਦਾ ਹੈ,ਭਾਵ ਸਾਰਿਆਂ ਜੀਵਾਂ ਨੂੰ ਖਾਣ ਪੀਣ ਨੂੰ ਦੇਂਦਾ ਹੈ।

**ਸਗਲ ਬਨਸਪਤਿ ਆਣਿ ਜੜਾਈ ॥ ਸਗਲੀ ਫੂਲੀ ਨਿਫਲ ਨ ਕਾਈ ॥ ੩ ॥**

ਜਿਤਨੀ ਜੀਵਾਂ ਰੂਪ ਬਨਾਸਪਤੀ ਹੈ ਸਾਰੀ ਮਾਇਆ ਸ਼ਕਤੀ ਨੂੰ ਲੈਕੇ ਜੜੀ ਹੈ ਜਾਂ ਆਪ ਤੋਂ ਵੱਖਰੀ ਰੱਖੀ ਹੈ ਸਾਰੇ ਫੁਲ ਰੂਪ ਜੀਵ ਅਪਣੇ ੨ ਕੰਮਾਂ ਨੂੰ ਕਰਦੇ ਹਨ, ਸੁਖ ਦੁਖ ਰੂਪ ਫਲ ਤੋਂ ਬਿਨਾਂ ਕੋਈ ਨਹੀਂ ਹੈ।

**ਅੰਮ੍ਰਿਤ ਫਲੁ ਨਾਮੁ ਜਿਨਿਗੁਰਤੇ ਪਾਇਆ॥ਨਾਨਕ ਦਾਸ ਤਰੀ ਤਿਨਿ ਮਾਇਆ ॥ ੪ ॥ ੫ ॥ ਪ੬ ॥**

ਜਿਸਨੇ ਇਕੁਰ ਦੇ ਬਾਗ ਵਿਚੋਂ ਨਿਸ਼ਕਾਮ ਕਰਮਾਂ ਦਾ ਫਲ ਰੂਪ ਅੰਮ੍ਰਤ ਨਾਮ ਗੁਰੂ ਤੋਂ ਪਾਇਆ ਹੈ ਉਸਨੇ ਮਾਇਆ ਤਰੀ ਹੈ ਭਾਵ ਪਾਰ ਹੋਇਆ ਹੈ।

## ਆਸਾ ਮਹਲਾ ੫ ॥

**ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥ ੧ ॥**

ਮੇਰੀ ਰਾਜਿਆਂ ਵਰਗੀ ਲੀਲ੍ਹਾ ਤੇਰੇ ਨਾਮ ਨੇ ਬਣਾਈਹੈ ਅਤੇ ਤੇਰਿਆਂ ਗੁਣਾਂ ਦੇ ਗੌਣ ਨਾਲ ਜੋਗ ਬਣਿਆਂ ਹੈ।

**ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥ ੧ ॥ ਰਹਾਉ ॥**

ਤੇਰੇ ਆਸਰੇ ਹੋਣ ਕਰਕੇ ਮੈਨੂੰ ਸਾਰੇ ਸੁਖ ਆ ਬਣੇ ਹਨ ਭਰਮ ਦੇ

Digitized by Panjab Digital Library | www.panjabdigilib.org

ਪੜਦੇ ਗੁਰੂ ਨੇ ਖੋਲ੍ਹ ਦਿਤੇ ਹਨ।

**ਹੁਕਮੁ ਬੂਝਿ ਰੰਗ ਰਸਮਾਣੇ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥ ੨ ॥**

ਤੇਰੇ ਹੁਕਮ ਨੂੰ ਸਮਝ ਕੇ ਸਾਰੇ ਰਸਾਂ ਦੇ ਅਨੰਦ ਹੀ ਮਾਣੇ ਹਨ, ਸਤਿਗੁਰਾਂ ਦੀ ਸੇਵਾ ਕਰਕੇ ਦੁੱਖ ਤੋਂ ਰਹਿਤ ਹੋਏ ਹਾਂ।

**ਜਿਨਿ ਤੂੰ ਜਾਤਾ ਸੋਗਿਰਸਤ ਉਦਾਸੀ ਪਰਵਾਣੁ ॥ ਨਾਮਿ ਰਤਾ ਸੋਈ ਨਿਰਬਾਣੁ ॥ ੩ ॥**

ਜਿਸਨੇ ਤੈਨੂੰ ਜਾਣਿਆਂ ਹੈ ਓਹ ਗ੍ਰਹਸਤੀ ਤੇ ਉਦਾਸੀ ਪਰਵਾਣ ਹੋਇਆ ਹੈ ਤੇ ਹੇ ਮਾਲਕਾ! ਜਿਹੜਾ ਤੇਰੇ ਨਾਲ ਮਿਲਿਆ ਹੈ ਓਹ ਬੰਧਨਾਂ ਤੋਂ ਰਹਿਤ ਹੋਇਆ ਹੈ।

**ਜਾਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾਕਾ ਪੂਰਿ ਖਜਾਨਾ ॥ ੪ ॥ ੬ ॥ ੫੭ ॥**

ਜਿਸਨੂੰ ਨਾਮ ਰੂਪ ਖਜ਼ਾਨਾ ਮਿਲਿਆ ਹੈ ਗੁਰੂ ਜੀ ਆਖਦੇ ਹਨ ਉਸ ਦਾ ਦਿਲ ਰੂਪ ਖਜ਼ਾਨਾ ਭਰ ਗਿਆ ਹੈ।

## ਆਸਾ ਮਹਲਾ ੫ ॥

**ਤੀਰਥਿ ਜਾਉ ਤ ਹਉ ਹਉ ਕਰਤੇ॥ਪੰਡਿਤਪੂਛਉ ਤ ਮਾਇਆ ਰਾਤੇ ॥ ੧ ॥**

ਜੇ ਤੀਰਥਾਂ ਉਤੇ ਜਾਕੇ ਵੇਖਾਂ ਤਾਂ ਓਹ ਸਗੋਂ ਬੜਾ ਹੰਕਾਰ ਕਰਦੇ ਹਨ ਭਾਵ ਦੁਖੀ ਹਨ। ਜੇ ਪੰਡਤਾਂ ਨੂੰ ਪੁੱਛੀਏ ਤੇ ਤਾਂ ਓਹ ਮਾਇਆ ਵਿਚ ਰੱਤੇ ਹੋਏ ਹਨ ਭਾਵ ਦੁਖੀ।

**ਸੋ ਅਸਥਾਨੁ ਬਤਾਵਹੁ ਮੀਤਾ ॥ ਜਾਕੈ ਹਰਿ ਹਰਿ ਕੀਰਤਨੁ ਨੀਤਾ ॥ ੧ ॥ ਰਹਾਉ ॥**

ਹੇ ਮਿੱਤ੍ਰੋ! ਮੈਨੂੰ ਓਹ ਥਾਂ ਦਸੋ ਜਿਸ ਥਾਂ ਵਿਚ ਹਰ ਵੇਲੇ ਪਰਮੇਸਰ ਦਾ ਜਸ ਹੁੰਦਾ ਹੋਵੇ।

**ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥ ੨ ॥**

Digitized by Panjab Digital Library | www.panjabdigilib.org

ਜੇ ਵੇਦਾਂ ਸ਼ਾਸਤ੍ਰਾਂ ਨੂੰ ਵੇਖੀਏ ਤੇ ਤਾਂ ਇਹਨਾਂ ਵਿਚ ਪੁੰਨ ਪਾਪ ਦਾ ਵਿਚਾਰ ਲਿਖਿਆ ਹੋਯਾ ਹੈ ਓਹਨਾਂ ਕਰਮਾਂ ਕਰਕੇ ਮੁੜ ੨ ਨਰਕ ਸੁਰਗ ਵਿਚ ਉਤਰਦਾ ਭਾਵ ਪੈਂਦਾ ਹੈ।

**ਗਿਰਸਤ ਮੰਹਿ ਚਿੰਤ ਉਦਾਸ ਅਹੰਕਾਰ ॥ ਕਰਮ ਕਰਤ ਜੀਅ ਕਉ ਜੰਜਾਰ ॥ ੩ ॥**

ਗ੍ਰਹਸਤ ਕਰੀਏ ਤਾਂ ਚਿੰਤਾ ਵਧਦੀ ਹੈ ਉਦਾਸੀ ਬਣੀਏ ਤਾਂ ਹੰਕਾਰ ਖਾਂਦਾ ਹੈ, ਕਰਮ ਕਰਨ ਨਾਲ ਜੀਵ ਨੂੰ ਜੰਜਾਲ ਹੀ ਪੈਂਦੇ ਹਨ।

**ਪ੍ਰਭ ਕਿਰਪਾ ਤੇ ਮਨਿ ਵਸਿ ਆਇਆ ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥ ੪ ॥**

ਮਾਲਕ ਦੀ ਕਿਰਪਾ ਨਾਲ ਜਿਸ ਆਦਮੀ ਦਾ ਮਨ ਵੱਸ ਵਿਚ ਆਯਾ ਹੈ ਗੁਰੂ ਜੀ=ਉਸ ਗੁਰਮੁਖ ਨੇ ਮਾਇਆ ਰੂਪ ਨਦੀ ਤਰੀ ਹੈ।

**ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਇਹੁ ਅਸ-ਥਾਨੁ ਗੁਰੂ ਤੇ ਪਾਈਐ ॥ ੧ ॥ ਰਹਾਉ ਦੂਜਾ ॥੭॥੫੮॥**

ਸਾਧ ਸੰਗਤ ਕਰਕੇ ਹਰੀ ਦਾ ਕੀਰਤਨ ਗਾਈਏ, ਪਰ ਸਾਧ ਸੰਗਤ ਥਾਂ ਗੁਰੂ ਤੋਂ ਪਾਈ ਦਾ ਹੈ।

## ਆਸਾ ਮਹਲਾ ੫ ॥

**ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ॥ ਹਰਿ ਸਿਮ-ਰਤ ਸਗਲ ਬਿਨਾਸੇ ਦੂਖਾ ॥ ੧ ॥**

ਭਗਤਾਂ ਨੂੰ ਘਰ ਵਿਚ ਵੀ ਸੁਖ ਹੁੰਦਾ ਹੈ ਅਤੇ ਬਾਹਰ ਵੀ ਸੁਖ ਹੁੰਦਾ ਹੈ ਪ੍ਰਮੇਸ਼ਰ ਨੂੰ ਯਾਦ ਕਰਨ ਨਾਲ ਸਾਰੇ ਦੁਖ ਨੱਸ ਜਾਂਦੇ ਹਨ।

**ਸਗਲ ਸੂਖ ਜਾ ਤੂੰ ਚਿਤਿ ਆਵੈਂ॥ ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ ॥ ੧ ॥ ਰਹਾਉ ॥**

ਹੇ ਮਾਲਕਾ ਜਿਸਦੇ ਚਿਤ ਵਿੱਚ ਤੂੰ ਆਂਦਾ ਹੈਂ ਉਸਨੂੰ ਸਾਰੇ ਸੁਖ ਆ ਮਿਲਦੇ ਹਨ, ਜੇਹੜਾ ਦਾਸ ਤੈਨੂੰ ਚੰਗਾ ਲਗਦਾ ਹੈ ਓਹੋ ਹੀ ਤੇਰਾ ਨਾਮ ਜਪਦਾ ਹੈ।

**ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ ॥ ਹਰਿ ਹਰਿ**

Digitized by Panjab Digital Library | www.panjabdigilib.org

ਜਪਤ ਢਹੈ ਦੁਖ ਡੇਰਾ ॥ ੨ ॥

ਤੇਰਾ ਨਾਮ ਜਪਕੇ ਤਨ ਮਨ ਠੰਢਾ ਹੋ ਜਾਂਦਾ ਹੈ ਪ੍ਰਮੇਸਰ ਦਾ ਨਾਮ ਜਪਕੇ ਦੁਖਾਂ ਦਾ ਡੇਰਾ ਢਹਿ ਜਾਂਦਾ ਹੈ ।

ਹੁਕਮੁ ਬੂਝੈ ਸੋਈ ਪਰਵਾਨੁ ॥ ਸਾਚੁ ਸਬਦੁ ਜਾਕਾ ਨੀਸਾਨੁ ॥ ੩ ॥

ਜਿਸਦੇ ਪਾਸ ਸੱਚੇ ਨਾਮ ਦਾ ਪਰਵਾਨਾ ਹੈ ਹੇ ਪ੍ਰਮੇਸ਼ਰਾ ਓਹੋ ਹੀ ਤੇਰਾ ਹੁਕਮ ਸਮਝਦਾ ਹੈ ਤੇ ਓਹੋ ਹੀ ਪਰਵਾਨ ਹੁੰਦਾ ਹੈ ।

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥ ੪ ॥ ੮ ॥ ੫੯ ॥

ਜਦੋਂ ਪੂਰੇ ਗੁਰਾਂ ਨੇ ਪ੍ਰਮੇਸਰ ਦਾ ਨਾਮ ਪੱਕਾ ਕਰਾਇਆ ਤਾਂ "ਗੁਰੂ ਜੀ" ਮੇਰੇ ਮਨ ਕੇ ਸੁਖ ਪਾਇਆ (ਭਨਤਿ) ਆਖਦੇ ।

## ਆਸਾ ਮਹਲਾ ੫ ॥

ਜਹਾ ਪਠਾਵਹੁ ਤਹ ਤਹ ਜਾਂਈ ॥ ਜੋ ਤੁਮ ਦੇਹੁ ਸੋਈ ਸੁਖੁ ਪਾਈਂ ॥ ੧ ॥

ਜਿੱਥੇ ੨ ਘੱਲੋ ਓਥੇ ੨ ਅਸੀਂ ਜਾਂਦੇ ਹਾਂ ਜੋ ਤੁਸੀ ਦੇਂਦੇ ਹੋ ਓਹੋ ਹੀ ਅਸੀ ਸੁਖ ਪਾਂਦੇ ਹਾਂ ।

ਸਦਾ ਚੇਰੇ ਗੋਵਿੰਦ ਗੋਸਾਈ ॥ ਤੁਮ੍ਰੀ ਕ੍ਰਿਪਾ ਤੇ ਤ੍ਰਿਪਤਿ ਅਘਾਈਂ ॥੧॥ ਰਹਾਉ ॥

ਹੇ ਗੋਬਿੰਦ ਗੁਸਾਈ ਅਸੀਂ ਸਦਾ ਹੀ ਤੇਰੇ ਚੇਲੇ ਹਾਂ, ਤੁਹਾਡੀ ਕਿਰਪਾ ਨਾਲ ਸਾਡੀ ਬੁਧੀ ਦੋਹਾਂ ਲੋਕਾਂ ਦੇ ਸੁਖ ਲੈਕੇ ਰੱਜ ਗਈ ਹੈ ਤੇ ਪ੍ਰਸੰਨ ਹੋਈ ਹੈ।

ਤੁਮਰਾ ਦੀਆ ਪੈਨ੍ਹਉ ਖਾਈਂ ॥ ਤਉ ਪ੍ਰਸਾਦਿ ਪ੍ਰਭ ਸੁਖੀ ਵਲਾਈਂ॥ ੨ ॥

ਜੋ ਤੁਸੀਂ ਦੇਂਦੇ ਹੋ ਸੋਈ ਅਸੀਂ ਪਹਿਨਦੇ ਖਾਂਦੇ ਹਾਂ ਭਾਵ ਸੰਤੋਖ ਰੱਖਦੇ ਹਾਂ, ਹੇ ਮਾਲਕਾ ਤੇਰੀ ਕਿਰਪਾ ਨਾਲ ਉਮਰ ਸੁਖ ਨਾਲ ਬੀਤਦੀ ਹੈ ।

ਮਨ ਤਨ ਅੰਤਰਿ ਤੁਝੈ ਧਿਆਈਂ ॥ ਤੁਮਰੈ ਲਵੈ ਨ ਕੋਊ ਲਾਈਂ ॥ ੩ ॥

Digitized by Panjab Digital Library | www.panjabdigilib.org

ਅਸੀਂ ਤਨ ਮਨ ਵਿੱਚ ਤੈਨੂੰ ਹੀ ਯਾਦ ਕਰਦੇ ਹਾਂ ਤੇਰੇ ਬਰਾਬਰ ਕੋਈ ਦੂਸਰਾ ਨਹੀਂ ਲਗਦਾ ਭਾਵ ਤੇਰੇ ਵਰਗਾ ਅਸੀ ਕੋਈ ਨਹੀਂ ਜਾਣਦੇ ।

**ਕਹੁ ਨਾਨਕ ਨਿਤ ਇਵੈਂ ਧਿਆਈਂ ॥ ਗਤਿ ਹੋਵੈ ਸੰਤਹ ਲਗਿ ਪਾਈਂ ॥ ੪ ॥ ੯ ॥ ੬੦ ॥**

ਗੁਰੂ ਜੀ=ਹੇ ਮਾਲਕਾ ਅਸੀਂ ਰੋਜ ਇੱਕੁਰ ਹੀ ਤੈਨੂੰ ਯਾਦ ਕਰਦੇ ਹਾਂ, ਕਿ ਸੰਤਾਂ ਦੇ ਚਰਨਾਂ ਨਾਲ ਲਗਕੇ ਮੁਕਤੀ ਹੁੰਦੀ ਹੈ।

## ਆਸਾ ਮਹਲਾ ੫ ॥

**ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥ ੧ ॥**

ਉਠਦੇ ਬਹਿੰਦੇ ਸੌਂਦੇ ਪ੍ਰਮੇਸਰ ਨੂੰ ਯਾਦ ਕਰੀਏ ਰਸਤੇ ਵਿੱਚ ਤੁਰਦੇ ਵੀ ਪ੍ਰਮੇਸਰ ਨੂੰ ਗਾਈਏ।

**ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥ ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ॥੧॥ਰਹਾਉ॥**

ਕੰਨਾਂ ਨਾਲ ਪ੍ਰਮੇਸਰ ਦੀ ਅੰਮ੍ਰਿਤ ਕਥਾ ਸੁਣੀਏਂ ਜਿਸਨੂੰ ਸੁਣਕੇ ਮਨ ਨੂੰ ਅਨੰਦ ਹੋਵੇ ਫਿਰ ਦੁਖਾਂ ਤੇ ਰੋਗਾਂ ਦਾ ਅਕੱਠ ਮਨ ਤੋਂ ਦੂਰ ਹੋਇਆ ਹੀ ਸਮਝੋ ।

**ਕਾਰਜਿ ਕਾਮਿ ਬਾਟ ਘਾਟ ਜਪੀਜੈ ॥ ਗੁਰਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥ ੨ ॥**

ਛੋਟੇ ਵਡੇ ਵਿਹਾਰਾਂ ਕੰਮਾਂ ਵਿੱਚ ਰਸਤੇ ਜਾਂਦਿਆਂ ਦਰਿਆ ਨਦੀ ਆਦਕ ਦਾ ਪੱਤਣ ਲੰਘਦਿਆਂ ਸਾਰਿਆਂ ਥਾਵਾਂ ਵਿੱਚ ਨਾਮ ਜਪੀਏ, ਗੁਰਾਂ ਦੀ ਕਿਰਪਾ ਨਾਲ ਨਾਮ ਅੰਮ੍ਰਿਤ ਨੂੰ ਪੀਵੀਏ ।

**ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥ ਸੋ ਜਨੁ ਜਮ ਕੀ ਵਾਟ ਨ ਪਾਈਐ ॥ ੩ ॥**

ਰਾਤ ਦਿਨ ਪ੍ਰਮੇਸਰ ਦਾ ਕੀਰਤਨ ਗਾਈਏ ਓਹ ਆਦਮੀ ਜਮ ਦੇ ਰਸਤੇ ਨਹੀਂ ਪਾਈਦਾ ਹੈ।

**ਆਠ ਪਹਰ ਜਿਸੁ ਵਿਸਰਹਿ ਨਾਹੀ ॥ ਗਤਿ ਹੋਵੈ**

Digitized by Panjab Digital Library | www.panjabdigilib.org

ਨਾਨਕ ਤਿਸੁ ਲਗਿ ਪਾਈ ॥ ੪ ॥ ੧੦ ॥ ੬੧ ॥

ਜਿਸਨੂੰ ਅੱਠ ਪਹਿਰ ਪ੍ਰਮੇਸਰ ਨਹੀਂ ਭੁੱਲਦਾ ਹੈ ਗੁਰੂ ਜੀ=ਉਸਦੇ ਚਰਨਾਂ ਨਾਲ ਲੱਗਣ ਨਾਲ ਮੁਕਤੀ ਹੁੰਦੀ ਹੈ।

ਆਸਾ ਮਹਲਾ ੫ ॥

ਜਾਕੈ ਸਿਮਰਨਿ ਸੂਖ ਨਿਵਾਸੁ ॥ ਭਈ ਕਲਿਆਣ ਦੁਖ ਹੋਵਤ ਨਾਸੁ ॥ ੧ ॥

ਜਿਸ ਨੂੰ ਯਾਦ ਕਰਨ ਨਾਲ ਸੁਖ ਵਿੱਚ ਨਿਵਾਸ ਹੁੰਦਾ ਹੈ ਤੇ ਮੁਕਤੀ ਹੁੰਦੀ ਹੈ ਤੇ ਦੁਖਾਂ ਦਾ ਨਾਸ ਹੁੰਦਾ ਹੈ।

ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ ॥ ਸਤਿਗੁਰੁ ਅਪਨਾ ਸਦ ਸਦਾ ਮਨਾਵਹੁ ॥ ੧ ॥ ਰਹਾਉ ॥

ਹੇ ਪਿਆਰੇ! ਮਾਲਕ ਦੇ ਗੁਣ ਗਾਓ ਤੇ ਅਪਣੇ ਗੁਰੂ ਨੂੰ ਸਦਾ ਹੀ ਖੁਸ਼ੀ ਰੱਖੋ ਤਾਂ ਅਨੰਦ ਕਰੋਗੇ।

ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥ ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥ ੨ ॥

ਸਤਿਗੁਰੂ ਦਾ ਸੱਚਾ ਉਪਦੇਸ਼ ਕਮਾਓਗੇ ਤਾਂ ਘਰ ਵਿਚ ਬੈਠੇ ਹੋਏ ਭਾਵ ਸੁਖੱਲੇ ਹੀ ਅਪਣੇ ਮਾਲਕ ਨੂੰ ਦਿਲ ਵਿਚ ਪਾ ਲਓਗੇ।

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥ ੩ ॥

ਹੇ ਭਾਈ ਮਿਤ੍ਰ ਜੇ ਤੁਸੀ ਪਰਾਇਆ ਬੁਰਾ ਚਿੱਤ ਵਿਚ ਨਹੀਂ ਰੱਖੋਗੇ ਤਾਂ ਤੁਹਾਨੂੰ ਦੁਖ ਨਹੀਂ ਹੋਵੇਗਾ ਭਾਵ ਤੁਹਾਡਾ ਬੁਰਾ ਨਹੀਂ ਹੋਵੇਗਾ।

ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ ॥ ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ ॥ ੪ ॥ ੧੧ ॥ ੬੨ ॥

ਸਾਨੂੰ ਸਤਿਗੁਰਾਂ ਨੇ ਹਰਿ ਹਰਿ ਦਾ ਨਾਮ ਹੀ ਤੰਤ੍ਰ ਮੰਤ੍ਰ ਦਿਤਾ ਹੈ ਗੁਰੂ ਜੀ=ਅਸਾਂ ਰਾਤ ਦਿਨ ਏਹੋ ਹੀ ਸੁਖ ਜਾਨਿਆਂ ਹੈ।

ਆਸਾ ਮਹਲਾ ੫ ॥

ਜਿਸੁ ਨੀਚ ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹੁ

Digitized by Panjab Digital Library | www.panjabdigilib.org

**ਚਹੁਕੁੰਟ ਮਾਨੈ ॥ ੧ ॥**

ਜਿਸ ਨੀਚ ਨੂੰ ਕੋਈ ਨਹੀਂ ਜਾਣਦਾ ਹੈ ਓਹ ਨਾਮ ਜਪਕੇ ਚਹੁੰਆਂ ਕੂੰਟਾਂ ਵਿੱਚ ਮੰਨਿਆਂ ਜਾਂਦਾ ਹੈ ।

**ਦਰਸਨੁ ਮਾਗਉ ਦੇਹਿ ਪਿਆਰੇ ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ ॥ ੧ ॥ ਰਹਾਉ ॥**

ਹੇ ਪਿਆਰੇ! ਮੈਂ ਆਪ ਦਾ ਦਰਸ਼ਨ ਮੰਗਦਾ ਹਾਂ ਸੋ ਤੂੰ ਮੈਨੂੰ ਅਪਣੀ ਕਿਰਪਾ ਕਰਕੇ ਦੇਹ ਤੁਹਾਡੀ ਸੇਵਾ ਨੇ ਕੇਹੜੇ ੨ ਨਹੀਂ ਤਾਰੇ ਭਾਵ ਸਭ ।

**ਜਾਕੈ ਨਿਕਟਿ ਨ ਆਵੈ ਕੋਈ ॥ ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥ ੨ ॥**

ਜਿਸ ਦੇ ਪਾਸ ਕੋਈ ਨਹੀਂ ਆਉਂਦਾ ਹੈ ਸਾਰੀ ਦੁਨੀਆਂ ਉਸਦੇ ਪੈਰ ਮਲ ਮਲਕੇ ਧੋਂਦੀ ਹੈ ਸੋ ਆਪ ਦੀ ਹੀ ਕਿਰਪਾ ਹੈ ।

**ਜੋ ਪ੍ਰਾਨੀ ਕਾਹੂ ਨ ਆਵਤ ਕਾਮ ॥ ਸੰਤ ਪ੍ਰਸਾਦਿ ਤਾਕੋ ਜਪੀਐ ਨਾਮ ॥ ੩ ॥**

ਜੇਹੜਾ ਆਦਮੀ ਕਿਸੇ ਕੰਮ ਨਹੀਂ ਆਉਂਦਾ ਹੈ ਸੰਤਾਂ ਦੀ ਕਿਰਪਾ ਨਾਲ ਉਸ ਦਾ ਨਾਮ ਜਪੀਦਾ ਹੈ ।

**ਸਾਧ ਸੰਗਿ ਮਨ ਸੋਵਤ ਜਾਗੇ ॥ ਤਬ ਪ੍ਰਭ ਨਾਨਕ ਮੀਠੇ ਲਾਗੇ ॥ ੪ ॥ ੧੨ ॥ ੬੩॥**

ਸਾਧ ਸੰਗ ਕਰਕੇ ਜਿਸ ਦਾ ਮਨ ਸੁੱਤਾ ਹੋਇਆ ਜਾਗਦਾ ਹੈ ਗੁਰੂ ਜੀ= ਮਾਲਕ ਜੀ ਵੀ ਉਸਦੇ ਮਨ ਨੂੰ ਮਿੱਠੇ ਲੱਗਦੇ ਹਨ ।

## ਆਸਾ ਮਹਲਾ ੫ ॥

**ਏਕੋ ਏਕੀ ਨੈਨ ਨਿਹਾਰਉ ॥ ਸਦਾ ਸਦਾ ਹਰਿ ਨਾਮੁ ਸਮ੍ਾਰਉ ॥ ੧ ॥**

ਮੈਂ ਇੱਕ ਹੀ ਇਕ ਨੂੰ ਅੱਖਾਂ ਨਾਲ ਵੇਖਦਾ ਹਾਂ ਸਦਾ ੨ ਹਰੀ ਦਾ ਸਿਮਰਨ ਕਰਦਾ ਹਾਂ ।

**ਰਾਮ ਰਾਮਾ ਰਾਮਾ ਗੁਨ ਗਾਵਉ ॥ ਸੰਤ ਪ੍ਰਤਾਪਿ ਸਾਧਕੈ ਸੰਗੇ ਹਰਿ ਹਰਿਨਾਮੁ ਧਿਆਵਉਰੇ॥੧॥ਰਹਾਉ॥**

Digitized by Panjab Digital Library | www.panjabdigilib.org

ਮਨ ਬਾਣੀ ਸਰੀਰ ਕਰਕੇ ਰਾਮ ਦੇ ਗੁਣ ਗਾਂਦਾ ਹਾਂ ਪ੍ਰਤਾਪ ਵਾਲਿਆਂ ਸੰਤਾਂ ਦੇ ਨਾਲ ਰਲਕੇ ਹਰੀ ਦੇ ਨਾਮ ਨੂੰ ਯਾਦ ਕਰਦਾ ਹਾਂ ਜਾਂ ਸਾਧ=ਜਿਨ੍ਹਾਂ ਨੇ ਮਨ ਨੂੰ ਸਾਧਿਆ ਹੈ ।

**ਸਗਲ ਸਮਗ੍ਰੀ ਜਾਕੈ ਸੂਤਿ ਪਰੋਈ ॥ ਘਟ ਘਟ ਅੰਤਰਿ ਰਵਿਆ ਸੋਈ ॥ ੨ ॥**

ਸੰਸਾਰ ਰੂਪ ਸਾਰੀ ਸਮੱਗਰੀ ਜਿਸਦੇ ਚੇਤਨ ਸੱਤਾ ਰੂਪ ਸੂਤ ਵਿਚ ਪਰੋਈ ਹੋਈ ਹੈ ਓਹੋ ਹੀ ਸਾਰਿਆਂ ਸਰੀਰਾਂ ਵਿਚ ਮਿਲਿਆ ਹੋਇਆ ਹੈ ।

**ਓਪਤਿ ਪਰਲਉ ਖਿਨ ਮਹਿ ਕਰਤਾ ॥ ਆਪਿ ਅਲੇਪਾ ਨਿਰਗੁਨੁ ਰਹਤਾ ॥ ੩ ॥**

ਪੈਦਾ ਤੇ ਨਾਸ ਕਰਨਾ ਇਕ ਛਿਨ ਵਿਚ ਕਰਦਾ ਹੈ ਅਤੇ ਆਪ ਨਿਰਗੁਣ ਪ੍ਰਮੇਸਰ ਵੱਖਰਾ ਰਹਿੰਦਾ ਹੈ ।

**ਕਰਨ ਕਰਾਵਨ ਅੰਤਰਜਾਮੀ ॥ ਅਨੰਦ ਕਰੈ ਨਾਨਕ ਕਾ ਸੁਆਮੀ ॥ ੪ ॥ ੧੩ ॥ ੬੪ ॥**

ਜੇਹੜਾ ਹਰ ਇਕ ਕੰਮ ਦੇ ਕਰਨ ਕਰਾਉਣ ਨੂੰ ਤਕੜਾ ਤੇ ਅੰਤਰਜਾਮੀ ਹੈ ਗੁਰੂ ਜੀ=ਇੱਕੁਰ ਦਾ ਸਾਡਾ ਮਾਲਕ ਭਗਤਾਂ ਨੂੰ ਦਰਸ਼ਨ ਦੇਕੇ ਅਨੰਦ ਕਰ ਦੇਂਦਾ ਹੈ ।

## ਆਸਾ ਮਹਲਾ ੫ ॥

**ਕੋਟਿ ਜਨਮ ਕੇ ਰਹੇ ਭਵਾਰੇ ॥ ਦੁਲਭ ਦੇਹ ਜੀਤੀ ਨਹੀ ਹਾਰੇ ॥ ੧ ॥**

ਕਰੋੜਾਂ ਜਨਮਾਂ ਦੇ ਭੌਣੇ ਦੂਰ ਹੋ ਗਏ ਹਨ, ਮਨੁਖ ਦੇਹ ਦੁਰਲੱਭ ਨਾਮ ਜਪਕੇ ਜਿੱਤ ਲਈ ਹੈ ਹਾਰੇ ਨਹੀਂ ਹਾਂ ।

**ਕਿਲਬਿਖ ਬਿਨਾਸੇ ਦੁਖ ਦਰਦ ਦੂਰਿ ॥ ਭਏ ਪੁਨੀਤ ਸੰਤਨ ਕੀ ਧੂਰਿ ॥ ੧ ॥ ਰਹਾਉ ॥**

ਪਾਪ ਨਾਸ ਹੋ ਗਏ ਹਨ ਜਨਮ ਮਰਨ ਦੇ ਦੁਖ ਈਰਖਾ ਆਦਿਕ ਦਰਦ ਦੂਰ ਹੋ ਗਏ ਹਨ ।

**ਪ੍ਰਭ ਕੇ ਸੰਤ ਉਧਾਰਨ ਜੋਗ ॥ ਤਿਸੁ ਭੇਟੇ ਜਿਸੁ**

Digitized by Panjab Digital Library | www.panjabdigilib.org

**ਧੁਰਿ ਸੰਜੋਗ ॥ ੨ ॥**

ਪਰਮੇਸ਼ਰ ਦੇ ਸੰਤ ਜੇਹੜੇ ਸਾਰਿਆਂ ਜੀਆਂ ਦੇ ਉਧਾਰਨ ਨੂੰ ਯੋਗ ਹਨ ਜਿਸ ਨੂੰ ਧੁਰ ਦਿਆਂ ਪੁੰਨਾਂ ਦਾ ਸੰਜੋਗ ਹੈ ਉਸ ਨੂੰ ਓਹ ਮਿਲੇ ਹਨ ।

**ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥ ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥ ੩ ॥**

ਜਦੋਂ ਗੁਰਾਂ ਨੇ ਉਪਦੇਸ਼ ਦਿਤਾ ਮਨ ਅਨੰਦ ਹੋਇਆ ਤ੍ਰਿਸ਼ਨਾਂ ਦੂਰ ਹੋ ਗਈ ਮਨ ਟਿਕ ਗਿਆ ।

**ਨਾਮੁ ਪਦਾਰਥੁ ਨਉਨਿਧਿ ਸਿਧਿ ॥ ਨਾਨਕ ਗੁਰ ਤੇ ਪਾਈ ਬੁਧਿ ॥ ੪ ॥ ੧੪ ॥ ੬੫ ॥**

ਗੁਰੂ ਜੀ=ਜਦੋਂ ਗੁਰਾਂ ਤੋਂ ਨਾਮ ਪਦਾਰਥ ਮਿਲਿਆ ਤਾਂ ਨੌ ਨਿਧੀਆਂ ਅਠਾਰਾਂ ਸਿੱਧੀਆਂ ਅਤੇ ਚੰਗੀ ਅਕਲ ਪਾ ਲਈ ।

## ਆਸਾ ਮਹਲਾ ੫ ॥

**ਮਿਟੀ ਤਿਆਸ ਅਗਿਆਨ ਅੰਧੇਰੇ ॥ ਸਾਧ ਸੇਵਾ ਅਘ ਕਟੇ ਘਨੇਰੇ ॥ ੧ ॥**

ਅਗਜਾਨ ਰੂਪ ਹਨੇਰੇ ਵਿਚ ਜੇਹੜੀ ਵਿਸ਼ਿਆਂ ਦੀ (ਤੇਹ) ਤ੍ਰਿਸ਼ਨਾ ਲੱਗੀ ਹੋਈ ਸੀ ਓਹ ਦੂਰ ਗਈ ਹੈ ਸਾਧਾਂ ਦੀ ਸੇਵਾ ਕਰਕੇ ਜੇਹੜੇ ਜਨਮਾਂ ੨ ਦੇ ਬਹੁਤੇ ਪਾਪ ਸਨ ਸਾਰੇ ਦੂਰ ਹੋ ਗਏ ਹਨ ।

**ਸੂਖ ਸਹਜ ਆਨੰਦੁ ਘਨਾ ॥ ਗੁਰ ਸੇਵਾ ਤੇ ਭਏ ਮਨ ਨਿਰਮਲ ਹਰਿ ਹਰਿਹਰਿ ਹਰਿ ਨਾਮੁ ਸੁਨਾ॥੧॥ਰਹਾਉ॥**

ਜਦੋਂ ਗੁਰਾਂ ਦੀ ਸੇਵਾ ਕਰਕੇ ਗੁਰਾਂ ਤੋਂ ਮਨ ਬਾਣੀ ਸਰੀਰ ਕਰਕੇ ਪ੍ਰਮੇਸਰ ਦਾ ਹਰੀ ਨਾਮ ਸੁਨਿਆਂ ਤਾਂ ਮਨ ਕਰਕੇ ਸੁੱਧ ਹੋਇਆ ਤੇ ਇਸ ਲੋਕ ਦਾ ਆਤਮ ਸੁਖ ਤੇ ਬਹੁਤ ਸਾਰਾ ਅਨੰਦ ਆਕੇ ਮਿਲਿਆ ।

**ਬਿਨਸਿਓ ਮਨ ਕਾ ਮੂਰਖੁ ਢੀਠਾ ॥ ਪ੍ਰਭ ਕਾ ਭਾਣਾ ਲਾਗਾ ਮੀਠਾ ॥ ੨ ॥**

ਮੂਰਖ ਮਨ ਦਾ ਢੀਠ ਪੁਣਾ ਦੂਰ ਹੋ ਗਿਆ ਭਾਵ ਜੋ ਅਮੋੜ ਪੁਣਾ ਸੀ ਹੁਣ ਇਸ ਮਨ ਨੂੰ ਮਾਲਕ ਦਾ ਹੁਕਮ ਮਿੱਠਾ ਲਗਾ ਹੈ ।

Digitized by Panjab Digital Library | www.panjabdigilib.org

ਗੁਰ ਪੂਰੇ ਕੇ ਚਰਣ ਗਹੇ ॥ ਕੋਟਿ ਜਨਮ ਕੇ ਪਾਪ ਲਹੇ ॥ ੩ ॥

ਜਦੋਂ ਪੂਰਿਆਂ ਗੁਰਾਂ ਦੇ ਚਰਨ ਫੜੇ ਤੇ ਤਾਂ ਕਰੋੜਾਂ ਜਨਮਾਂ ਦੇ ਸਾਰੇ ਪਾਪ ਦੂਰ ਹੋ ਗਏ।

ਰਤਨ ਜਨਮੁ ਇਹੁ ਸਫਲ ਭਇਆ ॥ ਕਹੁ ਨਾਨਕ ਪ੍ਰਭ ਕਰੀ ਮਇਆ ॥ ੪ ॥ ੧੫ ॥ ੬੬ ॥

ਗੁਰੂ ਜੀ=ਜਦੋਂ ਮਾਲਕ ਨੇ ਕਿਰਪਾ ਕੀਤੀ ਤੇ ਤਾਂ ਇਹ ਰਤਨ ਰੂਪ ਮਨੁਖਾ ਜਨਮ ਸਫਲਾ ਹੋ ਗਿਆ।

ਆਸਾ ਮਹਲਾ ੫ ॥

ਸਤਿਗੁਰੁ ਅਪਨਾ ਸਦ ਸਦਾ ਸਮ੍ਾਰੇ ॥ ਗੁਰ ਕੇ ਚਰਨ ਕੇਸ ਸੰਗਿ ਝਾਰੇ ॥ ੧ ॥

ਹੇ ਮਨ ਅਪਣੇ ਸਤਿਗੁਰੂ ਨੂੰ ਸਦਾ ਹੀ ਯਾਦ ਕਰ ਗੁਰਾਂ ਦੇ ਚਰਨ ਕੇਸਾਂ ਨਾਲ ਝਾੜਦਾ ਰਹੋ।

ਜਾਗੁ ਰੇ ਮਨ ਜਾਗਨਹਾਰੇ ॥ ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥ ੧ ॥ ਰਹਾਉ ॥

ਹੇ ਮਨਾ ਸੰਸਾਰ ਵੱਲ ਜਾਗਣ ਵਾਲਿਆ! ਕਦੀ ਪ੍ਰਮੇਸਰ ਵੱਲ ਵੀ ਜਾਗ, ਇਹ ਸਾਰਾ ਪਸਾਰਾ ਸੰਸਾਰ ਦਾ ਝੂਠਾ ਮੋਹ ਹੈ ਇਸ ਵਿਚ ਬਿਨਾਂ ਪਰਮੇਸ਼ਰ ਦੇ ਨਾਮਦੇ ਹੋਰ ਕੁਛ ਕੰਮ ਨਹੀਂ ਆਉਣਾ ਹੈ।

ਗੁਰ ਕੀ ਬਾਣੀ ਸਿਉ ਰੰਗੁ ਲਾਇ ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥ ੨ ॥

ਗੁਰੂ ਦੀ ਬਾਣੀ ਨਾਲ ਪ੍ਰੇਮ ਲਾ ਜਦੋਂ ਗੁਰੂ ਕਿਰਪਾਲੂ ਹੋਣਗੇ ਤਾਂ ਦੁਖ ਦੂਰ ਹੋ ਜਾਣਗੇ।

ਗੁਰ ਬਿਨੁ ਦੂਜਾ ਨਾਹੀ ਥਾਉ ॥ ਗੁਰੁ ਦਾਤਾ ਗੁਰੁ ਦੇਵੈ ਨਾਉ ॥ ੩ ॥

ਆਦਮੀ ਨੂੰ ਗੁਰੂ ਬਿਨਾ ਦੂਸਰਾ ਹੋਰ ਥਾਂ ਕੋਈ ਨਹੀਂ ਹੈ ਗੁਰੂ ਹ

Digitized by Panjab Digital Library | www.panjabdigilib.org

ਸਾਰਿਆਂ ਪਦਾਰਥਾਂ ਦੇ ਦਾਤਾ ਹਨ ਤੇ ਗੁਰੂ ਹੀ ਨਾਮ ਦੇਣ ਵਾਲੇ ਹਨ।

**ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ ਆਠ ਪਹਰ ਨਾਨਕ ਗੁਰ ਜਾਪਿ ॥ ੪ ॥ ੧੬ ॥ ੬੭ ॥**

ਗੁਰੂ ਹੀ ਆਪ ਪਾਰਬ੍ਰਹਮ ਪਰਮੇਸਰ ਦਾ ਸਰੂਪ ਹਨ ਗੁਰੂ ਜੀ=ਇਸ ਲਈ ਅਠੇ ਪਹਿਰ ਗੁਰੂ ਗੁਰ ਜਾਪ ਜਪ।

**ਆਸਾ ਮਹਲਾ ੫ ॥**

**ਆਪੇ ਪੇਡੁ ਬਿਸਥਾਰੀ ਸਾਖ ॥ ਅਪਨੀ ਖੇਤੀ ਆਪੇ ਰਾਖ ॥ ੧ ॥**

ਆਪੇ ਹੀ ਦਰਖਤ ਦਾ ਮੁੱਢ ਰੂਪ ਜੋਰ ਵਾਲੀ ਮਾਇਆ ਹੈ ਅਤੇ ਆਪੇ ਹੀ ਟਾਹਣੀ ਰੂਪ ਸਾਰੀ ਦੁਨੀਆਂ ਫੈਲਾਈ ਹੈ,ਇਸ ਦੁਨੀਆਂ ਰੂਪ ਖੇਤੀ ਨੂੰ ਆਪ ਹੀ ਖਾਣ ਪੀਣ ਆਦਿ ਦੇਕੇ ਰਖਿਆ ਕਰਦਾ ਹੈ।

**ਜਤ ਕਤ ਪੇਖਉ ਏਕੈ ਓਹੀ ॥ ਘਟ ਘਟ ਅੰਤਰਿ ਆਪੇ ਸੋਈ ॥ ੧ ॥ ਰਹਾਉ ॥**

ਓਹ ਆਪੇ ਹੀ ਸਾਰਿਆਂ ਸਰੀਰਾਂ ਵਿਚ ਹੈ ਮੈਂ ਜਿਧਰ ਕਿੱਧਰ ਵੇਂਹਦਾ ਹਾਂ ਓਧਰ ਓਧਰ ਓਹ ਆਪੇ ਹੀ ਇਕ ਇਕ ਨਜ਼ਰ ਆਉਂਦਾ ਹੈ।

**ਆਪੇ ਸੂਰੁ ਕਿਰਣਿ ਬਿਸਥਾਰੁ ॥ ਸੋਈ ਗੁਪਤੁ ਸੋਈ ਆਕਾਰੁ ॥ ੨ ॥**

ਆਪੇ ਹੀ ਸੂਰਜ ਰੂਪ ਹੋਕੇ ਸੰਸਾਰ ਜਾਂ ਸ਼ਕਤੀਆਂ ਰੂਪ ਕਿਰਣਾਂ ਦਾ ਵਿਸਤਾਰ ਕਰਦਾਹੈ, ਅਤੇ ਆਪੇ ਹੀ ਛਪਿਆ ਹੋਇਆ ਹੈ ਆਪੇ ਹੀ ਅਕਾਰ ਵਾਲਾ ਨਜ਼ਰ ਆਉਂਦਾ ਹੈ।

**ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥ ੩ ॥**

ਸਿਆਣਿਆਂ ਆਦਮੀਆਂ ਨੇ ਸ਼ਕਲ ਵਾਲਾ ਤੇ ਨਾਸ਼ਕਲ ਵਾਲਾ ਦੋ ਨਾਮ ਪਰਮੇਸਰ ਦੇ ਰੱਖ ਲਏ ਹਨ ਦੋਹਾਂ ਨਾਵਾਂ ਨੇ ਮਿਲਕੇ ਇਕ ਚੇਤਨ ਸੱਤਾ ਨੂੰ ਟਿਕਾਉਣਾ ਕੀਤਾ ਹੈ ਭਾਵ ਇਕ ਥਾਂ ਬਣਾਇਆ ਹੈ ਪਰ ਨਾਵਾਂ ਵਿਚ ਫਰਕ ਨਹੀਂ ਹੈ।

**ਕਹੁ ਨਾਨਕ ਗੁਰਿ ਭ੍ਰਮ ਭਉ ਖੋਇਆ ॥ ਅਨਦ**

Digitized by Panjab Digital Library | www.panjabdigilib.org

**ਰੂਪੁ ਸਭੁ ਨੈਨ ਅਲੋਇਆ ॥ ੪ ॥ ੧੭ ॥ ੬੮ ॥**

ਗੁਰੂ ਜੀ=ਗੁਰਾਂ ਨੇ ਮੇਰਾ ਭਰਮ ਡਰ ਦੂਰ ਕਰ ਦਿੱਤਾਹੈ ਮੈਂ ਅੱਖਾਂ ਨਾਲ ਪਰਮੇਸਰ ਅਨੰਦ ਰੂਪ ਨੂੰ ਸਾਰਿਆਂ ਵਿਚ ਪੂਰਨ ਵੇਖਿਆ ਹੈ।

## ਆਸਾ ਮਹਲਾ ੫ ॥

**ਉਕਤਿ ਸਿਆਨਪ ਕਿਛੂ ਨ ਜਾਨਾ ॥ ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥ ੧ ॥**

ਹੇ ਪਰਮੇਸ਼ਰਾ! ਕਥਨੀ ਤੇ ਅਕਲ ਦੀ ਸਿਆਣਪ ਮੈਂ ਕੁਛ ਨਹੀਂ ਜਾਣਦਾ ਹਾਂ ਰਾਤ ਦਿਨ ਤੇਰਾ ਨਾਮ ਜਪਦਾ ਹਾਂ।

**ਮੈ ਨਿਰਗੁਨ ਗੁਣੁ ਨਾਹੀ ਕੋਇ ॥ ਕਰਨ ਕਰਾਵਨਹਾਰ ਪ੍ਰਭ ਸੋਇ ॥ ੧ ॥ ਰਹਾਉ ॥**

ਮੈਂ ਗੁਣਾਂ ਤੋਂ ਖਾਲੀ ਹਾਂ ਮੇਰੇ ਵਿਚ ਗੁਣ ਕੋਈ ਨਹੀਂ ਹੈ, ਹੇ ਮਾਲਕ ਕਰਨ ਕਰਾਉਣ ਵਾਲਾ ਸੋ ਤੂੰ ਆਪ ਹੀ ਹੈਂ।

**ਮੂਰਖ ਮੁਗਧ ਅਗਿਆਨ ਅਵੀਚਾਰੀ ॥ ਨਾਮ ਤੇਰੇ ਕੀ ਆਸ ਮਨਿ ਧਾਰੀ ॥ ੨ ॥**

ਮੈਂ ਅਗਜਾਨੀ ਮਨ ਮੂਰਖ, ਮੁਗਧ ਬਾਣੀ ਕਰਕੇ ਵਿਚਾਰ ਤੋਂ ਬਿਨਾਂ ਹਾਂ ਇਕ ਤੇਰੇ ਨਾਮ ਦੀ ਆਸ਼ਾ ਚਿਤ ਵਿਚ ਧਾਰੀ ਹੈ।

**ਜਪੁ ਤਪੁ ਸੰਜਮੁ ਕਰਮ ਨ ਸਾਧਾ ॥ ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥ ੩ ॥**

ਮੈਂ ਜਪ ਤਪ ਸੰਜਮ ਕੋਈ ਕਰਮ ਨਹੀਂ ਕੀਤਾ ਹੈ ਹੇ ਮਾਲਕਾ! ਕੇਵਲ ਆਪਦਾ ਨਾਮ ਮਨ ਵਿਚ ਅਰਾਧਿਆ ਹੈ।

**ਕਿਛੂ ਨ ਜਾਨਾ ਮਤਿ ਮੇਰੀ ਥੋਰੀ॥ ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥ ੪ ॥ ੧੮ ॥ ੬੯ ॥**

ਮੇਰੀ ਅਕਲ ਬਹੁਤ ਥੋੜੀ ਹੈ ਮੈਂ ਕੁਛ ਵੀ ਆਪਦਾ ਜੱਸ ਕਰਨਾ ਨਹੀਂ ਜਾਣਦਾ ਹਾਂ, ਗੁਰੂ ਜੀ ਆਖਦੇ ਹਨ ਹੇ ਮਾਲਕਾ! ਮੈਨੂੰ ਕੇਵਲ ਆਪਦੀ ਹੀ ਓਟ ਹੈ।

Digitized by Panjab Digital Library | www.panjabdigilib.org

## ਆਸਾ ਮਹਲਾ ੫ ॥

**ਹਰਿ ਹਰਿ ਅਖਰ ਦੁਇ ਇਹ ਮਾਲਾ ॥ ਜਪਤ ਜਪਤ ਭਏ ਦੀਨ ਦਇਆਲਾ ॥ ੧ ॥**

ਹਰਿ ਹਰਿ ਇਹ ਦੋ ਅੱਖਰ ਮਾਲਾ ਹਨ, ਜੇਹੜੇ ਗਰੀਬ ਹੋਕੇ ਮੁੜ ੨ ਇਸ ਜਾਪ ਨੂੰ ਜਪਦੇ ਹਨ ਓਹਨਾਂ ਉਤੇ ਪ੍ਰਮੇਸਰ ਦਿਆਲੂ ਹੁੰਦਾ ਹੈ ।

**ਕਰਉ ਬੇਨਤੀ ਸਤਿਗੁਰ ਅਪੁਨੀ ॥ ਕਰਿ ਕਿਰਪਾ ਰਾਖਹੁ ਸਰਣਾਈ ਮੋਕਉ ਦੇਹੁ ਹਰੇ ਹਰਿ ਜਪਨੀ ॥ ੧ ॥ ਰਹਾਉ ॥**

ਹੇ ਗੁਰੂ ਜੀ! ਮੈਂ ਅਪਣੀ ਵਲੋਂ ਬੇਨਤੀ ਕਰਦਾ ਹਾਂ ਕਿ ਮੈਨੂੰ ਹਰਿ ਹਰਿ ਜਾਪ ਦੀ ਮਾਲਾ ਦੇਹ ਤੇ ਕਿਰਪਾ ਕਰਕੇ ਅਪਣੀ ਸ਼ਰਣ ਵਿਚ ਰੱਖ ।

**ਹਰਿ ਮਾਲਾ ਉਰ ਅੰਤਰਿ ਧਾਰੈ ॥ ਜਨਮ ਮਰਣ ਕਾ ਦੂਖੁ ਨਿਵਾਰੈ ॥ ੨ ॥**

ਜਦੋਂ ਆਦਮੀ ਇਕੁਰ ਹਰ ਸਿਮਰਨ ਦੀ ਮਾਲਾ ਰਿਦੇ ਵਿਚ ਧਾਰਦਾ ਹੈਂ ਤਾਂ ਜਨਮ ਮਰਨ ਦਾ ਦੁਖ ਦੂਰ ਕਰ ਲੈਂਦਾ ਹੈ ।

**ਹਿਰਦੈ ਸਮ੍ਹਾਲੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥ ੩ ॥**

ਜਿਹੜਾ ਇਸ ਮਾਲਾ ਨੂੰ ਰਿਦੇ ਵਿੱਚ ਸੰਭਾਲ ਕੇ ਰੱਖੇ ਅਤੇ ਮੂੰਹੋਂ ਵੀ ਹਰਿ ਹਰਿ ਕਰਦਾ ਰਹੇ ਸੋ ਦਾਸ ਲੋਕ ਪਰਲੋਕ ਵਿਚ ਕਿਤੇ ਵੀ ਨਹੀਂ ਡੋਲਦਾ ਹੈ ।

**ਕਹੁ ਨਾਨਕ ਜੋ ਰਾਚੈ ਨਾਇ ॥ ਹਰਿ ਮਾਲਾ ਤਾਕੈ ਸੰਗਿ ਜਾਇ ॥ ੪ ॥ ੧੯ ॥ ੭੦ ॥**

ਗੁਰੂ ਜੀ ! ਜਿਹੜਾ ਨਾਮ ਵਿਚ ਪ੍ਰੀਤੀ ਕਰਦਾ ਹੈ ਇਹ ਹਰ ਮਾਲਾ ਪਰਲੋਕ ਵਿਚ ਉਸਦੇ ਨਾਲ ਜਾਂਦੀ ਹੈ ਭਾਵ ਸਹੈਤਾ ਕਰਦੀ ਹੈ ।

## ਆਸਾ ਮਹਲਾ ੫ ॥

**ਜਿਸ ਕਾ ਸਭੁ ਕਿਛੁ ਤਿਸ ਕਾ ਹੋਇ ॥ ਤਿਸੁ ਜਨ**

Digitized by Panjab Digital Library | www.panjabdigilib.org

**ਲੇਪੁ ਨ ਬਿਆਪੈ ਕੋਇ ॥ ੧ ॥**

ਜਿਸ ਪ੍ਰਮੇਸ਼ਰ ਦਾ ਸਭ ਕੁਛ ਦਿੱਤਾ ਹੋਇਆ ਹੈ ਜਿਹੜਾ ਆਦਮੀ ਉਸਦਾ ਦਾਸ ਹੋ ਰਹਿੰਦਾ ਹੈ ਉਸਨੂੰ ਪੁੰਨ ਪਾਪ ਦਾ ਕੋਈ ਲੇਪ ਨਹੀਂ ਛੋਂਹਦਾ ਹੈ।

**ਹਰਿ ਕਾ ਸੇਵਕੁ ਸਦ ਹੀ ਮੁਕਤਾ ॥ ਜੋ ਕਿਛੁ ਕਰੈ ਸੋਈ ਭਲ ਜਨ ਕੈ ਅਤਿ ਨਿਰਮਲ ਦਾਸ ਕੀ ਜੁਗਤਾ ॥ ੧ ॥ ਰਹਾਉ ॥**

ਪ੍ਰਮੇਸਰ ਦਾ ਦਾਸ ਸਦਾ ਹੀ ਮੁਕਤੀ ਰੂਪ ਹੈ ਜੋ ਕੁਛ ਪ੍ਰਮੇਸਰ ਕਰਦਾ ਹੈ ਓਹੋ ਹੀ ਦਾਸਨੂੰ ਚੰਗਾ ਲੱਗਦਾ ਹੈ ਏਹੋ ਹੀ ਦਾਸਾਂ ਦੀ ਚੰਗੀ ਰੀਤੀ ਹੈ ।

**ਸਗਲ ਤਿਆਗਿ ਹਰਿ ਸਰਣੀ ਆਇਆ ॥ ਤਿਸੁ ਜਨ ਕਹਾ ਬਿਆਪੈ ਮਾਇਆ ॥ ੨ ॥**

ਜੇਹੜਾ ਸਭ ਕੁਛ ਛੱਡਕੇ ਪ੍ਰਮੇਸਰ ਦੀ ਸ਼ਰਣ ਆਇਆ ਹੈ ਉਸ ਦਾਸਨੂੰ ਭਲਾ ਮਾਇਆ ਕਿੱਥੇ ਛੁਹਿ ਸਕਦੀ ਹੈ ।

**ਨਾਮੁ ਨਿਧਾਨੁ ਜਾਕੇ ਮਨ ਮਾਹਿ ॥ ਤਿਸ ਕਉ ਚਿੰਤਾ ਸੁਪਨੈ ਨਾਹਿ ॥ ੩ ॥**

ਜਿਸਦੇ ਮਨ ਵਿਚ ਨਾਮ ਦਾ ਖਜ਼ਾਨਾ ਹੈ ਉਸਨੂੰ ਸੁਪਨੇ ਵਿਚ ਵੀ ਚਿੰਤਾ ਨਹੀਂ ਹੁੰਦੀ ਹੈ ।

**ਕਹੁ ਨਾਨਕ ਗੁਰੁ ਪੂਰਾ ਪਾਇਆ ॥ ਭਰਮੁ ਮੋਹੁ ਸਗਲ ਬਿਨਸਾਇਆ ॥ ੪ ॥ ੨੦ ॥ ੭੧ ॥**

ਗੁਰੂ ਜੀ=ਜਿਨ੍ਹਾਂਨੇ ਪੂਰਾ ਗੁਰੂ ਪਾਇਆ ਹੈ ਓਹਨਾਂ ਨੇ ਭਰਮ ਮੋਹ ਸਾਰਾ ਨਾਸ ਕਰ ਦਿੱਤਾ ਹੈ ।

## ਆਸਾ ਮਹਲਾ ੫ ॥

**ਜਉ ਸੁ ਪ੍ਰਸੰਨ ਹੋਇਓ ਪ੍ਰਭੁ ਮੇਰਾ ॥ ਤਾ ਦੂਖੁ ਭਰਮੁ ਕਹੁ ਕੈਸੇ ਨੇਰਾ ॥ ੧ ॥**

ਜਦੋਂ ਮੇਰਾ ਮਾਲਕ ਪ੍ਰਸੰਨ ਹੁੰਦਾ ਹੈ ਤਾਂ ਦੱਸ ਖਾਂ ਦੁਖ ਭਰਮ ਕਿਸਦੇ ਨੇੜੇ ਆ ਸੱਕਦਾ ਹੈ ।

**ਸੁਨਿ ਸੁਨਿ ਜੀਵਾ ਸੋਇ ਤੁਮਾਰੀ ॥ ਮੋਹਿ ਨਿਰਗੁਨ**

Digitized by Panjab Digital Library | www.panjabdigilib.org

**ਕਉ ਲੇਹੁ ਉਧਾਰੀ ॥ ੧ ॥ ਰਹਾਉ ॥**

ਕਿਸਤਰਾਂ ਮੈਂ ਤੇਰੀ ਸੋਭਾ ਸੁਣ ੨ ਕੇ ਜੀਂਦਾ ਹਾਂ ਹੇ ਮਾਲਕ! ਮੈਨੂੰ ਨਿਰਗੁਣਿਆਰੇ ਨੂੰ ਸੰਸਾਰ ਸਮੁੰਦ੍ਰ ਤੋਂ ਬਚਾ ਲੈ।

**ਮਿਟਿ ਗਇਆ ਦੂਖੁ ਬਿਸਾਰੀ ਚਿੰਤਾ ॥ ਫਲੁ ਪਾਇਆ ਜਪਿ ਸਤਿਗੁਰ ਮੰਤਾ ॥ ੨ ॥**

ਸਤਿਗੁਰਾਂ ਦਾ ਮੰਤ੍ਰ ਜਪਣ ਨਾਲ ਅਸਾਂ ਇਹ ਫਲ ਪਾਇਆ ਹੈ ਕਿ ਸਾਡਾ ਸਾਰੇ ਜਨਮਾਂ ਦਾ ਦੁਖ ਦੂਰ ਹੋ ਗਿਆਹੈ ਅਤੇ ਚਿੰਤਾ ਵੀ ਦੂਰ ਹੋਗਈਹੈ।

**ਸੋਈ ਸਤਿ ਸਤਿ ਹੈ ਸੋਇ ॥ ਸਿਮਰਿ ਸਿਮਰਿ ਰਖੁ ਕੰਠਿ ਪਰੋਇ ॥ ੩ ॥**

ਓਹ ਪ੍ਰਮੇਸਰ ਪਹਿਲੇ ਵੀ ਸੱਚਾ ਸੀ ਅਤੇ ਓਹ ਪ੍ਰਮੇਸਰ ਅੰਤ ਨੂੰ ਵੀ ਸੱਚਾ ਹੀ ਹੋਵੇਗਾ ਉਸਦਾਨਾਮ ਯਾਦ ਕਰਕੇ ਮੈਂ ਗਲਵਿਚ ਪਰੋਇ ਰੱਖਿਆਹੈ।

**ਕਹੁ ਨਾਨਕ ਕਉਨ ਉਹ ਕਰਮਾ ॥ ਜਾਕੈ ਮਨਿ ਵਸਿਆ ਹਰਿਨਾਮਾ ॥ ੪ ॥ ੨੧ ॥ ੭੨ ॥**

ਗੁਰੂ ਜੀ=ਇੱਕੁਰ ਦਾ ਕੇਹੜਾ ਕਰਮਾਂ ਵਾਲਾ ਓਹ ਆਦਮੀ ਹੈ ਜਾਂ ਓਹ ਕੇਹੜਾ ਕਰਮ ਹੈ ਜੇਹੜਾ ਕਰਨਾ ਰਹਿ -ਗਿਆ ਹੈ ਭਾਵ ਹੋਰ ਕੰਮ ਨਹੀਂ ਰਿਹਾ ਹੈ ਜਿਸਦੇ ਮਨ ਵਿਚ ਪ੍ਰਮੇਸਰ ਦੇ ਨਾਮਾਂ ਦਾ ਅਕੱਠ ਆ ਵੱਸਿਆ ਹੈ ਉਸਨੇ ਸਾਰੇ ਕਰਮ ਕਰ ਲਏ ਹਨ।

## ਆਸਾ ਮਹਲਾ ੫ ॥

**ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥ ੧ ॥**

ਮਨਮੁਖ ਕਾਮ ਕਰੋਧ ਹੰਕਾਰ ਕਰਕੇ ਖਰਾਬ ਹੋਏ ਹਨ ਪ੍ਰਮੇਸਰਦੇ ਭਗਤ ਗੁਰਮੁਖ ਹਰਿ ਸਿਮਰਨ ਕਰਕੇ ਕਾਮ ਕਰੋਧ ਤੋਂ ਛੁਟ ਗਏ ਹਨ।

**ਸੋਇ ਰਹੇ ਮਾਇਆ ਮਦ ਮਾਤੇ ॥ ਜਾਗਤ ਭਗਤ ਸਿਮਰਤ ਹਰਿ ਰਾਤੇ ॥ ੧ ॥ ਰਹਾਉ ॥**

ਮਨਮੁਖ ਮਾਇਆ ਦੇ ਹੰਕਾਰ ਵਿਚ ਮੱਤੇ ਹੋਏ ਸੌਂ ਰਹੇ ਹਨ ਜੇਹੜੇ ਭਗਤ ਹਨ ਓਹ ਰੱਤੇ=ਪ੍ਰੇਮੀ ਹੋਏ ੨ ਪ੍ਰਮੇਸਰ ਨੂੰ ਯਾਦ ਕਰਦੇ ਹਨ ਅਤੇ ਜਾਗਦੇ ਹਨ।

Digitized by Panjab Digital Library | www.panjabdigilib.org

**ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥ ੨ ॥**

ਮਨਮੁਖਾਂ ਨੂੰ ਮੋਹ ਤੇ ਭਰਮ ਦੇ ਹੋਣ ਕਰਕੇ ਬਹੁਤ ਜੂਨੀਆਂ ਵਿਚ ਭਟਕਾਇਆ ਹੈ ਜਿਨ੍ਹਾਂ ਗੁਰਮੁਖਾਂ ਨੇ ਚਰਨਾਂ ਨੂੰ ਧਿਆਇਆ ਹੈ ਓਹ ਇਸਥਿਤ ਹੋਏ ਹਨ ।

**ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੁਝਹਿ ਹਰਿ ਨੇਰਾ ॥ ੩ ॥**

ਮਨਮੁਖ ਹੰਕਾਰ ਕਰਕੇ ਗ੍ਰਹਸਤ ਰੂਪ ਅੰਨ੍ਹੇ ਖੂਹ ਦੇ ਬੰਧਨਾਂ ਵਿਚ ਪਏ ਹੋਏ ਹਨ ਗੁਰਮੁਖ ਪ੍ਰਮੇਸਰ ਨੂੰ ਪਾਸ ਜਾਣਦੇ ਹਨ ਇਸ ਲਈ ਬੰਧਨਾਂ ਤੋਂ ਰਹਿਤ ਹੋ ਗਏ ਹਨ । ਮੁਕਤੇ=ਰਹਿਤ ॥

**ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥ ੪ ॥ ੨੨ ॥ ੭੩ ॥**

ਗੁਰੂ ਜੀ=ਜੇਹੜੇ ਮਾਲਕ ਦੀ ਸ਼ਰਨ ਆਏ ਹਨ ਓਹ ਏਥੇ ਸੁਖ ਤੇ ਅਗੇ ਮੁਕਤੀ ਪਾਂਦੇ ਹਨ ।

## ਆਸਾ ਮਹਲਾ ੫ ॥

**ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥ ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥ ੧ ॥**

ਹੇ ਪ੍ਰਮੇਸਰਾ ਤੂੰ ਸਾਡਾ ਪਾਣੀ ਹੈਂ ਅਸੀ ਤੇਰੇ ਵਿਚ ਰਹਿਣ ਵਾਲੇ ਮੱਛ ਹਾਂ ਤੂੰ ਸਾਡਾ ਮਾਲਕ ਹੈਂ ਅਸੀਂ ਤੇਰੇ ਦਰਵਾਜੇ ਦੇ ਨੌਕਰ ਹਾਂ ।

**ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥ ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥ ੧ ॥ ਰਹਾਉ ॥**

ਤੂੰ ਮੇਰਾ ਕਰਤਾ ਹੈਂ ਮੈਂ ਤੇਰਾ ਦਾਸ ਹਾਂ ਹੇ ਗੁਣਾਂ ਦੇ ਸਮੁੰਦ੍ਰ ਮਾਲਕ ਮੈਂ ਤੇਰੀ ਸ਼ਰਨ ਫੜੀ ਹੈ ।

**ਤੂ ਮੇਰਾ ਜੀਵਨੁ ਤੂ ਆਧਾਰੁ ॥ ਤੁਝਹਿ ਪੇਖਿ ਬਿਗਸੈ ਕਉਲਾਰੁ ॥ ੨ ॥**

ਤੂੰ ਮੇਰਾ ਪ੍ਰਾਣ ਹੈਂ ਤੂੰ ਮੇਰਾ ਆਸਰਾ ਹੈਂ ਤੈਨੂੰ ਵੇਖਕੇ ਮੇਰਾ ਰਿਦਾ ਕੌਲ

Digitized by Panjab Digital Library | www.panjabdigilib.org

ਖਿੜਦਾ ਹੈ।

ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ ਤੂ ਸਮਰਥੁ ਮੈ ਤੇਰਾ ਤਾਣੁ ॥ ੩ ॥

ਤੂੰ ਮੇਰੀ ਮੁਕਤੀ ਇੱਜ਼ਤ ਪਰਵਾਣ ਕਰਨ ਵਾਲਾ ਹੈਂ ਤੂੰ ਸਮਰੱਥ ਹੈਂ ਮੈਨੂੰ ਤੇਰਾ ਜੋਰ ਹੈ।

ਅਨਦਿਨੁ ਜਪਉ ਨਾਮੁ ਗੁਣ ਤਾਸਿ ॥ ਨਾਨਕ ਕੀ ਪ੍ਰਭ ਪਹਿ ਅਰਦਾਸਿ ॥ ੪ ॥ ੨੩ ॥ ੭੪ ॥

ਹੇ ਗੁਣਾਂ ਦੇ ਖਜ਼ਾਨੇ ਮੈਂ ਰਾਤ ਦਿਨ ਤੇਰਾ ਨਾਮ ਜਪਦਾ ਹਾਂ ਗੁਰੂ ਜੀ= ਹੇ ਮਾਲਕਾ ਤੇਰੇ ਪਾਸ ਮੇਰੀ ਏਹੋ ਹੀ ਅਰਦਾਸ ਹੈ।

## ਆਸਾ ਮਹਲਾ ੫ ॥

ਰੋਵਨਹਾਰੈ ਝੂਠੁ ਕਮਾਨਾ ॥ ਹਸਿ ਹਸਿ ਸੋਗੁ ਕਰਤ ਬੇਗਾਨਾ ॥ ੧ ॥

ਬੇਮੁਖ ਰੋਣ ਵਾਲੇ ਨੇ ਝੂਠਾ ਹੀ ਕੰਮ ਕਮਾਇਆ, ਭਾਵ ਭਾਣਾ ਨ ਮੰਨਿਆਂ ਇੱਕੁਰ ਹੀ ਜੇਹੜਾ ਬਹੁਤੇ ਲਾਭ ਨਾਲ ਹਸ ਹਸ ਪੈਂਦਾ ਹੈ ਅਤੇ ਨੁਕਸਾਨ ਨਾਲ ਸ਼ੋਕ ਕਰਦਾ ਹੈ ਇਹ ਵੀ ਬੇਗਾਨਾ ਮੂਰਖ ਹੈ।

ਕੋ ਮੂਆ ਕਾਕੈ ਘਰਿ ਗਾਵਨੁ ॥ ਕੋ ਰੋਵੈ ਕੋ ਹਸਿ ਹਸਿ ਪਾਵਨੁ ॥ ੧ ॥ ਰਹਾਉ ॥

ਕੋਈ ਮੋਇਆ ਹੈ ਕਿਸੇ ਦੇ ਘਰ ਗੌਣਾ ਹੈ ਕੋਈ ਰੋਂਦਾ ਹੈ ਕੋਈ ਹਸ ਹਸ ਪੈਂਦਾ ਹੈ।

ਬਾਲ ਬਿਵਸਥਾ ਤੇ ਬਿਰਧਾਨਾ ॥ ਪਹੁਚਿ ਨ ਮੂਕਾ ਫਿਰਿ ਪਛੁਤਾਨਾ ॥ ੨ ॥

ਇੱਕੁਰ ਹੀ ਹਰਖ ਸ਼ੋਕ ਵਿੱਚ ਪਿਆਂ ਬਾਲਕ ਤੋਂ ਬੁਢਾ ਹੋ ਗਿਆ ਪਰ ਪ੍ਰਮੇਸਰ ਨੂੰ ਪੁੱਜਾ ਨਹੀਂ ਹੈ, ਨ ਜਨਮ ਮਰਨ ਹੀ ਮੁੱਕਿਆ ਹੈ ਫਿਰ ਭਜਨ ਬਿਨਾ ਪੱਛਾਤਾਪ ਹੀ ਰਹਿ ਗਿਆ।

ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥ ੩ ॥

Digitized by Panjab Digital Library | www.panjabdigilib.org

ਸਾਰਾ ਸੰਸਾਰ ਤਿੰਨਾਂ ਗੁਣਾਂ ਵਿੱਚ ਵਰਤਦਾ ਹੈ ਏਸੇ ਲਈ ਮੁੜ ੨ ਸੁਰਗ ਨਰਕ ਵਿੱਚ ਆਉਂਦਾ ਹੈ।

**ਕਹੁ ਨਾਨਕ ਜੋ ਲਾਇਆ ਨਾਮ ॥ ਸਫਲ ਜਨਮ ਤਾਕਾ ਪਰਵਾਨ ॥ ੪ ॥ ੨੪ ॥ ੭੫ ॥**

ਗੁਰੂ ਜੀ=ਜੇਹੜਾ ਆਦਮੀ ਪ੍ਰਮੇਸਰ ਨੇ ਨਾਮ ਵਿੱਚ ਲਾਇਆ ਹੈ ਓਹੋ ਹੀ ਪਰਵਾਣ ਹੋਇਆ ਹੈ ਅਤੇ ਓਸੇ ਦਾ ਹੀ ਜਨਮ ਮਰਨ ਸਫਲ ਹੋਇਆ ਹੈ।

## ਆਸਾ ਮਹਲਾ ੫ ॥

"ਪ੍ਰਮੇਸਰ ਨੂੰ ਮਿਲਨ ਬਾਬਤ ਪ੍ਰਸ਼ਨੋਤ੍ਰੀ"

**ਸੋਇ ਰਹੀ ਪ੍ਰਭ ਖਬਰਿ ਨ ਜਾਨੀ ॥ ਭੋਰੁ ਭਇਆ ਬਹੁਰਿ ਪਛੁਤਾਨੀ ॥ ੧ ॥**

ਜਿਸਨੇ ਅਪਣੇ ਪਿਆਰੇ ਪਤੀ ਦੀ ਖਬਰ ਨਹੀਂ ਜਾਣੀ ਓਹ ਜੀਵ ਇਸਤ੍ਰੀ ਅਗਜਾਨ ਨੀਂਦ ਵਿੱਚ ਸੌਂ ਰਹੀ ਹੈ ਜਦੋਂ ਮੌਤ ਰੂਪ ਦਿਨ ਚੜ੍ਹ ਪਿਆ ਤਾਂ ਬੜਾ ਪਛਤਾਈ।

**ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ ਧਰਉਰੀ ॥ ਪ੍ਰਭ ਮਿਲਬੇ ਕੀ ਲਾਲਸਾ ਤਾਤੇ ਆਲਸੁ ਕਹਾ ਕਰਉ ਰੀ ॥ ੧ ॥ ਰਹਾਉ ॥**

ਪਿਆਰੇ ਦੇ ਪ੍ਰੇਮ ਕਰਕੇ ਮਨ ਵਿੱਚ ਅਨੰਦ ਨੂੰ ਧਾਰਨ ਕਰੋ ਜੇ ਮਾਲਕ ਦੇ ਮਿਲਨ ਦੀ ਲੋੜ ਹੈ ਤੇ ਤਾਂ ਹੇ ਸਖੀ ਆਲਸ ਕਿਉਂ ਕਰਦੀ ਹੈਂ ?

**ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ ॥ ਖਿਸਰਿ ਗਇਓ ਭੂਮ ਪਰਿ ਡਾਰਿਓ ॥ ੨ ॥**

ਪਿਛਲਿਆਂ ਪੁੰਨਾਂ ਨੇ ਮਨੁੱਖ ਜਨਮ ਰੂਪ ਅੰਮ੍ਰਿਤ (ਕਰ) ਹੱਥ ਉੱਤੇ ਲਿਆਕੇ (ਨਿਸਾਰਿਓ) ਪਾ ਦਿਤਾ ਓਹ ਅੰਮ੍ਰਿਤ ਹੱਥ ਤੋਂ ਖਿਸਕ ਗਿਆ ਧਰਤੀ ਉੱਤੇ ਡਿਗ ਪਿਆ ਭਾਵ ਵਿਸ਼ਿਆਂ ਵਿੱਚ ਜਨਮ ਗਿਆ।

**ਸਾਦਿ ਮੋਹਿ ਲਾਦੀ ਅਹੰਕਾਰੇ ॥ ਦੋਸੁ ਨਾਹੀ ਪ੍ਰਭ ਕਰਣੈਹਾਰੇ ॥ ੩ ॥**

ਸੁਆਦਾਂ, ਮੋਹ ਹੰਕਾਰ ਨਾਲ ਸਾਰੀ ਦੁਨੀਆਂ ਤੇ ਤੂੰ ਲੱਦੀ ਭਾਵ ਭਰੀ ਹੋਈ ਹੈ ਬਣਾਉਣ ਵਾਲੇ ਮਾਲਕ ਦਾ ਕੀ ਦੋਸ਼ ਹੈ ਸੋ ਜੀਵ ਕਰਮਾਂ ਦਾ ਫਲ

Digitized by Panjab Digital Library | www.panjabdigilib.org

ਪਾਂਦੇ ਹਨ।

ਸਾਧ ਸੰਗਿ ਮਿਟੇ ਭਰਮ ਅੰਧਾਰੇ ॥ ਨਾਨਕ ਮੇਲੀ ਸਿਰਜਣਹਾਰੇ ॥ ੪ ॥ ੨੫ ॥ ੭੬ ॥

ਸਾਧ ਸੰਗਤ ਕਰਕੇ ਜਿਸਦੇ ਭਰਮ ਦੇ ਹਨੇਰੇ ਦੂਰ ਹੋ ਗਏ ਹਨ ਗੁਰੂ ਜੀ=ਓਹ ਜੀਵ ਇਸਤ੍ਰੀ ਪ੍ਰਮੇਸਰ ਨੇ ਅਪਣੇ ਨਾਲ ਮਿਲਾ ਲਈ ਹੈ ਜੇ ਤੂੰ ਵੀ ਭਰਮ ਦੂਰ ਕਰੇਂਗੀ ਤਾਂ ਉਸ ਪਤੀ ਨੂੰ ਮਿਲੇਂਗੀ।

## ਆਸਾ ਮਹਲਾ ੫ ॥

ਚਰਨ ਕਮਲ ਕੀ ਆਸ ਪਿਆਰੇ ॥ ਜਮ ਕੰਕਰ ਨਸਿ ਗਏ ਵਿਚਾਰੇ॥ ੧ ॥

ਹੇ ਪਿਆਰੇ ਜਿਨ੍ਹਾਂ ਨੂੰ ਤੇਰੇ ਚਰਨਾਂ ਕਮਲਾਂ ਦੀ ਆਸਾ ਹੈ ਓਹਨਾਂ ਨੂੰ ਦੇਖਕੇ ਜਮ ਦੇ ਦੂਤ ਦੂਰ ਤੋਂ ਹੀ ਨੱਸ ਗਏ ਹਨ।

ਤੂ ਚਿਤਿ ਆਵਹਿ ਤੇਰੀ ਮਇਆ ॥ ਸਿਮਰਤ ਨਾਮ ਸਗਲ ਰੋਗ ਖਇਆ ॥ ੧ ॥ ਰਹਾਉ ॥

ਜਦੋਂ ਤੇਰੀ ਕਿਰਪਾ ਹੁੰਦੀ ਹੈ ਤੇ ਤਾਂ ਤੂੰ ਚਿਤ ਵਿਚ ਆ ਵਸਦਾ ਹੈਂ ਤੇਰਾ ਨਾਮ ਯਾਦ ਕਰਨ ਨਾਲ ਸਾਰਾ ਰੋਗ ਦੂਰ ਹੋਇਆ ਹੈ।

ਅਨਿਕ ਦੂਖ ਦੇਵਹਿ ਅਵਰਾਕਉ॥ਪਹੁਚਿ ਨ ਸਾਕਹਿ ਜਨ ਤੇਰੇ ਕਉ ॥ ੨ ॥

ਜਮਦੂਤ ਹੋਰਨਾਂ ਜੀਵਾਂ ਨੂੰ ਅਨੇਕਾਂ ਦੁਖ ਦੇਂਦੇ ਹਨ ਪਰ ਤੇਰੇ ਦਾਸ ਤਕ ਨਹੀਂ ਪੁੱਜ ਸੱਕਦੇ ਹਨ।

ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥ ਸਹਜ ਅਨੰਦ ਬਸੈ ਬੈਰਾਗੀ ॥ ੩ ॥

ਹੇ ਮਹਾਰਾਜ ਜਿਨਾਂ ਦੇ ਮਨ ਵਿਚ ਤੇਰੇ ਦਰਸ਼ਨ ਦੀ ਤੇਹ ਲੱਗੀ ਹੈ ਓਹ ਵੈਰਾਗੀ ਆਦਮੀ ਸ਼ਾਂਤੀ ਅਨੰਦ ਵਿਚ ਵੱਸ ਗਏ ਹਨ।

ਨਾਨਕ ਕੀ ਅਰਦਾਸਿ ਸੁਣੀਜੈ ॥ ਕੇਵਲ ਨਾਮੁ ਰਿਦੇ ਮਹਿ ਦੀਜੈ ॥ ੪ ॥ ੨੬ ॥ ੭੭ ॥

ਮੇਰੀ ਨਾਨਕ ਦੀ ਬੇਨਤੀ ਸੁਣੋ ਇਕ ਨਾਮ ਮੇਰੇ ਰਿਦੇ ਵਿਚ ਦਿਓ।

Digitized by Panjab Digital Library | www.panjabdigilib.org

ਆਸਾ ਮਹਲਾ ੫ ॥

ਮਨੁ ਤ੍ਰਿਪਤਾਨੋ ਮਿਟੇ ਜੰਜਾਲ ॥ ਪ੍ਰਭੁ ਅਪੁਨਾ ਹੋਇਆ ਕਿਰਪਾਲ ॥ ੧ ॥

ਮੇਰਾ ਮਨ ਰੱਜ ਗਿਆ ਹੈ ਸਾਰੇ ਜੰਜਾਲ ਦੂਰ ਹੋ ਗਏ ਹਨ, ਕਿਉਂਕਿ ਮੇਰਾ ਅਪਣਾ ਮਾਲਕ ਮੇਰੇ ਉਤੇ ਕਿਰਪਾਲੂ ਹੋਇਆ ਹੈ।

ਸੰਤ ਪ੍ਰਸਾਦਿ ਭਲੀ ਬਨੀ ॥ ਜਾਕੈ ਗ੍ਰਿਹ ਸਭੁ ਕਿਛੁ ਹੈ ਪੂਰਨ ਸੋ ਭੇਟਿਆ ਨਿਰਭੈ ਧਨੀ ॥ ੧ ॥ ਰਹਾਉ ॥

ਸੰਤਾਂ ਦੀ ਕਿਰਪਾ ਨਾਲ ਮੇਰੀ ਚੰਗੀ ਬਣੀ ਹੈ ਜਿਸ ਧਣੀ ਅਕਾਲ ਪੁਰਖ ਦੇ ਘਰ ਵਿਚ ਸਾਰੀਆਂ ਵਸਤੂਆਂ ਭਰੀਆਂ ਹੋਈਆਂ ਹਨ ਉਹ ਨਿਡਰ ਪਤੀ ਮਿਲ ਪਿਆ ਹੈ।

ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ ॥ ਮਿਟਿ ਗਈ ਭੂਖ ਮਹਾ ਬਿਕਰਾਲ ॥ ੨ ॥

ਕ੍ਰਿਪਾਲੂ ਸਾਧ ਨੇ ਮੈਨੂੰ ਨਾਮ ਦ੍ਰਿੜ ਕਰਾਇਆ ਹੈ ਜੇਹੜੀ ਬਹੁਤ ਡਰੌਣੀ ਤ੍ਰਿਸ਼ਨਾ ਸੀ ਜੋ ਸਾਰੀ ਦੂਰ ਹੋ ਗਈ ਹੈ।

ਠਾਕੁਰਿ ਅਪੁਨੈ ਕੀਨੀ ਦਾਤਿ ॥ ਜਲਨਿ ਬੁਝੀ ਮਨਿ ਹੋਈ ਸਾਂਤਿ ॥ ੩ ॥

ਮੇਰੇ ਮਾਲਕ ਨੇ ਨਾਮ ਦੀ ਦਾਤ ਕੀਤੀ ਹੈ ਇਸ ਲਈ ਵਿਸ਼ਿਆਂ ਦੀ ਸੜਨ ਦੂਰ ਹੋ ਗਈ ਹੈ ਅਤੇ ਮਨ ਨੂੰ ਸ਼ਾਂਤੀ ਆਈ ਹੈ।

ਮਿਟਿ ਗਈ ਭਾਲ ਮਨੁ ਸਹਜਿ ਸਮਾਨਾ ॥ ਨਾਨਕ ਪਾਇਆ ਨਾਮ ਖਜਾਨਾ ॥ ੪ ॥ ੨੭ ॥ ੭੮ ॥

ਗੁਰੂ ਜੀ=ਜਦੋਂ ਨਾਮ ਖਜ਼ਾਨਾ ਪਾਇਆਹੈ ਤਦੋਂ ਮੇਰੀ ਖੋਜ ਭਾਲ ਦੂਰ ਹੋ ਗਈ ਹੈ ਅਤੇ ਮਨ ਸਹਿਜ ਅਨੰਦ ਵਿਚ ਸਮਾ ਗਿਆ ਹੈ।

ਆਸਾ ਮਹਲਾ ੫ ॥

ਠਾਕੁਰ ਸਿਉ ਜਾਕੀ ਬਨਿਆਈ ॥ ਭੋਜਨ ਪੂਰਨ ਰਹੇ ਅਘਾਈ ॥ ੧ ॥

ਜਿਸਦੀ ਮਾਲਕ ਦੇ ਨਾਲ ਬਣ ਆਈ ਹੈ ਉਹ ਪੂਰੇ ਭੋਜਨ ਗਿਆਨ

Digitized by Panjab Digital Library | www.panjabdigilib.org

ਨਾਲ ਰੱਜ ਗਿਆ ਹੈ ।

**ਕਛੂ ਨ ਥੋਰਾ ਹਰਿ ਭਗਤਨ ਕਉ ॥ ਖਾਤ ਖਰਚਤ ਬਿਲਛਤ ਦੇਵਨ ਕਉ ॥ ੧ ॥ ਰਹਾਉ ॥**

ਪ੍ਰਮੇਸ਼ਰ ਦੇ ਭਗਤਾਂ ਨੂੰ ਕੋਈ ਘਾਟਾ ਨਹੀਂ ਹੈ ਖਾਂਦੇ ਖਰਚਦੇ ਦੇਣ ਵਿਚ ਅਨੰਦ ਕਰਦੇ ਹਨ ਭਾਵ ਨਾਮ ਜਪਦੇ ਜਪਾਂਦੇ ਖੁਸ਼ੀ ਹਨ।

**ਜਾਕਾ ਧਨੀ ਅਗਮ ਗੁਸਾਈ ॥ ਮਾਨੁਖ ਕੀ ਕਹੁ ਕੇਤ ਚਲਾਈ ॥ ੨ ॥**

ਜਿਸ ਦਾ ਧਨੀ ਅਗੰਮ ਮਾਲਕ ਹੈ ਉਸ ਉਤੇ ਮਨੁਖ ਦੀ ਕੀ ਸ਼ਕਤੀ ਚਲਦੀ ਹੈ ਭਾਵ ਕੋਈ ਉਸਦਾ ਬੁਰਾ ਨਹੀਂ ਕਰ ਸਕਦਾ ਹੈ।

**ਜਾਕੀ ਸੇਵਾ ਦਸ ਅਸਟ ਸਿਧਾਈ ॥ ਪਲਕ ਦ੍ਰਿਸਟਿ ਤਾਕੀ ਲਾਗੁ ਪਾਈ ॥ ੩ ॥**

ਜਿਸ ਦੀ ਸੇਵਾ ਕਰਕੇ ਇਕ ਛਿਨ ਦੀ ਦ੍ਰਿਸ਼ਟੀ ਵਿਚ ਅਠਾਰਾਂ ਸਿੱਧੀਆਂ ਆ ਮਿਲਦੀਆਂ ਹਨ ਮੈਂ ਉਸਦੀ ਚਰਨੀ ਲੱਗਦਾ ਹਾਂ।

**ਜਾਕਉ ਦਇਆ ਕਰਹੁ ਮੇਰੇ ਸੁਆਮੀ ॥ ਕਹੁ ਨਾਨਕ ਨਾਹੀ ਤਿਨ ਕਾਮੀ ॥ ੪ ॥ ੨੮ ॥ ੭੯ ॥**

ਹੇ ਮੇਰੇ ਮਾਲਕ ਜਿਸ ਦੇ ਉਤੇ ਤੁਸੀ ਦਯਾ ਕਰਦੇ ਹੋ ਗੁਰੂ ਜੀ=ਉਸਨੂੰ ਕਿਸੇ ਗਲ ਦੀ ਕਮੀ ਨਹੀਂ ਰਹਿੰਦੀ ਹੈ।

## ਆਸਾ ਮਹਲਾ ੫ ॥

**ਜਉ ਮੈ ਅਪੁਨਾ ਸਤਿਗੁਰੁ ਧਿਆਇਆ ॥ ਤਬ ਮੇਰੈ ਮਨਿ ਮਹਾ ਸੁਖੁ ਪਾਇਆ ॥ ੧ ॥**

ਜਦੋਂ ਮੈਂ ਅਪਣਾ ਸਤਿਗੁਰੂ ਧਿਆਯਾ ਹੈ ਤਾਂ ਮੇਰੇ ਮਨ ਨੇ ਬੜਾ ਸੁਖ ਪਾਇਆ ਹੈ।

**ਮਿਟਿ ਗਈ ਗਣਤ ਬਿਨਾਸਿਓ ਸੰਸਾ॥ ਨਾਮਿ ਰਤੇ ਜਨ ਭਏ ਭਗਵੰਤਾ ॥ ੧ ॥ ਰਹਾਉ ॥**

ਹੇ ਨਾਮੀ ਤੇਰੇ ਵਿਚ ਰੱਤੇ ਹੋਇ ਦਾਸ ਭਾਗਾਂ ਵਾਲੇ ਜਾਂ ਤੇਰਾ ਰੂਪ ਬਣ ਗਏ ਹਨ ਅਤੇ ਮਨ ਦੀ ਗਿਣਤੀ ਦੂਰ ਹੋਗਈ ਹੈ ਤੇ ਸੰਸਾ ਵੀ ਦੂਰ

Digitized by Panjab Digital Library | www.panjabdigilib.org

ਹੋ ਗਿਆ ਹੈ।

**ਜਉ ਮੈ ਅਪੁਨਾ ਸਾਹਿਬੁ ਚੀਤਿ॥ਤਉ ਭਉ ਮਿਟਿਓ ਮੇਰੇ ਮੀਤ ॥ ੨ ॥**

ਜਦੋਂ ਮੈਂ ਅਪਣੇ ਮਾਲਕ ਨੂੰ ਚਿਤ ਵਿਚ ਯਾਦ ਕੀਤਾ ਹੈ ਹੇ ਮੇਰੇ ਮਿੱਤਰ ਤਾਂ ਮੇਰਾ ਜਨਮ ਮਰਨ ਦਾ ਡਰ ਦੂਰ ਹੋ ਗਿਆ ਹੈ।

**ਜਉ ਮੈ ਓਟ ਗਹੀ ਪ੍ਰਭ ਤੇਰੀ ॥ ਤਾਂ ਪੂਰਨ ਹੋਈ ਮਨਸਾ ਮੇਰੀ ॥ ੩ ॥**

ਹੇ ਮਾਲਕ ! ਜਦੋਂ ਮੈਂ ਤੇਰੀ ਓਟ ਫੜੀ ਹੈ ਤਾਂ ਮੇਰੀ ਸਾਰੀ ਇਛਯਾ ਪੂਰੀ ਹੋ ਗਈ ਹੈ।

**ਦੇਖਿ ਚਲਿਤ ਮਨਿ ਭਏ ਦਿਲਾਸਾ ॥ ਨਾਨਕ ਦਾਸ ਤੇਰਾ ਭਰਵਾਸਾ ॥ ੪ ॥ ੨੯ ॥ ੮੦ ॥**

ਤੇਰੇ ਤਮਾਸ਼ੇ ਵੇਖਕੇ ਮੇਰੇ ਮਨ ਨੂੰ ਧੀਰਜ ਆਇਆ ਹੈ ਗੁਰੂ ਜੀ=ਮੈਨੂੰ ਦਾਸ ਨੂੰ ਤੇਰਾ ਹੀ ਭਰੋਸਾ ਹੈ।

## ਆਸਾ ਮਹਲਾ ੫ ॥

**ਅਨਦਿਨੁ ਮੂਸਾ ਲਾਜੁ ਟੁਕਾਈ॥ ਗਿਰਤ ਕੂਪ ਮਹਿ ਖਾਹਿ ਮਿਠਾਈ ॥ ੧ ॥**

ਰਾਤ ਦਿਨ ਰੂਪ ਚੂਹੀ ਚੂਹਾ ਜਾਂ ਕਾਲ ਰੂਪ ਚੂਹਾ ਰਾਤ ਦਿਨ ਕਰਕੇ ਉਮਰ ਰੂਪ ਰੱਸੀ ਨੂੰ ਕੱਟਦਾ ਜਾਂਦਾ ਹੈ, ਜੀਵ ਗ੍ਰਹਸਤ ਰੂਪ ਖੂਹ ਵਿਚ ਡੁਬਦਾ ਜਾਂਦਾ ਹੈ ਸੁਖਾਂ ਨੂੰ ਮਿਠਆਈ ਮੰਨਕੇ ਖਾਂਦਾ ਹੈ।

**ਸੋਚਤ ਸਾਚਤ ਰੈਨਿ ਬਿਹਾਨੀ ॥ ਅਨਿਕ ਰੰਗ ਮਾਇਆ ਕੇ ਚਿਤਵਤ ਕਬਹੂ ਨ ਸਿਮਰੈ ਸਾਰਿੰਗਪਾਨੀ ॥ ੧ ॥ ਰਹਾਉ ॥**

ਪਦਾਰਥਾਂ ਨੂੰ ਕੱਠਿਆਂ ਕਰਨ ਦੇ ਜਤਨ ਸੋਚਦਿਆਂ ਵਿਚਾਰਦਿਆਂ ਅਵਸਥਾ ਰੂਪੀ ਸਾਰੀ ਰਾਤ ਬੀਤ ਜਾਂਦੀ ਹੈ ਜਾਂ ਓਹ ਗੱਲਾਂ ਚਿਤ ਵਿਚ ਸੋਚਦਿਆਂ ਜੀਵ ਅਨੇਕਾਂ ਰੰਗ ਮਾਇਆ ਦੇ ਯਾਦ ਕਰਦੇ ਹਨ, ਪ੍ਰਮੇਸਰ ਦਾ ਸਿਮਰਨ ਕਦੀ ਨਹੀਂ ਕਰਦੇ।

Digitized by Panjab Digital Library | www.panjabdigilib.org

**ਦ੍ਰੁਮ ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ॥ ਕਾਲ ਕੈ ਫਾਂਸਿ ਸਕਤ ਸਰੁ ਸਾਂਧਿਆ ॥ ੨ ॥**

ਜਿਹੜਾ ਸੰਸਾਰ ਰੁੱਖ ਦੀ ਛਾਂ ਵਰਗਾ ਹੈ ਉਸਨੂੰ ਸਦਾ ਰਹਿਣ ਵਾਲਾ ਜਾਣਕੇ ਘਰ ਬੰਨ੍ਹਿਆਂ ਭਾਵ ਬਣਾਯਾ ਹੈ ਮਾਇਆ ਦੀ ਫਾਹੀ ਵਿਚ ਪਿਆ ਹੋਇਆ ਹੈ ਅਤੇ ਕਾਲ ਨੇ ਤੀਰ ਸਿੱਧਾ ਕੀਤਾ ਹੋਇਆ ਹੈ। ਸਰੁ=ਤੀਰ।

**ਬਾਲੂ ਕਨਾਰਾ ਤਰੰਗ ਮੁਖਿ ਆਇਆ ॥ ਸੋ ਥਾਨੁ ਮੂੜਿ ਨਿਹਚਲੁ ਕਰਿ ਪਾਇਆ ॥ ੩ ॥**

ਇਹ ਸਰੀਰ ਰੇਤ ਦਾ ਕੰਢਾ ਹੈ ਕਾਲ ਰੂਪ ਦਰਿਆ ਦੀ ਲਹਰ ਦੇ ਮੂੰਹ ਵਿਚ ਆਇਆ ਹੋਇਆ ਹੈ ਮੂਰਖ ਆਦਮੀ ਨੇ ਉਸ ਸਰੀਰ ਨੂੰ ਸਦਾ ਰਹਿਣ ਵਾਲਾ ਜਾਣਕੇ ਉਸ ਵਿਚ ਮੋਹ ਪਾਇਆ ਹੈ।

**ਸਾਧ ਸੰਗਿ ਜਪਿਓ ਹਰਿ ਰਾਇ ॥ ਨਾਨਕ ਜੀਵੈ ਹਰਿ ਗੁਣ ਗਾਇ ॥ ੪ ॥ ੩੦ ॥ ੮੧ ॥**

ਜਿਨਾਂ ਨੇ ਸਾਧ ਸੰਗਤ ਕਰਕੇ ਪ੍ਰਮੇਸਰ ਦਾ ਨਾਮ ਜਪਿਆ ਹੈ ਗੁਰੂ ਜੀ= ਓਹ ਗੁਰਮੁਖ ਪਰਮੇਸਰ ਦੇ ਗੁਣ ਗਾਕੇ ਜੀਉਂਦੇ ਹਨ ।

## ਆਸਾ ਮਹਲਾ ੫ ਦੁਤੁਕੇ ੯ ॥

[ਮੋਇ ਹੋਇ ਨੂੰ ਵੇਖਕੇ ਉਪਦੇਸ਼ ਹੈ]

**ਉਨਕੈ ਸੰਗਿ ਤੂ ਕਰਤੀ ਕੇਲ ॥ ਉਨਕੈ ਸੰਗਿ ਹਮ ਤੁਮ ਸੰਗਿ ਮੇਲ ॥ ਉਨਕੈ ਸੰਗਿ ਤੁਮ ਸਭੁ ਕੋਊ ਲੋਰੈ। ਓਸੁ ਬਿਨਾ ਕੋਊ ਮੁਖੁ ਨਹੀ ਜੋਰੈ ॥ ੧ ॥**

ਹੇ ਦੇਹ ਤੂੰ ਉਸ ਚੇਤਨ ਦੇ ਨਾਲ ਰਲਕੇ ਅਨੰਦ ਕਰਦੀ ਸੀ ਓਸਦੇ ਨਾਲ ਰਲਕੇ ਹੀ ਤੇਰਾ ਸਾਰਿਆਂ ਹਮਾਂ ਤੁਮਾਂ ਨਾਲ ਮੇਲ ਸੀ।

ਜਦੋਂ ਤਕ ਤੇਰਾ ਓਹਦੇ ਨਾਲ ਮੇਲ ਸੀ ਓਦੋਂ ਤਕ ਤੈਨੂੰ ਹਰ ਕੋਈ ਚਾਹੁੰਦਾ ਸੀ ਉਸਤੋਂ ਬਿਨਾ ਤੇਰੇ ਨਾਲ ਕੋਈ ਮੂੰਹ ਨਹੀਂ ਜੋੜਦਾ ਹੈ।

**ਤੇ ਬੈਰਾਗੀ ਕਹਾ ਸਮਾਏ ॥ ਤਿਸੁ ਬਿਨੁ ਤੁਹੀ ਦੁਹੇਰੀ ਰੀ ॥ ੧ ॥ ਰਹਾਉ ॥**

ਹੇ ਦੇਹ ! ਓਹ ਚੇਤਨ ਉਦਾਸੀ ਰਹਿਣ ਵਾਲਾ ਹੈ ਤੇਰੇ ਵਿਚ ਕਦੋਂ ਜਾਂ ਕਿਸ ਵੇਲੇ ਜਾਂ ਕਿਸ ਵਾਸਤੇ ਆਕੇ ਮਿਲਦਾ ਹੈ ਹੇ ਦੇਹੀ ਉਸ ਬਿਨਾਂ ਤੂੰ ਬਹੁਤ

Digitized by Panjab Digital Library | www.panjabdigilib.org

ਦੁਖੀ ਰਹਿੰਦੀ ਹੈਂ ।

**ਉਨ੍ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ ॥ ਉਨਕੈ ਸੰਗਿ ਤੂ ਹੋਈ ਹੈ ਜਾਹਰਿ ॥ ਉਨ੍ਕੈ ਸੰਗਿ ਤੂ ਰਖੀ ਪਪੋਲਿ ॥ ਓਸ ਬਿਨਾ ਤੂੰ ਛੁਟਕੀ ਰੋਲਿ ॥ ੨ ॥**

ਹੇ ਦੇਹ ਉਹ ਜੀਵ ਤੇ ਪ੍ਰਾਣਾਂ ਦੇ ਨਾਲ ਰਲ ਕੇ ਤੂੰ ਇਸ ਸਰੀਰ ਘਰ ਵਿਚ (ਮਾਹਰ) ਪ੍ਰਧਾਨ, ਵੱਡੀ ਬਣੀ ਹੋਈ ਸੀ ਉਸਦੇ ਨਾਲ ਰਲ ਕੇ ਤੂੰ ਸਾਰਿਆਂ ਵਿਚ ਪ੍ਰਗਟ ਹੋਈ ੨ ਸੀ ।

ਓਸਦੇ ਨਾਲ ਰਲ ਕੇ ਰਹਿਣ ਕਰਕੇ ਤੂੰ ਪਾਲ ਕੇ ਰਖੀ ਹੋਈ ਸੀ ਉਸ ਤੋਂ ਬਿਨਾਂ ਤੂੰ ਵਖਰੀ ਹੋਈ ੨ ਰੁਲ ਗਈ ਹੈਂ ।

**ਉਨ ਕੈ ਸੰਗਿ ਤੇਰਾ ਮਾਨੁ ਮਹਤੁ ॥ ਉਨ ਕੈ ਸੰਗਿ ਤੁਮ ਸਾਕੁ ਜਗਤੁ ॥ ਉਨ ਕੈ ਸੰਗਿ ਤੇਰੀ ਸਭ ਬਿਧਿ ਥਾਟੀ ॥ ਓਸੁ ਬਿਨਾ ਤੂੰ ਹੋਈ ਹੈ ਮਾਟੀ ॥ ੩ ॥**

ਉਸਦੇ ਨਾਲ ਰਹਿਣ ਕਰਕੇ ਤੇਰਾ ਆਦਰ ਵੱਡਪਣਾ ਬਣਿਆਂ ਹੋਇਆ ਸੀ ਉਸ ਕਰਕੇ ਹੀ ਤੇਰਾ ਸਾਰੇ ਸੰਸਾਰ ਵਿਚ ਸਾਕਾਂ ਨਾਲ ਮੇਲ ਸੀ ਜਾਂ ਸਾਕ=ਮੇਲ ਸੀ ।

ਉਸ ਦੇ ਨਾਲ ਰਹਿਣ ਕਰਕੇ ਤੇਰੀ ਸਾਰੀ ਰੀਤੀ ਬਣੀ ਹੋਈ ਸੀ ਉਸ ਤੋਂ ਬਿਨਾ ਤੂੰ ਮਿਟੀ ਹੋ ਗਈ ਹੈਂ ।

**ਓਹੁ ਬੈਰਾਗੀ ਮਰੈ ਨ ਜਾਇ ॥ ਹੁਕਮੇ ਬਾਧਾ ਕਾਰ ਕਮਾਇ ॥ ਜੋੜਿ ਵਿਛੋੜੇ ਨਾਨਕ ਥਾਪਿ ॥ ਅਪਨੀ ਕੁਦਰਤਿ ਜਾਣੈ ਆਪਿ ॥ ੪ ॥ ੩੧ ॥ ੮੨ ॥**

ਉਹ ਚੇਤਨ ਵੈਰਾਗੀ ਮਰਦਾ ਜੰਮਦਾ ਨਹੀਂ ਹੈ ਹੁਕਮ ਦਾ ਬੱਧਾ ਹੋਇਆ ਜੀਵ ਬਣ ਕੇ ਸਾਰੇ ਕੰਮ ਕਰਦਾ ਹੈ ।

ਗੁਰੂ ਜੀ=ਇਸ ਦੇਹੀ ਵਿਚ ਮਿਲਨਾ ਤੇ ਵਿਛੜਨਾ ਇਕੁਰ ਥਾਪਣਾ ਭਾਵ ਟਕਾਉਣਾ ਪ੍ਰਾਣਾਂ ਦਾ ਆਪ ਹੀ ਪਰਮੇਸਰ ਕਰਦਾ ਹੈ ਅਤੇ ਆਪਣੀ ਮੁਕਤੀ ਨੂੰ ਆਪ ਹੀ ਜਾਣਦਾ ਹੈ ।

## ਆਸਾ ਮਹਲਾ ੫ ॥

(ਜੀਵ ਪਰਮੇਸਰ ਇਕ ਹੈ)

**ਨਾਓਹੁ ਮਰਤਾ ਨਾ ਹਮ ਡਰਿਆ ॥ ਨਾ ਓਹੁ ਬਿਨਸੈ**

Digitized by Panjab Digital Library | www.panjabdigilib.org

**ਨਾ ਹਮ ਕੜਿਆ ॥ ਨਾ ਓਹੁ ਨਿਰਧਨੁ ਨਾ ਹਮ ਭੂਖੇ ॥ ਨਾ ਓਸੁ ਦੂਖੁ ਨ ਹਮ ਕਉ ਦੂਖੇ ॥ ੧ ॥**

*ਨ ਪਰਮੇਸਰ ਮਰਦਾਹੈ ਨ ਜੀਵ ਡਰਦਾ ਹੈ ਨ ਪਰਮੇਸਰ ਮਰਦਾ ਹੈ ਨ ਜੀਵ ਝੁਰਦਾ ਹੈ।

ਨ ਓਹ ਕੰਗਾਲ ਹੈ ਨ ਅਸੀਂ ਭੁਖੇ ਹਾਂ ਨ ਉਸਨੂੰ ਦੁਖ ਹੈ ਨ ਸਾਨੂੰ ਦੁਖ ਹੈ।

**ਅਵਰੁ ਨ ਕੋਊ ਮਾਰਨਵਾਰਾ ॥ ਜੀਅਉ ਹਮਾਰਾ ਜੀਉ ਦੇਨਹਾਰਾ ॥ ੧ ॥ ਰਹਾਉ ॥**

ਜੇਹੜਾ ਸਾਰਿਆਂ ਨੂੰ ਪ੍ਰਾਣ ਭਾਵ ਚੇਤਨ ਸਤਾ ਦੇਣ ਵਾਲਾ ਹੈ ਓਹ ਚੇਤਨ ਦੇਵ ਸਾਡਾ ਹੀ ਰੂਪ ਹੈ ਓਹ ਸਦਾ ਜੀਅਉ=ਜੀਵਨ ਵਾਲਾ ਹੈ ਉਸਨੂੰ ਕੋਈ ਮਾਰਨ ਵਾਲਾ ਨਹੀਂ ਹੈ, ਨ ਜੀਵਾਉਨ ਵਾਲਾ ਹੈ ਪ੍ਰਮੇਸਰ ਤੋਂ ਬਿਨਾ ਹੋਰ ਕੋਈ ਮਾਰਨ ਜਿਵਾਲਨ ਵਾਲਾ ਨਹੀਂ ਹੈ।

**ਨਾ ਉਸੁ ਬੰਧਨ ਨਾ ਹਮ ਬਾਧੇ ॥ ਨਾ ਉਸੁ ਧੰਧਾ ਨਾ ਹਮ ਧਾਧੇ ॥ ਨਾ ਉਸੁ ਮੈਲੁ ਨ ਹਮ ਕਉ ਮੈਲਾ ॥ ਓਸੁ ਅਨੰਦੁ ਤ ਹਮ ਸਦ ਕੇਲਾ॥੨ ॥**

ਨ ਉਸਨੂੰ ਮਾਇਆ ਦਾ ਕੋਈ ਬੰਧਨ ਹੈ ਨ ਅਸੀਂ ਮਾਇਆ ਦੇ ਬੱਧੇ ਹੋਏ ਹਾਂ ਨ ਉਸ ਨੂੰ ਕੋਈ ਧੰਧਾ ਹੈ ਨ ਸਾਨੂੰ ਕੋਈ ਧੰਧਾ ਹੈ।

ਨਾ ਉਸ ਨੂੰ ਕੋਈ ਮੈਲੁ ਹੈ ਨ ਕੋਈ ਸਾਨੂੰ ਮੈਲੇ ਕਰਮ ਆਕੇ ਲਗਦੇ ਹਨਉਸਨੂੰ ਅਨੰਦ ਹੈ ਤਾਂ ਅਸੀਂ ਵੀ ਸਦਾ ਅਨੰਦ ਕਰਦੇ ਹਾਂ।

**ਨਾ ਉਸੁ ਸੋਚੁ ਨ ਹਮ ਕਉ ਸੋਚਾ ॥ ਨਾ ਉਸੁ ਲੇਪੁ ਨ ਹਮ ਕਉ ਪੋਚਾ ॥ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥ ਜਾ ਉਹੁ ਨਿਰਮਲੁ ਤਾ ਹਮ ਜਚਨਾ ॥ ੩ ॥**

ਨ ਉਸ ਨੂੰ ਕੋਈ ਚਿੰਤਾ ਹੈ ਨ ਸਾਨੂੰ ਚਿੰਤਾ, ਨ ਉਸ ਨੂੰ ਮਾਇਆ ਦਾ ਕੋਈ ਦੋਸ਼ ਚੰਬੜਦਾ ਹੈ ਨਾ ਕਿਸੇ ਤਰਾਂ ਦਾ ਸਾਨੂੰ ਘਾਟਾ ਯਾ ਪੋਚਾ=ਦੋਸ਼ ਹੈ।

ਨ ਓਸ ਨੂੰ ਭੁੱਖ ਭਾਵ ਕੋਈ ਲੋੜ ਨਹੀਂ ਹੈ ਨ ਸਾਨੂੰ ਕੋਈ ਤ੍ਰਿਸ਼ਨਾ ਹੈ ਓਹ ਸੁੱਧ ਹੈ ਤਾਂ ਅਸੀ ਵੀ ਸੱਚੇ ਹਾਂ ਭਾਵ ਜਚਨਾ=ਨਾਮ ਤੋਲਣ ਦਾ ਹੈ

*ਇਸ ਸ਼ਬਦ ਵਿਚ ਹਮ=ਜੀਵ ਦਾ ਅਰਥ ਹੈ ਕਿ ਮੈਂ ਕਰਕੇ ਅਰਥ ਕਰਨਾ ਹੈ ਅਤੇ ਓਹ ਅਕਾਲ ਪੁਰਖ ਦਾ ਵਾਚਕ ਸ਼ਬਦ ਹੈ।

Digitized by Panjab Digital Library | www.panjabdigilib.org

ਸੋ ਅਸੀਂ ਤੋਲੇ ਹੋਏ ਸਚੇ ਹਾਂ।

**ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥ ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ ਇਕ ਰੰਗਾ ॥ ੪ ॥ ੩੨ ॥ ੮੩ ॥**

(ਸਿੱਟਾ) ਅਸੀਂ ਕੁਛ ਨਹੀਂ ਹਾਂ ਇਕ ਓਹ ਪਰਮੇਸਰ ਹੀ ਹੈ ਅਗੇ ਪਿੱਛੇ ਸਾਰਿਆਂ ਸਮਿਆਂ ਵਿਚ ਇਕ ਓਹ ਪਰਮੇਸਰ ਹੀ ਹੈ।

ਗੁਰੂ ਜੀ=ਮੇਰੇ ਰਿਦੇ ਵਿਚ ਭਰਮ (ਭੰਗਾ) ਵਿਘਨ ਪਾਣ ਵਾਲੇ ਸੀ ਓਹ ਉਨਾਂ ਨੇ ਦੂਰ ਕਰ ਦਿੱਤੇ ਹਨ ਹੁਣ ਅਸੀਂ ਅਤੇ ਓਹ ਮਿਲਕੇ ਇਕਰੂਪ ਹੋ ਗਏ ਹਾਂ।

## ਆਸਾ ਮਹਲਾ ੫ ॥

(ਸੁਹਾਗਣੀ ਇਸਤ੍ਰੀ ਹੈ)

**ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥ ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥ ੧ ॥**

ਓਹਨਾਂ ਸੁਹਾਗਣੀਆਂ ਦੀ ਅਨੇਕਾਂ ਕਰਕੇ ਸੇਵਾ ਕਰੀਏ ਜੀਵ, ਪ੍ਰਾਣ ਧਨ ਸਾਰਾ ਸਰਬੰਸ ਓਹਨਾਂ ਦੇ ਅੱਗੇ ਭੇਟਾ ਧਰ ਦੇਈਏ।

ਹੰਕਾਰ ਛੱਡਕੇ ਪਾਣੀਭਰੋ ਤੇ ਪੱਖਾਕਰੋ ਬਿਅੰਤਵਾਰੀ ਬਲਹਾਰੇਜਾਈਏ।

**ਸਾਈ ਸੁਹਾਗਣਿ ਜੋ ਪ੍ਰਭ ਭਾਈ ॥ ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥ ੧ ॥ ਰਹਾਉ ॥**

ਜੇਹੜੀ ਮਾਲਕ ਨੂੰ ਚੰਗੀ ਲੱਗੀ ਹੈ ਓਹੋ ਹੀ ਸੁਹਾਗਣ ਹੈ ਹੇ ਮੇਰੀ ਮਾਂ ਮੈਨੂੰ ਇਛਿਆ ਹੈ ਕਿ ਮੈਂ ਉਸ ਸੁਹਾਗਣੀ ਦੇ ਨਾਲ ਮਿਲਾਂ ਭਾਵ ਕੋਈ ਚੰਗਾ ਜਤਨ ਮੇਲ ਦਾ ਦੱਸ।

**ਦਾਸਨਿ ਦਾਸੀ ਕੀ ਪਨਿਹਾਰਿ ॥ ਉਨ੍ਕੀ ਰੇਣੁ ਬਸੈ ਜੀਅ ਨਾਲਿ ॥ ਮਾਥੈ ਭਾਗੁ ਤ ਪਾਵਉ ਸੰਗੁ ॥ ਮਿਲੈ ਸੁਆਮੀ ਅਪੁਨੈ ਰੰਗਿ ॥ ੨ ॥**

ਓਹਨਾਂ ਦਾਸੀਆਂ ਦੀਆਂ ਜੇਹੜੀਆਂ ਦਾਸੀਆਂ ਹਨ ਓਹਨਾਂ ਦੀ ਪਾਣੀ

Digitized by Panjab Digital Library | www.panjabdigilib.org

ਭਰਨ ਵਾਲੀ ਬਣ ਜਾਵਾਂ ਅਤੇ ਉਹਨਾਂ ਦੀ ਚਰਨ ਧੂੜ ਮੇਰੇ ਜੀਅ ਦੇ ਨਾਲ ਆ ਵੱਸ। ਜੇ ਮੇਰੇ ਮੱਥੇ ਦਾ ਚੰਗਾ ਕਰਮ ਲਿਖਿਆ ਹੈ ਤੇ ਤਾਂ ਮੈਂ ਉਹਨਾਂ ਦਾ ਸਾਥ ਪਾਵਾਂ ਤਾਂ ਆਪ ਦੇ ਪ੍ਰੇਮ ਕਰਕੇ ਮਾਲਕ ਮਿਲੇਗਾ।

**ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰ-ਪਉ ਸਭ ਹੋਮਾ ॥ ਗਰਬੁ ਮੋਹੁ ਤਜਿ ਹੋਵਉ ਰੇਨ ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ ॥ ੩ ॥**

ਜਪ ਤਪ ਨੇਮ ਕਰਮ ਧਰਮ ਹੋਰ ਜਿਤਨੇ ਕਰਮ ਹਨ ਭਾਵ ਮੈਂ ਕੀਤੇ ਹੋਇ ਸਾਰੇ ਅਰਪਣ ਕਰ ਦਿਆਂ। ਹੰਕਾਰ ਮੋਹ ਛੱਡਕੇ ਚਰਨ ਧੂੜ ਹੋ ਜਾਵਾਂ ਉਹਨਾਂ ਦੇ ਨਾਲ ਰਲ ਕੇ ਪ੍ਰਮੇਸਰ ਨੂੰ ਅੱਖਾਂ ਨਾਲ ਵੇਖਾਂ।

**ਨਿਮਖ ਨਿਮਖ ਏਹੀ ਆਰਾਧਉ ॥ ਦਿਨਸੁ ਰੈਣਿ ਏਹ ਸੇਵਾ ਸਾਧਉ ॥ ਭਏ ਕ੍ਰਿਪਾਲ ਗੁਪਾਲ ਗੋਬਿੰਦ । ਸਾਧ ਸੰਗਿ ਨਾਨਕ ਬਖਸਿੰਦ ॥ ੪ ॥ ੩੩ ॥ ੮੪ ॥**

ਮੈਂ ਛਿਨ ੨ ਵਿਚ ਏਹੋ ਹੀ ਅਰਾਧਨਾ ਕਰਦੀ ਹਾਂ ਰਾਤ ਦਿਨ ਮੈਂ ਪਿਛੇ ਦੱਸੀ ਸੇਵਾ ( ਸਾਧਉ ) ਕਰਦੀ ਹਾਂ ਜਾਂ ਕਰਦੀ ਰਹਾਂ।

ਇੱਕੁਰ ਦੀ ਪ੍ਰੀਤੀਕਰਦਿਆਂ ਜਦੋਂ ਸੇਵਾ ਨਾਲ ਗੋਬਿੰਦਗੁਪਾਲ ਕ੍ਰਿਪਾਲੂ ਹੋਏ ਤਾਂ ਸ੍ਰੀ ਗੁਰੂ ਜੀ ਆਖਦੇ ਹਨ ਸਾਧ ਸੰਗਤ ਦੁਆਰਾ ਬਖਸ਼ਨ ਵਾਲਾ ਮਾਲਕ ਮਿਲਿਆ।

## ਆਸਾ ਮਹਲਾ ੫ ॥

**ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥ ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥ ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥ ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥ ੧ ॥**

ਮਾਲਕ ਦੀ ਪ੍ਰੀਤੀ ਨਾਲ ਸਦਾ ਸੁਖ ਹੁੰਦਾ ਹੈ ਮਾਲਕ ਦੀ ਪ੍ਰੀਤੀ ਨਾਲ ਕੋਈ ਦੁਖ ਨਹੀਂ ਲੱਗਦਾ ਹੈ। ਮਾਲਕ ਦੀ ਪ੍ਰੀਤੀ ਨਾਲ ਹੰਕਾਰ ਰੂਪ ਮੈਲ ਖੋਈ ਜਾਂਦੀ ਹੈ ਮਾਲਕ ਦੀ ਪਰੀਤੀ ਨਾਲ ਸਦਾ ਸੁੱਧ ਹੁੰਦਾ ਹੈ।

**ਸੁਨਹੁ ਮੀਤ ਐਸਾ ਪ੍ਰੇਮ ਪਿਆਰੁ ॥ ਜੀਅ ਪ੍ਰਾਨ ਘਟ ਘਟ ਆਧਾਰੁ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਸੁਣੋ ਹੇ ਸਿਖ ਮਿਤਰੋ ਜੇਹੜਾ ਜੀਵਾਂ ਦੇ ਘਟ੨ ਵਿਚ ਪ੍ਰਾਣਾਂ ਦਾ ਆਸਰਾ ਹੋਇਆ੨ ਹੈ ਇੱਕੁਰ ਦਾ ਜੇਹੜਾ ਅਕਾਲ ਪੁਰਖ ਹੈ ਉਸਦੇ ਨਾਲ ਮਨ ਬਾਣੀ ਕਰਕੇ ਪ੍ਰੀਤੀ ਕਰੋ।

**ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥ ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥ ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ ॥ ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ ॥੨॥**

ਮਾਲਕ ਦੀ ਪ੍ਰੀਤੀ ਨਾਲ ਸਾਰੇ ਖਜ਼ਾਨੇ ਮਿਲ ਜਾਂਦੇ ਹਨ ਮਾਲਕ ਦੀ ਪ੍ਰੀਤੀ ਨਾਲ ਦਿਲ ਵਿਚ ਨਿਰਮਲ ਨਾਮ ਵੱਸਦਾ ਹੈ।

ਮਾਲਕ ਦੀ ਪਰੀਤੀ ਨਾਲ ਸਦਾ ਸੋਭਾ ਵਾਲਾ ਹੁੰਦਾ ਹੈ ਮਾਲਕ ਦੀ ਪਰੀਤੀ ਨਾਲ ਸਾਰੀ ਚਿੰਤਾ ਦੂਰ ਹੋ ਜਾਂਦੀ ਹੈ।

**ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥ ਪ੍ਰਭ ਕੀ ਪ੍ਰੀਤ ਜਮ ਤੇ ਨਹੀ ਡਰੈ ॥ ਪ੍ਰਭ ਕੀ ਪ੍ਰੀਤਿ ਸਗਲ ਉਧਾਰੈ ॥ ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ॥ ੩ ॥**

ਮਾਲਕ ਦੀ ਪ੍ਰੀਤੀ ਨਾਲ ਇਹ ਆਦਮੀ ਸੰਸਾਰ ਸਮੁੰਦ੍ਰ ਤੋਂ ਤਰ ਜਾਂਦਾ ਹੈ ਮਾਲਕ ਦੀ ਪਰੀਤੀ ਨਾਲ ਜਮ ਤੋਂ ਨਹੀਂ ਡਰਦਾ ਹੈ।

ਮਾਲਕ ਦੀ ਪ੍ਰੀਤੀ ਸਾਰਿਆਂ ਦਾ ਉਧਾਰ ਕਰਦੀ ਹੈ ਮਾਲਕ ਦੀ ਪ੍ਰੀਤੀ ਸਾਰਿਆਂ ਦੇ ਨਾਲ ਚੱਲਦੀ ਹੈ।

**ਆਪਹੁ ਕੋਈ ਮਿਲੈ ਨ ਭੂਲੈ ॥ ਜਿਸੁ ਕ੍ਰਿਪਾਲੁ ਤਿਸੁ ਸਾਧ ਸੰਗਿ ਘੁਲੈ ॥ ਕਹੁ ਨਾਨਕ ਤੇਰੈ ਕੁਰਬਾਣੁ॥ ਸੰਤ ਓਟ ਪ੍ਰਭ ਤੇਰਾ ਤਾਣੁ ॥ ੪ ॥ ੩੪ ॥ ੮੫ ॥**

ਆਪਣੇ ਆਪ ਨ ਕੋਈ ਅਕਾਲ ਪੁਰਖ ਨਾਲ ਮਿਲ ਸਕਦਾ ਹੈ ਅਤੇ ਨ (ਭੂਲੈ) ਭੁਲ ਭਾਵ ਅਲੱਗ ਹੋ ਸਕਦਾ ਹੈ ਜਿਸਦੇ ਉਤੇ ਮਾਲਕ ਆਪ ਕ੍ਰਿਪਾਲੂ ਹੁੰਦਾ ਹੈ ਉਸਨੂੰ ਸਾਧ ਸੰਗਤ ਵਿਚ (ਘੁਲੈ) ਮਿਲਾਂਦਾ ਹੈ।

ਗੁਰੂ ਜੀ=ਹੇ ਮਾਲਕਾ! ਮੈਂ ਤੈਥੋਂ ਬਲਿਹਾਰ ਜਾਂਦਾ ਹਾਂ ਤੇਰੇ ਸੰਤਾਂ ਦਾ ਆਸਰਾ ਹੈ ਜਾਂ ਤੇਰਾ ਬਲ ਹੈ।

## ਆਸਾ ਮਹਲਾ ੫ ॥

**ਭੂਪਤਿ ਹੋਇਕੈ ਰਾਜੁ ਕਮਾਇਆ ॥ ਕਰਿ ਕਰਿ**

Digitized by Panjab Digital Library | www.panjabdigilib.org

**ਅਨਰਥ ਵਿਹਾਝੀ ਮਾਇਆ ॥ ਸੰਚਤ ਸੰਚਤ ਥੈਲੀ ਕੀਨੀ ॥ ਪ੍ਰਭਿ ਉਸਤੇ ਡਾਰਿ ਅਵਰ ਕਉ ਦੀਨੀ ॥੧॥**

ਰਾਜਾ ਹੋਕੇ ਰਾਜ ਕੀਤਾ ਲੋਕਾਂ ਉਤੇ ਜ਼ੁਲਮ ਕਰਕੇ ਮਾਇਆ ਖਰੀਦੀ ਭਾਵ ਕੱਠੀ ਕੀਤੀ ਬਹੁਤ ਜੋੜ ੨ ਕੱਠੀ ਕਰਕੇ ਥੈਲੀ ਕੀਤੀ ਭਾਵ ਥੈਲੀਆਂ ਉੱਤੇ ਥੈਲੀਆਂ ਜੋੜਨੀਆਂ ਕੀਤੀਆਂ ਮਾਲਕ ਨੇ ਓਹ ਮਾਇਆ ਉਸ ਤੋਂ ਸੁਟਾਕੇ ਕਿਸੇ ਹੋਰ ਨੂੰ ਦੇ ਦਿਤੀ।

**ਕਾਚ ਗਗਰੀਆ ਅੰਭ ਮਝਰੀਆ॥ ਗਰਬਿ ਗਰਬਿ ਉਆਹੂ ਮਹਿ ਪਰੀਆ ॥ ੧ ॥ ਰਹਾਉ ॥**

ਅੰਭ=ਪਾਣੀ ॥ ਮਝਰੀਆ=ਵਿਚ ॥ ਇਹ ਸਰੀਰ ਕੱਚੀ ਮਿੱਟੀ ਦੀ ਗਾਗਰ ਵਰਗਾ ਹੈ ਪਦਾਰਥਾਂ ਜਾਂ ਸਾਸਾਂ ਰੂਪ ਪਾਣੀ ਨਾਲ ਭਰਿਆ ਹੋਇਆ ਹੈ। ਇਸਦੇ ਨਾਸ ਹੋਣ ਵਿਚ ਕੀ ਚਿਰ ਹੈ ਇਹ ਮੂਰਖ ਹੰਕਾਰ ਕਰ ਕਰਕੇ ਡਿੱਗਦਾ ਹੈ ਭਾਵ ਇਸਨੂੰ ਸੱਚ ਜਾਣਦਾ ਹੈ ਇਹ ਜੀ ਇਸਦੇ ਵਿਚ ਇਸਥਤ ਹੋਕੇ ਹੰਕਾਰ ਕਰਦਾ ਹੈ ਭਾਵ ਜੂਨਾਂ ਭੋਗਦਾ ਹੈ।

**ਨਿਰਭਉ ਹੋਇਓ ਭਇਆ ਨਿਹੰਗਾ ॥ ਚੀਤਿ ਨ ਆਇਓ ਕਰਤਾ ਸੰਗਾ ॥ ਲਸਕਰ ਜੋੜੇ ਕੀਆ ਸੰਬਾਹਾ॥ ਨਿਕਸਿਆ ਫੂਕ ਤ ਹੋਇ ਗਇਓ ਸੁਆਹਾ ॥ ੨ ॥**

ਪ੍ਰਮੇਸ਼ਰ ਦਾ ਡਰ ਛੱਡਕੇ ਨਿਹੰਗਾ=ਨਿਧੜਕ ਬਣ ਬੈਠਾ ਹੈ ਜੇਹੜਾਪ੍ਰਮੇ-ਸਰ ਨਾਲ ਹੈ ਉਹ ਚਿਤ ਚੇਤੇ ਨਹੀਂ ਆਇਆ ਹੈ।

ਫੌਜਾਂ ਨੂੰ ਜੋੜ ਕੇ ਅਕੱਠ ਕੀਤਾ ਹੈ ਜਦੋਂ ਪ੍ਰਾਣ ਪੌਣ ਨਿਕਲ ਗਏ ਤਾਂ ਸਾਰਾ ਸਰੀਰ ਸੁਆਹ ਹੋ ਗਿਆ ਭਾਵ ਕਿਸੇ ਨੇ ਸਹੈਤਾ ਨ ਕੀਤੀ। ਸੰਬਾਹਾ= ਅਕੱਠ।

**ਊਚੇ ਮੰਦਰ ਮਹਲ ਅਰੁ ਰਾਨੀ ॥ ਹਸਤਿ ਘੋੜੇ ਜੋੜੇ ਮਨਿ ਭਾਨੀ ॥ ਵਡ ਪਰਵਾਰੁ ਪੂਤ ਅਰੁ ਧੀਆ ॥ ਮੋਹਿ ਪਚੇ ਪਚਿ ਅੰਧਾ ਮੂਆ ॥ ੩ ॥**

ਉਚੇ ੨ ਮੰਦਰ ਤੇ ਰੰਗ ਮਹਲ ਬਣਾਏ ਓਹਨਾਂ ਵਿਚ ਰਾਨੀਆਂ ਨਾਲ ਹੱਸਦਾ ਰਿਹਾ ਇੱਕੁਰ ਹੀ ਹਾਥੀਆਂ ਘੋੜਿਆਂ ਤੇ ਕਪੜਿਆਂ ਦਿਆਂ ਜੋੜਿਆਂ ਨੂੰ ਤਿਆਰ ਕਰਕੇ ਮਨ ਭਾਂਦੀ ਗੱਲ ਕਰਦਾ ਰਿਹਾ।

Digitized by Panjab Digital Library | www.panjabdigilib.org

ਵੱਡਾ ਭਾਗ ਪਰਵਾਰ ਪੁਤਾਂ ਧੀਆਂ ਦਾ ਹੋਯਾ ਇਹਨਾਂ ਦੇ ਹੀ ਮੋਹ ਵਿਚ ਖੱਪ ਖਪਕੇ ਅੰਨ੍ਹਾ ਮਰ ਗਿਆ। ਪਚੇ ਪਚ=ਸੜ ਸੜ ਜਾਂ ਖਪੇ ਖੱਪ।

**ਜਿਨਹਿ ਉਪਾਹਾ ਤਿਨਹਿ ਬਿਨਾਹਾ ॥ ਰੰਗ ਰਸਾ ਜੈਸੇ ਸੁਪਨਾਹਾ ॥ ਸੋਈ ਮੁਕਤਾ ਤਿਸੁ ਰਾਜੁ ਮਾਲੁ ॥ ਨਾਨਕ ਦਾਸ ਜਿਸੁ ਖਸਮੁ ਦਇਆਲ ॥ ੪ ॥ ੩੫ ॥ ੮੬ ॥**

ਜਿਸਨੇ ਪੈਦਾ ਕੀਤਾ ਸੀ ਉਸਨੇ ਹੀ ਨਾਸ ਕੀਤਾ ਜਿਤਨੇ ਤਮਾਸ਼ੇ ਤੇ ਸੁਆਦ ਸੀ ਸਾਰੇ ਸੁਪਨੇ ਵਰਗੇ ਹੋ ਗਏ।

ਗੁਰੂ ਜੀ=ਓਹੋ ਹੀ ਜੀਉਂਦਾ ਮੁਕਤੀ ਰੂਪ ਹੈ ਤੇ ਓਸੇ ਦਾ ਹੀ ਸੱਚਾ ਰਾਜਮਾਲ ਹੈ ਜਿਸ ਦਾਸ ਉਤੇ ਮਾਲਕ ਦਿਆਲੂ ਹੋਇਆ ਹੈ।

## ਆਸਾ ਮਹਲਾ ੫ ॥

{ਮਾਇਆ ਤੇ ਵਿਸ਼ਿਆਂ ਦਾ ਜੋਰ ਦਸਕੇ ਅਪਨੀ ਪ੍ਰੀਤੀ ਦਾ ਵਰਨਨ ਹੈ}

**ਇਨ੍ ਸਿਉ ਪ੍ਰੀਤਿ ਕਰੀ ਘਨੇਰੀ ॥ ਜਉ ਮਿਲੀਐ ਤਉ ਵਧੈ ਵਧੇਰੀ ॥ ਗਲਿ ਚਮੜੀ ਜਉ ਛੋਡੈ ਨਾਹੀ ॥ ਲਾਗਿ ਛੁਟੋ ਸਤਿਗੁਰ ਕੀ ਪਾਈ ॥ ੧ ॥**

ਜਦੋਂ ਇਹਨਾਂ ਮਾਇਆ ਕਾਮ ਆਦਕਾਂ ਨਾਲ ਬਹੁਤੀ ਪ੍ਰੀਤੀ ਕਰੀਏ ਤੇ ਮਿਲੀਏ ਤੇ ਤਾਂ ਸਗੋਂ ਤ੍ਰਿਸ਼ਨਾ ਬਹੁਤ ੨ ਵਧਦੀ ਜਾਂਦੀ ਹੈ।

ਜੇ ਇਹ ਮਾਇਆ ਗਲ ਨਾਲ ਚੰਬੜੀ ਹੋਈ ਆਦਮੀ ਨੂੰ ਨ ਛੱਡੇ ਤਾਂ ਆਦਮੀ ਸਤਿਗੁਰਾਂ ਦੇ ਚਰਨਾਂ ਨਾਲ ਲੱਗਕੇ ਛੁਟ ਜਾਂਦਾ ਹੈ।

**ਜਗ ਮੋਹਨੀ ਹਮ ਤਿਆਗਿ ਗਵਾਈ ॥ ਨਿਰਗੁਨੁ ਮਿਲਿਓ ਵਜੀ ਵਧਾਈ ॥ ੧ ॥ ਰਹਾਉ ॥**

ਸੰਸਾਰ ਦੇ ਮੋਹਨ ਵਾਲੀ ਮਾਇਆ ਅਸਾਂ ਛੱਡ ਗਵਾਈ ਹੈ ਭਾਵ ਛੱਡ ਛੱਡੀ ਹੈ ਨਿਰਗੁਨ ਰੂਪ ਪ੍ਰਮੇਸਰ ਮੈਨੂੰ ਮਿਲਿਆ ਹੈ ਏਸੇ ਲਈ ਮੈਨੂੰ ਵਧਾਈ=ਖੁਸ਼ੀ ਵਜੀ=ਪ੍ਰਗਟੀ ਹੈ।

**ਐਸੀ ਸੁੰਦਰਿ ਮਨ ਕਉ ਮੋਹੈ ॥ ਬਾਟਿ ਘਾਟਿ**

Digitized by Panjab Digital Library | www.panjabdigilib.org

**ਗ੍ਰਿਹਿ ਬਨਿ ਬਨਿ ਜੋਹੈ ॥ ਮਨਿ ਤਨਿ ਲਾਗੈ ਹੋਇਕੈ ਮੀਠੀ ॥ ਗੁਰਪ੍ਰਸਾਦਿ ਮੈ ਖੋਟੀ ਡੀਠੀ ॥ ੨ ॥**

ਇੱਕੁਰ ਦੀ ਸੁੰਦਰ ਰੂਪ ਵਾਲੀ ਹੈ ਜੇਹੜੀ ਮਨ ਨੂੰ ਮੋਹਤ ਕਰ ਲੈਂਦੀ ਹੈ ਵਸਤਿਆਂ ਵਿੱਚ ਦਰਿਆਵਾਂ ਦੇ ਪੱਤਣਾਂ ਉਤੇ ਘਰਾਂ ਵਿੱਚ ਤੇ ਜੰਗਲਾਂ ੨ ਵਿੱਚ ਜੀਆਂ ਦੇ ਮਾਰਨ ਨੂੰ ਤੱਕਦੀ ਰਹਿੰਦੀ ਹੈ।

ਮਨ ਤਨ ਨੂੰ ਮਿੱਠੀ ਹੋਕੇ ਲੱਗਦੀ ਹੈ ਗੁਰਾਂ ਦੀ ਕਿਰਪਾ ਨਾਲ ਇਹ ਖੋਟੀ ਮੈਂ ਵੇਖੀ ਹੈ।

**ਅਗਰਕ ਉਸਕੇ ਵਡੇ ਠਗਾਊ ॥ ਛੋਡਹਿ ਨਾਹੀ ਬਾਪ ਨ ਮਾਊ ॥ ਮੇਲੀ ਅਪਨੇ ਉਨਿ ਲੇ ਬਾਧੇ ॥ ਗੁਰ ਕਿਰਪਾ ਤੇ ਮੈ ਸਗਲੇ ਸਾਧੇ ॥ ੩ ॥**

ਉਸਦੇ ਅੱਗੇ ਚੱਲਣ ਵਾਲੇ ਕਾਮ ਆਦਕ ਵੱਡੇ ਠੱਗ ਹਨ ਓਹ ਠੱਗ ਮਾਂ ਪਿਓ ਦੀ ਸ਼ਰਨ ਪਿਆਂ ਹੋਇਆਂ ਵੀ ਨਹੀਂ ਛਡਦੇ ਹਨ, ਜਾਂ ਬਾਪ ਮਨ ਤੇ ਮਾਂ ਅਕਲ ਨੂੰ ਨਹੀਂ ਛਡਦੇ ਜਾਂ ਜੇਹੜੇ ਮਾਇਆ ਧਾਰੀ ਮਾਇਆ ਦੇ ਅੱਗੇ ਰਹਿਣ ਵਾਲੇ ਹਨ ਓਹ ਮਾਂ ਪਿਓ ਦੇ ਧਨ ਨੂੰ ਵੀ ਖੋਹ ਲੈਂਦੇ ਹਨ।

ਓਹਨਾਂ ਵਿਕਾਰਾਂ ਨੇ ਅਪਣੇ ਮੇਲੀ ਫੜਕੇ ਬੰਨ੍ਹ ਲਏ ਹਨ, ਪਰ ਗੁਰੂ ਦੀ ਕਿਰਪਾ ਨਾਲ ਅਸਾਂ ਸਾਰੇ ਵਿਸ਼ੇ ਵੱਸ ਕਰ ਲਏ ਹਨ।

**ਅਬ ਮੋਰੈ ਮਨਿ ਭਇਆ ਅਨੰਦ ॥ ਭਉ ਚੂਕਾ ਟੂਟੇ ਸਭਿ ਫੰਦ ॥ ਕਹੁ ਨਾਨਕ ਜਾ ਸਤਿਗੁਰੁ ਪਾਇਆ ॥ ਘਰੁ ਸਗਲਾ ਮੈ ਸੁਖੀ ਬਸਾਇਆ ॥੪॥ ੩੬ ॥ ੮੭ ॥**

ਹੁਣ ਮੇਰੇ ਮਨ ਵਿੱਚ ਅਨੰਦ ਹੋਇਆ ਹੈ ਡਰ ਦੂਰ ਹੋ ਗਿਆ ਹੈ ਅਤੇ ਕਾਮ ਆਦਕਾਂ ਵਿਕਾਰਾਂ ਦੇ ਸਾਰੇ ਫਰੇਬ ਟੁੱਟ ਗਏ ਹਨ।

ਗੁਰੂ ਜੀ=ਜਦੋਂ ਮੈਂ ਸਤਿਗੁਰੂ ਨੂੰ ਪਾਇਆ ਹੈ ਤਾਂ ਮੈਂ ਸਾਰਾ ਅੰਤਸ਼-ਕਰਨ ਘਰ ਸੁਖੀ ਵਸਾਇਆ ਹੈ।

## ਆਸਾ ਮਹਲਾ ੫ ॥

< ਸੰਤਾਂ ਦੀ ਰਹਿਤ ਤੇ ਮਹਿਮਾ ਪ੍ਰਸ਼ਨੋਤ੍ਰੀ >

**ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥ ਏਕ ਨਾਮੁ ਸੰਤਨ ਆਧਾਰੁ ॥ ਹੋਇ**

Digitized by Panjab Digital Library | www.panjabdigilib.org

**ਰਹੇ ਸਭ ਕੀ ਪਗ ਛਾਰੁ ॥ ੧ ॥**

ਸੰਤ ਅਕਾਲ ਪੁਰਖ ਨੂੰ ਅੱਠ ਪਹਿਰ ਅਪਣੇ ਨਾਲ ਜਾਣਦੇ ਹਨ ਅਤੇ ਮਾਲਕ ਦਾ ਕੀਤਾ ਹੋਯਾ ਹੁਕਮ ਮਿੱਠਾ ਕਰਕੇ ਮੰਨਦੇ ਹਨ।

ਸੰਤਾਂ ਨੂੰ ਇਕ ਨਾਮ ਦਾ ਹੀ ਆਸਰਾ ਹੈ ਸਾਰਿਆਂ ਜੀਵਾਂ ਦੇ ਚਰਨਾਂ ੀ ਧੂੜ ਬਣੇ ਰਹਿੰਦੇ ਹਨ।

**ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥ ੧ ॥ ਰਹਾਉ ॥**

ਹੇ ਮੇਰੇ ਭਰਾ ਸੰਤਾਂ ਦੀ ਰਹਿਤ ਸੁਣੋਂ ਜਿਨ੍ਹਾਂ ਸੰਤਾਂ ਦੀ ਇੱਕੁਰ ਦੀ ਰਹਿਤ ਹੈ ਓਹਨਾਂ ਦੀ ਮਹਿੰਮਾ ਆਖੀ ਨਹੀਂ ਜਾਂਦੀ ਹੈ।

**ਵਰਤਣਿ ਜਾਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸਰਾਮ ॥ ਮਿਤ੍ਰ ਸਤ੍ਰੁ ਜਾਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨ ਅਵਰੁ ਨ ਜਾਨੈ ॥ ੨ ॥**

ਜਿਨ੍ਹਾਂ ਦੇ ਪਾਸ ਕੇਵਲ ਨਾਮ ਹੀ ਵਰਤਨ ਹੈ ਅਤੇ ਹਰ ਵੇਲੇ ਅਨੰਦ ਸਰੂਪ ਰਹਿੰਦੇ ਹਨ ਮਾਲਕ ਦਾ ਕੀਰਤਨ ਗੌਣ ਵਿੱਚ ਹੀ ਮਨ ਨੂੰ ਟਿਕਾਂਦੇਹਨ।

ਜਿਨ੍ਹਾਂ ਨੂੰ ਵੈਰੀ ਸੱਜਣ ਇਕੋ ਜਹੇ ਨਜ਼ਰ ਆਉਂਦੇ ਹਨ ਓਹ ਅਪਣੇ ਮਾਲਕ ਤੋਂ ਬਿਨਾਂ ਹੋਰ ਕਿਸੇ ਦੂਸਰੇ ਨੂੰ ਨਹੀਂ ਜਾਣਦੇ ਹਨ।

**ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥ ੩ ॥**

ਜਿਨ੍ਹਾਂ ਦਾ ਸੰਗ ਕਰੋੜਾਂ ੨ ਪਾਪਾਂ ਦੇ ਕੱਟਣ ਵਾਲਾ ਹੈ ਹੋਰ ਜੀਵਾਂ ਦੇ ਦੂਰ ਕਰਨ ਵਾਲੇ ਨਾਮ ਦਾ ਦਾਤਾ ਹੈ।

ਮਨ ਤਨ ਬਾਣੀ ਕਰਕੇ ਬਲੀ ਹਨ ਮਾਇਆ ਵਿਚਾਰੀ ਸੰਤਾਂ ਨੇ ਛਲ ਲਈ ਹੈ।

**ਤਾਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾਕੀ ਸੇਵ॥ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤ ਟਹਲ ਦੀਜੈ ਗੁਣ ਤਾਸਿ ॥ ੪॥ ੩੭ ॥ ੮੮॥**

Digitized by Panjab Digital Library | www.panjabdigilib.org

ਉਹਨਾਂ ਦਾ ਸੰਗ ਕਰਨਾ ਦੇਵਤਿਆਂ ਦਾ ਦੇਵਤਾ ਇੰਦ੍ਰ ਜਾਂ ਬ੍ਰਹਮਾ ਵੀ ਚਾਹੁੰਦਾ ਹੈ ਜਿਨ੍ਹਾਂ ਦਾ ਦਰਸ਼ਨ ਅਮੋਘ=ਸਫਲ ਹੈ ਅਤੇ ਸੇਵਾ ਵੀ ਸਫਲ ਹੈ।

ਮੈਂ ਨਾਨਕ ਹੱਥ ਜੋੜਕੇ ਬੇਨਤੀ ਕਰਦਾ ਹਾਂ ਕਿ ਮੈਨੂੰ ਇੱਕੁਰ ਦੇ ਲੋਕਾਂ ਦੀ ਸੇਵਾ ਤੇ ਓਹਨਾਂ ਵਰਗੇ ਗੁਣ ਦਿਓ।

## ਆਸਾ ਮਹਲਾ ੫ ॥

**ਸਗਲ ਸੂਖ ਜਪਿ ਏਕੈ ਨਾਮ ॥ ਸਗਲ ਧਰਮ ਹਰਿ ਕੇ ਗੁਣ ਗਾਮ ॥ ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ ੧ ॥**

ਸਾਰੇ ਸੁਖ ਇਕ ਨਾਮ ਜਪਣ ਨਾਲ ਮਿਲਦੇ ਹਨ ਸਾਰੇ ਧਰਮ ਇਕ ਹਰੀ ਦੇ ਗੁਣ ਗੌਣ ਨਾਲ ਮਿਲਦੇ ਹਨ।

ਸੰਤਾਂ ਦਾ ਸੰਗ ਕਰਨਾ ਬੜਾ ਪਵਿੱਤ੍ਰ ਕੰਮ ਹੈ ਜਿਹੜਾ ਸੰਗ ਕਰਦਿਆਂ ਹੀ ਮਾਲਕ ਨਾਲ ਪ੍ਰੇਮ ਲੱਗਦਾ ਹੈ।

**ਗੁਰਪ੍ਰਸਾਦਿ ਓਇ ਆਨੰਦ ਪਾਵੈ ॥ ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾਕੀ ਗਤਿ ਮਿਤਿ ਕਹਨੁ ਨ ਜਾਵੈ ॥ ੧ ॥ ਰਹਾਉ ॥**

ਉੱਪਰ ਦੱਸੇ ਸੰਤ ਗੁਰਾਂ ਦੀ ਕਿਰਪਾ ਨਾਲ ਅਨੰਦ ਨੂੰ ਪਾਂਦੇ ਹਨ ਜਿਸ ਨਾਮ ਦੇ ਸਿਮਰਨ ਕਰਕੇ ਮਨ ਵਿਚ ਚਾਨਣ ਹੁੰਦਾ ਹੈ ਭਰਮ ਰੂਪ ਹਨੇਰਾ ਜਾਂਦਾ ਰਹਿੰਦਾ ਹੈ ਉਸ ਨਾਮ ਦੀ ਗਤੀ ਤੇ ਰੀਤੀ ਆਖੀ ਨਹੀਂ ਜਾਂਦੀ ਹੈ।

**ਵਰਤ ਨੇਮ ਮਜਨ ਤਿਸੁ ਪੂਜਾ॥ ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ ॥ ਮਹਾ ਪੁਨੀਤ ਜਾਕਾ ਨਿਰਮਲ ਥਾਨੁ॥ ਸਾਧ ਸੰਗਤਿ ਜਾਕੈ ਹਰਿ ਹਰਿ ਨਾਮੁ ॥ ੨ ॥**

ਸਾਰੇ ਵਰਤ, ਨੇਮ, ਤੀਰਥ ਇਸ਼ਨਾਨ, ਪੂਜਾ ਉਸਨੇ ਕੀਤੀ ਹੈ ਵੇਦ ਪੁਰਾਨ ਸਿੰਮ੍ਰਿਤੀਆਂ ਵੀ ਉਸਨੇ ਸੁਣ ਲਈਆਂ ਹਨ।

ਬੜਾ ਪਵਿੱਤ੍ਰ ਸੁੱਧ ਜੇਹੜਾ ਸੰਤਾਂ ਦਾ ਥਾਂ ਸਤਸੰਗ ਹੈ ਉਸ ਸਤਸੰਗ ਵਿੱਚ ਜਿਸ ਦਾ ਵਾਸ ਹੋਇਆ ਹੈ ਫਿਰ ਓਸੇ ਸਾਧ ਸੰਗਤ ਦੁਆਰਾ ਜਿਸਦੇ ਰਿਦੇ ਵਿੱਚ ਹਰਿ ੨ ਨਾਮ ਵੱਸਿਆ ਹੈ ਪਿੱਛੇ ਦੱਸੇ ਚੰਗੇ ਕੰਮ ਸਾਰੇ ਉਸਨੇ

Digitized by Panjab Digital Library | www.panjabdigilib.org

ਕਰ ਲਏ ਹਨ।

**ਪ੍ਰਗਟਿਓ ਸੋ ਜਨੁ ਸਗਲੇ ਭਵਨ॥ ਪਤਿਤ ਪੁਨੀਤ ਤਾਕੀ ਪਗਰੇਨ॥ ਜਾਕਉ ਭੇਟਿਓ ਹਰਿ ਹਰਿ ਰਾਇ॥ ਤਾਕੀ ਗਤਿ ਮਿਤਿ ਕਥਨੁ ਨ ਜਾਇ॥੩॥**

ਓਹ ਆਦਮੀ ੧੪ ਲੋਕਾਂ ਵਿਚ ਪ੍ਰਗਟ ਹੋ ਗਿਆ ਹੈ ਉਸ ਦੀ ਚਰਨ ਧੂੜ ਪਾਪੀਆਂ ਨੂੰ ਪਵਿਤ੍ਰ ਕਰਦੀ ਹੈ।

ਜਿਸ ਨੂੰ ਪ੍ਰਮੇਸਰ ਮਿਲਿਆ ਹੈ ਉਸ ਦੀ ਚਾਲ ਰੀਤੀ ਆਖੀ ਨਹੀਂ ਜਾਂਦੀ ਹੈ।

**ਆਠ ਪਹਰ ਕਰ ਜੋੜਿ ਧਿਆਵਉ॥ ਉਨ ਸਾਧਾ ਕਾ ਦਰਸਨੁ ਪਾਵਉ॥ ਮੋਹਿ ਗਰੀਬ ਕਉ ਲੇਹੁ ਰਲਾਇ॥ ਨਾਨਕ ਆਇ ਪਏ ਸਰਣਾਇ॥੪॥੩੮॥੮੯॥**

ਮੈਂ ਅੱਠ ਪਹਿਰ ਹੱਥ ਜੋੜਕੇ ਇਹ ਧਿਆਉਂਦਾ ਹਾਂ ਕਿ ਓਹਨਾਂ ਇੱਕੁਰ ਦੇ ਸਾਧਾਂ ਦਾ ਦਰਸ਼ਨ ਪਾਵਾਂ ਇੱਕੁਰ ਆਖੀਏ।

ਹੇ ਗੁਰੂ ਜੀ! ਮੈਨੂੰ ਗਰੀਬ ਨੂੰ ਅਪਣੇ ਸਤਸੰਗ ਵਿੱਚ ਰਲਾ ਲਓ ਅਸੀਂ ਆਪ ਦੀ ਸ਼ਰਣ ਆ ਪਏ ਹਾਂ।

## ਆਸਾ ਮਹਲਾ ੫॥

{ਸ੍ਰੀ ਅੰਮ੍ਰਿਤਸਰ ਬਾਬੇ ਬੁੱਢੇ ਦੀ ਬੇਰ ਪਾਸ ਇਕ ਬ੍ਰਾਹਮਣ ਠਾਕਰ ਪੂਜਾ ਕਰਦਾ ਸੀ ਉਸ ਨਾਲ ਪ੍ਰਸ਼ਨੋਤ੍ਰੀ ਹੈ।}

**ਆਠ ਪਹਰ ਉਦਕ ਇਸਨਾਨੀ॥ ਸਦਹੀ ਭੋਗੁ ਲਗਾਇ ਸੁ ਗਿਆਨੀ॥ ਬਿਰਥਾ ਕਾਹੂ ਛੋਡੈ ਨਾਹੀ॥ ਬਹੁਰਿ ਬਹੁਰਿ ਤਿਸੁ ਲਾਗਹ ਪਾਈ॥੧॥**

ਜੇਹੜਾ ਠਾਕਰ ਅੱਠੇ ਪਹਿਰ ਪਾਣੀ ਵਿੱਚ ਇਸ਼ਨਾਨ ਕਰਦਾ ਹੈ ਜਿਸ ਠਾਕਰ ਨੂੰ ਗਿਆਨੀ ਸਦਾ ਹੀ ਭੋਗ ਲਾਂਦੇ ਹਨ ਭਾਵ ਰੋਟੀ ਖਵਾਂਦੇ ਹਨ ਭਾਵ ਜੇਹੜੇ ਪ੍ਰਮੇਸਰ ਹਰ ਥਾਂ ਰਹਿੰਦਾ ਹੈ ਜਿਸ ਨੂੰ ਗਿਆਨੀ ਜਪਦੇ ਹਨ।

ਜੇਹੜਾ ਕਿਸੇ ਦੀ ਪੀੜਾ ਨਹੀਂ ਛੱਡਦਾ ਹੈ ਜਾਂ ਖਾਲੀ ਨਹੀਂ ਰਹਿਣ ਦੇਂਦਾ ਸਭ ਕੁਛ ਦੇਂਦਾ ਹੈ ਅਸੀ ਬਾਰ ਬਾਰ ਉਸਦੇ ਚਰਨੀ ਲਗਦੇ ਹਾਂ।

Digitized by Panjab Digital Library | www.panjabdigilib.org

**ਸਾਲਿਗਰਾਮੁ ਹਮਾਰੈ ਸੇਵਾ ॥ ਪੂਜਾ ਅਰਚਾ ਬੰਦਨ ਦੇਵਾ ॥ ੧ ॥ ਰਹਾਉ ॥**

ਸਾਡਾ ਸਾਲਗਰਾਮ ਸਾਧਸੰਗਤ ਹੈ ਜਿਸਦੀ ਸਾਡੇ ਘਰ ਵਿਚ ਸੇਵਾ ਕਰਨੀ ਉੱਤਮ ਲਿਖੀ ਹੈ, ਜਾਂ ਗ੍ਰਿਰਾਮ=ਸਮੂਹ, ਬਹੁਤ ਸਾਲ=ਸ੍ਰੇਸ਼ਟ ਜਾਂ ਬਹੁਤਿਆਂ ਜੀਆਂ ਦਾ ਜਿਹੜਾ ਥਾਂ ਭਾਵ ਮਾਲਕ ਹੈ ਅਸੀਂ ਇੱਕੁਰ ਦੀ ਅਰਚਾ=ਮੂਰਤੀ ਪੂਜਾ ਕਰਦੇ ਹਾਂ ਤੇ ਦੇਵਾ=ਪ੍ਰਕਾਸ਼ਕ ਨੂੰ ਨਮਸ਼ਕਾਰ ਕਰਦੇਂ ਹਾਂ ਜਾਂ ਸਾਡੇ ਘਰ ਵਿਚ ਪੂਜਾ ਕਰਨੀ ਚੌਲ ਅਰਚਾ=ਛਿੜਕਣੇ, ਨਮਸ਼ਕਾਰ ਕਰਨੀ ਇਹ ਸਾਰੇ ਕੰਮ ਵਾਹਿਗੁਰੂ ਨੂੰ ਹੀ ਹੁੰਦੇ ਹਨ।

**ਘੰਟਾ ਜਾਕਾ ਸੁਨੀਐ ਚਹੁਕੁੰਟ ॥ ਆਸਨੁ ਜਾਕਾ ਸਦਾ ਬੈਕੁੰਠ ॥ ਜਾਕਾ ਚਵਰੁ ਸਭ ਊਪਰਿ ਝੂਲੈ ॥ ਤਾਕਾ ਧੂਪੁ ਸਦਾ ਪਰਫੁਲੈ ॥ ੨ ॥**

ਜਿਸ ਪਰਮੇਸਰ ਦਾ ਘੜਿਆਲ ਚੌਂਹ ਕੂੰਟਾਂ ਵਿਚ ਸੁਣੀਦਾ ਹੈ ਜਿਸ ਦੇ ਰਹਿਣ ਦਾ ਥਾਂ ਸਦਾ ਵੈਕੁੰਠ ਭਾਵ ਸਾਧਸੰਗਤ ਹੈ।

ਜਿਸਦਾ ਹੁਕਮ ਰੂਪ ਚੌਰ ਸਾਰਿਆਂ ਦੇ ਉੱਤੇ ਝੁਲਦਾ ਹੈ ਜਸ ਰੂਪ ਧੂਪ ਉਸਦਾ ਸਦਾ ਹੀ ਫੁਲਦਾ ਭਾਵ ਪਰਕਾਸ਼ਦਾ ਹੈ ਜਾਂ ਫੈਲਦਾ ਹੈ।

**ਘਟਿ ਘਟਿ ਸੰਪਟੁ ਹੈਰੇ ਜਾਂਕਾ॥ ਅਭਗ ਸਭਾ ਸੰਗਿ ਹੈ ਸਾਧਾ ॥ ਆਰਤੀ ਕੀਰਤਨੁ ਸਦਾ ਅਨੰਦ ॥ ਮਹਿਮਾ ਸੁੰਦਰ ਸਦਾ ਬੇਅੰਤ ॥ ੩ ॥**

ਹੇ ਭਰਾ! ਸਾਰਿਆਂ ਜੀਆਂ ਦਾ ਅੰਤਸ਼ਕ੍ਰਰਨ ਜਿਸਦੇ ਰਹਿਣ ਦਾ ਥ ਡੱਬਾ ਹੈ ਸੰਤਾਂ ਦੀ ਸੰਗਤ ਰੂਪ ਉਸਦੀ ਨਾ ਨਾਸ ਹੋਣ ਵਾਲੀ ਸਭਾ ਹੈ।

ਜਿਸ ਹਰੀ ਕੀਰਤਨ ਵਿਚ ਸਦਾ ਅਨੰਦ ਹੈ, ਓਹ ਹੀ ਆਰਤੀ ਹੁੰਦੀ ਹੈ ਉਸ ਚੇਤਨ ਦੇਵ ਦੀ ਸੋਭਾ ਸਦਾ ਸੁੰਦਰ ਹੈ ਤੇ ਅੰਤ ਤੋਂ ਰਹਿਤ ਹੈ।

**ਜਿਸਹਿ ਪਰਾਪਤਿ ਤਿਸਹੀ ਲਹਨਾ ॥ ਸੰਤ ਚਰਨ ਓਹੁ ਆਇਓ ਸਰਨਾ ॥ ਹਾਥ ਚੜਿਓ ਹਰਿ ਸਾਲਗਿ-ਰਾਮੁ ॥ ਕਹੁ ਨਾਨਕ ਗੁਰਿ ਕੀਨੋਦਾਨੁ ॥੪॥੩੯॥੯੦॥**

ਜਿਸਨੂੰ ਇਹ ਪੂਜਾ ਕਰਨੀ ਪ੍ਰਾਪਤ ਹੋਣੀ ਲਿਖੀ ਹੈ ਉਸਨੂੰ ਲਾਭ ਮਿਲਿਆ ਹੈ ਅੜੇ ਓਹੋ ਹੀ ਸੰਤਾਂ ਦੇ ਚਰਨਾਂ ਦੀ ਸਰਨ ਆਇਆ ਹੈ।

Digitized by Panjab Digital Library | www.panjabdigilib.org

ਗੁਰੂ ਜੀ=ਇੱਕੁਰ ਦਾ ਪਰਮੇਸਰ ਸਾਲਗਿਰਾਮ ਗੁਰਾਂ ਨੇ ਦਾਨ ਦਿੱਤਾ ਹੈ ਓਹ ਹੀ ਸਾਡੇ ਹੱਥ ਉਤੇ ਚੜ੍ਹਿਆ ਹੈ ਭਾਵ ਮਿਲਿਆ ਹੈ।

## ਆਸਾ ਮਹਲਾ ੫ ਪੰਚਪਦਾ ॥
੧

(ਪੰਜਾਂ ਪੌੜੀਆਂ ਵਾਲਾ ਸ਼ਬਦ ਹੈ)

**ਜਿਹ ਪੈਡੈ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ ॥ ੧ ॥**

ਜਿਸ ਰਸਤੇ ਵਿਚ ਬੁਰੇ ਕੰਮ ਕਰਨ ਰੂਪ ਪਾਣੀ ਭਰਨ ਵਾਲੀ ਅਕਲ ਰੂਪ ਇਸਤਰੀ ਲੁਟੀ ਗਈ ਹੈ ਭਾਵ ਜਿਸ ਰਸਤੇ ਵਿੱਚ ਜਮ ਬਹੁਤਾ ਪੁੰਨ ਲੈਕੇ ਇਕ ਛੰਨਾ ਪਾਣੀ ਦਾ ਦੇਂਦੇ ਹਨ, ਇਕੁਰ ਦੇ ਲੁਟੇਰਿਆਂ ਦਾ ਰਸਤਾ ਜੇਹੜਾ ਇਕ ਵਰ੍ਹੇ ਦਾ ਪੁਰਾਣਾਂ ਵਿਚ ਲਿਖਿਆ ਹੈ ਓਹ ਰਸਤਾ ਸੰਤਾਂ ਤੋਂ ਦੂਰ ਰਿਹਾ ਹੈ ਭਾਵ ਸੰਤ ਓਧਰ ਨਹੀਂ ਜਾਂਦੇ ਹਨ।

**ਸਤਿਗੁਰ ਪੂਰੈ ਸਾਚੁ ਕਹਿਆ॥ ਨਾਮ ਤੇਰੇ ਕੀਮੁਕਤੇ ਬੀਥੀ ਜਮਕਾ ਮਾਰਗੁ ਦੂਰਿ ਰਹਿਆ ॥ ੧॥ ਰਹਾਉ ॥**

ਮੈਨੂੰ ਪੂਰੇ ਗੁਰੂ ਨੇ ਸਤਨਾਮ ਦਾ ਜਾਪ ਆਖਜਾ ਹੈ ਜਿਹੜੇ ਸੰਤ ਤੇਰੇ ਨਾਮ ਦੀ ਬੀਥੀ=ਗਲੀ ਵਿੱਚ ਚੱਲਦੇ ਹਨ ਓਹ ਮੁਕਤ ਹੋ ਗਏ ਹਨ, ਓਹਨਾਂ ਤੋਂ ਜਮ ਦਾ ਰਸਤਾ ਦੂਰ ਰਹਿ ਗਿਆ ਹੈ।

**ਜਹ ਲਾਲਚ ਜਾਗਾਤੀ ਘਾਟ॥ਦੂਰਿ ਰਹੀ ਉਹ ਜਨ ਤੇ ਬਾਟ ॥ ੨ ॥**

ਜਿਸ ਔਖੀ ਨਦੀ ਦੇ ਪੱਤਣ ਉੱਤੇ ਮਸੂਲੀਏ ਬੜੇ ਲੋਭੀਹਨ ਤੇਰਿਆਂ ਦਾਸਾਂ ਤੋਂ ਓਹ ਬਾਟ=ਡੰਡੀ ਭਾਵ ਛੋਟੀ ਪਗ ਡੰਡੀ ਦੂਰ ਰਹਿ ਗਈ ਹੈ ਓਹ ਉਸ ਰਸਤੇ ਨਹੀਂ ਜਾਂਦੇ ਹਨ।

**ਜਹ ਆਵਟੇ ਬਹੁਤ ਘਨ ਸਾਥ ॥ ਪਾਰਬ੍ਰਹਮ ਕੇ ਸੰਗੀ ਸਾਧ ॥ ੩ ॥**

ਜਿਸ ਨਰਕ ਦੀ ਅੱਗ ਵਿਚ ਘਨ=ਬਹੁਤ ਸਾਥਾਂ ਦੇ ਸਾਥ ਭਾਵ ਪੂਰਾਂ ਦੇ ਪੂਰ ਆਂਵਟੇ=ਤਪਾਇ ਜਾਂਦੇ ਹਨ ਹੇ ਮਾਲਕਾ! ਤੇਰੇ ਸਾਧ ਸੰਗਤ ਹਨ ਜਿਹੜੇ ਸਤਸੰਗੀ ਹਨ ਓਹ ਓਥੇ ਸੀਤਲ ਰਹਿੰਦੇ ਹਨ।

**ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾਕਉ**

Digitized by Panjab Digital Library | www.panjabdigilib.org

**ਦ੍ਰਿਸਟਿ ਨ ਪੇਖਾ ॥ ੪ ॥**

ਚਿੱਤ੍ਰ ਗੁਪਤ ਮੁਣਸ਼ੀ ਸਾਰਿਆਂ ਦਾ ਹਿਸਾਬ ਲਿਖਦੇ ਹਨ ਪਰ ਭਗਤਾਂ ਵੱਲ ਓਹਨਾਂ ਨੇ ਅੱਖਾਂ ਦੀ ਨਜ਼ਰ ਨਾਲ ਵੀ ਨਹੀਂ ਵੇਖਿਆ ਹੈ ।

**ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ਵਾਜੇ ਤਾ ਕੈ ਅਨਹਦ ਤੂਰਾ ॥ ੫ ॥ ੪੦ ॥ ੯੧ ॥**

ਗੁਰੂ ਜੀ=ਜਿਸਨੂੰ ਪੂਰਾ ਗੁਰੂ ਮਿਲਿਆ ਹੈ ਉਸਨੂੰ ਜਸ ਰੂਪ ਲਗਾਤਾਰ ਵਾਜਾ,ਵਾਜੇ=ਪ੍ਰਗਟ ਹੋਇਆ ਹੈ ।

## ਆਸਾ ਮਹਲਾ ੫ ਦੁਪਦਾ ੧ ॥

**ਸਾਧੂਸੰਗਿ ਸਿਖਾਇਓ ਨਾਮੁ ॥ ਸਰਬ ਮਨੋਰਥ ਪੂਰਨ ਕਾਮ ॥ ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ ॥ ਜਪਿ ਜਪਿ ਜੀਵਾ ਸਾਰਿੰਗਪਾਨੇ ॥ ੧ ॥**

ਜਦੋਂ ਸੰਤਾਂ ਦੇ ਸਤਸੰਗ ਨੇ ਮੈਨੂੰ ਨਾਮ ਸਿਮਰਨਾਂ ਸਿਖਾਇਆ ਤਾਂ ਮੇਰੇ ਮਨ ਦੇ ਜਿਤਨੇ ਖਿਆਲ ਕੰਮ ਸੀ ਸਾਰੇ ਪੂਰੇ ਹੋ ਗਏ ਭਾਵ ਸਭ ਕੁਛ ਮਿਲ ਗਿਆ ।

ਤ੍ਰਿਸ਼ਨਾ ਦੂਰ ਹੋ ਗਈ ਹੈ ਪਰਮੇਸ਼ਰ ਦੇ ਜਸ ਨਾਲ ਰੱਜ ਗਏ ਹਾਂ ਹੁਣ ਮੈਂ ਅਕਾਲ ਪੁਰਖ ਦੇ ਨਾਵਾਂ ਨੂੰ ਜਪ ਜਪਕੇ ਜੀਂਵਦਾ ਹਾਂ ।

**ਕਰਨ ਕਰਾਵਨ ਸਰਨਿ ਪਰਿਆ ॥ ਗੁਰਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥ ੧ ॥ ਰਹਾਉ ॥**

ਜੇਹੜਾ ਪ੍ਰਮੇਸ਼ਰ ਹਰ ਇੱਕ ਕੰਮ ਦੇ ਕਰਨ ਕਰਾਉਣ ਨੂੰ ਸਮਰੱਥ ਹੈ ਮੈਂ ਉਸਦੀ ਸ਼ਰਨ ਪਿਆ ਹਾਂ ਤੇ ਤਾਂ ਗੁਰਾਂ ਦੀ ਕ੍ਰਿਰਪਾ ਨਾਲ ਗਿਆਨ ਰੂਪ ਚੰਦ੍ਰਮਾਂ ਚੜ੍ਹਿਆ ਹੈ ਅਤੇ ਅਗਿਆਨ ਰੂਪ ਹਨੇਰਾ ਦੂਰ ਹੋ ਗਿਆ ਹੈ ਤੇ ਸ਼ਾਂਤੀ ਗਜਾਨ ਵਾਲਾ ਘਰ ਲੱਭ ਲਿਆ ਹੈ।

**ਲਾਲ ਜਵੇਹਰ ਭਰੇ ਭੰਡਾਰ ॥ ਤੋਟਿ ਨ ਆਵੈ ਜਪਿ ਨਿਰੰਕਾਰ ॥ ਅੰਮ੍ਰਿਤੁ ਸਬਦੁ ਪੀਵੈ ਜਨੁ ਕੋਇ ॥ ਨਾਨਕ ਤਾ ਕੀ ਪਰਮਗਤਿ ਹੋਇ ॥ ੨ ॥ ੪੧ ॥ ੯੨ ॥**

Digitized by Panjab Digital Library | www.panjabdigilib.org

ਪ੍ਰੇਮ, ਪ੍ਰਗਟ ਦਰਸ਼ਨ ਰੂਪ ਆਦਕ ਰਤਨਾਂ ਦੇ ਅੰਤਸ਼ਕਰਨ ਰੂਪ ਸਾਡੇ ਖਜਾਨੇ ਭਰੇ ਹੋਏ ਹਨ ਨਿਰੰਕਾਰ ਦੇ ਜਾਪ ਕਰਕੇ ਇੱਕੁਰ ਦੇ ਰਤਨਾਂ ਦਾ ਘਾਟਾ ਨਹੀਂ ਪੈਂਦਾ ਹੈ ਭਾਵ ਉਪਦੇਸ਼ ਦਿਤਾ ਵਧਦਾ ਤੇ ਸਫਲਾ ਹੁੰਦਾ ਹੈ।ਇੱਕੁਰ ਦੇ ਅੰਮ੍ਰਿਤ ਸ਼ਬਦ ਨੂੰ ਜੇਹੜਾ ਕੋਈ ਪੀਂਦਾ ਹੈ। ਗੁਰੂ ਜੀ= ਉਸਦੀ ਪਰਮਗਤੀ ਹੈ।

## ਆਸਾ ਘਰੁ ੭ ਮਹਲਾ ੫ ॥

**ਹਰਿਕਾ ਨਾਮੁ ਰਿਦੈ ਨਿਤ ਧਿਆਈ ॥ ਸੰਗੀ ਸਾਥੀ ਸਗਲ ਤਰਾਂਈ ॥ ੧ ॥**

ਮੈਂ ਪ੍ਰਮੇਸ਼ਰ ਦਾ ਨਾਮ ਰੋਜ ਰਿਦੇ ਵਿਚ ਯਾਦ ਕਰਦਾ ਹਾਂ ਨਾਮ ਜਪਕੇ ਮੈਂ ਸਾਰਿਆਂ ਆਪਣਿਆਂ ਸਤਸੰਗੀਆਂ ਤੇ ਸਾਥੀਆਂ ਨੂੰ ਸੰਸਾਰ ਸਮੁੰਦਰ ਤੋਂ ਤਰਾ ਲੈਂਦਾ ਹਾਂ।

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ ੧ ॥ ਰਹਾਉ ॥**

ਗੁਰੂ ਸਦਾ ਮੇਰੇ ਸੰਗੀ ਤੇ ਨਾਲ ਰਹਿਣ ਵਾਲੇ ਹਨ ਗੁਰੂ ਦੀ ਕਿਰਪਾ ਨਾਲ ਮੈਂ ਉਸ ਪ੍ਰਮੇਸਰ ਨੂੰ ਸਦਾ ਹੀ ਯਾਦ ਕਰਕੇ ਸਿਮਰਦਾ ਸੰਭਾਲਦਾ ਭਾਵ ਸਦਾ ਚੇਤੇ ਰੱਖਦਾ ਹਾਂ।

**ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ੨ ॥ ੪੨ ॥ ੯੩ ॥**

ਗੁਰੂ ਜੀ=ਮੈਨੂੰ ਤੇਰਾ ਕੀਤਾ ਹੋਇਆ ਹੁਕਮ ਜਾਂ ਭਾਣਾ ਮਿੱਠਾ ਲੱਗਦਾ ਹੈ, ਮੈਂ ਹਰੀ ਨਾਮ ਪਦਾਰਥ ਹੀ ਮੰਗਦਾ ਹਾਂ।

## ਆਸਾ ਮਹਲਾ ੫ ॥

**ਸਾਧੂ ਸੰਗਤਿ ਤਰਿਆ ਸੰਸਾਰੁ ॥ ਹਰਿ ਕਾ ਨਾਮੁ ਮਨਹਿ ਆਧਾਰੁ ॥ ੧ ॥**

ਜਿਨਾਂ ਨੇ ਮਨ ਵਿਚ ਪਰਮੇਸਰ ਦੇ ਨਾਮ ਦਾ ਆਸਰਾ ਲਿਆ ਹੈ ਓਹਨਾਂ ਆਦਮੀਆਂ ਨੇ ਸਾਧ ਸੰਗਤ ਦੁਆਰਾ ਸੰਸਾਰ ਸਮੁੰਦਰ ਨੂੰ ਤਰ ਲਿਆ ਹੈ।

Digitized by Panjab Digital Library | www.panjabdigilib.org

ਚਰਨ ਕਮਲ ਗੁਰਦੇਵ ਪਿਆਰੇ ॥ ਪੂਜਹਿ ਸੰਤ ਹਰਿ ਪ੍ਰੀਤਿ ਪਿਆਰੇ ॥ ੧ ॥ ਰਹਾਉ ॥

ਜੇਹੜੇ ਸੰਤ ਪਰਮੇਸਰ ਦੇ ਨਾਮ ਦੀ ਪ੍ਰੀਤੀ ਦੇ ਪਿਆਰੇ ਹਨ ਓਹ ਗੁਰ-ਦੇਵ ਦੇ ਚਰਨਾਂ ਦੀ ਪੂਜਾ ਕਰਦੇ ਹਨ ।

ਜਾਕੈ ਮਸਤਕਿ ਲਿਖਿਆ ਭਾਗੁ ॥ ਕਹੁ ਨਾਨਕ ਤਾਕਾ ਥਿਰੁ ਸੋਹਾਗੁ ॥ ੨ ॥ ੪੩ ॥ ੯੪ ॥

ਜਿਸਦੇ ਮੱਥੇ ਉਤੇ ਚੰਗੇ ਕਰਮਾਂ ਦਾ ਲੇਖ ਲਿਖਿਆ ਹੈ ਕਿ ਪਰਮੇਸ਼ਰ ਦਾ ਭਗਤ ਬਣੇਗਾ ਗੁਰੂ ਜੀ ਓਸੇ ਸਿਖ ਇਸਤ੍ਰੀ ਦਾ ਸੁਹਾਗ ਇਸਥਿਤ ਹੁੰਦਾ ਹੈ;ਭਾਵ ਉਸਦਾ ਪਤੀ ਮਰਦਾ ਨਹੀਂ ਪ੍ਰਮੇਸਰ ਦਰਸ਼ਨ ਦੇਂਦਾ ਹੈ ।

## ਆਸਾ ਮਹਲਾ ੫ ॥

(ਇਸਤ੍ਰੀ ਤੇ ਪਤੀ)

ਮੀਠੀ ਆਗਿਆ ਪਿਰ ਕੀ ਲਾਗੀ ॥ ਸਉਕਨਿਘਰ ਕੀ ਕੰਤਿ ਤਿਆਗੀ ॥ ਪ੍ਰਿਅ ਸੋਹਾਗਨਿ ਸੀਗਾਰਿਕਰੀ॥ ਮਨ ਮੇਰੇ ਕੀ ਤਪਤਿ ਹਰੀ ॥ ੧ ॥

ਜਦੋਂ ਮੈਨੂੰ ਪਤੀ ਦੀ ਆਗਿਆ ਮਿੱਠੀ ਲੱਗੀ ਤਦੋਂ ਮੇਰੇ ਪਤੀ ਨੇ ਜੇਹੜੀ ਘਰ ਦੀ ਮਾਲਕਣ ਚੰਗੀ ਅਕਲ ਸੀ ਉਸਨੂੰ ਸਤਾਉਣ ਵਾਲੀ ਬਿਅ-ਕਲੀ ਸੌਕਣ ਸੀ ਸੋ ਓਹ ਘਰ ਤੋਂ ਬਾਹਰ ਕੱਢ ਦਿਤੀ ਭਾਵ ਹਿਰਦੇ ਤੋਂ ।

ਪਤੀ ਨੇ ਚੰਗਿਆਂ ਗੁਣਾਂ ਦਾ ਸ਼ਿੰਗਾਰ ਕਰਕੇ ਸੁਹਾਗਣ ਬਣਾਈ ਹੈ ਅਤੇ ਜੇਹੜੀ ਮੇਰੇ ਮਨ ਵਿਚ ਵਿਛੋੜੇ ਦੀ ਤਪਤ ਸੀ ਓਹ ਸਾਰੀ ਦੂਰ ਕਰ ਦਿੱਤੀ ਹੈ ।

ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥ ਸੂਖੁਸਹਜੁ ਇਸੁ ਘਰ ਕਾ ਜਾਨਿਆ ॥ ਰਹਾਉ ॥

ਭਲਾ ਹੋਇਆ ਜੇਹੜਾ ਮੈਂ ਪਤੀ ਦਾ ਆਖਿਆ ਮੰਨਿਆਂ ਹੈ ਇਸ ਮੇਰੇ ਮਨ ਨੇ ਸ਼ਾਂਤੀ ਸੁਖ ਅਪਣੇ ਘਰ ਦਾ ਜਾਣ ਲਿਆ ਹੈ ।

ਹਉ ਬੰਦੀ ਪ੍ਰਿਅ ਖਿਜਮਤਦਾਰ ॥ ਓਹੁ ਅਬਿਨਾਸੀ ਅਗਮ ਅਪਾਰ ॥ ਲੇ ਪਖਾ ਪ੍ਰਿਅ ਝਲਉ ਪਾਏ ॥ ਭਾਗਿ

**ਗਏ ਪੰਚ ਦੂਤ ਲਾਵੇ ॥**

ਹੁਣ ਮੈਂ ਦਾਸੀ ਪਿਆਰੇ ਦੀ ਸੇਵਾਦਾਰ ਹੋਈ ਹਾਂ ਓਹ ਮੇਰਾ ਪਿਆਰਾ ਮਰਨ ਵਾਲਾ ਨਹੀਂ ਹੈ ਤੇ ਵੱਡਾ ਹੈ ਉਸ ਪਾਸ ਹੋਰ ਕੋਈ ਪੁੱਜ ਨਹੀਂ ਸਕਦਾ ਹੈ।

ਹੁਣ ਮੈਂ ਪੱਖਾ ਲੈਕੇ ਝੱਲ ਦੀ ਹਾਂ ਜਾਂ ਪੈਰਾਂ ਕੋਲ ਬੈਠਕੇ ਪੱਖੇ ਆਦਿਕ ਦੀ ਸੇਵਾ ਕਰਦੀ ਹਾਂ ਓਹ ਲਾਵੇ=ਖੇਤ ਵੱਢਣ ਵਾਲੇ ਕਰਮ ਆਦਿਕ ਚੰਗਿਆਂ ਗੁਣਾਂ ਨੂੰ ਨਾਸ ਕਰਨ ਵਾਲੇ ਪੰਜ ਦੂਤ ਹੁਣ ਦੌੜ ਗਏ ਹਨ ਜਾਂ ਲਾਵੇ=ਜੇਹੜੇ ਮੇਰੇ ਮਗਰ ਲੱਗੇ ਹੋਇ ਸੀ।

**ਨਾਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥ ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥ ੩ ॥**

ਨ ਮੇਰੀ ਕੋਈ ਚੰਗੀ ਕੁਲ ਸੀ ਨ ਮੈਂ ਸੋਭਾ ਵਾਲੀ ਸਾਂ ਭਾਵ ਨ ਸਤ ਸੰਗਣ ਨ ਚੰਗੇ ਗੁਣ ਹੀ ਸੀ ਮੈਂ ਕੀ ਜਾਣਾ ਕਿ ਪਤੀ ਨੂੰ ਕਿਕੁਰ ਚੰਗੀ ਲਗੀ ਹਾਂ।

ਮੈਂ ਯਤੀਮ ਗਰੀਬਣੀ ਨਿਮਾਨੀ ਸੀ, ਪਰ ਪਤੀ ਨੇ ਬੁਧੀ ਰੂਪ ਬਾਹੋਂ ਫੜ ਕੇ ਰਾਨੀ ਬਣਾ ਲਿਆ ਹੈ।

**ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥ ਕਹੁ ਨਾਨਕ ਮੇਰੀ ਪੂਰਨ ਆਸਾ ॥ ਸਤਿ-ਗੁਰ ਮੇਲੀ ਪ੍ਰਭ ਗੁਣ ਤਾਸਾ ॥ ੪ ॥ ੧ ॥ ੯੫ ॥**

ਜੱਦੋਂ ਮੇਰਾ ਪਿਆਰਾ ਸੱਜਣ ਮੇਰੇ ਮੂੰਹ ਨਾਲ ਲੱਗਾ ਭਾਵ ਪ੍ਰਗਟ ਦਰ-ਸ਼ਨ ਦਿਤੇ ਤਾਂ ਸ਼ਾਂਤੀ ਸੁਖ ਆ ਮਿਲਿਆ ਤਾਂ ਫਿਰ ਮੇਰਾ ਸੁਹਾਗ ਭਾਵ ਪਤੀ ਦਾ ਮੇਲ ਧੰਨਤਾ ਯੋਗ ਹੋਇਆ ਹੈ।

ਗੁਰੂ ਜੀ=ਹੁਣ ਮੇਰੀ ਸਾਰੀ ਆਸਾ ਪੂਰੀ ਹੋਗਈ ਹੈ ਕਿਉਂਕਿ ਸਤਿਗੁਰਾਂ ਨੇ ਗੁਣਾਂ ਦੇ ਖਜ਼ਾਨੇ ਪ੍ਰਮੇਸਰ ਨਾਲ ਮਿਲਾ ਦਿੱਤਾ ਹੈ।

## ਆਸਾ ਮਹਲਾ ੫ ॥

**ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥ ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥**

ਜਿਸ ਦੇ ਮੱਥੇ ਉਤੇ ਦੇਵੀ ਤਿਉੜੀ ਚੜ੍ਹੀ ਰਹਿੰਦੀ ਹੈ ਜਿਸ ਵੱਲ ਵੇਖਦੀ ਹੈ ਬੜੀ ਕਰੜੀ ਨਜ਼ਰ ਨਾਲ ਦੇਖਦੀ ਹੈ, ਭਾਵ ਮਾਰ ਦੇਂਦੀ ਹੈ ਅਤੇ ਬੜੇ ਕੌੜੇ ਬੋਲ ਬੋਲਦੀ ਹੈ ਜਿਸਦੀ ਬਾਣੀ ਬੜੀ ਫੂੜ=ਮੋਟੀ ਹੈ॥ ਤ੍ਰਿਕੁਟੀ=ਤਿਉੜੀ।

Digitized by Panjab Digital Library | www.panjabdigilib.org

ਭਾਵ ਤਿੰਨ ਵਲ ॥

ਸਦਾਹੀ ਤ੍ਰਿਸ਼ਨਾਂਦੀ ਭਰੀਹੋਈ ਭੁੱਖੀਹੈ ਅਤੇ ਪਤੀਨੂੰ ਦੂਰ ਜਾਣਦੀ ਹੈ ॥

**ਐਸੀ ਇਸਤ੍ਰੀ ਇਕ ਰਾਮਿ ਉਪਾਈ ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥**

ਇੱਕਰ ਦੀ ਇੱਕ ਮਾਇਆ ਇਸਤ੍ਰੀ ਪ੍ਰਮੇਸਰ ਨੇ ਪੈਦਾ ਕੀਤੀਹੈ ਜਿਸਨੇ ਸਾਰੇ ਸੰਸਾਰਨੂੰ ਖਾ ਲਿਆਹੈ ਹੇ ਮੇਰੇਭਰਾ ਉਸਪਾਸੋਂ ਸਾਨੂੰ ਗੁਰਾਂਨੇਰੱਖਲਿਆਹੈ।

**ਪਾਇ ਠਗਉਲੀ ਸਭੁ ਜਗੁ ਜੋਹਿਆ॥ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥ਗੁਰਮੁਖਿ ਨਾਮਿ ਲਗੇਸੇ ਸੋਹਿਆ॥੨।**

ਉਸਨੇ ਅਪਣੀ ਠੱਗ ਬੂਟੀ ਪਾਕੇ ਸਾਰੇ ਸੰਸਾਰ ਨੂੰ ਜੋਹਿਆ=ਵੇਖਿਆ ਹੈ ਤੇ ਬ੍ਰਹਮਾਂ ਬਿਸ਼ਨੂੰ ਸ਼ਿਵਜੀ ਨੂੰ ਵੀ ਮੋਹ ਲਿਆ ਹੈ ਜਿਹੜੇ ਗੁਰਮੁਖ ਨਾਮਵਾਲੇ ਪਾਸੇ ਲੱਗੇ ਹਨ ਓਹ ਬਚ ਗਏ ਹਨ ਤੇ ਓਹ ਦੁਨੀਆਂ ਉਤੇ ਸੋਭਾਪਾਉਂਦੇਹਨ

**ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥ ਤਟ ਤੀਰਥ ਭਵੇ ਸਭ ਧਰਨਾ॥ਸੇਉਬਰੇਜਿ ਸਤਿਗੁਰ ਕੀ ਸਰਨਾ॥੩॥**

ਉਸ ਮਾਇਆ ਤੋਂ ਬਚਨ ਲਈ ਆਦਮੀ ਸਾਰੇ ਤਰਾਂ ਦੇ ਬਰਤ,ਨੇਮ ਤੇ ਪਾਪਾਂ ਤੋਂ ਬਚਨ ਵਾਲੇ ਕਰਮ ਕਰਕੇ ਥੱਕ ਗਏ ਹਨ, ਤੀਰਥਾਂ ਦੇ ਕੰਢਿਆਂ ਉਤੇ ਅਤੇ ਧਰਤੀ ਦੇ ਵਿਚ ਵੀ ਸਾਰੇ ਫਿਰਦੇ ਥੱਕ ਗਏ ਹਨ,ਪਰ ਮਾਇਆ ਤੋਂ ਓਹ ਬਚੇ ਹਨ ਜਿਨ੍ਹਾਂ ਨੂੰ ਸਤਿਗੁਰਾਂ ਦੀ ਸ਼ਰਨ ਮਿਲੀ ਹੈ।

**ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥ ੪ ॥ ੨ ॥ ੯੬ ॥**

ਮਾਇਆ ਦੇ ਮੋਹ ਵਿਚ ਸਾਰਾਜਗਤ ਬੰਨ੍ਹਿਆ ਹੋਇਆਹੈ ਜੇਹੜੇ ਮੂਰਖ ਮਨਮੁਖ ਹਨ ਓਹ ਹੰਕਾਰ ਵਿਚ ਫਸੇ ਹੋਏ ਸੜ ਰਹੇ ਹਨ,ਸਾਨੂੰ ਗੁਰੂ ਨਾਨਕ ਦੇਵ ਜੀ ਨੇ ਬਾਂਹ ਤੋਂ ਫੜਕੇ ਮਾਇਆ ਤੋਂ ਬਚਾ ਰਖਿਆ ਹੈ।

## ਆਸਾ ਮਹਲਾ ੫ ॥

**ਸਰਬ ਦੂਖਿ ਜਬ ਬਿਸਰਹਿ ਸੁਆਮੀ ॥ ਈਹਾ ਊਹਾ ਕਾਮਿ ਨ ਪ੍ਰਾਨੀ ॥ ੧ ॥**

Digitized by Panjab Digital Library | www.panjabdigilib.org

ਜਦੋਂ ਮਾਲਕ ਭੁੱਲ ਜਾਏ ਤਾਂ ਸਾਰੇ ਦੁਖ ਆ ਚੰਬੜਦੇ ਹਨ ਇੱਕੁਰ ਦਾ ਆਦਮੀ ਲੋਕ ਪ੍ਰਲੋਕ ਵਿਚ ਕਿਸੇ ਕੰਮ ਦਾ ਨਹੀਂ ਹੈ।

**ਸੰਤ ਤ੍ਰਿਪਤਾਸੇ ਹਰਿ ਹਰਿ ਧ੍ਯਾਇ ॥ ਕਰਿ ਕਿਰਪਾ ਅਪੁਨੈ ਨਾਇ ਲਾਏ ਸਰਬ ਸੂਖ ਪ੍ਰਭ ਤੁਮਰੀਰਜਾਇ ॥ ਰਹਾਉ ॥**

ਸੰਤ ਪਰਮੇਸਰ ਨੂੰ ਯਾਦ ਕ ਕੇ ਰੱਜ ਗਏ ਹਨ ਜਿਨ੍ਹਾਂ ਸੰਤਾਂ ਨੂੰ ਪਰਮੇ-ਸਰ ਨੇ ਕਿਰਪਾ ਕਰਕੇ ਗੁਰਾਂ ਦੁਆਰੇ ਆਪਣੇ ਨਾਮ ਵਿਚ ਲਾ ਲਿਆ ਹੈ ਓਹਨਾਂ ਸੰਤਾਂ ਦਾ ਨਿਸਚਾ ਇੱਕੁਰ ਦਾ ਹੁੰਦਾ ਹੈ ਕਿ ਹੇ ਮਾਲਕਾ ਸਾਰੇ ਤਰਾਂ ਦੇ ਸੁਖ ਤੇਰੀ ਆਗਿਆ ਮੰਨਣ ਵਿਚ ਹੁੰਦੇ ਹਨ।

**ਸੰਗਿ ਹੋਵਤ ਕਉ ਜਾਨਤ ਦੂਰਿ ॥ ਸੋ ਜਨੁ ਮਰਤਾ ਨਿਤ ਨਿਤ ਝੂਰਿ ॥ ੨ ॥**

ਜੇਹੜਾ ਨਾਲ ਰਹਿਣ ਵਾਲੇ ਪਰਮੇਸਰ ਨੂੰ ਦੂਰ ਜਾਣਦਾ ਹੈ ਓਹ ਆਦਮੀ ਰੋਜ ਰੋਜ ਝੁਰ ੨ ਕੇ ਮਰਦਾ ਹੈ।

**ਜਿਨਿ ਸਭੁ ਕਿਛੁ ਦੀਆ ਤਿਸੁ ਚਿਤਵਤ ਨਾਹਿ ॥ ਮਹਾ ਬਿਖਿਆ ਮਹਿ ਦਿਨੁ ਰੈਨਿ ਜਾਹਿ ॥ ੩ ॥**

ਜਿਸ ਪਰਮੇਸਰ ਨੇ ਸਭ ਕੁਛ ਦਿਤਾ ਹੈ ਉਸ ਨੂੰ ਯਾਦ ਨਹੀਂ ਕਰਦੇ ਹਨ ਵਡਿਆਂ ੨ ਵਿਸ਼ਿਆਂ ਵਿਚ ਪਇਆਂ ਹੋਇਆਂ ਦੇ ਰਾਤ ਦਿਨ ਬੀਤਦੇ ਜਾਂਦੇ ਹਨ।

**ਕਹੁ ਨਾਨਕ ਪ੍ਰਭੁ ਸਿਮਰਹੁ ਏਕ ॥ ਗਤਿ ਪਾਈਐ ਗੁਰ ਪੂਰੇ ਟੇਕ ॥ ੪ ॥ ੩ ॥ ੯੭ ॥**

ਗੁਰੂ ਜੀ=ਹੇ ਭਰਾਓ ਇਕ ਪਰਮੇਸ਼ਰ ਦਾ ਭਜਨ ਕਰੋ ਪੂਰਿਆਂ ਗੁਰਾਂ ਦਾ ਆਸਰਾ ਲੈਣ ਨਾਲ ਮੁਕਤੀ ਪਾਈਦੀ ਹੈ।

## ਆਸਾ ਮਹਲਾ ੫ ॥

**ਨਾਮੁ ਜਪਤ ਮਨੁ ਤਨੁ ਸਭੁ ਹਰਿਆ ॥ ਕਲਮਲ ਦੋਖ ਸਗਲ ਪਰਹਰਿਆ ॥ ੧ ॥**

ਨਾਮ ਜਪਦਿਆਂ ਮੇਰਾ ਮਨ ਤਨ ਹਰਿਆ ਹੋ ਗਿਆ ਹੈ ਸਾਰਿਆਂ

Digitized by Panjab Digital Library | www.panjabdigilib.org

ਪਾਪਾਂ ਅਤੇ ਦੋਖਾਂ ਭਾਵ ਦੂਸ਼ਨਾਂ ਨੂੰ ਦੂਰ ਕਰ ਦਿੱਤਾ ਹੈ।

**ਸੋਈ ਦਿਵਸੁ ਭਲਾ ਮੇਰੇ ਭਾਈ ॥ ਹਰਿ ਗੁਨ ਗਾਇ ਪਰਮ ਗਤਿ ਪਾਈ ॥ ਰਹਾਉ ॥**

ਹੇ ਮੇਰੇ ਭਰਾਓ ਓਹ ਦਿਨ ਭਲਾ ਹੈ ਜਿਸ ਦਿਨ ਹਰੀ ਦੇ ਗੁਣ ਗਾ ਕੇ ਮੈਂ ਮੁਕਤੀ ਪਾਈ ਹੈ।

**ਸਾਧ ਜਨਾ ਕੇ ਪੂਜੇ ਪੈਰ ॥ ਮਿਟੇ ਉਪਦ੍ਰਹ ਮਨ ਤੇ ਬੈਰ ॥ ੨ ॥**

ਜਦੋਂ ਤੋਂ ਸੰਤ ਜਨਾਂ ਦੇ ਚਰਨਾਂ ਦੀ ਪੂਜਾ ਕੀਤੀ ਹੈ ਤਦ ਤੋਂ ਮਨ ਵਿਚੋਂ ਵੈਰ ਆਦਿਕ ਸਾਰੇ ਉਪੱਦਰ ਮਿਟ ਗਏ ਹਨ।

**ਗੁਰ ਪੂਰੇ ਮਿਲਿ ਝਗਰੁ ਚੁਕਾਇਆ ॥ ਪੰਚ ਦੂਤ ਸਭਿ ਵਸਗਤਿ ਆਇਆ ॥ ੩ ॥**

ਪੂਰਿਆਂ ਗੁਰਾਂ ਨਾਲ ਮਿਲ ਕੇ ਸਾਰਾ ਜਨਮ ਮਰਨ ਦਾ ਝਗੜਾ ਦੂਰ ਕਰ ਦਿੱਤਾ ਹੈ ਕਾਮ ਆਦਿਕ ਸਾਰਿਆਂ ਪੰਜਾਂ ਦੂਤਾਂ ਦਾ ਗਤਿ=ਚੱਲਣਾ ਮੇਰੇ ਵੱਸ ਵਿੱਚ ਆ ਗਿਆ ਹੈ।

**ਜਿਸੁ ਮਨਿ ਵਸਿਆ ਹਰਿਕਾ ਨਾਮੁ ॥ ਨਾਨਕ ਤਿਸੁ ਊਪਰਿ ਕੁਰਬਾਨ ॥ ੪ ॥ ੪ ॥ ੯੮ ॥**

ਜਿਸ ਦੇ ਮਨ ਵਿਚ ਪਰਮੇਸਰ ਦਾ ਨਾਮ ਵਸਿਆ ਹੈ ਗੁਰੂ ਜੀ=ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ।

## ਆਸਾ ਮਹਲਾ ੫ ॥

**ਗਾਵਿ ਲੇਹਿ ਤੂ ਗਾਵਨਹਾਰੇ ॥ ਜੀਅ ਪਿੰਡ ਕੇ ਪ੍ਰਾਨ ਅਧਾਰੇ ॥ ਜਾਕੀ ਸੇਵਾ ਸਰਬ ਸੁਖ ਪਾਵਹਿ ॥ ਅਵਰ ਕਾਹੂ ਪਹਿ ਬਹੁੜਿ ਨ ਜਾਵਹਿ ॥ ੧ ॥**

ਹੇ ਗੌਣ ਵਾਲੇ ! ਮਾਲਕ ਦੇ ਗੁਣਾਂ ਨੂੰ ਗਾ ਲੈ, ਓਹ ਮਾਲਕ ਜੀ ਸਰੀਰ ਤੇ ਪ੍ਰਾਣਾਂ ਦਾ ਆਸਰਾ ਹਨ। ਜਿਸ ਦੀ ਸੇਵਾ ਤੋਂ ਤੂੰ ਸਾਰੇ ਸੁਖ ਪਾਂਦਾ ਹੈਂ ਫੇਰ ਕਿਸੇ ਦੂਸਰੇ ਦੇ ਪਾਸ ਨਹੀਂ ਜਾਵੇਂਗਾ।

**ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ ਨਿਤ**

Digitized by Panjab Digital Library | www.panjabdigilib.org

ਨਿਤ ਜਾਪੀਐ॥ ਬਲਿਹਾਰੀ ਤਿਸੁ ਸੰਤ ਪਿਆਰੇ ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ ॥ ਰਹਾਉ ॥

ਜੇਹੜਾ ਸਦਾ ਆਨੰਦ ਦੇ ਦੇਣ ਵਾਲਾ ਅਨੰਦ ਰੂਪ ਮਾਲਕ ਹੈ ਤੇ ਗੁਣਾਂ ਦਾ ਖਜ਼ਾਨਾ ਹੈ ਉਸ ਨੂੰ ਰੋਜ ੨ ਜਪੀਏ, ਜਿਸ ਸੰਤ ਦੀ ਕਿਰਪਾ ਕਰਕੇ ਇਕੁਰ ਦੇ ਮਾਲਕ ਨੂੰ ਮਨ ਵਿਚ ਵਸਾਇਆ ਹੈ ਉਸ ਸੰਤ ਦੇ ਬਲਿਹਾਰ ਜਾਈਏ।

ਜਾਕਾ ਦਾਨੁ ਨਿਖੂਟੈ ਨਾਹੀ ॥ ਭਲੀ ਭਾਤਿ ਸਭ ਸਹਜਿ ਸਮਾਹੀ ॥ ਜਾਕੀ ਬਖਸ ਨ ਮੇਟੈ ਕੋਈ ॥ ਮਨਿ ਵਾਸਾਈਐ ਸਾਚਾ ਸੋਈ ॥੨॥

ਜਿਸਦਾ ਦਿੱਤਾਹੋਇਆ ਦਾਨ ਕਦੀ ਮੁੱਕਦਾ ਨਹੀਂ ਹੈ ਜਿਸ ਦਾਨਕਰਕੇ ਸਾਰੇ ਸੰਤ ਚੰਗੀ ਤਰਾਂ ਸ਼ਾਂਤੀ ਵਿਚ ਸਮਾਂਦੇ ਹਨ।

ਜਿਸ ਦੀ ਬਖਸ਼ਸ਼ ਨੂੰ ਕੋਈ ਮਿਟਾ ਨਹੀਂ ਸਕਦਾ ਹੈ ਹੇ ਭਾਈ ਇੱਕੁਰ ਦਾ ਸੱਚਾ ਵਾਹਿਗੁਰੂ ਜੇਹੜਾ ਹੈ ਓਹ ਸਦਾਹੀ ਮਨ ਵਿਚ ਵਸਾਉਣਾਲੋੜੀਦਾਹੈ।

ਸਗਲ ਸਮਗ੍ਰੀ ਗ੍ਰਿਹ ਜਾਕੈ ਪੂਰਨ ॥ ਪ੍ਰਭਕੇ ਸੇਵਕ ਦੂਖ ਨ ਝੂਰਨ ॥ ਓਟਿ ਗਹੀ ਨਿਰਭਉ ਪਦੁ ਪਾਈਐ ॥ ਸਾਸਿ ਸਾਸਿ ਸੋ ਗੁਨਨਿਧਿ ਗਾਈਐ ॥ ੩ ॥

ਜਿਸ ਪ੍ਰਮੇਸਰ ਦੇ ਘਰ ਵਿਚ ਸਾਰੀ ਸਮੱਗਰੀ ਭਰੀ ਹੋਈ ਹੈ ਜੇਹੜੇ ਉਸ ਮਾਲਕ ਦੇ ਦਾਸ ਹਨ ਓਹ ਕਿਸੇ ਤਰਾਂ ਦੇ ਦੁੱਖ ਨਾਲ ਵੀ ਝੂਰਦੇ ਨਹੀਂ ਹਨ। ਜਿਸਦੀ ਟੇਕ ਲੈਣ ਨਾਲ ਨਿਰਭੌ ਪਦ ਪਾਈਦਾ ਹੈ ਉਸ ਗੁਣਾਂ ਦੇ ਸਮੁੰਦ੍ਰ ਨੂੰ ਸਾਸ ਸਾਸ ਗਾਈਏ।

ਦੂਰਿ ਨ ਹੋਈ ਕਤਹੂ ਜਾਈਐ ॥ ਨਦਰਿ ਕਰੇ ਤਾ ਹਰਿ ਹਰਿ ਪਾਈਐ ॥ ਅਰਦਾਸਿ ਕਰੀ ਪੂਰੇ ਗੁਰਪਾਸਿ॥ ਨਾਨਕੁ ਮੰਗੈ ਹਰਿ ਧਨੁ ਰਾਸਿ ॥ ੪ ॥ ੫ ॥ ੯੯ ॥

ਅਸੀਂ ਭਾਵੇਂ ਕਿਤੇ ਵੀ ਚਲੇ ਜਾਈਏ ਓਹ ਸਾਥੋਂ ਵਿੱਛੜ ਕੇ ਕਿਤੇ ਨਹੀਂ ਜਾਂਦਾ ਹੈ ਓਹ ਦੂਰ ਨਹੀਂ ਹੁੰਦਾ ਹੈ ਭਾਵ ਕਦੇ ਵੀ ਦੂਰ ਨਹੀਂ ਹੁੰਦਾ ਹੈ। ਪਰ ਜਦੋਂ ਗੁਰੂ ਕ੍ਰਿਪਾ ਕਰਦੇ ਹਨ ਤੇ ਤਾਂ ਓਹ ਮਿਲਦਾ ਹੈ ਓਹ ਅਕਾਸ਼ ਵਾਂਗ ਹਰ ਥਾਂ ਦੀਹਦਾ ਹੈ। ਮੈਂ ਪੂਰਿਆਂ ਗੁਰਾਂ ਪਾਸ ਬੇਨਤੀ ਕਰਦਾ ਹਾਂ ਮੈਂ ਨਾਨਕ

Digitized by Panjab Digital Library | www.panjabdigilib.org

ਪ੍ਰਮੇਸਰ ਦਾ ਨਾਮ ਧਨ ਰਾਸ ਮੰਗਦਾ ਹਾਂ।

## ਆਸਾ ਮਹਲਾ ੫ ॥

**ਪ੍ਰਥਮੇ ਮਿਟਿਆ ਤਨ ਕਾ ਦੂਖ॥ ਮਨ ਸਗਲ ਕਉ ਹੋਆ ਸੂਖੁ ॥ ਕਰਿ ਕਿਰਪਾ ਗੁਰ ਦੀਨੋ ਨਾਉ ॥ ਬਲਿ ਬਲਿ ਤਿਸੁ ਸਤਿਗੁਰ ਕਉ ਜਾਉ ॥ ੧ ॥**

ਪਹਿਲੇ ਮੇਰਾ ਸਰੀਰ ਦਾ ਦੁੱਖ ਦੂਰ ਹੋ ਗਿਆ ਭਾਵ ਹੰਕਾਰ,ਫੇਰ ਮਨਨੂੰ ਹਰ ਤਰਾਂ ਦਾ ਸੁਖ ਹੋਇਆ। ਜਿਨ੍ਹਾਂ ਗੁਰਾਂ ਨੇ ਕ੍ਰਿਪਾ ਕਰਕੇ ਮੈਨੂੰ ਨਾਮ ਦਿਤਾ ਹੈ ਮੈਂ ਓਹਨਾਂ ਸਤਿਗੁਰਾਂ ਤੋਂ ਮੁੜ ੨ ਬਲਿਹਾਰ ਜਾਂਦਾ ਹਾਂ।

**ਗੁਰੁ ਪੂਰਾ ਪਾਇਓ ਮੇਰੇ ਭਾਈ ॥ ਰੋਗ ਸੋਗ ਸਭ ਦੂਖ ਬਿਨਾਸੇ ਸਤਿਗੁਰ ਕੀ ਸਰਣਾਈ ॥ ਰਹਾਉ ॥**

ਹੇ ਮੇਰੇ ਭਰਾ ਮੈਂ ਪੂਰਾ ਗੁਰੂ ਪਾਇਆਹੈ ਗੁਰਾਂਦੀ ਸ਼ਰਨ ਆਉਣਨਾਲ ਹਰ ਤਰ੍ਹਾਂ ਦੇ ਰੋਗ ਸੋਗ ਦੁੱਖ ਨਾਸ ਹੋ ਗਏ ਹਨ।

**ਗੁਰਕੈ ਚਰਨਿ ਹਿਰਦੈ ਵਸਾਏ॥ ਮਨ ਚਿੰਤਤ ਸਗਲੇ ਫਲ ਪਾਏ ॥ ਅਗਨਿ ਬੁਝੀ ਸਭ ਹੋਈ ਸਾਂਤਿ ॥ ਕਰਿ ਕਿਰਪਾ ਗੁਰਿ ਕੀਨੀ ਦਾਤਿ ॥ ੨ ॥**

ਜਦ ਤੋਂ ਮੈਂ ਗੁਰਾਂ ਦੇ ਚਰਨ ਰਿਦੇ ਵਿਚ ਵਸਾਏ ਹਨ ਤਦ ਤੋਂ ਮਨ ਭਾਂਦੇ ਸਾਰੇ ਫਲ ਪਾ ਲਏ ਹਨ। ਗੁਰਾਂ ਨੇ ਕ੍ਰਿਪਾ ਕਰਕੇ ਇੱਕੁਰ ਦੀ ਦਾਤ ਕੀਤੀਹੈ ਜਿਸ ਕਰਕੇ ਤ੍ਰਿਸ਼ਨਾ ਅੱਗ ਸਾਰੀ ਹੀ ਬੁਝ ਗਈ ਹੈ ਅਤੇ ਹਰ ਤਰਾਂ ਨਾਲ ਸ਼ਾਂਤੀ ਹੋਈ ਹੈ।

**ਨਿਥਾਵੇ ਕਉ ਗੁਰਿ ਦੀਨੋ ਥਾਨੁ ॥ ਨਿਮਾਨੇ ਕਉ ਗੁਰਿ ਕੀਨੋ ਮਾਨੁ ॥ ਬੰਧਨ ਕਾਟਿ ਸੇਵਕ ਕਰਿ ਰਾਖੇ ॥ ਅੰਮ੍ਰਿਤ ਬਾਨੀ ਰਸਨਾ ਚਾਖੇ ॥ ੩ ॥**

ਨਿਥਾਵੇਂ ਨੂੰ ਗੁਰਾਂ ਨੇ ਥਾਂ ਦਿੱਤਾ ਹੈ ਭਾਵ ਜੂਨੀਆਂ ਵਿਚ ਪੈਣ ਵਾਲੇਨੂੰ ਪ੍ਰਮੇਸਰ ਨਾਲ ਮਿਲਾਇਆ ਹੈ, ਨਿਮਾਣੇ ਨੂੰ ਗੁਰਾਂ ਨੇ ਆਦਰ ਦਿੱਤਾ ਹੈ। ਕਰਮਾਂ ਦੇ ਬੰਧਨ ਕੱਟਕੇ ਗੁਰਾਂ ਨੇ ਸਾਨੂੰ ਅਪਣੇ ਦਾਸ ਬਣਾ ਰੱਖਿਆ ਹੈ ਸੋ ਅਸੀਂ ਹੁਣ ਗੁਰਾਂ ਦੀ ਅੰਮ੍ਰਿਤ ਵਰਗੀ ਬਾਣੀ ਦਾ ਸੁਆਦ ਜ਼ਬਾਨ ਨਾਲ ਚੱਖਦੇ ਹਾਂ।

Digitized by Panjab Digital Library | www.panjabdigilib.org

**ਵਡੈਭਾਗਿ ਪੂਜਗੁਰ ਚਰਨਾ॥ ਸਗਲ ਤਿਆਗਿਪਾਈ ਪ੍ਰਭ ਸਰਨਾ॥ਗੁਰੁ ਨਾਨਕ ਜਾਕਉ ਭਇਆਦਇਆਲਾ॥ ਸੋਜਨੁ ਹੋਆ ਸਦਾ ਨਿਹਾਲਾ॥ ੪ ॥ ੬ ॥ ੧੦੦ ॥**

ਵੱਡਿਆਂ ਭਾਗਾਂ ਨਾਲ ਗੁਰਾਂ ਦੇ ਚਰਨਾਂ ਦੀ ਪੂਜਾ ਕਰਨੀ ਮਿਲੀ ਹੈ ਹੋਰ ਸਭ ਕੁਛ ਛੱਡਕੇ ਸਮਰੱਥ ਗੁਰੂ ਦੀ ਸ਼ਰਨ ਪਾਈ ਹੈ। ਜਿਸਦੇ ਉਤੇ ਗੁਰੂ ਨਾਨਕ ਦਿਆਲੂ ਹੋਇਆ ਹੈ ਓਹ ਆਦਮੀ ਸਦਾ ਨਿਹਾਲ ਹੋਇਆ ਹੈ।

## ਆਸਾ ਮਹਲਾ ੫ ॥

< ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜਨਮ ਵੇਲੇ ਸ਼ਬਦ ਉਚਾਰਿਆਹੈ >

**ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥ ੧ ॥**

ਸੱਚੇ ਸਤਿਗੁਰੂ ਰਾਮਦਾਸ ਜੀ ਨੇ ਪੁੱਤ ਘੱਲਿਆ ਹੈ ਬਾਬੇ ਬੁੱਢੇ ਦੇ ਵਰ ਦਾਨ ਦੇ ਸੰਜੋਗ ਕਰਕੇ ਇਹ ਪੁੱਤ ਚਿਰ ਤਕ ਜੀਉਣ ਵਾਲਾ ਪੈਦਾ ਹੋਇਆ ਹੈ। ਜਦੋਂ ਇਸ ਨੇ ਮਾਂ ਦੇ ਪੇਟ ਵਿੱਚ ਆਕੇ ਨਿਵਾਸ ਕੀਤਾ ਸੀ. ਤਦ ਤੋਂ ਇਸ ਦੀ ਮਾਂ ਦੇ ਮਨ ਵਿੱਚ ਬੜਾ ਅਨੰਦ ਹੋਇਆ ਸੀ।

ਬਿਗਾਸ=ਖਿੜਨਾ, ਖੁਸ਼ੀ, ਅਨੰਦ।

**ਜੰਮਿਆ ਪੂਤੁ ਭਗਤੁ ਗੋਵਿੰਦਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰਕਾ ॥ ਰਹਾਉ ॥**

ਇਹ ਪੁੱਤ ਗੋਬਿੰਦ ਦਾ ਭਗਤ ਜੰਮਿਆਂ ਹੈ ਸਾਰਿਆਂ ਜੀਆਂ ਦੇ ਵਿੱਚ ਧੁਰ=ਪ੍ਰਮੇਸਰ ਦੀ ਕਿਰਪਾ ਦਾ ਲੇਖ ਲਿਖਿਆ ਪ੍ਰਗਟ ਹੋਇਆ ਹੈ।

**ਦਸੀਮਾਸੀ ਹੁਕਮਿ ਬਾਲਕ ਜਨਮੁ ਲੀਆ॥ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥ ੨ ॥**

ਦਸਾਂ ਮਹੀਨਿਆਂ ਪਿਛੋਂ ਜਾਂ ਦਸਵੇਂ ਮਹੀਨੇ ਵਿੱਚ ਅਕਾਲ ਪੁਰਖ ਦੇ ਹੁਕਮ ਨਾਲ ਬਾਲਕ ਨੇ ਜਨਮ ਲਿਆ ਹੈ ਹੁਣ ਪੁੱਤ ਦੇ ਨ ਹੋਣ ਦਾ ਸ਼ੋਕ ਮਿਟ ਗਿਆ ਹੈ ਅਤੇ ਵਡਾ ਅਨੰਦ ਹੋਇਆ ਹੈ।

Digitized by Panjab Digital Library | www.panjabdigilib.org

ਹੁਣ ਗੁਰਬਾਣੀ ਪੜ੍ਹਦਿਆਂ ਸਾਰੀਆਂ ਸਖੀਆਂ ਅਨੰਦ ਦੇ ਮੰਗਲ ਗਾਂਦੀਆਂ ਹਨ ਇਹ ਬਾਣੀ ਸੱਚੇ ਪ੍ਰਮੇਸ਼ਰ ਦੇ ਮਨ ਨੂੰ ਭਾਂਦੀ ਹੈ ।

**ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ ॥ ਮਨ ਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ ॥ ੩ ॥**

ਹੁਣ ਸੋਢੀਆਂ ਦੀ ਕੁਲ ਰੂਪ ਵੇਲ ਬਹੁਤ ਹੀ ਵਧੀ ਹੈ ਅਤੇ ਗੁਰਿਆਈ ਦੀ ਪੀਹੜੀ ਤੁਰ ਪਈ ਹੈ ਧਰਮ ਦੀ ਜੇਹੜੀ ਕਲਾ ਹੈ ਉਸ ਦੀ ਪ੍ਰਮੇਸਰ ਨੇ ਇਕ ਮੂਰਤੀ ਬਣਾਕੇ ਬਹਾ ਦਿੱਤੀ ਹੈ ।

ਸਾਨੂੰ ਗੁਰੂ ਰਾਮਦਾਸ ਜੀ ਨੇ ਮਨ ਭਾਂਦਾ ਫਲ ਪ੍ਰਮੇਸਰ ਤੋਂ ਦਿਵਾਇਆ ਹੈ ਹੁਣ ਅਸਾਂ ਨਿਸਚਿੰਤ ਹੋਕੇ ਇਕ ਪ੍ਰਮੇਸਰ ਵਿੱਚ ਬ੍ਰਿਤੀ ਨੂੰ ਲਾਇਆ ਹੈ ।

**ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ॥ ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥**

ਜਿੱਕੁਰ ਬਾਲ ਪਿਓ ਉਤੇ ਬੜਾ ਮਾਨ ਕਰਦਾ ਹੈ ਇੱਕੁਰ ਹੀ ਮੈਂ ਗੁਰਾਂ ਦੇ ਉੱਤੇ ਮਾਨ ਕਰਦਾ ਹਾਂ ਤੇ ਉਸ ਗੁਰੂ ਦਾ ਬੋਲਾਇਆ ਹੋਇਆ ਓਹਨਾਂ ਦੇ ਹੁਕਮ ਨਾਲ ਬੋਲਦਾ ਹਾਂ ।

ਇਹ ਵਾਰਤਾ ਕੁਛ ਲੁਕੀ ਛਪੀ ਨਹੀਂ ਹੈ ਪ੍ਰਗਟ ਹੈ ਜੋ ਗੁਰੂ ਨਾਨਕ ਦੇਵ ਜੀ ਪ੍ਰਸੰਨ ਹੋਏ ਤੇ ਤਾਂ ਸਾਨੂੰ ਪੁੱਤ੍ਰ ਹੋਣ ਦੀ ਬਖਸ਼ਸ਼ ਕੀਤੀ*।

*ਇਸ ਸ਼ਬਦ ਦਾ ਅਰਥ ਇਕ ਹੋਰ ਹੈ ਉਸਦੇ ਅੱਖਰੀ ਅਰਥ ਇੱਕੁਰ ਕਰਦੇ ਹਨ–

ਪਰਮੇਸਰ ਦੇ ਭਗਤ ਦੇ ਰਿਦੇ ਵਿਚ ਪੂਤ=ਪਵਿਤਰ ਗਿਆਨ ਪੈਦਾ ਹੁੰਦਾ ਹੈ ਉਸਨੂੰ ਧੁਰ ਦਾ ਲਿਖਿਆ ਹੋਇਆ ਗਿਆਨ ਮਿਲਦਾ ਹੈ ਪਰ ਓਹ ਗਿਆਨ ਗੁਰੂ ਘੱਲਿਆ ਹੈ, ਚਿਰ ਜੀਵਨ ਪਰਮੇਸਰ ਨਾਲ ਉਸਦਾ ਸੰਜੋਗ ਹੋਇਆ ਹੈ ਸਿਖ ਦੇ ਰਿਦੇ ਵਿਚ ਜਦੋਂ ਗਿਆਨ ਆਇਆ ਤਾਂ ਬੁਧੀ ਬੜੀ ਖਿੜੀ ਦਸਾਂ ਇੰਦ੍ਰੀਆਂ ਦੇ ਰੋਕਣ ਨਾਲ ਗਿਆਨ ਜੰਮਿਆਂ ਗਿਆਨ ਕਰਕੇ ਸ਼ੋਕ ਦੂਰ ਹੋਇਆ ਤੇ ਬੜਾ ਅਨੰਦ ਹੋਇਆ ਇੰਦਰੀਆਂ ਆਨੰਦ ਕਰਨ ਲੱਗੀਆਂ ਓਹ ਅਨੰਦ ਪਰਮੇਸਰ ਨੂੰ ਚੰਗਾ ਲੱਗਾ ਚੰਗੇ ਗੁਣਾਂ ਦੀ ਵੇਲ ਵਧੀ ਸੰਪਰਦਾਇ ਦੀ ਪੀੜੀ ਚੱਲੀ ਸਿਖ, ਪਿਤਾ ਪਰਮੇਸਰ ਉਤੇ ਮਾਨ ਕਰਦਾ ਹੈ ਬੋਲਾਇਆ ਬੋਲਦਾ ਹੈ ਜਦੋਂ ਗੁਰੂ ਪਰਸੰਨ ਹੁੰਦੇ ਹਨ ਤਾਂ ਗਿਆਨ ਦੇਂਦੇ ਹਨ ।

Digitized by Panjab Digital Library | www.panjabdigilib.org

## ਆਸਾ ਮਹਲਾ ੫ ॥

**ਗੁਰ ਪੂਰੇ ਰਾਖਿਆ ਦੇ ਹਾਥ ॥ ਪ੍ਰਗਟੁ ਭਇਆ ਜਨ ਕਾ ਪਰਤਾਪੁ ॥ ੧ ॥**

ਪੂਰਿਆਂ ਗੁਰਾਂ ਨੇ ਮੈਨੂੰ ਆਪ ਹਥ ਦੇਕੇ ਰੱਖਯਾ ਹੈ, ਦਾਸ ਦਾ ਪਰਤਾਪ ਸਾਰੇ ਸੰਸਾਰ ਵਿਚ ਪ੍ਰਗਟ ਹੋਇਆ ਹੈ।

**ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ ॥ ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥ ਰਹਾਉ ॥**

ਹੇ ਸਿਖੋ ਗੁਰੂ ਗੁਰੁ ਜਪੀਏ ਤੇ ਗੁਰੂ ਗੁਰੂ ਹੀ ਧਿਆਈਏ ਮਨ ਦੀ ਬੇਨਤੀ ਗੁਰੂ ਦੇ ਪਾਸ ਹੀ ਪਾਈਦੀ ਭਾਵ ਕਹੀਏ।

**ਸਰਨਿ ਪਰੇ ਸਾਚੇ ਗੁਰਦੇਵ ॥ ਪੂਰਨ ਹੋਈ ਸੇਵਕ ਸੇਵ ॥ ੨ ॥**

ਜਦੋਂ ਅਸੀਂ ਸਚੇ ਸਤਿਗੁਰੂ ਦੀ ਸ਼ਰਨ ਪਏ ਤਾਂ ਸਾਡੀ ਸੇਵਕਾਂ ਦੀ ਸੇਵਾ ਪੂਰੀ ਹੋ ਗਈ।

**ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ ॥ ਕਹੁ ਨਾਨਕ ਗੁਰ ਕਉ ਕੁਰਬਾਨ ॥ ੩ ॥ ੮ ॥ ੧੦੨ ॥**

ਜਿਸ ਗੁਰੂ ਨੇ ਆਦਮੀ ਦੇ ਸਰੀਰ ਵਿਚ ਪ੍ਰਾਣ ਅਤੇ ਜੋਬਨ ਧਾਰਨ ਕਰ ਰੱਖੇ ਹਨ, ਗੁਰੂ ਜੀ=ਉਸ ਗੁਰੂ ਦੇ ਬਲਿਹਾਰਨੇ ਜਾਈਏ।

## ਆਸਾ ਘਰੁ ੮ ਕਾਫੀ ਮਹਲਾ ੫ ॥

## ੧ ੳ ਸਤਿਗੁਰਪ੍ਰਸਾਦਿ ॥

**ਮੈ ਬੰਦਾ ਬੈਖਰੀਦੁ ਸਚੁ ਸਾਹਿਬੁ ਮੇਰਾ ॥ ਜੀਉ ਪਿੰਡੁ ਸਭੁ ਤਿਸਦਾ ਸਭੁ ਕਿਛੁ ਹੈ ਤੇਰਾ ॥ ੧ ॥**

ਹੇ ਮਾਲਕਾ! ਮੈਂ ਮੁਲ ਲਿਆ ਹੋਇਆ ਆਪਦਾ ਦਾਸ ਹਾਂ ਤੂੰ ਮੇਰਾ ਸੱਚਾ ਮਾਲਕ ਹੈਂ ਜੀਅ ਸਰੀਰ ਜਿਹੜਾ ਸਭ ਕੁਛ ਉਸ ਮਨ ਦਾ ਆਪਣਾ ਮੰਨਿਆਂ ਹੋਇਆ ਸੀ ਸੋ ਹੁਣ ਸਭ ਕੁਛ ਤੇਰਾ ਹੀ ਜਾਣ ਲਿਆ ਹੈ।

Digitized by Panjab Digital Library | www.panjabdigilib.org

**ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥ ਬਿਨੁ ਸਾਚੇ ਅਨਟੇਕ ਹੈ ਸੋ ਜਾਣਹੁ ਕਾਚਾ ॥ ੧ ॥ ਰਹਾਉ ॥**

ਹੇ ਪ੍ਰਮੇਸਰਾ ! ਤੂੰ ਨਿਮਾਣਿਆਂ ਨੂੰ ਆਦਰ ਮਾਣ ਦੇਣ ਵਾਲਾ ਹੈਂ ਅਰ ਤੂੰਹੀ ਧਨੀ ਹੈਂ ਮੈਨੂੰ ਤੇਰਾ ਹੀ ਭਰੋਸਾ ਹੈ,ਹੇ ਸੱਚੇ ਮਾਲਕਾ ! ਤੈਥੋਂ ਬਿਨਾਂ ਜਿਨ੍ਹਾਂ ਨੂੰ ਹੋਰ ਕਿਸੇ ਦਾ ਆਸਰਾ ਹੈ ਓਹਨਾਂ ਨੂੰ ਮੈਂ ਕੱਚਿਆਂ ਜਾਣਦਾ ਹਾਂ।

**ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ ॥ ੨ ॥**

ਜਿਹੜਾ ਤੇਰਾ ਅਪਾਰ ਹੁਕਮ ਹੈ ਓਸਦਾ ਕੋਈ ਅੰਤ ਨਹੀਂ ਪਾ ਸਕਦਾ ਹੈ ਜਿਸਨੂੰ ਪੂਰਾ ਗੁਰੂ ਮਿਲਦਾ ਹੈ ਓਹ ਤੇਰੇ ਹੁਕਮ ਵਿਚ ਚੱਲਦਾ ਹੈ।

**ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥ ੩ ॥**

ਬਾਣੀ ਦੀ ਚਤਰਾਈ ਮਨ ਦੀ ਸਿਆਣਪ ਕਿਸੇ ਕੰਮ ਨਹੀਂ ਆਉਂਦੀ, ਹੇ ਸੱਚੇ ਮਾਲਕਾ ਜੋ ਤੂੰ ਖੁਸ਼ੀ ਹੋਕੇ ਦੇਂਦਾ ਹੈਂ ਓਹ ਹੀ ਅਸੀਂ ਦਾਸ ਖੁਸ਼ੀ ਹੋਕੇ ਸੁਖ ਜਾਣਕੇ ਪਾਂਦੇ ਹਾਂ।

**ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ ॥ ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ ॥ ੪ ॥ ੧ ॥ ੧੦੩ ॥**

ਨਾਮ ਤੋਂ ਬਿਨਾਂ ਜੇ ਭਾਵੇਂ ਲੱਖਾਂ ਹੀ ਕਰਮ ਕਮਾਈਏ ਕੁਛ ਵੀ ਤ੍ਰਿਸ਼ਨਾ ਨੂੰ ਬੰਨ੍ਹਣ ਨਹੀਂ ਪੈਂਦਾ ਹੈ ਭਾਵ ਤ੍ਰਿਸ਼ਨਾ ਰੁਕਦੀ ਨਹੀਂ ਹੈ, ਗੁਰੂ ਜੀ=ਏਸੇ ਕਰਕੇ ਮੈਂ ਦਾਸ ਨੇ ਸਾਰਿਆਂਕਰਮਾਂ ਦਾ ਧੰਦਾ ਛੱਡਿਆ ਹੈ ਅਤੇ ਇਕ ਨਾਮ ਦਾ ਹੀ ਆਸਰਾ ਲਿਆ ਹੈ।

## ਆਸਾ ਮਹਲਾ ੫ ॥

**ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨ ਕੋਈ ॥ ਗੁਰ ਤੁਠੇ ਤੇ ਪਾਈਐ ਸਚੁ ਸਾਹਿਬੁ ਸੋਈ ॥ ੧ ॥**

ਮੈਂ ਸਾਰਿਆਂ ਸੁਖਾਂ ਦਾ ਅਕੱਠ ਵੇਖਿਆ ਹੈ ਪਰਮੇਸਰ ਦੇ ਨਾਮ ਸਿਮਰਨ ਜਿੱਡਾ ਕੋਈ ਸੁਖ ਨਹੀਂ ਹੈ, ਪਰ ਉਹ ਸੁਖ ਸੱਚੇ ਮਾਲਕ ਸਤਿਗੁਰੂ ਦੇ-

Digitized by Panjab Digital Library | www.panjabdigilib.org

ਪਰਸੰਨ ਹੋਨ ਤੋਂ ਪਾਈਦਾ ਹੈ ।

**ਬਲਿਹਾਰੀ ਗੁਰ ਆਪਣੇ ਸਦ ਸਦ ਕੁਰਬਾਨਾ ॥ ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥ ੧ ॥ ਰਹਾਉ ॥**

ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਵਾਂ ਸਦਾ ੨ ਕੁਰਬਾਨ ਹੋਵਾਂ, ਇਕੁਰ ਬੇਨਤੀ ਕਰੀਏ ਕਿ ਹੇ ਗੁਰੂ ਜੀ ! ਇਹ ਦਾਨ ਦਿਓ ਜੋ ਵਾਹਿਗੁਰੂ ਦਾ ਨਾਮ ਇਕ ਖਿਨ ਚਸਾ ਵੀ ਨ ਭੁੱਲੇ ।

**ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥ ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ॥੨॥**

ਓਹੋ ਹੀ ਸੱਚਾ ਸ਼ਾਹੂਕਾਰ ਹੈ ਜਿਸ ਦੇ ਦਿਲ ਅੰਦਰ ਪਰਮੇਸਰ ਦਾ ਨਾਮ ਧਨ ਭਰਿਆ ਹੈ ਓਹ ਮੋਹ ਰੂਪ ਵੱਡੇ ਜਾਲ ਤੋਂ ਛੁੱਟਦਾ ਹੈ ਜਿਸ ਨੇ ਲਗਾਤਾਰ ਗੁਰ ਉਪਦੇਸ ਨੂੰ ਜਪਿਆ ਹੈ ।

**ਗੁਰਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ॥ ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥ ੩॥**

ਮੈਂ ਗੁਰੂ ਦੀ ਮਹਿਮਾਂ ਕੀ ਆਖਾਂ? ਗੁਰੂ ਤਾਂ ਸੱਚ ਤੇ ਵਿਚਾਰ ਦਾ ਸਮੁੰਦ੍ਰ ਹਨ ਓਹ ਗੁਰੂ ਜੁਗਾਂ ਜੁਗਾਂ ਦੇ ਆਦ ਜੁਗਾਦ ਪੂਰੇ ਪ੍ਰਮੇਸਰ ਦਾ ਰੂਪ ਹਨ ।

**ਨਾਮੁ ਧਿਆਵਹੁ ਸਦ ਸਦਾ ਹਰਿ ਹਰਿ ਮਨੁ ਰੰਗੇ ॥ ਜੀਉ ਪ੍ਰਾਣ ਧਨੁ ਗੁਰੂ ਹੈ ਨਾਨਕ ਕੈ ਸੰਗੇ ॥ ੪ ॥ ੨ ॥ ੧੦੪ ॥**

ਓਹਨਾਂ ਸਤਿਗੁਰਾਂ ਦਾ ਦਿੱਤਾ ਹੋਇਆ ਮੈਂ ਹਰਿ ਨਾਮ ਧਿਆਂਦਾ ਹਾਂ ਅਤੇ ਓਸੇ ਨਾਮ ਵਿਚ ਮੁੜ ੨ ਮੈਂ ਮਨ ਬੁਧੀ ਆਦਕ ਰੰਗੇ ਹਨ, ਗੁਰੂ ਜੀ=ਮੇਰਾ ਜੀਆ ਪ੍ਰਾਣ ਧਨ ਮੇਰੇ ਸੰਗ ਸਾਥ ਰਹਿਣ ਵਾਲਾ ਕੇਵਲ ਗੁਰੂ ਹੀ ਹੈ ।

## ਆਸਾ ਮਹਲਾ ੫ ॥

**ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ॥ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ ॥ ੧ ॥**

Digitized by Panjab Digital Library | www.panjabdigilib.org

ਓਹ ਪਰਮੇਸ਼ਰ ਅਲੱਖ ਤੇ ਵੱਡਾ ਹੈ ਜੇ ਥੋੜਾ ਜੇਹਾ ਵੀ ਆਕੇ ਮਨ ਵਿਚ ਵੱਸ ਜਾਵੇ ਤਾਂ ਜਨਮਾਂ ੨ ਦਾ ਦੁਖ ਈਰਖਾ ਦਾ ਦਰਦ ਅਗਜ਼ਾਨ ਦਾ ਰੋਗ ਮੇਰਾ ਸਭ ਦੂਰ ਹੋ ਜਾਵੇ। ਮਾਇ=ਮਾਂ। ਮੈਡਾ=ਮੇਰਾ। ਹਭ=ਸਾਰਾ।

**ਹਉ ਵੰਞਾ ਕੁਰਬਾਣੁ ਸਾਈ ਆਪਣੇ ॥ ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ ॥ ੧ ॥ ਰਹਾਉ ॥**

ਮੈਂ ਆਪਣੇ ਮਾਲਕ ਤੋਂ ਬਲਿਹਾਰ ਜਾਂਦੀ ਹਾਂ ਉਸ ਸਾਈਂ ਦਾ ਜਾਪ ਜਪਨੇ ਨਾਲ ਮਨ ਤਨ ਵਿਚ ਬਹੁਤ ਹੀ ਅਨੰਦ ਹੁੰਦਾ ਹੈ।

**ਬਿੰਦਕ ਗਾਲਿ ਸੁਣੀ ਸਚੇ ਤਿਸੁ ਧਣੀ ॥ ਸੁਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ ॥ ੨ ॥**

ਜਦੋਂ ਉਸ ਸੱਚੇ ਧਨੀ ਪ੍ਰਮੇਸਰ ਨੇ ਮੇਰੀ ਥੋੜੀ ਜਹੀ ਗੱਲ ਸੁਣੀ ਤਾਂ ਸਾਰਿਆਂ ਸੁਖਾਂ ਨਾਲੋਂ ਚੰਗਾ ਸੁਖ ਆਤਮ ਅਨੰਦ ਜਿਸਦੀ ਕੀਮਤ ਆਖੀ ਨਹੀਂ ਜਾਂਦੀ ਹੈ ਹੇ ਮਾਂ! ਮੈਂ ਪਾ ਲਿਆ ਹੈ।

**ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ ॥ ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ ॥ ੩ ॥**

ਜੇਹੜਾ ਆਪਣਿਆਂ ਨੈਣਾਂ ਨਾਲ ਸਾਰਿਆਂ ਨੂੰ ਪਸੰਦੋ=ਵੇਖਦਾ ਹੈ ਉਸਨੂੰ ਜਦੋਂ ਮੈਂ ਅਕਲ ਰੂਪ ਅੱਖਾਂ ਨਾਲ ਵੇਖਿਆ ਤਾਂ ਮੈਂ ਮੋਹਤ ਹੋਗਈ ਹੇ ਮੇਰੀ ਸਖੀ ਨਿਰਗੁਣ ਰੂਪ ਵਾਲੇ ਮਾਲਕ ਨੇ ਆਪ ਹੀ ਆਪਣੇ ਲੜ ਨਾਲ ਲਾ ਲਈ ਹਾਂ ਜਾਂ ਮੈਂ ਬਿਨਾਂ ਗੁਣ ਤੋਂ ਸੀ।

**ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥ ੪ ॥ ੩ ॥ ੧੦੫ ॥**

ਬੇਦ ਕਤੇਬ ਸਾਰੇ ਸੰਸਾਰ ਤੋਂ ਵੱਖਰਾ ਹੈ ਭਾਵ ਇਹ ਉਸ ਦਾ ਅੰਤ ਨਹੀਂ ਪਾ ਸਕਦੇ, ਨਾਨਕ ਦਾ ਪਾਤਸ਼ਾਹ ਜਾਹਰਾ ਦੀਹਦਾ ਹੈ।

## ਆਸਾ ਮਹਲਾ ੫ ॥

**ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ ॥ ਕਵਨ ਜੁਗਤਿ ਮੇਲਾਵਉ ਨਿਰਗੁਣ ਬਿਖਈ ਜੀਉ ॥ ੧ ॥**

ਲੱਖਾਂ ਭਗਤ ਤੈਨੂੰ ਯਾਦ ਕਰਦੇ ਹਨ ਅਤੇ ਹੇ ਪਤੀ ਹੇ ਪਤੀ ਕਰਕੇ ਜਪਦੇ ਹਨ ਹੇ ਦਿਆਲੂ ਮਾਲਕ! ਮੈਨੂੰ ਵਿਸ਼ਈ ਆਦਮੀ ਨੂੰ ਵੀ ਕਿਸੇ ਜੁਗਤੀ

Digitized by Panjab Digital Library | www.panjabdigilib.org

ਦੇ ਨਾਲ ਆਪਣੇ ਵਿਚ ਮਿਲਾ ਲੈ । ਨਿਰਗੁਣ=ਪਰਮੇਸਰ ਜਾਂ ਮੈਂ ਨਿਰਗੁਣਿਆਰੇ ਨੂੰ।

**ਤੇਰੀ ਟੇਕ ਗੋਵਿੰਦ ਗੁਪਾਲ ਦਇਆਲ ਪ੍ਰਭ ॥ ਤੂੰ ਸਭਨਾ ਕੇ ਨਾਥ ਤੇਰੀ ਸ੍ਰਿਸਟਿ ਸਭ ॥ ੧ ॥ ਰਹਾਉ ॥**

ਹੇ ਗੋਬਿੰਦ ਗੁਪਾਲ ਦਿਆਲੂ ਮਾਲਕ ਮੈਨੂੰ ਤੇਰੀ ਹੀ ਓਟ ਹੈ ਤੂੰ ਆਪ ਸਾਰਿਆਂ ਜੀਆਂ ਦਾ ਮਾਲਕ ਹੈਂ ਅਤੇ ਇਹ ਦੁਨੀਆਂ ਸਾਰੀ ਤੇਰੀ ਬਣਾਈ ਹੋਈ ਹੈ ।

**ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥ ਨਾਮ ਬਿਹੂਨੜਿਆ ਸੇ ਮਰਨਿ ਵਿਸੂਰਿ ਵਿਸੂਰਿ ॥ ੨ ॥**

ਹੇ ਸਦਾ ਸਹਾਈ ਹੋਣ ਵਾਲਿਆ ਪਰਮੇਸਰਾ ਤੈਨੂੰ ਸੰਤ ਸਦਾ ਹੀ ਨੇੜੇ ਵੇਖਦੇ ਹਨ ਜੇਹੜੇ ਨਾਮ ਤੋਂ ਰਹਿਤ ਹਨ ਓਹ ਝੁਰ ੨ ਮਰਦੇ ਹਨ ।

**ਦਾਸ ਦਾਸਤਣ ਭਾਇ ਮਿਟਿਆ ਤਿਨ੍ਹਾ ਗਉਣੁ ॥ ਵਿਸਰਿਆ ਜਿਨਾ ਨਾਮੁ ਤਿਨਾੜਾ ਹਾਲੁ ਕਉਣੁ ॥ ੩ ॥**

ਜਿਨ੍ਹਾਂ ਨੂੰ ਦਾਸਾਂ ਵਿਚੋਂ ਦਾਸਾਂ ਵਾਲਾ ਦਾਸ ਪੁਣਾ ਮਿਲਿਆ ਹੈ ਓਹਨਾਂ ਦਾ ਆਵਾਗੌਣ ਮਿਟ ਗਿਆ ਹੈ ॥ ਭਾਇ=ਪ੍ਰੇਮ । ਜਿਨ੍ਹਾਂ ਨੂੰ ਨਾਮ ਭੁਲ ਗਿਆ ਹੈ ਓਹਨਾਂ ਦਾ ਕੀ ਹਾਲ ਹੋਵੇਗਾ? ਭਾਵ ਬਹੁਤ ਮਾੜਾ ।

**ਜੈਸੇ ਪਸੁ ਹਰਿਆਉ ਤੈਸਾ ਸੰਸਾਰੁ ਸਭ ॥ ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ ॥੪॥੪॥ ੧੦੬ ॥**

ਗੁਰੂ ਜੀ=ਹੇ ਮਾਲਕਾ ਜਿੱਕੁਰ ਹਰਿਆਉ ਪਸੂ ਹੁੰਦਾ ਹੈ ਭਾਵ ਮਾਰ ਖਾਂਦਾ ਹੈ ਦੁਖ ਪਾਂਦਾ ਹੈ ਇਕੁਰ ਦਾ ਹੀ ਸਾਰਾ ਸੰਸਾਰ ਹੈ ਸੋ ਆਪ ਕਿਰਪਾ ਕਰਕੇ ਅਗਜਾਨ ਬੰਧਨ ਕੱਟਕੇ ਮਿਲਾ ਲਓ ।

## ਆਸਾ ਮਹਲਾ ੫ ॥

**ਹਭੇ ਥੋਕ ਵਿਸਾਰ ਹਿਕੋ ਖਿਆਲੁ ਕਰਿ ॥ ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ ॥ ੧ ॥**

ਸਾਰੀਆਂ ਚੀਜ਼ਾਂ ਨੂੰ ਭੁਲਾਕੇ ਇਕੋ ਪਰਮੇਸਰ ਦਾ ਖਿਆਲ ਕਰ ਝੂਠਾ ਹੰਕਾਰ ਦੂਰ ਕਰ ਮਨ ਤਨ ਸਾਰ੍ਹਾ ਭੇਟ੍ਹਾ ਕਰ ਦੇਹ ਭਾਵ ਆਪਨੂੰ ਦਾਸ ਜਾਣ ।

Digitized by Panjab Digital Library | www.panjabdigilib.org

**ਆਠ ਪਹਰ ਸਾਲਾਹਿ ਸਿਰਜਨਹਾਰ ਤੂੰ ॥ ਜੀਵਾਂ ਤੇਰੀ ਦਾਤਿ ਕਿਰਪਾ ਕਰਹੁ ਮੂੰ ॥ ੧ ॥ ਰਹਾਉ ॥**

ਤੋਂ ਅਠ ਪਹਿਰ ਪੈਦਾ ਕਰਨ ਵਾਲੇ ਨੂੰ ਸਲਾਹ ਅਤੇ ਇਹ ਆਖ ਕਿ ਹੇ ਮਾਲਕਾ! ਮੈਂ ਤੇਰੇ ਨਾਮ ਦੀ ਦਾਤ ਮਿਲਨ ਪਰ ਜੀਉਂਦਾ ਹਾਂ ਇਸ ਲਈ ਮੇਰੇ ਉਤੇ ਕਿਰਪਾ ਕਰੋ।

**ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥ ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ ॥ ੨ ॥**

ਜਿਸ ਕਰਕੇ ਮੂੰਹ ਉੱਜਲਾ ਹੋਵੇ ਓਹ ਕੰਮ ਕਮਾ ਹੇ ਅੱਲਾ ਜਿਸਨੂੰ ਤੂੰ ਦੇਂਦਾ ਹੈ ਓਹ ਤੇਰੇ ਸੱਚੇ ਨਾਮ ਵਿੱਚ ਲੱਗਦਾ ਹੈ ਭਾਵ ਮਨੁਖ ਜਨਮ ਸਤ-ਸੰਗ ਪਰਮੇਸਰ ਦੀ ਕਿਰਪਾ ਨਾਲ ਮਿਲਿਆ ਹੈ ਸੋ ਇਸੇ ਵਿਚ ਲਗਾ ਰਹੋ।

**ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥ ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥੩ ॥**

ਜੇਹੜਾ ਘਰ ਕਦੀ ਨਹੀਂ ਢਹਿੰਦਾ ਹੈ ਉਸਨੂੰ ਸਵਾਰਨਾ ਕਰ, ਭਾਵ ਪ੍ਰਮੇਸਰ ਰਾਸ=ਸਚਾ ਹੈ ਉਸ ਵਿਚ ਤੂੰ ਮਨ ਲਾਇਕੇ ਪ੍ਰਮੇਸ਼ਰ ਨੂੰ ਚਿਤ ਵਿਚ ਵਸਾ ਲੈ ਜੇਹੜਾ ਕਦੀ ਜੰਮਦਾ ਮਰਦਾ ਨਹੀਂ।

**ਤਿਨ੍ਹਾ ਪਿਆਰਾ ਰਾਮੁ ਜੋ ਪ੍ਰਭ ਭਾਣਿਆ॥ ਗੁਰ ਪਰਸਾਦਿ ਅਕਥੁ ਨਾਨਕ ਵਖਾਣਿਆ ॥ ੪ ॥ ੫ ॥੧੦੭॥**

ਜੇਹੜੇ ਮਾਲਕ ਨੂੰ ਪਿਆਰੇ ਲੱਗਦੇ ਹਨ ਓਹਨਾਂ ਨੂੰ ਰਾਮ ਪਿਆਰਾ ਲੱਗਦਾ ਹੈ ਗੁਰਾਂ ਦੀ ਕਿਰਪਾ ਨਾਲ ਓਹਨਾਂ ਨੇ ਪਰਮੇਸਰ ਨੂੰ ਆਖਿਆ ਭਾਵ ਜਪਿਆ ਹੈ।

## ਆਸਾ ਮਹਲਾ ੫ ॥

**ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ੧ ॥**

ਜਿਨ੍ਹਾਂ ਨੂੰ ਤੇਰਾ ਨਾਮ ਨਹੀਂ ਭੁਲਦਾ ਹੈ ਓਹ ਕਿਸਤਰਾਂ ਦੇ ਹਨ ਹੇ ਮਾਲਕਾ ਮੈਂ ਓਹਨਾਂ ਵਿਚ ਕੁਛ ਵੀ ਫਰਕ ਨਹੀਂ ਜਾਣਦਾ ਹਾਂ ਓਹ ਤੇਰੇ ਹੀ ਬਰਾਬਰ ਹਨ।

**ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ॥ ਸੁਖੁ**

Digitized by Panjab Digital Library | www.panjabdigilib.org

ਪਾਇਆ ਜਨ ਪਰਸਾਦਿ ਦੁਖੁ ਸਭੁ ਮੇਟਿਆ॥੧॥ਰਹਾਉ॥

ਹੇ ਮਾਲਕਾ ਤੇਰੇ ਨਾਲ ਮਿਲਨ ਨਾਲ ਮਨ ਤਨ ਨਿਹਾਲ ਹੋਯਾ ਹੈ ਸੰਤਾਂ ਦੀ ਕਿਰਪਾ ਨਾਲ ਸਾਰਿਆਂ ਦੁਖਾਂ ਨੂੰ ਦੂਰ ਕੀਤਾ ਹੈ ਅਤੇ ਸੁਖ ਹੋਇਆ ਹੈ।

ਜੇਤੇ ਖੰਡ ਬ੍ਰਹਮੰਡ ਉਧਾਰੇ ਤਿੰਨ੍ਹ ਖੇ॥ ਜਿਨ ਮਨਿ ਵੁਠਾ ਆਪਿ ਪੂਰੇ ਭਗਤ ਸੇ॥ ੨ ॥

ਜਿਤਨੇ ਖੰਡ ਬ੍ਰਹਮੰਡ ਭਾਵ ਸਾਰੇ ਸੰਸਾਰਕ ਜੀਵ ਹਨ ਸੋ ਓਹਨਾਂ ਦਾਸਾਂ ਦੀ ਖੇ=ਚਰਨ ਧੂੜ ਨੇ ਉਧਾਰੇ ਹਨ ਜਾਂ ਤਿੰਨ ਖੇ=ਤਿਨਾਂ ਦੇ ਉਧਾਰੇ ਹੋਏ ਉਧਰਦੇ ਹਨ ਜਾਂ ਜਿਨਾਂ ਦੇ ਮਨ ਵਿਚ ਤੂੰ ਆਕੇ ਵਸਿਆ ਹੈਂ ਓਹ ਤੇਰੇ ਪੂਰੇ ਭਗਤ ਹਨ।

ਜਿਸ ਨੋ ਮੰਨੇ ਆਪਿ ਸੋਈ ਮਾਨੀਐ॥ ਪ੍ਰਗਟ ਪੁਰਖੁ ਪਰਵਾਣੁ ਸਭ ਠਾਈ ਜਾਨੀਐ ॥ ੩ ॥

ਜਿਨਾਂ ਨੂੰ ਤੂੰ ਆਪ ਮੰਨਦਾ ਹੈਂ ਓਹਹੀ ਭਗਤ ਜਗਤ ਵਿਚ ਮੰਨੇ ਜਾਂਦੇ ਹਨ ਜਿਹੜਾ ਤੂੰ ਸਾਰਿਆਂ ਪਰਮਾਣਾਂ ਕਰਕੇ ਪ੍ਰਗਟ ਹੀ ਅਕਾਲ ਪੁਰਖ ਹੈਂ ਸੋ ਤੂੰ ਸਾਰਿਆਂ ਥਾਵਾਂ ਵਿਚ ਜਾਣੀਂਦਾ ਹੈ।

ਦਿਨਸੁ ਰੈਣਿ ਆਰਾਧਿ ਸਮ੍ਹਾਲੇ ਸਾਹ ਸਾਹ॥ਨਾਨਕ ਕੀ ਲੋਚਾ ਪੂਰਿ ਸਚੇ ਪਾਤਿਸਾਹ॥ ੪ ॥ ੬ ॥ ੧੦੮॥

ਮੈਂ ਰਾਤ ਦਿਨ ਸਾਸ ਸਾਸ ਮਨ ਬਾਣੀ ਸਰੀਰ ਕਰਕੇ ਤੇਰੀ ਅਰਾਧਣਾ ਕਰਦਾ ਹਾਂ। ਗੁਰੂ ਜੀ=ਹੇ ਸੱਚੇ ਪਾਤਸ਼ਾਹ! ਸਾਡੀ ਇਛਜਾ ਪੂਰੀ ਕਰ।

## ਆਸਾ ਮਹਲਾ ੫ ॥

ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥ ਏਕੁ ਸਾਹਿਬੁ ਸਿਰਿਛਤੁ ਦੂਜਾ ਨਾਹਿ ਕੋਇ ॥ ੧ ॥

ਜਿਹੜਾ ਸਾਰਿਆਂ ਥਾਵਾਂ ਵਿਚ ਪੂਰਨ ਹੋਇਆ ੨ ਹੈ ਓਹ ਇੱਕ ਸਾਡਾ ਮਾਲਕ ਹੈ ਓਹ ਇਕ ਮਾਲਕ ਚੱਕਰਵਰਤੀ ਹੈ ਉਸ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ। ਸਿਰਿ ਛਤ=ਚੱਕ੍ਰ ਵਰਤੀ।

ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ॥ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਰੱਖਣ ਵਾਲਿਆ! ਜਿਕੁਰ ਤੈਨੂੰ ਚੰਗਾ ਲੱਗਦਾ ਹੈ ਓਸੇ ਹੀ ਤਰਾਂ ਤੂੰ ਸਾਨੂੰ ਰੱਖ, ਮੈਂ ਤੈਥੋਂ ਬਿਨਾ ਦੂਸਰਾ ਕੋਈ ਨਜ਼ਰ ਨਾਲ ਨਹੀਂ ਵੇਖਿਆ ਹੈ।

**ਪ੍ਰਤਿਪਾਲੇ ਪ੍ਰਭ ਆਪਿ ਘਟਿਘਟਿ ਸਾਰੀਐ॥ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ ॥ ੨ ॥**

ਹੇ ਮਾਲਕਾ ! ਤੂੰ ਆਪਹੀ ਸਾਰਿਆਂ ਘਟਾਂ ੨ ਦੀ ਸਾਰੀਐ=ਸੰਭਾਲ ਕਰਦਾ ਤੇ ਪਾਲਦਾ ਹੈਂ, ਜਿਸਦੇ ਮਨ ਵਿਚ ਤੂੰ ਵੱਸਿਆ ਹੈਂ ਉਸਨੂੰ ਕਦੀ ਭੁਲਾਂਦਾ ਨਹੀਂ ਹੈਂ।

**ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ॥ ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥ ੩ ॥**

ਜੋ ਕੁਛ ਤੂੰ ਕਰਦਾ ਹੈਂ ਸੋ ਆਪ ਆਪਣੇ ਹੁਕਮ ਵਿਚ ਹੀ ਕਰਦਾ ਹੈਂ, ਜੁੱਗਾਂ ੨ ਵਿੱਚ ਭਗਤਾਂ ਦਾ ਸਹਾਈ ਮੈਂ ਜਾਤਾ ਹੈ।

**ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ॥ਨਾਨਕ ਦਰਸ ਪਿਆਸ ਲੋਚਾ ਪੂਰੀਐ ॥ ੪ ॥ ੭ ॥ ੧੦੯ ॥**

ਹੇ ਪ੍ਰਮੇਸਰ ! ਆਪਦਾ ਨਾਮ ਜਪ ਜਪ ਕੇ ਕਦੀ ਝੂਰਨਾ ਨਹੀਂ ਹੁੰਦਾ ਹੈ, ਗੁਰੂ ਜੀ=ਮੈਨੂੰ ਤੇਰੇ ਦਰਸ਼ਨ ਦੀ ਤੇਹ ਹੈ ਸੋ ਦਰਸ਼ਨ ਦੇਹ ਮੇਰੀ ਇਛਾ ਪੂਰੀ ਕਰ ॥

## ਆਸਾ ਮਹਲਾ ੫ ॥

**ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ॥ ਕਿਤੀਂ ਇਤੁ ਦਰੀਆਇ ਵੰਞਨਿ੍ ਵਹਦਿਆ ॥ ੧ ॥**

ਹੇ ਗਫਲਤ ਵਿਆ ਫੜਿਆ ਹੋਇਆ ਜਾਂ ਗਫਲਤ ਵਿਚ ਕਮਲਿਆ ਹੋਇਆ ੨ ਜੀਵਾ! ਕੀ ਤੂੰ ਨਾਮ ਨੂੰ ਭੁਲਾਕੇ ਅਗਜਾਨ ਵਿਚ ਸੁੱਤਾ ਹੋਯਾ ਹੈਂ ਕਿਤੀਂ=ਕਿਤਨੇ ਸਾਰੇ ਆਦਮੀ ਨਾਮ ਨੂੰ ਭੁਲਾ ਕੇ ਇਸ ਸੰਸਾਰ ਰੂਪ ਦਰਯਾ ਦੇ ਰੋੜ੍ਹ ਵਿਚ ਰੁੜ੍ਹਦੇ ਜਾਂਦੇ ਹਨ। ਵੰਞਨ=ਜਾਂਦੇ। ਵਹਦਿਆ=ਰੁੜ੍ਹਦੇ।

**ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥ ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥ ੧ ॥ ਰਹਾਉ ॥**

ਹੇ ਮਨ ਪਰਮੇਸਰ ਦੇ ਚਰਨਾਂ ਦੇ ਜਹਾਜ਼ ਉੱਤੇ ਚੜ੍ਹਕੇ ਤਾਂ ਤੂੰ ਸੰਸਾਰ ਸਮੁੰਦਰ ਤੋਂ ਲੰਘ ਜਾਵੇਂਗਾ, ਜਿਹੜੇ ਲੰਘ ਗਏ ਹਨ ਓਹਨਾਂ ਸੰਤਾਂ

Digitized by Panjab Digital Library | www.panjabdigilib.org

ਦੇ ਸਤਸੰਗ ਕਰਕੇ ਅੱਠੇ ਪਹਿਰ ਪ੍ਰਮੇਸਰ ਦੇ ਗੁਣ ਗਾ!

**ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ॥ ਹਰਿਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥ ੨ ॥**

ਭਾਵੇਂ ਅਨੇਕ ਤਰਾਂ ਦੇ ਭੋਗ ਭੋਗਦੇ ਹਨ ਪਰ ਨਾਮ ਤੋਂ ਬਿਨਾ ਖਾਲੀ ਹਨ ਕਿਉਂਕਿ ਜਿਹੜੇ ਆਦਮੀ ਪਰਮੇਸਰ ਦੀ ਭਗਤੀ ਤੋਂ ਬਿਨਾਂ ਹਨ ਓਹ ਮੁੜ ਮੁੜ ਜੰਮਦੇ ਮਰਦੇ ਰੋਂਦੇ ਰਹਿੰਦੇ ਹਨ।

**ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ॥ ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥ ੩ ॥**

ਹੇ ਮਨ! ਜਿਸ ਸਰੀਰ ਨੂੰ ਕਪੜੇ ਪਾਂਦਾ ਹੈਂ ਤੇ ਚੰਗੇ ਖਾਣੇ ਖਵਾਂਦਾ ਹੈਂ ਅਤੇ ਵਟਣਿਆਂ ਦੀਆਂ ਮਾਲਸ਼ਾਂ ਮਰਦਨ=ਮਲਦਾ ਹੈਂ ਜਾਂ ਮਾਲਣਾਂ ਫੁਲਾਂ ਦੀਆਂ ਮਾਲਾਂ ਵਾਸ਼ਨਾਂ ਵਾਲੀਆਂ ਪਾਂਦਾ ਹੈਂ ਜਾਂ ਸੁਗੰਧੀਆਂ ਲਾਂਦਾ ਹੈਂ, ਪਰ-ਮੇਸ਼ਰ ਦੇ ਸਿਮਰਨ ਬਿਨਾਂ ਓਹ ਸਰੀਰ ਸੁਆਹ ਹੋ ਜਾਂਣਾ ਹੈ ਤੇ ਜੀਵ ਨੇ ਜਰੂਰ ਤੁਰ ਜਾਣਾਂ ਹੈ।

**ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ॥ ਛੂਟਨੁਹਰਿ ਕੀ ਸਰਣਿ ਲੇਖ ਨਾਨਕ ਲੇਖਿਆ ॥ ੪ ॥੮॥੧੧੦॥**

ਇਹ ਸੰਸਾਰ ਬੜਾ ਔਖਾ ਹੈ ਕਿਸੇ ਵਿਰਲੇ ਨੇ ਹੀ ਇਸਨੂੰ ਗਿਆਨ ਅੱਖਾਂ ਨਾਲ ਵੇਖਿਆ ਹੈ ਅਤੇ ਇਹ ਜਾਣਿਆਂ ਹੈ ਕਿ ਇਸਤੋਂ ਪਰਮੇਸਰ ਦੀ ਸ਼ਰਣ ਨਾਲ ਹੀ ਛੁਟਕਾਰਾ ਹੋਣਾ ਹੈ ਜਾਂ ਹੁੰਦਾ ਹੈ, ਇਹ ਗੁਰੂ ਨਾਨਕ ਨੇ ਸੱਚਾ ਲੇਖਾ ਲਿਖਿਆ ਹੈ।

## ਆਸਾ ਮਹਲਾ ੫ ॥

**ਕੋਇ ਨ ਕਿਸਹੀ ਸੰਗਿ ਕਾਹੇ ਗਰਬੀਐ॥ ਏਕੁਨਾਮੁ ਆਧਾਰੁ ਭਉਜਲੁ ਤਰਬੀਐ ॥ ੧ ॥**

ਕੋਈ ਕਿਸੇ ਦਾ ਸੰਗੀ ਨਹੀਂ ਹੈ ਫਿਰ ਕਿਉਂ ਹੰਕਾਰ ਕਰੀਏ ਇਕ ਨਾਮ ਦਾ ਆਸਰਾ ਲੈਣ ਨਾਲ ਸੰਸਾਰ ਤੋਂ ਤਰੀਦਾ ਹੈ।

**ਮੈ ਗਰੀਬ ਸਚੁ ਟੇਕਿ ਤੂੰ ਮੇਰੇ ਸਤਿਗੁਰ ਪੂਰੇ॥ ਦੇਖਿ ਤੁਮਾਰਾ ਦਰਸਨੋ ਮੇਰਾ ਮਨੁ ਧੀਰੇ ॥ ੧ ॥ ਰਹਾਉ ॥**

ਹੇ ਮੇਰੇ ਪੂਰੇ ਸਤਿਗੁਰੂ! ਤੂੰ ਮੈਂ ਗਰੀਬ ਦਾ ਠੀਕ ਸੱਚਾ ਆਸਰਾ ਹੈਂ,

Digitized by Panjab Digital Library | www.panjabdigilib.org

ਤੇਰਾ ਦਰਸ਼ਨ ਕਰਕੇ ਮੇਰਾ ਮਨ ਧੀਰਜ ਵਾਲਾ ਹੁੰਦਾ ਹੈ।

**ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ ॥ ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋ ॥ ੨ ॥**

ਰਾਜ ਮਾਲ ਇਕ ਤਰਾਂ ਦਾ ਜੰਜਾਲ ਹੈ ਇਸ ਲਈ ਇਸ ਨੂੰ ਕਿਸੇ ਕੰਮ ਨ ਗਿਣ, ਜਿਹੜਾ ਪਰਮੇਸਰ ਦੇ ਜਸ ਦਾ ਆਸਰਾ ਕਰਨਾ ਹੈ ਇਹ ਟਿਕਿਆ ਰਹਣ ਵਾਲਾ ਧਨ ਹੈ।

**ਜੇਤੇ ਮਾਇਆ ਰੰਗ ਤੇਤ ਪਛਾਵਿਆ ॥ ਸੁਖਕਾਨਾਮੁ ਨਿਧਾਨੁ ਗੁਰਮੁਖਿ ਗਾਵਿਆ ॥ ੩ ॥**

ਜਿਤਨੇ ਮਾਇਆ ਦੇ ਤਮਾਸ਼ੇ ਹਨ ਸੋ ਸਾਰੇ ਹੀ ਰੁੱਖ ਦੇ ਪਰਛਾਵੇਂ ਵਰਗੇ ਝੂਠੇ ਹਨ, ਜਿਹੜਾ ਨਾਮ ਸੁਖਾਂ ਦਾ ਖ਼ਜ਼ਾਨਾ ਹੈ ਓਸਨੂੰ ਗੁਰਮੁਖਾਂ ਨੇ ਗਾਵਿਆਂ ਹੈ।

**ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ॥ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ॥੪॥੯॥੧੧੧॥**

ਹੇ ਡੂੰਘਿਆ ਟਿਕਿਆ ਰਹਿਣ ਵਾਲਿਆ ਮਾਲਕਾ! ਤੂੰ ਸੱਚਾ ਗੁਣਾਂ ਦਾ ਖਜ਼ਾਨਾ ਹੈਂ, ਗੁਰੂ ਜੀ=ਮੇਰੇ ਜੀਅ ਨੂੰ ਆਸਾ ਤੇ ਭਰੋਸਾ ਇਕ ਤੇਰੇ ਮਾਲਕ ਦਾ ਹੀ ਹੈ।

## ਆਸਾ ਮਹਲਾ ੫ ॥

**ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ ॥ ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ ॥੧॥**

ਜਿਸਦੇ ਸਿਮਰਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ ਅਤੇ ਅਸਲੀ ਸੁਖ ਆ ਮਿਲਦਾ ਹੈ, ਰਾਤ ਦਿਨ ਹੱਥ ਜੋੜਕੇ ਉਸ ਪਰਮੇਸਰ ਦੇ ਨਾਮ ਦਾ ਹਰ ਤਰਾਂ ਦੇ ਨਾਲ ਜਾਪ ਕਰੀਏ।

**ਨਾਨਕ ਕਾ ਪ੍ਰਭੁ ਸੋਇ ਜਿਸਕਾ ਸਭੁ ਕੋਇ॥ ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ॥ ੧ ॥ ਰਹਾਉ ॥**

ਗੁਰੂ ਜੀ=ਮੇਰਾ ਮਾਲਕ ਓਹ ਹੈ ਜਿਸਦਾ ਸਭ ਕੋਈ ਬਣਾਯਾ ਹੋਇਆ ਹੈ ਅਤੇ ਓਹ ਸੱਚਾ ਹੈ ਸਾਰਿਆਂ ਵਿਚ ਮਿਲਿਆ ਹੋਇਆ ਹੈ ਅਤੇ ਜਿਸਦੀ ਸੋਇ=ਸੋਭਾ ਸੱਚੀ ਹੈ।

Digitized by Panjab Digital Library | www.panjabdigilib.org

**ਅੰਤਰਿ ਬਾਹਰਿ ਸੰਗਿ ਸਹਾਈ ਗਿਆਨ ਜੋਗੁ ॥ ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ ॥ ੨ ॥**

ਅੰਦਰ ਬਾਹਰ ਨਾਲ ਸਹਾਈ ਹੈ ਭਾਵ ਦਿਲਵਿਚ ਤੇ ਸਾਰਿਆਂ ਥਾਵਾਂ ਵਿਚ ਸਹੈਤਾ ਕਰਦਾ ਹੈ ਅਤੇ ਜਾਨਣੇ ਜੋਗ ਹੈ, ਜਿਸਦੇ ਅਰਾਧਨ ਨਾਲ ਸਾਰੇ ਰੋਗ ਦੂਰ ਹੋ ਜਾਂਦੇ ਹਨ ਹੇ ਮਨ ਉਸਦਾ ਅਰਾਧਨਾ ਕਰ।

**ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥ ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥ ੩ ॥**

ਜਿਹੜਾ ਰੱਖਯਾ ਕਰਨ ਵਾਲਾ ਵੱਡਾ ਮਾਲਕ ਹੈ ਓਹ ਪੇਟ ਦੀ ਅੱਗ ਵਿਚ ਰੱਖਦਾ ਹੈ, ਉਸ ਪ੍ਰਮੇਸਰ ਦਾ ਨਾਮ ਹਰ ਤਰਾਂ ਨਾਲ ਠੰਡਾ ਹੈ ਕਿਉਂਕਿ ਜਪਣ ਨਾਲ ਤਪਤ ਦੂਰ ਹੋ ਜਾਂਦੀ ਹੈ।

**ਸੂਖ ਸਹਜ ਆਨੰਦ ਘਣਾ ਨਾਨਕ ਜਨ ਧੂਰਾ ॥ ਕਾਰਜ ਸਗਲੇ ਸਿਧਿ ਭਏ ਭੇਟਿਆ ਗੁਰੁ ਪੂਰਾ ॥ ੪ ॥ ੧੦ ॥ ੧੧੨ ॥**

ਸ਼ਾਂਤੀ ਸੁਖ ਗਿਆਨ ਭਾਵ ਆਤਮ ਅਨੰਦ ਤੇ ਸੰਸਾਰ ਦਾ ਅਨੰਦ ਤੇਰੇ ਦਾਸਾਂ ਦੀ ਚਰਨ ਧੂੜ ਨਾਲ ਬਹੁਤ ਹੀ ਮਿਲਦਾ ਹੈ। ਗੁਰੂ ਜੀ=ਜਿਸਨੂੰ ਪੂਰਾ ਸਤਿਗੁਰੂ ਮਿਲਿਆ ਹੈ ਉਸਦੇ ਲੋਕ ਪਰਲੋਕ ਸਾਰੇ ਕਾਰਜ ਸੌਰ ਗਏ ਹਨ।

## ਆਸਾ ਮਹਲਾ ੫ ॥

**ਗੋਬਿੰਦੁ ਗੁਣੀ ਨਿਧਾਨੁ ਗੁਰਮੁਖਿ ਜਾਣੀਐ ॥ ਹੋਇ ਕ੍ਰਿਪਾਲੁ ਦਇਆਲੁ ਹਰਿ ਰੰਗੁ ਮਾਣੀਐ ॥ ੧ ॥**

ਜਿਹੜਾ ਗੋਬਿੰਦ ਗੁਣਾਂ ਦਾ ਖਜ਼ਾਨਾ ਹੈ ਉਸਨੂੰ ਗੁਰਮੁਖ ਹੀ ਜਾਣਦੇ ਹਨ, ਜਦੋਂ ਓਹ ਦਿਆਲੂ ਕ੍ਰਿਪਾਲੂ ਹੁੰਦਾ ਹੈ ਤਾਂ ਹਰ ਤਰਾਂ ਦੇ ਅਨੰਦ ਮਾਣੀਦੇ ਹਨ।

**ਆਵਹੁ ਸੰਤਮਿਲਾਹ ਹਰਿਕਥਾ ਕਹਾਣੀਆ॥ ਅਨਦਿਨੁ ਸਿਮਰਹ ਨਾਮੁ ਤਜਿ ਲਾਜ ਲੋਕਾਣੀਆ ॥੧॥ ਰਹਾਉ॥**

ਹੇ ਸੰਤੋ! ਆਓ ਮਿਲਕੇ ਪਿਆਰੇ ਦੀਆਂ ਕਥਾ ਕਹਾਣੀਆਂ ਕਰੀਏ ਤੇ ਲੋਕ ਲੱਜਜਾ ਨੂੰ ਛੱਡਕੇ ਰਾਤ ਦਿਨ ਪ੍ਰਮੇਸਰ ਦੇ ਨਾਮ ਨੂੰ ਯਾਦ ਕਰੀਏ।

Digitized by Panjab Digital Library | www.panjabdigilib.org

**ਜਪਿਜਪਿ ਜੀਵਾ ਨਾਮੁ ਹੋਵੈ ਅਨਦੁ ਘਣਾ॥ਮਿਥਿਆ ਮੋਹੁ ਸੰਸਾਰੁ ਝੂਠਾ ਵਿਣਸਣਾ ॥ ੨ ॥**

ਮੈਂ ਨਾਮ ਨੂੰ ਜਪ ਜਪ ਕੇ ਜੀਂਦਾ ਹਾਂ ਕਿਉਂਕਿ ਇੱਕੁਤ ਬਹੁਤ ਹੀ ਅਨੰਦ ਹੁੰਦਾ ਹੈ ਤੇ ਸੰਸਾਰ ਵਿਚ ਮੋਹ ਵੀ ਝੂਠਾ ਹੈ ਤੇ ਸੰਸਾਰ ਵੀ ਝੂਠਾ ਹੈ ਜਿਸਨੇ ਅੰਤ ਨੂੰ ਨਾਸ ਹੋਜਾਣਾਂ ਹੈ।

**ਚਰਣ ਕਮਲ ਸੰਗ ਨੇਹੁ ਕਿਨੈ ਵਿਰਲੈ ਲਾਇਆ॥ ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ ॥ ੩ ॥**

ਪਰਮੇਸਰ ਦੇ ਚਰਨਾਂ ਕਮਲਾਂ ਨਾਲ ਪ੍ਰੇਮ ਕਿਸੇ ਵਿਰਲੇ ਨੇ ਹੀ ਲਾਯਾ ਹੈ ਜਿਸਨੇ ਪਰਮੇਸਰ ਦਾ ਨਾਮ ਧਿਆਯਾ ਹੈ ਉਸਦਾ ਮੂੰਹ ਸੋਹਣਾ ਤੇ ਧੰਨ ਹੈ।

**ਜਨਮ ਮਰਣ ਦੁਖਕਾਲ ਸਿਮਰਤ ਮਿਟਿ ਜਾਵਈ॥ ਨਾਨਕ ਕੈ ਸੁਖੁ ਸੋਇਜੋ ਪ੍ਰਭ ਭਾਵਈ॥੪॥੧੧॥੧੧੩॥**

ਜਨਮ ਮਰਨ ਦਾ ਦੁਖ ਪ੍ਰਮੇਸਰ ਨੂੰ ਯਾਦ ਕਰਨ ਨਾਲ ਦੂਰ ਹੋ ਜਾਂਦਾ ਹੈ, ਗੁਰੂਜੀ=ਜੋ ਕੁਛ ਮਾਲਕ ਨੂੰ ਚੰਗਾ ਲੱਗਦਾ ਹੈ ਸਾਨੂੰ ਵੀ ਤਾਂ ਓਹ ਹੀ ਜਾਂ ਓਸੇ ਹੀ ਵਿੱਚ ਸੁਖ ਹੈ।

## ਆਸਾ ਮਹਲਾ ੫ ॥

**ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭ ਭੁੰਚਹ ॥ ਅੰਮ੍ਰਿਤ ਨਾਮੁਹਰਿ ਹਰਿਜਪਹ ਮਿਲਿ ਪਾਪਾ ਮੁੰਚਹ॥੧॥**

ਹੇ ਮਿੱਤਰੋ ਆਓ ਅਸੀਂ ਸਾਰੇ ਕੱਠੇ ਹੋਕੇ ਮਾਲਕ ਦੇ ਪਰੇਮ ਰਸ ਨੂੰ ਜਿਹੜਾ ਬੜੇ ਜਤਨ ਨਾਲ ਖਿੱਚ ਕੇ ਕੱਢਿਆ ਹੋਇਆ ਹੈ, ਖਾਈਏ ਭਾਵ ਅਨੰਦ ਲਈਏ। ਹਰਿਆਂ ਕਰਨ ਵਾਲੇ ਹਰੀ ਦਾ ਅੰਮ੍ਰਿਤ ਨਾਮ ਮਿਲਕੇ ਜਪੀਏ ਅਤੇ ਸਾਰਿਆਂ ਪਾਪਾਂ ਨੂੰ ਪਰੇ ਮੁੰਚਹ=ਸੁਟੀਏ।

**ਤਤੁਵੀਚਾਰਹੁ ਸੰਤ ਜਨਹੁ ਤਾਤੇ ਬਿਘਨੁ ਨ ਲਾਗੈ॥ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ਰਹਾਉ॥**

ਹੇ ਸੰਤ ਜਨੋਂ ! ਪਰਮੇਸਰ ਰੂਪ ਤੱਤ ਦਾ ਵਿਚਾਰ ਕਰੋ, ਫਿਰ ਕਿਸੇਤਰਾਂ ਦਾ ਵਿਘਨ ਨਹੀਂ ਲੱਗੇਗਾ। ਜਿਹੜਾ ਆਦਮੀ ਗੁਰਾਂ ਦੁਆਰੇ ਤੱਤ ਦਾ ਵਿਚਾਰ ਕਰਨ ਵਿਚ ਜਾਗਦਾ ਹੈ ਉਸਦੇ ਕਾਮ ਆਦਕਚੋਰ ਨਾਸਹੋ ਜਾਂਦੇਹਨ।

**ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖਜਾਰਹੁ॥ਸਾਚਾ**

Digitized by Panjab Digital Library | www.panjabdigilib.org

**ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥ ੨ ॥**

ਜੇਹੜੀ ਅਕਲ ਵਿਚ ਗਰੀਬੀ ਧਾਰਨੀ ਹੈ ਉਹੋਹੀ ਖਰਚ ਲਓ ਅਤੇ ਹੰਗਤਾ ਮਮਤਾ ਵਿਹੁ ਨੂੰ ਸਾੜ ਦਿਓ, ਸੱਚੇ ਹੱਟ ਸਤਸੰਗ ਵਿਚ ਸਤਨਾਮ ਦਾ ਪੂਰਾ ਸੌਦਾ ਹੈ ਉਸ ਵਖਰ=ਸੌਦੇ ਨੂੰ ਖਰੀਦਣਾਂ ਕਰੋ।

**ਜੀਉ ਪਿੰਡੁ ਧਨੁ ਅਰਪਿਆ ਸੇਈ ਪਤਵੰਤੇ ॥ ਆਪ- ਣੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥ ੩ ॥**

ਜਿਨ੍ਹਾਂ ਨੇ ਸਤਸੰਗ ਵਿਚ ਜਾਕੇ ਜੀਅ ਸਰੀਰ ਤੇ ਧਨ ਅਪਣਾ ਭੇਟਾ ਕਰ ਦਿੱਤਾ ਹੈ ਓਹ ਹੀ ਇਜ਼ਤ ਵਾਲੇ ਬਣ ਗਏ ਹਨ ਤੇ ਆਪਣੇ ਮਾਲਕ ਨੂੰ ਚੰਗੇ ਲੱਗੇ ਹਨ ਅਤੇ ਰੋਜ ਹੀ ਮਾਲਕ ਦੇ ਨਾਲ ਅਨੰਦ ਕਰਦੇ ਹਨ।

**ਦੁਰਮਤਿ ਮਦੁ*ਜੋ ਪੀਵਤੇ ਬਿਖਲੀਪਤਿ ਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ ੪ ॥ ੧੨ ॥ ੧੧੪ ॥**

ਜਿਹੜੇ ਖੋਟੀ ਅਕਲ ਵਾਲੇ ਸ਼ਰਾਬ ਨੂੰ ਪੀਂਦੇ ਹਨ ਓਹ ਬਿਖਲੀ=ਖੋਟੀ ਇਸਤ੍ਰੀ ਦੇ ਪਤੀ ਬਣਦੇ ਹਨ ਜਾਂ ਬਿਖਲੀਪਤ=ਵਿਸ਼ਿਆਂ ਵਿਚ ਲਿੰਬੇ ਜਾਂਦੇ ਹਨ ਓਹਨਾਂ ਦੀ ਅਕਲ ਸਦਾ ਕਮਲੀ ਹੋਈ ਰਹਿੰਦੀ ਹੈ। ਗੁਰੂ ਜੀ=ਜੇਹੜੇ ਆਦਮੀ ਪਰਮੇਸਰ ਦੇ ਨਾਮ ਰਸਾਂ ਦੇ ਘਰ ਵਿਚ ਰੱਤੇ ਰਹਿੰਦੇ ਹਨ ਓਹ ਸੱਚੇ ਅਮਲੀ ਹਨ।

## ਆਸਾ ਮਹਲਾ ੫ ॥

**ਉਦਮੁ ਕੀਆ ਕਰਾਇਆ ਆਰੰਭੁ ਰਚਾਇਆ॥ਨਾਮੁ ਜਪੇ ਜਪਿ ਜੀਵਣਾ ਗੁਰ ਮੰਤ੍ਰੁ ਦ੍ਰਿੜਾਇਆ ॥ ੧ ॥**

ਅਸਾਂ ਗੁਰਾਂ ਦਾ ਕਰਾਇਆ ਹੋਇਆ ਉੱਦਮ ਕੀਤਾ ਹੈ, ਕਿਹੜਾ ਉੱਦਮ? ਜੇਹੜਾ ਜਪ ਤਪ ਦਾ ਅਰੰਭ ਰਚਾਯਾ ਹੈ ਜਦੋਂ ਤੋਂ ਗੁਰਾਂ ਨੇ ਉਪਦੇਸ਼ ਪੱਕਾ ਕਰਾਇਆ ਹੈ ਤਦ ਤੋਂ ਨਾਮ ਜਪ ਜਪ ਕੇ ਜੀਉਣਾਂ ਹੁੰਦਾ ਹੈ।

---

*ਸ਼ਰਾਬ ਪੀਣੀ ਬਹੁਤ ਮਾੜੀ ਹੈ ਜਿਹੜੇ ਪੀਂਦੇ ਹਨ ਓਹ ਚੰਗੇ ਆਦਮੀ ਨਹੀਂ ਹਨ। ਗੁਰੂ ਜੀ ਨਿਰਾ ਸ਼ਰਾਬ ਤੋਂ ਹੀ ਨਹੀਂ ਵਰਜਦੇ ਸਗੋਂ ਸਾਰਿਆਂ ਨਸ਼ਿਆਂ ਤੋਂ ਰੋਕਦੇ ਹਨ, ਐਵੇਂ ਹੀ ਆਦਮੀ ਦੀ ਮੱਤ ਮਾਰੀ ਰਹਿੰਦੀ ਹੈ, ਜੇ ਕੋਈ ਨਸ਼ਾ ਪੀ ਲਏ ਤੇਤਾਂ ਫਿਰ ਕੀ ਗੱਲ ਕਰਨੀ ਹੈ।

Digitized by Panjab Digital Library | www.panjabdigilib.org

**ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾ-ਰਿਆ ॥ ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥ ੧ ॥ ਰਹਾਉ ॥**

ਜਿਸਨੇ ਸਾਡਾ ਭਰਮ ਦੂਰ ਕਰ ਦਿਤਾ ਹੈ ਅਸੀਂ ਉਸ ਗੁਰੂ ਦੇ ਚਰਨੀ ਪੈਂਦੇ ਹਾਂ, ਮਾਲਕ ਨੇ ਅਪਣੀ ਕ੍ਰਿਪਾ ਕਰਕੇ ਸੱਚੀ ਭਗਤੀ ਦਾ ਸਾਜ ਦੇਕੇ ਮੈਨੂੰ ਸਵਾਰਿਆ ਹੈ।

**ਕਰੁ ਗਹਿ ਲੀਨੇ ਆਪਣੇ ਸਚੁ ਹੁਕਮਿ ਰਜਾਈ॥ ਜੋ ਪ੍ਰਭਿ ਦਿਤੀ ਦਾਤਿ ਸਾ ਪੂਰਨ ਵਡਿਆਈ॥ ੨ ॥**

ਆਗਜ਼ਾ ਦੇਣ ਵਾਲੇ ਸੱਚੇ ਰਜਾਈ ਪ੍ਰਮੇਸਰ ਨੇ ਸਾਨੂੰ ਅਪਣੇ ਦਾਸ ਜਾਣਕੇ ਹੱਥ ਨਾਲ ਫੜ ਲਿਆ ਹੈ ਜਿਹੜੀ ਮਾਲਕ ਨੇ ਮੈਨੂੰ ਦਾਤ ਦਿੱਤੀ ਹੈ ਓਹ ਪੂਰੀ ਵਡਿਆਈ ਦਿੱਤੀ ਹੈ ਭਾਵ ਨਾਮ ਦਿੱਤਾ ਹੈ।

**ਸਦਾ ਸਦਾ ਗੁਣ ਗਾਈਅਹਿ ਜਪਿ ਨਾਮੁ ਮੁਰਾਰੀ॥ ਨੇਮੁ ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾ ਧਾਰੀ ॥ ੩ ॥**

ਹੰਕਾਰ ਨੂੰ ਮਾਰਨ ਵਾਲੇ ਪ੍ਰਮੇਸਰ ਦਾ ਨਾਮ ਜਪ ਕੇ ਫਿਰ ਸਦਾ ੨ ਉਸਦੇ ਗੁਣਗਾਈਏ ਸਤਿਗੁਰੂ ਮਾਲਕ ਨੇ ਅਪਣੀ ਕ੍ਰਿਪਾ ਧਾਰਕੇ ਸਾਡਾ ਨਾਮ ਸਿਮਰਨ ਦਾ ਨੇਮ ਪੂਰਾ ਕਰ ਲਿਆ ਹੈ, ਭਾਵ ਤੋੜ ਪੁਚਾਯਾ ਹੈ।

**ਨਾਮੁ ਧਨੁ ਗੁਣ ਗਾਉ ਲਾਭੁ ਪੂਰੈ ਗੁਰਿ ਦਿਤਾ ॥ ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ ॥ ੪ ॥ ੧੩ ॥ ੧੧੫ ॥**

ਨਾਮ ਜਪਣਾਂ ਗੁਣ ਗੌਣੇ ਇਸ ਧਨ ਦਾ ਲਾਭ ਪੂਰਿਆਂ ਗੁਰਾਂ ਦਿਤਾ ਹੈ,ਗੁਰੂ ਜੀ=ਮਾਲਕ ਤਾਂ ਅਮਿਤਾ=ਵੱਡਾ ਸ਼ਾਹੂਕਾਰ ਹੈ ਅਰ ਸੰਤ ਉਸਦੇ ਵਣਜਾਰੇ ਹਨ।

## ਆਸਾ ਮਹਲਾ ੫ ॥

**ਜਾਕਾ ਠਾਕੁਰੁ ਤੁਹੀ ਪ੍ਰਭ ਤਾਕੇ ਵਡਭਾਗਾ ॥ ਓਹੁ ਸੁਹੇਲਾ ਸਦ ਸੁਖੀ ਸਭੁ ਭ੍ਰਮੁ ਭਉ ਭਾਗਾ ॥ ੧ ॥**

ਹੇ ਪਰਮੇਸਰਾ! ਜਿਸਦਾ ਤੂੰ ਮਾਲਕ ਹੈਂ ਉਸਦੇ ਬੜੇ ਵਡੇ ਭਾਗ ਹਨ

Digitized by Panjab Digital Library | www.panjabdigilib.org

ਓਹ ਪਰਲੋਕ ਵਿਚ ਸੁਖੀ ਹੋਵੇਗਾ ਤੇ ਇਸ ਲੋਕ ਵਿਚ ਵੀ ਸਦਾ ਸੁਖੀ ਰਹੇਗਾ ਅਤੇ ਉਸਦਾ ਹਰ ਤਰਾਂ ਦਾ ਭਰਮ ਡਰ ਦੂਰ ਹੋ ਜਾਵੇਗਾ।

**ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ॥ ਕਰਨ ਕਰਾਵਨਸਗਲ ਬਿਧਿਸੋ ਸਤਿਗੁਰੂ ਹਮਾਰਾ॥੧॥ਰਹਾਉ॥**

ਅਸੀਂ ਉਸ ਪਰਮੇਸਰ ਦੇ ਨੌਕਰ ਹਾਂ ਜਿਹੜਾ ਮਾਲਕ ਮੇਰਾ ਵੱਡਾ ਭਾਰਾ ਹੈ, ਜਿਹੜਾ ਸਾਰੀਆਂ ਰੀਤੀਆਂ ਦੇ ਕਰਨ ਕਰਾਉਣ ਵਾਲਾ ਹੈ ਸੋ ਓਹ ਤੂੰ ਹੀ ਸਾਡਾ ਸਤਿਗੁਰੂ ਹੈਂ।

**ਦੂਜਾ ਨਾਹੀ ਅਉਰੁ ਕੋ ਤਾਕਾ ਭਉ ਕਰੀਐ ॥ ਗੁਰ ਸੇਵਾ ਮਹਲੁ ਪਾਈਐ ਜਗੁ ਦੁਤਰੁ ਤਰੀਐ ॥ ੨ ॥**

ਹੋਰ ਕੋਈ ਦੂਸਰਾ ਨਹੀਂ ਹੈ ਤਾਂ ਫਿਰ ਕਿਸੇ ਦਾ ਕਿਉਂ ਡਰ ਕਰੀਏ ਭਾਵ ਮੰਨੀਏਂ ? ਗੁਰੂ ਦੀ ਸੇਵਾ ਨਾਲ ਤੇਰਾ ਮਹਲ ਲੱਭਦਾ ਹੈ ਅਤੇ ਔਖੇ ਸੰਸਾਰ ਸਮੁੰਦ੍ਰ ਤੋਂ ਤਰ ਜਾਈਦਾ ਹੈ।

**ਦ੍ਰਿਸਟਿ ਤੇਰੀ ਸੁਖੁ ਪਾਈਐ ਮਨ ਮਾਹਿ ਨਿਧਾਨਾ॥ ਜਾਕਉ ਤੁਮ ਕਿਰਪਾਲ ਭਏ ਸੇਵਕ ਸੇ ਪਰਵਾਨਾ ॥੩॥**

ਤੇਰੀ ਕ੍ਰਿਪਾ ਦੀ ਨਜ਼ਰ ਨਾਲ ਹੀ ਸੁਖ ਪਾਈਦਾ ਹੈ। ਹੇ ਗੁਣ ਨਿਧਾਨ ਤੂੰ ਮਨ ਦੇ ਵਿੱਚ ਹੀ ਹੈਂ, ਜਿਸਦੇ ਉੱਤੇ ਤੂੰ ਕ੍ਰਿਪਾਲੂ ਹੁੰਦਾ ਹੈਂ ਓਹ ਸੇਵਕ ਮੰਨਿਆਂ ਜਾਂਦਾ ਹੈ।

**ਅੰਮ੍ਰਿਤਰਸੁ ਹਰਿ ਕੀਰਤਨੋ ਕੋ ਵਿਰਲਾਪੀਵੈ ॥ ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ ॥ ੪ ॥ ੧੪ ॥ ੧੧੬ ॥**

ਹੇ ਹਰੀ ! ਤੇਰੇ ਕੀਰਤਨ ਦਾ ਅੰਮ੍ਰਿਤ ਰਸ ਕੋਈ ਵਿਰਲਾ ਹੀ ਪੀਂਦਾ ਹੈ,ਗੁਰੂ ਜੀ=ਮੈਨੂੰ ਇਕ ਤੇਰੇ ਨਾਲ ਦਾ ਵਜਹੁ=ਰੋਜੀਨਾ ਜਾਂ ਛਮਾਹੀ ਮਿਲ ਜਾਵੇ, ਜੋ ਅਸੀਂ ਦਿਲ ਨਾਲ ਤੇਰਾ ਜਾਪ ਜਪ ਜਪਕੇ ਜੀਉਂਦੇ ਰਹੀਏ।

## ਆਸਾ ਮਹਲਾ ੫ ॥

**ਜਾ ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ ॥ ਸਭੁ ਕਿਛੁ ਤਾਕਾ ਕਾਂਢੀਐ ਥੋਰਾ ਅਰੁ ਮੂਚਾ ॥ ੧ ॥**

Digitized by Panjab Digital Library | www.panjabdigilib.org

ਜਿਸ ਮਾਲਕ ਦੀ ਮੈਂ ਦਾਸੀ ਹਾਂ ਓਹ ਸਾਰਿਆਂ ਤੋਂ ਉੱਚਾ ਹੈ, ਥੋੜਾ ਵੀ ਅਤੇ ਮੁਚਾ=ਬਹੁਤਾ ਵੀ ਸਭ ਕੁਛ ਉਸੇ ਦਾ ਹੀ ਕਾਂਢੀਐ=ਆਖੀਦਾ ਹੈ।

**ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ॥ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ ॥੧॥ ਰਹਾਉ ॥**

ਜੀਅ, ਪ੍ਰਾਣ, ਧਨ ਜੋ ਕੁਛ ਮੇਰਾ ਹੈ ਸੋ ਮੈਂ ਸਾਰੀ ਵਸਤੂ ਮਾਲਕ ਦੀ ਮੰਨੀ ਹੈ ਜਾਂ ਮਨੀਆਂ=ਵਡਿਆਈ ਹੈ ਜਿਸਦੇ ਨਾਮ ਜਪਨ ਨਾਲ ਮੇਰੀ ਅਕਲ ਨਿਰਮਲ ਹੋਈ ਹੈ ਮੈਂ ਅਪਣੇ ਆਪ ਨੂੰ ਉਸ ਦੀ ਦਾਸੀ ਗਿਣਦੀ ਹਾਂ।

**ਵੇਪਰਵਾਹੁ ਅਨੰਦ ਮੈ ਨਾਉਮਾਣਕ ਹੀਰਾ ॥ ਰਜੀ ਧਾਈ ਸਦਾ ਸੁਖੁ ਜਾਕਾ ਤੂੰ ਮੀਰਾ ॥ ੨ ॥**

ਜਿਸਦੇ ਪਾਸ ਓਹ ਹੀਰਾ ਮਾਲਕ ਰੂਪ ਨਾਮ ਹੈਗਾ ਹੈ ਓਹ ਬੇਪਰਵਾਹ ਹੈ ਅਤੇ ਅਨੰਦ ਰੂਪ ਹੈ ਇੱਕੁਰ ਬੇਨਤੀ ਕਰਦੇ ਹਾਂ ਹੇ ਪ੍ਰਮੇਸਰਾ ਜਿਸਦਾ ਤੂੰ ਬਾਦਸ਼ਾਹ ਹੈਂ ਉਸ ਨੂੰ ਸਦਾ ਸੁਖ ਹੈ ਤੇ ਪਹਿਲੇ ਬੇਸਮਝੀ ਵੇਲੇ ਜੇਹੜੀ ਅਕਲ ਪਦਾਰਥਾਂ ਵੱਲ ਧਾਂਦੀ ਸੀ ਓਹ ਰੱਜ ਗਈ ਹੈ।

**ਸਖੀ ਸਹੇਰੀ ਸੰਗਕੀ ਸੁਮਤਿ ਦ੍ਰਿੜਾਵਉ ॥ ਸੇਵਹੁ ਸਾਧੂ ਭਾਉ ਕਰਿ ਤਉ ਨਿਧਿ ਹਰਿ ਪਾਵਉ ॥ ੩ ॥**

ਜੇਹੜੀ ਨਾਲ ਰਹਿਣ ਵਾਲੀ ਪਿਆਰੀ ਸਹੇਲੀ ਹੈ ਉਸ ਨੂੰ ਮੈਂ ਇਹ ਚੰਗੀ ਅਕਲ ਦਿੜਾਂਦੀ ਹਾਂ ਕਿ ਸੰਤਾਂ ਦੀ ਪ੍ਰੇਮ ਨਾਲ ਸੇਵਾ ਕਰ ਤਾਂ ਹਰੀ ਨਿਧੀ ਰੂਪ ਪਾਵੇਂਗੀ।

**ਸਗਲੀ ਦਾਸੀ ਠਾਕੁਰੈ ਸਭ ਕਹਤੀ ਮੇਰਾ ॥ ਜਿਸਹਿ ਸੀਗਾਰੇ ਨਾਨਕਾਤਿਸੁ ਸੁਖਹਿ ਬਸੇਰਾ ॥੪॥੧੫॥੧੧੭॥**

ਜੀਵ ਰੂਪ ਇਸਤ੍ਰੀਆਂ ਸਾਰੀਆਂ ਹੀ ਮਾਲਕ ਦੀਆਂ ਦਾਸੀਆਂ ਹਨ ਅਤੇ ਸਾਰੀਆਂ ਮਾਲਕ ਨੂੰ ਅਪਨਾ ਆਖਦੀਆਂ ਹਨ, ਗੁਰੂ ਜੀ=ਜਿਸ ਦਾ ਸਿੰਗਾਰ ਮਾਲਕ ਆਪ ਕਰਦਾ ਹੈ ਉਸ ਦਾ ਸੁਖ ਵਿੱਚ ਵਾਸਾ ਹੁੰਦਾ ਹੈ।

## ਆਸਾ ਮਹਲਾ ੫ ॥

**ਸੰਤਾਕੀ ਹੋਇ ਦਾਸਰੀ ਏਹੁ ਅਚਾਰਾ ਸਿਖੁਰੀ॥ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁਰੀ ॥ ੧ ॥**

ਸੰਤਾਂ ਦੀ ਦਾਸੀ ਬਣੀ ਰਹੁ ਇਹ ਚੰਗਾ ਕੰਮ ਸਿਖ, ਸਾਰਿਆਂ ਗੁਣਾਂ

ਨਾਲੋਂ ਉੱਤਮ ਗੁਣ ਏਹੋ ਹੀ ਹੈ ਜੋ ਤੂੰ ਅਪਣੇ ਮਾਲਕ ਨੂੰ ਅਪਣੇ ਤੋਂ ਦੂਰ ਨ ਵੇਖ।

**ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿਰੀ ॥ ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿਰੀ ॥ ੧ ॥ ਰਹਾਉ ॥**

ਹੇ ਸਖੀ ਇਸ ਅਪਣੇ ਸੁੰਦਰ ਮਨ ਨੂੰ ਤੂੰ ਪਰਮੇਸ਼ਰ ਦੇ ਨਾਮ ਮਜੀਠ ਰੰਗ ਵਿੱਚ ਰੰਗ ਦੇਹ ਕਤਾਬਾਂ ਦੀ ਸਿਆਣਪ ਅਕਲ ਦੀ ਚਤੁਰਾਈ ਨੂੰ ਛੱਡਕੇ ਤੂੰ ਪ੍ਰਮੇਸਰ ਨੂੰ ਹਰ ਵੇਲੇ ਅਪਣੇ ਨਾਲ ਜਾਣ।

**ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇਰੀ ॥ ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ ॥ ੨ ॥**

ਹੇ ਸਖੀ! ਅਪਣਾ ਇਹ ਸ਼ਿੰਗਾਰ ਬਣਾ ਕਿ ਜੋ ਕੁਛ ਮਾਲਕ ਆਖਦਾ ਹੈ।ਓਹ ਹੀ ਮੰਨਣਾ ਚਾਹੀਦਾ ਹੈ। ਦੂਸਰੇ ਪਰੇਮ ਨੂੰ ਭੁਲਾ ਕੇ ਇਹੋ ਹੀ ਪਾਨਾਂ ਦਾ ਬੀੜਾ ਖਾਣਾ ਚੰਗਾ ਹੈ।

**ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇਰੀ ॥ ਆਠ ਪਹਰ ਕਰਿ ਜੋੜਿ ਰਹੁ ਤਉ ਭੇਟੈ ਹਰਿ ਰਾਇਰੀ ॥ ੩ ॥**

ਗੁਰੂ ਦਾ ਉਪਦੇਸ਼ ਦੀਵਾ ਬਾਲ ਸਾਫ ਸੱਚ ਦਿਲ ਦੀ ਸੇਜਾ ਵਿਛਾਅੱਠੇ ਪਹਿਰ ਹੱਥ ਜੋੜ ਕੇ ਆਗਜਾ ਵਿਚ ਖੜੋਤੀ ਰਹੁ ਤਾਂ ਪ੍ਰਮੇਸਰ ਤੈਨੂੰ ਮਿਲੇਗਾ।

**ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿਰੀ॥ ਸਾਈ ਸੋੁਹਾਗਣਿ ਨਾਨਕਾ ਜੋ ਭਾਣੀ ਕਰਤਾਰਿਰੀ ॥ ੪ ॥ ੧੬ ॥ ੧੧੮ ॥**

ਗੁਰੂ ਜੀ! ਜਿਹੜੀ ਕਰਤਾਰ ਦੇ ਮਨ ਨੂੰ ਚੰਗੀ ਲੱਗੀ ਹੈ ਉਸਦਾ ਸਾਰਾ ਹੀ ਕੰਮ ਤੇ ਸਿੰਗਾਰ ਚੰਗਾ ਹੈ ਅਤੇ ਉਸਦਾ ਰੂਪ ਵੀ ਵੱਡਾ ਹੈ,ਸੁਹਾਗਣ ਵੀ ਓਹ ਹੀ ਹੈ।

**ਆਸਾ ਮਹਲਾ ੫ ॥**

**ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ॥ ਭ੍ਰਮ**

Digitized by Panjab Digital Library | www.panjabdigilib.org

**ਕਾਟੇ ਗੁਰਿ ਆਪਨੈ ਪਾਏ ਬਿਸਰਾਮਾ ॥ ੧ ॥**

ਮੈਂ ਟੇਢਿਆਂ ਰਸਤਿਆਂ ਵਿਚ ਓਨਾਂ ਚਿਰ ਡੋਲਦਾ ਸੀ ਜਿੰਨਾਂ ਚਿਰ ਮਨ ਦੇ ਵਿਚ ਭਰਮ ਸਨ, ਜਦੋਂ ਆਪਣਿਆਂ ਗੁਰਾਂ ਨੇ ਭਰਮ ਕੱਟ ਦਿੱਤੇ ਤਾਂ ਅਸਾਂ ਬਿਸਰਾਮ ਪਾਇਆ ਭਾਵ ਸੁਖ।

**ਓਇ ਬਿਖਾਦੀ ਦੋਖੀਆ ਤੇ ਗੁਰਤੇ ਹੂਟੇ ॥ ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥ ੧ ॥ ਰਹਾਉ ॥**

ਓਹ ਜਿਹੜੇ ਕਾਮ ਆਦਕ ਬਿਖਾਦ=ਝਗੜੇ ਕਰਨ ਵਾਲੇ ਭਾਵ ਬਹੁਤ ਦੁਖਦਾਈ ਸਨ ਅਤੇ ਦੂਸ਼ਣ ਲਾਉਣ ਵਾਲੇ ਸਨ ਓਹ ਗੁਰੂ ਦੀ ਕ੍ਰਿਪਾਨਾਲ ਹੂਟੇ=ਹਟ ਗਏ ਹਨ, ਅਸੀਂ ਓਨਾਂ ਤੋਂ ਛੁਟ ਗਏ ਹਾਂ ਓਹ ਸਾਥੋਂ ਛੁਟ ਗਏ ਹਨ।

**ਮੇਰਾ ਤੇਰਾ ਜਾਨਤਾ ਤਬਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥ ੨ ॥**

ਜਿਤਨਾਂ ਚਿਰ ਇਹ ਮਨ ਮੇਰਾ ਤੇਰਾ ਜਾਣਦਾ ਸੀ ਉਨਾਂ ਚਿਰ ਬੇ-ਸਮਝੀ ਦਾ ਬੰਨ੍ਹਣ ਇਸਨੂੰ ਪਿਆ ਹੋਯਾ ਸੀ ਜਦੋਂ ਗੁਰਾਂ ਨੇ ਅਗਜਾਨਤਾ ਕੱਟ ਦਿਤੀ ਤਾਂ ਜਿਤਨੇ ਫਾਹੇ ਸੀ ਸਾਰੇ ਹੀ ਛੁਟ ਗਏ।

**ਜਬ ਲਗੁ ਹੁਕਮੁ ਨ ਬੂਝਤਾ ਤਬਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਨਿਆ ਤਬਹੀ ਤੇ ਸੁਖੀਆ ॥ ੩ ॥**

ਜਿਤਨਾਂ ਚਿਰ ਮਾਲਕ ਦਾ ਹੁਕਮ ਨਹੀਂ ਸਮਝਦਾ ਸੀ ਓਨਾਂ ਚਿਰ ਦੁਖੀਆ ਰਹਿੰਦਾ ਸੀ, ਗੁਰਾਂ ਨਾਲ ਮਿਲਕੇ ਜਦੋਂ ਹੁਕਮ ਨੂੰ ਪਛਾਣਿਆਂ ਤਦੋਂ ਹੀ ਸੁਖੀਆ ਹੋ ਗਿਆ।

**ਨਾਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥ ੪ ॥ ੧੭ ॥ ੧੧੯ ॥**

ਹੁਣ ਨ ਕੋਈ ਮੇਰਾ ਵੈਰੀ ਰਹਿ ਗਿਆ ਹੈ ਨ ਕੋਈ ਮੇਰਾ ਦੁਖਦਾਈ ਰਹਿ ਗਿਆ ਹੈ ਨ ਸਾਡੀ ਨਜ਼ਰ ਵਿਚ ਕੋਈ ਮੰਦਾ ਦੀਹਦਾ ਹੈ। ਗੁਰੂ ਜੀ=ਮੈਂ ਗੁਰਾਂ ਦੀ ਸੇਵਾ ਕਰਨ ਵਾਲਾ ਸੇਵਕ ਹਾਂ, ਅਕਾਲ ਪੁਰਖ ਮੇਰਾ ਮਾਲਕ ਹੈ ਮੈਂ ਉਸਦਾ ਦਾਸ ਹਾਂ।

**ਆਸਾ ਮਹਲਾ ੫ ॥**

**ਸੂਖ ਸਹਜ ਆਨੰਦ ਘਣਾ ਹਰਿ ਕੀਰਤਨੁ ਗਾਉ ॥**

Digitized by Panjab Digital Library | www.panjabdigilib.org

**ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥ ੧ ॥**

ਆਤਮ ਸੁਖ ਤੇ ਸੰਸਾਰ ਦਾ ਅਨੰਦ ਸੁਖ ਇਹ ਸਾਰਾ ਗੁਰਉਪਦੇਸ਼ ਤੇ ਪਰਮੇਸਰ ਦੇ ਕੀਰਤਨ ਗੌਣ ਨਾਲ ਬਹੁਤ ਹੀ ਹੋਇਆ ਹੈ। ਗੁਰਾਂ ਨੇ ਅਪਣਾ ਨਾਮ ਦੇ ਕੇ ਦੁਖ ਦੇਣ ਵਾਲੇ ਤੇ ਗਰਹ=ਫੜਨ ਵਾਲੇ ਕਾਮ ਆਦਿਕ ਦੂਰ ਕਰ ਦਿਤੇ ਹਨ। ਗਰਹ=ਗ੍ਰਹ,ਭਾਵ ਰਾਹੂ ਕੇਤੂ ਆਦਕ ਵੈਰੀ।

**ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ ॥ ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ ॥ ੧ ॥ ਰਹਾਉ ॥**

ਜਿਨਾਂ ਗੁਰਾਂ ਨੂੰ ਮਿਲਕੇ ਸੱਚਾ ਸੁਆਉ=ਲਾਭ ਹੋਇਆ ਹੈ ਮੈਂ ਰੋਜਹੀ ਇਕੁਰ ਦੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ ਤੇ ਸਦਾ ੨ ਬਲਿਹਾਰ ਜਾਂਦਾ ਹਾਂ। ਮੈਂ ਕੋਈ ਚੰਗਾ ਸਗਨ ਵੇਖਕੇ ਸੇਵਾ ਨਹੀਂ ਕੀਤੀ ਭਾਵ ਸੁਤੇ ਹੀ ਸੇਵਾ ਕੀਤੀਹੈ।

**ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥ ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥ ੨ ॥**

ਚੰਗਾ ਸਗਨ ਤੇ ਮਾੜਾ ਸਗਨ ਇਹ ਉਸਨੂੰ ਲਗਦੇ ਹਨ ਜਿਸਦੇ ਚਿਤ ਵਿਚ ਪਰਮੇਸਰ ਨਹੀਂ ਆਉਂਦਾ ਹੈ, ਜਿਸਨੂੰ ਪਰਮੇਸਰ ਪਿਆਰਾ ਭਾਂਦਾ ਹੈ ਉਸਦੇ ਸਗਨਾਂ ਅਪਸਗਨਾਂ ਦੀ ਕੀ ਕਥਾ ਹੈ ਉਸਦੇ ਨੇੜੇ ਤਾਂ ਜਮ ਵੀ ਨਹੀਂ ਆਉਂਦਾ ਹੈ।

**ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥ ੩ ॥**

ਜਿਤਨੇ ਪੁੰਨ ਦਾਨ ਜਪ ਤਪ ਆਦਕ ਚੰਗੇ ੨ਕਰਮ ਹਨ ਨਾਮ ਸਾਰਿਆਂ ਤੋਂ ਸਿਰੋਮਣੀ ਹੈ, ਜਿਹੜਾ ਕੋਈ ਪਰਮੇਸਰ ਦਾ ਨਾਮ ਰਸਨਾਂ ਨਾਲ ਜਪਦਾ ਹੈ ਉਸਦੀਆਂ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ।

**ਭੈਬਿਨਸੇ ਭ੍ਰਮਮੋਹ ਗਏ ਕੋ ਦਿਸੈ ਨ ਬੀਆ ॥ ਨਾਨਕ ਰਾਖੇਪਾਰਬ੍ਰਹਮਿਫਿਰਿਦੂਖੁ ਨ ਥੀਆ॥੪॥੧੮॥੧੨੦॥**

ਉਸਦੇ ਡਰ ਨਾਸ ਹੋ ਗਏ ਹਨ ਭਰਮ ਤੇ ਮੋਹ ਚਲੇ ਗਏ ਹਨ ਅਤੇ ਬਿਨਾਂ ਵਾਹਿਗੁਰੂ ਤੋਂ ਹੋਰ ਕੋਈ ਦੂਸਰਾ ਦਿਖਾਈ ਨਹੀਂ ਪੈਂਦਾ ਹੈ ਗੁਰੂ ਜੀ=

Digitized by Panjab Digital Library | www.panjabdigilib.org

ਜਿਹੜੇ ਪਰਮੇਸਰ ਨੇ ਰੱਖ ਲਏ ਹਨ ਓਹਨਾਂ ਨੂੰ ਫਿਰ ਕਿਸੇ ਤਰਾਂ ਦਾ ਦੁਖ ਨਹੀਂ ਹੋਇਆ ਹੈ ।

## ਆਸਾ ਘਰੁ ੯ ਮਹਲਾ ੫ ॥

## ੴ ਸਤਿਗੁਰਪ੍ਰਸਾਦਿ ॥

**ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈਭਾਵਉ ਕਿ ਨ ਭਾਵਉ ॥ ਏਕੁ ਦਾਤਾਰੁ ਸਗਲਹੈ ਜਾਚਿਕ ਦੂਸਰ ਕੈਪਹਿ ਜਾਵਉ ॥ ੧ ॥**

ਮੈਂ ਪਰਮੇਸਰਨੂੰ ਯਾਦ ਕਰਦਾ ਹਾਂ ਜਿਸਦੇ ਯਾਦ ਕਰਨ ਨਾਲ ਸਾਰੇ ਸੁਖ ਪਾਵਾਂਗਾ, ਪਰ ਇਹ ਮੈਨੂੰ ਪਤਾ ਨਹੀਂ ਲੱਗਦਾ ਕਿ ਅੱਗੇ ਜਾਕੇ ਮੇਰਾ ਯਾਦ ਕੀਤਾ ਹੋਇਆ ਪਰਮੇਸਰ ਨੂੰ ਚੰਗਾ ਲੱਗੇਗਾ ਜਾਂ ਨਹੀਂ । ਇਕ ਪਰਮੇਸਰ ਹੀ ਦਾਤਾ ਹੈ ਹੋਰ ਸਾਰੇ ਮੰਗਤੇ ਹਨ ਤਾਂ ਫਿਰ ਮੈਂ ਦੂਸਰੇ ਕਿਸ ਪਾਸ ਜਾਵਾਂ ਭਾਵ ਮੈਂ ਪ੍ਰਮੇਸਰ ਤੋਂ ਹੀ ਮੰਗਾਂਗਾ ।

**ਹਉ ਮਾਗਉ ਆਨ ਲਜਾਵਉ ॥ ਸਗਲ ਛਤ੍ਰਪਤਿ ਏਕੋਠਾਕੁਰੁ ਕਉਨੁ ਸਮਸਰਿ ਲਾਵਉ ॥ ੧ ॥ ਰਹਾਉ ॥**

ਮੈਂ ਪਰਮੇਸਰ ਨੂੰ ਛੱਡਕੇ ਹੋਰ ਪਾਸੋਂ ਮੰਗਦਾ ਲੱਜਜਾ ਵਾਲਾ ਹੁੰਦਾ ਹਾਂ ਕਿਉਂਕਿ ਸ ਰਿਆਂ ਦਾ ਚੱਕਰਵਰਤੀ ਇਕ ਮਾਲਕ ਹੈ ਉਸਦੇ ਬਰਾਬਰ ਕਿਸ ਨੂੰ ਲਾਵਾਂ ਭਾਵ ਉਸ ਵਰਗਾ ਕੋਈ ਨਹੀਂ ਹੈ ।

**ਊਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ॥ ਬ੍ਰਹਮਾਦਿਕ ਸਨਕਾਦਿਕਸਨਕਸਨੰਦਨਸਨਾ- ਤਨ ਸਨਤ ਕੁਮਾਰ ਤਿਨ੍ ਕਉ ਮਹਲੁ ਦੁਲਭਾਵਉ॥੨॥**

ਉਠਦਾ ਬੈਠਦਾ ਵੀ ਦਰਸ਼ਨ ਦਾ ਹੀ ਰਸਤਾ ਲੱਭਦਾ ਹਾਂ ਕਿਸੇਤਰਾਂ ਵੀ ਭਜਨ ਤੋਂ ਬਿਨਾ ਰਹਿ ਨਹੀਂ ਸੱਕਦਾ ਹਾਂ! ਉਸ ਪ੍ਰਮੇਸਰ ਦਾ ਦਰਸ਼ਨ ਇਕੁਰ ਦਾ ਹੈ ਕਿ ਜਿਤਨੇ ਬ੍ਰਹਮਾ ਆਦਕ ਜਾਂ ਬ੍ਰਹਮਾ ਦੇ ਚਾਰੇ ਪੁੱਤ ਜਿਹੜੇ ਇਹ ਨਾਮ ਦੱਸੇ ਹਨ, ਇਕੁਰ ਦਿਆਂ ਨੂੰ ਵੀ ਅਕਾਲ ਪੁਰਖ ਦਾ ਮਹਲ ਬੜਾ ਦੁਰਲੱਭ ਹੈ ਭਾਵ ਲੱਭਦਾ ਨਹੀਂ ਹੈ । ਖੋਜ=ਰਸਤਾ

Digitized by Panjab Digital Library | www.panjabdigilib.org

**ਅਗਮ ਅਗਮ ਅਗਾਧਿ ਬੋਧ ਕੀਮਤਿ ਪਰੈ ਨ ਪਾਵਉ ॥ ਤਾਕੀ ਸਰਣਿ ਸਤਿ ਪੁਰਖ ਕੀ ਸਤਿਗੁਰੁਪੁਰਖੁ ਧਿਆਵਉ ॥ ੩ ॥**

ਜਿਸਦੇ ਪਾਸ ਕੋਈ ਜਾ ਨਹੀਂ ਸੱਕਦਾ ਹੈ ਓਹ ਅਗਮ=ਬਿਅੰਤ ੨ ਹੈ ਤੇ ਉਸਦਾ ਬੋਧ-ਗਿਆਨ ਜਾਨਣਾਂ ਵੀ ਬੜਾ ਅਗਾਧ=ਔਖਾ ਹੈ ਜਿਸਦੀ ਕੀਮਤ ਪਾਵਾਂ ਤੇ ਤਾਂ ਵੀ ਨਹੀਂ ਪਾਈ ਜਾਂਦੀ ਹੈ ਇਸ ਲਈ ਮੈਂ ਸੱਚੇ ਪੁਰਖ ਸਤਿਗੁਰਾਂ ਦੀ ਸ਼ਰਣ ਤੱਕੀ ਹੈ ਤੇ ਓਹਨਾਂ ਸਤਿਗੁਰਾਂ ਦਾ ਹੀ ਧਿਆਉਣਾਂ ਕਰਦਾ ਹਾਂ ।

**ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ ॥ ਕਹੁ ਨਾਨਕ ਜਉ ਸਾਧ ਸੰਗੁ ਪਾਇਓ ਤਉ ਫਿਰਿ ਜਨਮਿ ਨ ਆਵਉ ॥ ੪ ॥ ੧ ॥ ੧੨੧ ॥**

ਜਦੋਂ ਸਤਿਗੁਰਾਂ ਦੀ ਸੇਵਾ ਨਾਲ ਦਿਆਲ ਮਾਲਕ ਕ੍ਰਿਪਾਲੂ ਹੋ ਯਾ ਤਾਂ ਮੇਰੇ ਗਲ ਤੋਂ ਅਗਜਾਨ ਬੰਧਨ ਕੱਟ ਦਿਤਾ ਗੁਰੂ ਜੀ=ਜਦੋਂ ਮੈਂ ਸਾਧਾਂ ਦਾ ਸਤਸੰਗ ਪਾਇਆ ਤਾਂ ਮੈਂ ਜਾਣਿਆਂ ਹੁਣ ਜਨਮਾਂ ਵਿਚ ਨਹੀਂ ਆ ਵਾਂਗਾ ਗਰਾਵਉ = ਗਲ ।

## ਆਸਾ ਮਹਲਾ ੫ ॥

**ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ ॥ ਸੰਗਿ ਚਲਨ ਕਉ ਤੋਸਾ ਦੀਨਾ ਗੋਬਿੰਦਨਾਮ ਕੇ ਬਿਉਹਾਰੀ ॥ ੧ ॥**

ਅੰਦਰ ਬੈਠਾ ਗਾਂਦਾ ਹਾਂ ਬਾਹਰ ਫਿਰਦਾ ਗਾਂਦਾ ਹਾਂ ਜਾਗਦਾ ਤੇ ਸਵਾਰੀ=ਸੌਂਦਾ ਵੀ ਗਾਂਦਾਹਾਂ, ਪ੍ਰਲੋਕ ਵਿੱਚ ਨਾਲ ਲੈਕੇ ਚੱਲਣ ਵਾਸਤੇ ਗੁਰੂ ਨੇ ਖਰਚ ਦਿਤਾ ਹੈ ਨਾਮ । ਹੇ ਪਰਮੇਸਰਾ ਹੁਣ ਅਸੀਂ ਤੇਰੇ ਨਾਮ ਦੇ ਬਪਾਰੀ ਹੋਇ ਹਾਂ ਭਾਵ ਜਪਦੇ ਜਪਾਂਦੇ ਹਾਂ ।

**ਅਵਰ ਬਿਸਾਰੀ ਬਿਸਾਰੀ ॥ ਨਾਮੁ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ ॥ ੧ ॥ ਰਹਾਉ ॥**

ਜੇਹੜੇ ਬਿਸਾਰੀ=ਵਿਸ਼ੇ ਵੈਰੀ ਦੇ ਬਰਾਬਰ ਚੰਗਿਆਂ ਗੁਣਾਂ ਨੂੰ ਨਾਸ ਕਰਨ ਵਾਲੇ ਸਨ ਮੈਂ ਓਹਨਾਂ ਦੀ ਪ੍ਰੀਤੀ ਵਿਸਾਰ ਦਿਤੀਹੈ ਪੂਰੇ ਗੁਰੂ ਨੇ ਨਾਮ

Digitized by Panjab Digital Library | www.panjabdigilib.org

ਦਾਨ ਦਿੱਤਾ ਹੈ ਸੋ ਹੁਣ ਮੈਨੂੰ ਇਕ ਤੇਰੇ ਨਾਮ ਦਾ ਹੀ ਆਸਰਾ ਹੈ।

**ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਾਰੀ ॥ ਨਾਮੁ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ ॥ ੨ ॥**

ਦੁਖਾਂ ਵਿਚ ਗਾਂਦਾ ਹਾਂ ਸੁੱਖਾਂ ਵਿੱਚ ਵੀ ਗਾਂਦਾ ਹਾਂ, ਔਖੇ ਤੇ ਸੌਖੇ ਰਸਤੇ ਤੁਰਦਾ ੨ ਵੀ ਸੰਭਾਲਦਾ ਭਾਵ ਗਾਂਦਾ ਹਾਂ। ਜਾਂ ਸੰਸਾਰਕ ਰਸਤਾ ਛਡਕੇ ਗੁਰਮੁਖ ਰਸਤੇ ਤੁਰਦਾ ਸਿਮਰਨ ਕਰਦਾ ਗਾਂਦਾ ਹਾਂ,ਗੁਰਾਂ ਨੇ ਮੇਰੇ ਮਨ ਵਿਚ ਨਾਮ ਦ੍ਰਿੜ ਕਰਾਯਾ ਹੈ ਇਸ ਲਈ ਮੇਰੀ ਤ੍ਰਿਸ਼ਨਾ ਬੁਝ ਗਈ ਹੈ।

**ਦਿਨੁ ਭੀ ਗਾਵਉ ਰੈਨੀ ਗਾਵਉਗਾਵਉ ਸਾਸਿਸਾਸਿ ਰਸਨਾਰੀ ॥ ਸਤ ਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ ॥ ੩ ॥**

ਦਿਨਨੂੰ ਗਾਂਦਾ ਹਾਂ ਰਾਤ ਨੂੰ ਗਾਂਦਾ ਹਾਂ ਸਾਸ ਸਾਸ ਜ਼ਬਾਨ ਨਾਲ ਗਾਂਦਾ ਹਾਂ। ਹੇ ਪਰਮੇਸਰਾ ਇੱਕਰ ਦੀ ਕਿਰਪਾਕਰ ਕਿ ਸਤਸੰਗ ਵਿਚ ਮੇਰਾ ਪੱਕਾ ਭਰੋਸਾ ਬਣਿਆਂ ਰਹੇ ਜਿਹੜਾ ਭਰੋਸਾ ਮੇਰਾ ਜੀਂਵਦਿਆਂ ਮਰਦਿਆਂ ਦਾ ਸੰਗੀ ਹੈ।

**ਜਨ ਨਾਨਕ ਕਉ ਇਹੁ ਦਾਨੁ ਦੇਹੁ ਪ੍ਰਭ ਪਾਵਉਸੰਤ ਰੇਨ ਉਰਿਧਾਰੀ ॥ ਸ੍ਰਵਨੀ ਕਥਾ ਨੈਨ ਦਰਸੁ ਪੇਖਉ ਮਸਤਕੁ ਗੁਰ ਚਰਨਾਰੀ ॥ ੪ ॥ ੨ ॥ ੧੨੨ ॥**

ਗੁਰੂ ਜੀ=ਹੇ ਮਾਲਕਾ ਮੈਨੂੰ ਇਹ ਦਾਨ ਦੇਹ ਕਿ ਮੈਂ ਸੰਤਾਂ ਦੀ ਧੂੜ ਪਾਵਾਂ ਤੇ ਰਿਦੇ ਵਿਚ ਧਾਰਾਂ, ਕੰਨਾਂ ਨਾਲ ਕਥਾ ਸੁਣਾਂ,ਅੱਖਾਂ ਨਾਲ ਸੰਤਾਂ ਦਾ ਦਰਸ਼ਨ ਕਰਾਂ, ਮੱਥਾ ਅਪਣਾ ਸਤਿਗੁਰਾਂਦੇ ਚਰਨਾਂ ਉੱਤੇ ਰੱਖਾਂ।

**ੴ ਸਤਿਗੁਰਪ੍ਰਸਾਦਿ ॥**

**ਆਸਾ ਘਰੁ ੧੦ ਮਹਲਾ ੫ ॥**

**ਜਿਮਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ-ਦਾਹਾ ॥ ਪੁਤ੍ਰ ਕਲਤ੍ਰ ਗ੍ਰਿਹ ਸਗਲ ਸਮਗ੍ਰੀ ਸਭਮਿਥਿਆ**

Digitized by Panjab Digital Library | www.panjabdigilib.org

ਅਸਨਾਹਾ ॥ ੧ ॥

ਜਿਨਾਂ ਪਦਾਰਥਾਂ ਨੂੰ ਤੂੰ ਸਦਾ ਰਹਿਣ ਵਾਲਿਆਂ ਮੰਨਦਾ ਹੈਂ ਓਹ ਦੋ ਦਿਨ ਦੇ ਪਰਾਹੁਣੇ ਹਨ ਪੁਤ੍ਰ, ਇਸਤ੍ਰੀ, ਘਰ, ਹੋਰ ਜਿਤਨੀ ਘਰਦੀ ਚੀਜ਼ ਵਸਤ ਹੈ ਇਸ ਸਾਰੀ ਦਾ ਹੀ ਅਸਨਾਹ=ਪ੍ਰੇਮ ਝੂਠਾ ਹੈ । ਪਾਹੁਨ=ਪਰਾਹੁਣੇ । ਦਾਹਾ=ਦਿਨ ਜਾਂ ਕੱਚਾ ਦਿਨ । ਜਾਂ ਸੜਿਆ ਹੋਇਆ ।

**ਰੇ ਮਨ ਕਿਆ ਕਰਹਿ ਹੈ ਹਾ ਹਾ ॥ ਦ੍ਰਿਸਟਿ ਦੇਖੁ ਜੈਸੇ ਹਰਿ ਚੰਦਉਰੀ ਇਕੁ ਰਾਮ ਭਜਨੁ ਲੈ ਲਾਹਾ ॥੧॥ ਰਹਾਉ॥**

ਹੇ ਮਨ ਇਕੁਰ ਦੇ ਪਦਾਰਥਾਂ ਵਾਸਤੇ ਕੀ ਹੈ ਹੈ ਕਰਦਾ ਹੈਂ ਅਪਣੀ ਵਿਚਾਰ ਵਾਲੀ ਲੰਮੀ ਨਜ਼ਰ ਨਾਲ ਇਸ ਸੰਸਾਰ ਨੂੰ (ਸਵੇਰ ਦੇ ਵੇਲੇ ਜਿਹੜੀ ਅਕਾਸ ਵਿੱਚ ਐਵੇਂ ਝੂਠੀ ਮੂਠੀ ਨਗਰੀ ਬਣ ਜਾਂਦੀ ਹੈ ਤੇ ਫਿਰ ਛੇਤੀ ਨਾਲ ਛਪ ਜਾਂਦੀ ਹੈ ਉਸ ਵਾਂਗ ਸਮਝ,) ਭਾਵ ਝੂਠ ਜਾਣ ਇਕ ਪ੍ਰਮੇਸਰ ਦੇ ਭਜਨ ਦਾ ਲਾਭ ਲੈ ।

**ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ॥ ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ ॥੨॥**

ਹੋਰ ਵੇਖ ਜਿੱਕੁਰ ਦੇਹ ਉਤੇ ਨਵੇਂ ਕਪੜੇ ਪਾਈਦੇ ਹਨ ਓਹ ਦੋ ਚਾਰ ਦਿਨ ਵਿਚ ਭੋਰਾਹਾ=ਭੋਰਾ ਭੋਰਾ ਭਾਵ ਰਤਾ ੨ ਹੋਕੇ ਪਾਟ ਜਾਂਦੇ ਹਨ ਇੱਕੁਰ ਹੀ ਜੀਵ ਨੇ ਸਰੀਰ ਕਪੜਾ ਪਾਇਆ ਹੋਯਾ ਹੈ ਛੇਤੀ ਹੀ ਨਾਸ ਹੋ ਜਾਵੇਗਾ। ਹੋਰ ਵੇਖ ਜਿਕਰ ਕੰਧ ਭਾਵੇਂ ਕਿਤਨੀ ਹ ਲੰਮੀ ਹੋਵੇ ਫਿਰ ਵੀ ਕਿੰਨਾਂ ਕੁ ਦੌੜੇਗਾ, ਭਾਵ ਉਸਦੇ ਉਤੇ ਕਿਤਨਾਂ ਕੁ ਦੌੜੇਗਾ ਅੰਤ ਨੂੰ ਕੰਧ ਦਾ ਅੰਤ ਆ ਜਾਂਦਾ ਹੈ ਭਾਵ ਭਾਵੇਂ ਉਮਰ ਕਿੱਡੀ ਵੱਡੀ ਹੋਵੇ ਫਿਰ ਵੀ ਮਰਨਾ ਹੈ ।

**ਜੈਸੇ ਅੰਭ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ ॥ ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ ॥ ੩ ॥**

*ਜਿਸਤਰਾਂ ਪਾਣੀ ਦੇ ਭਰੇ ਹੋਇ ਘੜੇ ਵ੍ਰਿੱਚ ਲੂਣ ਪੈਂਦਾ ਹੀ ਗਲ

---

*ਅੰਭ=ਪਾਣੀ । ਕੁੰੜ=ਕੂੰਡਾ ਵੱਡਾ ਛੱਟ ਲਜਾਂ ਤਾਲ ਛੱਪੜ ਦਾ ਅਰਥ ਹੈ ਜਾਂ ਕੁੰਭ ਵੀ ਪਾਠ ਹੁੰਦਾ ਹੈ ਤਾਂ ਘੜਾ ਅਰਥ ਕਰਨਾ ਹੈ । ਸਿੰਧ=ਲੂਣ ਦਾ ਨਾਮ ਹੈ ਜਿਕੁਰ ਸੈਂਧਵ ਆਖਦੇ ਹਨ ਜਾਂ ਸਮੁੰਦ੍ਰ ਦਾ ਅਰਥ ਭਾਵ ਬਹੁਤ ਪਾਣੀ ਵੀ ਹੈ ।

Digitized by Panjab Digital Library | www.panjabdigilib.org

ਜਾਂਦਾਹੈ ਇੱਕੁਰ ਹੀ ਜਦੋਂ ਪਰਮੇਸਰ ਦੀ ਆਗਜਾ ਆ ਜਾਵੇਗੀ ਤਾਂ ਅਧੀਘੜੀ ਇਕ ਚਸਾ ਵੀ ਚਿਰ ਨਹੀਂ ਲਾਵੇਗਾ ਉਠ ਕੇ ਚਲਿਆ ਜਾਵੇਗਾ ।

**ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ॥ ਸਦਾ ਕੀਰਤਿ ਕਰਿ ਨਾਨਕ ਹਰਿ ਕੀ ਉਬਰੇ ਸਤਿਗੁਰ ਚਰਣ ਓਟਾਹਾ ॥ ੪ ॥ ੧ ॥ ੧੨੩ ॥**

ਹੇ ਮਨ ! ਲੇਖੇ ਵਿਚ ਚੱਲਦਾ ਹੈਂ ਲੇਖੇ ਵਿੱਚ ਬੈਠਦਾ ਹੈਂ ਲੇਖੇ ਵਿਚ ਹੀ ਸਾਹ ਲੈਂਦਾ ਹੈਂ,ਗੁਰੂ ਜੀ=ਇਸ ਲਈ ਦੇਹ ਨੂੰ ਝੂਠਾ ਜਾਣ,ਜਦੋਂ ਗੁਰਾਂ ਦੇ ਚਰਨਾਂ ਦੀ ਓਟ ਲੈਕੇ ਸਦਾ ਹੀ ਹਰੀ ਦਾ ਜੱਸ ਉਚਾਰਨ ਕਰੇਂਗਾ ਤੇ ਤਾਂ ਕਾਲ ਤੋਂ ਬਚੇਂਗਾ ।

## ਆਸਾ ਮਹਲਾ ੫ ॥

**ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥ ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥ ੧ ॥**

ਪੁੱਠੀ ਗੱਲ ਤੋਂ ਸਿੱਧੀ ਹੋ ਗਈ ਚੁਗਲ ਖੋਰ ਦੁਸ਼ਟ ਕਾਮ ਆਦਕ ਸੱਜਣ ਹੋ ਗਏ । ਜਿਸ ਦਿਲ ਵਿਚ ਗਾਹੜਾ ਹਨੇਰਾ ਸੀ ਓਥੇ ਵੈਰਾਗ ਰੂਪ ਰਤਨਾਂ ਦਾ ਜਾਂ ਗਿਆਨ ਦਾ ਚਾਨਣ ਹੋਗਿਆ ਜਿਹੜੀ ਅਕਲ ਪਾਪਾਂ ਕਰਕੇ ਮੈਲੀ ਹੋਈ ਹੋਈ ਸੀ ਓਹ ਹੱਛੀ ਨਵੀਂ ਹੋਗਈ ਭਾਵ ਸਾਫ ।

**ਜਉ ਕਿਰਪਾ ਗੋਬਿੰਦ ਭਈ ॥ ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥ ੧ ॥ ਰਹਾਉ ॥**

ਜਦੋਂ ਮੇਰੇ ਉਤੇ ਪ੍ਰਮੇਸਰ ਦੀ ਕ੍ਰਿਪਾ ਹੋਈ ਤਾਂ ਸਤਿਗੁਰਾਂ ਦੇ ਮਲਈ= ਮਿਲਾਪ ਨਾਲ ਤੇ ਹਰੀ ਨਾਮ ਦੇ ਜਾਪ ਨਾਲ ਹਰ ਤਰਾਂ ਦਾ ਸੁਖ ਸੰਪਤ ਤੇ ਸਾਰੇ ਫਲ ਪਾ ਲਏ ।

**ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ ॥ ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥ ੨ ॥**

ਮੈਨੂੰ ਗਰੀਬ ਨੂੰ ਕੋਈ ਨਹੀਂ ਜਾਣਦਾ ਸੀ ਸੋ ਨਾਮ ਜਪਣ ਕਰਕੇ

Digitized by Panjab Digital Library | www.panjabdigilib.org

ਸਾਰਿਆਂ ਲੋਕਾਂ ਵਿਚ ਪ੍ਰਗਟ ਹੋ ਗਿਆ ਹਾਂ ਮੈਂ ਕਿਸੇ ਦੇ ਨਾਲ ਕਿਤੇ ਵੀ ਬਹਿਣਾਂ ਨਹੀਂ ਪਾਂਦਾ ਸੀ ਭਾਵ ਮੈਨੂੰ ਅਪਣੇ ਕੋਲ ਕੋਈ ਬਹਿਣ ਨਹੀਂ ਦੇਂਦਾ ਸੀ,ਹੁਣ ਹਰ ਕੋਈ ਚਰਨਾਂ ਦੀ ਸੇਵਾ ਕਰਦਾ ਹੈ।

**ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ॥ ਏਕੁ ਬੋਲੁ ਭੀ ਖਵਤੋ ਨਾਹੀ ਸਾਧ ਸੰਗਤਿ ਸੀਤਲਈ ॥ ੩ ॥**

ਅੱਧੀ ੨ ਕੌਡੀ ਨੂੰ ਲੱਭਦੇ ਫਿਰਦੇ ਸੀ ਹੁਣ ਸਾਡੇ ਮਨ ਤੋਂ ਸਾਰੀ ਤ੍ਰਿਸ਼ਨਾ ਬੁਝ ਗਈ ਹੈ ਪਹਿਲਾਂ ਜੋ ਕੋਈ ਕੁਛ ਆਖਦਾ ਤਾਂ ਮੈਂ ਬੜਾ ਗੁਮੈਲਾਸੀ ਇਕ ਬੋਲ ਬੀ ਖਵਤੋ= ਸਹਾਰਦਾ ਨਹੀਂ ਸੀ ਹੁਣ ਸਾਧ ਸੰਗਤ ਕਰਕੇ ਮੇਰਾ ਮਨ ਠੰਡਾ ਹੋ ਗਿਆ ਹੈ।

**ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ ॥ ਦਾਸੁ ਦਾਸ ਦਾਸ ਕੋ ਕਰੀਅਹੁ ਜਨਨਾਨਕ ਹਰਿ ਸਰਣਈ ॥ ੪ ॥ ੨ ॥ ੧੨੪ ॥**

ਜਬਾਨ ਤਾਂ ਇਕ ਹੈ ਹੇ ਮਾਲਕਾ ਮੈਂ ਤੇਰੇ ਕੇਹੜੇ ੨ ਗੁਣ ਆਖਾਂ ਤੇ ਮਨ ਬਾਣੀ ਅਕਲ ਤੋਂ ਅਗੰਮ ਹੈ ਗੁਰੂ ਜੀ=ਹੇ ਮਾਲਕਾ ਮੈਂ ਆਪ ਦੀ ਸ਼ਰਨ ਹਾਂ ਮੈਨੂੰ ਆਪਣਿਆਂ ਦਾਸਾਂ ਦੇ ਦਾਸਾਂ ਦਾ ਦਾਸ ਬਣਾ।

## ਆਸਾ ਮਹਲਾ ੫ ॥

**ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉਬੇਗਿ ਧਾਇਆ ॥ ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ ॥ ੧ ॥**

ਹੇ ਮੂਰਖ ਮਨਾ ਭਜਨ ਦੇ ਲਾਭ ਨੂੰ ਤੇ ਢਿੱਲਾ ੨ ਫਿਰਦਾਏਂ ਅਤੇ ਜੇਹੜੇ ਵਿਸ਼ੇ ਤੈਨੂੰ ਘਾਟੇ ਪੌਂਣ ਵਾਲੇ ਹਨ ਓਨਾਂ ਨੂੰ ਤੂੰ ਛੇਤੀ ੨ ਦੌੜਦਾ ਫਿਰਦਾ ਏਂ ਨਾਮ ਦਾ ਸੌਦਾ ਸਸਤਾ ਹੈ ਸੋ ਤੂੰ ਘਿੰਨਹਿ=ਲੈਂਦਾ ਨਹੀਂ ਹੇ ਪਾਪੀਆ ਤੂੰ ਨਾਇਆ=ਨਾਮ ਜਪਣ ਵੱਲੋਂ ਬੰਨ੍ਹਿਆਂ ਗਿਆ ਹੈਂ ਰੇਨਾਇਆ=ਕਰਜਿਆਂ ਨਾਲ ਬੱਧਾ ਹੈਂ।

**ਸਤਿਗੁਰ ਤੇਰੀ ਆਸਾਇਆ ॥ ਪਤਿਤ ਪਾਵਨੁ ਤੇਰੋ**

Digitized by Panjab Digital Library | www.panjabdigilib.org

ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ ॥੧॥ ਰਹਾਉ ॥

ਹੇ ਮਨ ਇਕੁਰ ਬੇਨਤੀ ਕਰ ਕਿ ਹੇ ਸਤਿਗੁਰੂ ਜੀ ਮੈਂ ਤੇਰੀ ਆਸਾਂ ਕਰਕੇ ਆਇਆ ਹਾਂ ਹੇ ਪ੍ਰਮੇਸਰ ਦਾ ਰੂਪ ਗੁਰੂ ਜੀ ਤੇਰਾ ਨਾਮ ਪਾਪੀਆ ਦੇ ਪਵਿੱਤ੍ਰ ਕਰਨ ਵਾਲਾ ਹੈ ਮੈਂ ਏਸੇ ਨਾਮ ਦਾ ਆਸਰਾ ਲਿਆ ਹੈ ।

ਗੰਧਣ ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ ॥ ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ ॥ ੨ ॥

ਗੰਧਲ=ਗੰਦਿਆਂ ਬਚਨਾਂ ਨੂੰ ਸੁਨ ਕੇ ਫਸ ਜਾਂਦਾ ਹੈ ਅਤੇ ਨਾਮ ਲੈਣ ਵੱਲੋਂ ਆਲਸ ਕਰਦਾ ਹੈ, ਨਿੰਦਿਆ ਉਸਤਤੀ ਕਰਨ ਨੂੰ ਬੜਾ ਬਹੁਤ, ਉਛਲ ੨ ਕੇ ਜਾਂਦਾ ਹੈ ਇਹ ਤੇਰੀ ਉਲਟ ਸਮਝ ਸਮਝੀ ਹੈ ਜਾਂ ਮਾੜੀ ਸਮਝੀ ਹੈ ।

ਪਰਧਨ ਪਰਤਨ ਪਰਤੀ ਨਿੰਦਾਅਖਾਧਿ ਖਾਹਿ ਹਰਕਾਇਆ ॥ ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥ ੩ ॥

ਪਰਾਇਆ ਧਨ ਪਰਾਇਆ ਪੁਤ੍ਰ ਪਰਾਈ ਇਸਤ੍ਰੀ ਪਰਾਈ ਨਿੰਦਿਆਂ ਤੇ ਜੇਹੜਾ ਖਾਣਾ ਨਹੀਂ ਖਾਣਾ ਹੈ ਉਸ ਦੇ ਖਾਣ ਵਾਸਤੇ ਹਲਕਾਇਆ ਹੋਇਆ ਫਿਰਦਾ ਹੈਂ,ਸੱਚ ਤੇ ਧਰਮ ਨਾਲ ਤੇਰੀ ਪ੍ਰੀਤੀ ਨਹੀਂ ਆਉਂਦੀ ਹੈ ਭਾਵ ਭਗਤੀ ਨਾਲ ਤੇਰੀ ਰੁਚੀ ਨਹੀਂ ਲਗਦੀ ਸੱਚਾ ਬਚਨ ਸੁਨਦਿਆਂ ਹੀ ਤੈਨੂੰ ਗੁਸਾ ਆ ਜਾਂਦਾ ਹੈ ।

ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ ॥ ਨਾਨਕ ਆਹਿ ਸਰਨ ਪ੍ਰਭ ਆਇਓ ਰਾਖੁ ਲਾਜ ਅਪਨਾਇਆ ॥ ੪ ॥ ੩ ॥ ੧੨੫ ॥

ਹੇ ਦੀਨ ਦਿਆਲੂ ਕ੍ਰਿਪਾਲੂ ਮਾਲਕ ਹਰੀ ਭਗਤਾਂ ਨੂੰ ਇਕ ਤੇਰੇ ਨਾਮ ਦਾ ਹੀ ਆਸਰਾ ਹੈ ਗੁਰੂ ਜੀ=ਆਹਿ=ਚਾਹ ਕਰਕੇ ਆਪਦੀ ਸ਼ਰਣ ਆਇਆ ਹਾਂ ਤੁਸੀਂ ਆਪਣਾ ਜਾਣ ਕੇ ਦਾਸ ਦੀ ਲਜਿਆ ਰੱਖੋ ।

ਆਸਾ ਮਹਲਾ ੫ ॥

ਮਿਥਿਆ ਸੰਗਿ ਸੰਗਿ ਲਪਟਾਏ ਮੋਹਿ ਮਾਇਆ

Digitized by Panjab Digital Library | www.panjabdigilib.org

ਕਰਿ ਬਾਧੇ ॥ ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ ॥ ੧ ॥

ਸੰਗਿ=ਸੰਗਮ ਭਾਵ ਬਹੁਤ ਜਾਂ• ਸੰਗ ਜਾਣਾ ਸ਼ਰਮ ਕਰਨੀ, ਜੇਹੜੇ ਬਹੁਤ ਹੀ ਝੂਠੇ ਪਦਾਰਥ ਨੇ ਜਾਂ ਜਿਨਾਂ ਤੋਂ ਸੰਗਣਾ ਸੀ ਓਨਾਂ ਝੂਠਿਆਂ ਪਦਾਰਥਾਂ ਦੇ ਨਾਲ ਜੀਵ ਚੰਬੜੇ ਹੋਇ ਹਨ ਅਤੇ ਮਾਇਆ ਦੇ ਮੋਹ ਕਰਕੇ ਬੱਧੇ ਹੋਇ ਹਨ ਜਿੱਥੇ ਪ੍ਰਲੋਕ ਵਿਚ ਜਾਣਾਂ ਹੈ ਓਹ ਘਰ ਯਾਦ ਨਹੀਂ ਆਉਂਦਾ ਹੈ ਅਤੇ ਹੰਕਾਰ ਵਾਲੀ ਅਕਲ ਕਰਕੇ ਆਦਮੀ ਅੰਨ੍ਹਿਆਂ ਵਰਗੇ ਹੋਇ ਫਿਰਦੇ ਹਨ ।

ਮਨ ਬੈਰਾਗੀ ਕਿਉ ਨ ਅਰਾਧੇ॥ ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ॥੧॥ਰਹਾਉ॥

ਹੇ ਮਨ ਤੂੰ ਵੈਰਾਗ ਵਾਲਾ ਹੋਕੇ ਪ੍ਰਮੇਸਰ ਦਾ ਅਰਾਧਨ ਕਿਉਂ ਨਹੀਂ ਕਰਦਾ ਹੈਂ ਤੂੰ ਇਸ ਦੇਹ ਰੂਪ ਕੱਚੀ ਕੋਠੜੀ ਵਿੱਚ ਵਸਦਾ ਹੈਂ ਅਤੇ ਤੇਰੇ ਨਾਲ ਸਾਰਿਆਂ ਵਿਸ਼ਿਆਂ ਦੀ ਵਾਸ਼ਨਾ ਰੂਪ ਬਿਆਧੀ ਭਾਵ ਬਿਮਾਰੀ ਲੱਗੀ ਹੋਈ ਹੈ ।

ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ ॥ ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ ॥ ੨ ॥

ਮੇਰੀ ੨ ਕਰਦਿਆਂ ਤੇਰਾ ਦਿਨ ਰਾਤ ਬੀਤਦਾ ਹੈ ਖਿਨ ਪਲ ਕਰਦੇ ਤੇਰੀ ਉਮਰ ਨਾਸ ਹੁੰਦੀ ਜਾਂਦੀ ਹੈ ਆਦਮੀ ਝੂਠਿਆਂ ਧੰਧਿਆਂ ਨੂੰ ਮਿਠੇ ਤੇ ਸੁਆਦੀ ਜਾਣ ਕੇ ਲੋਭੇ ਹੋਇ ਹਨ ਅਤੇ ਓਹ ਧੰਧੇ ਦੁਰਗੰਧੀ ਵਰਗੇ ਹਨ ।

ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ ॥ ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ ॥ ੩ ॥

ਇੰਦ੍ਰੀਆਂ ਦੇ ਸੁਆਦਾਂ ਵਿੱਚ ਚੰਬੜ ਕੇ ਕਾਮ ਕਰੋਧ ਲੋਭ ਮੋਹ ਕਰਦੇ ਹਨ ਇੱਕੁਰ ਦੇ ਕਰਮਾਂ ਦਾ ਫਲ ਪਰਮੇਸਰ ਕਰਮਾਂ ਦਾ ਫੈਸਲਾ ਕਰਨ ਵਾਲੇ ਨੇ ਚੁਰਾਸੀ ਵਿੱਚ ਫਿਰਨ ਰੂਪ ਭੁਆਟਣੀ ਦਿਤੀ ਹੈ ਇਸ ਲਈ ਮੁੜ ੨ ਜੰਮਦੇ ਮਰਦੇ ਹਨ ।

Digitized by Panjab Digital Library | www.panjabdigilib.org

ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਤਉ ਗੁਰ- ਮਿਲਿ ਸਭ ਸੁਖ ਲਾਧੇ ॥ ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ ॥ ੪ ॥

ਜਦੋਂ ਦੀਨ ਦੁੱਖ ਭੰਜਨ ਪਰਮੇਸਰ ਕਿਰਪਾਲੂ ਹੋਇਆ ਤਾਂ ਗੁਰਾਂ ਨਾਲ ਮਿਲਕੇ ਮੈਂ ਸਾਰੇ ਸੁਖ ਲੱਭ ਲਏ ਗੁਰੂ ਜੀ=ਹੁਣ ਮੈਂ ਰਾਤ ਦਿਨ ਨਾਮ ਨੂੰ ਯਾਦ ਕਰਦਾ ਹਾਂ ਅਤੇ ਸਾਰੀਆਂ ਉਪਾਧੀਆਂ ਮਾਰਕੇ ਕੱਢ ਦਿਤੀਆਂ ਹਨ।

ਇਉ ਜਪਿਓ ਭਾਈ ਪੁਰਖੁ ਬਿਧਾਤੇ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਜਨਮ ਮਰਣ ਦੁਖ ਲਾਥੇ ॥ ੧ ॥ ਰਹਾਉ ਦੂਜਾ ॥ ੪ ॥ ੪ ॥ ੧੨੬ ॥

ਹੇ ਭਾਈ ਇੱਕਰ ਮੈਂ ਪ੍ਰਮੇਸਰ ਨੂੰ ਜਪਿਆ ਹੈ ਤੇ ਦੀਨ ਦੁੱਖ ਭੰਜਨ ਪਰਮੇਸਰ ਮੇਰੇ ਉੱਤੇ ਕਿਰਪਾਲੂ ਹੋਇਆ ਹੈ ਹੁਣ ਮੇਰੇ ਜਨਮ ਮਰਨ ਦੇ ਦੁਖ ਲੱਥ ਗਏ ਹਨ।

## ਆਸਾ ਮਹਲਾ ੫ ॥

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥ ੧ ॥

ਥੋੜੇ ਜਹੇ ਚਿਰ ਕਾਮ ਦੇ ਸੁਾਦ ਵਾਸਤੇ ਕਰੋੜਾਂ ਭਾਵ ਬਹੁਤ ਦਿਨ ਦੁਖ ਪਾਂਦਾ ਹੈ, ਘੜੀ ਅੱਧੀ ਘੜੀ ਸੁਖ ਮਾਣਦਾ ਹੈ ਫਿਰ ਮੁੜ ੨ ਪੱਛਾਤਾਪ ਕਰਦਾ ਹੈ।

ਅੰਧੇ ਚੇਤਿ ਹਰਿ ਹਰਿ ਰਾਇਆ ॥ ਤੇਰਾ ਸੋ ਦਿਨੁ ਨੇੜੈ ਆਇਆ ॥ ੧ ॥ ਰਹਾਉ ॥

ਹੇ ਅੰਨ੍ਹੇ! ਪ੍ਰਮੇਸ਼ਰ ਪ੍ਰਕਾਸ਼ਕ ਦੇ ਨਾਮ ਨੂੰ ਯਾਦ ਕਰ ਜੇਹੜਾ ਤੇਰਾ ਮਰਨ ਦਾ ਦਿਨ ਹੈ ਓਹ ਨੇੜੇ ਆਇਆ ਹੋਇਆ ਹੈ।

ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ॥ ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋਹੀ ਇਹੁ ਪਰ-

Digitized by Panjab Digital Library | www.panjabdigilib.org

ਗ੍ਰਿਹੁ ॥ ੨ ॥

ਥੋੜਾ ਜੇਹਾ ਫਿਰ ਨਜ਼ਰ ਆਉਣ ਵਾਲੇ ਵਿਸ਼ੇ ਦੇ ਸੁਖ ਨੂੰ ਵੇਖਕੇ ਤੂੰ ਭੁੱਲ ਜਾਂਦਾ ਹੈਂ ਪਰ ਜਿੱਕੁਰ ਅੱਕ, ਨਿੰਮ, ਤੁੰਬੇ ਨੂੰ ਤੂੰ ਕੌੜਾ ਜਾਣਦਾ ਹੈਂ ਇੱਕੁਰ ਹੀ ਇਨ੍ਹਾਂ ਨੂੰ ਬੇਸੁਆਦ ਸਮਝ,ਹੇ ਭਰਾ ਜਿਸਤਰਾਂ ਸੱਪ ਦਾ ਸੰਗ ਕਰਨਾ ਹੈ ਇੱਕੁਰ ਹੀ ਫਿਰ ਪਰਾਇ ਘਰ ਦਾ ਭਾਵ ਪਰਾਈ ਇਸਤ੍ਰੀ ਦਾ ਸੰਗ ਹੈ।

ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ ॥ ਛੋਡਿ ਜਾਹਿ ਤਿਨਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ ॥੩॥

ਜੇਹੜੇ ਸਰਬੰਧੀ ਵੈਰੀਆਂ ਵਰਗੇ ਹਨ ਉਹਨਾਂ ਦੇ ਵਾਸਤੇ ਪਾਪ ਕਰਦਾ ਹੈਂ ਅਤੇ ਜੇਹੜੀ ਆਤਮ ਵਸਤੂ ਹੈ ਅਮਾਨਤ ਜਿਸ ਤਰਾਂ ਦੀ ਸੀ ਓਸੇ ਹੀ ਤਰਾਂ ਦੀ ਪਈ ਰਹੀ ਹੈ ਉਸ ਵਲ ਤੇਰਾ ਧਿਆਨ ਨਹੀਂ ਜਾਂਦਾ ਹੈ ਅਤੇ ਜੇਹੜੇ ਪਦਾਰਥ ਜਾਂ ਸਰਬੰਧੀ ਤੈਨੂੰ ਛੱਡਕੇ ਚਲੇ ਜਾਣਗੇ ਤੂੰ ਇਹਨਾਂ ਦਾ ਸੰਗੀ ਬਣਿਆਂ ਹੈਂ ਅਤੇ ਜੇਹੜੇ ਗੁਣ ਜਾਂ ਸੰਤ ਸੱਜਣ ਹਨ ਇਹਨਾਂ ਤੋਂ ਬੇਗਾਨਾ ਹੋਇਆ ਹੋਇਆ ਹੈਂ ਭਾਵ ਪ੍ਰੀਤ ਨਹੀਂ ਕਰਦਾ ਹੈਂ ਵੈਰੀ ਸਮਝਦਾ ਹੈਂ।

ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋਉਬਰਿਓ ਜਿਸੁ ਗੁਰੁ ਪੂਰਾ ॥ ਕਹੁ ਨਾਨਕ ਭਵਸਾਗਰੁ ਤਰਿਓ ਭਏ ਪੁਨੀਤ ਸਰੀਰਾ ॥ ੪ ॥ ੫ ॥ ੧੨੭ ॥

ਸਾਰਾ ਸੰਸਾਰ ਇੱਕੁਰ ਇਸ ਰੀਤੀ ਨਾਲ ਮਾਇਆ ਵਿੱਚ ਫਸਿਆ ਹੋਇਆ ਹੈ ਇਸ ਤੋਂ ਓਹੋ ਹੀ ਬਚਿਆ ਹੈ ਜਿਸ ਨੂੰ ਪੂਰਾ ਗੁਰੂ ਮਿਲਿਆ ਹੈ। ਗੁਰੂ ਜੀ=ਤਾਰੂਆਂ ਭਗਤਾਂ ਦੇ ਸਰੀਰ ਪਵਿੱਤ੍ਰ ਹੋ ਗਏ ਹਨ ਅਰ ਓਹ ਸੰਸਾਰ ਸਮੁੰਦਰ ਤੋਂ ਪਾਰ ਉੱਤਰ ਗਏ ਹਨ।

## ਆਸਾ ਮਹਲਾ ੫ ਦੁਪਦੇ ॥

ਲੂਕਿ ਕਮਾਨੋ ਸੋਈ ਤੁਮ ਪੇਖਿਓ ਮੂੜ ਮੁਗਧ ਮੁਕਰਾਨੀ॥ ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ ਪਛੁਤਾਨੀ ॥ ੧ ॥

ਜਿਹੜਾ ਕੰਮ ਤੂੰ ਲੁਕ ਕੇ ਕੀਤਾ ਸੀ ਓਹ ਤੇਰਾ ਬੁਰਾ ਕੰਮ ਪਰਮੇਸਰ ਨੇ ਵੇਖ ਲਿਆ ਹੈ ਤੇ ਬਹੁਤ ਹੀ ਮੂਰਖ ਆਦਮੀ ਹੁਣਤੂੰ ਉਸ ਪਰਮੇਸਰ ਤੋਂ ਮੁੱਕ੍ਰਦਾ ਹੈਂ ਕਿ ਮੈਂ ਨਹੀਂ ਕੀਤਾ ਹੈ, ਜਦੋਂ ਅਪਣੇ ਕਮਾਏ ਹੋਇ ਕਰਮਾਂ ਦੇ ਫਲ ਨੂੰ ਲੈਕੇ ਬੰਨ੍ਹੇਂ ਗਏ ਤੇ ਤਾਂ ਫਿਰ ਪਿੱਛੋਂ ਪਛਤਾਵਣੀ ਹੀ ਰਹਿ ਜਾਵੇਗੀ।

Digitized by Panjab Digital Library | www.panjabdigilib.org

**ਪ੍ਰਭ ਮੇਰੇ ਸਭ ਬਿਧਿ ਆਗੈ ਜਾਨੀ ॥ ਭ੍ਰਮਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅਕੀ ਮਾਨੀ ॥੧॥ਰਹਾਉ॥**

ਹੇ ਜੀਵ ਮੇਰੇ ਮਾਲਕ ਨੇ ਸਾਰੀ ਰੀਤੀ ਅੱਗੇ ਹੀ ਜਾਣੀ ਹੈ ਭਾਵ ਜਦੋਂ ਬੁਰਾ ਖਿਆਲ ਪੈਦਾ ਹੁੰਦਾ ਹੈ ਤੇ ਤਾਂ ਹੀ ਮਾਲਕ ਅੰਤਰਜਾਮੀ ਜਾਣ ਲੈਂਦਾ ਹੈ। ਹੇ ਜੀਵ ! ਭਰਮ ਦੇ ਲੁਟੇ ਹੋਏ ਤੂੰ ਓਸ ਪਾਸੋਂ ਪੜਦਾ ਰੱਖਦਾ ਹੈਂ ਭਾਵ ਬੁਰੇ ਕੰਮ ਲੁਕਾ ਕੇ ਕਰਦਾ ਹੈਂ (ਪਾਛੈ) ਮਰਨ ਦੇ ਪਿੱਛੋਂ ਪਰਲੋਕ ਵਿਚ ਆਦਮੀ ਦੇ ਮਨ ਦੀ ਗੱਲ ਮੰਨੀਂ ਜਾਵੇਗੀ ਭਾਵ ਨਹੀਂ ਜਾਂ ਮਨ ਦੀ ਭਾਵਣਾਂ ਹੀ ਮੰਨੀ ਜਾਵੇਗੀ ਉਤੋਂ ਦਾ ਵਿਖਾਵਾ ਨਹੀਂ ਮੰਨਿਆਂ ਜਾਵੇਗਾ।

**ਜਿਤੁ ਜਿਤੁ ਲਾਏ ਤਿਤੁ ਤਿਤੁ ਲਾਗੇ ਕਿਆ ਕੋ ਕਰੈ ਪਰਾਨੀ ॥ ਬਖਸਿ ਲੈਹੁ ਪਾਰਬ੍ਰਹਮ ਸੁਆਮੀ ਨਾਨਕ ਸਦ ਕੁਰਬਾਨੀ ॥ ੨ ॥ ੬ ॥ ੧੨੮ ॥**

ਹੇ ਪਰਮੇਸਰਾ ! ਜਿਧਰ ੨ ਤੂੰ ਲਾਇ ਹਨ ਓਧਰ ੨ ਆਦਮੀ ਲੱਗੇ ਹਨ, ਅਪਣੇ ਆਪਤੋਂ ਕੋਈ ਆਦਮੀ ਕੀ ਕਰ ਸਕਦਾ ਹੈ ਹੇ ਪ੍ਰਮੇਸਰ ਮੈਨੂੰ ਬਖਸ਼ ਲੈ ਨਾਨਕ ਸਦਾ ਕੁਰਬਾਨ ਜਾਂਦਾ ਹੈ।

## ਆਸਾ ਮਹਲਾ ੫ ॥

***ਅਪਨੇਸੇਵਕਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿਧਾਵੈ॥੧॥**

ਆਪਣਿਆਂ ਦਾਸਾਂ ਦੀ ਆਪੇ ਹੀ ਇੱਜ਼ਤ ਰਖਦਾ ਹੈ ਅਤੇ ਆਪੇ ਹੀ ਓਨਾਂ ਪਾਸੋਂ ਨਾਮ ਜਪਾਂਦਾ ਹੈ ਜਿਥੇ ੨ ਸੇਵਕਾਂ ਨੂੰ ਵੱਡਾ ਕੰਮ ਜਾਂ ਕੋਈ ਖੇਤੀ ਆਦਕ ਦੀ ਕਿਰਤ ਆ ਬਣਦੀ ਹੈ ਭਾਵ ਜਿਕੁਰ ਸੰਧੂ ਰੂਪਾ ਦੇ ਕੰਮ ਸਵਾਰੇ ਪਾਣੀ ਪੀਤਾ, ਧੰਨੇ ਦੀ ਕ੍ਰਿਤੀ ਖੇਤੀ ਬੀਜੀ ਇਕੁਰ ਹੀ ਓਥੇ ੨ ਥਾਂ ਥਾਂਪਰਮੇ-ਸਰ ਉੱਠ ਦੌੜਦਾ ਹੈ।

**ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ਰਹਾਉ॥**

ਮਾਲਕ ਦਾਸ ਨੂੰ ਪ੍ਰਗਟ ਹੋਕੇ ਅਪਣਾ ਰੂਪ ਪਾਸ ਜਾਕੇ ਦਿਖਾਂਦਾ ਹੈ ਭਾਵ ਪ੍ਰਤੱਖ ਦਰਸ਼ਨ ਦੇਂਦਾ ਹੈ। ਦਾਸ ਜਿਹੜਾ ੨ ਮਨੋਰਥ ਮਾਲਕ ਦੇ ਪਾਸ

*ਦੇਖੋ ਸੂਰਜ ਪ੍ਰਕਾਸ਼ ਵਿਚੋਂ ਛੇਵੇਂ ਗੁਰੂ ਦੇ ਪ੍ਰਸੰਗ ਵਿਚਸੰਧੂ ਰੂਪੇ ਦਾ ਪ੍ਰਸੰਗ।

Digitized by Panjab Digital Library | www.panjabdigilib.org

ਆਖਦਾ ਹੈ ਸੋ ਸੋ ਛੇਤੀ ਨਾਲ ਹੀ ਹੋ ਜਾਂਦਾ ਹੈ ।

**ਤਿਸੁ ਸੇਵਕਕੈਹਉ ਬਲਿਹਾਰੀ ਜੋ ਅਪਨੇ ਪ੍ਰਭਭਾਵੈ॥ ਤਿਸਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥ ੨ ॥ ੭ ॥ ੧੨੯ ॥**

ਜਿਹੜਾ ਦਾਸ ਅਪਣੇ ਮਾਲਕ ਨੂੰ ਚੰਗਾ ਲੱਗਦਾ ਹੈ ਮੈਂ ਉਸਤੋਂ ਬਲਹਾਰ ਜਾਂਦਾ ਹਾਂ । ਉਸਦੀ ਸੋਭਾ ਸੁਣਕੇ ਮੇਰਾ ਮਨ ਹਰਿਆ ਭਾਵ ਖੁਸ਼ੀ ਹੁੰਦਾ ਹੈ 'ਨਾਨਕ' ਮੈਂ ਉਸਦੇ ਦਰਸ਼ਨ ਕਰਨ ਨੂੰ ਆਉਂਦਾ ਹਾਂ ।

## ਆਸਾ ਘਰੁ ੧੧ ਮਹਲਾ ੫ ॥

## ੴ ਸਤਿਗੁਰਪ੍ਰਸਾਦਿ ॥

**ਨਟੂਆ ਭੇਖ ਦਿਖਾਵੈ ਬਹੁਬਿਧਿ ਜੈਸਾ ਹੈ ਓਹੁ ਤੈਸਾ ਰੇ ॥ ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ ਪਰਵੇਸਾ ਰੇ ॥ ੧ ॥**

ਜਿਸਤਰਾਂ ਨੱਟ ਬਹੁਤ ਤਰਾਂ ਦੇ ਭੇਖ ਦਿਖਾਂਦਾ ਹੈ ਪਰ ਉਨਦਾ ਰੂਪ ਓਸੇਹੀ ਤਰਾਂ ਦਾ ਹੈ ਭਾਵ ਓਹਦੀ ਨਟ ਦੀ ਸ਼ਕਲ ਬਦਲ ਨਹੀਂ ਜਾਂਦੀ ਹੈ ਓਹ ਬਹੁਰੂਪੀਆ ਹੀ ਰਹਿੰਦਾ ਹੈ 'ਇਕੁਰ ਹੀ ਭਰਮ ਵਿਚ ਪੈਕੇ ਭਾਵੇਂ ਅਨੇਕਾਂ ਜੂਨੀਆਂ ਵਿੱਚ ਜੀਵ ਭਰਮਦਾ ਹੈ ਪਰ ਫਿਰ ਵੀ ਇਸ ਭੌਣ ਨਾਲ ਉਸਨੂੰ ਕੁਛ ਲਾਭ ਨਹੀਂ ਹੋਇਆ ਹੈ ਉਸਨੂੰ ਆਤਮ ਸੁਖ ਦਾ ਪ੍ਰਵੇਸ਼ ਵੀ ਨਹੀਂ ਹੋਇਆ ਹੈ ਭਾਵ ਮਨ ਵਿਚ ਸੁਖ ਨਹੀਂ ਆਇਆ ਹੈ ।

**ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ॥ ਸਾਧ ਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾਰੇ ॥ ੧ ॥ ਰਹਾਉ ॥**

ਹੇ ਸੰਤ ਸੱਜਣ ਮੇਰੇ ਮਿੱਤ੍ਰ ਪ੍ਰਮੇਸਰ ਦੇ ਭਜਨ ਤੋਂ ਬਿਨਾਂ ਹਰ ਇਕ ਕਰਮ ਅਨੀਤਾ=ਅਯੋਗ ਹੈ ਜਿਨਾਂ ਨੇ ਸਾਧ ਸੰਗਤ ਵਿੱਚ ਮਿਲਕੇ ਪ੍ਰਮੇਸਰ ਦੇ ਗੁਣ ਗਾਇ ਹਨ ਉਹਨਾਂ ਨੇ ਮਨੁੱਖ ਜਨਮ ਰੂਪ ਪਦਾਰਥ ਨੂੰ ਜਿੱਤ ਲਿਆ ਹੈ।

**ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ**

Digitized by Panjab Digital Library | www.panjabdigilib.org

## ਬਿਧਿ ਤਰੀਐ ਰੇ ॥ ਘੂਮਨ ਘੇਰਿ ਅਗਾਹ ਗਾਖਰੀਗੁਰ ਸਬਦੀ ਪਾਰਿ ਉਤਰੀਐ ਰੇ ॥ ੨ ॥

ਭਾਵੇਂ ਤਿੰਨ ਗੁਣ ਰੂਪ ਮਾਇਆ ਪ੍ਰਮੇਸਰ ਦੀ ਕੀਤੀ ਹੋਈ ਨਦੀ ਹੈ ਤੇ ਇਸ ਵਿੱਚ ਵਿਸ਼ਿਆਂ ਰੂਪ ਘੁਮਨ ਘੇਰ ਹੈਂ ਅਤੇ ਗਾਖਰੀ=ਔਖੀ ਹੈ ਤਰਨੀ ਤੇ ਅਥਾਹ ਪਾਣੀ ਹੈ,ਇੱਕੁਰ ਦੀ ਨਦੀ ਤੋਂ ਦਸੋ ਕਿੱਕੁਰ ਕਿਸ ਰੀਤੀ ਨਾਲ ਤਰੀਏ ਫਿਰ ਗੁਰੂ ਜੀ ਆਖਦੇ ਹਨ ਕਿ ਹੇ ਭਾਈ ਇਕ ਗੁਰਾਂ ਦੇ ਸ਼ਬਦ ਕਰਕੇ ਹੀ ਪਾਰ ਉਤਾਰਾ ਹੁੰਦਾ ਹੈ ।

## ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾਰੇ ॥ ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾਰੇ ॥ ੩ ॥ ੧ ॥ ੧੩੦ ॥

ਗੁਰੂ ਜੀ= ਬਹੁਤ ਹੀ ਖੋਜਦਿਆਂ ੨ ਖੋਜ=ਰਸਤਾ ਵਿਚਾਰ ਲਿਆ ਹੈ ਅਤੇ ਇਹ ਨਚੋੜ ਕੱਢਕੇ ਜਾਣ ਲਿਆ ਹੈ ਕਿ ਨਿਰਮੋਲਕ ਨਾਮ ਨਿਧਾਨ ਨੂੰ ਸਿਮਰ ਕੇ ਮੇਰਾ ਮਨ ਮਾਣਕ ਪਰਮੇਸ਼ਰ ਵਿੱਚ ਭਰੋਸਾ ਕਰਨ ਵਾਲਾ ਹੋ ਗਿਆ ਹੈ ।

## ਆਸਾ ਮਹਲਾ ੫ ਦੁਪਦੇ ॥

## ਗੁਰ ਪਰਸਾਦਿ ਮੇਰੈ ਮਨਿ ਵਸਿਆ ਜੋ ਮਾਗਉ ਸੋ ਪਾਵਉਰੇ ॥ ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ ਬਹੁਰਿ ਨ ਕਤਹੂੰ ਧਾਵਉਰੇ ॥ ੧ ॥

ਗੁਰਾਂ ਦੀ ਕਿਰਪਾ ਨਾਲ ਪਰਮੇਸਰ ਮੇਰੇ ਮਨ ਵਿਚ ਵਸਿਆ ਹੈ ਹੁਣ ਜੋ ਕੁਛ ਮੈਂ ਅਪਣੇ ਮਾਲਕ ਤੋਂ ਮੰਗਦਾ ਹਾਂ ਸੋ ਪਾਂਦਾ ਹਾਂ ਹੁਣ ਮੇਰਾ ਮਨ ਨਾਮ ਵਿਚ ਪ੍ਰੇਮ ਕਰਨ ਨਾਲ ਰੱਜ ਗਿਆ ਹੈ ਹੁਣ ਫਿਰ ਮੈਂ ਕਿਤੇ ਨਹੀਂ ਦੌੜਦਾ ਹਾਂ ।

## ਹਮਰਾ ਠਾਕੁਰੁ ਸਭ ਤੇ ਊਚਾ ਰੈਣਿ ਦਿਨਸੁ ਤਿਸੁ ਗਾਵਉਰੇ ॥ ਖਿਨ ਮਹਿ ਥਾਪਿ ਉਥਾਪਨਹਾਰਾ ਤਿਸਤੇ ਤੁਝਹਿ ਡਰਾਵਉਰੇ ॥ ੧ ॥ ਰਹਾਉ ॥

ਮੇਰਾ ਮਾਲਕ ਸਾਰਿਆਂ ਤੋਂ ਵਡਾ ਉੱਚਾ ਹੈ ਮੈਂ ਰਾਤ ਦਿਨ ਉਸ ਨੂੰ

Digitized by Panjab Digital Library | www.panjabdigilib.org

ਗਾਂਦਾ ਹਾਂ ਓਹ ਇਕ ਛਿਨ ਵਿੱਚ ਸੰਸਾਰ ਨੂੰ ਬਣਾਉਣ ਤੇ ਨਾਸ ਕਰਨ ਵਾਲਾ ਹੈ ਏਸੇ ਲਈ ਮੈਂ ਉਸੇ ਦੇ ਜੋਰ ਤੈਨੂੰ ਡਰਾਂਦਾ ਹਾਂ ਕਿ ਤੂੰ ਮਾਲਕ ਦਾ ਡਰ ਰੱਖ।

**ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ ਅਵਰਹਿ ਚੀਤਿ ਨ ਪਾਵਉਰੇ ॥ ਨਾਨਕ ਦਾਸੁ ਪ੍ਰਭਿ ਆਪਿ ਪਹਿਰਾਇਆ ਭ੍ਰਮੁ ਭਉ ਮੇਟਿ ਲਿਖਾਵਉਰੇ ॥੨॥੨॥੧੩੧॥**

ਜਦੋਂ ਤੁਸੀ ਅਪਣਾ ਮਾਲਕ ਦੇਖੋਗੇ ਤਾਂ ਹੋਰ ਦੇਵੀ ਦੇਵਤਿਆਂ ਨੂੰ ਚਿਤ ਵਿੱਚ ਨਹੀਂ ਪਾਓਗੇ ਭਾਵ ਪਸੰਦ ਨਹੀਂ ਕਰੋਗੇ ਗੁਰੂ ਜੀ=ਮੈਨੂੰ ਦਾਸ ਨੂੰ ਪ੍ਰਮੇਸਰ ਨੇ ਭਗਤੀ ਰੂਪ ਸਿਰੋਪਾਉ ਪਹਿਰਾਇਆ ਹੈ ਹੁਣ ਮੈਂ ਹੋਰਨਾਂ ਲੋਕਾਂ ਦਾ ਵੀ ਭਰਮ ਤੇ ਡਰ ਦੂਰ ਕਰਕੇ ਵਾਹਿਗੁਰੂ ਦੇ ਪ੍ਰਗਟ ਦਰਸ਼ਨ ਕਰਾ ਦੇਂਦਾ ਹਾਂ।

## ਆਸਾ ਮਹਲਾ ੫ ॥

**ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰਤਲੀਰੇ ॥ ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀਰੇ ॥ ੧ ॥**

ਇਹ ਕਾਮ ਆਦਕ ਕਿਸਤਰਾਂ ਦੇ ਬਲੀ ਹਨ ਜੇਹੜੇ ਚਾਰ ਵਰਨ ਖੱਤ੍ਰੀ, ਬ੍ਰਾਹਮਣ, ਸੂਦਰ ਵੈਸ਼ ਇਹਨਾਂ ਚਹੁੰਆਂ ਵਰਨਾਂ ਨੂੰ ਪੈਰਾਂ ਹੇਠ ਮਲ ਰੱਖਿਆ ਹੈ ਅਤੇ ਛਿਆਂ ਭੇਖਾਂ ਨੂੰ ਹੱਥ ਦੀ ਤਲੀ ਵਿੱਚ ਭਾਵ ਅਪਣੇ ਵੱਸ ਕਰ ਰੱਖਿਆ ਹੈ ਹੋਰ ਵੇਖੋ ਜੇਹੜੇ ਆਦਮੀ ਬੜੇ ਸੁੰਦਰ ਸਰੂਪ ਵਾਲੇ ਬੜੇ ਹੀ ਸਿਆਣੇ ਤੇ ਸੁਘੜ=ਚਤਰ ਹਨ ਉਹਨਾਂ ਦੀ ਅਕਲ ਵੀ ਇਹਨਾਂ ਮੋਹ ਆਦਕਾਂ ਪੰਜਾਂ ਨੇ ਛਲ ਰੱਖੀ ਹੈ।

ਮਰਦਨ=ਮਲਨਾ। ਖਟ=ਛੇ। ਦਰਸਨ=ਭੇਖ।

**ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀਰੇ ॥ ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥ ੧ ॥ ਰਹਾਉ ॥**

ਹੇ ਭਰਾ ਜਿਸਨੇ ਸਤਸੰਗ ਵਿਚ ਮਿਲਕੇ ਕਾਮ ਆਦਿਕ ਪੰਜ ਸੂਰਬੀਰ ਮਾਰ ਲਏ ਹਨ ਓਹ ਇੱਕੁਰ ਦਾ ਕੇਹੜਾ ਬਲੀ ਹੈ ਭਾਵ ਇਕੁਰ ਦਾ ਵਿਸ਼ਿਆਂ ਤੋਂ ਬਿਨਾ ਆਦਮੀ ਬੜਾ ਦੁਰਲੱਭ ਹੈ ਜਿਸ ਸੰਤ ਨੇ ਪੰਜ ਮਾਰ=ਕਾਮ ਆਦਕ

Digitized by Panjab Digital Library | www.panjabdigilib.org

ਬਿਦਾਰ=ਨਾਸ ਕਰਕੇ ਗੁਦਾਰੇ=ਗੁਆ ਦਿਤੇ ਹਨ ਓਹ ਇਸ ਕਲਜੁਗ ਵਿਚ ਪੂਰਨ ਹੋਇਆ ਹੈ।

**ਵਡੀ ਕੌਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥ ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧ ਸੰਗਤਿ ਕੈ ਝੁਲੀਰੇ ॥ ੨ ॥ ੩ ॥ ੧੩੨ ॥**

ਇਹ ਕਾਮ ਆਦਿਕ ਵੱਡੀ ਭਾਰੀ ਕੌਮ ਵਾਲੇ ਹਨ ਨਾ ਵੱਸ ਆਉਂਦੇ ਹਨ ਨ ਕਿਸੇ ਤਰਾਂ ਦੌੜ ਹੀ ਜਾਂਦੇ ਹਨ ਇਹਨਾਂ ਦੀ ਜੇਹੜੀ ਹਠ ਵਾਲੀ ਫੌਜ ਹੈ ਸੋ ਓਹ ਬੜੀ ਹੀ ਮੁਹਕਮ=ਪੱਕੀ ਹੈ, ਗੁਰੂ ਜੀ=ਜਿਨਾਂ ਨੇ ਸਾਧ ਸੰਗਤ ਝੱਲੀ ਭਾਵ ਸ਼ਰਨ ਲਈ ਹੈ ਓਹਨਾਂ ਭਗਤਾਂ ਨੇ ਇਹਨਾਂ ਨੂੰ ਨਿਰ=ਵਿਸ਼ੇਸ਼ ਕਰਕੇ ਦਲਿਆ ਭਾਵ ਨਾਸ ਕੀਤਾ ਹੈ।

## ਆਸਾ ਮਹਲਾ ੫ ॥

**ਨੀਕੀ ਜੀਅਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀਰੇ ॥ ੧ ॥ ਰਹਾਉ ॥**

ਜੇਹੜੀ ਇਹ ਵਾਹਿਗੁਰੂ ਦੀ ਕਥਾ ਚੰਗੀ ਹੈ ਸੋ ਇਹ ਆਦਮੀ ਦੀ ਅਕਲ ਸਾਫ ਕਰਨ ਵਾਲੀ ਹੈ ਅਤੇ ਹੋਰ ਸਾਰਿਆਂ ਹੀ ਰਸਾਂ ਦੀ ਪੰਗਤੀ ਫਿੱਕੀ ਕਰਨ ਵਾਲੀ ਹੈ।

**ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ ॥ ੧ ॥**

ਜੇਹੜੇ ਬਹੁਤੇ ਹੀ ਗੁਣੀ ਹਨ ਅਤੇ ਧੁਨੀ, ਲੌਣ ਵਾਲੇ ਜੋਗੀ ਹਨ ਮਨ ਨੂੰ ਮੰਨਣ ਵਾਲੇ ਮੁਨੀ ਹਨ ਤੇ ਜਨ ਹਨ ਜੇਹੜੇ ਛਿਆਂ ਸ਼ਾਸਤ੍ਰਾਂ ਦੇ ਜਾਨਣ ਵਾਲੇ ਹਨ ਓਹਨਾਂ ਸਾਰਿਆਂ ਨੇ ਵਿਚਾਰ ਕੇ ਆਖਿਆ ਹੈ ਕਿ ਪ੍ਰਮੇਸ਼ਰ ਦੀ ਕਥਾ ਦੇ ਬਰਾਬਰ ਹੋਰ ਕੋਈ ਕਥਾ ਲਾਇਕ ਨਹੀਂ ਹੈ। ਬੇਤੇ=ਜਾਨਣਾ।

**ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧ ਸੰਗਿ ਨਾਨਕ ਪੀਕੀਰੇ ॥ ੨ ॥ ੪ ॥ ੧੩੩ ॥**

ਫਿਰ ਓਹ ਪ੍ਰਮੇਸ਼ਰ ਦੀ ਕਥਾ ਕਿਸ ਤਰਾਂ ਦੀ ਹੈ? ਵਿਸ਼ਿਆਂ ਦੇ ਕੱਟਣ ਨੂੰ ਆਰੀ ਹੈ ਹੋਰਨਾਂ ਕਥਾਂ ਨਾਲੋਂ ਨਿਰਾਰੀ=ਵਖਰੀ ਹੈ ਭਾਵ ਚੰਗੀ ਹੈ ਤੇ ਵੱਡੀ ਹੈ ਜਾਂ ਅਪਾਰ ਦਾ ਨਿਰਨਾ ਕਰਨ ਵਾਲੀ ਹੈ ਸਹਜਾਰੀ=ਹੇ ਭਰਾ ਸਹਜ, ਗਿਆਨ, ਸ਼ਾਂਤੀ ਦੀ ਪੰਗਤੀ ਹੈ ਗੁਰੂ ਜੀ=ਓਹ ਹਰੀ ਕਥਾ ਕੇਹੜੀ ਹੈ

Digitized by Panjab Digital Library | www.panjabdigilib.org

ਜੇਹੜੀ ਪਤੀ ਦੀ ਕਥਾ ਸਾਧ ਸੰਗਤ ਦੁਆਰੇ ਵਿਚ ਹੁੰਦੀ ਹੈ।

## ਆਸਾ ਮਹਲਾ ੫ ॥

(ਗੁਰਬਾਣੀ ਦੀ ਮਹਿਮਾ ਹੈ)

**ਹਮਾਰੀ ਪਿਆਰੀ ਅੰਮ੍ਰਿਤ ਧਾਰੀ॥ ਗੁਰਿ ਨਿਮਖ ਨ ਮਨ ਤੇ ਟਾਰੀਰੇ ॥ ੧ ॥ ਰਹਾਉ ॥**

ਇਹ ਗੁਰਬਾਣੀ ਮੈਨੂੰ ਬੜੀ ਪਿਆਰੀ ਹੈ ਇਹ ਨਾਮ ਰੂਪ ਅੰਮ੍ਰਿਤ ਦੀ ਧਾਰ ਹੈ ਭਾਵ ਪ੍ਰਵਾਹ ਹੈ ਗੁਰੂ ਜੀ ਨੇ ਇਹ ਅੱਖ ਦਾ ਫਰਕਨ ਜਿਤਨਾ ਚਿਰ ਵੀ ਮਨ ਤੋਂ ਨਹੀ ਹਟਾਈ ਹੈ ਜਾਂ ਗੁਰਾਂ ਦੀ ਕਿਰਪਾ ਨਾਲ ਅਸਾਂ ਇਹ ਪਲ ਵੀ ਮਨ ਤੋਂ ਨਹੀਂ ਹਟਾਈ ਹੈ ਜਾਂ ਗੁਰ=ਵਡਿਆਂ ੨ ਪਿਛਲਿਆਂ ਲੋਕਾਂ ਵੀ ਮਨ ਤੋਂ ਨਹੀਂ ਹਟਾਈ ਹੈ।

**ਦਰਸਨ ਪਰਸਨ ਸਰਸਨ ਹਰਸਨ ॥ ਰੰਗਿ ਰੰਗੀ ਕਰਤਾਰੀ ਰੇ ॥ ੧ ॥**

ਗੁਰਬਾਣੀ ਪੜ੍ਹਨ ਵਾਲੀ ਸਾਧ ਸੰਗਤ ਦਾ ਦਰਸਨ ਪਰਸ ਕੇ ਸਰਸਨ ਆਨੰਦ ਦੇ ਸਹਿਤ ਹੋਜਾਈਦਾਹੈ ਅਤੇ ਪਰਸਨ=ਛੁਹਿਣਨਾਲ ਹਰਸਨ=ਹਰਖ, ਅਨੰਦ ਹੁੰਦਾ ਹੈ, ਇਹ ਗੁਰਬਾਣੀ ਕਰਤਾਰ ਦੇ ਪ੍ਰੇਮ ਵਿਚ ਰੰਗੀ ਹੋਈ ਹੈ।

**ਖਿਨੁ ਰਮ ਗੁਰ ਗਮ ਹਰਿਦਮ ਨਹ ਜਮ ॥ ਹਰਿ ਕੰਠਿ ਨਾਨਕ ਉਰਿਹਾਰੀਰੇ ॥ ੨ ॥ ੫ ॥ ੧੩੪ ॥**

ਗੁਰੂ ਦੀ ਦਿੱਤੀ ਹੋਈ ਗਮ=ਗਿਆਤ ਨਾਲ ਜਿਸਨੇ ਛਿਨ ੨ ਵਿਚ ਰਮ=ਉਚਾਰਨਾ ਕੀਤਾ ਹੈ ਹਰਦਮ=ਹਰ ਸਾਸ ਨਾਲ ਭਾਵ ਇਹ ਗੁਰੂਬਾਣੀ ਪੜ੍ਹੀ ਹੈ ਜਾਂ ਸੁਣੀ ਹੈ ਤੇ ਹਾਰ ਵਾਂਗ ਗਲ ਵਿਚ ਪਾਈ ਹੈ ਓਹਨਾਂ ਨੂੰ ਜਨਮ ਮਰਨ ਜਾਂ ਜਮ ਦਾ ਡਰ ਨਹੀਂ ਹੁੰਦਾ ਹੈ ਭਾਵ ਜਿਨਾਂ ਦਿਲ ਵਿਚ ਕੰਠ ਕੀਤੀ ਹੈ ਜਾਂ ਰਿਦੇ ਤੇ ਗਲ ਵਿਚ ਹਰਨਾਮ ਦੀ ਰੰਗੀ ਹੋਈ ਬਾਣੀ ਪੜ੍ਹੀ ਹੈ ਓਹ ਤਰ ਗਏ ਹਨ।

## ਆਸਾ ਮਹਲਾ ੫ ॥

ਸਾਧ ਸੰਗਤ ਬੜੀ ਚੰਗੀ ਹੈ

**ਨੀਕੀ ਸਾਧ ਸੰਗਾਨੀ ॥੧॥ ਰਹਾਉ ॥ ਪਹਰ ਮੂਰਤ ਪਲ ਗਾਵਤ ਗਾਵਤ ਗੋਵਿੰਦ ਗੋਵਿੰਦ ਵਖਾਨੀ ॥੧ ॥**

ਹੇ ਗੋਬਿੰਦ ਤੇਰੇ ਮਿਤ ਤੈਨੂੰ ਪਹਿਰਾਂ ਵਿਚ ਗਾਂਦੇ ਹਨ ਮੂਰਤ=ਘੜੀ ਦੋ

Digitized by Panjab Digital Library | www.panjabdigilib.org

ਘੜੀਆਂ ਵਿਚ ਗਾਂਦੇ ਹਨ ਪਲ ੨ ਗਾਂਦੇ ਹਨ ਅਤੇ ਤੇਰਾ ਹੀ ਵਖਿਆਨ ਕਰਦੇ ਹਨ।

**ਚਾਲਤ ਬੈਸਤ ਸੋਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ ॥ ੨ ॥**

ਹੇ ਹਰੀ ਤੁਰਦਿਆਂ ਬਹਿੰਦਿਆਂ ਸੌਂਦਿਆਂ ਤੇਰਾ ਹੀ ਜਸ ਕਰਦੇ ਹਨ ਓਹਨਾਂ ਦੇ ਮਨ ਤਨ ਵਿਚ ਚਰਨਾਂ ਦੀ ਪਰੀਤੀ ਖਟਾਨੀ=ਮਿਲ ਰਹੀ ਹੈ।

**ਹਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ ॥ ੩ ॥ ੬ ॥ ੧੩੫ ॥**

ਗੁਰੂ ਜੀ ! ਮੈਂ ਦਾਸ ਬੜਾ ਹੌਲਾ ਹਾਂ ਤੂੰ ਮਾਲਕ ਬੜਾ ਭਾਰਾ ਵੱਡ ਹੈਂ, ਇਸ ਲਈ ਮੈਂ ਮੁਕਤੀ ਦਾਤੀ ਤੇਰੇ ਸੰਤਾਂ ਦੀ ਸ਼ਰਨ ਹੀ ਪਛਾਣੀ ਹੈ।

## ਰਾਗੁ ਆਸਾ ਮਹਲਾ ੫ ਘਰੁ ੧੨ ॥

## ੧ ਓਂ ਸਤਿਗੁਰਪ੍ਰਸਾਦਿ ॥

**ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ ॥ ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ ॥ ੧ ॥**

ਸਾਰੀਆਂ ਸਿਆਣਪਾਂ ਨੂੰ ਛੱਡਕੇ ਇਕ ਪ੍ਰਮੇਸਰ ਨਿਰੰਕਾਰ ਨੂੰ ਯਾਦ ਕਰ ਇਕ ਸੱਚੇ ਨਾਮ ਤੋਂ ਬਿਨਾਂ ਸਾਰੇ ਪਦਾਰਥ ਸੁਆਹ ਦੀਹਦੇ ਹਨ।

**ਸੋ ਪ੍ਰਭੁ ਜਾਣੀਐ ਸਦ ਸੰਗਿ ॥ ਗੁਰ ਪ੍ਰਸਾਦੀ ਬੂਝੀਐ ਏਕ ਹਰਿਕੈ ਰੰਗਿ ॥ ੧ ॥ ਰਹਾਉ ॥**

ਉਸ ਮਾਲਕ ਨੂੰ ਸਦਾ ਨਾਲ ਜਾਣੀਏਂ, ਗੁਰੂ ਦੀ ਕ੍ਰਿਪਾ ਨਾਲ ਜਿਨਾਂ ਨੂੰ ਇਹ ਸਮਝ ਆਈ ਹੈ ਓਹ ਇਕ ਪਰਮੇਸਰ ਦੇ ਅਨੰਦ ਵਿਚ ਮਸਤ ਰਹਿੰਦੇ ਹਨ।

**ਸਰਣਿ ਸਮਰਥ ਏਕ ਕੇਰੀ ਦੂਜਾ ਨਾਹੀ ਠਾਉ ॥ ਮਹਾ ਭਉਜਲੁ ਲੰਘੀਐ ਸਦਾ ਹਰਿ ਗੁਣ ਗਾਉ ॥ ੨ ॥**

Digitized by Panjab Digital Library | www.panjabdigilib.org

ਹੇ ਭਰਾ ! ਇਕ ਸਮਰੱਥ ਪ੍ਰਮੇਸਰ (ਕੇਰੀ) ਦੀ ਸ਼ਰਣ ਬਿਨਾਂ ਹੋਰ ਕੋਈ ਦੂਸਰਾ ਥਾਂ ਨਹੀਂ ਹੈ, ਰੋਜ ਹੀ ਹਰੀ ਦੇ ਗੁਣ ਗੌਣ ਨਾਲ ਵੱਡੇ ਸੰਸਾਰ ਸਮੁੰਦ੍ਰ ਤੋਂ ਪਾਰ ਲੰਘ ਜਾਈਦਾ ਹੈ ।

**ਜਨਮ ਮਰਣੁ ਨਿਵਾਰੀਐ ਦੁਖੁ ਨ ਜਮਪੁਰਿ ਹੋਇ॥ ਨਾਮੁ ਨਿਧਾਨੁ ਸੋਈ ਪਾਏ ਕ੍ਰਿਪਾ ਕਰੇ ਪ੍ਰਭੁ ਸੋਇ ॥੩॥**

ਜਨਮ ਮਰਨ ਦੂਰ ਕਰੀਦਾ ਹੈ ਫਿਰ ਜਮ ਪੁਰ ਦਾ ਦੁਖ ਨਹੀਂ ਹੁੰਦਾ, ਜਿਸਦੇ ਉੱਤੇ ਓਹ ਮਾਲਕ ਕ੍ਰਿਪਾ ਕਰਦਾ ਹੈ ਓਹ ਆਦਮੀ ਨਾਮ ਖਜ਼ਾਨਾਂ ਪਾਂਦਾ ਹੈ ।

**ਏਕ ਟੇਕ ਅਧਾਰੁ ਏਕੋ ਏਕ ਕਾ ਮਨਿ ਜੋਰੁ॥ ਨਾਨਕ ਜਪੀਐ ਮਿਲਿ ਸਾਧ ਸੰਗਤਿ ਹਰਿ ਬਿਨੁ ਅਵਰੁ ਨ ਹੋਰੁ ॥ ੪ ॥ ੧ ॥ ੧੩੬ ॥**

ਇਕ ਪਰਮੇਸਰ ਦੀ ਹੀ ਓਟ ਹੈ ਬਾਣੀ ਕਰਕੇ, ਇਕ ਦਾ ਹੀ ਸਰੀਰ ਕਰਕੇ ਆਸਰਾ ਹੈ,ਇਕ ਦਾ ਹੀ ਮੈਨੂੰ ਮਨ ਕਰਕੇ ਆਸਰਾ ਜੋਰ ਹੈ।ਗੁਰੂ ਜੀ= ਜਿਸ ਪ੍ਰਮੇਸਰ ਤੋਂ ਬਿਨਾਂ ਦੂਸਰਾ ਹੋਰ ਕੋਈ ਨਹੀਂ ਹੈ, ਸਾਧ ਸੰਗਤ ਵਿਚ ਮਿਲਕੇ ਉਸਨੂੰ ਜਪੀਏ ।

## ਆਸਾ ਮਹਲਾ ੫ ॥

**ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ ਦੀਏ ਸਭਿ ਰਸਭੋਗ॥ ਦੀਨ ਬੰਧਪ ਜੀਅ ਦਾਤਾ ਸਰਣਿ ਰਾਖਣ ਜੋਗੁ ॥ ੧ ॥**

ਹੇ ਮਨ ! ਇਸ ਸਾਡੇ ਜੀਵ ਨੂੰ ਮਨ ਤਨ ਪ੍ਰਾਣ ਅਤੇ ਹਰ ਤਰਾਂ ਦੇ ਰਸ ਪਦਾਰਥਾਂ ਦੇ ਖਾਣੇ ਮਾਲਕ ਪ੍ਰਮੇਸਰ ਦੇ ਦਿਤੇ ਹੋਏ ਹਨ। ਓਹ ਗਰੀਬਾਂ ਦਾ ਪਿਆਰਾ ਜੀਅ ਦਾ ਦਾਤਾ ਹੈ ਅਪਣੀ ਸ਼ਰਨ ਵਿਚ ਦਾਸਾਂਨੂੰ ਰੱਖਣ ਦੇਜੋਗਹੈ।

**ਮੇਰੇ ਮਨ ਧਿਆਇ ਹਰਿ ਹਰਿ ਨਾਉ॥ਹਲਤਿਪਲਤਿ ਸਹਾਇ ਸੰਗੇ ਏਕ ਸਿਉ ਲਿਵਲਾਉ ॥ ੧ ॥ ਰਹਾਉ ॥**

ਹੇ ਮੇਰੇ ਮਨ ! ਹਰਿ ਹਰਿ ਨਾਮ ਨੂੰ ਯਾਦ ਕਰ, ਜਿਹੜਾ ਲੋਕ ਪ੍ਰਲੋਕ ਵਿਚ ਤੇਰਾ ਸਹਾਈ ਹੈ ਉਸ ਇਕ ਨਾਲ ਪ੍ਰੀਤੀ ਲਾ ।

**ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ॥ ਕਰਮ ਧਰਮ ਅਨੇਕ, ਕਿਰਿਆ ਸਭ ਊਪਰਿ ਨਾਮੁ**

Digitized by Panjab Digital Library | www.panjabdigilib.org

ਅਚਾਰੁ ॥ ੨ ॥

ਕਈ ਆਦਮੀ ਸੰਸਾਰ ਸਮੁੰਦ੍ਰ ਤੋਂ ਤਰਨ ਲਈ ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹਕੇ ਉਸਨੂੰ ਯਾਦ ਕਰਦੇ ਹਨ, ਪਰ ਜਿਤਨੇ ਕਰਮ ਧਰਮ ਤੇ ਅਨੇਕਤਰਾਂ ਦੀ ਕਿਰਿਆ ਹੈ ਨਾਮ ਦਾ ਯਾਦ ਕਰਨ ਰੂਪ ਕਰਤੱਬ ਸਾਰਿਆਂ ਤੋਂ ਉੱਤੇ ਭਾਵ ਸਿਰੋਮਣੀ ਹੈ।

ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰਦੇਵ॥ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ॥੩॥

ਜਦੋਂ ਸਤਿਗੁਰ ਦੇਵ ਮਿਲਦੇ ਹਨ ਤਾਂ ਕਾਮ ਕ੍ਰੋਧ ਹੰਕਾਰ ਸਾਰੇ ਨਾਸ ਹੋ ਜਾਂਦੇ ਹਨ ਇਸ ਲਈ ਨਾਮ ਯਾਦ ਕਰਨ ਨੂੰ ਪੱਕਾ ਖਿਆਲ ਕਰ ਪ੍ਰਮੇਸਰ ਦੀ ਭਗਤੀ ਕਰ ਇੱਕੁਰ ਪ੍ਰਮੇਸਰ ਦੀ ਸੇਵਾ ਕਰਨੀ ਚੰਗੀ ਹੈ ਅਤੇ ਇੱਕੁਰ ਦੀ ਬੇਨਤੀ ਕਰ।

ਚਰਣ ਸਰਣ ਦਇਆਲ ਤੇਰੀ ਤੂੰ ਨਿਮਾਣੇ ਮਾਣੁ॥ ਜੀਅ ਪ੍ਰਾਣ ਅਧਾਰੁ ਤੇਰਾ ਨਾਨਕ ਕਾ ਪ੍ਰਭੁ ਤਾਣੁ ॥ ੪ ॥ ੨ ॥ ੧੩੭ ॥

ਗੁਰੂ ਜੀ=ਹੇ ਦਿਆਲੂ ਮੈਂ ਤੇਰੇ ਚਰਨਾਂ ਦੀ ਸ਼ਰਨ ਆਇਆ ਹਾਂ ਤੂੰ ਨਿਮਾਣਿਆਂ ਦਾ ਮਾਣ ਹੈਂ ਮੈਨੂੰ ਜੀਅ ਪ੍ਰਾਣ ਕਰ ਤੇਰਾ ਹੀ ਆਸਰਾ ਹੈ ਤੇ ਤੇਰਾ ਹੀ ਜੋਰ ਹੈ।

## ਆਸਾ ਮਹਲਾ ੫ ॥

ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂਸੰਗ॥ ਖਾਟਿ ਲਾਭੁ ਗੋਬਿੰਦ ਹਰਿ ਰਸੁ ਪਾਰਬ੍ਰਹਮ ਇਕ ਰੰਗ ॥ ੧ ॥

ਹੇ ਮਨ ਸਾਧੂਆਂ ਦੇ ਸੰਗ ਕੀਤੇ ਬਿਨਾਂ ਭੌਂ ਭੌਂ ਕੇ ਤੂੰ ਵੱਡਾ ਦੁਖ ਪਾਇਆ ਹੈ ਇਸ ਲਈ ਸਤਸੰਗ ਕਰਕੇ ਪ੍ਰਮੇਸਰ ਦੇ ਭਜਨ ਦਾ ਪ੍ਰੇਮ ਰੂਪ ਲਾਭ ਖੱਟ ਉਸ ਰਸ=ਪ੍ਰੇਮ ਤੋਂ ਤੈਨੂੰ ਇਕ ਪ੍ਰਮੇਸਰ ਦਾ ਅਨੰਦ ਮਿਲੇਗਾ।

ਹਰਿਕੋ ਨਾਮੁ ਜਪੀਐ ਨੀਤਿ॥ਸਾਸਿ ਸਾਸਿ ਧਿਆਇ ਸੋ ਪ੍ਰਭੁ ਤਿਆਗਿ ਅਵਰ ਪਰੀਤਿ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਮਨ ਪ੍ਰਮੇਸਰ ਦਾ ਨਾਮ ਰੋਜ ਹੀ ਜਪੀਏ ਹੋਰ ਪ੍ਰੀਤ ਨੂੰ ਛੱਡਕੇ ਸਾਸ ਸਾਸ ਉਸ ਮਾਲਕ ਨੂੰ ਯਾਦ ਕਰ।

**ਕਰਣ ਕਾਰਣ ਸਮਰਥ ਸੋ ਪ੍ਰਭੁ ਜੀਅ ਦਾਤਾ ਆਪਿ॥ ਤਿਆਗਿ ਸਗਲ ਸਿਆਣਪਾ ਆਠ ਪਹਰ ਪ੍ਰਭੁ ਜਾਪਿ॥੨॥**

ਓਹ ਮਾਲਕ ਕਰਨ ਕਾਰਨ ਨੂੰ ਬੜਾ ਤਗੜਾ ਹੈ ਓਹ ਆਪ ਹੀ ਸਾਰਿਆਂ ਜੀਆਂ ਦਾ ਦਾਤਾ ਹੈ ਇਸ ਲਈ ਸਾਰੀਆਂ ਚਤਰਾਈਆਂ ਨੂੰ ਛੱਡਕੇ ਅੱਠੇ ਪਹਿਰ ਉਸਦਾ ਜਾਪ ਕਰਨਾ ਚੰਗਾ ਹੈ।

**ਮੀਤੁ ਸਖਾ ਸਹਾਇ ਸੰਗੀ ਊਚ ਅਗਮ ਅਪਾਰੁ॥ ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ॥੩॥**

ਓਹ ਪ੍ਰਮੇਸਰ ਇਸ ਲੋਕ ਵਿੱਚ ਮਿੱਤ੍ਰ ਹੈ ਪ੍ਰਲੋਕ ਵਿੱਚ ਵੀ ਸਖਾ=ਵੱਡਾ ਮਿਤ੍ਰ ਹੈ ਹਰ ਥਾਂ ਵਿਚ ਸੰਗੀ ਸਹਾਈ ਹੁੰਦਾ ਹੈ ਜੇਹੜਾ ਮਨ ਬਾਣੀ ਤੋਂ ਪਰੇ ਹੈ ਤੇ ਬਹੁਤ ਵੱਡਾ ਹੈ ਤੇ ਜੀਆਂ ਦਾ ਆਸਰਾ ਹੈ ਉਸਦੇ ਚਰਨਾਂ ਕਮਲਾਂ ਨੂੰ ਰਿਦੇ ਵਿੱਚ ਵਸਾਉ।

**ਕਰਿ ਕਿਰਪਾ ਪ੍ਰਭ ਪਾਰਬ੍ਰਹਮ ਗੁਣ ਤੇਰਾ ਜਸੁ ਗਾਉ॥ ਸਰਬ ਸੂਖ ਵਡੀ ਵਡਿਆਈ ਜਪਿ ਜੀਵੈ ਨਾਨਕੁ ਨਾਉ ॥੪॥੩॥੧੩੯॥**

ਇੱਕੁਰ ਬੇਨਤੀ ਕਰ ਕਿ ਹੇ ਮਾਲਕਾ ਮੇਰੇ ਉੱਤੇ ਕਿਰਪਾ ਕਰ ਹੇ ਪ੍ਰਮੇਸਰਾ ਗੁਣ ਵਿਚ ਗਾਕੇ ਮੈਂ ਤੇਰਾ ਜਸ ਗਾਂਦਾ ਹਾਂ, ਗੁਰੂ ਜੀ=ਹਰ ਤਰਾਂ ਦੇ ਸੁਖ ਅਤੇ ਵੱਡੀ ਵਡਿਆਈ ਇਹ ਮੈਨੂੰ ਦੇਹ ਕਿ ਜਿਤਨਾ ਚਿਰ ਜੀਵਾਂ ਤੇਰਾ ਨਾਮ ਹੀ ਜਪਕੇ ਜੀਵਾਂ।

## ਆਸਾ ਮਹਲਾ ੫ ॥

**ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ॥ ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ॥੧॥**

ਹੇ ਮਾਲਕਾ ਜੇ ਤੁਸੀ ਉੱਦਮ ਕਰਾਓ ਤੇ ਤਾਂ ਮੈਂ ਸਾਧ ਸੰਗਤ ਦਾ ਉੱਦਮ ਤੇਰੇ ਬਲ ਕਰਕੇ ਕਰਾਂਗਾ ਤੇ ਸਾਧ ਸੰਗਤ ਵਲ ਹੀ ਦੇਖਦਾ ਰਹਾਂਗਾ, ਜਦੋਂ ਹਰ ਹਰ ਨਾਮ ਦੀ ਸਤਸੰਗ ਰੂਪ ਰੰਗਨ=ਮੱਟੀ ਵਿੱਚ ਮੇਰੇ ਮਨ ਰੂਪ ਕੱਪੜੇ ਨੂੰ ਹੇ ਹਰੀ ਤੁਸੀ ਆਪ ਹੀ ਰੰਗ ਚੜ੍ਹਾਓਗੇ ਤੇ ਤਾਂ ਰੰਗ ਚੜ੍ਹ ਜਾਵੇਗਾ।

Digitized by Panjab Digital Library | www.panjabdigilib.org

**ਮਨ ਮਹਿ ਰਾਮ ਨਾਮਾ ਜਾਪਿ॥ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥ ੧ ॥ ਰਹਾਉ ॥**

ਹੇ ਪ੍ਰਮੇਸਰਾ ਆਪ ਸਹਾਇ ਹੋਕੇ ਰਿਦੇ ਵਿੱਚ ਵਸੋ ਜੋ ਮੈਂ ਮਨ ਵਿੱਚ ਤੇਰੇ ਨਾਮ ਦਾ ਜਾਪ ਜਪਾਂ ਆਪ ਮੇਰੇ ਉੱਤੇ ਇਹ ਵੱਡੀ ਕਿਰਪਾ ਕਰੋ ।

**ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ॥ ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ ॥ ੨ ॥**

ਹੇ ਮਾਲਕਾ ਪ੍ਰੀਤਮਾਂ ਤੇਰਾ ਨਾਮ ਸੁਣ ਸੁਣਕੇ ਤੇਰੇ ਵੇਖਣ ਦਾ ਚਾ ਹੁੰਦਾ ਹੈ ਤੁਸੀ ਅਪਣੇ ਕਿਰਮ=ਕੀੜੇ ਭਾਵ ਦਾਸ ਉਤੇ ਦਯਾ ਕਰੋ ਮੇਰਾ ਅਸਲੀ ਇਹੋ ਹੀ ਮਨੋਰਥ ਤੇ ਸੁਆਉ=ਲਾਭ ਹੈ ।

**ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥ ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥ ੩ ॥**

ਹੇ ਮਾਲਕਾ ਇਹ ਤਨ ਧਨ ਸਭ ਤੇਰਾ ਹੈ ਤੂੰ ਮੇਰਾ ਮਾਲਕ ਹੈਂ ਮੇਰੇ ਤਾਂ ਕੁਛ ਵੀ ਵੱਸ ਨਹੀਂ ਹੈ ਜਿਸ ੨ ਤਰਾਂ ਤੁਸੀ ਰੱਖਦੇ ਹੋ ਉਸੇ ਤਰਾਂ ਰਹਿਣਾ ਹੁੰਦਾ ਹੈ ਅਤੇ ਤੇਰਾ ਹੀ ਦਿੱਤਾ ਅਸੀਂ ਖਾਂਦੇ ਹਾਂ ।

**ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥ ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥ ੪ ॥ ੪ ॥ ੧੩੯ ॥**

ਜੇਹੜੇ ਆਪਦੇ ਦਾਸਾਂ ਦੀ ਚਰਨ ਧੂੜ ਵਿਚ ਨ੍ਹਾਂਦੇ ਹਨ ਉਹਨਾਂ ਦੀ ਜਨਮਾਂ ਜਨਮਾਂ ਦੀ ਪਾਪਾਂ ਰੂਪ ਮੈਲ ਕੱਟੀ ਜਾਂਦੀ ਹੈ ਜਾਂ ਓਹ ਧੂੜ ਕੱਟ ਦੇਂਦੀ ਹੈ ਅਤੇ ਪ੍ਰੇਮਾ ਭਗਤੀ ਪ੍ਰਾਪਤ ਹੁੰਦੀ ਹੈ ਭਰਮ ਡਰ ਨਾਸ ਹੋ ਜਾਂਦਾ ਹੈ। ਗੁਰੂ ਜੀ=ਹੇ ਪ੍ਰਮੇਸਰ ਓਹ ਤੈਨੂੰ ਸਦਾ ਹੀ ਪਾਸ ਵੇਖਦੇ ਹਨ ।

## ਆਸਾ ਮਹਲਾ ੫ ॥

**ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ॥ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿ-**

Digitized by Panjab Digital Library | www.panjabdigilib.org

ਗੁਰਿ ਬਖਸਿਆ ਹਰਿ ਨਾਮੁ ॥ ੧ ॥

ਜਿਸਦੇ ਮੱਥੇ ਉਤੇ ਚੰਗਾ ਭਾਗ ਹੁੰਦਾ ਹੈ ਓਹ ਜੇਹੜਾ ਤੇਰਾ ਦਰਸ਼ਨ ਅਗੰਮ=ਜਿਸ ਪਾਸ ਕੋਈ ਪੈਰਾਂ ਨਾਲ ਨ ਪੁੱਜ ਸੱਕੇ ਅਗੋਚਰ=ਜਿਸਨੂੰ ਕੋਈ ਅੱਖਾਂ ਨਾਲ ਨ ਵੇਖ ਸੱਕੇ ਓਹ ਔਖਾ ਹੋਣ ਵਾਲਾ ਤੇਰਾ ਦਰਸ਼ਨ ਓਹ ਭਰਾਤ ਪਾਂਦਾ ਹੈ ਤੂੰ ਕਿਰਪਾਲੂ ਮਾਲਕ ਨੇ ਜਦੋਂ ਆਪ ਕਿਰਪਾ ਕੀਤੀ ਤਾਂ ਸਤਿਗੁਰੂ ਨੇ ਹਰਿ ਨਾਮ ਦਿਤਾ ।

ਕਲਿਜੁਗੁ ਉਧਾਰਿਆ ਗੁਰਦੇਵ॥ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥ ੧ ॥ ਰਹਾਉ ॥

ਇੱਕੁਰ ਕਲਜੁਗ ਦੇ ਜੀਆਂ ਦਾ ਗੁਰੂ ਨਾਨਕਦੇਵਜੀਨੇ ਉਧਾਰ ਕੀਤਾ ਜਾਂ ਸਾਰਿਆਂ ਹੀ ਜੁਗਾਂ ਵਿਚੋਂ ਪ੍ਰਕਾਸ਼ਕ ਗੁਰੂ ਜੀ ਨੇ ਜੀਆਂ ਨੂੰ ਕਲਪਣਾਂ ਵਿਚੋਂ ਕੱਢਿਆ ਜੇਹੜੇ ਮੈਲ ਮੂਤ ਸਮਾਨ ਸਰੀਰ ਕਰਕੇ ਬੜੇ ਅਸੁੱਧ ਸੀ ਤੇ ਮਨ ਕਰਕੇ ਮੂਰਖ ਸੀ, ਬਾਣੀ ਕਰਕੇ ਮੁਗਧ ਸੀ ਓਹ ਸਾਰੇ ਗੁਰੂ ਜੀ ਦੀ ਕਿਰਪਾ ਨਾਲ ਤੇਰੀ ਸੇਵਾ ਵਿਚ ਲੱਗ ਗਏ ਹਨ ।

ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥ ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥ ੨ ॥

ਹੇ ਮਾਲਕਾ ਤੂੰ ਆਪ ਹੀ ਸਾਰੀ ਦੁਨੀਆਂ ਦਾ ਕਰਤਾ ਹੈਂ ਤੇ ਆਪ ਹੀ ਸਾਰਿਆਂ ਦੀ ਪਾਲਣਾ ਧਾਰਦਾ ਹੈਂ, ਆਪ ਹੀ ਸਾਰਿਆਂ ਵਿਚ ਮਿਲਿਆ ਹੋਇਆ ਹੈਂ ਗੁਰੂ ਨਾਨਕ ਦੇਵ ਜੀਤੋਂ ਲੈਕੇ ਸਾਰਿਆਂ ਗੁਰੂਆਂ ਦਾ ਇਹ ਹਾਲ ਵੇਖਕੇ ਭਾਵ ਨਾਮ ਦਾਨ ਵੇਖਕੇ ਧਰਮਰਾਜਾ ਅਚਰਜ ਹੋ ਗਿਆ ਕਿ ਸਾਰੀ ਦੁਨੀਆਂ ਗੁਰੂ ਦੀ ਚਰਨ ਸ਼ਰਨ ਤੇ ਆ ਪਈ ਹੈ ਭਾਵ ਤਰ ਗਈ ਹੈ, ਨਰਕ ਖਾਲੀ ਹੋ ਗਏ ਹਨ ।

ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥ ਅਹਿਕਰੁ ਕਰੇ ਸੁ ਅਹਿਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥ ੩ ॥

ਸਤਜੁਗ ਦ੍ਵਾਪਰ ਤ੍ਰੇਤਾ ਲੋਕ ਆਖਦੇ ਹਨ ਕਿ ਇਹ ਜੁੱਗ ਚੰਗੇ ਹਨ ਪਰ ਸਾਡੇ ਖਿਆਲ ਵਿਚ ਕਲਜੁਗ ਸਾਰਿਆਂ ਨਾਲੋਂ ਉੱਤਮ ਹੈ ਕਿਉਂਕਿ ਜੇਹੜਾ ਆਦਮੀ ਬੁਰਾ ਕੰਮ ਇਸ ਹਥ ਨਾਲ ਕਰਦਾ ਹੈ ਸੋ ਇਸੇ ਹੱਥ ਨਾਲ

Digitized by Panjab Digital Library | www.panjabdigilib.org

ਸਜਾ ਪਾ ਲੈਂਦਾ ਹੈ, ਭਾਵ ਜਿਹੜਾ ਕੰਮ ਕਰਦਾ ਹੈ ਓਹੋ ਹੀ ਫਲ ਪਾਂਦਾ ਹੈ, ਹੋਰਨਾਂ ਜੁਗਾਂ ਵਾਂਗ ਨਹੀਂ ਕਿ ਇਕ ਦੇ ਮਾੜਾ ਕੰਮ ਕੀਤਿਆਂ ਦੇਸ, ਪਿੰਡ, ਕੁਲ ਨੂੰ ਕੋਈ ਫੜਕੇ ਦੁਖ ਦੇਵੇ ਇਸ ਕਲਜੁਗ ਵਿਚ ਕੋਈ ਕਿਸੇ ਦੇ ਥਾਂ ਨਹੀਂ ਫੜਿਆ ਜਾਂਦਾ ਹੈ।

**ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ॥ ਕਰ ਜੋੜਿ ਨਾਨਕ ਦਾਨੁ ਮਾਗੈਅਪਣਿਆ ਸੰਤਾ ਦੇਹਿ ਹਰਿ ਦਰਸੁ ॥ ੪ ॥ ੫ ॥ ੧੪੦ ॥**

ਹੇ ਪ੍ਰਮੇਸਰਾ ਤੂੰ ਓਹੋ ਹੀ ਕਰਦਾ ਹੈਂ ਜੋ ਕੁਛ ਤੇਰੇ ਭਗਤ ਤੈਥੋਂ ਮੰਗਦੇ ਹਨ ਏਹੋ ਹੀ ਆਪਦਾ ਬਿਰਦ=ਪ੍ਰਣ ਜਾਂ ਧਰਮ, ਫਰਜ਼ ਹੈ, ਗੁਰੂ ਜੀ=ਮੈਂ ਹੱਥ ਜੋੜਕੇ ਇਹ ਦਾਨ ਮੰਗਦਾ ਹਾਂ ਕਿ ਹੇ ਪ੍ਰਮੇਸਰਾ ਮੈਨੂੰ ਆਪਣਿਆਂ ਸੰਤਾਂ ਦਾ ਦਰਸ਼ਨ ਦਾਨ ਦੇਹ।

## ਰਾਗੁ ਆਸਾ ਮਹਲਾ ੫ ਘਰੁ ੧੩

## ੧ ਓ ਸਤਿਗੁਰਪ੍ਰਸਾਦਿ ॥

**ਸਤਿਗੁਰ ਬਚਨ ਤੁਮ੍ਹਾਰੇ ॥ ਨਿਰਗੁਣ ਨਿਸਤਾਰੇ ॥ ੧ ॥ ਰਹਾਉ ॥**

ਹੇ ਗੁਰੂਜੀ! ਆਪਦੇ ਬਚਨ ਕਿਸਤਰ੍ਹਾਂ ਦੇ ਹਨ ਜਿਨਾਂ ਨੇ ਨਿਰਗੁਣਿਆਰੇ ਆਦਮੀ ਵੀ ਤਾਰ ਦਿੱਤੇ ਹਨ।

**ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥੧।**

ਜੇਹੜੇ ਬੜੇ ਵਡੇ ਵਿਸ਼ਿਆਂ ਤੇ ਝਗੜਿਆਂ ਵਿਚ ਪਏ ਹੋਇ ਦੁਸ਼ਟ ਆਦਮੀ ਅਪਵਾਦੀ=ਨਿੰਦਕ ਸੀ ਓਹ ਵੀ ਤੁਹਾਡੇ ਸਾਧ ਸੰਗਤ ਦੇ ਨਾਲ ਲੱਗ ਕੇ ਪਵਿੱਤ੍ਰ ਹੋ ਗਏ ਹਨ।

**ਜਨਮ ਭਵੰਤੇ ਨਰਕਿ ਪੜੰਤੇ ਤਿਨਕੇ ਕੁਲ ਉਧਾਰੇ॥੨॥**

ਜੇਹੜੇ ਜਨਮਾਂ ੨ ਵਿੱਚ ਭੌਂਦੇ ਸੀ ਨਰਕਾਂ ਵਿੱਚ ਪੈਂਦੇ ਸੀ ਓਨਾਂ ਦੇ ਕੁਲ ਵੀ ਤੁਸਾਂ ਤਾਰ ਦਿਤੇ।

**ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ**

Digitized by Panjab Digital Library | www.panjabdigilib.org

ਦੁਆਰੇ ॥ ੩ ॥

ਜਿਨ੍ਹਾਂ ਨੂੰ ਕੋਈ ਨਹੀਂ ਜਾਣਦਾ ਸੀ ਕੋਈ ਨਹੀਂ ਮੰਨਦਾ ਸੀ ਓਹ ਵੀ ਪਰਮੇਸਰ ਦੇ ਬੂਹੇ ਉਤੇ ਮਸ਼ਹੂਰ ਹੋ ਗਏ।

ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ ॥ ੪ ॥ ੧ ॥ ੧੪੧ ॥

ਗੁਰੂ ਜੀ=ਮੈਂ ਕੇਹੜੇ ਉਪਮਾਨ ਦੀ ਉਪਮਾਂ ਦਿਆਂ ਭਾਵ ਕੀ ਉਪਮਾਂ ਕਰਾਂ ਤੇ ਕੀ ਆਪ ਦੀ ਵਡਿਆਈ ਕਰਾਂ ਮੈਂ ਕੀ ਚੀਜ਼ ਹਾਂ ਭਾਵ ਤੁਹਾਡੀ ਉਪਮਾਂ ਤੇ ਵਡਿਆਈ ਵਰਗਾ ਹੋਰ ਕੋਈ ਨਹੀਂ ਹੈ ਤੁਹਾਡੇ ਵਰਗੇ ਤੁਸੀਂ ਹੀ ਹੋ ਮੈਂ ਪਲ ੨ ਤੁਹਾਡੇ ਉਤੋਂ ਦੀ ਬਲਿਹਾਰ ਜਾਂਦਾ ਹਾਂ।

ਆਸਾ ਮਹਲਾ ੫ ॥

ਬਾਵਰ ਸੋਇ ਰਹੇ॥੧॥ਰਹਾਉ॥ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ ॥ ੧ ॥

ਕਮਲੇ ਲੋਕ ਬੇਸਮਝੀ ਵਿਚ ਸੌਂ ਰਹੇ ਹਨ, ਟੱਬਰ ਦੇ ਮੋਹ ਤੇ ਵਿਸ਼ਿਆਂ ਦੇ ਸ੍ਵਾਦਾਂ ਵਿਚ ਮਸਤ ਹੋਇ ਝੂਠਿਆਂ ਬੰਧਨਾਂ ਕਰਕੇ ਫੜੇ ਹੋਇ ਹਨ।

ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖਿ ਸਤਿ ਕਹੇ ॥ ੨ ॥

ਜੇਹੜੇ ਮਨ ਦੇ ਖਿਆਲ ਮਨੋਰਾਜ ਦੇ ਅਨੰਦ ਵਰਗੇ ਅਤੇ ਸੁਪਨੇ ਦੇ ਉਲਾਸ=ਉਤਸ਼ਾਹ ਵਰਗੇ ਝੂਠੇ ਹਨ ਮਨਮੁਖ ਆਦਮੀ ਓਨਾਂ ਨੂੰ ਸੱਚੇ ਆਖਦੇ ਹਨ।

ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ ਲਹੇ॥੩॥

ਅੰਮ੍ਰਿਤ ਰੂਪ ਨਾਮ ਪਦਾਰਥ ਨਾਲ ਹੀ ਹੈ ਪਰ ਉਸਦਾ ਤਿਲ ਮਾਤ੍ਰ ਵੀ ਭੇਦ ਨਹੀਂ ਪਾਂਦੇ ਹਨ।

ਕਰਿ ਕਿਰਪਾ ਰਾਖੇ ਸਤਿਸੰਗੇ ਨਾਨਕ ਸਰਣਿ ਆਹੇ ॥ ੪ ॥ ੨ ॥ ੧੪੨ ॥

ਗੁਰੂ ਜੀ=ਜੇਹੜੇ ਆਦਮੀ ਤੁਸਾਂ ਕਿਰਪਾ ਕਰਕੇ ਸਤਸੰਗ ਵਿਚ ਰੱਖੇ ਹਨ ਓਹੋ ਹੀ ਆਪਦੀ ਸ਼ਰਨ ਵਿਚ ਆਹੇ=ਆ ਗਏ ਹਨ।

Digitized by Panjab Digital Library | www.panjabdigilib.org

## ਆਸਾ ਮਹਲਾ ੫ ਤਿਪਦੇ ॥

**ਓਹਾ ਪ੍ਰੇਮ ਪਿਰੀ ॥ ੧ ॥ ਰਹਾਉ ॥ਕਨਿਕ ਮਾਨਿਕ ਗਜ ਮੋਤੀਅਨਿ ਲਾਲਨ ਨਹ ਨਾਹ ਨਹੀ ॥ ੧ ॥**

ਓਹ ਜੇਹੜਾ ਪਤੀ ਦਾ ਪ੍ਰੇਮ ਹੈ ਉਸ ਦੇ ਬਰਾਬਰ ਸੋਨਾ ਨਹੀਂ, ਮਾਣਕ ਨਹੀਂ, ਹਾਥੀਆਂ ਦੇ ਸਿਰਾਂ ਦੇ ਮੋਤੀਆਂ ਦੀ ਮਾਲਾ ਵੀ ਨਹੀਂ ਅਤੇ ਲਾਲ ਵੀ ਨਹੀਂ ਹਨ ਇੱਕੁਰ (ਅੰਨਵੇਂ ਕਰਨਾ ਹੈ) ੧ ਕਨਿਕ ਨਹ, ੨. ਮਾਨਿਕ ਨਾਹ, ੩. ਗਜ ਮੋਤੀਅਨਿ ਨਹੀਂ ੪. ਲਾਲਨ ਵੀ ਨਹੀਂ ਹਨ।

**ਰਾਜ ਨ ਭਾਗ ਨ ਹੁਕਮ ਨ ਸਾਦਨ॥ਕਿਛੁ ਕਿਛੁ ਨ ਚਾਹੀ ॥ ੨ ॥**

ਨ ਰਾਜ ਹੈ ਨ ਭਾਗ ਹੈ ਨ ਹੁਕਮ ਹੈ ਅਤੇ ਨਾਹੀ ਵਿਸ਼ਿਆਂ ਦੇ ਸੁਾਦ ਹੀ ਹਨ, ਕਿਛ=ਕੋਈ ਪਦਾਰਥ ਕਿਛ=ਥੋੜੇ ਮਾਤ੍ਰ ਵੀ ਪ੍ਰੇਮ ਦੇ ਬਰਾਬਰ ਨਹੀਂ ਵੇਖੀਦਾ ਹੈ।

**ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥ ੩ ॥ ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥੪॥ ੩ ॥ ੧੪੩ ॥**

ਜਿਨਾਂ ਨੇ ਸੰਤਾਂ ਦੇ ਚਰਨਾਂ ਦੀ ਸ਼ਰਨ ਲੈਕੇ ਨਮਸਕਾਰ ਕੀਤੀ ਹੈ ਓਹ ਹਰ ਥਾਂ ਸੁਖ ਹੀ ਸੁਖ ਪਾਂਦੇ ਹਨ। ਗੁਰੂ ਜੀ=ਓਹ ਪਰੇਮ ਨਾਲ ਪਤੀ ਨੂੰ ਮਿਲ ਗਏ ਹਨ ਅਤੇ ਓਨਾਂ ਦੀ ਤਪਤ ਦੂਰ ਹੋ ਗਈ ਹੈ।

## ਆਸਾ ਮਹਲਾ ੫ ॥

**ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥**

ਗੁਰਾਂ ਨੇ ਗਿਆਨ ਰੂਪ ਨੇਤ੍ਰਾਂ ਨਾਲ ਵਿਖਾ ਦਿੱਤਾ ਹੈ (ਕੀ ਵਿਖਾ ਦਿਤਾ ਹੈ) ਪ੍ਰਸ਼ਨੋਤ੍ਰੀ ਹੈ ?

**ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀਤੂੰਹੀ ਮੋਹਿਨਾ ॥ ੧ ॥**

ਹੇ ਮੋਹਨ ਵਾਲਿਆ ਲੋਕ ਪ੍ਰਲੋਕ ਦੇ ਜੀਆਂ ਦੇ ਦਿਲਾਂ ਅੰਦਰ ਤੂੰ ਹੀ

Digitized by Panjab Digital Library | www.panjabdigilib.org

ਤੂੰ ਪੂਰਿਆ ਹੋਇਆ ਹੈਂ।

**ਕਾਰਨ ਕਰਨਾ ਧਾਰਨ ਧਰਨਾ ਏਕੈਏਕੈ ਸੋਹਿਨਾ॥੨॥**

ਸਾਰਿਆਂ ਕੰਮਾਂ ਦੇ ਕਰਨ ਵਾਲਾ ਤੂੰ ਹੀ ਹੈਂ ਸਾਰੇ ਸੰਸਾਰ ਦੀ ਧਾਰਨਾ= ਮਰਜਾਦਾ ਧਾਰਨ ਵਾਲਾ ਵੀ ਤੂੰ ਹੀ ਹੈਂ ਤੇ ਤੂੰ ਹੀ ਇਕ ਇਕ ਸਾਰੇ ਸੋਹਿਣਾ ਲੱਗਦਾ ਹੈਂ। ·

**ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ ॥ ੩ ॥ ੪ ॥ ੧੪੪ ॥**

ਗੁਰੂ ਜੀ=ਜਿਨ੍ਹਾਂ ਸੰਤਾਂ ਦਾ ਪ੍ਰਗਟ ਹੀ ਦਰਸ਼ਨ ਕੀਤਾ ਹੈ ਅਤੇ ਜੇਹੜੇ ਸੁਖ ਹੀ ਸੁਖ ਵਿੱਚ ਸੁੱਤੇ, ਟਿਕੇ ਰਹਿੰਦੇ ਹਨ ਉਹਨਾਂ ਦੇ ਦਰਸ਼ਨ ਉਤੋਂ ਬਲਿਹਾਰ ਜਾਈਏ। ਪਰਸ੍ਨ=ਛੁਹਣਾ ਪ੍ਰਗਟ ਦਰਸ਼ਨ ਦਾ ਨਾਮ ਹੈ।

## ਆਸਾ ਮਹਲਾ ੫

**ਹਰਿ ਹਰਿ ਨਾਮੁ ਅਮੋਲਾ ॥ ਓਹੁ ਸਹਜਿ ਸੁਹੇਲਾ ॥ ੧ ॥ ਰਹਾਉ ॥**

ਅਮੋਲਕ ਹਰਿ ਹਰਿ ਨਾਮ ਜਿਸਨੇ ਜਪਿਆ ਹੈ ਓਹ ਸੁਭਾਵਕ ਹੀ ਸੁਖੀ ਹੋਇਆ ਹੈ।

**ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ॥੧॥**

ਮਾਲਕ ਸੰਗ ਸਹਾਈ ਹੈ ਅਪਣਿਆਂ ਦਾਸਾਂ ਨੂੰ ਛੱਡਕੇ ਨਹੀਂ ਜਾਂਦਾ ਹੈ ਤੇ ਓਹ ਫੜਿਆ ਤੇ ਤੋਲਿਆ ਨਹੀਂ ਜਾਂਦਾ ਹੈ ਜੇਹੜਾ ਇੱਕੁਰ ਦਾ ਪ੍ਰਮੇਸਰ ਹੈ ਓਹ ਸੰਤ ਉਸਦਾ ਰੂਪ ਹੋ ਗਿਆ ਹੈ।

**ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ॥੨॥**

ਜੇਹੜਾ ਭਗਤਾਂ ਦਾ ਆਸਰਾ ਹੈ ਓਹੋ ਹੀ ਹਰੀ ਮੇਰਾ ਪਿਆਰਾ ਭਰਾ ਵਰਗਾ ਹੈ ਤੇ ਮਾਤਾ ਪਿਤਾ ਵਰਗਾ ਹੈ।

**ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ ॥ ੩ ॥ ੫ ॥ ੧੪੫ ॥**

ਸਾਰਿਆਂ ਪਾਸਿਆਂ ਵੱਲ ਅਲੱਖ ਨੂੰ ਵੇਖਿਆ ਹੈ ਇਸ ਗੱਲ ਦਾ ਭੇਤ ਗੁਰਾਂ ਤੋਂ ਪਾਇਆ ਹੈ,ਇਹ ਹਰੀ ਦਾ ਨਾਮ ਭਗਤਾਂਦਾ ਪਿਆਰਾ ਚੋਲਾ= ਭੋਜਨ ਜਾਂ ਨਾਮ ਦਾ ਕਪੜਾ ਹੈ ਜਾਂ ਭੈਣੀ ਪਿੰਡ ਦਾ ਨਾਮ ਹੈ।

Digitized by Panjab Digital Library | www.panjabdigilib.org

## ਆਸਾ ਮਹਲਾ ੫

### ਆਪੁਨੀ ਭਗਤਿ ਨਿਬਾਹਿ ॥ ਠਾਕੁਰ ਆਇਓ ਆਹਿ ॥ ੧ ॥ ਰਹਾਉ ॥

ਹੇ ਮਾਲਕਾ ਮੈਂ ਆਪ ਦੀ ਸ਼ਰਨ ਆਹਿ=ਚਾਹ ਕਰਕੇ ਆਇਆ ਹਾਂ ਅਪਣੀ ਭਗਤੀ ਦਾ ਨਿਰਬਾਹ ਕਰ ਭਾਵ ਮੇਰੇ ਵਿੱਚ ਭਗਤੀ ਰਹੇ ।

### ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੈ ਚਰਨ ਬਸਾਹਿ ॥ ੧ ॥

ਮੇਰੇ ਰਿਦੇ ਵਿੱਚ ਅਪਣੇ ਚਰਨ ਵਸਾਓ ਜਿਸ ਕਰਕੇ ਨਾਮ ਪਦਾਰਥ ਨੂੰ ਪਾਕੇ ਮੇਰਾ ਜਨਮ ਸਫਲਾ ਹੋ ਜਾਵੇ ।

### ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਹਿ॥੨॥

ਮੇਰੀ ਏਹੋ ਮੁਕਤੀ ਹੈ ਤੇ ਏਹੋ ਜੁਗਤੀ ਹੈ ਕਿ ਮੈਨੂੰ ਸੰਤਾਂ ਦੇ ਸਤਸੰਗ ਵਿੱਚ ਰੱਖੋ ।

### ਨਾਮੁ ਧਿਆਵਉ ਸਹਜਿ ਸਮਾਵਉ ਨਾਨਕ ਹਰਿ ਗੁਨ ਗਾਹਿ ॥ ੩ ॥ ੬ ॥ ੧੪੬ ॥

ਗੁਰੂ ਜੀ='ਜਸ ਸਤਸੰਗ ਵਿੱਚ ਮੈਂ ਨਾਮ ਧਿਆਵਾਂ ਤੇ ਹੇ ਹਰੀ ਆਪ ਦੇ ਗੁਣਾਂ ਨੂੰ ਗਾਵਾਂ ਤੇ ਸ਼ਾਂਤੀ ਵਿੱਚ ਸਮਾਵਾਂ ।

## ਆਸਾ ਮਹਲਾ ੫

### ਠਾਕੁਰ ਚਰਣ ਸੁਹਾਵੇ॥ ਹਰਿ ਸੰਤਨ ਪਾਵੇ ॥੧॥ਰਹਾਉ॥

ਹੇ ਮਾਲਕ ਤੇਰੇ ਪੈਰ ਸੋਹਿਣੇ ਹਨ ਪਰ ਹੇ ਹਰੀ ਸੰਤਾਂ ਨੇ ਪਾਇ ਭਾਵ ਲੱਭੇ ਹਨ ਕਿਨ੍ਹਾਂ ਸੰਤਾਂ ਨੇ ਲਭੇ ਹਨ (ਪ੍ਰਸ਼ਨੋਤ੍ਰੀ ਹੈ) ?

### ਆਪੁ ਗਵਾਇਆ ਸੇਵ ਕਮਾਇਆ ਗੁਨ ਰਸਿ ਰਸਿ ਗਾਵੇ ॥ ੧ ॥

ਜਿਨਾਂ ਨੇ ਹੰਕਾਰ ਨੂੰ ਗਵਾਇਆ ਤੇ ਸੇਵਾ ਨੂੰ ਕਮਾਇਆ ਹੈ ਅਤੇ ਰਸੀਏ ਤੇ ਰਸ ਵਿੱਚ ਖੁੱਭਕੇ ਤੇਰਿਆਂ ਗੁਣਾਂ ਨੂੰ ਗਾਇਆ ਹੈ ।

### ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੇ ॥੨॥

ਉਹਨਾਂ ਨੂੰ ਇਕ ਤੇਰੀ ਹੀ ਆਸਾ ਹੈ ਤੇ ਤੇਰੇ ਦਰਸ਼ਨ ਦੀ ਹੀ ਪਿਆਸ

Digitized by Panjab Digital Library | www.panjabdigilib.org

ਹੈ ਹੋਰ ਦੂਸਰਾ ਉਹਨਾਂ ਨੂੰ ਚੰਗਾ ਨਹੀਂ ਲੱਗਦਾ ਹੈ।

**ਦਇਆ ਤੁਹਾਰੀ ਕਿਆ ਜੰਤ ਵਿਚਾਰੀ ਨਾਨਕ ਬਲਿ ਬਲਿ ਜਾਵੇ ॥ ੩ ॥ ੭ ॥ ੧੪੭ ॥**

ਗੁਰੂ ਜੀ=ਉਹਨਾਂ ਉੱਤੇ ਤੁਹਾਡੀ ਦਯਾ ਹੋਈ ਹੈ ਤੇਰੀ ਕਿਰਪਾ ਬਿਨਾਂ ਜੀਆਂ ਦੀ ਬੁੱਧੀ ਵਿਚਾਰੀ ਕੀ ਹੈ ਭਾਵ ਕੁਛ ਨਹੀਂ ਹੈ ਅਸੀ ਉਹਨਾਂ ਸੰਤਾਂ ਦੇ ਉੱਤੋਂ ਦੀ ਤੇ ਤੇਰੇ ਉਤੋਂ ਦੀ ਬਲਿਹਾਰ ਜਾਂਦੇ ਹਾਂ।

## ਆਸਾ ਮਹਲਾ ੫

**ਏਕ ਸਿਮਰਿ ਮਨ ਮਾਹੀ ॥ ੧ ॥ ਰਹਾਉ ॥ ਨਾਮ ਧਿਆਵਹੁ ਰਿਦੈ ਬਸਾਵਹੁ ਤਿਸੁ ਬਿਨੁ ਕੋ ਨਾਹੀ ॥ ੧ ॥**

ਮਨ ਵਿਚ ਇੱਕ ਨੂੰ ਯਾਦ ਕਰੋ, ਓਸਿ ਦਾ ਨਾਮ ਧਿਆਓ ਓਸੇ ਨੂੰ ਰਿਦੇ ਵਿਚ ਵਸਾਓ ਉਸਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ ਹੈ।

**ਪ੍ਰਭ ਸਰਨੀ ਆਈਐ ਸਰਬ ਫਲ ਪਾਈਐ ਸਗਲੇ ਦੁਖ ਜਾਹੀ ॥ ੨ ॥**

ਮਾਲਕ ਦੀ ਸ਼ਰਨ ਆਉਂਣ ਨਾਲ ਸਾਰੇ ਫਲ ਪਾ ਲਈਦੇ ਹਨ ਤੇ ਸਾਰੇ ਦੁਖ ਚਲੇ ਜਾਂਦੇ ਹਨ।

**ਜੀਅਨ ਕੋ ਦਾਤਾ ਪੁਰਖੁ ਬਿਧਾਤਾ ਨਾਨਕ ਘਟਿਘਟਿ ਆਹੀ ॥ ੩ ॥ ੮ ॥ ੧੪੮ ॥**

ਗੁਰੂ ਜੀ=ਇਕੁਰ ਦਾ ਸਾਰਿਆਂ ਜੀਆਂ ਦਾ ਦਾਤਾ ਕਰਮਾਂ ਦਾ ਨਬੇੜਾ ਕਰਨ ਵਾਲਾ ਸਾਰਿਆਂ ਆਦਮੀਆਂ ਦੇ ਅੰਦਰ ਹੈਗਾ ਹੈ।

## ਆਸਾ ਮਹਲਾ ੫ ॥

**ਹਰਿ ਬਿਸਰਤ ਸੋ ਮੂਆ ॥ ੧ ॥ ਰਹਾਉ ॥**

ਜਿਸਨੂੰ ਪ੍ਰਮੇਸਰ ਭੁੱਲ ਜਾਂਦਾ ਹੈ ਓਹ ਮਰ ਜਾਂਦਾ ਹੈ।

**ਨਾਮੁ ਧਿਆਵੈ ਸਰਬ ਫਲ ਪਾਵੈ ਸੋ ਜਨੁ ਸੁਖੀਆ ਹੂਆ ॥ ੧ ॥**

ਜਿਹੜਾ ਨਾਮ ਨੂੰ ਧਿਆਂਦਾ ਹੈ ਓਹ ਸਾਰੇ ਫਲ ਪਾਂਦਾ ਹੈ, ਓਹ ਹੀ ਦਾਸ ਸੁਖੀਆ ਹੋ ਜਾਂਦਾ ਹੈ।

Digitized by Panjab Digital Library | www.panjabdigilib.org

**ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ ॥ ੨ ॥**

ਜਿਹੜਾ ਮਨਮੁਖ ਹੈ ਓਹ ਭਾਵੇਂ ਰਾਜਾ ਕਹਾਂਦਾ ਹੈ ਅਤੇ ਹੰਕਾਰ ਕਰਕੇ ਕਰਮ ਕਮਾਂਦਾ ਹੈ, ਪਰ ਜਿੱਕੁਰ ਨਲਨੀ=ਇਕਤਰਾਂ ਦੀ ਫਾਹੀ ਹੋਂਦੀ ਹੈਉਸ ਵਿਚ ਜਿਸਤਰਾਂ ਤੋਤਾ ਬੱਧਾ ਜਾਂਦਾ ਹੈ ਓਹ ਓਸੇਤਰਾਂ ਭਰਮ ਵਿਚ ਬੱਧਾ ਦੁਖ ਪਾਂਦਾ ਹੈ।

**ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ ਸੋ ਜਨੁ ਨਿਹਚਲੁ ਥੀਆ ॥ ੩ ॥ ੯ ॥ ੧੪੯ ॥**

ਗੁਰੂ ਜੀ=ਜਿਸਨੂੰ ਸਤਿਗੁਰੂ ਮਿਲਿਆ ਹੈ ਓਹ ਭਗਤ ਨਿਸਚਲ ਹੋਯਾ ਹੈ ਭਾਵ ਜਨਮ ਮਰਨ ਤੋਂ ਰਹਤ ਹੋਗਿਆ ਹੈ।

## ਆਸਾ ਮਹਲਾ ੫ ਘਰੁ ੧੪ ॥

## ੧ ਓ ਸਤਿਗੁਰਪ੍ਰਸਾਦਿ ॥

**ਓਹੁ ਨੇਹੁ ਨਵੇਲਾ ਅਪੁਨੇ ਪ੍ਰੀਤਮ ਸਿਉ ਲਾਗਿ ਰਹੈ ॥ ੧ ॥ ਰਹਾਉ ॥**

ਓਹ ਪ੍ਰੇਮ ਨਵਾਂ ਹੈ ਜਾਂ ਉਸ ਪਰੇਮ ਦਾ ਕੋਈ ਵੇਲਾ ਨਹੀਂ ਹੈ, ਜੋ ਅਪਣੇ ਪਿਆਰੇ ਨਾਲ ਲੱਗਾ ਰਹਿੰਦਾ ਹੈ ਜਦੋਂ ਪਰਮੇਸਰ ਕਿਰਪਾ ਕਰਦਾ ਹੈ ਤਦੋਂ ਪਰੇਮ ਪੈਦਾ ਹੁੰਦਾ ਹੈ।

**ਜੋ ਪ੍ਰਭ ਭਾਵੈ ਜਨਮਿ ਨ ਆਵੈ ॥ ਹਰਿ ਪ੍ਰੇਮ ਭਗਤਿ ਹਰਿ ਪ੍ਰੀਤਿ ਰਚੈ ॥ ੧ ॥**

ਜੇਹੜਾ ਪ੍ਰੇਮੀ ਮਾਲਕਨੂੰ ਭਾਂਦਾਹੈ ਓਹ ਮੁੜ ਜਨਮ ਵਿਚ ਨਹੀਂ ਆਉਂਦਾ ਹੈ, ਪਰਮੇਸਰ ਦੀ ਪਰੇਮਾ ਭਗਤੀ ਕਰਕੇ ਪ੍ਰਮੇਸਰ ਦੇ ਪਰੇਮ ਵਿਚ ਰਚਿਆ ਰਹੇ ਭਾਵ ਇਕ ਰੂਪ ਹੋ ਜਾਵੇ।

**ਪ੍ਰਭ ਸੰਗਿ ਮਿਲੀਜੈ ਇਹੁ ਮਨੁ ਦੀਜੈ ॥ ਨਾਨਕ ਨਾਮੁ ਮਿਲੈ ਅਪਨੀ ਦਇਆ ਕਰਹੁ ॥ ੨ ॥ ੧ ॥ ੧੫੦ ॥**

Digitized by Panjab Digital Library | www.panjabdigilib.org

ਇਸ ਲਈ ਮਾਲਕ ਦੇ ਨਾਲ ਮਿਲ ਜਾਈਏ, ਇਹ ਮਨ ਪਰਮੇਸਰ ਦੇ ਸਿਮਰਨ ਵਿਚ ਦੇ ਦੇਈਏ। ਗੁਰੂ ਜੀ=ਫਿਰ ਇੱਕੁਰ ਬੇਨਤੀ ਕਰੀਏ ਕਿ ਹੇ ਗੁਰੂ ਜੀ! ਅਪਣੀ ਇਕੁਰ ਦੀ ਕਿਰਪਾ ਕਰੋ ਜੋ ਪ੍ਰਮੇਸਰ ਦਾ ਨਾਮ ਮੈਨੂੰ ਮਿਲ ਜਾਵੇ।

## ਆਸਾ ਮਹਲਾ ੫ ॥

**ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ ॥੧॥ ਰਹਾਉ ॥**

ਹੇ ਪਰਮੇਸ਼ਰ ਪਿਆਰਿਆ! ਤੂੰ ਮੈਨੂੰ ਮਿਲ, ਤੈਥੋਂ ਬਿਨਾਂ ਮੈਨੂੰ ਧੀਰਜ ਦੇਣੀ ਕੋਈ ਨਹੀਂ ਕਰਦਾ ਹੈਂ ਜਾਂ ਤੇਰੇ ਮਿਲਿਆਂ ਬਿਨਾਂ ਕੋਈ ਧੀਰਜ ਨਹੀਂ ਕਰਦਾ ਹੈ।

**ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ॥ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥੧॥**

ਮੈਂ ਸਿੰਮ੍ਰਤੀਆਂ ਸ਼ਾਸਤ੍ਰਾਂ ਦੇ ਆਖੇ ਹੋਇ ਬਹੁਤ ਸਾਰੇ ਕੰਮ ਕੀਤੇ ਹਨ ਪਰ ਤੇਰੇ ਦਰਸ਼ਨ ਬਿਨਾਂ ਸੁਖ ਨਹੀਂ ਹੁੰਦਾ ਹੈ।

**ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਣਿ ਪ੍ਰਭ ਸੰਗਿ ਵਸੈ ॥੨॥੨॥੧੫੧॥**

ਗੁਰੂ ਜੀ=ਹਰ ਤਰਾਂ ਦੇ ਵਰਤ ਨੇਮ ਚੰਗੇ ੨ ਕੰਮ ਕਰਕੇ ਥੱਕ ਗਏ ਹਾਂ ਪਰ ਸੁਖ ਨਹੀਂ ਹੋਯਾ ਤੇਰੇ ਸਾਧਾਂ ਦੀ ਸਰਨ ਲੈਣ ਨਾਲ ਤੇਰੇ ਨਾਲ ਵੱਸ ਗਏ ਭਾਵ ਮਿਲ ਗਏ ਹਾਂ।

## ਆਸਾ ਮਹਲਾ ੫ ਘਰੁ ੧੫ ਪੜਤਾਲ

## ੴ ਸਤਿਗੁਰਪ੍ਰਸਾਦਿ ॥

**ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ॥ ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ॥੧॥**

ਕਾਮ ਆਦਕ ਵਿਸ਼ਿਆਂ ਤੇ ਮਾਇਆ ਤੇ ਹੰਕਾਰ ਵਿੱਚ ਆਦਮੀ ਸੁੱਤਾ ਹੋਇਆ ਹੈ ਏਸੇ ਲਈ ਸੋਚ ਸਮਝ ਜਾਂ ਗਿਆਨ ਵਿਚਾਰ ਦੀ ਪਛਾਣ

Digitized by Panjab Digital Library | www.panjabdigilib.org

ਨਹੀਂ ਆਉਂਦੀ ਹੈ ਜਦੋਂ ਕੇਸਾਂ ਤੋਂ ਫੜਕੇ ਜਮ ਨੇ ਉਠਾਇਆ ਤਦ ਉਸੇ ਵੇਲੇ ਘਰ ਵਰਗੇ ਜਿਤਨੇ ਪਦਾਰਥ ਹਨ ਸਾਰੇ ਹੀ ਚਲੇ ਜਾਂਦੇ ਹਨ ਕੋਈ ਸਹੈਤਾ ਕਰਨ ਵਾਲਾ ਨਹੀਂ ਹੁੰਦਾ ਹੈ ਜਾਂ ਤਦ ਹੀ ਘਰ ਚਲਿਆ ਜਾਵੇਗਾ ਭਾਵ ਪ੍ਰਮੇਸਰ ਨੂੰ ਫਿਰ ਵੀ ਨਹੀਂ ਮਿਲ ਸਕਦਾ ਹੈ।

**ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥ ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥ ੧ ॥ ਰਹਾਉ ॥**

ਆਦਮੀ ਵਿਸ਼ਿਆਂ ਦੇ ਲੋਭ ਵਿਚ ਲੱਗੇ ਹੋਇ ਹੋਰਨਾਂ ਦਾ ਵਿਤ=ਧਨ ਹਿਰ=ਚੁਰਾਕੇ ਓਨਾਂ ਦੇ ਚਿੱਤ ਨੂੰ ਦੁਖਾਂਦੇ ਹਨ, ਜੇਹੜੇ ਪਦਾਰਥ ਛਿਨ ਵਿਚ ਨਾਸ ਹੋ ਜਾਣ ਵਾਲੇ ਹਨ ਓਨਾਂ ਦੇ ਹੰਕਾਰ ਵਿਚ ਮੱਤੇ ਹੋਇ ਦੈਂਤਾਂ ਵਾਲੀ ਅਕਲ ਵਾਲੇ ਆਦਮੀ ਪ੍ਰਮੇਸਰ ਨੂੰ ਨਹੀਂ ਜਾਣਦੇ ਹਨ। ਅਸੁਰ=ਦੈਂਤ।

**ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥ ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥੨॥**

ਸਾਰੇ ਧਰਮ ਪੁਸਤਕ ਗਿਆਨ ਦੇਣ ਵਾਲੇ ਤੇ ਚੰਗੇ ੨ ਭਗਤ ਜਨ ਪੁਕਾਰਕੇ ਮੁਕਤੀ ਦਾਤਾ ਭਜਨ ਨੂੰ ਆਖਦੇ ਹਨ ਪਰ ਇੱਕੁਰ ਦਾ ਬੋਲਾ ਆਦਮੀ ਹੈ ਵਿਚਾਰ ਰੂਪ ਕੰਨਾਂ ਤੋਂ ਬਿਨਾਂ ਹੋਇਆ ੨ ਕਿਸੇ ਦੀ ਕੋਈ ਗੱਲ ਨਹੀਂ ਸੁਣਦਾ ਹੈ ਇਹ ਨਿਪਟ=ਅਤਸੈ ਕਰਕੇ ਭਾਵ ਬਹੁਤ ਹੀ ਖੁਆਰ ਹੋਕੇ ਜਦੋਂ ਇਹ ਬਾਜੀ=ਮਨੁਖਾ ਜਨਮ ਹਾਰ ਕੇ ਮੁੱਕ ਗਿਆ ਭਾਵ ਬੁੱਢਾ ਹੋਗਿਆ ਥੱਕ ਗਿਆ ਤਾਂ ਭੋਲਾ ਮਨ ਪੱਛਾਤਾਪ ਕਰਨ ਲੱਗਾ।

**ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ ॥ ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ ॥ ੩ ॥**

ਗੈਰ, ਵਜਹਿ=ਹੋਰ ਤਰਾਂ ਦਾ ਵਿਰੁੱਧ ਵੈਰ ਭਾਵ ਵਾਲਾ ਜੇਹੜੇ ਸੰਤਾਂ ਤੋਂ ਵੱਖਰੇ ਵਿਰੁੱਧ ਫਲ ਮੰਗਣ ਵਾਲੇ ਕਰਮ ਕੀਤੇ ਓਹ ਸਾਰਾ ਦੇਵਤਿਆਂ ਤੇ ਪਿਤਰਾਂ ਦਾ ਡੰਡ ਹੀ ਭਰਿਆ ਭਾਵ ਡੰਨ ਦੇਂਦਾ ਰਿਹਾ ਵਗਾਰ ਕਰਦਾ ਰਿਹਾ ਓਹ ਕਰਮਾਂ ਦਾ ਅਕੱਠ ਪ੍ਰਮੇਸਰ ਦੇ ਦੀਵਾਨ ਵਿਚ ਲੇਖੇ ਨ ਪਿਆ ਭਾਵ ਮੁਕਤੀ ਦੇਣ ਵਾਲਾ ਨ ਹੋਇਆ। ਜਿਸ ਕੰਮ ਨਾਲ ਆਦਮੀ ਦਾ ਪੜਦਾ ਰਹਿ ਜਾਂਦਾ ਹੈ ਓਹ ਕੰਮ ਨਹੀਂ ਕੀਤਾ ਹੈ।

Digitized by Panjab Digital Library | www.panjabdigilib.org

**ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕਕੀਰਤਿ ਗਾਇਆ॥ ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ ॥ ੪ ॥ ੧ ॥ ੧੫੨ ॥**

ਜਦੋਂ ਗੁਰਾਂ ਨੇ ਮੈਨੂੰ ਸੰਸਾਰ ਇੱਕੁਰ ਦਾ ਵਿਖਾਇਆ ਹੈ ਤਾਂ ਮੈਂ ਇੱਕ ਦੇ ਜਸ ਨੂੰ ਗਾਇਆ ਆਦਰ ਜਾਂ ਹੰਕਾਰ, ਜੋਰ ਅਕਲ ਦੀ ਸਿਆਣਪ ਸਭ ਕੁਛ ਛੱਡ ਕੇ ਮੈਂ ਗੁਰੂ ਨਾਨਕ ਦੀ ਸ਼ਰਨ ਵਿਚ ਆਇਆ।

**ਆਸਾ ਮਹਲਾ ੫ ॥**

**ਬਾਪਾਰਿ ਗੋਵਿੰਦ ਨਾਏ । ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਵਜਾਏ ॥੧॥ ਰਹਾਉ॥**

ਮੈਂ ਪ੍ਰਮੇਸਰ ਦੇ ਨਾਮ ਦਾ ਬਪਾਰ ਕੀਤਾ ਜਿਨਾਂ ਮਨ ਨੂੰ ਸਾਧਿਆ ਹੋਇਆ ਹੈ ਓਹ ਸੰਤ ਮੈਂ ਮਨਾਇ ਭਾਵ ਖੁਸ਼ੀ ਕੀਤੇ ਹਨ ਤੇ ਪ੍ਰਮੇਸਰ ਦੇ ਗੁਣ ਗਾਏ ਹਨ ਤਾਂ ਪ੍ਰਮੇਸਰ ਪਤੀ ਨੂੰ ਪਾਇਆ ਹੈ ਅਤੇ ਪੰਚ=ਸੰਤਾਂ ਦੇ ਨਾਦ= ਸ਼ਬਦ ਰੂਪ ਵਾਜੇ ਵਜਾਏ ਹਨ ਭਾਵ ਗੁਰੂ ਉਪਦੇਸ਼ ਨੂੰ ਪ੍ਰਗਟ ਕੀਤਾ ਹੈ।

**ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ ॥ ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲਨ ਲਾਏ ॥ ੧ ॥**

ਪ੍ਰਮੇਸਰ ਦੀ ਕਿਰਪਾ ਨਾਲ ਅਸਾਂ ਇਹ ਸਾਰੇ ਗੁਣ ਪਾਏ ਹਨ ਅਤੇ ਸਾਡੇ ਦਿਲ ਨੂੰ ਸਹਜਾਏ=ਸ਼ਾਂਤ ਗਿਆਨ ਆ ਗਿਆ ਹੈ ਤੇ ਏਸੇ ਗਿਆਨ ਨੇ ਸਾਨੂੰ ਪ੍ਰਮੇਸਰ ਦੇ ਦਰਸ਼ਨ ਕਰਵਾ ਦਿੱਤੇ ਹਨ ਹੁਣ ਅਸੀਂ ਉਸ ਪ੍ਰਮੇਸਰ ਦੇ ਨਾਮ ਵਿੱਚ ਰੱਤੇ ਗਏ ਹਾਂ,ਸੰਤਾਂ ਦੀ ਸੇਵਾ ਕਰਕੇ ਮਾਲਕ ਦੇ ਨਾਲ ਪ੍ਰੀਤੀ ਹੋਈ ਹੈ ਹੁਣ ਉਸੇ ਪਿਆਰੇ ਦੇ ਨਾਲ ਪ੍ਰੇਮ ਲਾ ਲਿਆ ਹੈ।

**ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ ॥ ਸਭ ਤਜੀ ਮਨੈ ਕੀ ਕਾਮ ਕਰਾ ॥ ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ ॥ ਹਰਿ ਦਰਸਨੋ ਦਿਖਾਵਹੁ**

Digitized by Panjab Digital Library | www.panjabdigilib.org

**ਮੋਹਿਤੁਮ ਬਤਾਵਹੁ॥ ਨਾਨਕ ਦੀਨ ਸਰਣਿ ਆਇ ਗਲਿ ਲਾਏ॥ ੨ ॥ ੨ ॥ ੧੫੩ ॥**

ਜਦੋਂ ਗੁਰਾਂ ਨੇ ਮਨ ਵਿਚ ਗਿਆਨ ਧਿਆਨ ਪੱਕਾ ਕਰਾਇਆ ਤਾਂ ਅਸੀਂ ਅਨੇਕ ਵਿਚ ਆਏ ਫਿਰ ਸਾਡੇ ਮਨ ਬੁਧੀ ਆਦਕ ਹੋਰ ਵਿਸ਼ਿਆਂ ਵੱਲ ਨਹੀਂ ਆਏ ਓਹ ਸਾਰੇ ਸ਼ਾਂਤੀ ਵਿਚ ਆ ਗਏ ਹਨ,ਭਾਵ ਹੁਣ ਹੋਰਨਾਂ ਦਾ ਮਾੜਾ ਗੁਸੈਲਾ ਬੋਲ ਸਹਾਰ ਲੈਂਦੇ ਹਾਂ ਹੁਣ ਮਨ ਵਿਚ ਸਾਰਿਆਂ ਦਾ ਆਸਰਾ ਰੂਪ ਪ੍ਰਮੇਸਰ ਜੀ ਨੂੰ ਪਾਇਆ ਹੈ ।

ਹੁਣ ਮਨ ਦੀ ਸਾਰੀ ਕਾਮ ਕਰਾ=ਤ੍ਰਲਾ ਜਾਂ ਕਲਪਣਾ ਛਡ ਦਿਤੀ ਹੈ ਚਹੁੰਆਂ ਜੁਗਾਂ ਦੀਆਂ ਕਈ ਚੌਕੜੀਆਂ ਗੁਜਰ ਚੁਕੀਆਂ ਹਨ ਭਾਵ ਬਹੁਤ ਹੀ ਚਿਰ ਹੋਗਿਆ ਹੈ ਇਸ ਲਈ ਹੁਣ ਮਨ ਨੂੰ ਬੜੀ ਤੇਹ ਲੱਗੀ ਹੋਈ ਹੈ ।

ਹੇ ਸੰਤੋ ! ਮੈਨੂੰ ਕੋਈ ਇਕੁਰ ਦਾ ਉਪਾਇ ਦੱਸੋ, ਜਿਕੁਰ ਮੈਂ ਪ੍ਰਮੇਸਰ ਦਾ ਦਰਸ਼ਨ ਕਰਾਂ, ਕਿਰਪਾ ਕਰਕੇ ਤੁਸੀ ਹੀ ਮੈਨੂੰ ਹਰੀ ਦਾ ਦਰਸ਼ਨ ਕਰਾਓ ਜਦੋਂ ਇਕੁਰ ਗਰੀਬ ਹੋਕੇ ਗੁਰੂ ਨਾਨਕ ਦੀ ਸ਼ਰਨ ਆਏ ਤਾਂ ਅਸਾਨੂੰ ਪ੍ਰਮੇਸਰ ਨੇ ਗਲ ਨਾਲ ਲਾ ਲਿਆ ।

## ਆਸਾ ਮਹਲਾ ੫ ॥

**ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥ ੧ ॥ ਰਹਾਉ ॥**

ਗਾਰ=ਗਾਰਾ,ਚਿੱਕੜ,ਜਿਲ੍ਹਣ ਜਾਂ ਗੜ,ਕਿਲਾ,ਇੱਕੁਰਦਾ ਕੋਈਆਦਮੀਹੈ ਜਿਹੜਾ ਔਖੀ ਗਾਰ ਤੋਂ ਸਾਨੂੰ ਤੁੜਾਵੇ, ਭਾਵ ਚਿੱਕੜ ਤੋਂ ਬਾਹਰ ਸਾਨੂੰ ਕੱਢ ਲਵੇ ਅਤੇ ਤ੍ਰਿਸ਼ਨਾ, ਤੇਹ, ਛਲ, ਮੋਹ ਭਰਮ ਇਤ ਆਦਕ ਤੋਂ ਸਾਨੂੰ ਹਟਾਵੇ ਜਾਂ ਇਹਨਾਂ ਨੂੰ ਸਾਡੇ ਰਿਦੇ ਤੋਂ ਹੋਰੈ=ਮੋੜੇ, ਹਟਾਵੇ ।

**ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥ ੧ ॥**

ਕਾਮ ਕਰੋਧ, ਲੋਭ, ਹੰਕਾਰ ਆਦਕ ਵਿਆਧੀਆਂ ਨੂੰ ਛੱਡ ਦੇਵੇ ਜਾਂ ਸਾਨੂੰ ਛੁਡਾ ਦੇਵੇ ।

**ਸੰਤ ਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ॥ਅਨਦਿਨੋ ਪ੍ਰਭੁ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ ਨਿਧਿ ਨਾਮੁ ਨਾਨਕ ਮੋਰੈ ॥ ੨ ॥ ੩ ॥ ੧੫੪ ॥**

ਸੰਤਾਂ ਦਾ ਸੰਗ ਕਰੋ ਨਾਮ ਨਾਲ ਪਰੇਮ ਕਰੋ ਗੋਬਿੰਦ ਦੇ ਗੁਣ ਗਾਓ

Digitized by Panjab Digital Library | www.panjabdigilib.org

ਰਾਤ ਦਿਨ ਮਾਲਕ ਦਾ ਧਿਆਨ ਧਰੋ, ਭਰਮ ਦੀ ਕੰਧ ਨੂੰ ਮਨ ਤੋਂ ਦੂਰ ਕਰੋ ਤਾਂ ਜਿੱਤ ਹੋਵੇਗੀ, ਗੁਰੂ ਜੀ=ਮੈਨੂੰ ਤਾਂ ਸਾਰੀਆਂ ਨਿਧੀਆਂ ਦਾ ਰੂਪ ਨਾਮ ਹੀ ਹੈ।

## ਆਸਾ ਮਹਲਾ ੫ ॥

**ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥ ਹਰਿ ਭਜਨ ਸਫਲ ਕਾਮ ॥ ੧ ॥ ਰਹਾਉ ॥**

ਕਾਮ ਕਰੋਧ ਲੋਭ ਨੂੰ ਛਡ ਮਨ ਨਾਲ ਗੋਬਿੰਦ ਦਾ ਨਾਮ ਯਾਦ ਕਰ ਇਕੁਰ ਭਜਨ ਕਰਨ ਨਾਲ ਸਾਰੇ ਕੰਮ ਸਫਲ ਹੋਣਗੇ।

**ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮਰਾਮ ਰਾਮ ॥ ਮਨ ਸੰਤਨਾਕੈ ਚਰਨਿ ਲਾਗੁ ॥ ੧ ॥**

ਮਾਨ ਮੋਹ ਆਦਕ ਝੂਠਿਆਂ ਵਿਸ਼ਿਆਂ ਨੂੰ ਛੱਡ ਕੇ ਮਨ ਨਾਲ ਸੰਤਾਂ ਦੇ ਚਰਨਾਂ ਨਾਲ ਲੱਗ, ਮਨ ਬਾਣੀ ਅਕਲ ਨਾਲ ਪਰਮੇਸਰ ਨੂੰ ਯਾਦ ਕਰ।

**ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰ-ਬ੍ਰਹਮ ਹਰਿ ਚਰਣ ਸਿਮਰਿ ਜਾਗੁ ॥ ਕਰਿ ਭਗਤਿ ਨਾਨਕ ਪੂਰਨ ਭਾਗੁ ॥ ੨ ॥ ੪ ॥ ੧੫੫ ॥**

ਮਾਲਕ ਗੁਪਾਲ ਗਰੀਬਾਂ ਦੇ ਦਿਆਲੂ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲੇ ਪ੍ਰਮੇਸਰ ਦੇ ਚਰਨਾਂ ਦਾ ਸਿਮਰਨ ਕਰਕੇ ਮੋਹ ਨੀਂਦ ਤੋਂ ਜਾਗ, ਗੁਰੂ ਜੀ= ਹਰੀ ਦੀ ਭਗਤੀ ਕਰ, ਪਰ ਪੂਰਨ ਭਾਗਾਂ ਨਾਲ ਹਰੀ ਦੀ ਭਗਤੀ ਮਿਲਦੀ ਹੈ।

## ਆਸਾ ਮਹਲਾ ੫ ॥

**ਹਰਖ ਸੋਗ ਬੈਰਾਗ ਅਨੰਦੀ ਖੇਲੁਰੀ ਦਿਖਾਇਓ ॥ ੧ ॥ ਰਹਾਉ ॥**

ਇਸ ਆਦਮੀ ਨੂੰ ਅਨੰਦੀ ਮਾਇਆ ਨੇ ਕਦੀ ਖੁਸ਼ੀ ਕਦੀ ਗ਼ਮੀ ਕਦੀ ਵੈਰਾਗ ਰੂਪ ਖੇਲ ਵਿਖਾਯਾ ਹੈ।

**ਖਿਨਹੂ ਭੈ ਨਿਰਭੈ ਖਿਨਹੂ ਖਿਨਹੂ ਉਠਿ ਧਾਇਓ ॥ ਖਿਨਹੂ ਰਸ ਭੋਗਨ ਖਿਨਹੂ ਖਿਨਹੂ ਤਜਿ ਜਾਇਓ ॥੧॥**

ਕਿਸੇ ਛਿਨ ਵਿਚ ਆਦਮੀ ਡਰ ਵਾਲਾ ਹੁੰਦਾ ਹੈ, ਕਿਸੇ ਛਿਨ ਵਿਚ ਡਰ ਤੋਂ ਬਿਨਾਂ ਹੋ ਜਾਂਦਾ ਹੈ, ਕਿਸੇ ਛਿਨ ਵਿਚ ਵਿਸ਼ਿਆਂ ਦੇ ਪਾਸੇ ਉਠ ਦੌੜਦਾ

Digitized by Panjab Digital Library | www.panjabdigilib.org

ਹੈ ਕਿਸੇ ਛਿਨ ਵਿਚ ਨਾਸ ਹੋ ਜਾਣ ਵਾਲੇ ਰਸਾਂ ਨੂੰ ਭੋਗਦਾ ਹੈ ਕਿਸੇ ਛਿਨ ਵਿਚ ਛੱਡਕੇ ਦੌੜ ਜਾਂਦਾ ਹੈ।

**ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂ ਭਰਮਾਇਓ ॥ ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥ ੨ ॥ ੫ ॥ ੧੫੬ ॥**

ਕਿਸੇ ਛਿਨ ਵਿਚ ਜੋਗ ਵਿਚ ਜੁੜਦਾ ਹੈ ਕਦੀ ਤਪੀ ਕਦੀ ਪੁਜਾਰੀ ਹੋਕੇ ਬਹੁਤ ਪੂਜਾ ਕਰਦਾ ਹੈ, ਕਿਸੇ ਛਿਨ ਵਿਚ ਭਰਮ ਵਿਚ ਪੈ ਜਾਂਦਾ ਹੈ ਜਾਂ ਲੱਖਾਂ ਕੋਹਾਂ ਤਕ ਖਿਆਲ ਨਾਲ ਦੌੜ ਆਉਂਦਾ ਹੈ ਪਰ ਕਦੀ ਕਿਸੇ ਛਿਨ ਵਿਚ ਸੰਤਾਂ ਦੀ ਕਿਰਪਾ ਨਾਲ ਸਾਧ ਸੰਗ ਮਿਲ ਜਾਂਦਾ ਹੈ ਤਾਂ 'ਗੁਰੂ ਜੀ' ਜੀਵ ਵਾਹਿਗੁਰੂ ਦੇ ਪ੍ਰੇਮ ਵਿਚ ਲੱਗ ਜਾਂਦਾ ਹੈ ਤੇ ਅਪਣਾ ਜਨਮ ਸਵਾਰ ਲੈਂਦਾ ਹੈ।

## ਰਾਗੁ ਆਸਾ ਮਹਲਾ ੫ ਘਰੁ ੧੭ ਆਸਾਵਰੀ

## ੧ ਓ ਸਤਿਗੁਰਪ੍ਰਸਾਦਿ ॥

{ਇਸ ਸ਼ਬਦ ਦਾ 'ਹਾਂ' ਅੱਖਰ ਕਦੀ ਤਾਂ ਦੂਸਰੇ ਨੂੰ ਆਖਣ ਵੱਲ ਲੱਗੇਗਾ, ਕਦੀ ਕੇਵਲ ਪਦ ਪੂਰਨ ਹੀ ਹੋਵੇਗਾ ਕਦੀ 'ਹਾਂ' ਬਚਨ ਮੰਨ ਲੈਣ ਦਾ ਅਰਥ ਬੋਧਕ ਹੋਵੇਗਾ।
ਸਿਖ ਗੁਰੂ ਤੋਂ ਪੁਛਦਾ ਹੈ ਪਰਸ਼ਨੋਤਰੀ ਹੈ:–
ਹੇ ਗੁਰੂ ਜੀ! ਤੁਸਾਂ ਪ੍ਰਮੇਸਰ ਨੂੰ ਕਿਸਤਰਾਂ ਪਾਇਆ ਹੈ
ਜਾਂ ਮੱਧਮ ਸਿਖ ਉੱਤਮ ਸਿੱਖ ਤੋਂ ਪੁਛਦਾ ਹੈ
ਇਹ ਪ੍ਰਸ਼ਨੋਤ੍ਰੀ ਹੈ:–}

**ਗੋਬਿਦ ਗੋਬਿੰਦ ਕਰਿਹਾਂ॥ਹਰਿ ਹਰਿ ਮਨਿਪਿਆਰਿ ਹਾਂ ॥ ਗੁਰਿ ਕਹਿਆ ਸੁਚਿਤਿ ਧਰਿਹਾਂ ॥ ਅਨ ਸਿਉ ਤੋਰਿ ਫੇਰਿ ਹਾਂ ॥ ਐਸੇ ਲਾਲਨੁ ਪਾਇਓਰੀ ਸਖੀ ॥੧॥ ਰਹਾਉ ॥**

ਅਸੀਂ ਪਰਮੇਸਰ ੨ ਇਕੁਰ ਦਾ ਜਾਪ ਨਾਮ ਦਾ ਕਰਦੇ ਹਾਂ ਮਨ ਵਿਚ ਹਰ ਹਰ ਨਾਮ ਦਾ ਪਿਆਰ ਹੈ ਜੋ ਕੁਛ ਗੁਰਾਂ ਨੇ ਆਖਜਾ ਹੈ ਸੋ ਚਿਤ ਵਿਚ ਧਾਰਨ ਕਰਦਾ ਹਾਂ, ਮਨ ਨੂੰ ਅਨ=ਹੋਰ ਭਾਵ ਵਿਸ਼ਿਆਂ ਵੱਲੋਂ ਮੋੜਕੇ ਭਗਤੀ

Digitized by Panjab Digital Library | www.panjabdigilib.org

ਵੱਲ ਲਾਂਦਾ ਹਾਂ ਜਾਂ ਮੋੜਦਾ ਹਾਂ, ਹੇ ਸਖੀ ਮੈਂ ਇਕ ਰ ਪਜਾਰੇ ਨੂੰ ਪਾਯਾ ਹੈ।

**ਪੰਕਜ ਮੋਹ ਸਰਿਹਾਂ ॥ ਪਗੁ ਨਹੀ ਚਲੈ ਹਰਿਹਾਂ ॥ ਗਹਡਿਓ ਮੂੜ ਨਰਿਹਾਂ ॥ ਅਨਿ ਨ ਉਪਾਵ ਕਰਿਹਾਂ ॥ ਤਉ ਨਿਕਸੈ ਸਰਨਿ ਪੈ ਰੀ ਸਖੀ॥ ੧ ॥**

ਇਸ ਸੰਸਾਰ ਰੂਪ ਕਾਲ ਵਿਚ ਮੋਹ ਰੂਪ ਪੰਕ=ਚਿੱਕੜ ਹੈ ਜਾਂ ਪੰਕਜ= ਕੌਲ ਦਾ ਨਾਮ ਹੈ ਪਰ ਇਥੇ ਚਿੱਕੜ ਲੱਗਦਾ ਹੈ ਜਾਂ ਜ=ਪੈਦਾ ਹੁੰਦਾ ਹੈ ਇਸ ਚਿੱਕੜ ਵਿਚ ਖੁਭਿਆ ਹੋਇਆ ਮੇਰਾ ਪੈਰ ਪਰਮੇਸਰ ਵੱਲ ਨਹੀਂ ਚੱਲਸਕਦਾ ਹੈ ਉਸ ਚਿੱਕੜ ਵਿਚ ਮੂਰਖ ਆਦਮੀ ਗੱਡਜਾ ਹੋਯਾ ਹੈ, ਏਥੋਂ ਨਿਕਲਨ ਦਾ ਕੋਈ ਹੋਰ ਉਪਾ ਨਹੀਂ ਕਰਦਾ ਹੈ ਹੇ ਸਖੀ ਜਦੋਂ ਗੁਰਾਂ ਦੀ ਸ਼ਰਨ ਪਵੇਂਗੀ ਤੇ ਤਾਂ ਨਿਕਲੇਂਗੀ।

**ਥਿਰ ਥਿਰ ਚਿਤ ਥਿਰਹਾਂ॥ ਬਨੁ ਗ੍ਰਿਹੁ ਸਮਸਰਿਹਾਂ॥ ਅੰਤਰਿ ਏਕ ਪਿਰਹਾਂ ॥ ਬਾਹਰਿ ਅਨੇਕ ਧਰਿਹਾਂ ॥ ਰਾਜਨ ਜੋਗੁ ਕਰਿਹਾਂ ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥ ੨ ॥ ੧ ॥ ੧੫੭ ॥**

ਥਿਰ ਰੂਪ ਸਤਸੰਗ ਦੇ ਰਾਹੀਂ ਜਿਨਾਂ ਨੇ ਥਿਰ ਰੂਪ ਪ੍ਰਮੇਸਰ ਵਿਚ ਮਨ ਨੂੰ ਥਿਰ ਕੀਤਾ ਹੈ ਓਨਾਂ ਨੂੰ ਜੰਗਲ ਘਰ ਸਮਾਨ ਹੈ, ਓਨਾਂ ਦੇ ਮਨ ਅੰਦਰ ਇਕ ਪਿਆਰਾ ਹੈ ਬਾਹਰੋਂ ਅਨੇਕਤਰਾਂ ਦੇ ਵਿਹਾਰ ਧਾਰਨ ਕਰਦੇ ਹਨ ਭਾਵ ਘਰਦੇ ਕੰਮ ਸਾਰੇ ਕਰਦੇ ਹਨ ਰਾਜਨ=ਪ੍ਰਕਾਸ਼ਨ ਵਾਲਾ ਜੋਗ ਗਿਆਨ ਕਰਦੇ ਹਨ। ਗੁਰੂ ਜੀ—ਹੇ ਸਖੀ ਓਹ ਭਗਤ ਸਭ ਤੋਂ ਅਲੋਗੀ=ਅਲੱਗ ਭਾਵ ਚੰਗੇ ਹਨ।

## ਆਸਾਵਰੀ ਮਹਲਾ ੫ ॥

**ਮਨਸਾ ਏਕ ਮਾਨਿਹਾਂ ॥ ਗੁਰ ਸਿਉ ਨੇਤ ਧਿਆਨਿਹਾਂ ॥ ਦ੍ਰਿੜੁ ਸੰਤ ਮੰਤ ਗਿਆਨਿਹਾਂ ॥ ਸੇਵਾ ਗੁਰ ਚਰਾਨਿਹਾਂ ॥ ਤਉ ਮਿਲੀਐ ਗੁਰ ਕਿਰਪਾਨਿ ਮੇਰੇ ਮਨਾ ॥੧॥ ਰਹਾਉ ॥**

ਜੇਹੜੇ ਸੰਤ ਅਕਲ ਵਿਚ ਇਕ ਨੂੰ ਹੀ ਮੰਨਦੇ ਹਨ ਗੁਰੂ ਦੇ ਨਾਲ ਪ੍ਰੀਤੀ ਕਰਕੇ ਰੋਜ ਹੀ ਧਿਆਨ ਧਰਦੇ ਹਨ,ਸੰਤਾਂ ਦੇ ਉਪਦੇਸ਼ ਕਰਕੇ ਓਨਾਂ ਨੂੰ

Digitized by Panjab Digital Library | www.panjabdigilib.org

ਗਜ਼ਾਨ ਪੱਕਾ ਹੋਇਆ ਹੈ। ਗੁਰਾਂ ਦੇ ਚਰਨਾਂ ਦੀ ਸੇਵਾ ਕਰਦੇ ਹਨ ਹੇ ਮੇਰੇ ਮਨ ਜਦੋਂ ਗੁਰੂ ਕਿਰਪਾ ਕਰਦਾ ਹੈ ਤੇ ਤਾਂ ਮਿਲੀਦਾ ਹੈ।

**ਤੂਟੇ ਅਨ ਭਰਾਨਿਹਾਂ ॥ ਰਵਿਓ ਸਰਬ ਥਾਨਿਹਾਂ ॥ ਲਹਿਓ ਜਮ ਭਇਆਨਿਹਾਂ ॥ ਪਾਇਓ ਪੇਡ ਥਾਨਿਹਾਂ ॥ ਤਉ ਚੂਕੀ ਸਗਲ ਕਾਨਿ ॥ ੧ ॥**

ਉਨਾਂ ਦੀ ਦੂਸਰੀ ਭਰਾਂਤੀ ਟੁੱਟ ਜਾਂਦੀ ਹੈ ਸਾਰਿਆਂ ਥਾਵਾਂ ਵਿਚ ਪਰਮੇਸਰ ਫੈਲਿਆ ਹੋਇਆ ਜਾਣਿਆਂ ਹੈ।ਡਰੌਣਾਂ ਜਮ ਉਨਾਂ ਤੋਂ ਉੱਤਰ ਗਿਆ ਹੈ। ਮੂਲ ਥਾਂ ਬ੍ਰਿਛ ਰੂਪ ਪਰਮੇਸਰ ਨੂੰ ਪਾਇਆ ਹੈ ਤਾਂ ਸਾਰਿਆਂ ਭਾਵ ਦੇਵੀ ਦੇਵਤਿਆਂ ਦੀ ਕੁਸ਼ਾਮਤ ਦੂਰ ਹੋ ਗਈ ਹੈ।

**ਲਹਨੋ ਜਿਸੁ ਮਥਾਨਿਹਾਂ ॥ ਭੈ ਪਾਵਕ ਪਾਰਿ ਪਰਾਨਿਹਾਂ ॥ ਨਿਜ ਘਰਿ ਤਿਸਹਿ ਥਾਨਿਹਾਂ॥ਹਰਿ ਰਸ ਰਸਹਿ ਮਾਨਿਹਾਂ॥ ਲਾਥੀ ਤਿਸ ਭੁਖਾਨਿਹਾਂ॥ ਨਾਨਕ ਸਹਜਿ ਸਮਾਇਓ ਰੇਮਨਾ ॥ ੨ ॥ ੨ ॥ ੧੫੮॥**

ਜਿਸਦੇ ਮੱਥੇ ਉੱਤੇ ਮਿਲਨਾ ਲਿਖਿਆ ਹੋਇਆ ਸੀ ਓਹ ਡਰੌਣੀ ਅੱਗ ਵਿਸ਼ਿਆਂ ਜਾਂ ਦੁਖਾਂ ਤੋਂ ਪਾਰ ਹੋਗਿਆ ਹੈ। ਆਪਣੇ ਅਸਲੀ ਘਰ ਥਾਂ ਵਿਚ ਓਹ ਬੈਠ ਗਿਆ ਹੈ ਓਹ ਪਰਮੇਸਰ ਦੇ ਨਾਮ ਰਸ ਨੂੰ ਰਸੀਆ ਹੋਕੇ ਮਾਣਦਾ ਭਾਵ ਭੋਗਦਾ ਹੈ, ਉਸਦੀ ਤ੍ਰਿਸ਼ਨਾ ਦੂਰ ਹੋਗਈ ਹੈ। ਗੁਰੂ ਜੀ=ਹੇ ਮੇਰੇ ਪਿਆਰੇ! ਉਹ ਭਗਤ ਜਨ ਸਹਿਜ ਵਿਚ ਸਮਾ ਗਿਆ ਹੈ।

## ਆਸਾਵਰੀ ਮਹਲਾ ੫ ॥

**ਹਰਿ ਹਰਿ ਹਰਿ ਗੁਨੀਹਾਂ॥ ਜਪੀਐ ਸਹਜ ਧੁਨੀਹਾਂ॥ ਸਾਧੂ ਰਸਨ ਭਨੀਹਾਂ ॥ ਛੂਟਨ ਬਿਧਿ ਸੁਨੀਹਾਂ ॥ਪਾਈਐ ਵਡ ਪੁਨੀ ਮੇਰੇ ਮਨਾ ॥ ੧ ॥ ਰਹਾਉ ॥**

ਹੇ ਮੇਰੇ ਮਨਾ! ਹਰੇ ਕਰਨ ਵਾਲੇ ਪਾਪਾਂ ਦੇ ਹਰਨ ਵਾਲੇ ਹਰੀ ਨੂੰ ਗਿਣੀਏਂ ਭਾਵ ਬੋਲੀਏ ਓਸੇ ਨੂੰ ਸ਼ਾਂਤ ਰੂਪ ਧੁਨੀ ਨਾਲ ਜਪੀਏ ਮੋਹ ਜਾਲ ਤੋਂ ਛੁਟਣ ਦੀ ਗੁਰਾਂ ਤੋਂ ਅਕਲ ਸੁਣੀ ਹੈ ਜੇਹੜੀ ਵੱਡਿਆਂ ੨ ਪਿਛਲਿਆਂ ਪੁੰਨਾਂ ਨਾਲ ਮਿਲਦੀ ਹੈ।

**ਖੋਜਹਿ ਜਨ ਮੁਨੀਹਾਂ ॥ ਸ੍ਰਬ ਕਾ ਪ੍ਰਭ ਧਨੀਹਾਂ ॥**

Digitized by Panjab Digital Library | www.panjabdigilib.org

ਦੁਲਭ ਕਲਿ ਦੁਨੀਹਾਂ ॥ ਦੂਖ ਬਿਨਾਸਨੀ ਹਾਂ ॥ ਪ੍ਰਭ ਪੂਰਨ ਆਸਨੀ ਮੇਰੇ ਮਨਾ ॥ ੧ ॥

ਹੇ ਮੇਰੇ ਮਨਾ ਜਿਸਨੂੰ ਮੁਨੀ ਜਨ ਲੱਭਦੇ ਹਨ ਓਹ ਮਾਲਕ ਸਾਰਿਆਂ ਦਾ ਧਨੀ ਹੈ। ਕਲਜੁਗ ਵਿਚ ਦੁਨੀਆਂ ਵਿਚ ਪਰਮੇਸਰ ਦਾ ਨਾਮ ਬੜਾ ਦੁਰ-ਲੱਭ ਹੈ ਦੁੱਖਾਂ ਦੇ ਨਾਸ ਕਰਨ ਵਾਲਾ ਹੈ । ਹੇ ਪਿਆਰੇ ਓਹ ਮਾਲਕ ਹੀ ਸਾਰੀਆਂ ਆਸਾਂ ਪੂਰੀਆਂ ਕਰਨ ਵਾਲਾ ਹੈ ।

ਮਨ ਸੋ ਸੇਵੀਐ ਹਾਂ ॥ ਅਲਖ ਅਭੇਵੀਐ ਹਾਂ ॥ ਤਾਂ ਸਿਉ ਪ੍ਰੀਤਿ ਕਰਿਹਾਂ ॥ ਬਿਨਸਿ ਨ ਜਾਇ ਮਰਿਹਾਂ ॥ ਗੁਰ ਤੇ ਜਾਨਿਆਹਾਂ॥ ਨਾਨਕ ਮਨੁ ਮਾਨਿਆ ਮੇਰੇ ਮਨਾ ॥ ੨ ॥ ੩ ॥ ੧੫੯ ॥

ਹੇ ਮਨ ਉਸ ਮਾਲਕ ਦੀ ਸੇਵਾ ਕਰੀਏ ਜਿਹੜਾ ਅਲੱਖ ਤੇ ਅਭੇਵ ਹੈ ਉਸ ਨਾਲ ਪਰੀਤੀ ਕਰੀਏ ਜਿਹੜਾ ਨਾਸ ਨਹੀਂ ਹੋ ਜਾਂਦਾ ਹੈ ਤੇ ਪ੍ਰੀਤ ਕਰਨ ਵਾਲਾ ਵੀ ਨਹੀਂ ਮਰਦਾ ਹੈ ਇਹ ਭੇਦ ਗੁਰਾਂ ਤੋਂ ਜਾਣਿਆਂ ਹੈ,ਗੁਰੂ ਜੀ=ਇਸ ਲਈ ਮੇਰਾ ਮਨ ਮੰਨ ਗਿਆ ਹੈ ।

## ਆਸਾਵਰੀ ਮਹਲਾ ੫ ॥

ਏਕਾ ਓਟ ਗਹੁਹਾਂ ॥ ਗੁਰਕਾ ਸਬਦੁ ਕਹੁਹਾਂ ॥ ਆਗਿਆ ਸਤਿ ਸਹੁਹਾਂ ॥ ਮਨਹਿ ਨਿਧਾਨੁ ਲਹੁਹਾਂ॥ਸੁਖਹਿ ਸਮਾਈਐ ਮੇਰੇ ਮਨਾ ॥ ੧ ॥ ਰਹਾਉ ॥

ਹੇ ਮੇਰੇ ਮਨਾ ਇਕ ਦੀ ਓਟ ਫੜ ਗੁਰਾਂ ਦਾ ਉਪਦੇਸ਼ ਆਖ, ਗੁਰਾਂ ਦੀ ਆਗਜਾ ਸੱਚੀ ਜਾਣਕੇ ਸਹਾਰ ਤਾਂ ਮਨ ਦੇ ਅੰਦਰ ਹੀ ਚੰਗਿਆਂ ਗੁਣਾਂ ਦਾ ਖਜਾਨਾ ਮਿਲ ਜਾਵੇਗਾ ਤੇ ਸੁਖ ਵਿਚ ਸਮਾਵਣਾਂ ਹੋਵੇਗਾ ।

ਜੀਵਤ ਜੋਮਰੈਹਾਂ ॥ ਦੁਤਰੁ ਸੋ ਤਰੈਹਾਂ॥ ਸਭ ਕੀਰੇਨੁ ਹੋਇਹਾਂ ॥ ਨਿਰਭਉ ਕਹਉ ਸੋਇਹਾਂ॥ ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥ ੧ ॥

ਹੇ ਮੇਰੇ ਮਨਾ ਜਿਹੜੇ ਜੀਵਤ ਭਾਵ ਤੋਂ ਮਰੇ ਹਨ ਓਹ ਔਖੇ ਸੰਸਾਰ ਤੋਂ ਤਰ ਗਏ ਹਨ, ਜੋ ਸਾਰਿਆਂ ਦੀ ਧੂੜ ਹੋ ਗਏ ਹਨ ਓਹੋ ਹੀ ਡਰ ਤੋਂ ਬਿਨਾਂ

Digitized by Panjab Digital Library | www.panjabdigilib.org

ਆਖੇ ਜਾਂਦੇ ਹਨ । ਜਿਨ੍ਹਾਂ ਨੂੰ ਸੰਤਾਂ ਨੇ ਉਪਦੇਸ਼ ਕੀਤਾ ਹੈ ਓਹਨਾਂ ਦੇ ਸੰਦੇਸੇ ਭਾਵ ਸ਼ੱਕ ਦੂਰ ਹੋ ਗਏ ਹਨ ।

**ਜਿਸੁ ਜਨ ਨਾਮ ਸੁਖੁ ਹਾਂ ॥ ਤਿਸੁ ਨਿਕਟਿ ਨ ਕਦੇ ਦੁਖੁ ਹਾਂ ॥ ਜੋ ਹਰਿ ਹਰਿ ਜਸੁ ਸੁਨੇਹਾਂ ॥ ਸਭੁਕੋ ਤਿਸੁ ਮੰਨੇਹਾਂ ॥ ਸਫਲੁ ਸੁਆਇਆਹਾਂ॥ ਨਾਨਕ ਪ੍ਰਭਭਾਇਆ ਮੇਰੇ ਮਨਾ ॥ ੨ ॥ ੪ ॥ ੧੬੦ ॥**

ਹੇ ਮੇਰੇ ਮਨ ਜਿਸ ਆਦਮੀ ਨੂੰ ਨਾਮ ਜਪਣ ਤੋਂ ਸੁਖ ਮਿਲਿਆ ਹੈ ਉਸਦੇ ਪਾਸ ਕਦੀ ਦੁਖ ਨਹੀਂ ਆਉਂਦਾ ਹੈ ਜਿਹੜਾ ਹਰ ਹਰ ਜਸ ਸੁਣਦਾ ਹੈ ਉਸਨੂੰ ਹਰ ਕੋਈ ਮੰਨਦਾ ਹੈ । ਗੁਰੂ ਜੀ=ਜੇਹੜਾ ਪਰਮੇਸਰ ਨੂੰ ਭਾਇਆ ਹੈ ਉਸਦਾ ਸੰਸਾਰ ਵਿਚ ਆਉਣਾਂ ਸਫਲ ਹੈ ।

## ਆਸਾਵਰੀ ਮਹਲਾ ੫ ॥

**ਮਿਲਿ ਹਰਿ ਜਸੁ ਗਾਈਐ ਹਾਂ ॥ ਪਰਮ ਪਦੁ ਪਾਈਐ ਹਾਂ ॥ ਉਆ ਰਸ ਜੋਬਿਧੇਹਾਂ ॥ ਤਾਕਉ ਸਗਲ ਸਿਧੇਹਾਂ॥ ਅਨਦਿਨੁ ਜਾਗਿਆ ਹਾਂ ॥ ਨਾਨਕ ਬਡਭਾਗਿਆ ਮੇਰੇ ਮਨਾ ॥ ੧ ॥ ਰਹਾਉ ॥**

ਹੇ ਮੇਰੇ ਮਨਾ ! ਜਦੋਂ ਸੰਤਾਂ ਨਾਲ ਮਿਲਕੇ ਹਰੀ ਦਾ ਜਸ ਗਾਈਏ ਤਾਂ ਮੁਕਤੀ ਪਦ-ਪਾਈਦਾ ਹੈ ਓਹ ਜਿਹੜੇ ਹਰੀ ਰਸ ਵਿਚ ਬਿਧੇ=ਮਿਲ ਗਏ ਹਨ ਓਹਨਾਂ ਨੂੰ ਸਭ ਕੁਛ ਮਿਲ ਗਿਆ ਹੈ ਜਿਹੜਾ ਹਰ ਰਸ ਵਿਚ ਰਾਤ ਦਿਨੇ ਜਾਗਿਆ ਹੈ ਗੁਰੂ ਜੀ=ਓਹ ਵੱਡਜਾਂ ਭਾਗਾਂ ਵਾਲਾ ਹੈ !

**ਸੰਤ ਪਗ ਧੋਈਐ ਹਾਂ ॥ ਦੁਰਮਤਿ ਖੋਈਐ ਹਾਂ ॥ ਦਾਸਹ ਰੇਨੁ ਹੋਇ ਹਾਂ ॥ ਬਿਆਪੈ ਦੁਖੁ ਨ ਕੋਇ ਹਾਂ ॥ ਭਗਤਾਂ ਸਰਨਿ ਪਰੁਹਾਂ ॥ ਜਨਮਿ ਨ ਕਦੇ ਮਰੁਹਾਂ ॥ ਅਸਥਿਰੁ ਸੇ ਭਏ ਹਾਂ ॥ ਹਰਿ ਹਰਿ ਜਿਨ੍ਹ ਜਪਿ ਲਏ ਮੇਰੇ ਮਨਾ ॥ ੧ ॥**

ਹੇ ਮੇਰੇ ਮਨਾ ! ਸੰਤਾਂ ਦੇ ਪੈਰਾਂ ਨੂੰ ਧੋਈਏ ਦੁਰਮਤ ਦੀ ਮੈਲ ਨੂੰ ਦੂਰ ਕਰੀਏ, ਦਾਸਾਂ ਦੀ ਧੂੜੀ ਹੋਈਏ ਤਾਂ ਫਿਰ ਕੋਈ ਦੁੱਖ ਨਹੀਂ ਚੰਬੜਦਾ ਹੈ।

Digitized by Panjab Digital Library | www.panjabdigilib.org

ਭਗਤਾਂ ਦੀ ਸ਼ਰਨ ਪਈਏ ਫਿਰ ਕਦੀ ਨ ਜਨਮ ਹੈ ਨ ਮਰਨ; ਓਹੋ ਹੀ ਟਿਕ ਗਏ ਹਨ ਜਿਨ੍ਹਾਂ ਨੇ ਪ੍ਰਮੇਸ਼ਰ ਦਾ ਨਾਮ ਜਪ ਲਿਆ ਹੈ ।

**ਸਾਜਨੁ ਮੀਤੁ ਤੂੰਹਾਂ ॥ ਨਾਮੁ ਦ੍ਰਿੜਾਇ ਮੁੰਹਾਂ ॥ ਤਿਸੁ ਬਿਨੁ ਨਾਹਿ ਕੋਇ ਹਾਂ ॥ ਮਨਹਿ ਅਰਾਧਿ ਸੋਇ ਹਾਂ ॥ ਨਿਮਖ ਨ ਵੀਸਰੈ ਹਾਂ ॥ ਤਿਸੁ ਬਿਨੁ ਕਿਉ ਸਰੈਹਾਂ ॥ ਗੁਰ ਕਉ ਕੁਰਬਾਨ ਜਾਉ ਹਾਂ ॥ ਨਾਨਕੁ ਜਪੇ ਨਾਉ ਮੇਰੇ ਮਨਾ ॥ ੨ ॥ ੫ ॥ ੧੬੧ ॥**

ਹੇ ਮੇਰੇ ਮਨਾ ਗੁਰਾਂ ਪਾਸ ਇੱਕੁਰ ਬੇਨਤੀ ਕਰ ਕਿ ਹੇ ਗੁਰੂ ਜੀ ਮੇਰਾ ਸੱਜਣ ਮਿੱਤ੍ਰ ਤੂੰ ਹੈਂ ਮੈਨੂੰ ਨਾਮ ਦ੍ਰਿੜ੍ਹ ਕਰਾਉ ਹੇ ਮਨ ਉਸ ਪ੍ਰਮੇਸਰ ਤੋਂ ਬਿਨਾ ਦੂਸਰਾ ਹੋਰ ਕੋਈ ਸਹਾਇਕ ਨਹੀਂ ਹੈ ਮਨ ਵਿੱਚ ਉਸਦਾ ਅਰਾਧਣਾ ਕਰ ਇਕ ਨਿਮਖ ਵੀ ਜੇਹੜਾ ਭੁੱਲਦਾ ਨਹਾਂ ਹੈ ਉਸ ਦੇ ਜਾਪ ਬਿਨਾ ਮੈਨੂੰ ਕਿਸਤਰਾਂ ਸਰ ਸੱਕਦਾ ਹੈ ਭਾਵ ਮੈਂ ਰਹਿ ਨਹੀਂ ਸੱਕਦਾ ਹਾਂ ਉਹਨਾਂ ਗੁਰਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ ਗੁਰੂ ਜੀ=ਜਿਨ੍ਹਾਂ ਦੀ ਕਿਰਪਾ ਨਾਲ ਮੈਂ ਨਾਮ ਜਪਿਆਹੈ।

## ਆਸਾ ਮਹਲਾ ੫ ॥

**ਕਾਰਨ ਕਰਨ ਤੂੰਹਾਂ ॥ ਅਵਰੁ ਨਾ ਸੁਝੈ ਮੂੰਹਾਂ ॥ ਕਰਹਿ ਸੁ ਹੋਈਐ ਹਾਂ ॥ ਸਹਿਜ ਸੁਖਿ ਸੋਈਐ ਹਾਂ ॥ ਧੀਰਜ ਮਨਿ ਭਏ ਹਾਂ ਪ੍ਰਭ ਕੈ ਦਰਿ ਪਏ ਮੇਰੇ ਮਨਾ ॥ ੧ ॥ ਰਹਾਉ ॥**

ਹੇ ਮੇਰੇ ਮਨ ਇੱਕੁਰ ਬੇਨਤੀ ਕਰ ਕਿ ਹੇ ਪ੍ਰਮੇਸਰਾ ਤੱਤਾਂ ਨੂੰ ਬਨਾਉਣਾ ਮਾਇਆ ਨੂੰ ਤੇ ਦੇਵਤਿਆਂ ਨੂੰ ਬਨਾਉਣਾ ਇੱਕੁਰ ਦੇ ਵੱਡਿਆਂ ੨ ਕੰਮਾਂ ਦੇ ਕਰਨ ਵਾਲਾ ਤੂੰ ਹੀ ਹੈਂ ਮੈਨੂੰ ਤੈਥੋਂ ਬਿਨਾ ਦੂਸਰਾ ਕੋਈ ਨਹੀਂ ਸੁੱਝਦਾ ਹੈ ਜੋ ਤੂੰ ਕਰਦਾ ਹੈਂ ਉਹੋ ਹੀ ਹੁੰਦਾ ਹੈ ਜਿਨ੍ਹਾਂ ਨੇ ਇੱਕੁਰ ਜਾਣਿਆਂ ਉਹ ਸ਼ਾਂਤੀ ਸੁਖ ਵਿੱਚ ਸੌਂਦੇ ਹਨ ਉਹਨਾਂ ਦੇ ਮਨ ਬੁੱਧੀ ਆਦਕ ਧੀਰਜ ਵਾਲੇ ਹੋਇ ਹਨ ਸੋ ਹੇ ਮਾਲਕਾ ਅਸੀਂ ਤੇਰੇ ਬੂਹੇ ਉਤੇ ਡਿੱਗ ਪਏ ਹਾਂ ।

**ਸਾਧੂ ਸੰਗਮੇਹਾਂ ॥ ਪੂਰਨ ਸੰਜਮੇਹਾਂ ॥ ਜਬ ਤੇ ਛੁਟੇ ਆਪ ਹਾਂ ॥ ਤਬ ਤੇ ਮਿਟੇ ਤਾਪ ਹਾਂ ॥ ਕਿਰਪਾ ਧਾਰੀਆ**

Digitized by Panjab Digital Library | www.panjabdigilib.org

ਹਾਂ ॥ ਪਤਿ ਰਖੁ ਬਨਵਾਰੀਆ ਮੇਰੇ ਮਨਾ ॥ ੧ ॥

ਹੇ ਮੇਰੇ ਮਨਾ ਇਉਂ ਪ੍ਰਮੇਸਰ ਨੂੰ ਆਖ ਕਿ ਹੁਣ ਅਸੀਂ ਸੰਤਾਂ ਦੇ ਨਾਲ ਰਹਿੰਦੇ ਹਾਂ ਸਾਧ ਸੰਗਤ ਕਰਕੇ ਪੂਰਨ ਸੰਜਮ ਹੁੰਦਾ ਹੈ ਜਦੋਂ ਤੂੰ ਹੰਕਾਰ ਤੋਂ ਛੁਟ ਗਏ ਹਾਂ ਤਦੋਂ ਤੋਂ ਸਾਰੇ ਤਾਪ ਦੂਰ ਹੋ ਗਏ ਹਨ ਹੇ ਸੰਸਾਰ ਬਨ ਦੇ ਮਾਲੀ ਤੂੰ ਕਿਰਪਾ ਕਰਕੇ ਮੇਰੀ ਇੱਜ਼ਤ ਰਖੀ ਹੈ।

ਇਹੁ ਸੁਖੁ ਜਾਨੀਐਹਾਂ ॥ ਹਰਿ ਕਰੈ ਸੁ ਮਾਨੀਐਹਾਂ॥ ਮੰਦਾ ਨਾਹਿ ਕੋਇਹਾਂ ॥ ਸੰਤ ਕੀ ਰੇਨ ਹੋਇ ਹਾਂ ॥ ਆਪੇ ਜਿਸੁ ਰਖੈ ਹਾਂ ॥ ਹਰਿ ਅੰਮ੍ਰਿਤੁ ਸੋ ਚਖੈ ਮੇਰੇ ਮਨਾ ॥੨॥

ਅਸੀ ਏਹੋ ਹੀ ਸੁਖ ਕਰਕੇ ਜਾਣਦੇ ਹਾਂ ਹੇ ਪ੍ਰਮੇਸਰਾ ਜੋ ਤੂੰ ਕਰਦਾ ਹੈਂ ਅਸੀ ਓਹੋ ਹੀ ਚੰਗਾ ਕਰਕੇ ਮੰਨਦੇ ਹਾਂ ਸਾਡੇ ਖਿਆਲ ਵਿੱਚ ਮੰਦਾ ਕੋਈ ਨਹੀਂ ਹੈ ਸੰਤਾਂ ਦੀ ਧੂੜੀ ਹੋ ਰਹੇ ਹਾਂ ਜਿਸ ਨੂੰ ਤੂੰ ਆਪ ਰੱਖਦਾ ਹੈਂ ਹੇ ਪ੍ਰਮੇਸਰਾ ਓਹ ਤੇਰੇ ਨਾਮ ਅੰਮ੍ਰਿਤ ਨੂੰ ਚੱਖਦਾ ਹੈ।

ਜਿਸਕਾ ਨਾਹਿ ਕੋਇਹਾਂ ॥ ਤਿਸਕਾ ਪ੍ਰਭੁ ਸੋਇਹਾਂ ॥ ਅੰਤਰ ਗਤਿ ਬੁਝੈਹਾਂ ॥ ਸਭੁ ਕਿਛੁ ਤਿਸੁ ਸੁਝੈ ਹਾਂ॥ਪਤਿਤ ਉਧਾਰਿ ਲੇਹੁ ਹਾਂ ॥ ਨਾਨਕ ਅਰਦਾਸਿ ਏਹੁ ਮੇਰੇ ਮਨਾ ॥ ੩ ॥੬ ॥ ੧੬੨ ॥

ਹੇ ਮਾਲਕਾ ਜਿਸ ਦਾ ਕੋਈ ਨਹੀਂ ਹੈ ਉਸਦਾ ਮਾਲਕ ਰਾਖਾ ਤੂੰ ਹੈਂ ਜੇਹੜਾ ਤੈਨੂੰ ਦਿਲ ਦੇ ਅੰਦਰ ਆਇਆ ਹੋਇਆ ਸਮਝਦਾ ਹੈ ਉਸ ਨੂੰ ਸਭ ਕੁਛ ਸੁੱਝ ਪੈਂਦਾ ਹੈ ਹੇ ਪਰਮੇਸਰਾ ਆਪ ਦੇ ਅੱਗੇ ਮੇਰੀ ਇਹ ਬੇਨਤੀ ਹੈ ਕਿ ਮੈਨੂੰ ਪਾਪੀ ਨੂੰ ਤਾਰ ਲੈ।

## ਆਸਾਵਰੀ ਮਹਲਾ ੫ ਇਕਤੁਕਾ ॥

ਓਇ ਪਰਦੇਸੀਆਹਾਂ ॥ ਸੁਨਤ ਸੰਦੇਸਿਆਹਾਂ ॥੧॥ ਰਹਾਉ ॥

ਓਹ ਆਦਮੀ ਚੁਰਾਸੀ ਲੱਖ ਜੂਨੀਆਂ ਵਿੱਚ ਭੌਂਦਾ ਹੋਇਆ ਪ੍ਰਦੇਸੀ ਆਇਆ ਹੈ ਇਹ ਸੁਨੇਹੇ ਰੋਜ ਸੁਣੀਦੇ ਹਨ ਕਿ ਓਹ ਫਲਾਣਾ ਚਲਿਆ ਗਿਆ ਹੈ ਕਿ ਓਹ ਤਿਆਰ ਹੈ।

Digitized by Panjab Digital Library | www.panjabdigilib.org

**ਜਾ ਸਿਉ ਰਚ ਰਹੇਹਾਂ ॥ ਸਭ ਕਉ ਤਜਿ ਗਏਹਾਂ ॥ ਸੁਪਨਾ ਜਿਉ ਭਏਹਾਂ ॥ ਹਰਿ ਨਾਮੁ ਜਿਨ੍ਹਿ ਲਏ ॥ ੧॥**

ਜਿਨਾਂ ਪਦਾਰਥਾਂ ਦੇ ਨਾਲ ਆਦਮੀ ਬੜੇ ਰਚੇ ਹੋਇ ਹਨ ਓਹ ਪਦਾਰਥ ਸਾਰਿਆਂ ਨੂੰ ਛੱਡ ਕੇ ਚਲੇ ਜਾਂਦੇ ਹਨ ਕਿਸੇ ਦੇ ਵੀ ਨਾਲ ਨਹੀਂ ਜਾਂਦੇ ਹਨ ਜਿਨਾਂ ਨੇ ਹਰੀ ਨਾਮ ਲਿਆ ਹੈ ਉਹਨਾਂ ਨੂੰ ਸੁਪਨੇ ਵਰਗੇ ਹੋ ਗਏ ਹਨ ਭਾਵ ਝੂਠੇ।

**ਹਰਿ ਤਜਿ ਅਨਲਗੇਹਾਂ ॥ ਜਨਮਹਿ ਮਰਿ ਭਗੇਹਾਂ॥ ਹਰਿ ਹਰਿ ਜਨਿ ਲਏਹਾਂ ॥ ਜੀਵਤ ਸੇ ਰਹੇਹਾਂ ॥ ਜਿਸਹਿ ਕ੍ਰਿਪਾਲੁ ਹੋਇ ਹਾਂ ॥ ਨਾਨਕ ਭਗਤੁ ਸੋਇ ॥ ੨ ॥ ੭ ॥ ੧੬੩ ॥ ੨੩੨ ॥**

ਜੇਹੜੇ ਪਰਮੇਸਰ ਨੂੰ ਛੱਡ ਕੇ ਹੋਰ ਪਾਸੇ ਵੱਲ ਲੱਗੇ ਹਨ ਓਹ ਜਨਮ ਮਰਨ ਦੇ ਅੰਦਰ ਦੌੜਦੇ ਫਿਰਦੇ ਭਾਵ ਪੈਂਦੇ ਹਨ ਜਿਨਾਂ ਨੇ ਹਰੀ ਹਰੀ ਨਾਮ ਲਏ ਹਨ ਓਹ ਜੀਉਂਦੇ ਰਹਿੰਦੇ ਹਨ ਗੁਰੂ ਜੀ=ਜਿਸ ਉਤੇ ਸਤਿਗੁਰੂ ਕਿਰਪਾਲੂ ਹੋਏ ਹਨ ਓਹੋ ਹੀ ਭਗਤ ਹਨ।

**ੴ ਸਤਿਗੁਰਪ੍ਰਸਾਦਿ ॥**

**ਰਾਗੁ ਆਸਾ ਮਹਲਾ ੯ ॥**

**ਬਿਰਥਾ ਕਹਉ ਕਉਨ ਸਿਉ ਮਨ ਕੀ ॥ ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥ ੧ ॥ ਰਹਾਉ ॥**

ਹੇ ਪ੍ਰਮੇਸਰਾ! ਮੈਂ ਇਸ ਮਨ ਦੀ ਹਾਲਤ ਆਪ ਤੋਂ ਬਿਨਾਂ ਕਿਸਨੂੰ ਦੱਸਾਂ, ਇਹ ਲੋਭ ਵਿਚ ਫਸਿਆ ਹੋਇਆ ਧਨ ਦੀ ਆਸ਼ਾ ਵਿਚ ਲੱਗ ਕੇ ਦਸਾਂ ਪਾਸਿਆਂ ਵੱਲ ਦੌੜਦਾ ਫਿਰਦਾ ਹੈ।

**ਸੁਖ ਕੈ ਹੇਤ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ**

Digitized by Panjab Digital Library | www.panjabdigilib.org

**ਰਾਮ ਭਜਨ ਕੀ ॥ ੧ ॥**

ਸੁਖ ਲਈ ਬਹੁਤ ਦੁਖ ਪਾਂਦਾ ਹੈ ਇਕ ਇਕ ਦੀ ਸੇਵਾ ਕਰਦਾ ਹੈ। ਬੂਹੇ ਬੂਹੇ ਕੁੱਤੇ ਵਾਂਗ ਲੋਭ ਲਹਿਰ ਵਿਚ ਡੋਲਦਾ ਫਿਰਦਾ ਹੈ ਪਰਮੇਸਰ ਦੇ ਭਜਨ ਦੀ ਖਬਰ ਨਹੀਂ ਹੈ।

**ਮਾਨਸ ਜਨਮੁ ਅਕਾਰਥ ਖੋਵਤ ਲਾਜ ਨ ਲੋਕਹਸਨ ਕੀ ॥ ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥ ੨ ॥ ੧ ॥ ੨੩੩ ॥**

ਮਨੁਖ ਜਨਮ ਵਿਅਰਥ ਖੋਂਹਦਾ ਹੈ ਲੋਕਾਂ ਦੇ ਹੱਸਣ ਦੀ ਲੱਜਜਾ ਨਹੀਂ ਹੈ। ਗੁਰੂ ਜੀ=ਪ੍ਰਮੇਸਰ ਦਾ ਜਸ ਕਿਉਂ ਨਹੀਂ ਗਾਂਦਾ ਜਿਸ ਕਰਕੇ ਤੇਰੀ ਖੋਟੀ ਅਕਲ ਦੂਰ ਹੋ ਜਾਵੇ?

## ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

{ਸਿਖ ਦਾ ਕੀ ਕੰਮ ਹੈ ਤੇ ਮੁਕਤੀ ਹੋਏ ਆਦਮੀ ਦੀ ਕੀ ਕੀ ਨਿਸ਼ਾਨੀ ਹੈ? ਭਰਥਰੀ ਜੋਗੀ ਨਾਲ ਗੁਰੂ ਜੀ ਦੀ ਇਹ ਪ੍ਰਸ਼ਨੋਤਰੀ ਹੈ:-}

**ਉਤਰਿ ਅਵਘਟਿ ਸਰਵਰਿ ਨ੍ਹਾਵੈ ॥ ਬਕੈ ਨ ਬੋਲੈ ਹਰਿ ਗੁਣ ਗਾਵੈ ॥ ਜਲੁ ਆਕਾਸੀ ਸੁੰਨਿ ਸਮਾਵੈ॥ ਰਸੁ ਸਤੁ ਝੋਲਿ ਮਹਾਰਸੁ ਪਾਵੈ ॥ ੧ ॥**

ਰਸ=ਸੁਾਦ । ਸਤ=ਸਬਦ ਸਪਰਸ ਆਦਕ। ਔਖੇ ਘਾਟ ਤੋਂ ਉਤਰ ਕੇ ਭਾਵ ਵਿਸ਼ਿਆਂ ਤੋਂ ਲੰਘਕੇ ਸਤਸੰਗ ਤਾਲ ਵਿਚ ਜਾਵੇ ਭਾਵ ਸਤਸੰਗਕਰੇ, ਓਥੇ ਬਹੁਤਾ ਬਕਬਾਦ ਨ ਬੋਲੇ, ਪਰਮੇਸਰ ਦੇ ਗੁਣ ਗਾਵੇ,ਪਾਣੀ ਤੇ ਅਕਾਸ ਭਾਵ ਸਾਰਿਆਂ ਥਾਵਾਂ ਵਿਚ ਸੁੰਨ=ਪ੍ਰਮੇਸਰ ਮਿਲਿਆ ਹੋਇਆ ਹੈ। ਮਨ ਅਕਲ ਦੇ ਵਿਸ਼ੇ ਜੋ ਮਨੋਰਾਜ ਆਦਕ ਹਨ ਓਹਨਾਂ ਨੂੰ ਝੋਲ=ਹਟਾਕੇ ਸਿਖ ਵੱਡੇ ਰਸ ਨੂੰ ਪਾਂਦਾ ਹੈ ਭਾਵ ਦੁਨੀਆਂ ਦੇ ਸੁਾਦ ਛੱਡਕੇ ਨਾਮ ਜਪਦਾ ਹੈ।

**ਐਸਾ ਗਿਆਨੁ ਸੁਨਹੁ ਅਭ ਮੋਰੇ ॥ ਭਰਿਪੁਰਿ ਧਾਰਿ**

Digitized by Panjab Digital Library | www.panjabdigilib.org

**ਰਹਿਆ ਸਭ ਠਉਰੇ ॥ ੧ ॥ ਰਹਾਉ ॥**

ਹੇ ਮੇਰੇ ਦਿਲ ਇਕੁਰ ਦਾ ਗਿਆਨ ਹੋਇਆ ਸੁਣੋ ਪਰਮੇਸ਼ਰ ਭਰਪੂਰ ਹੋਕੇ ਸਾਰਿਆਂ ਨੂੰ ਸਾਰੀਆਂ ਥਾਵਾਂ ਵਿਚ ਧਾਰਨ ਭਾਵ ਰੱਖਿਆ ਕਰਦਾ ਹੈ।

**ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥ ਸਤਿਗੁਰ ਸਬਦਿ ਕਰੋਧੁ ਜਲਾਵੈ ॥ ਗਗਨਿ ਨਿਵਾਸਿ ਸਮਾਧਿ ਲਗਾਵੈ ॥ ਪਾਰਸੁ ਪਰਸਿ ਪਰਮ ਪਦੁ ਪਾਵੈ ॥ ੨ ॥**

ਜਿਹੜਾ ਨੇਮ ਨਾਲ ਸੱਚ ਬੋਲਣਾ ਹੈ ਇਹੋ ਹੀ ਬਰਤ ਰੱਖਣਾ ਕਰੇ, ਜਿਸ ਕਰਕੇ ਫਿਰ ਕਾਲ ਨਾ ਸਤਾਵੇ, ਗੁਰਾਂ ਦੇ ਉਪਦੇਸ਼ ਕਰਕੇ ਗੁਸੇ ਨੂੰ ਸਾੜ ਸੁਟੇ, ਅਕਾਸ਼ ਵਾਲੇ ਪਾਸੇ ਜਿਹੜਾ ਨਿਵਾਸ ਕਰਨਾ ਹੈ ਭਾਵ ਮਨ ਨੂੰ ਰੋਕਣਾ ਹੈ ਇਹੋ ਹੀ ਸਮਾਧੀ ਲਾਵੇ ਪਾਰਸ ਗੁਰੂ ਨੂੰ ਮਿਲਕੇ ਮੁਕਤੀ ਪਾਵੇ।

**ਸਚੁ ਮਨ ਕਾਰਣਿ ਤਤੁ ਬਿਲੋਵੈ ॥ ਸੁਭਰ ਸਰਵਰਿ ਮੈਲੁ ਨ ਧੋਵੈ॥ ਜੈ ਸਿਉ ਰਾਤਾ ਤੈਸੋ ਹੋਵੈ ॥ ਆਪੇਕਰਤਾ ਕਰੇ ਸੁ ਹੋਵੈ ॥ ੩ ॥**

ਸੱਚ ਦੇ ਲੱਭਣ ਲਈ ਮਨ ਵਿਚ ਸੱਚ ਝੂਠ ਦਾ ਨਿਚੋੜ ਕੱਢਕੇ ਵਿਚਾਰ ਕਰੇ ਭਾਵ ਮੱਖਣ ਨੂੰ ਰਿੜਕ ਕੇ ਕੱਢੇ ਭਾਵ ਝੂਠ ਤੋਂ ਸੱਚ ਨਿਤਾਰੇ, ਜਿਹੜਾ ਤਾਲ ਗੁਣਾਂ ਨਾਲ ਭਰਿਆ ਹੋਇਆ ਹੈ ਉਸ ਵਿਚ ਰਾਗ ਦ੍ਵੈਖ ਮੈਲ ਨੂੰ ਧੋ ਸੁਟੇ। ਮੈਲੁਨ=ਮੈਲ ਨੂੰ ਜਾਂ ਮੈਲ ਕਿਉਂ ਨਹੀਂ ਧੋਂਦਾ ਭਾਵ ਧੋਵੇ। ਫਿਰ ਜਿਸ ਪਰਮੇਸਰ ਵਿਚ ਰੱਤਾ ਹੈ ਓਸੇ ਤਰਾਂ ਦਾ ਹੋਜਾਂਦਾ ਹੈ, ਜੋ ਕਰਤਾ ਕਰਦਾ ਹੈ ਸੋ ਹੁੰਦਾ ਹੈ ਇੱਕੁਰ ਦਾ ਭਰੋਸਾ ਆ ਜਾਂਦਾ ਹੈ।

**ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ ॥ ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥ ੪ ॥**

ਗੁਰੂ ਬਰਫ ਵਰਗੇ ਸੀਤਲ ਹਨ ਸਿਖ ਮਿਲਕੇ ਅਪਣੀ ਅੱਗ ਬੁਝਾਵੇ, ਸੁੰਦਰ ਪ੍ਰੀਤੀ ਕਰਕੇ ਗੁਰਾਂ ਦੀ ਸੇਵਾ ਕਰੇ ਇਹ ਸੁਆਹ ਮਲੇ ਜਾਂ ਸ਼ਰਨੀ ਲਾਕੇ ਸੇਵਾ ਕਰੇ ਸਾਰਿਆਂ ਦਰਸ਼ਨਾਂ ਨਾਲੋਂ ਏਹੋ ਹੀ ਭੇਖ ਚੰਗਾ ਹੈ ਸੋ ਆਪ ਸ਼ਾਂਤੀ ਦੇ ਘਰ ਵਿੱਚ ਆ ਜਾਵੇ ਭਾਵ ਕਿਸੇ ਦਾ ਗੁੱਸੇ ਨ ਕਰੇ ਸਾਫ ਬਾਣੀ ਭਾਵ ਮਿੱਠੀ ਬਾਣੀ ਬੋਲੇ ਇਹ ਨਰਸਿੰਗਾ ਵਜਾਵੇ।

Digitized by Panjab Digital Library | www.panjabdigilib.org

**ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥ ਅੰਤਰਿ ਪੂਜਾ ਥਾਨੁ ਮੁਰਾਰਾ॥ਜੋਤੀਜੋਤਿ ਮਿਲਾਵਣਹਾਰਾ ॥ ੫ ॥**

ਜਿਸਦੇ ਅੰਦਰ ਗਿਆਨ ਹੈ ਉਸੇ ਨੇ ਹੀ ਇਹ ਵੱਡਾ ਅਨੰਦ ਸਾਰਾ= ਸੰਭਾਲਿਆ ਹੈ ਜਿਸ ਨੇ ਗੁਰਾਂ ਦੁਆਰੇ ਆਤਮਾ ਦਾ ਵਿਚਾਰ ਕੀਤਾ ਹੈ ਉਸਨੇ ਸਾਰਿਆਂ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ ਜਿਸ ਨੇ ਅਪਣੇ ਅੰਤਸ਼ਕਰਣ ਅੰਦਰ ਹੰਕਾਰ ਨੂੰ ਨਾਸ ਕਰਨ ਵਾਲੇ ਹਰੀ ਦਾ ਥਾਂ ਜਾਣਿਆਂ ਹੈ ਉਸਨੇ ਸਾਰੀ ਪੂਜਾ ਕਰ ਲਈ ਹੈ ਉਸੇ ਦੀ ਜੋਤ ਨੂੰ ਹਰੀ ਅਪਣੀ ਜੋਤ ਨਾਲ ਮਿਲਾਉਣ ਵਾਲਾ ਹੋਇਆ ਹੈ ।

**ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥ ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥ ੬ ॥**

ਜੇਹੜਾ ਨਾਮ ਰਸ ਵਿੱਚ ਰਸਿਆ ਹੈ ਉਸ ਦੀ ਅਕਲ ਵਿੱਚ ਵੀ ਇੱਕ ਪ੍ਰੇਮ ਹੈ ਓਹ ਅਸਲੀ ਸਰੂਪ ਤਖਤ ਦਾ ਨਿਵਾਸੀ ਹੋਇਆ ਹੈ ਉਸਦੇ ਪੰਜ ਕਾਮ ਆਦਕ ਨਾਸ ਹੋ ਗਏ ਹਨ ਫਿਰ ਉਸਨੇ ਜੇਹੜੀ ਕਾਰ ਕੀਤੀ ਹੈ ਮਾਲਕ ਦੀ ਆਗਿਆ ਵਿਚ ਕੀਤੀ ਹੈ ਆਗਿਆ ਮੰਨਿਆਂ ਬਿਨਾ ਓਹ ਜੋ ਨਹੀਂ ਗਤੀ ਤੇ ਲਖਿਆ ਜਾਣ ਵਾਲਾ ਮਾਲਕ ਨਹੀਂ ਲਖਿਆ ਜਾਂਦਾ ਹੈ ।

**ਜਲ ਮਹਿ ਉਪਜੈ ਜਲ ਤੇ ਦੂਰਿ ॥ ਜਲ ਮਹਿ ਜੋਤਿ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥ ਨਿਧਿ ਗੁਣ ਗਾਵਾ ਦੇਖਿ ਹਦੂਰਿ ॥ ੭ ॥**

ਜਿਸਨੇਆਗਿਆ ਮੰਨੀਹੈ ਜਿਸਤਰਾਂ ਕੌਲ ਪਾਣੀ ਤੋਂ ਪ੍ਰਗਟ ਹੋਕੇ ਪਾਣੀ ਤੋਂ ਵੱਖਰਾ ਰਹਿੰਦਾ ਹੈ ਇੱਕਰ ਹੀ ਗੁਰਮੁਖ ਸਮਝੋ ਜਿੱਕੁਰ ਕੌਲ ਅਪਣੀ ਜੋਤ ਕਰਕੇ ਪਾਣੀ ਵਿੱਚ ਚਮਕਦਾ ਹੈ ਇਕੁਰ ਹੀ ਗੁਰਮੁਖ ਸੰਸਾਰ ਵਿਹਾਰ ਕਰਦਾ ਦੁਖ ਭੋਗਦਾ ਹੀ ਖੁਸ਼ੀ ਰਹਿੰਦਾ ਭਜਨ ਕਰਦਾ ਹੈ ਤੇ ਸੋਭਾ ਪਾਂਦਾ ਹੈ ।

ਸੰਤ ਕੌਲ ਨੂੰ ਸੰਸਾਰ ਪਾਣੀ ਤੋਂ ਕਿਸਤਰਾਂ ਨੇੜੇ ਆਖੀਏ ਤੇ ਕਿਸਤਰਾਂ ਦੂਰ ਆਖੀਏ ਭਾਵ ਓਹ ਪਾਣੀ ਦੇ ਨੇੜੇ ਵੀ ਤੇ ਦੂਰ ਵੀ ਹੈ ਪਰ ਸਦਾ ਅਨੰਦ ਹੈ ਮੈਂ ਤਾਂ ਪ੍ਰਮੇਸਰ ਨੂੰ ਪਾਸ ਜਾਣਕੇ ਗੁਣ ਗਾਂਦਾ ਹਾਂ ਭਾਵ ਓਹ ਸੰਤ ਪ੍ਰਮੇਸਰ ਨੂੰ ਨੇੜੇ ਜਾਣਕੇ ਗੁਣ ਗਾਂਦੇ ਹਨ ।

Digitized by Panjab Digital Library | www.panjabdigilib.org

ਅੰਤਰਿ ਬਾਹਰਿ ਅਵਰੁ ਨ ਕੋਇ ॥ ਜੋ ਤਿਸੁ ਭਾਵੈ ਸੋ ਫੁਨਿ ਹੋਇ॥ ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ॥ ਨਿਰਮਲ ਨਾਮੁ ਮੇਰਾ ਆਧਾਰੁ ॥ ੮ ॥ ੧ ॥

ਬਿਨਾਂ ਪਰਮੇਸਰ ਤੋਂ ਅੰਦਰ ਬਾਹਰ ਦੂਸਰਾ ਕੋਈ ਨਹੀਂ ਹੈ,ਜੋ ਉਸਨੂੰ ਭਾਂਦਾ ਹੈ ਫਿਰ ਓਹ ਹੀ ਹੁੰਦਾ ਹੈ। ਗੁਰੂ ਜੀ=ਹੇ ਭਰਥਰੀ! ਮੇਰਾ ਇਹ ਵਿਚਾਰ ਹੈ ਤੂੰ ਕੰਨ ਲਾਕੇ ਸੁਣ, ਜਿਹੜਾ ਪਰਮੇਸਰ ਦਾ ਸਾਫ ਨਾਮ ਹੈ ਉਹੋ ਹੀ ਮੇਰਾ ਆਸਰਾ ਹੈ।

ਆਸਾ ਮਹਲਾ ੧ ॥

ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ॥ ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ ॥ ੧ ॥

ਮਨਮੁਖ ਸਾਰੇ ਤਰਾਂ ਦੇ ਜਪ ਸਾਰੇ ਤਰਾਂ ਦੇ ਤਪ ਸਾਰੇ ਤਰਾਂ ਦੀਆਂ ਚਤਰਾਈਆਂ ਕਰਦੇ ਹਨ ਪਰ ਸਾਰੇ ਸੰਸਾਰ ਰੂਪ ਉਜਾੜ ਵਿਚ ਭੌਂਦੇ ਫਿਰਦੇ ਹਨ ਗਿਆਨ ਰਸਤੇ ਨੂੰ ਨਹੀਂ ਪਾਂਦੇ ਹਨ ਬਿਨਾਂ ਸਮਝਿਆਂ ਕੋਈ ਥਾਂ ਨਹੀਂ ਪਾਂਦਾ ਹੈ ਜਿਹੜਾ ਨਾਮ ਤੋਂ ਬਿਨਾਂ ਕੰਮ ਕਰਦਾ ਹੈ ਉਸਦੇ ਸਿਰ ਉਤੇ ਲਾਨਤਾਂ ਰੂਪ ਸੁਆਹ ਪੈਂਦੀ ਹੈ।

ਸਾਚ ਧਣੀ ਜਗੁ ਆਇ ਬਿਨਾਸਾ ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥ ੧ ॥ ਰਹਾਉ ॥

ਸਾਰਾ ਜਗਤ ਸੱਚੇ ਮਾਲਕ ਸ਼ਾਹੂਕਾਰ ਤੋਂ ਆਕੇ ਬੇਮੁਖ ਹੋਗਿਆ ਹੈ ਇਸ ਕਰਕੇ ਨਾਸ ਹੋਂਦਾ ਦੁਖ ਪਾਂਦਾ ਹੈ ਜਦੋਂ ਗੁਰਮੁਖ ਹੋਕੇ ਦਾਸਾ ਭਾਵ ਧਾਰਦਾ ਹੈ ਤੇ ਛੁਟਦਾ ਹੈ ਭਾਵ ਬੰਧਨਾਂ ਤੋਂ ਨਿਕਲਦਾ ਹੈ।

ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥ ੨ ॥

ਜਗਤ ਬਹੁਤ ਮੋਹ ਤੇ ਆਸਾ ਕਰਕੇ ਬੱਧਾ ਹੋਇਆ ਹੈ, ਇਕ ਗੁਰ-ਸਿਖਯਾ ਵਾਲੇ ਗੁਰਮੁਖ ਉਦਾਸ ਹੋ ਗਏ ਹਨ ਭਾਵ ਬੁਰਿਆਂ ਕੰਮਾਂ ਤੋਂ ਜਿਨਾਂ ਦੇ ਦਿਲ ਅੰਦਰ ਨਾਮ ਵੱਸਜਾ ਹੈ ਓਨਾਂ ਦਾ ਦਿਲ ਕੌਲ ਖਿੜਿਆ ਹੈ ਓਨਾਂ ਨੂੰ ਫਿਰ ਜਮ ਦੀ ਤ੍ਰਾਸਾ ਭਾਵ ਡਰ ਨਹੀਂ ਹੈ।

Digitized by Panjab Digital Library | www.panjabdigilib.org

**ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ ॥ ਬਿਰਥਾ ਜਨਮੁ ਗਵਾਇਆ ਬਾਜੀ ਹਾਰੀ॥ਸਤਿਗੁਰੁ ਸੇਵੇ ਕਰਣੀ ਸਾਰੀ ॥੩॥**

ਸਾਰਾ ਸੰਸਾਰ ਇਸਤ੍ਰੀਆਂ ਨੇ ਜਿੱਤਿਆ ਹੋਯਾ ਹੈ ਇਸਤਰੀਆਂ ਵਿਚ ਬੜਾ ਹਿਤ ਕਰਨ ਵਾਲਾ ਹੈ ਪੁਤ੍ਰ ਇਸਤਰੀ ਵਿਚ ਲੱਗ ਕੇ ਨਾਮ ਦੀ ਪ੍ਰੀਤੀ ਭੁਲਾ ਬੈਠਾ ਹੈ ।

ਮਨਮੁਖਾਂ ਨੇ ਜਨਮ ਨੂੰ ਬਿਅਰਥ ਗਵਾਯਾ ਹੈ ਇਹ ਬਾਜੀ ਹਾਰ ਦਿਤੀ ਹੈ । ਜਿਹੜੇ ਸਤਿਗੁਰਾਂ ਦੀ ਸੇਵਾ ਕਰਦੇ ਹਨ ਓਨਾਂ ਦੀ ਕਰਣੀ ਚੰਗੀ ਹੈ ।

**ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥**

ਬਾਹਰੋਂ ਓਹ ਮੈਂ ਮੇਰਾ ਇਕੁਰ ਕਹਿੰਦੇ ਕਹਾਂਦੇ ਹਨ ਪਰ ਅੰਦਰੋਂ ਕਮਲ ਵਰਗੇ ਸੰਸਾਰ ਪਦਾਰਥਾਂ ਤੋਂ ਛੁਟਕਾਰੇ ਵਾਲੇ ਹਨ ਉਨਾਂ ਨੂੰ ਕਦੀ ਕੋਈ ਲੇਪ ਨਹੀਂ ਲੱਗਦਾ ਹੈ । ਉਨਾਂ ਨੇ ਮਾਇਆ ਦਾ ਪਿਆਰ ਗੁਰ ਸ਼ਬਦ ਕਰਕੇ ਸਾੜ ਦਿੱਤਾ ਹੈ, ਨਿਰਮਲ ਨਾਮ ਨੂੰ ਦਿਲ ਅੰਦਰ ਸਦਾ ਧਿਆਂਦੇ ਹਨ ।

**ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥ ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥ ੫ ॥**

ਜੇਹੜੇ ਇੰਦਰੇ ਵਿਸ਼ਿਆਂ ਵੱਲ ਦੌੜਦੇ ਹਨ ਓਨਾਂ ਨੂੰ ਰੋਕ ਰੱਖਦੇ ਹਨ, ਇਕੁਰ ਦੇ ਗੁਰਸਿੱਖਾਂ ਦੀ ਸੰਗਤ ਵਿਚ ਉੱਤਮ ਸਰਮ ਹੀ ਮਿਲਾਂਦੇ ਹਨ । ਜਿਹੜਾ ਗੁਰਾਂ ਤੋਂ ਬੇਮੁਖ ਹੈ ਓਹ ਪਰਮੇਸਰ ਤੋਂ ਭੁਲਾ ਹੋਇਆ ਜੰਮਦਾ ਮਰਦਾ ਹੈ, ਜਦੋਂ ਗੁਰੂ ਜੀ ਅਪਣੀ ਕਿਰਪਾ ਦ੍ਰਿਸ਼ਟੀ ਕਰਦੇ ਹਨ ਤਾਂ ਉਸਨੂੰ ਅਪਣੇ ਸਿਖਾਂ ਦੇ ਸੰਜੋਗ=ਮਿਲਾਪ ਭਾਵ ਸਤਸੰਗ ਵਿਚ ਮਿਲਾ ਲੈਂਦੇ ਹਨ ।

**ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਰੇ ਸਾਚੇ ਨਾਈ ॥ ੬ ॥**

Digitized by Panjab Digital Library | www.panjabdigilib.org

ਜੇਕਰ ਪਰਮੇਸਰ ਦਾ ਦੂਰੋਂ-ਸੁੰਦਰ ਸਰੂਪ ਆਖਾਂ ਤਾਂ ਆਖਿਆ ਨਹੀਂ ਜਾਂਦਾ ਹੈ ਕਥਾ ਕਰਕੇ ਕਥਿਆ ਨਹੀਂ ਜਾਂਦਾ ਹੈ ਉਸਦੀ ਕੀਮਤ ਵੀ ਨਹੀਂ ਪਾਈ ਜਾਂਦੀ ਹੈ ਓਹ ਪੱਕ ਜਾਂਣ ਜਿਹੜੇ ਤੇਰੇ ਦੁਖ ਸੁਖ ਹਨ ਇਹ ਸਭ ਉਸੇ ਦੀ ਆਗਜਾ ਵਿਚ ਹਨ। ਅਸਾਂ ਤਾਂ ਸੱਚੇ ਨਾਮ ਨੂੰ ਜਪਕੇ ਸਾਰੇ ਦੁਖ ਦੂਰ ਕਰ ਦਿਤੇ ਹਨ।

**ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ਨਦਰਿ ਕਰੇ ਰਾਖੈ ਰਖਵਾਲਾ ॥ ੭ ॥**

ਹੱਥਾਂ ਬਿਨਾਂ ਵਾਜਾ ਵਜਾਏ ਭਾਵ ਬਾਹਰਦਿਆਂ ਹੱਥਾਂ ਨੂੰ ਛੱਡਕੇ ਦਿਲ ਰੂਪ ਹੱਥਾਂ ਨਾਲ ਪ੍ਰਮੇਸਰ ਦੀ ਪੂਜਾ ਰੂਪ ਦਾ ਜਸ ਰੂਪ ਵਾਜਾ ਵਜਾਵੇ ਸਕਾਮ ਕਰਮ ਰੂਪ ਪੈਰਾਂ ਤੋਂ ਬਿਨਾ ਜੋ ਕਰਮ ਕਰਕੇ ਫਲ ਨ ਮੰਗਿਆ ਜਾਵੇ ਇੱਕੁਰ ਦੇ ਪੈਰਾਂ ਨਾਲ ਸੁਧ ਖਿਆਲ ਰੂਪ ਤਾਲ ਪੂਰੇ ਭਾਵ ਸੁਰਤਾਲ ਦਾ ਧਿਆਨ ਰੱਖੇ ਜਾਂ ਛੈਣੇ ਵਜਾਵੇ ਜੇ ਇੱਕੁਰ ਗੁਰ ਸ਼ਬਦ ਨੂੰ ਸਮਝੇ ਤੇ ਤਾਂ ਸੱਚੇ ਪ੍ਰਮੇਸਰ ਨੂੰ ਅੰਦਰ ਹੀ ਵੇਖ ਲੈਂਦਾ ਹੈ, ਜਿਸਦੇ ਅੰਦਰ ਸੱਚ ਹੈ ਉਸਦੇ ਨਾਲ ਸਾਰੇ ਸੁਖ ਹਨ ਜਿਸਦੇ ਉਤੇ ਰੱਖਿਆ ਕਰਨ ਵਾਲਾ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਸਨੂੰ ਸਾਰਿਆ ਦੁਖਾਂ ਤੋਂ ਰੱਖ ਲੈਂਦਾ ਹੈ।

**ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥ ਸਬਦੁ ਵੀਚਾਰੇ ਏਕ ਲਿਵਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥ ੮ ॥ ੨ ॥**

ਜੇਕਰ ਇਹ ਆਦਮੀ ਹੰਕਾਰ ਨੂੰ ਦੂਰ ਕਰ ਦੇਵੇ ਤੇ ਤਾਂ ਤਿੰਨਲੋਕਾਂਵਿਚ ਇਸਨੂੰ ਪ੍ਰਮੇਸਰ ਨਜ਼ਰ ਆਉਂਣ ਲਗ ਪੈਂਦਾ ਹੈ ਜੇਕਰ ਗੁਰਾਂ ਦੀ ਬਾਣੀ ਨੂੰ ਸਮਝ ਲਏ ਤੇ ਤਾਂ ਸੱਚੇ ਪ੍ਰਮੇਸਰ ਵਿਚ ਮਿਲ ਜਾਂਦਾ ਹੈ, ਜੇਹੜਾ ਪ੍ਰਮੇਸਰ ਨੂੰ ਵਿਚਾਰਦਾ ਹੈ ਤੇ ਇਕ ਤਾਰ ਬ੍ਰਿਤੀ ਜਾਂ ਪ੍ਰੀਤੀ ਲਾਂਦਾ ਹੈ ਗੁਰੂ ਜੀ=ਇੱਕੁਰ ਦੇ ਗੁਰਮੁਖ ਦਾ ਸਵਾਰਨ ਵਾਲਾ ਗੁਰੂ ਧੰਨ ਹੈ ॥

## ਆਸਾ ਮਹਲਾ ੧ ॥

**ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨੁ ਮਾਨਿਐ ਸਚੁ ਸੁਰਤਿ ਵਖਾਨੁ ॥ ਕਥਨੀ ਬਦਨੀ ਪੜਿ ਪੜਿ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥ ੧ ॥**

Digitized by Panjab Digital Library | www.panjabdigilib.org

ਜੇਹੜਾ ਪ੍ਰਮੇਸਰ ਲੇਖੇ ਤੋਂ ਅਸੰਖ=ਬੇ ਗਿਣਤ ਹੈ ਉਸਦੇ ਗੁਣ ਕਲਮ ਨਾਲ ਲਿਖਣੇ ਕਰ ਅਤੇ ਮਾਨ=ਮੰਨ ਜਾਂ ਆਦਰ ਕਰ ਜਦੋਂ ਮਨ ਮੰਨ ਜਾਵੇ ਭਾਵ ਨਿਸਚਾ ਹੋ ਜਾਵੇ ਤਾਂ ਸੱਚੀ ਸੁਤੀ ਦਾ ਸਿਖਾਂ ਨੂੰ ਵਖਿਆਨ ਸੁਣਾਵੇ ਪ੍ਰਮੇਸਰ ਦੇ ਜਸ ਬਿਨਾ ਹੋਰ ਕਥਾ ਕਵਿਤਾ ਦਾ ਪੜ੍ਹਨਾ ਓਹ ਸਿਰ ਉਤੇ ਭਾਰ ਹੁੰਦਾ ਹੈ ਭਾਵ ਬਿਅਰਥ ਹੈ ਕਿਉਂਕਿ ਓਹ ਬੇਗਿਣਤ ਪਰਮੇਸਰ ਲੇਖੇ ਤੋਂ ਅਲੇਖ ਹੈ ਤੇ ਵਡਾ ਹੈ।

**ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ ॥ ੧ ॥ ਰਹਾਉ ॥**

ਹੇ ਭਰਾ ਇੱਕੁਰ ਦਾ ਸੱਚਾ ਇੱਕ ਪ੍ਰਮੇਸਰ ਨੂੰ ਹੀ ਜਾਣ ਅਤੇ ਜੰਮਣਾ ਮਰਨਾ ਉਸਦੇ ਹੁਕਮ ਵਿਚ ਪਛਾਣ।

**ਮਾਇਆ ਮੋਹਿ ਜਗੁ ਬਾਧਾ ਜਮਕਾਲਿ ॥ ਬਾਂਧਾ ਛੂਟੈ ਨਾਮੁ ਸਮਾਲਿ ॥ ਗੁਰੁਸੁਖ ਦਾਤਾ ਅਵਰੁ ਨ ਭਾਲਿ ॥ ਹਲਤਿ ਪਲਤਿ ਨਿਬਹੀ ਤੁਧੁ ਨਾਲਿ॥ ੨ ॥**

ਮਾਇਆ ਦੇ ਮੋਹ ਕਰਕੇ ਸੰਸਾਰ ਜਮ ਕਾਲ ਨੇ ਬੰਨਿਆਂ ਹੋਇਆ ਹੈ ਜਦੋਂ ਨਾਮ ਨੂੰ ਯਾਦ ਕਰਦਾ ਹੈ ਤਾਂ ਬੰਧਨਾਂ ਤੋਂ ਛੁਟਦਾ ਹੈ। ਗੁਰੂ ਹੀ ਸੁਖ ਦਾਤਾ ਹੈ ਹੋਰ ਨੂੰ ਤੂੰ ਨ ਲੱਭ ਗੁਰੂ ਲੋਕ ਪ੍ਰਲੋਕ ਵਿਚ ਤੇਰੇ ਨਾਲ ਨਿਭੇਗਾ ਭਾਵ ਸਹੈਤਾ ਕਰੇਗਾ।

**ਸਬਦਿ ਮਰੈ ਤਾਂ ਏਕ ਲਿਵਲਾਏ ॥ ਅਚਰੁ ਚਰੈ ਤਾਂ ਭਰਮੁ ਚੁਕਾਏ ॥ ਜੀਵਨ ਮੁਕਤੁ ਮਨਿ ਨਾਮੁ ਵਸਾਏ ॥ ਗੁਰਮੁਖਿ ਹੋਇ ਤ ਸਚਿ ਸਮਾਏ ॥ ੩ ॥**

ਜੇਹੜਾ ਗੁਰਉਪਦੇਸ਼ ਨਾਲ ਜੀਵਤ ਭਾਵ ਤੋਂ ਮਰਦਾ ਹੈ ਓਹ ਇਕ ਪ੍ਰਮੇਸਰ ਵਿਚ ਬ੍ਰਿਤੀ ਲਗਾਂਦਾ ਹੈ ਨਾਖਾਧਿਆਂ ਜਾਣ ਵਾਲਿਆਂ ਵਿਕਾਰਾਂ ਨੂੰ ਖਾ ਲਵੇ ਤਾਂ ਭਰਮ ਦੂਰ ਹੋ ਜਾਂਦਾ ਹੈ, ਜਦੋਂ ਮਨ ਵਿਚ ਨਾਮ ਵਸਾਂਦਾ ਹੈ ਤਾਂ ਜੀਵਨ ਮੁਕਤ ਹੁੰਦਾ ਹੈ ਜੋ ਇੱਕੁਰ ਦਾ ਗੁਰਮੁਖ ਹੋ ਜਾਵੇ ਤਾਂ ਸੱਚੇ ਪ੍ਰਮੇਸਰ ਨਾਲ ਮਿਲ ਜਾਂਦਾ ਹੈ।

**ਜਿਨਿ ਧਰ ਸਾਜੀ ਗਗਨੁ ਅਕਾਸੁ ॥ ਜਿਨਿ ਸਭ ਥਾਪੀ ਥਾਪਿ ਉਥਾਪਿ ॥ ਸਰਬ ਨਿਰੰਤਰਿ ਆਪੇ ਆਪਿ॥**

Digitized by Panjab Digital Library | www.panjabdigilib.org

**ਕਿਸੈ ਨ ਪੂਛੇ ਬਖਸੇ ਆਪਿ ॥ ੪ ॥**

ਜਿਸ ਅਕਾਸ ਵਤ ਫੈਲੇ ਹੋਇ ਪਰਮੇਸਰ ਨੇ ਅਕਾਸ਼ ਬਣਾਇਆ ਹੈ ਅਤੇ ਫਿਰ ਧਰਤੀ ਸਾਜੀ=ਬਣਾਈ ਹੈ ਇੱਕੁਰ ਦੇ ਤੱਤਾਂ ਨਾਲ ਦੁਨੀਆਂ ਥਾਪੀ=ਪਾਲਣਾ ਕਰਦਾ ਹੈ ਓਹੋ ਹੀ ਸਾਰਿਆਂ ਨੂੰ ਉਥਾਪਿ=ਨਾਸ ਕਰਦਾ ਹੈ ਓਹ ਸਾਰਿਆਂ ਦੇ ਵਿਚ ਭੇਦ ਤੋਂ ਰਹਤ ਆਪੇ ਹੀ ਆਪ ਮਿਲਿਆ ਹੋਇਆ ਹੈ ਜਿਸਦੇ ਉਤੇ ਬਖਸ਼ਸ਼ ਕਰਨ ਲਗਦਾ ਹੈ ਕਿਸੇ ਤੋਂ ਪੁਛਦਾ ਨਹੀਂ ਹੈ ਆਪ ਹੀ ਦੇ ਦੇਂਦਾ ਹੈ।

**ਤੂ ਪੁਰੁ ਸਾਗਰੁ ਮਾਣਕੁ ਹੀਰੁ ॥ ਤੂ ਨਿਰਮਲੁ ਸਚੁ ਗੁਣੀ ਗਹੀਰੁ ॥ ਸੁਖੁ ਮਾਨੈ ਭੇਟੈ ਗੁਰਪੀਰੁ ॥ ਏਕੋ ਸਾਹਿਬੁ ਏਕੁ ਵਜੀਰੁ ॥ ੫ ॥**

ਤੂੰ ਇੱਕੁਰ ਜਾਣ ਕਿ ਓਹ ਗੁਣਾਂ ਦਾ ਪੂਰਨ ਭਰਿਆ ਹੋਇਆ ਸਮੁੰਦਰ ਹੈ ਅਤੇ ਮਾਲਕ ਹੀਰਾ ਵੀ ਓਹੋ ਹੀ ਹੈ ਫਿਰ ਤੂੰ ਇੱਕੁਰ ਜਾਣਕੇ ਸਾਫ ਸੱਚਾ ਗੁਣਾਂ ਦਾ ਖਜ਼ਾਨਾ ਵੀ ਓਹੋ ਹੀ ਹੈ (ਤੂੰ=ਪਰਮੇਸਰ ਨੂੰ ਸੰਬੋਧਨ ਬੇਨਤੀ ਦੁਆਰਾ ਅਰਥ ਕਰਨਾ ਹੈ ਜਾਂ ਹੇ ਜੀਵ ਤੂੰ ਇਸਤਰਾਂ ਜਾਣ ਇੱਕੁਰ ਅਰਥ ਕਰਨਾ ਹੈ)।

ਜਦੋਂ ਗੁਰੂ ਪੀਰ=ਬ੍ਰਿਧ ਮਿਲਦੇ ਹਨ ਤੇ ਤਾਂ ਹੀ ਜੀਵ ਸੁਖ ਮੰਨਦਾ ਹੈ ਓਹੋ ਹੀ ਇਕ ਮਾਲਕ ਹੈ ਅਤੇ ਸਤਿਗੁਰੂ ਹੀ ਇਕ ਉਸਦਾ ਵਜੀਰ ਹੈ।

**ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥ ੬ ॥**

ਇਕੁਰ ਜਾਣਿਆਂ ਬਿਨਾਂ ਜਗਤ ਕੈਦਖਾਨੇ ਵਿੱਚ ਪਿਆ ਹੋਇਆ ਹੈ ਮੁਕਤੀ ਓਹ ਹੈ ਜਿਸਨੇ ਹੰਗਤਾ ਮਾਰੀ ਹੈ ਜਗਤ ਵਿੱਚ ਕਥਨੀਆਂ ਕਰਨ ਵਾਲੇ ਤਾਂ ਗਿਆਨੀ ਬਹੁਤ ਹਨ ਪਰ ਅਚਾਰੀ=ਧਾਰਨ ਵਾਲਾ ਉੱਤਮ ਕਰਮ ਕਰਨ ਵਾਲਾ ਕੋਈ ਵਿਰਲਾ ਹੀ ਹੈ ਇੱਕੁਰ ਹੀ ਜਗਤ ਵਿੱਚ ਪੰਡਤ ਤਾਂ ਬਹੁਤ ਹਨ ਪਰ ਵਿਚਾਰ ਵਾਲਾ ਕੋਈ ਵਿਰਲਾ ਹੀ ਹੈ ਸਿੱਟਾ ਸਤਿਗੁਰਾਂ ਦੇ ਮਿਲਿਆਂ ਬਿਨਾ ਸਾਰੇ ਹੀ ਹੰਕਾਰ ਵਿੱਚ ਪਏ ਫਿਰਦੇ ਹਨ।

**ਜਗੁ ਦੁਖੀਆ ਸੁਖੀਆ ਜਨੁ ਕੋਇ ॥ ਜਗੁ ਰੋਗੀ ਭੋਗੀ ਗੁਣ ਰੋਇ ॥ ਜਗੁ ਉਪਜੈ ਬਿਨਸੈ ਪਤਿ ਖੋਇ ।**

Digitized by Panjab Digital Library | www.panjabdigilib.org

ਗੁਰਮੁਖਿ ਹੋਵੈ ਬੂਝੈ ਸੋਇ ॥ ੭ ॥

ਸਾਰਾ ਹੀ ਜਗਤ ਦੁਖੀਆ ਹੈ ਸੁਖੀਆ ਕੋਈ ਵਿਰਲਾ ਹੀ ਹੈ ਭੋਗਾਂ ਦ ਦੁੱਖਾਂ ਨੂੰ ਰੋਂਦਾ ਹੋਇਆ ਜਗਤ ਰੋਗੀ ਹੋਇਆ ਹੈ ਹਾਇ ਓਹ ਫਲਾਣਾ ਭੋਗ ਮੈਨੂੰ ਨਹੀਂ ਮਿਲਿਆ ਹੈ ਗੁਣ=ਭੋਗੀ ਜਗਤ ਅਪਣੀ ਇੱਜ਼ਤ ਨਾਸ ਕਰਕੇ ਜੰਮਦਾ ਮਰਦਾ ਰਹਿੰਦਾ ਹੈ ਜੇਹੜਾ ਗੁਰਮੁਖ ਹੁੰਦਾ ਹੈ ਓਹ ਇਸ ਗੱਲ ਨੂੰ ਸਮਝ ਜਾਂਦਾ ਹੈ ।

ਮਹਘੋ ਮੋਲਿ ਭਾਰਿ ਅਫਾਰੁ ॥ ਅਟਲ ਅਛਲੁ ਗੁਰ· ਮਤੀ ਧਾਰੁ ॥ ਭਾਇ ਮਿਲੈ ਭਾਵੈ ਭਇਕਾਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥ ੮ ॥ ੩ ॥

ਉਸਦਾ ਮੁਲ ਮਹਿੰਘਾ ਭਾਵ ਮਿਲਨਾ ਔਖਾ ਹੈ ਉਸਦਾ ਭਾਰ ਚੁਕਣਾ ਵੀ ਅਫਾਰ=ਨ ਸਹਾਰਿਆ ਜਾਣ ਵਾਲਾ ਹੈ ਭਾਵ ਔਖਾ ਹੈ ਜਿਸਨੇ ਗੁਰਮਤੀ ਨੂੰ ਧਾਰਨ ਕੀਤਾ ਹੈ ਓਹੋ ਹੀ ਅਟੱਲ ਅਛਲ ਪਦਵੀ ਨੂੰ ਪੁੱਜ ਗਿਆ ਹੈ ਪ੍ਰੇਮ ਕਰਕੇ ਓਹ ਪਰਮੇਸਰਨੂੰ ਮਿਲੇ ਹਨ ਜਿਨਾਂਨੂੰ ਡਰ ਵਾਲੀ ਕਾਰ ਭਾਂਦੀ ਹੈ ਗੁਰੂ ਜੀ=ਇੱਕੂਰ ਜਿਨਾਂ ਦਾ ਮਨ ਨੀਵਾਂ ਹੁੰਦਾ ਹੈ ਉਹਨਾਂ ਗੁਰਮੁਖਾਂ ਦਾ ਵਿਚਾਰ ਮੈਂ ਦੱਸਿਆ ਹੈ ।

## ਆਸਾ ਮਹਲਾ ੧ ॥

ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥ ਸਮਝਿ ਸੂਝਿ ਸਹਜ ਘਰਿ ਹੋਵਹਿ ॥ ਬਿਨੁ ਬੂਝੇ ਸਗਲੀ ਪਤਿ ਖੋਵਹਿ ॥ ੧ ॥

ਇਕ ਆਦਮੀ ਦੇ ਮਰਨ ਨਾਲ ਉਸਦੇ ਪੰਜ ਮਾਂ, ਪਿਓ, ਭਰਾ, ਇਸਤ੍ਰੀ, ਪੁੱਤ ਰੋਂਦੇ ਹਨ ਜਿਸ ਦੀ ਗੁਰਉਪਦੇਸ਼ ਨਾਲ ਹੰਕਾਰ ਵਾਲੀ ਮੈਲ ਧੋਤੀ ਜਾਂਦੀ ਹੈ ਉਸ ਨੂੰ ਕੋਈ ਨਹੀਂ ਰੋਂਦਾ ਹੈ, ਓਹ ਸਮਝ ਸੋਚ ਕੇ ਤੇ ਸੂਝ=ਦੇਖਕੇ ਸ਼ਾਂਤੀ ਦੇ ਘਰ ਵਿਚ ਪ੍ਰਾਪਤ ਹੁੰਦੇ ਹਨ ਜੇਹੜੇ ਗੁਰਉਪਦੇਸ਼ ਨੂੰ ਸਮਝਦੇ ਨਹੀਂ ਹਨ ਓਹ ਆਦਮੀ ਰੋ ਰੋ ਕੇ ਅਪਣੀ ਇੱਜ਼ਤ ਖੋਂਹਦੇ ਹਨ ।

ਕਉਣੁ ਮਰੈ ਕਉਣੁ ਰੋਵੈ ਓਹੀ ॥ ਕਰਣ ਕਾਰਣ ਸਭਸੈ ਸਿਰਿ ਤੋਹੀ ॥ ੧ ॥ ਰਹਾਉ ॥

ਭਗਤਾਂ ਦਾ ਇਹ ਖਿਆਲ ਹੈ ਕਿ ਕੌਣ ਮਰਦਾ ਹੈ ਤੇ ਕੌਣ ਓਹ ਔਹ ਕਰਕੇ ਰੋਂਦਾ ਹੈ ਮੈਂ ਤੋਹੀ=ਤੈਨੂੰ ਆਖਦਾ ਹਾਂ ਕਿ ਓਹ ਕਰਨ ਕਾਰਨ ਪਮੇਸਰ

Digitized by Panjab Digital Library | www.panjabdigilib.org

ਸਾਰਿਆਂ ਦੇ ਸਿਰ ਉਤੇ ਹੈ।

**ਮੂਏ ਕਉ ਰੋਵੈ ਦੁਖੁ ਕੋਇ ॥ ਸੋ ਰੋਵੈ ਜਿਸੁ ਬੇਦਨ ਹੋਇ ॥ ਜਿਸੁ ਬੀਤੀ ਜਾਣੈ ਪ੍ਰਭ ਸੋਇ ॥ ਆਪੇ ਕਰਤਾ ਕਰੈ ਸੁ ਹੋਇ ॥ ੨ ॥**

ਮੋਇ ਹੋਇ ਆਦਮੀ ਦੇ ਦੁੱਖ ਨੂੰ ਕੌਣ ਰੋਂਦਾ ਹੈ ਭਾਵ ਕੋਈ ਨਹੀਂ,ਸਾਰੇ ਅਪਣੇ ੨ ਸੁਖ ਨੂੰ ਰੋਂਦੇ ਹਨ। ਅਸਲ ਵਿਚ ਰੋਂਦਾ ਓਹ ਹੈ ਜਿਸ ਨੂੰ ਬੇਦਨ= ਪੀੜਾ ਹੁੰਦੀ ਹੈ ਭਾਵ ਦੁਨੀਆਂਦਾਰਾਂ ਦਾ ਰੋਣਾ ਝੂਠਾ ਹੈ ਜਿਸਦੇ ਸਿਰ ਉਤੇ ਬੀਤੀ ਹੈ ਓਹ ਆਦਮੀ ਜਾਂ ਪ੍ਰਮਾਤਮਾਂ ਇਸ ਰੋਣ ਦੇ ਦੁਖ ਨੂੰ ਜਾਣਦਾ ਹੈ ਜੋ ਪ੍ਰਮੇਸਰ ਆਪ ਕਰਦਾ ਹੈ ਓਹੋ ਹੀ ਹੁੰਦਾ ਹੈ।

**ਜੀਵਤ ਮਰਣਾ ਤਾਰੇ ਤਰਣਾ ॥ ਜੈ ਜਗਦੀਸ ਪਰਮ ਗਤਿ ਸਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥ ਗੁਰੁ ਬੋਹਿਥੁ ਸਬਦਿ ਭੈ ਤਰਣਾ ॥ ੩ ॥**

ਜਿਨਾਂ ਦਾ ਜੀਵਤ ਭਾਵ ਤੋਂ ਮਰਣਾ ਹੋਇਆ ਹੈ ਉਹਨਾਂ ਦਾ ਸੰਸਾਰ ਸਮੁੰਦ੍ਰ ਤੋਂ ਤਰਨਾ ਹੋਇਆ ਹੈ ਫਿਰ ਓਹੋ ਹੀ ਹੋਰਨਾਂ ਨੂੰ ਤਾਰਨ ਲਈ ਸਮਰੱਥ ਹੋਇਆ ਹੈ ਉਹ ਜਗਤ ਦੇ ਮਾਲਕ ਦੀ ਸਦਾ ਹੀ ਜੀਤ ਹੈ ਜਿਨਾਂ ਨੇ ਉਸਦਾ ਆਸਰਾ ਲਿਆ ਹੈ ਓਨਾਂ ਨੂੰ ਪਰਮ ਗਤੀ ਮਿਲੀ ਹੈ।

ਮੈਂ ਸਤਿਗੁਰਾਂ ਦੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ ਸਤਿਗੁਰਾਂ ਦੇ ਉਪਦੇਸ਼ ਰੂਪ ਜਹਾਜ ਕਰਕੇ ਡਰ ਵਾਲੇ ਸੰਸਾਰ ਸਮੁੰਦਰ ਤੋਂ ਤਰਣਾ ਹੁੰਦਾ ਹੈ।

**ਨਿਰਭਉ ਆਪਿ ਨਿਰੰਤਰਿ ਜੋਤਿ ॥ ਬਿਨੁ ਨਾਵੈ ਸੂਤਕੁ ਜਗਿ ਛੋਤਿ ॥ ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥ ਜਨਮਿ ਮੂਏ ਬਿਨੁ ਭਗਤਿ ਸਰੋਤਿ ॥ ੪ ॥**

ਜਿਸਦੀ ਜੋਤਿ=ਤਾਕਤ ਸਾਰਿਆਂ ਵਿਚ ਲਗਾਤਾਰ ਹੈ ਓਹ ਨਿੱਡਰ ਹੈ ਪਰਮੇਸਰ ਦੇ ਨਾਮ ਤੋਂ ਬਿਨਾਂ ਜਗਤ ਦੇ ਛੋਭ=ਛੁਹਣ ਵਿਚ ਜਾਂ ਛੂਤ ਸਾਰਿਆਂ ਨੂੰ ਸੂਤਕ=ਅਪਵਿੱਤ੍ਰ ਕਰਦੀ ਹੈ ਜਿਹੜੇ ਖੋਟੀ ਅਕਲ ਵਾਲੇ ਨਾਸ ਹੁੰਦੇ ਹਨ ਓਨਾਂ ਦੀ ਸੋਭਾ ਨੂੰ ਕੀ ਆਖਕੇ ਰੋਂਦੇ ਹੋ ਜਿਨਾਂ ਨੇ ਕੰਨਾਂ ਨਾਲ ਭਗਤੀ ਨਹੀਂ ਸੁਣੀ ਹੈ ਓਹ ਤਾਂ ਜੰਮਦੇ ਮਰਦੇ ਹਨ ਜਿਨਾਂ ਭਗਤੀ ਸੁਣੀ ਹੈ ਓਹ ਜੰਮਣ ਮਰਣ ਤੋਂ ਬਿਨਾਂ ਹੋਇ ਹਨ।

**ਮੂਏ ਕਉ ਸਚੁ ਰੋਵਹਿ ਮੀਤ ॥ ਤ੍ਰੈ ਗੁਣ ਰੋਵਹਿ**

ਨੀਤਾਨੀਤ ॥ ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥ ਤਨੁ ਮਨੁ ਸਉਪਉ ਕ੍ਰਿਸਨ ਪਰੀਤ ॥ ੫ ॥

ਮੋਇ ਹੋਇ ਨੂੰ ਸੱਚੀਂ ਮੁਚੀਂ ਮਿੱਤ੍ਰ ਰੋਂਦੇ ਹਨ ਤੇ ਤਿੰਨਾਂ ਗੁਣਾਂ ਵਾਲੇ ਆਦਮੀ ਤਾਂ ਰੋਜ ਹੀ ਰੋਂਦੇ ਹਨ ਭਾਵ ਦੁਖੀ ਰਹਿੰਦੇ ਹਨ । ਦੁਖ ਸੁਖ ਨੂੰ ਛੱਡ ਕੇ ਪਰਮੇਸਰ ਵਿਚ ਚਿਤ ਲਾਓ ਤਨ ਮਨ ਪਰਮੇਸਰ ਦੀ ਪ੍ਰੀਤੀ ਵਿਚ ਸੌਂਪ ਦਿਓ ਭਾਵ ਲਾ ਦਿਓ ।

ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥ ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥ ੬ ॥

ਇੱਕ ਅਸੰਖ=ਅਨਗਿਣਤ ਪ੍ਰਮੇਸਰ ਅਨੇਕਾਂ ਜੀਆਂ ਦੇ ਅੰਦਰ ਹੈ ਹੋਰ ਕਰਮ ਧਰਮ ਜੀਆਂ ਦੇ ਗਿਣਤੀ ਤੋਂ ਅਨਗਿਣਤ ਹਨ ਪਰ ਬਿਨਾਂ ਵਾਹਿਗੁਰੂ ਦੇ ਡਰ ਤੇ ਭਗਤੀ ਦੇ ਬਿਨਾਂ ਜਨਮ ਬਿਰਥ=ਬਿਅਰਥਾ ਹੈ, ਜਿਹੜੇ ਹਰੀ ਦੇ ਗੁਣ ਗਾਂਦੇ ਹਨ ਓਹ ਪਰਮ ਅਰਥ ਪਰਮੇਸਰ ਵਿਚ ਮਿਲ ਰਹਿੰਦੇ ਹਨ ।

ਆਪਿ ਮਰੈ ਮਾਰੇ ਭੀ ਆਪਿ॥ ਅਪਿਉ ਪਾਏ ਥਾਪਿ ਉਥਾਪਿ ॥ ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥ ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਂਤਿ ॥ ੭ ॥

ਭਗਤਾਂ ਦਾ ਖਿਆਲ ਇਹ ਹੈ ਕਿ ਮਰਦਾ ਵੀ ਆਪੇ ਹੈ ਤੇ ਮਾਰਦਾ ਵੀ ਆਪ ਹੀ ਹੈ, ਭਾਵ ਪਰਮੇਸਰ ਆਪੇ ਹੀ ਪੈਦਾਂ ਕਰਦਾ ਹੈ ਤੇ ਆਪੇ ਹੀ ਨਾਸ ਕਰਦਾ ਹੈ। ਤੂੰ ਇਕੁਰ ਜਾਣ ਕਿ ਸਾਰੀ ਦੁਨੀਆਂ ਜੋਤੀ ਪ੍ਰਮੇਸਰ ਨੇ ਪੈਦਾ ਕੀਤੀ ਹੈ ਅਤੇ ਜਾਤਾਂ ਦਾ ਫਰਕ ਵੀ ਓਸੇ ਨੇ ਹੀ ਬਣਾਯਾ ਹੈ ਜਾਂ ਜਾਤਿ ਦਾ ਅਰਥ ਮੈਂ ਇਹ ਗੱਲ ਜਾਤੀ ਭਾਵ ਜਾਣੀ ਹੈ ਤੂੰ ਵੀ ਜਾਣ ਲੈ । ਕਿਹੜੇ ਗੁਰ ਉਪਦੇਸ਼ ਦਾ ਵਿਚਾਰ ਕਰਦੇ ਹਨ ਓਨਾਂ ਦੇ ਮਿਲਨ ਵਿਚ ਭਗਤੀ ਭਾਵ ਭਰਮ ਨਹੀਂ ਹੈ ।

ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ ॥ ਨਾਨਕ ਸੂਤਕਿ ਜਨਮਿ ਮਰੀਜੈ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥ ੮ ॥ ੪ ॥

ਭਰਮ ਬਿਨਾਂ ਸਭ ਕੁਛ ਮੈਲਾ ਹੈ ਦੇਖੋ ਅੱਗ ਵਿਚ ਵੀ ਸੂਤਕ ਹੈ,ਜੋਹੜੇ

Digitized by Panjab Digital Library | www.panjabdigilib.org

ਭੁਖੈ=ਪ੍ਰਚੰਡ ਤਿੱਖੀ ਬਣਕੇ ਸਾਰੇ ਜਗਤ ਨੂੰ ਖਾ ਜਾਂਦੀ ਹੈ। ਜਲਾਂ ਥਲਾਂ ਸਾਰਿਆਂ ਹੀ ਥਾਵਾਂ ਵਿਚ ਸੂਤਕ ਹੈ।

ਗੁਰੂ ਜੀ=ਜੰਮਣਾ ਮਰਨਾ ਸਾਰਾ ਸੂਤਕ ਦੇ ਵਿਚ ਹੀ ਹੁੰਦਾ ਹੈ, ਜਦੋਂ ਗੁਰੂ ਦੀ ਕਿਰਪਾ ਨਾਲ ਹਰਿ ਰਸ ਨੂੰ ਪੀਂਦਾ ਹੈ ਤਾਂ ਸੂਤਕ ਤੋਂ ਬਚਦਾ ਹੈ।

## ਰਾਗੁ ਆਸਾ ਮਹਲਾ ੧ ॥

**ਆਪੁ ਵੀਚਾਰੈ ਸੁ ਪਰਖੈ ਹੀਰਾ ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥ ਗੁਰੁ ਮਾਨੈ ਮਨ ਤੇ ਮਨੁ ਧੀਰਾ॥੧ ॥**

ਜਿਹੜਾ ਅਪਣੇ ਆਪਨੂੰ ਵਿਚਾਰਦਾ ਹੈ ਕਿ ਮੈਂ ਕੀ ਹਾਂ ਓਹ ਸਿਖ ਹੀਰਾ ਪਰਖਣਾ ਸਮਝ ਲੈਂਦਾ ਹੈ ਭਾਵ ਪਰਮੇਸਰ ਨੂੰ ਜਾਣ ਜਾਂਦਾ ਹੈ ਉਸਨੂੰ ਪੂਰਾ ਗੁਰੂ ਇੱਕ ਨਜ਼ਰ ਦੇਕੇ ਤਾਰ ਲੈਂਦਾ ਹੈ। ਜਿਨਾਂ ਨੇ ਗੁਰੂ ਨੂੰ ਈਸ਼ਰ ਰੂਪ ਮੰਨਿਆਂ ਹੈ ਓਨਾਂ ਦਾ ਮਨ ਗੁਰਉਪਦੇਸ਼ ਨਾਲ ਧੀਰਜ ਵਾਲਾ ਹੋਇਆ ਹੈ।

**ਐਸਾ ਸਾਹੁ ਸਰਾਫੀ ਕਰੈ ॥ ਸਾਚੀ ਨਦਰਿ ਏਕ ਲਿਵ ਤਰੈ ॥ ੧ ॥ ਰਹਾਉ ॥**

ਇੱਕੁਰ ਦਾ ਆਦਮੀ ਸ਼ਾਹੂਕਾਰ ਹੋਕੇ ਸਰਾਫੀ ਕਰਦਾਹੈ ਭਾਵ ਗੁਰੂ ਹੋਕੇ ਸਿਖਾਂ ਨੂੰ ਪਰਖਦਾ ਹੈ ਅਤੇ ਉਸਦੀ ਨਜ਼ਰ ਸੱਚੀ ਹੋਈ ਹੈ ਭਾਵ ਸਾਰਿਆਂ ਨੂੰ ਪਰਮੇਸਰ ਰੂਪ ਜਾਣਦਾ ਹੈ ਇਕ ਨਾਲ ਪ੍ਰੀਤੀ ਹੋਣ ਕਰਕੇ ਉਸਦੇ ਸੰਗੀ ਸਾਥੀ ਸਾਰੇ ਹੀ ਤਰ ਜਾਂਦੇ ਹਨ।

**ਪੂੰਜੀ ਨਾਮੁ ਨਿਰੰਜਨ ਸਾਰੁ॥ ਨਿਰਮਲੁ ਸਾਚਿ ਰਤਾ ਪੈਕਾਰੁ ॥ ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥ ੨ ॥**

ਜਿਸਦੇ ਨਾਲ ਮਾਇਆ ਤੋਂ ਰਹਿਤ ਪ੍ਰਮੇਸਰ ਦੀ ਚੰਗੀ ਰਾਸ ਹੈ ਓਹ ਨਿਰਮਲ ਸੱਚ ਸਰੂਪ ਵਿਚ ਰੱਤਾ ਹੈ ਓਹੋ ਹੀ ਪੈਕਾਰ=ਸਿਆਣਾ ਹੈ, ਉਸਨੇ ਸੁਭਾਵਕ ਹੀ ਸਿਫਤੀ=ਪਰਮੇਸਰ ਕਰਤਾਰ ਨੂੰ ਗੁਰਾਂ ਦੀ ਕਿਰਪਾ ਨਾਲ ਅਪਣੇ ਰਿਦੇ ਵਿਚ ਜਾਣਿਆਂ ਹੈ।

**ਆਸਾ ਮਨਸਾ ਸਬਦਿ ਜਲਾਏ ॥ ਰਾਮ ਨਰਾਇਣੁ ਕਹੈ ਕਹਾਏ॥ ਗੁਰ ਤੇ ਵਾਟ ਮਹਲੁ ਘਰੁ ਪਾਏ ॥ ੩ ॥**

ਗੁਰ ਸ਼ਬਦ ਕਰਕੇ ਆਸਾ ਮਨਸਾ ਨੂੰ ਸਾੜਿਆ ਹੈ, ਪਰਮੇਸਰ ਦਾ ਨਾਮ ਮੂੰਹੋਂ ਕਹਿੰਦਾ ਕਹਾਂਦਾ ਹੈ, ਓਹ ਆਦਮੀ ਗੁਰਾਂ ਤੋਂ ਮਹਲ ਦਾ ਰਸਤਾ ਦਿਲ ਦੇ ਅੰਦਰ ਹੀ ਪਾ ਲੈਂਦਾ ਹੈ ਭਾਵ ਪਰਮੇਸਰ ਨੂੰ ਲੱਭ ਲੈਂਦਾ ਹੈ।

Digitized by Panjab Digital Library | www.panjabdigilib.org

**ਕੰਚਨ ਕਾਇਆ ਜੋਤਿ ਅਨੂਪੁ ॥ ਤ੍ਰਿਭਵਣ ਦੇਵਾ ਸਗਲ ਸਰੂਪੁ ॥ ਮੈ ਸੋਧਨੁ ਪਲੈ ਸਾਚੁ ਅਖੂਟੁ ॥ ੪ ॥**

ਉਸਦੀ ਦੇਹੀ ਸੋਨੇ ਵਰਗੀ ਹੈ ਕਿਉਂਕਿ ਉਸਨੇ ਸੁੰਦਰ ਜੋਤੀ=ਪ੍ਰਮੇਸਰ, ਨੂੰ ਜਾਣਿਆਂ ਹੈ ਓਹ ਤਿੰਨ ਲੋਕਾਂ ਦਾ ਪ੍ਰਕਾਸ਼ਕ ਹੈ ਤੇ ਸਾਰੇ ਰੂਪ ਆਪ ਹੀ ਹੈ ਅਤੇ ਮੇਰੇ ਪੱਲੇ ਵਿਚਵੀ ਉਹੋ ਹੀ ਜੋਤੀਰੂਪ ਨਾਂ ਮੁੱਕਣ ਵਾਲਾ ਧਨ ਹੈ।

**ਪੰਚ ਤੀਨਿ ਨਵ ਚਾਰਿ ਸਮਾਵੈ॥ ਧਰਣਿ ਗਗਨੁ ਕਲਿ ਧਾਰਿ ਰਹਾਵੈ ॥ ਬਾਹਰਿ ਜਾਤਉ ਉਲਟਿ ਪਰਾਵੈ ॥੫॥**

ਪੰਜ ਕਾਮ ਆਦਕ ਤਿੰਨ ਗੁਣ ਨੌ ਗੋਲਕਾਂ ਚਾਰ ਰਾਗ ਦ੍ਵੈਖ, ਹਰਖ ਸੋਗ,ਇਹਨਾਂ ਸਾਰਿਆਂ ਨੂੰ ਸਮਾਵੈ=ਨਾਸ ਕਰੇ ਜਾਂ ਪੰਜ ਤੱਤ,ਤਿੰਨ ਲੋਕ, ਨੌ ਖੰਡ ਚਾਰ ਦਿਸ਼ਾਂ ਪਰਮੇਸਰ ਨੂੰ ਹਰ ਥਾਂ ਸਮਾਇਆ ਸਮਝੇ। ਧਰਤੀ ਅਕਾਸ ਜੇਹੜਾ ਅਪਣੀ ਕੁਲਾ=ਸ਼ਕਤੀ ਨਾਲ ਧਾਰਨ ਕਰ ਰਿਹਾ ਹੈ, ਭਾਵ ਟਿਕਾ ਰਖਯਾ ਸੋ ਜਿਹੜਾ ਮਨ ਬਾਹਰ ਜਾਂਦਾ ਹੈ ਓਸਨੂੰ ਰੋਕਕੇ ਤੇ ਉਲਟਾ ਕੇ ਉਸ ਪਰਮੇ-ਸਰ ਵਿਚ ਪਰਾਵੈ=ਪੁਚਾਵੇ ਭਾਵ ਜੋੜੇ।

**ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥**

ਜੇਹੜਾ ਮੂਰਖ ਹੁੰਦਾ ਹੈ ਉਸਨੂੰ ਗੁਰਾਂ ਦੀ ਆਖੀ ਹੋਈ ਸਿਖਯਾ ਨਹੀਂ ਸੁਝਦੀ ਹੈ ਨ ਤਾਂ ਉਸਦੀ ਰਸਨਾਂ ਨੂੰ ਨਾਮ ਰਸ ਹੀ ਹੈ ਜੋ ਨ ਗੁਰਾਂ ਦਾ ਆਖਯਾ ਹੋਇਆ ਸਮਝਦਾ ਹੀ ਹੈ ਵਿਸ਼ਿਆਂ ਵਿਚ ਮੱਤਾ ਹੋਯਾ ਸੰਸਾਰ ਵਿਚ ਖਪਦਾ ਝਗੜਦਾ ਮਰਦਾ ਹੈ।

**ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵ-ਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥**

ਜਿਹੜੇ ਉਤਮਾਂ ਦੀ ਸੰਗਤ ਕਰਦੇ ਹਨ ਓਹ ਉੱਤਮ ਹੋ ਜਾਂਦੇ ਹਨ, ਓਹ ਗੁਣਾਂ ਨੂੰ ਲੈਣ ਵਾਸਤੇ ਦੌੜਦੇ ਹਨ ਔਗਣਾਂ ਦੀ ਮੈਲ ਨੂੰ ਧੋਂਦੇ ਹਨ ਪਰ ਗੁਰ ਸੇਵਾ ਬਿਨਾਂ ਗਿਆਨ ਨਹੀਂ ਹੁੰਦਾ।

**ਹੀਰਾ ਨਾਮੁ ਜਵੇਹਰ ਲਾਲੁ॥ ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥ ੮ ॥ ੫ ॥**

ਰਤਨ ਰੂਪ ਜੇਹੜਾ ਅਮੋਲਕ ਨਾਮ ਹੈ ਓਹ ਜਵੇਹਰ = ਪ੍ਰਗਟ ਦਰਸ਼ਨ ਲਾਲ=ਪਰੇਮ ਮਨ=ਮਣੀਆਂ ਕਰਣਾ ਮੁਦਤਾ ਮੈਤ੍ਰੀ ਉਪੇਖਯਾ ਮੋਤੀ

Digitized by Panjab Digital Library | www.panjabdigilib.org

ਵੈਰਾਗ ਉਸ ਆਦਮੀ ਦੀ ਇਹ ਮਾਲਾ ਹੈ। ਗੁਰੂ ਜੀ=ਜੇਹੜਾ ਗਿਆਨ ਨਜ਼ਰ ਨਾਲ ਸਾਰਿਆਂ ਨੂੰ ਪਰਮੇਸਰ ਰੂਪ ਵੇਖਦਾ ਹੈ ਓਹ ਹੀ ਨਿਹਾਲ ਭਾਵ ਦੁਖ ਤੋਂ ਰਹਿਤ ਹੋਂਦਾ ਹੈ।

## ਆਸਾ ਮਹਲਾ ੧ ॥

**ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥ ੧ ॥**

ਗੁਰਮੁਖਾਂ ਦਾ ਮਨ ਗਿਆਨ ਧਿਆਨ ਕਰਕੇ ਵਾਹਿਗੁਰੂ ਵਿਚ ਮੰਨਿਆਂ ਹੋਇਆ ਹੈ ਗੁਰਮੁਖਾਂ ਨੇ ਮਹਲੀ=ਪ੍ਰਮੇਸਰ ਦੇ ਮਹਲ ਨੂੰ ਪਛਾਣਿਆਂ ਹੈ ਗੁਰਮੁਖ ਸਮਝ ਕੇ ਪਰਮੇਸਰ ਨੂੰ ਪ੍ਰਗਟ ਵੇਖਦੇ ਹਨ।

**ਐਸੇ ਪ੍ਰੇਮ ਭਗਤਿ ਵੀਚਾਰੀ ॥ ਗੁਰਮੁਖਿ ਸਾਚਾਨਾਮੁ ਮੁਰਾਰੀ ॥ ੧ ॥ ਰਹਾਉ ॥**

ਜਿਨਾਂ ਗੁਰਮੁਖਾਂ ਨੇ ਹੰਕਾਰ ਨੂੰ ਨਾਸ ਕਰਨ ਵਾਲੇ ਪਰਮੇਸਰ ਦਾ ਸੱਚਾ ਨਾਮ ਜਪਿਆ ਹੈ ਇਕੁਰ ਹੀ ਪਰੇਮਾਭਗਤੀ ਕਰਨ ਵਾਲੇ ਵਿਚਾਰਵਾਨ ਵਿਰਲੇ ਹੀ ਹਨ।

**ਅਹਿਨਿਸਿ ਨਿਰਮਲੁ ਥਾਨਿ ਸੁਥਾਨੁ॥ ਤੀਨਭਵਨ ਨਿਹਕੇਵਲ ਗਿਆਨੁ॥ ਸਾਚੇ ਗੁਰਤੇ ਹੁਕਮੁ ਪਛਾਨੁ॥੨॥**

ਗੁਰਮੁਖਾਂ ਨੇ ਰਾਤ ਦਿਨ ਦੀ ਬਿਰਤੀ ਚੰਗੇ ਥਾਂ ਸਤਸੰਗਤ ਵਿਚ ਕੀਤੀ ਹੈਓਨਾਂਨੂੰ ਤਿੰਨ ਲੋਕਾਂ ਵਿਚ ਸੁਖ ਸਰੂਪ ਦਾ ਗਿਆਨਹੋਇਆਹੈ ਸੱਚਿਆਂ ਗੁਰਾਂ ਦੇ ਹੁਕਮ ਮੰਨਣ ਨਾਲ ਓਨਾਂ ਇਕੁਰ ਪਛਾਣਿਆਂ ਹੈ।

**ਸਾਚਾ ਹਰਖੁ ਨਾਹੀ ਤਿਸੁ ਸੋਗੁ॥ ਅੰਮ੍ਰਿਤੁ ਗਿਆਨੁ ਮਹਾਰਸੁ ਭੋਗੁ॥ ਪੰਚ ਸਮਾਈ ਸੁਖੀ ਸਭੁ ਲੋਗੁ॥ ੩ ॥**

ਉਹਨਾਂ ਗੁਰਮੁਖਾਂ ਨੂੰ ਸੱਚਾ ਅਨੰਦ ਰਹਿੰਦਾਹੈ ਸੋਗ ਕਦੇ ਵੀ ਨਹੀਂ ਹੁੰਦਾ ਹੈ ਗਿਆਨ ਕਰਕੇ ਹੀ ਅਨੰਦ ਰੂਪ ਵੱਡੇ ਅੰਮ੍ਰਿਤ ਰਸ ਨੂੰ ਭੋਗਦੇ ਹਨ ਉਹਨਾਂ ਦੇ ਪੰਜਾਂ ਕਾਮ ਆਦਕਾਂ ਵਿਕਾਰਾਂ ਦੀ ਸਮਾਈ ਭਾਵ ਨਸ਼ਟਤਾ ਹੋ ਗਈ ਹੈ ਇਸੇ ਲਈ ਓਹ ਸਾਰਿਆਂ ਲੋਕਾਂ ਵਿੱਚ ਸੁਖੀ ਦੇਖੀਦੇ ਹਨ।

**ਸਗਲੀ ਜੋਤਿ ਤੇਰਾ ਸਭੁ ਕੋਈ॥ ਆਪੇ ਜੋੜਿਵਿਛੋੜੇ**

Digitized by Panjab Digital Library | www.panjabdigilib.org

**ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥ ੪ ॥**

ਗੁਰਮੁਖਾਂ ਦੀ ਪ੍ਰਮਾਤਮਾ ਦੇ ਅੱਗੇ ਬੇਨਤੀ ਹੈ ਹੇ ਮਾਲਕਾ ਤੇਰੀ ਜੋਤ ਸਾਰਿਆਂ ਦੇ ਵਿੱਚ ਹੈ ਤੇ ਹਰ ਕੋਈ ਤੇਰਾ ਹੀ ਦਾਸ ਹੈ ਸੋ ਤੂੰ ਆਪ ਹੀ ਜੋੜਦਾ ਹੈਂ ਤੇ ਆਪ ਹੀ ਵਿਛੋੜਦਾ ਹੈਂ ਭਾਵ ਮੇਲਦਾ ਤੋੜਦਾ ਹੈਂ ਹੇ ਕਰਤਾ ਜੋ ਤੂੰ ਕਰਦਾ ਹੈਂ ਸੋ ਹੁੰਦਾ ਹੈ ।

**ਢਾਹਿ ਉਸਾਰੇ ਹੁਕਮਿ ਸਮਾਵੈ॥ ਹੁਕਮੋ ਵਰਤੈ ਜੋ ਤਿਸੁ ਭਾਵੈ ॥ ਗੁਰ ਬਿਨੁ ਪੂਰਾ ਕੋਇ ਨ ਪਾਵੈ ॥ ੫ ॥**

ਅਪਣੀ ਆਗਿਆ ਨਾਲ ਜਗਤ ਨੂੰ ਢਾਂਹਦਾ ਹੈਂ ਫਿਰ ਆਪ ਹੀ ਉਸਾਰਦਾ=ਬਣਾਂਦਾ ਹੈਂ ਆਪ ਹੀ ਜੀਵ ਹੋਕੇ ਸਾਰਿਆਂ ਵਿੱਚ ਸਮਾਂਦਾ ਹੈਂ ਜੋ ਤੈਨੂੰ ਭਾਂਦਾ ਹੈ ਸੋ ਓਹੋ ਹੀ ਹੁਕਮ ਵਰਤਦਾ ਹੈ ਗੁਰਾਂ ਬਿਨਾ ਪੂਰਾ ਪਦ ਕੋਈ ਨਹੀਂ ਪਾਂਦਾ ਹੈ ।

**ਬਾਲਕ ਬਿਰਧਿ ਨ ਸੁਰਤਿ ਪਰਾਨਿ॥ਭਰਿ ਜੋਬਨਿ ਬੂਡੈ ਅਭਿਮਾਨਿ॥ਬਿਨੁ ਨਾਵੈ ਕਿਆ ਲਹਸਿ ਨਿਦਾਨਿ ॥੬॥**

ਮਨਮੁਖ ਕੀ ਹਨ, ਮਨਮੁਖ ਨ ਬਾਲਕ ਉਮਰ ਵਿੱਚ ਗਿਅਤ ਪਰਾਇਣ ਹੁੰਦੇ ਹਨ ਨ ਬ੍ਰਿਧ ਉਮਰ ਵਿੱਚ ਨ ਜੁਆਨ ਅਵਸਥਾ ਵਿੱਚ, ਹੰਕਾਰ ਦੇ ਭਰੇ ਹੋਇ ਸੰਸਾਰ ਵਿੱਚ ਡੁੱਬਦੇ ਹਨ ਨਾਮ ਜਪਿਆਂ ਬਿਨਾ ਅੰਤ ਨੂੰ ਕੀ ਪਾਣਗੇ ਭਾਵ ਖਾਲੀ ਜਾਣਗੇ ।

**ਜਿਸਕਾ ਅਨੁ ਧਨੁ ਸਹਜਿ ਨ ਜਾਨਾ ॥ ਭਰਮਿ ਭੁਲਾਨਾ ਫਿਰਿ ਪਛੁਤਾਨਾ॥ ਗਲਿ ਫਾਹੀ ਬਉਰਾ ਬਉਰਾਨਾ॥੭॥**

ਜਿਸ ਪ੍ਰਮੇਸਰ ਦਾ ਅੰਨ ਧਨ ਸਭ ਕੁਛ ਦਿੱਤਾ ਹੋਇਆ ਹੈ ਆਦਮੀ ਨੇ ਉਸਦੇ ਅਸਲੀ ਰੂਪ ਨੂੰ ਨਹੀਂ ਜਾਣਿਆਂ ਹੈ ਭਰਮ ਵਿੱਚ ਭੁੱਲਾ ਹੋਇਆ ਜਮ ਦੀ ਮਾਰ ਖਾਂਦਾ ਰਹਿੰਦਾ ਹੈ ਤੇ ਤਾਂ ਪਛਤਾਂਦਾ ਹੈ ਜਦੋਂ ਜਮ ਦੀ ਫਾਹੀ ਗਲ ਵਿੱਚ ਪੈਂਦੀ ਹੈ ਤੇ ਤਾਂ ਕਮਲਿਆਂ ਵਾਂਗ ਬਹੁਤ ਹੀ ਕਮਲਾ ਹੋ ਜਾਂਦਾ ਹੈ।

**ਬੂਡਤ ਜਗੁ ਦੇਖਿਆ ਤਉ ਡਰਿ ਭਾਗੇ ॥ ਸਤਿਗੁਰਿ ਰਾਖੇ ਸੇ ਵਡਭਾਗੇ ॥ ਨਾਨਕ ਗੁਰ ਕੀ ਚਰਣੀ ਲਾਗੇ ॥ ੮ ॥ ੬ ॥**

ਗੁਰਮੁਖਾਂ ਨੇ ਸੰਸਾਰ ਨੂੰ ਮਨਮੁਖਤਾਈ ਵਿੱਚ ਡੁਬਦਿਆਂ ਵੇਖਿਆ ਹੈ ਤਾਂ ਤਿਤੇ ਇਸ ਤੌਂਡਰਦੇ ਦੌੜ ਗਏ ਹਨ ਭਾਵ ਬਾਹਰ ਸਤਸੰਗ ਵੱਲ ਆ ਗਏ

Digitized by Panjab Digital Library | www.panjabdigilib.org

ਹਨ ਫਿਰ ਸਤਿਗੁਰਾਂ ਦੇ ਚਰਨਾਂ ਵਿੱਚ ਜਾ ਲੱਗੇ ਹਨ, ਗੁਰੂ ਜੀ=ਉਹਨਾਂ ਵੱਡਿਆਂ ਭਾਗਾਂ ਵਾਲਿਆਂ ਦੀ ਸਤਿਗੁਰਾਂ ਨੇ ਰੱਖਿਆ ਕੀਤੀ ਹੈ ।

## ਆਸਾ ਮਹਲਾ ੧ ॥

**ਗਾਵਹਿ ਗੀਤੇ ਚੀਤਿ ਅਨੀਤੇ॥ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥ ੧ ॥**

(ਹੇ ਜੋਗੀ) ਗੀਤ ਦਾ ਵੈਰਾਗ ਤੇ ਗਾਂਦਾ ਹੈ ਪਰ ਚਿਤ ਅਨੀਤੀ ਦੀਆਂ ਬਾਤਾਂ ਵਿੱਚ ਲਗਾ ਹੋਇਆ ਹੈ ਬਾਤਾਂ ਤਾਂ ਰਾਗ ਦ੍ਵੈਖ ਦੀਆਂ ਸੁਣਾਂਦਾ ਹੈ ਪਰ ਮੂੰਹੋਂ ਆਖਦਾ ਹੈ ਮੇਰੇ ਰਾਗ ਦ੍ਵੈਖ ਬੀਤੇ=ਚਲੇ ਗਏ ਹਨ ਨਾਮ ਜਪਿਆਂ ਬਿਨਾਂ ਮਨ ਝੂਠਾ ਤੇ ਅਨੀਤੀ ਵਿੱਚ ਲੱਗਾ ਹੋਇਆ ਹੈ ।

**ਕਹਾ ਚਲਹੁ ਮਨ ਰਹਹੁ ਘਰੇ॥ ਗੁਰਮੁਖਿਰਾਮਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥ ੧ ॥ ਰਹਾਉ ॥**

ਹੇ ਮਨ ਕਿੱਥੇ ਜਾਂਦਾ ਹੈਂ ਅਪਣੇ ਰਿਦੇ ਵਿੱਚ ਹੀ ਰਹੋ ਗੁਰਮੁਖ ਰਾਮ ਨਾਮ ਜਪਕੇ ਰੱਜਦੇ ਹਨ ਉਹਨਾਂ ਦੇ ਰਾਹੀਂ ਲੱਭਣ ਨਾਲ ਤੂੰ ਵੀ ਸ਼ਾਂਤੀ ਰੂਪ ਪ੍ਰਮੇਸਰ ਨੂੰ ਪਾ ਲਏਂਗਾ ।

**ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ॥ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥ ੨॥**

ਕਾਮ,ਕਰੋਧ,ਮੋਹ, ਲਬ,ਲੋਭ,ਹੰਕਾਰ,ਇਹਸਾਰੇ ਵਿਕਾਰ ਮਨਤੇ ਸਰੀਰ ਵਿੱਚ ਚੰਬੜੇ ਹੋਇ ਹਨ ਸੋ ਇਸੇ ਕਰਕੇ ਆਦਮੀ ਦੇ ਜੀਵ ਨੂੰ ਪੀੜਾ ਹੋਂਦੀ ਹੈ ਰਾਮ ਨਾਮ ਬਿਨਾਂ ਮਨ ਨੂੰ ਧੀਰਜ ਕਿਸਤਰਾਂ ਆਵੇ ।

**ਅੰਤਰਿ ਨਾਵਣੁ ਸਾਚੁ ਪਛਾਣੈ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ॥੩॥**

ਜਿਹੜੇ ਸੱਚ ਨੂੰ ਪਛਾਣਦੇ ਹਨ ਓਹ ਦਿਲਦੇ ਅੰਦਰ ਹੀ ਤੀਰਥ ਵਿੱਚ ਇਸ਼ਨਾਨ ਕਰਦੇ ਹਨ ਇਸ ਅੰਤਰ=ਭੇਦ ਦੀ ਗਤੀ ਨੂੰ ਗੁਰਮੁਖ ਹੀ ਜਾਣਦੇ ਹਨ, ਸਚੇ ਉਪਦੇਸ਼ ਬਿਨਾਂ ਜੀਵ ਸਰੂਪ ਨੂੰ ਨਹੀਂ ਪਛਾਣਦਾ ਹੈ ।

**ਨਿਰੰਕਾਰ ਮਹਿ ਆਕਾਰੁ ਸਮਾਵੈ॥ਅਕਲ ਕਲਾਸਚੁ ਸਾਚਿ ਟਿਕਾਵੈ ॥ ਸੋਨਰੁ ਗਰਭ ਜੋਨਿ ਨਹੀ ਆਵੈ॥੪॥**

ਪਰਮੇਸਰ ਵਿਚ ਅਕਾਰ ਵਾਲੇ ਸਰੀਰ ਨੂੰ ਮਿਲਾ ਦੇਵੇ ਭਾਵ ਸਰੀਰ

Digitized by Panjab Digital Library | www.panjabdigilib.org

ਪਰਮੇਸਰ ਦਾ ਦਿਤਾ ਹੋਇਆ ਕਪੜਾ ਸਮਝੇ ਤੇ ਸੇਵਾ ਵਿਚ ਲਾਵੇ । ਇਕੁਰ ਪ੍ਰਮੇਸ਼ਰ ਦੇ ਨਾਲ਼ ਮਿਲ ਜਾਵੇ। ਜਿੱਕੁਰ ਰੱਸੀ ਵਿਚ ਸੱਪ ਕਲਾ=ਕਲਪਣਾ ਕਰਕੇ ਹੀ ਰਹਿੰਦਾ ਹੈ ਜਿਹੜਾ ਸੱਚਾ ਅਕਲ ਰੂਪ ਹੈ ਸੱਚੇ ਨਾਮ ਕਰਕੇ ਉਸ ਵਿਚ ਮਨ ਨੂੰ ਟਿਕਾਵੇ, ਜਿਹੜਾ ਇਕੁਰ ਕਰਦਾ ਹੈ ਓਹ ਆਦਮੀ ਗਰਭਜੂਨੀ ਵਿਚ ਨਹੀਂ ਆਉਂਦਾ ਹੈ ।

**ਜਹਾ ਨਾਮੁ ਮਿਲੈ ਤਹ ਜਾਉ ॥ ਗੁਰਪਰਸਾਦੀਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥ ੫ ॥**

ਜਿੱਥੇ ਨਾਮ ਮਿਲੇ ਓਥੇ ਜਾਓ ਭਾਵ ਸਤਸੰਗ ਕਰੋ ਗੁਰਾਂ ਦੀ ਕ੍ਰਿਪਾ ਨਾਲ ਚੰਗੇ ਕਰਮ ਕਮਾਓ,ਮਨ ਨਾਮ ਨਾਲ ਰੱਤਾਰਹੇ ਇਕੁਰ ਹਰੀਦੇਗੁਣਗਾਓ।

**ਗੁਰ ਸੇਵਾ ਤੇ ਆਪੁ ਪਛਾਤਾ॥ਅੰਮ੍ਰਿਤ ਨਾਮੁ ਵਸਿਆ ਸੁਖ ਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥ ੬ ॥**

ਜਿਨਾਂ ਨੇ ਗੁਰੂ ਦੀ ਸੇਵਾ ਕਰਕੇ ਅਪਣੇ ਆਪਨੂੰ ਪਛਾਣਿਆਂ ਹੈ ਜੇਹੜਾ ਅੰਮ੍ਰਿਤ ਨਾਮ ਸੁਖ ਦੇਣ ਵਾਲਾ ਹੈ ਓਸਨੂੰ ਮਨ ਵਿਚ ਵਸਾਯਾ ਹੈ ਓਹ ਰਾਤ ਦਿਨ ਨਾਮ ਬਾਣੀ ਵਿਚ ਹੀ ਰੱਤਾ ਹੋਇਆ ਹੈ ।

**ਮੇਰਾ ਪ੍ਰਭੁ ਲਾਏ ਤਾਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥ ੭ ॥**

ਜਿਸਨੂੰ ਮੇਰਾ ਮਾਲਕ ਨਾਮ ਵਿਚ ਲਾਂਦਾ ਹੈ ਓਹ ਲੱਗਦਾ ਹੈ ਜਦੋਂ ਹੰਕਾਰ ਨੂੰ ਮਾਰਦਾ ਹੈ ਤਾਂ ਗੁਰਉਪਦੇਸ਼ ਕਰਕੇ ਮੋਹ ਨੀਂਦ ਤੋਂ ਜਾਗਦਾ ਹੈ ਇੱਕੁਰ ਦਿਆਂ ਆਦਮੀਆਂ ਨੂੰ ਲੋਕ ਪਰਲੋਕ ਵਿਚ ਸਦਾ ਹੀ ਸਾਰਿਆਂ ਤੋਂ ਅਗੋਂ ਸੁਖ ਮਿਲਦੇ ਰਹਿੰਦੇ ਹਨ ।

**ਮਨੁ ਚੰਚਲੁ ਬਿਧਿ ਨਾਹੀ ਜਾਣੈ॥ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ॥ ੮ ॥**

ਮਨਮੁਖਾਂ ਦਾ ਮਨ ਚੰਚਲ਼ਹੈ ਇਸਲਈ ਚੰਗਿਆਂ ਕਰਮਾਂ ਦੇ ਕਰਨ ਦੀ ਰੀਤੀ ਨਹੀਂ ਜਾਣਦੇ ਹਨ, ਮਨਮੁਖ ਦਾ ਮਨ ਪ੍ਰਮੇਸਰ ਨੂੰ ਪਛਾਣਿਆਂ ਬਿਨਾਂ ਸਦਾ ਹੀ ਮੈਲਾ ਰਹਿੰਦਾ ਹੈ। ਗੁਰਮੁਖ ਨਿਰਮਲ਼ ਹਨ ਓਹ ਸਦਾ ਹੀ ਨਾਮ ਨੂੰ ਜਪਦੇ ਹਨ ।

**ਹਰਿ ਜੀਉ ਆਗੈ ਕਰੀ ਅਰਦਾਸਿ ॥ ਸਾਧੂ ਜਨ ਸੰਗਤਿ ਹੋਇ ਨਿਵਾਸੁ ॥ ਕਿਲਵਿਖ ਦੁਖ ਕਾਟੇ ਹਰਿ**

Digitized by Panjab Digital Library | www.panjabdigilib.org

ਨਾਮੁ ਪ੍ਰਗਾਸੁ ॥ ੯ ॥

ਗੁਰਮੁਖ ਪਰਮੇਸਰ ਦੇ ਅੱਗੇ ਬੇਨਤੀ ਕਰਦੇ ਹਨ ਹੇ ਮਾਲਕਾ ! ਸਾਧੂਆਂ ਦੀ ਸੰਗਤ ਵਿਚ ਸਾਡਾ ਨਿਵਾਸ ਹੋਵੇ, ਜਿਸ ਸਤਸੰਗਤ ਵਿਚ ਪਾਪ ਦੁਖ ਕੱਟੇ ਜਾਂਦੇ ਹਨ ਅਤੇ ਪ੍ਰਮੇਸਰ ਦੇ ਨਾਮ ਦਾ ਚਾਨਣਾ ਹੁੰਦਾ ਹੈ ।

ਕਰਿ ਬੀਚਾਰੁ ਆਚਾਰੁ ਪਰਾਤਾ ॥ ਸਤਿਗੁਰ ਬਚਨੀ ਏਕੋ ਜਾਤਾ॥ ਨਾਨਕ ਰਾਮ ਨਾਮਿ ਮਨੁ ਰਾਤਾ॥੧੦॥੭॥

ਜਿਹੜਾ ਵਿਚਾਰ ਕਰਕੇ ਸਾਧ ਸੰਗਤ ਦੇ ਚੰਗੇ ਕੰਮਾਂ ਵਿਚ ਪਿਆ ਹੈ ਸਤਿਗੁਰਾਂ ਦੇ ਬਚਨਾਂ ਕਰਕੇ ਸਾਰਿਆਂ ਵਿਚ ਇੱਕ ਪ੍ਰਮੇਸਰ ਨੂੰ ਹੀ ਜਾਣਦਾ ਹੈ ਗੁਰੂ ਜੀ=ਉਸ ਗੁਰਮੁਖ ਦਾ ਮਨ ਰਾਮ ਨਾਮ ਵਿਚ ਰੱਤਾ ਹੈ।

## ਆਸਾ ਮਹਲਾ ੧

ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥ ਇਤ ਉਤ ਜਾਹਿ ਕਾਲ ਕੇ ਚਾਪੇ॥ ਗੁਰ ਮੁਖਿ ਖੋਜਿ ਲਹੈ ਘਰੁ ਆਪੈ ॥ ੧ ॥

ਮਾਇਆ ਧਾਰੀ ਦਾ ਮਨ ਹਾਥੀ ਵਰਗਾ ਮੱਤਾ ਹੋਇਆ ਕਮਲਾ ਹੈ ਜਿਹੜਾ ਮਾਇਆ ਦਾ ਮੋਹ ਰੂਪ ਬੰਗਲ ਦਾ ਥਾਂ ਹੈ ਉਸ ਵਿਚ ਮਨ ਹਾਥੀ ਹੈਰਾਨ ਹੋਇਆ ਫਿਰਦਾ ਰਹਿੰਦਾ ਹੈ ਮਨਮੁਖ ਕਾਲ ਦੇ ਚਾਪੇ=ਦਬਾਏ ਹੋਇ ਐਧਰ ਓਧਰ ਜਾਂਦੇ ਹਨ ਭਾਵ ਜੰਮਦੇ ਮਰਦੇ ਤੇ ਗੁਰਮੁਖ ਆਪੇ ਹੀ ਲੱਭਕੇ ਅਪਣੇ ਪਰਮੇਸਰ ਨੂੰ ਪਾ ਲੈਂਦੇ ਹਨ !

ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥ ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥ ੧ ॥ ਰਹਾਉ ॥

ਗੁਰਉਪਦੇਸ਼ ਬਿਨਾ ਮਨ ਇੱਕ ਥਾਂ ਨਹੀਂ ਖੜੋਂਦਾ ਹੈ ਇਸ ਲਈ ਜੇਹੜਾ ਰਾਮ ਨਾਮ ਬਹੁਤ ਹੀ ਨਿਰਮਲ ਹੈ ਉਸ ਨੂੰ ਯਾਦ ਕਰੋ ਹੋਰ ਜੇਹੜਾ ਹੰਗਤਾ ਮਮਤਾ ਦਾ ਕੌੜਾ ਸੁਆਦ ਹੈ ਉਸ ਨੂੰ ਛੱਡੋ ਜਾਂ ਹੰਕਾਰ ਨਾਲ ਕੌੜਾ ਬੋਲ ਬੋਲਣਾ ਛੱਡੋ ।

ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥ ਆਪੇ ਬਖਸੇ ਸਤਿਗੁਰੁ ਮੇਲੈ ॥

Digitized by Panjab Digital Library | www.panjabdigilib.org

## ਕਾਲੁ ਕੰਟਕੁ ਮਾਰੇ ਸਚੁ ਪੇਲੈ ॥ ੨ ॥

ਹੇ ਭਰਾ ਦੱਸੋ ਤਾਂ ਸਹੀ ਇਹ ਮਨ ਮੂਰਖ ਦੁੱਖਾਂ ਤੋਂ ਕਿਸਤਰਾਂ ਬਚੇਗਾ ਸਮਝਿਆਂ ਬਿਨਾ ਜਮ ਦਾ ਦੁੱਖ ਜਰੂਰ ਹੀ ਸਹਾਰੇਗਾ ਜਿਸ ਨੂੰ ਸਤਿਗੁਰੂ ਬਖਸ਼ਕੇ ਆਪੇ ਹੀ ਮਿਲਾ ਲੈਂਦਾ ਹੈ ਓਹ ਸੱਚੀ ਮੱਚੀ ਪੇਲੈ=ਪ੍ਰੇਰਕੇ ਸਤਨਾਮ ਨੂੰ ਜਪਕੇ ਦੁਖਦਾਈ ਕਾਲ ਤੋਂ ਰਹਿਤ ਹੋ ਜਾਂਦਾ ਹੈ ਏਹੋ ਹੀ ਕਾਲ ਦਾ ਮਾਰਨਾ ਹੈ। ਕੰਟਕ=ਕੰਡਾ।

## ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚਤਤੁ ਤੇ ਜਨਮਾ ॥ ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥ ੩ ॥

ਕਰਮਾਂ ਵਾਲਿਆਂ ਵਿੱਚ ਇਹ ਮਨ ਮਿਲਕੇ ਕਰਮ ਕਰਨ ਵਾਲਾ ਹੋ ਜਾਂਦਾਂ ਹੈ ਫਿਰ ਧਰਮੀਆਂ ਵਿੱਚ ਧਰਮੀ ਹੋ ਬੈਠਦਾ ਹੈ ਅਸਲ ਵਿਚ ਇਹ ਮਨ ਅਕਾਸ ਆਦਕ ਪੰਜਾਂ ਤੱਤਾਂ ਤੋਂ ਜੰਮਿਆਂ ਹੈ, ਇਸ ਲਈ ਇਹਨਾਂ ਤੱਤ ਦੇ ਸੁਭਾਵ ਇਸ ਵਿੱਚ ਆ ਜਾਂਦੇ ਹਨ, ਮਾਇਆ ਧਾਰੀਆਂ ਲੋਭੀਆਂ ਦਾ ਇਹ ਮਨ ਮੂਰਖ ਹੈ ਜੇਹੜੇ ਗੁਰਮੁਖ ਨਾਮ ਜਪਦੇ ਹਨ ਉਹਨਾਂ ਦਾ ਮਨ ਰੂੜਾ=ਸੁੰਦਰ ਹੈ।

## ਗੁਰਮੁਖਿ ਮਨੁ ਅਸਥਾਨੇ ਸੋਈ ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ ॥ ਇਹੁ ਮਨੁ ਜੋਗੀ ਭੋਗੀ ਤਪੁਤਾਪੈ ॥ ਗੁਰਮੁਖਿ ਚੀਨੈ ਹਰਿ ਪ੍ਰਭੁ ਆਪੈ ॥ ੪ ॥

ਜੇਹੜੇ ਗੁਰਮੁਖ ਹਨ ਓਹ ਮਨ ਨੂੰ ਚੰਗੇ ਥਾਂ ਵਾਹਿਗੁਰੂ ਵਿੱਚ ਠਹਿਰਾਂਦੇ ਹਨ ਏਸੇ ਲਈ ਗੁਰਮੁਖਾਂ ਨੂੰ ਤਿੰਨਾਂ ਲੋਕਾਂ ਦੀ ਖਬਰ ਹੋਈ ਹੈ ਗੁਰਮੁਖਾਂ ਦਾ ਇਹ ਮਨ ਪ੍ਰਮੇਸਰ ਵਿੱਚ ਜੁੜਨ ਵਾਲਾ ਹੋਕੇ ਆਤਮ ਅਨੰਦ ਦਾ ਭੋਗੀ ਹੁੰਦਾ ਹੈ ਤੇ ਇਕਾਗਰਤਾ ਰੂਪ ਤਪ ਤਪਦਾ ਹੈ ਗੁਰਮੁਖਾਂ ਦਾ ਇਹ ਮਨ ਹਰੀ ਮਾਲਕ ਨੂੰ ਓਪਣਾ ਆਪ ਜਾਣਦਾ ਹੈ।

## ਮਨੁ ਬੈਰਾਗੀ ਹਉਮੈ ਤਿਆਗੀ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥ ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥ ੫ ॥

ਗੁਰਮੁਖਾਂ ਦਾ ਮਨ ਬੈਰਾਗੀ ਹੋਇਆ ਹੋਇਆ ਹੰਗਤਾ ਮਮਤਾ ਦਾ ਤਿਆਗੀ ਹੁੰਦਾਹੈ, ਵੈਰਾਗਦੇ ਬਿਨਾਂ ਦ੍ਵੈਤ ਭਾਵਨਾ ਤੇ ਵਾਸ਼ਨਾ ਸਾਰਿਆਂਦੇ ਦਿਲ

Digitized by Panjab Digital Library | www.panjabdigilib.org

ਅੰਦਰ ਲੱਗੀ ਹੋਈ ਹੈ, ਗੁਰਮੁਖ ਰਾਮ ਨਾਮ ਰਸਾਂ ਦਾ ਘਰ ਚੱਖਦੇ ਹਨ ਸਰੀਰ ਦੇ ਅੰਦਰ ਹੀ ਜੇਹੜਾ ਮਹਲੀ ਹਰੀ ਹੈ ਸੋ ਉਹਨਾਂ ਗੁਰਮੁਖਾਂ ਦੀ ਇੱਜ਼ਤ ਰੱਖਦਾ ਹੈ।

**ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥ ਮਾਰੇ ਪੰਚ ਅਪੁਨੈ ਵਸਿ ਕੀਏ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥ ੬ ॥**

ਇਹ ਮਨ ਰਾਜਾ ਹੋਕੇ ਜੰਗ ਵਾਲੇ ਥਾਂ ਵਿੱਚ ਸੂਰਮਾਂ ਬਣਦਾ ਹੈ ਇਹ ਮਨ ਗੁਰਮੁਖ ਹੋਕੇ ਨਾਮ ਜਪਕੇ ਨਿਰਭੈ ਹੁੰਦਾ ਹੈ, ਗੁਰਮੁਖਾਂ ਨੇ ਪੰਜ ਕਾਮ ਆਦਕ ਵਿਕਾਰ ਮਾਰਕੇ ਅਪਣੇ ਵੱਸ ਕਰ ਲਏ ਹਨ ਹੰਗਤਾ ਮਮਤਾ ਨੂੰ ਖਾਕੇ ਭਾਵ ਵੱਸ ਕਰਕੇ ਪੰਜ ਵਿਕਾਰ ਇਕ ਰਿਦੇ ਥਾਂ ਵਿੱਚ ਰੋਕ ਰੱਖੇ ਹਨ।

**ਗੁਰਮੁਖਿ ਰਾਗ ਸੁਆਦ ਅਨਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥ ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨਿ ਭਏ ਨਿਰੰਕਾਰੀ ॥੭॥**

ਪ੍ਰਮੇਸਰ ਦੇ ਜਸ ਤੋਂ ਖਾਲੀ ਜੇਹੜੇ ਹੋਰ ਰਾਗ ਸੁਆਦ ਹਨ ਓਹ ਸਾਰੇ ਹੀ ਗੁਰਮੁਖਾਂ ਨੇ ਤਿਆਗ ਦਿੱਤੇ ਹਨ ਗੁਰਮੁਖਾਂ ਦਾ ਇਹ ਮਨ ਭਗਤੀ ਕਰਕੇ ਮੋਹ ਨੀਂਦ ਤੋਂ ਜਾਗਿਆ ਹੈ ਜੇਹੜਾ ਪ੍ਰਮੇਸਰ ਲਗਾਤਾਰ ਇਕਰਸ ਰਹਿੰਦਾ ਹੈ ਉਸ ਨੂੰ ਗੁਰਾਂ ਤੋਂ ਸੁਣਕੇ ਮੰਨਿਆਂ ਹੈ ਅਤੇ ਉਸੇ ਹੀ ਸ਼ਬਦ=ਪ੍ਰਮੇਸਰ ਦੇ ਵਿਚਾਰਨ ਵਾਲੇ ਹੋਇ ਹਨ ਤੇ ਆਤਮਾਂ ਨੂੰ ਰਾਮ ਰੂਪ ਜਾਣਕੇ ਨਿਰੰਕਾਰ ਦਾ ਸਰੂਪ ਹੋ ਗਏ ਹਨ।

**ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥ ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥**

ਗੁਰਮੁਖਾਂ ਦਾ ਇਹ ਮਨ ਨਿਰਮਲ ਹੈ ਉਹਨਾਂ ਨੇ ਸਰੀਰ ਦੇ ਅੰਦਰ ਹੀ ਉਸ ਪ੍ਰਮੇਸਰ ਨੂੰ ਜਾਣਿਆਂ ਹੈ ਗੁਰਮੁਖਾਂ ਦੀ ਸੰਗਤ ਵਿੱਚ ਪ੍ਰੇਮ ਕਰਨ ਨਾਲ ਤੇ ਭਗਤੀ ਕਰਨ ਨਾਲ ਧੁਨਿ=ਬ੍ਰਿਤੀ ਪ੍ਰਮੇਸਰ ਰੂਪ ਹੋ ਜਾਂਦੀ ਹੈ।

**ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ॥ ਭਗਤਿ ਹੇਤੁ ਗੁਰ ਚਰਨ ਨਿਵਾ-**

Digitized by Panjab Digital Library | www.panjabdigilib.org

ਸਾ ॥ ਨਾਨਕ ਹਰਿ ਜਨਕੇ ਦਾਸਨਿ ਦਾਸਾ ॥ ੯ ॥ ੮ ॥

ਪ੍ਰਮੇਸਰ ਰੂਪ ਰਸਾਂ ਦੇ ਘਰ ਵਿਚ ਇਹ ਮਨ ਮੱਤਾ ਹੋਯਾ ਹੈ ਸਾਰਿਆਂ ਰਸਾਂ ਦਾ ਘਰ ਗੁਰਮੁਖਾਂ ਨੇ ਪਰਮੇਸਰ ਨੂੰ ਹੀ ਜਾਣਿਆਂ ਹੈ ਜਿਨਾਂ ਦਾ ਭਗਤੀ ਵਿਚ ਪਰੇਮ ਹੈ ਅਤੇ ਗੁਰਾਂ ਦੇ ਚਰਨਾਂ ਵਿਚ ਨਿਵਾਸ ਹੈ ਗੁਰੂ ਜੀ=ਅਸੀਂ ਇੱਕੁਰ ਦੇ ਗੁਰਮੁਖਾਂ ਦੇ ਦਾਸਾਂ ਦੇ ਦਾਸਾਂ ਦੇ ਦਾਸ ਹਾਂ।

## ਆਸਾ ਮਹਲਾ ੧

ਤਨੁ ਬਿਨਸੈ ਧਨੁ ਕਾਕੋ ਕਹੀਐ ॥ ਬਿਨੁ ਗੁਰ ਰਾਮ ਨਾਮੁ ਕਤ ਲਹੀਐ ॥ ਰਾਮ ਨਾਮ ਧਨੁ ਸੰਗਿ ਸਖਾਈ ॥ ਅਹਿਨਿਸਿ ਨਿਰਮਲੁ ਹਰਿ ਲਿਵਲਾਈ ॥ ੧ ॥

ਪਰਮੇਸਰ ਦੇ ਨਾਮ ਤੋਂ ਬਿਨਾਂ ਜਿਹੜਾ ਦੂਸਰਾ ਧਨ ਹੈ ਜਦੋਂ ਸਰੀਰ ਨਾਸ ਹੋ ਜਾਂਦਾ ਹੈ ਤਾਂ ਓਹ ਕਿਸਦਾ ਆਖਿਆ ਜਾਵੇ ਭਾਵ ਇਸ ਆਦਮੀ ਦਾ ਨਹੀਂ ਹੁੰਦਾਹੈ,ਪੁਤ੍ਰ ਇਸਤ੍ਰੀ ਆਦਕ ਸਰਬੰਧੀਆਂ ਦਾ ਹੁੰਦਾਹੈ ਅਤੇ ਜੇਹੜਾ ਪਰਮੇਸਰ ਦਾ ਨਾਮ ਧਨ ਸੱਚਾ ਹੈ ਓਹ ਗੁਰਾਂ ਤੋਂ ਬਿਨਾਂ ਕਿਤੇਂ ਲੱਭਦਾ ਨਹੀਂ ਹੈ ਭਾਵ ਕਿਥੋਂ ਲਈਏ?ਭਾਵ ਕਿਤੋਂ ਨਹੀਂ,ਜਿਸਨੇਰਾਤਦਿਨਸ਼ੁਧਪ੍ਰਮੇਸਰਵਿਚ ਪਰੀਤੀ ਲਾਈ ਹੈ ਰਾਮ ਨਾਮ ਧਨ ਪ੍ਰਲੋਕ ਵਿਚ ਉਸਦੇਨਾਲ ਸਹਾਈਹੁੰਦਾਹੈ।

ਰਾਮ ਨਾਮ ਬਿਨੁ ਕਵਨੁ ਹਮਾਰਾ ॥ ਸੁਖ ਦੁਖ ਸਮ-ਕਰਿ ਨਾਮੁ ਨ ਛੋਡਉ ਆਪੇ ਬਖਸਿ ਮਿਲਾਵਣਹਾਰਾ ॥ ੧ ॥ ਰਹਾਉ ॥

ਹੇ ਭਰਾ! ਪਰਮੇਸਰ ਦੇ ਨਾਮ ਤੋਂ ਬਿਨਾ ਸਾਡਾ ਰਾਖਾ ਕੌਣ ਹੈ, ਇਸ ਲਈ ਸੁਖ ਦੁਖ ਦੋਹਾਂ ਅਵਸਥਾਂ ਨੂੰ ਬਰਾਬਰ ਜਾਣਕੇ ਮੈਂ ਰਾਮ ਨਾਮ ਨੂੰ ਛਡਦਾ ਨਹੀਂ ਹਾਂ ਓਹ ਪ੍ਰਮੇਸਰ ਬਖਸ਼ਕੇ ਆਪੇ ਹੀ ਮਿਲਾਵਣ ਵਾਲਾ ਹੈ।

ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥ ਜਿਸੁ ਤੂੰ ਬਖਸਹਿ ਨਾਮੁ ਜਪਾਇ॥ ਦੂਤੁ ਨ ਲਾਗਿ ਸਕੈ ਗੁਨ ਗਾਇ ॥ ੨ ॥

ਮੂਰਖਾਂ ਦਾ ਸੋਨਾ ਆਦਕ ਧਨ ਹੈ ਅਤੇ ਇਸਤ੍ਰੀ ਆਦਕਾਂ ਵਿਚ ਪ੍ਰੇਮ ਹੈ ਦੂਸਰੇ ਭਾਵ ਵਿਚ ਲੱਗਕੇ ਨਾਮ ਵਿਸਾਰ ਦਿੱਤਾ ਹੈ।

ਹੇ ਭਰਾ ਤੂੰ ਇਕੁਰ ਜਾਣ ਜਿਸਨੂੰ ਪ੍ਰਮੇਸਰ ਆਪਣਾ ਨਾਮ ਜਪਾ ਦੇਂਦਾ

Digitized by Panjab Digital Library | www.panjabdigilib.org

ਹੈ ਤੇ ਓਹ ਜੀਵ ਗੁਣਾਂ ਨੂੰ ਗਾਂਦਾ ਹੈ ਤਾਂ ਪਰਮੇਸਰ ਆਪੇ ਹੀ ਬਖਸ਼ਣਾਂ ਚਾਂਹਦਾ ਹੈ ਤਾਂ ਫਿਰ ਓਸਨੂੰ ਕਾਮ ਆਦਕ ਜਾਂ ਜਮਦੂਤ ਲੱਗ ਨਹੀਂ ਸੱਕਦੇਹਨ।

**ਹਰਿ ਗੁਰੁ ਦਾਤਾ ਰਾਮ ਗੁਪਾਲਾ ॥ ਜਿਉ ਭਾਵੈਤਿਉ ਰਾਖੁ ਦਇਆਲਾ॥ਗੁਰਮੁਖਿ ਰਾਮੁ ਮੇਰੈ ਮਨਿ ਭਾਇਆ॥ ਰੋਗ ਮਿਟੇ ਦੁਖੁ ਠਾਕਿ ਰਹਾਇਆ ॥ ੩ ॥**

ਹਰੀ ਰਾਮ ਗੁਪਾਲ ਦਾ ਸਰੂਪ ਜਿਹੜਾ ਗੁਰੂ ਹੈ ਇਹੋ ਹੀ ਹਰਇਕ ਵਸਤੂ ਦਾ ਦਾਤਾ ਹੈ ਜਿਸਤਰਾਂ ਉਸਨੂੰ ਭਾਂਦਾ ਹੈ ਇਕੁਰ ਹੀ ਦਿਆਲਤਾ ਦੁਆਰਾ ਦਾਸਾਂ ਨੂੰ ਰੱਖਦਾ ਹੈ। ਗੁਰੂ ਦੀ ਕ੍ਰਿਪਾ ਨਾਲ ਰਾਮ ਨਾਮ ਮੇਰੇ ਮਨ ਨੂੰ ਚੰਗਾ ਲੱਗ ਹੈ, ਨਾਮ ਕਰਕੇ ਮੇਰੇ ਹੰਗਤਾ ਮਮਤਾ ਰੋਗ ਦੂਰ ਹੋ ਗਏ ਹਨ ਅਤੇ ਦੁਖਾਂ ਨੂੰ ਰੋਕਕੇ ਮਨ ਨੂੰ ਇਸਥਿਤ ਕੀਤਾ ਹੈ।

**ਅਵਰੁ ਨ ਅਉਖਧੁ ਤੰਤ ਨ ਮੰਤਾ॥ ਹਰਿ ਹਰਿਸਿਮਰਣੁ ਕਿਲਵਿਖ ਹੰਤਾ ॥ ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ॥ ਤੂੰ ਆਪੇ ਰਾਖਹਿ ਕਿਰਪਾ ਧਾਰਿ ॥ ੪ ॥**

ਰਾਮ ਨਾਮ ਬਰਾਬਰ ਨ ਕੋਈ ਦੂਸਰੀ ਦਵਾਈ ਹੈ ਨ ਕੋਈ ਮੰਤਰ ਤੰਤਰ ਹੀ ਹੈ। ਇਕਪਰਮੇਸਰ ਦਾ ਸਿਮਰਨ ਹੀ ਪਾਪਾਂ ਦੇ ਹੰਤਾ=ਨਾਸ ਕਰਨ ਵਾਲਾ ਹੈ ਤੂੰ ਇੱਕੁਰ ਜਾਣ ਜਿਸਨੂੰ ਪਰਮੇਸਰ ਆਪ ਭੁਲਾਂਦਾ ਹੈ ਓਹ ਮਨ ਤੋਂ ਨਾਮ ਨੂੰ ਭੁਲਾ ਦੇਂਦਾ ਹੈ, ਫਿਰ ਤੂੰ ਇੱਕੁਰ ਜਾਣ ਜਿਸਦੇ ਉੱਤੇ ਓਹ ਕਿਰਪਾ ਧਰਦਾ ਹੈ ਨਾਮ ਦੇਕੇ ਉਸਦੀ ਆਪਹੀ ਰੱਖਯਾ ਕਰਦਾ ਹੈ।

**ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ॥ਆਦਿ ਪੁਰਖ ਗੁਰਦਰਸ ਨ ਦੇਖਹਿ॥ ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥ ੫ ॥**

ਜਿਹੜਾ ਦੂਸਰਾ ਭਾਵ ਹੈ ਇਹ ਮਨ ਵਿਚ ਰੋਗ ਹੈ ਅਤੇ ਅਕਲ ਵਿਚ ਫਰਕ ਤੇ ਭਰਮ ਹੋਂਦਾ ਹੈ ਗੁਰਾਂ ਤੋਂ ਬਿਨਾਂ ਭਰਮ ਕੇ ਹੋਰ ਦੇਵਤਿਆਂ ਦੀ ਪੂਜਾਵਿਚ ਲੱਗ ਕੇ ਓਨਾਂ ਦੇ ਮੰਤਰਾਂ ਨੂੰ ਜਪਦੇ ਹਨ, ਜਿਹੜੇ ਸਤਿਗੁਰੂ ਆਦਿ ਅਕਾਲ ਪੁਰਖ ਦਾ ਰੂਪ ਹਨ ਜਿਹੜੇ ਓਨਾਂ ਦਾ ਦਰਸ਼ਨ ਨਹੀਂ ਵੇਖਦੇ ਹਨ ਅਰ ਗੁਰਉਪਦੇਸ਼ ਤੋਂ ਰਹਿਤ ਹਨ ਤਿਨਾਂ ਦਾ ਜਨਮ ਕਿਸੇ ਲੇਖੇ ਭਾਵ ਕਿਸੇ ਗਿਣਤੀ ਵਿਚ ਨਹੀਂ ਹੈ।

**ਦੇਖਿ ਅਚਰਜੁ ਰਹੇ ਬਿਸਮਾਦਿ ॥ ਘਟਿ ਘਟਿ ਸੁਰ**

Digitized by Panjab Digital Library | www.panjabdigilib.org

**ਨਰ ਸਹਜ ਸਮਾਧਿ॥ ਭਰਿਪੁਰਿ ਧਾਰਿ ਰਹੇ ਮਨਮਾਹੀ॥ ਤੁਮ ਸਮਸਰਿ ਅਵਰੁ ਕੋ ਨਾਹੀ ॥ ੬ ॥**

ਅਸਚਰਜ ਰੂਪ ਪਰਮੇਸਰ ਨੂੰ ਵੇਖਕੇ ਅਸਚਰਜ ਰੂਪ ਹੋ ਰਹੇ ਹਨ, ਸ਼ਾਂਤ ਰੂਪ ਨੂੰ ਦੇਵਤਿਆਂ ਆਦਮੀਆਂ ਦੇ ਘਟਾਂ ਘਟਾਂ ਵਿਚ ਜਾਣਕੇ ਸਮਾਧੀਆਂ ਵਿਚ ਟਿਕੇ ਹੋਇ ਹਨ, ਪੂਰਨ ਪਰਮੇਸਰ ਨੂੰ ਮਨ ਵਿਚ ਜਾਣਕੇ ਧਾਰਨ ਕਰ ਰਹੇ ਹਨ ਤੇ ਬੇਨਤੀ ਕਰਦੇ ਹਨ ਕਿ ਹੇ ਪ੍ਰਮੇਸਰਾ ! ਆਪ ਵਰਗਾ ਹੋਰ ਦੂਸਰਾ ਕੋਈ ਨਹੀਂ ਹੈ ।

**ਜਾਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥ ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥ ੭ ॥**

ਜਿਸਦਾ ਭਗਤੀ ਵਿਚ ਪ੍ਰੇਮ ਹੈ ਤੇ ਮੂੰਹ ਵਿਚ ਨਾਮ ਹੈ ਇਕੁਰ ਦੇ ਸ਼ਾਂਤ ਰੂਪ ਭਗਤ ਦੀ ਸੰਗਤ ਨਾਲ ਰਾਮ ਨਾਮ ਮਿਲਦਾ ਹੈ ਜਾਂ ਰਾਮ=ਅਰਾਮ ਸੁਖ ਹੁੰਦਾ ਹੈ ਸਾਰਿਆਂ ਬੰਧਨਾਂ ਨੂੰ ਤੋੜਕੇ ਸਹਜੇ ਹੀ ਪਰਮੇਸਰ ਵਿਚ ਧਿਆਨ ਲੱਗਾ ਰਹਿੰਦਾ ਹੈ ਗੁਰਾਂ ਦੁਆਰੇ ਪਰਮੇਸਰ ਨੂੰ ਜਾਣਕੇ ਗੁਰਮੁਖ ਦੁਨੀਆਂ ਦੇ ਜਾਲ ਤੋਂ ਛੁਟ ਜਾਂਦੇ ਹਨ ।

**ਨਾ ਜਮ ਦੂਤ ਦੂਖੁ ਤਿਸੁ ਲਾਗੈ॥ ਜੋਜਨੁ ਰਾਮਨਾਮਿ ਲਿਵਜਾਗੈ ॥ ਭਗਤਿ ਵਛਲੁ ਭਗਤਾ ਹਰਿ ਸੰਗਿ ॥ ਨਾਨਕ ਮੁਕਤਿ ਭਏ ਹਰਿ ਰੰਗਿ ॥ ੮ ॥ ੯ ॥**

ਜਿਹੜੇ ਆਦਮੀ ਰਾਮ ਨਾਮ ਵਿਚ ਬ੍ਰਿਤੀ ਲਾਕੇਮੋਹ ਨੀਂਦ ਤੋਂਜਾਗਦੇ ਹਨ ਓਨਾਂ ਨੂੰ ਜਮਦੂਤਾਂ ਵੱਲੋਂ ਦੁੱਖ ਨਹੀਂ ਲਗਦਾ ਹੈ, ਪਰਮੇਸਰ ਭਗਤਾਂ ਦਾ ਪਿਆਰਾ ਸਦਾ ਭਗਤਾਂ ਦੇ ਨਾਲ ਰਹਿੰਦਾਹੈ ਗੁਰੂ ਜੀ=ਇਕੁਰ ਦੇ ਭਗਤ ਪਰ-ਮੇਸਰ ਦੇ ਪਰੇਮ ਕਰਕੇ ਮੁਕਤ ਹੋ ਗਏ ਹਨ ।

## ਆਸਾ ਮਹਲਾ ੧ ਇਕਤੁਕੀ ॥

**ਗੁਰੁ ਸੇਵੇ ਸੋ ਠਾਕੁਰ ਜਾਨੈ॥ ਦੂਖੁ ਮਿਟੈ ਸਚੁ ਸਬਦਿ ਪਛਾਨੈ ॥ ੧ ॥**

ਜਿਹੜਾ ਗੁਰਾਂ ਦੀ ਸੇਵਾ ਕਰਦਾ ਹੈ ਓਹ ਹੀ ਪਰਮੇਸਰ ਨੂੰ ਜਾਣਦਾ ਹੈ ਚੇ ਪ੍ਰਮੇਸਰ ਨੂੰ ਪਛਾਣਿਆਂ ਸਾਰੇ ਦੁਖ ਦੂਰ ਹੁੰਦੇ ਹਨ ।

Digitized by Panjab Digital Library | www.panjabdigilib.org

**ਰਾਮੁ ਜਪਹੁ ਮੇਰੀ ਸਖੀ ਸਖੈਨੀ ॥ ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥ ੧ ॥ ਰਹਾਉ ॥**

ਹੇ ਮੇਰੀ ਪਿਆਰੀ ਸਖੀ! ਰਾਮ ਜਪੋ ਸਤਿਗੁਰਾਂ ਦੀ ਸੇਵਾ ਕਰਕੇ ਨੇਤ੍ਰਾਂ ਨਾਲ ਮਾਲਕ ਦਾ ਦਰਸ਼ਨ ਕਰੋ ।

**ਬੰਧਨ ਮਾਤ ਪਿਤਾ ਸੰਸਾਰਿ ॥ ਬੰਧਨ ਸੁਤ ਕੰਨਿਆ ਅਰੁ ਨਾਰਿ ॥ ੨ ॥**

ਪਰਮੇਸਰ ਦੇ ਨਾਮ ਤੋਂ ਬਿਨਾਂ ਸੰਸਾਰ ਵਿਚ ਮਾਂ ਪਿਓ ਬੰਧਨ ਰੂਪ ਹਨ, ਪੁਤ੍ਰ ਧੀ ਅਤੇ ਇਸਤ੍ਰੀ ਬੰਧਨ ਰੂਪ ਹਨ ।

**ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤ ਕਲਤੁ ਮਨਿ ਬੀਆ ॥ ੩ ॥**

ਜਿਹੜਾ ਕਰਮ ਧਰਮ ਹੰਕਾਰ ਕਰਕੇ ਕੀਤਾ ਹੈ ਓਹ ਸਭ ਬੰਧਨ ਰੂਪ ਹੈ, ਪੁਤ ਅਤੇ ਪੁਤ੍ਰ ਦੀ ਇਸਤ੍ਰੀ ਆਦਕ ਸਾਰਾ ਟੱਬਰ ਅਤੇ ਜਿਹੜਾ ਮਨ ਵਿਚ ਦੂਸਰਾ ਭਾਵ ਹੈ ਇਹ ਸਾਰਾ ਬੰਧਨ ਰੂਪ ਹੈ ।

**ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥ ੪ ॥**

ਜਿਹੜਾ ਜਿਮੀਂਦਾਰ ਹੋਕੇ ਖੇਤੀ ਦਾ ਕਰਨਾ ਹੈ ਇਹ ਵੀ ਬੰਧਨ ਰੂਪ ਹੈ ਕਿਉਂਕਿ ਖੇਤੀ ਵਿਚ ਜੱਟ ਦੀ ਹੰਗਤਾ ਮਮਤਾ ਹੈ, ਇਸ ਲਈ ਰਾਜਾ ਮਾਮਲਾ ਮਸੂਲ ਆਦਕ ਮੰਗਦਾ ਹੈ, ਜੱਟ ਉਸ ਮਸੂਲ ਦੇ ਦੁਖਨੂੰ ਸਹਾਰਦਾ ਹੈ।

**ਬੰਧਨ ਸਉਦਾ ਅਣਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥ ੫ ॥**

ਬੇ ਵਿਚਾਰ ਆਦਮੀ ਨੂੰ ਸੌਦਾ ਵੀ ਬੰਧਨ ਰੂਪ ਹੈ ਕਿਉਂਕਿ ਮਾਇਆ ਦੇ ਮੋਹ ਕਰਕੇ ਬ੍ਰਿਤੀ ਪਸਾਰੀ ਹੈ, ਇਸ ਨਾਲ ਵੀ ਮਨ ਦੀ ਤ੍ਰਿਪਤੀ ਨਹੀਂ ਹੁੰਦੀ ਭਾਵ ਰੱਜਦਾ ਨਹੀਂ ਹੈ ।

**ਬੰਧਨ ਸਾਹ ਸੰਚਹਿ ਧਨੁ ਜਾਇ ॥ ਬਿਨੁ ਹਰਿ ਭਗਤਿ ਨ ਪਵਈ ਥਾਇ ॥ ੬ ॥**

ਜਿਹੜਾ ਧਨ ਸ਼ਾਹੂਕਾਰ ਕੱਠਾ ਕਰਦੇ ਹਨ ਅਤੇ ਓਹ ਓੜਕ ਨੂੰ ਜਾਂਦਾ ਰਹਿੰਦਾ ਹੈ ਇਹਵੀ ਬੰਧਨ ਹੈ । ਪਰਮੇਸਰ ਦੀ ਭਗਤੀ ਬਿਨਾਂ ਸਾਰੇ ਬੰਧਨ

Digitized by Panjab Digital Library | www.panjabdigilib.org

ਰੂਪ ਹਨ ਕੋਈ ਵੀ ਥਾਂ ਨਹੀਂ ਪੈਂਦਾ ਹੈ ਭਾਵ ਲੇਖੇ ਨਹੀਂ ਲੱਗਦਾ ਹੈ ।

**ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥ ੭ ॥**

ਜੇਹੜੇ ਹੰਕਾਰ ਨਾਲ ਵੇਦ ਦੇ ਝਗੜੇ ਕਰਦੇ ਹਨ ਇਹਵੀ ਬੰਧਨ ਹਨ ਮੋਹ ਵਿਕਾਰ ਦੇ ਬੰਧਨਾਂ ਵਿਚ ਆਦਮੀ ਨਾਸ ਹੁੰਦੇ ਜਾਂਦੇ ਹਨ ।

**ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰ ਰਾਖੇ ਬੰਧਨ ਪਾਈ ॥ ੮ ॥**

ਗੁਰੂ ਜੀ=ਜਿਨਾਂ ਨੇ ਗੁਰੂ ਦੀ ਸ਼ਰਨ ਆਕੇ ਰਾਮ ਨਾਮ ਜਪਿਆ ਹੈ ਓਹ ਸਤਿਗੁਰਾਂ ਨੇ ਰੱਖ ਲਏ ਹਨ ਓਹਨਾਂ ਨੂੰ ਕੋਈ ਬੰਧਨ ਨਹੀਂ ਪੈਂਦਾ ਹੈ ।

## ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩

## ੧ ਓ ਸਤਿਗੁਰਪ੍ਰਸਾਦਿ ॥

ਇਕ ਵਾਰ ਗੁਰੂ ਜੀ ਏਮਨਾਬਾਦ ਗਏ ਉਸ ਵੇਲੇ ਹੋਰ ਵੀ ਅਨੇਕ ਸੰਤ ਗੁਰੂ ਜੀ ਦੇ ਨਾਲ ਸਨ ਮਰਦਾਨਾ ਸ਼ਹਿਰ ਵਿਚ ਗਿਆ ਪਠਾਨਾਂ ਨੇ ਮਰਦਾਨੇ ਨੂੰ ਦੁਰਬਚਨ ਬੋਲੇ ਗੁਰੂ ਜੀ ਸੰਤਾਂ ਦੀ ਬਿਅਦਬੀ ਨਾ ਸਹਾਰ ਸੱਕੇ, ਉਸਦਾ ਫਲ ਬਾਬਰ ਬਾਦਸ਼ਾਹ ਨੇ ੧੫੭੯ ਬਿਃ ਵਿਚ ਏਮਨਾਬਾਦ ਕਤਲ ਕੀਤਾ, ਏਸੇਹੀ ਪ੍ਰਸੰਗ ਦੇ ਦੋ ਸ਼ਬਦ ਹੋਰ ਹਨ ਇਕ ਤਿਲੰਗ ਦੂਜਾ ਆਸਾ ਵਿੱਚ ਹੈ ਅਤੇ ੩ ਅਸਟਪਦੀਆਂ ਏਥੇ ਹਨ ਇਨਾਂ ਵਿਚ ਮਾਰ ਲੁਟ ਤੋਂ ਪਿਛੋਂ ਦਾ ਹਾਲ ਹੈ ਦੁਖੀਆਂ ਦਾ ਹਾਲ ਦੇਖ ਕੇ ਕਥਨ ਕੀਤਾ ਹੈ ।

**ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥ ੧ ॥**

ਜਿਨਾਂ ਦੇ ਸਿਰਾਂ ਉਤੇ ਪੱਟੀਆਂ ਸੋਹਣੀਆਂ ਲੱਗਦੀਆਂ ਸੀ ਅੰਗਾਂ ਅਤੇ ਮੀਡੀਆਂ ਵਿਚ ਸੰਧੂਰ ਪਾਇਆ ਹੋਇਆ ਸੀ ਓਹ ਸਿਰ ਕੈਂਚੀਆਂ ਨਾਲ ਮੁੰਨੇ ਗਏ ਭਾਵ ਗਹਿਣੇ ਲਾਹਣ ਲਈ ਲੁਟੇਰਿਆਂ ਨੇ ਛੇਤੀ ਨਾਲ ਵਾਲ ਮੁੰਨ ਸੁਟੇ, ਜਦੋਂ ਓਹ ਪੁਕਾਰ ਕਰਦੀਆਂ ਹਨ ਤਾਂ ਮੁਗਲ ਓਨਾਂ ਦੇ ਮੂੰਹ

Digitized by Panjab Digital Library | www.panjabdigilib.org

ਵਿਚ ਮਿੱਟੀ ਪਾ ਦੇਂਦੇ ਹਨ ਓਹ ਮਿੱਟੀ ਗਲ ਦੇ ਵਿਚ ਆ ਜਾਂਦੀ ਹੈ ਪਹਿਲੇ ਜੋਹੜੀਆਂ ਮਹੱਲਾਂ ਵਿਚ ਰਹਿੰਦੀਆਂ ਸਨ ਓਨਾਂਨੂੰ ਮਹਲਾਂ ਦੇ ਪਾਸ ਵੀ ਨਹੀਂ ਬਹਿਣਾ ਮਿਲਦਾ ਹੈ।

**ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖੁ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥ ੧ ॥ ਰਹਾਉ ॥**

ਹੇ ਬਾਬਾ ਅਕਾਲ ਪੁਰਖ ਤੈਨੂੰ ਨਮਸਕਾਰ ਹੈ ਹੇ ਆਦ ਪੁਰਖ ਤੇਰਾ ਕਿਸੇ ਨੇ ਅੰਤ ਨਹੀਂ ਪਾਯਾ ਹੈ, ਅਨੇਕ ਤਰਾਂ ਦੇ ਭੇਖ ਕਰਕੇ ਤੂੰ ਵੇਖਦਾ ਹੈਂ।

**ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥**

ਜਦੋਂ ਇਹ ਵਿਆਹੀਆਂ ਸਨ ਤਾਂ ਇਹਨਾਂ ਦੇ ਪਤੀ ਇਨਾਂ ਦੇ ਪਾਸ ਬੈਠੇ ਹੋਇ ਸੋਹਣੇ ਲਗਦੇ ਸਨ ਇਹ ਡੋਲਿਆਂ ਉਤੇ ਚੜ੍ਹਕੇ ਆਈਆਂ ਸਨ ਜੇਹੜੇ ਡੋਲੇ ਹਾਥੀਆਂ ਦਿਆਂ ਦੰਦਾਂਦਿਆਂ ਟੁਕੜਿਆਂਦੇਨਾਲ ਰਾਸ(=ਸਵਾਰ) ਕੀਤੇ ਹੋਇ ਸਨ ਅਤੇ ਓਨਾਂ ਦੇ ਉਤੋਂ ਦੀ ਪਾਣੀ ਵਾਰੀਦਾ ਸੀ ਪਾਸ ਝੱਲੇ= ਪੱਖੇ ਪ੍ਰਕਾਸ਼ ਰਹੇ ਸੀ ਭਾਵ ਝੱਲੀ ਦੇ ਸੀ ਕਈ ਪੱਖੇ ਬੜੇ ਸੋਨੇ ਨਾਲ ਮੜੇ ਹੋਇ ਚਮਕਦੇ ਸਨ।

**ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ॥ ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸ- ਰੀਆ ॥ ੩ ॥**

ਲਖਾਂ ਰੁਪਏ ਸਿਰ ਵਾਰਨੇ ਦੇ ਬੈਠੀਆਂ ਦੇ ਉਤੋਂ ਦੀ ਵਾਰੇ ਹੋਇ ਲਾਗਣਾ ਲੈਂਦੀਆਂ ਸੀਆਂ ਅਤੇ ਲੱਖਾਂ ਹੀ ਖੜੋਤੀਆਂ ਦੇ ਉਤੋਂ ਦੀ ਵਾਰੇ ਹੋਇ ਓਹ ਗੋਲੀਆਂ ਲੈਂਦੀਆਂ ਸੀ ਓਹ ਕਿਸ ਤਰਾਂ ਦੀਆਂ ਇਸਤ੍ਰੀਆਂ ਸਨ ਜੋ ਇਕ ਲੱਖ ਲੱਖ ਰੁਪਯਾ ਬੈਠੀਆਂ ਹੀ ਲੈਂਦੀਆਂ ਸਨ ਇਕ ਲੱਖ ਲੱਖ ਰੁਪੱਯਾ ਖੜੋਤੀਆਂ ਹੀ ਲੈਂਦੀਆਂ ਸਨ ਜਾਂ ਬਹਿਣ ਖੜੋਣ ਦਾ ਲੈਂਦੀਆਂ ਸਨ ਜਾਂ ਇਕ ਇਸਤ੍ਰੀਆਂ ਓਹਨਾਂ ਦੇ ਪਾਸ ਬੈਠੀਆਂ ਹੀ ਓਨਾਂ ਦੇ ਗੁਣਾਂ ਔਗੁਣਾਂ ਨੂੰ=ਲਖ ਜਾਣ ਲੈਂਦੀਆਂ ਸਨ ਤੇ ਇਕ ਖੜੀਆਂ ਜਾਣ ਲੈਂਦੀਆਂ ਸੀ ਜਾਂ ਬਹੁਤ ਇਸਤ੍ਰੀਆਂ ਖੜੀਆਂ ਬਹੁਤ ਬੈਠੀਆਂ ਓਨਾਂ ਦਾ ਦਰਸ਼ਨ ਕਰਦੀਆਂ ਸਨ, ਗਰੀ ਛੁਹਾਰੇ ਆਦਕਾਂ ਨੂੰ ਖਾਂਦੀਆਂ ਸੀਆਂ ਅਤੇ

Digitized by Panjab Digital Library | www.panjabdigilib.org

ਸੇਜਾਂ ਦੇ ਸੁਖਾਂ ਨੂੰ ਮਾਣਦੀਆਂ ਸੀਆਂ ਹੁਣ ਓਨਾਂ ਦੇ ਗਲਾਂ ਵਿਚ ਲੋਹੇ ਦੀਆਂ ਜ਼ੰਜੀਰਾਂ ਨਾਲ ਜਾਂ ਫਾਹੀਆਂ ਪਈਆਂ ਹੋਈਆਂ ਹਨ ਅਤੇ ਮੋਤੀਆਂ ਦੀਆਂ ਲੜੀਆਂ ਟੁੱਟਦੀਆਂ ਹਨ।

**ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿਗਵਾਇ॥ ਜੇਤਿਸੁ ਭਾਵੈ ਦੇ ਵਡਿਆਈ ਜੇਭਾਵੈ ਦੇਇ ਸਜਾਇ॥੪॥**

ਧਨ ਜੋਬਨ ਇਹ ਦੋਵੇਂ ਜਿਨਾਂ ਨੇ ਪ੍ਰੇਮ ਲਾ ਕੇ ਰਖੇ ਹੋਇ ਸੀ ਓਨਾਂ ਦੇ ਇਹ ਦੋਵੇਂ ਵੈਰੀ ਹੋ ਗਏ ਭਾਵ ਜਵਾਨ ਤੇ ਧਨਵਾਨ ਇਸਤ੍ਰੀਆਂਨੂੰਫੜਿਆਸੀ, ਬਾਬਰ ਨੇ ਆਪਣਿਆਂ ਫੌਜੀਆਂ ਦੂਤਾਂ ਨੂੰ ਆਖਿਆ ਸੀ ਕਿ ਲੁਟ ਮਾਰ ਮਾਫ ਹੈ ਇਸ ਲਈ ਓਹ ਇੱਜਤ ਤੇ ਪਤੀਬਰਤ ਧਰਮ ਨਾਸ ਕਰਕੇ ਨਾਲ ਲੈ ਚਲੇ ਸੀ।ਹੇਪਰਮੇਸਰਾ ਜੇਹੜਾ ਤੈਨੂੰ ਚੰਗਾ ਲਗਦਾਹੈ ਉਸਨੂੰ ਤੂੰ ਵਡਿਆਈ ਦੇਂਦਾ ਹੈ ਜਿਸ ਨੂੰ ਤੂੰ ਚਾਹੁੰਦਾ ਹੈਂ ਉਸਨੂੰ ਸਜਾ ਦੇਂਦਾ ਹੈਂ।

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ਬਾਬਰ-ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ ੫ ॥**

ਜੇ ਇਕੁਤ ਦੀ ਬਿਪਤਾ ਪੈਣ ਤੋਂ ਪਹਿਲਾਂ ਤੈਨੂੰ ਯਾਦ ਕਰੀਏ ਤਾਂ ਐਡੀ ਐਨੀ ਸਜਾ ਕਾਹਨੂੰ ਮਿਲੇ ਬਾਦਸ਼ਾਹ ਨੇ ਤਮਾਸ਼ਿਆਂ ਦੇ ਅਨੰਦਾਂ ਵਿਚ ਲੱਗ ਕੇ ਤੇਰੀ ਸੁਰਤਿ=ਚੰਗੀ ਪਰੀਤੀ ਜਾਂ ਸਮਝ ਗਵਾ ਛੱਡੀ ਹੈ ਹੁਣ ਏਸ ਏਮਨਾ-ਬਾਦ ਨਗਰ ਵਿਚ ਬਾਬਰਬਾਦਸ਼ਾਹ ਦੀ ਵਾਣੀ-ਦੁਹਾਈ ਫਿਰ ਗਈ ਹੈ ਹੁਣ ਓਨਾਂ ਦੇ ਕੁਇਰ=ਸ਼ਹਿਜ਼ਾਦਿਆਂ ਭਾਵ ਪੁੱਤਾਂ ਧੀਆਂ ਨੂੰ ਰੋਟੀ ਵੀ ਖਾਣ ਨੂੰ ਨਹੀਂ ਮਿਲਦੀ ਹੈ।

**ਇਕਨ੍ਹਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥ ੧ ॥**

ਇਕਨਾ ਮੁਸਲਮਾਨਾਂ ਦੇ ਨਿਮਾਜ ਦੇ ਵਕਤ ਗਵਾਏ ਜਾਂਦੇ ਹਨ ਇਕਨਾਂ ਹਿੰਦੂਆਂ ਦੀ ਪੂਜਾ ਕਰਨੀ ਜਾਂਦੀ ਰਹਿੰਦੀ ਹੈ, ਹਿੰਦੂਆਂ ਦੀਆਂ ਇਸਤ੍ਰੀਆਂ ਇਸ਼ਨਾਨ ਕਰਕੇ ਚੌਕਿਆਂ ਤੋਂ ਬਿਨਾ ਕਿਸ ਤਰਾਂ ਟਿੱਕੇ ਕੱਢਣ

Digitized by Panjab Digital Library | www.panjabdigilib.org

ਭਾਵ ਹਿੰਦੂ ਮੁਸਲਮਾਨ ਸਾਰੇ ਕਰਮ ਧਰਮ ਤੋਂ ਰਹਿਤ ਹੋ ਗਏ ਹਨ, ਜਿਨ੍ਹਾਂ ਨੇ ਤੇਰਾ ਨਾਮ ਨਹੀਂ ਜਪਿਆ ਸੀ ਹੁਣ ਓਹ ਛੁਟਣ ਵਾਸਤੇ ਆਪਦੀ ਦੁਹਾਈ ਦੇਂਦੀਆਂ ਹਨ ਅਤੇ ਹੁਣ ਓਨਾਂ ਨੂੰ ਖ਼ੁਦਾ ਦੀ ਦੁਹਾਈ ਕਰਨੀ ਵੀ ਨਹੀਂ ਮਿਲਦੀ ਹੈ।

**ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥ ੭ ॥ ੧੧ ॥**

ਇਕ ਘਰ ਤੋਂ ਨਿਕਲੇ ਹੋਏ ਮੁੜਕੇ ਆਪਣੇ ਘਰ ਨੂੰ ਆਉਂਦੇ ਹਨ ਅਤੇ ਇਕ ਆਪੋ ਵਿਚ ਦੀ ਮਿਲ ਮਿਲ ਕੇ ਦੁਖ ਸੁਖ ਪੁਛਦੇ ਹਨ ਇਕਨਾਂ ਦੇ ਕਰਮਾਂ ਵਿਚ ਏਹੋ ਹੀ ਲਿਖਿਆ ਹੈ ਕਿ ਓਹ ਆਪਣਾ ਦੁਖ ਹੀ ਬਹਿ ਬਹਿਕੇ ਰੋਂਦੇ ਹਨ ਗੁਰੂ ਜੀ=ਹੇ ਪਰਮੇਸਰਾ! ਜੋ ਤੈਨੂੰ ਚੰਗਾ ਲਗਦਾ ਹੈ ਓਹੋ ਹੀ ਹੁੰਦਾ ਹੈ ਮਨੁਖ ਵਿਚਾਰੇ ਦੇ ਕੀ ਵਸ ਹੈ।

## ਆਸਾ ਮਹਲਾ ੧ ॥

**ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥ ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥**

ਜੇਹੜਾ ਬਾਬਰ ਦੇ ਅਉਣ ਤੋਂ ਦੋ ਦਿਨ ਪਹਿਲਾਂ ਏਥੇ ਏਮਨਾਬਾਦ ਵਿਚ ਰਾਗ ਰੰਗ ਹੁੰਦਾ ਸੀ ਓਹ ਖੇਲ ਅਜ ਕਿੱਥੇ ਹੈ ਅਤੇ ਘੋੜਿਆਂ ਦੇ ਤਬੇਲੇ ਕਿਥੇ ਹਨ ਅਤੇ ਭੇਰੀ=ਤੂਤੀਆਂ ਸਹਨਾਈ=ਵਾਜੇ ਕਿਥੇ ਹਨ ਓਹ ਲੱਕਾਂ ਨਾਲ ਤੇਗਾਂ ਤੇ ਤਲਵਾਰਾਂ ਨੂੰ ਬੰਨਣ ਵਾਲੇ ਕਿਥੇ ਹਨ ਅਤੇ ਗਾਡੇ ਰੜਿ=ਗੱਡੇ ਭਾਵ ਰਥਾਂ ਉਤੇ ਚਲਣ ਵਾਲੇ ਸੂਰਮੇ ਕਿਥੇ ਹਨ ਤੇ ਓਨਾਂ ਦੀਆਂ ਲਾਲ ਪੁਸ਼ਾਕਾਂ ਕਿਥੇ ਹਨ ਜੇਹੜੀਆਂ ਇਸਤ੍ਰੀਆਂ ਆਪਣੇ ਸੁੰਦਰ ਮੂੰਹ ਸ਼ੀਸ਼ਿਆਂ ਵਿਚ ਵੇਂਹਦੀਆਂ ਸਾਂ ਓਹ ਇਸਤ੍ਰੀਆਂ ਕਿੱਥੇ ਹਨ ਓਹ ਅੱਜ ਏਥੇ ਨਹੀਂ ਦੀਹਦੀਆਂ ਹਨ।

**ਇਹੁ ਜਗੁ ਤੇਰਾ ਤੂ ਗੋਸਾਈ ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥ ੧ ॥ ਰਹਾਉ ॥**

ਹੈਰਾਨ ਹੋਕੇ ਆਖਦੇ ਹਨ—ਪਰਮੇਸ਼ਰਾ! ਹੇ ਇਹ ਜਗਤ ਤੇਰਾ ਦਾਸ ਹੈ ਅਤੇ

Digitized by Panjab Digital Library | www.panjabdigilib.org

ਤੂੰ ਸਾਰੇ ਜਗਤ ਦਾ ਮਾਲਕ ਹੈਂ ਇਸਨੂੰ ਇਕ ਘੜੀ ਵਿਚ ਬਣਾ ਦੇਂਦਾ ਹੈਂ ਅਤੇ ਫਿਰ ਉਸੇ ਵੇਲੇ ਨਾਸ ਕਰ ਦੇਂਦਾ ਹੈ ਅਤੇ ਧਨ ਸਾਰਾ ਵੰਡ ਦੇਂਦਾ ਹੈਂ।

**ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥ ੨ ॥**

ਓਹ ਘਰ ਤੇ ਬੂਹੇ ਕਿਥੇ ਹਨ ਓਹ ਮਹਿਲ ਜਾਂ ਸਰਾਂ ਦੇ ਰਾਜਦਰਬਾਰ ਅਤੇ ਉਚੇ ੨ ਸਾਰੇ ਮਹੱਲ ਮੁਸਾਫਰਾਂ ਦੇ ਰਹਿਣ ਵਾਸਤੇ ਸੁੰਦਰ ਸਰਾਂਵਾਂ ਕਿੱਥੇ ਹਨ ਜਿਨਾਂ ਸੁੰਦਰ ਇਸਤਰੀਆਂ ਦੇ ਰੂਪ ਦੀ ਸੁੰਦਰਤਾ ਵੇਖ ਕੇ ਪਤੀਆਂ ਨੇ ਨੀਂਦ ਨਹੀਂ ਪਾਈ ਸੀ ਜੇਹੜੀਆਂ ਸੇਜਾਂ ਉਤੇ ਸੁਖੱਲੀਆਂ ਸੁਤੀਆਂ ਰਹਿੰ-ਦੀਆਂ ਸੀਆਂ ਓਹ ਇਸਤ੍ਰੀਆਂ ਕਿਥੇ ਹਨ ਅਤੇ ਪਾਨਾਂ ਦੇ ਬੀੜੇ ਲਾਣ ਵਾਲੀਆਂ ਹਰਮਾਂ=ਨੌਕਰਨਾਂ ਇਸਤ੍ਰੀਆਂ ਕਿਥੇ ਹਨ ਸਾਰੀਆਂ ਛਾਈ ਮਾਈ ਹੋ ਗਈਆਂ ਭਾਵ ਨਾਸ ਯਾਂ ਸਾਰੇ ਪਦਾਰਥ ਮਾਇਕ ਹੋਨ ਕਰਕੇ ਬਿਰਛਾਂ ਦੀ ਛਾਂ ਵਤ ਹੋ ਗਏ ਹਨ।

**ਇਸੁ ਜਰਿ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ ੩ ॥**

ਹੇ ਮਾਲਕਾ ਇਸ ਧਨ ਦੇ ਵਾਸਤੇ ਬਹੁਤ ਹੀ ਦੁਨੀਆਂ ਖਰਾਬ ਹੋਈ ਹੈ ਪਿੱਛੇ ਵੀ ਇਸ ਧਨ ਨੇ ਬਹੁਤ ਦੁਨੀਆਂ ਭੁਲਾਈ ਹੈ ਇਹ ਪਾਪਾਂ ਤੋਂ ਬਿਨਾ ਕੱਠੀ ਨਹੀਂ ਹੁੰਦੀ ਹੈ ਅਤੇ ਮਰਨ ਦੇ ਮਗਰੋਂ ਨਾਲ ਨਹੀਂ ਜਾਂਦੀ ਹੈ ਜਿਸ ਨੂੰ ਕਰਤਾ ਪੁਰਖ ਆਪ ਭੁਲਾਂਦਾ ਹੈ ਉਸ ਦੀ ਭਲਿਆਈ ਖੋਹ ਲੈਂਦਾ ਹੈ।

**ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ ੪ ॥**

ਜਦੋਂ ਪੀਰ=ਬਾਦਸ਼ਾਹ ਬਾਬਰ ਦਾ ਧਾਵਾ ਸੁਣਿਆਂ ਤਾਂ ਕਰੋੜਾਂ ਕ੍ਰੋੜਾਂ ਪੀਰ

Digitized by Panjab Digital Library | www.panjabdigilib.org

ਜੇਹੜੇ ਪਠਾਣਾਂ ਦੀ ਸਹੈਤਾ ਕਰਨ ਲਈ ਆਇ ਸਨ ਓਹ ਪ੍ਰਮੇਸਰ ਨੇ ਵਰਜ ਰੱਖੇ ਭਾਵ ਓਨ੍ਹਾਂ ਦੀ ਕੋਈ ਵਾਹ ਨ ਗਈ,ਜਿਤਨੇ ਚੰਗੇ ੨ ਥਾਂ ਠਾਕਰ ਦੁਆਰੇ ਆਦਕ ਮੁਕਾਮ=ਇਸਥਿਤ ਕੀਤੇ ਹੋਇ ਬਹੁਤ ਪੁਰਾਣੇ ਅਤੇ ਬਹੁਤੇ ਸਨ ਅਤੇ ਜੇਹੜੇ ਮੰਦਰ ਸੀ ਬਿਜਲੀ ਵਾਂਗ ਪ੍ਰਕਾਸ਼ ਜਾਂ ਬਿਜ=ਪੱਕਿਆਂ ਮੰਦਰਾਂ ਨੂੰ ਵੀ ਆਖਦੇ ਹਨ ਓਹ ਸਾਰੇ ਲੁਟੇਰਿਆਂ ਦੇ ਅੰਗਾਂ ਲਾਉਣ ਨਾਲ ਸੜ ਗਏ ਅਤੇ ਮੁਛਿ ਮੁਛਿ=ਟੁਕੜੇ ਟੁਕੜੇ ਕਰਕੇ ਕੁਇਟ=ਕੌਰ ਭਾਵ ਸ਼ਹ-ਜ਼ਾਦਿਆਂ ਨੂੰ ਗਲੀਆਂ ਵਿੱਚ ਰੁਲਾਇਆ ਗਿਆ, ਜੇਹੜੇ ਪੀਰ ਆਖਦੇ ਸੀ ਅਸੀਂ ਤੁਹਾਡੀ ਰੱਖਿਆ ਕਰਾਂਗੇ ਜੇਹੜਾ ਤੁਹਾਡੇ ਉੱਤੇ ਵਿੰਗੀ ਨਜ਼ਰ ਕਰੇਗਾ ਓਹ ਅੰਨ੍ਹਾ ਹੋ ਜਾਵੇਗਾ ਸੋ ਉਹਨਾਂ ਵਿਚੋਂ ਕਿਸੇ ਨੇ ਵੀ ਪਰਚਾ ਨ ਲਾਇਆ ਭਾਵ ਥੋੜੀ ਵੀ ਕਰਾਮਾਤ ਨ ਵਿਖਾਈ ਅਤੇ ਬਾਬਰ ਵੱਲੋਂ ਕੋਈ ਮੁਗਲ ਵੀ ਅੰਨ੍ਹਾ ਨ ਹੋਇਆ।

**ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥ ਜਿਨਕੀ ਚੀਰੀ ਦਰਗਹ ਫਾਟੀ ਤਿਨ੍ਹਾ ਮਰਣਾ ਭਾਈ ॥ ੫ ॥**

ਮੁਗਲਾਂ ਤੇ ਪਠਾਣਾਂ ਦੀ ਲੜਾਈ ਹੋਈ ਜੰਗ ਭੂਮਿਕਾ ਵਿੱਚ ਬਹੁਤ ਹੀ ਤਲਵਾਰਾਂ ਵਗੀਆਂ ਭਾਵ ਚੱਲੀਆਂ ਓਹਨਾਂ ਨੇ ਤੁਪਕ=ਬੰਦੂਕ ਬਲ ਨਾਲ ਚਲਾਈ ਤੇ ਉਹਨਾਂ ਨੇ ਹੱਥਾਂ ਉੱਤੇ ਬੰਦੂਕਾਂ ਚਲਾਉਣ ਲਈ ਚੜਾਈਆਂ ਜਾਂ ਹੱਥਾਂ ਉਤੇ ਹੀ ਚਿੜ ਗਈਆਂ ਭਾਵ ਪਾਟ ਗਈਆਂ ਹੇ ਭਰਾ ਜਿਨਾਂ ਦੀ ਉਮਰ ਦੀ ਚਿੱਠੀ ਪ੍ਰਮੇਸਰ ਦੀ ਦਰਗਾਹ ਵਿੱਚ ਪਾਟ ਗਈ ਹੈ ਉਹਨਾਂ ਦਾ ਮਰਨਾ ਹੋਯਾ।

**ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਹਾ ਪੇਰਣ ਸਿਰਖੁਰਪਾਟੇ ਇਕਨਾ ਵਾਸੁ ਮਸਾਣੀ ॥ ਜਿਨ੍ਹਕੇ ਬੰਕੇ ਘਰੀ ਨ ਆਇਆ ਤਿਨ੍ਹ ਕਿਉ ਰੈਣਿ ਵਿਹਾਣੀ ॥ ੬ ॥**

ਇਕ ਹਿੰਦੂਆਂ ਦੀਆਂ ਹੋਰ ਇਕ ਤੁਰਕਾਂ ਦੀਆਂ ਭੱਟਾਂ ਦੀਆਂ ਛੱਤ੍ਰੀਆਂ ਦੀਆਂ ਇਸਤ੍ਰੀਆਂ ਜੇਹੜੀਆਂ ਸਨ ਇਨਾਂ ਸਾਰੀਆਂ ਦੀ ਬੁਰੀ ਹਾਲਤ ਹੋਈ ਕਿਸੇ ਦੇ ਪੇਰਣ=ਚੋਲੇ ਭਾਵ ਬੁਰਕੇ ਪੁਸ਼ਾਕੇ ਸਿਰ ਤੋਂ ਲੈ ੨ ਪੈਰਾਂ ਤਕ ਦੌੜਨੇ ਕਰਕੇ ਪਾਟ ਗਏ ਅਤੇ ਇਕਨਾਂ ਦਾ ਮਸਾਣਾਂ ਵਿੱਚ ਵਾਸਾ

Digitized by Panjab Digital Library | www.panjabdigilib.org

ਹੋਇਆ ਭਾਵ ਆਪ ਹੀ ਕਟਾਰੀਆਂ ਮਰ ਮਾਰ ਮਰ ਗਈਆਂ ਜਿਨਾਂ ਦੇ ਪਤੀ ਸੁੰਦਰ ਰਾਤ ਨੂੰ ਘਰਾਂ ਵਿੱਚ ਨਹੀਂ ਆਏ ਭਾਵ ਜੰਗ ਵਿੱਚ ਮਾਰੇ ਗਏ ਹਨ ਓਹਨਾਂ ਨੂੰ ਦੁਖ ਦੀ ਰਾਤ ਕਿਸਤਰਾਂ ਬੀਤਦੀ ਹੈ ਭਾਵ ਓਹ ਬਹੁਤ ਹੀ ਦੁਖੀ ਹੋਈਆਂ।

**ਆਪੇ ਕਰੇ ਕਰਾਏ ਕਰਤਾ ਕਿਸਨੋ ਆਖਿ ਸੁਣਾ-ਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂ-ਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥ ੭ ॥ ੧੨ ॥**

ਹੇ ਕਰਤਾ ਤੂੰ ਆਪ ਹੀ ਕਰਦਾ ਹੈਂ ਤੇ ਹੋਰਨਾਂ ਤੋਂ ਵੀ ਆਪ ਹੀ ਕਰਾਂਦਾ ਹੈਂ ਅਸੀਂ ਸ਼ਕੈਤ ਕਿਸ ਦੇ ਪਾਸ ਆਖਕੇ ਸੁਣਾਈਏ ਜਿਤਨਾ ਦੁਖ ਸੁਖ ਹੈ ਸਾਰਾ ਤੇਰੀ ਆਗਿਆ ਵਿੱਚ ਹੁੰਦਾ ਹੈ ਫਿਰ ਤੈਥੋਂ ਬਿਨਾਂ ਕਿਸਦੇ ਪਾਸ ਜਾਕੇ ਰੋਈਏ? ਗੁਰੂ ਜੀ=ਹੇ ਪ੍ਰਮੇਸਰਾ ਤੂੰ ਹੁਕਮੀ ਹੈਂ ਅਪਣੇ ਹੁਕਮ ਵਿੱਚ ਜੀਆਂ ਨੂੰ ਚਲਾਕੇ ਫੇਰ ਪ੍ਰਸੰਨ ਹੁੰਦਾ ਹੈਂ ਜਿਸ ਤਰਾਂ ਦਾ ਜੀਆਂ ਦਾ ਕਰਮ ਤੂੰ ਲਿਖਿਆ ਹੈ ਓਸੇ ਤਰਾਂ ਦਾ ਫਲ ਪਾਈਦਾ ਹੈ ਭਾਵ ਤੇਰਾ ਕਿਸੇ ਨਾਲ ਵੈਰ ਨਹੀਂ ਹੈ ਜੀਆਂ ਦੇ ਕਰਮਾਂ ਅਨੁਸਾਰ ਸਭ ਨੂੰ ਫਲ ਭੁਗਾਂਦਾ ਹੈਂ।

## ੧ ਓ ਸਤਿਗੁਰਪ੍ਰਸਾਦਿ ॥

## ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥

{ਬਾਬਰ ਦੇ ਚਲਿਆਂ ਗਿਆਂ ਗੁਰੂ ਜੀ ਸ਼ਹਿਰ ਵਿੱਚ ਆਏ, ਘਰ ਘਰ ਵਿੱਚ ਰੋਣਾ ਪਿਆ ਹੋਇਆ ਵੇਖਕੇ ਸੰਸਾਰ ਦਾ ਰਹਿਣਾ ਗਊਆਂ ਚਾਰਨ ਵਾਲੇ ਵਾਗੀ ਵਾਂਗ ਰੂਪਕਾ ਅਲੰਕਾਰ ਸਮਝਕੇ ਵੈਰਾਗ ਮਈ ਬਚਨ ਬੋਲਿਆ।}

**ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾ-ਵਹਿ ਆਦਮੀ ਬਾਂਧਹਿ ਘਰਿ ਬਾਰਾ ॥ ੧ ॥**

ਗੋਇਲ=ਜੂਹ, ਜੰਗਲ ਗਊਆਂ ਚਰਨ ਵਾਲਾ। ਗੋਇਲੀ=ਵਾਗੀ, ਡੰਗਰ ਚਾਰਨ ਵਾਲਾ, ਜਿਕੁਰ ਵਾਗੀ ਜੂਹ ਵਿੱਚ ਰਹਿੰਦੇ ਹਨ ਇੱਕੁਰ ਹੀ ਇਹ ਸੰਸਾਰ ਹੈ ਭਾਵ ਸੰਸਾਰ ਜੂਹ ਹੈ ਆਦਮੀ ਵਾਗੀ ਹੈ, ਇਸ ਉੱਤੇ ਆਦਮੀ ਘਰ ਬੂਹੇ ਬਣਾਂਦੇ ਹਨ ਅਤੇ ਝੂਠੇ ਹੀ ਕੰਮ ਕਮਾਂਦੇ ਹਨ।

Digitized by Panjab Digital Library | www.panjabdigilib.org

**ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥੧॥ਰਹਾਉ॥**

ਹੇ ਮੋਹ ਨੀਂਦ ਵਿੱਚ ਸੁਤਿਓ ਹੋਇਓ ! ਆਦਮੀਓ ਜਾਗੋ ਜਾਗੋ ਭਾਵ ਗਿਆਨ ਨੇਤ੍ਰ ਖੋਲੋ ਆਦਮੀ ਵਣਜਾਰਾ ਤੁਰਿਆ ਜਾਂਦਾ ਹੈ ਭਾਵ ਮਰਨ ਦੇ ਦਿਨ ਨੇੜੇ ਆਉਂਦੇ ਜਾਂਦੇ ਹਨ।

**ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥ ੨ ॥**

ਰੋਜ ਰੋਜ ਇਸਥਿਤ ਜਾਣਕੇ ਤਾਂ ਘਰਾਂ ਨੂੰ ਬੰਨੀਏ ਜੇ ਏਥੇ ਸਦਾ ਰਹਿਣਾ ਹੋਵੇ ਜਦੋਂ ਇਹ ਸਰੀਰ ਡਿੱਗ ਪਏਗਾ ਤੇਰਾ ਜੀਵ ਨਿਕਲਕੇ ਚਲਿਆ ਜਾਵੇਗਾ ਜੇਹੜਾ ਕੋਈ ਇਸ ਭੇਦ ਨੂੰ ਜਾਣ ਲਏਗਾ ਓਹ ਜਾਗ ਪਏਗਾ।

**ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸਨੋ ਤੁਮ ਕਉ ਕਉਣੁ ਰੋਈ ॥ ੩ ॥**

ਹੈ ਹੈ ਓਹ ਓਹ ਕੀ ਕਰਕੇ ਆਖਦੀਆਂ ਹੋ ਭਾਵ ਕੀ ਸਿਆਪ ਕਰਦੀਆਂ ਹੋ ਜੀਵ ਹੁਣਹੈ ਇਹੋ ਹੀ ਅੱਗੇਨੂੰ ਹੋਵੇਗਾ ਭਾਵ ਜੀਵਨਹੀਂ ਮਰਦ ਹੈ ਤੁਸੀਂ ਤਾਂ ਉਸ ਨੂੰ ਰੋਂਦੀਆਂ ਹੋ ਤੁਹਾਨੂੰ ਕੌਣ ਰੋਵੇਗਾ?ਜੇ ਪੁਤ ਪੋਤਰੇ ਰੋਣੇ ਵਾਲੇ ਸਮਝੋ ਤੇ ਤਾਂ ਤੁਹਾਡੇ ਘਰਾਂ ਜਾਂ ਟੱਬਰਾਂ ਵਿੱਚ ਰੋਣਾ ਹੀ ਰਹੇਗਾ।

**ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥ ਓਹੁਨ ਸੁਣਈ ਕਤਹੀ ਤੁਮ ਲੋਕ ਸੁਣਾਵਹੁ ॥ ੪ ॥**

ਹੇ ਭਰਾਓ ਤੁਸੀਂ ਰੋਂਦੇ ਤਾਂ ਨਹੀਂ ਹੋ ਤੁਸੀਂ ਤਾਂ ਧੰਧਾ ਪਿਟਦੇ ਹੋ ਭਾਵ ਓਹਨਾਂ ਦੇ ਸੁਖਾਂ ਕੰਮਾਂ ਨੂੰ ਯਾਦ ਕਰਕੇ ਰੋਂਦੇ ਹੋ ਕਿ ਸਾਡਾ ਇਹ ਕੰਮ ਕਰਦਾ ਸੀ ਸੋ ਤੁਸੀਂ ਇਹ ਸਾਰਾ ਝੂਠ ਕਮਾਂਦੇ ਹੋ, ਓਹ ਜੇਹੜਾ ਮਰ ਗਿਆ ਹੈ ਸੋ ਤੁਹਾਡਾ ਕਦੀ ਨਹੀਂ ਸੁਣਦਾ ਹੈ ਤੁਸੀ ਬਿਅਰਥ ਲੋਕਾਂ ਨੂੰ ਸੁਣਾਂਦੇ ਹੋ।

**ਜਿਸਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥ ੫ ॥**

ਗੁਰੂ ਜੀ=ਜਿਸ ਪ੍ਰਮੇਸਰ ਵੱਲੋਂ ਆਦਮੀ ਸੁੱਤਾ ਹੋਇਆ ਹੈ ਜਦੋਂ ਓਹ ਜਗਾਂਦਾ ਹੈ ਤਾਂ ਜਾਗਦਾ ਹੈ ਜੇਕਰ ਇੱਕੁਰ ਅਪਣੇ ਅਸਲੀ ਘਰ ਨੂੰ ਸਮਝ ਲਏ ਤਾਂ ਫਿਰ ਅਵਿਦਿਆ ਨੀਂਦ ਨਹੀਂ ਹੁੰਦੀ।

**ਜੇਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥ ਤਾ ਧਨੁ**

Digitized by Panjab Digital Library | www.panjabdigilib.org

**ਸੰਚਹੁ ਦੇਖਿਕੈ ਬੂਝਹੁ ਬੀਚਾਰੇ ॥ ੬ ॥**

ਜੇ ਚਲਦਾ ਹੋਇਆ ਜੀਵ ਕੁਛ ਧਨ ਅਪਣੇ ਨਾਲ ਲੈ ਚਲਿਆ ਹੋਇਆ ਹੋਵੇ ਤਾਂ ਵੇਖਕੇ ਸਮਝ ਵਿਚਾਰ ਕੇ ਤੁਸੀ ਵੀ ਧਨ ਕੱਠਾ ਕਰੋ ।

**ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥ਅਉ-ਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥ ੭ ॥**

ਇੱਕੁਰ ਦਾ ਬਪਾਰ ਕਰੋ ਜਿਸ ਤੋਂ ਬਹੁਤ ਨਫਾ ਲਓ ਜਿਸ ਕਰਕੇ ਫੇਰ ਪੱਛਾਤਾਪ ਨ ਹੋਵੇ,ਇੱਕੁਰ ਦਾ ਬਪਾਰ ਕੇਹੜਾ ਹੈ?ਔਗੁਣਾਂ ਨੂੰ ਛੱਡਕੇ ਗੁਣਾਂ ਨੂੰ ਧਾਰਨ ਕਰੋ ਇੱਕੁਰ ਤੱਤ ਰੂਪ ਪਰਮੇਸਰ ਨੂੰ ਪੁੱਜ ਜਾਓਗੇ ।

**ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥ ੮ ॥**

ਧਰਮ ਰੂਪ ਬੀ ਬੀਜਣ ਨੂੰ ਚੰਗੀ ਧਰਤੀ ਭਾਰਤਖੰਡ ਸਾਡਾ ਦੇਸ ਹੀ ਹੈ ਇਸ ਵਿੱਚ ਜੰਮਕੇ ਸਤਨਾਮਦਾ ਬੀ ਬੀਜੋ ਇੱਕੁਰਹੀ ਖੇਤੀਕਰੋ ਤਾਂ ਤੁਸੀਬਪਾਰੀ ਜਾਣੇ ਜਾਓਗੇ ਤਾਂ ਪ੍ਰੇਮਾ ਭਗਤੀ ਦਾ ਲਾਭ ਲੈਕੇ ਪ੍ਰਲੋਕ ਵਿੱਚ ਜਾਓਗੇ ।

**ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥ ੯ ॥**

ਜਿਸ ਦੇ ਉੱਤੇ ਵਾਹਿਗੁਰੂ ਦੀ ਕਿਰਪਾ ਹੋਵੇ ਜਾਂ ਚੰਗੇ ਕਰਮ ਪ੍ਰਗਟ ਹੋਣ ਉਸ ਨੂੰ ਸਤਿਗੁਰੂ ਮਿਲਦਾ ਹੈ ਅਤੇ ਜੀਅ ਇਸ ਵਿਚਾਰ ਨੂੰ ਸਮਝਦਾ ਹੈ ਫਿਰ ਨਾਮ ਹੀ ਆਖਦਾ ਹੈ ਨਾਮ ਹੀ ਸੁਣਦਾ ਹੈ ਨਾਮ ਹੀ ਵਿਚਾਰਦਾ ਹੈ ।

**ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥ ੧੦ ॥ ੧੩॥**

ਸੰਸਾਰ ਵਿਚ ਕਰਮਾਂਨੁਸਾਰ ਜਿਸ ਤਰਾਂ ਲਾਭ ਹੁੰਦਾ ਹੈ ਓਸੇ ਤਰਾਂ ਤੋਟਾ ਹੁੰਦਾ ਹੈ ਭਾਵ ਇਹ ਨਫੇ ਨੁਕਸਾਨ ਦੀ ਪਗਡੰਡੀ ਸਦਾ ਚੱਲਦੀ ਆਈ ਹੈ,ਗੁਰੂ ਜੀ=ਜੋ ਕੁਛ ਉਸ ਵਾਹਿਗੁਰੂ ਨੂੰ ਚੰਗਾ ਲਗੇ ਓਹੋ ਹੀ ਵਡਿਆਈ ਸਮਝਣੀ ਚਾਹੀਦੀ ਹੈ ।

**ਆਸਾ ਮਹਲਾ ੧ ॥**

(ਲੰਮੇ ਦੇਸ ਦੀ ਬੋਲੀ ਹੈ)

**ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ ॥ ਜੇ ਤੁਧੁ ਭਾਵੈ**

Digitized by Panjab Digital Library | www.panjabdigilib.org

**ਸਾਹਿਬਾ ਤੂ ਮੈ ਹਉ ਤੈਡਾ ॥ ੧ ॥**

ਨਾਮੀ=ਨਹੀਂ ਹੈ । ਮੈਂ ਚਾਰੇ ਕੂੰਟਾਂ ਢੂੰਢੀਆਂ ਹਨ ਤੇਰੇ ਬਿਨਾਂ ਮੇਰਾ ਕੋਈ ਨਹੀਂ ਹੈ ਹੇ ਮਾਲਕਾ ਜੇ ਤੈਨੂੰ ਮੇਰਾ ਪਰੇਮ ਚੰਗਾ ਲੱਗ ਜਾਵੇ ਤਾਂ ਤੂੰ ਸਾਡਾ ਮਾਲਕ ਹੈਂ ਅਤੇ ਮੈਂ ਤੇਰਾ ਦਾਸ ਹਾਂ ।

**ਦਰੁ ਬੀਭਾ ਮੈ ਨੀਮਿਕੋ ਕੈ ਕਰੀ ਸਲਾਮੁ॥ਹਿਕੋਮੈਡਾ ਤੂ ਧਣੀ ਸਾਚਾ ਮੁਖਿ ਨਾਮੁ ॥ ੧ ॥ ਰਹਾਉ ॥**

ਬੀਭਾ=ਦੂਸਰਾ । ਨੀਮਿ੍=ਨਹੀਂ ਹੈ ਮੈਨੂੰ ਦੂਸਰਾ ਬੂਹਾ ਕੋਈ ਨਹੀਂ ਮੈਂ ਕਿਸਨੂੰ ਸਲਾਮ ਕਰਾਂ?ਤੇਰਾ ਸੱਚਾ ਨਾਮ ਮੂੰਹੋਂ ਉਚਾਰਨ ਕਰਦਾ ਹਾਂ ਮੇਰਾ ਤੂੰ ਹਿਕੋ=ਇਕੋ ਹੀ ਧਣੀ=ਮਾਲਕ ਹੈਂ ।

**ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ॥ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥ ੨ ॥**

ਜੇਹੜੇ ੨ ਸਿੱਧਾਂ ਵਿਚ ਬੜੇ ੨ ਸਿੱਧ ਪੀਰ ਹਨ ਉਹ ਤੈਥੋਂ ਸਿੱਧੀਆਂ ਲੈਣ ਲਈ ਸੇਂਵਦੇ ਹਨ ਅਤੇ ਫਿਰ ਤੇਰੇ ਪਾਸੋਂ ਰਿਧੀਆਂ ਸਿਧੀਆਂ ਮੰਗਦੇ ਹਨ ਜਾਂ ਲੋਕ ਸਿਧੀਆਂ ਵਾਸਤੇ ਸਿਧਾਂ ਪੀਰਾਂ ਨੂੰ ਸੇਂਵਦੇ ਹਨ ਤੇ ਫਿਰ ਉਨਾਂ ਤੋਂ ਰਿਧੀਆਂ ਸਿਧੀਆਂ ਮੰਗਦੇ ਹਨ ਮੈਨੂੰ ਤਾਂ ਗੁਰਾਂ ਨੇ ਇਹ ਅਕਲ ਦਿਤੀ ਹੈ ਕਿ ਕਰਤਾ ਅਕਾਲ ਪੁਰਖ ਦਾ ਨਾਮ ਨਾ ਭੁਲ ਜਵੇ ।

**ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ॥ਗੁਰ ਕਾ ਸਬਦੁ ਨ ਚੀਨ੍ਹੀ ਤਤੁਸਾਰੁ ਨਿਰੰਤਰ ॥ ੩ ॥**

੧੨ ਭੇਖ ਜੋਗੀਆਂ ਦੇ ਠਾਕਰਾਂ ਨੂੰ ਭੋਗ ਲਗਾ ਕੇ ਖਾਣ ਵਾਲੇ ਭੋਗੀ ਕਾਪੜੀਆਂ ਦਾ ਭੇਖ ਇਕ ਦ੍ਵਾਰਕਾ ਦੇ ਪਾਸ ਹੈ ਭੌਣ ਵਾਲੇ ਜੀ ਕੁੱਛ ਹਨ ਕਿਉਂ ਜੋ ਫਿਰਨ ਤੋਂ ਰਹਿਤ ਗੁਰ ਉਪਦੇਸ਼ ਜੋ ਤਤਸਾਰ ਹੈ ਉਸ ਨੂੰ ਨਹੀਂ ਜਾਣਦੇ ਹਨ ।

**ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥੪॥**

ਪੰਡਤ, ਪਾਂਧੇ, ਜੋਤਸ਼ੀ, ਹੋਰ ਜੇਹੜੇ ਰੋਜ ਹੀ ਪੁਰਾਣਾਂ ਨੂੰ ਪੜ੍ਹਾਂਦੇ ਹਨ ਗੁਰੂ ਦੀ ਕਿਰਪਾ ਤੋਂ ਬਿਨਾਂ ਜੇਹੜੀ ਦਿਲਦੇ ਅੰਦਰ ਪ੍ਰਮੇਸਰ ਵਸਤੂ ਹੈ ਉਸਨੂੰ ਨਹੀਂ ਜਾਣਦੇ ਹਨ ਓਹ ਪ੍ਰਮੇਸਰ ਦਿਲ ਦੇ ਅੰਦਰ ਹੀ ਲੁਕਿਆ ਹੋਇਆ ਹੈ ।

**ਇਕਿਤਪਸੀ ਬਨਮਹਿ ਤਪੁ ਕਰਹਿ ਨਿਤ ਤੀਰਥਵਾਸਾ॥**

**ਆਪੁ ਨ ਚੀਨ੍ਹਹਿ ਤਾਮਸੀ ਕਾਹੇ ਭਏ ਉਦਾਸਾ ॥ ੫ ॥**

ਇਕ ਤ੍ਰਪਸੀ ਜੰਗਲ ਵਿਚ ਬੈਠਕੇ ਤਪੱਸਿਆ ਕਰਦੇ ਹਨ, ਇਕ ਤੀਰਥਾਂ ਦੇ ਉਤੇ ਸਦਾ ਹੀ ਨਿਵਾਸ ਕਰਦੇ ਹਨ ਪਰ ਜਿਤਨਾਂ ਚਿਰ ਓਹ ਆਪਣੇ ਆਪ ਨੂੰ ਨਹੀਂ ਪਛਾਂਣਦੇ ਹਨ ਕਿ ਮੈਂ ਕੀ ਵਸਤੂ ਹਾਂ ਉਨਾਂ ਚਿਰ ਓਹ ਉਦਾਸੀ ਹੀ ਹੋਏ ਰਹਿਣਗੇ ਭਾਵ ਉਨਾਂ ਦੀ ਉਦਾਸਤਾਈ ਵਿਖਾਉਣੀ ਕਿਸੇ ਲੇਖੇ ਨਹੀਂ ਹੈ ।

**ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥**

**ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥੬॥**

ਇਕ ਬੀਰਜ ਨੂੰ ਜਤਨ ਕਰਕੇ ਰੱਖਦੇ ਹਨ ਓਹ ਆਪਣੇ ਆਪ ਨੂੰ ਜਤੀ ਕਹਾਂਦੇ ਹਨ ਗੁਰ ਉਪਦੇਸ਼ ਬਿਨਾਂ ਓਹ ਛੁੱਟਦੇ ਨਹੀਂ ਹਨ ਭਰਮ ਕਰਕੇ ਆਉਂਦੇ ਜਾਂਦੇ ਹਨ ।

**ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥**

**ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ ॥੭॥**

ਗੁਰੂ ਜੀ=ਜੇਹੜੇ ਇਕ ਗ੍ਰਿਹਸਤੀ ਪ੍ਰਮੇਸਰ ਦੇ ਸੇਵਕ ਚੰਗਿਆਂ ਕੰਮਾਂ ਦੇ ਕਰਨ ਵਾਲੇ ਗੁਰ ਦੀ ਸਿਖਿਆ ਵਿੱਚ ਲੱਗੇ ਹਨ ਜਿਨਾਂ ਨੇ ਨਾਮ ਦਾਨ ਇਸ਼ਨਾਨ ਨੂੰ ਦ੍ਰਿੜ ਕੀਤਾ ਹੈ ਓਹ ਪ੍ਰਮੇਸਰ ਦੀ ਭਗਤੀ ਵਿਚ ਜਾਗਦੇ ਹਨ।

**ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥ ੮ ॥ ੧੪ ॥**

ਗੁਰੂ ਤੋਂ ਘਰ=ਸਰੀਰ ਦੇ ਅੰਦਰ ਹੀ ਗਿਆਨ ਦਰਵਾਜਾ ਲੱਭ ਕੇ ਸਰੂਪ ਨੂੰ ਜਾਣੀਦਾ ਹੈ ਕੌਣ ਜਾਣਦਾ ਹੈ? ਜੇਹੜਾ ਸਤਸੰਗ ਦੀ ਜਾਇ=ਜਗ੍ਹਾ ਨੂੰ ਜਾਣਦਾ ਹੈ ਜਾ ਉਹ ਜਾ ਕੇ ਸਿਞਾਣ ਲੈਂਦਾ ਹੈ ਗੁਰੂ ਜੀ=ਜਿਨਾਂ ਨੂੰ ਨਾਮ ਨਹੀਂ ਵਿਸਰਦਾ ਹੈ ਓਹ ਸੱਚੇ ਦੇ ਮਨ ਨੂੰ ਚੰਗੇ ਲੱਗੇ ਹਨ।

## ਆਸਾ ਮਹਲਾ ੧ ॥

**ਮਨਸਾ ਮਨਹਿ ਸਮਾਇਲੇ ਭਉਜਲ ਸਚਿ ਤਰਣਾ॥**

**ਆਦਿ ਜੁਗਾਦਿ ਦਇਆਲੁ ਤੂ ਠਾਕੁਰ ਤੇਰੀ ਸਰਣਾ॥੧॥**

ਮੇਰੀ ਮਨਸਾ=ਵਾਸ਼ਨਾਂ ਨੂੰ ਮਨਹਿ=ਮਨ੍ਹੇ ਕਰਕੇ ਭਾਵ ਮੋੜ ਕੇ ਮੈਨੂੰ ਅਪਣੇ ਵਿਚ ਸਮਾ ਲੈ ਭਾਵ ਮਿਲਾ ਲੈ ਜਿਸ ਕਰਕੇ ਸੰਸਾਰ ਸਮੁੰਦਰ ਤੋਂ ਮੇਰਾ ਤਰਨਾ ਹੋ ਜਾਵੇ, ਹੇ ਪ੍ਰਮੇਸਰਾ ਤੂੰ ਆਦ ਜੁਗਾਦ ਦਿਆਲੂ ਸੱਚਾ ਮਾਲਕ

Digitized by Panjab Digital Library | www.panjabdigilib.org

ਹੈਂ ਮੈਂ ਤੇਰੀ ਸ਼ਰਨ ਆਇਆਂ ਹਾਂ।ਸਚ=ਠੀਕ ਜਾਂ ਸੱਚਾ।

ਤੂ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ॥ ਗੁਰਮੁਖਿ ਨਾਮੁ ਧਿਆਈਐ ਮਨੁ ਮੰਦਰੁ ਭੀਜੈ॥੧॥ ਰਹਾਉ॥

ਹੇ ਹਰੀ ਤੂੰ ਦਾਤਾ ਹੈਂ ਅਸੀ ਮੰਗਤੇ ਹਾਂ ਸਾਨੂੰ ਆਪਣਾ ਦਰਸ਼ਨ ਦੇਹ ਅਸੀਂ ਗੁਰਾਂ ਦੁਆਰੇ ਤੇਰੇ ਨਾਮ ਨੂੰ ਧਿਆਂਵਦੇ ਹਾਂ ਜਿਸ ਕਰਕੇ ਹੇ ਮੰਦਰ= ਆਸਰਾ ਰੂਪ ਪ੍ਰਮੇਸਰਾ!ਤੇਰੇ ਨਾਮ ਵਿਚ ਮੇਰਾ ਮਨ ਭਿੱਜ ਜਾਵੇ।

ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥ ੨ ॥

ਜੇ ਝੂਠਾ ਲੋਭ ਛੱਡੀਏ ਤੇ ਤਾਂ ਸੱਚ ਨੂੰ ਪਛਾਣੀਦਾ ਹੈ ਜਦੋਂ ਗੁਰ ਉਪਦੇਸ਼ ਵਿਚ ਸਮਾ ਜਾਈਏ ਤਾਂ ਪਰਮਅਰਥ ਪ੍ਰਮੇਸਰ ਨੂੰ ਜਾਣੀਦਾ ਹੈ।

ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ॥ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿਆਈ ॥ ੩ ॥

ਇਹ ਮਨ ਲੋਭੀਆਂ ਦਾ ਰਾਜਾ ਹੈ ਲੁਭਤਉ=ਲੋਭ ਵਾਲਾ ਹੋਕੇ ਹੋਰਨਾਂ ਨੂੰ ਵੀ ਲੋਭਾਂਦਾ ਹੈ ਇਸ ਲਈ ਗੁਰਮੁਖ ਹੋਕੇ ਲੋਭ ਨੂੰ ਦੂਰ ਕਰੀਏ; ਜਿਸ ਨੇ ਲੋਭ ਦੂਰ ਕੀਤਾ ਹੈ ਉਸ ਦੀ ਪ੍ਰਮੇਸਰ ਨਾਲ ਬਣ ਆਈ ਹੈ।

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥ ੪ ॥

ਜੇਕਰ ਕੱਲਰ ਵਿਚ ਖੇਤੀ ਬੀਜੀ ਜਾਵੇ ਤਾਂ ਆਦਮੀ ਲਾਭ ਕਿਸਤਰਾਂ ਪਾਵੇਗਾ ਜੇਹੜੇ ਮਨਮੁਖ ਸੱਚ ਵਿਚ ਨਹੀਂ ਭਿੱਜਦੇ ਹਨ ਓਹਝੂਠੇਟੋਰ ਝੂਠਿਆਂ ਕੰਮਾਂ ਵਿਚ ਮਨ ਨੂੰ ਗੱਡਦੇ ਗਡਾਂਦੇ ਹਨ ਭਾਵ ਲਾਂਦੇ ਹਨ।

ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥ ੫ ॥

ਹੇ ਅੰਨਿਓ ਪਦਾਰਥਾਂ ਦਾ ਲਾਲਚ ਛਡ ਦਿਓ ਲਾਲਚ ਵਿਚ ਬੜਾ ਭਾਰਾ ਦੁਖ ਹੈ ਜਦੋਂ ਸੱਚਾ ਮਾਲਕ ਤੁਹਾਡੇ ਮਨ ਵਿਚ ਵੱਸ ਜਾਵੇਗਾ ਤਾਂ ਹੰਗਤਾ ਮਮਤਾ ਜ਼ਹਰ ਮਾਰੀ ਜਾਵੇਗੀ ਤੇ ਤਾਂ ਸੁਖੀ ਹੋਵੋਗੇ।

ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥ ੬ ॥

Digitized by Panjab Digital Library | www.panjabdigilib.org

ਹੇ ਭਰਾ ਦ੍ਵੈਤ ਵਾਲੀ ਖੋਟੀ ਭੈੜੀ ਛਡ ਦਿਓ ਨਹੀਂ ਤਾਂ ਲੁਟੇ ਜਾਓਗੇ ਸਤਗੁਰਾਂ ਦੀ ਸ਼ਰਨ ਫੜੋ ਰਾਤ ਦਿਨ ਨਾਮ ਨੂੰ ਸਲਾਹੋ ਤਾਂ ਬਚੋਗੇ।

**ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥ ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ ॥੭॥**

ਮਨਮੁਖ ਆਦਮੀ ਸੈਲ=ਪਹਾੜ ਦੇ ਖੁਸ਼ਕ ਪੱਥਰ ਵਰਗਾ ਕਪੜਾ ਹੈ ਉਸਦੇ ਜੀਵਨਨੂੰ ਧਿਰਕਾਰ ਹੈ ਕਿਉਂ ਓਹ ਫਿਕਾ ਬੋਲਦਾ ਹੈ ਓਹ ਪੱਥਰ ਭਾਵੇਂ ਕਿਤਨਾ ਹੀ ਚਿਰ ਪਾਣੀ ਵਿਚ ਰੱਖੀਏ ਪਰ ਉਸ ਦਾ ਅੰਦਰ ਸੁੱਕਾ ਰਹਿੰਦਾ ਹੈ ਇਕੁਰ ਹੀ ਮਨਮੁਖ ਭਾਵੇਂ ਸਤਸੰਗ ਵਿਚ ਰਹੇ ਪਰ ਉਸ ਦਾ ਰਿਦਾ ਪ੍ਰੇਮ ਵਿਚ ਨਹੀਂ ਭਿੱਜਦਾ ਹੈ, ਓਹ ਅੰਦਰੋਂ ਸੁਕ ਹੀ ਰਹਿੰਦਾ ਹੈ।

**ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ॥ ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ ॥ ੮ ॥ ੧੫ ॥**

ਹਰੀ ਦਾ ਨਾਮ ਖਜ਼ਾਨਾ ਹੈ ਸੋ ਸ ਨੂੰ ਪੂਰਿਆਂ ਗੁਰਾਂ ਦਿਤਾ ਹੈ ਗੁਰੂ ਜੀ= ਓਹ ਨਾਮ ਮੈਨੂੰ ਭੁਲਦਾ ਨਹੀਂ ਹੈ ਉਸ ਨੂੰ ਵਿਚਾਰ ਕੇ ਆਤਮ ਅਨੰਦ ਅੰਮ੍ਰਿਤ ਪੀਤਾ ਹੈ।

## ਆਸਾ ਮਹਲਾ ੧ ॥

**ਚਲੇ ਚਲਣਹਾਰ ਵਾਟ ਵਟਾਇਆ ॥ ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ ॥ ੧ ॥**

ਜਿਨਾਂ ਨੇ ਪ੍ਰਮੇਸਰ ਦੇ ਮਿਲਾਪ ਦੇ ਵਾਟ=ਰਸਤੇ ਨੂੰ ਵਟਾਇਆ= ਬਦਲਿਆ ਭਾਵ ਛੱਡਿਆ ਹੈ, ਓਹ ਆਦਮੀ ਚੱਲਣ ਵਾਲੇ ਹੋਕੇ ਜਾਂ ਨਾਸਵੰਤ ਹੋਕੇ ਨਰਕਾਂ ਨੂੰ ਕਰਮਾਂ ਨੁਸਾਰ ਚਲੇ ਜਾਂਦੇ ਹਨ ਜਾਂ ਗੁਰਮੁਖ ਸੰਸਾਰਨੂੰ ਚੱਲਣ ਵਾਲਾ ਸਮਝਕੇ ਰਸਤੇ ਨੂੰ ਸਾਰਿਆਂ ਪਾਸਿਆਂ ਤੋਂ ਵਟਾ ਚੱਲੇ ਹਨ ਪ੍ਰਮੇਸਰ ਦੇ ਰਸਤੇ ਜਾਂਦੇ ਹਨ ਤੇ ਸੰਸਾਰੀ ਆਦਮੀ ਸੰਸਾਰ ਦੇ ਧੰਧਿਆਂ ਨੂੰ ਪਿੱਟਦੇ ਹਨ ਕਿਉਂਕਿ ਇਹਨਾਂ ਨੂੰ ਸੱਚਾ ਚੰਗਾ ਨਹੀਂ ਲੱਗਾ ਹੈ।

**ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ ॥ ਮਮਤਾ ਮੋਹੁ ਵਿਸਰਜਿਆ ਆਪਨੈ ਘਰਿ ਆਇਆ ॥ ੧ ॥ ਰਹਾਉ ॥**

ਹੇ ਭਰਾ ਹੁਣ ਤੀਰਥਾਂ ਉੱਤੇ ਕੀ ਭੌਂਣਾ ਹੈ ਅਤੇ ਕੀ ਲੱਭਣਾ ਹੈ ਸਾਨੂੰ ਗੁਰ-ਉਪਦੇਸ਼ਨੇ ਰੱਬ ਵਿਖਾ ਦਿਤਾ ਹੈ ਜਦੋਂ ਅਸਾਂ ਹੰਗਤਾ ਤੇ ਮੋਹ ਛੱਡਿਆ ਹੈ ਤਾਂ ਸਾਡਾ ਮਨ ਅਪਣੇ ਅਸਲੀ ਘਰ ਵਿੱਚ ਆ ਗਿਆ ਹੈ ਭਾਵ ਪਰਮੇਸਰ ਪ੍ਰਾਪਤੀ ਹੈ।

Digitized by Panjab Digital Library | www.panjabdigilib.org

**ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ॥ ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ ॥ ੨ ॥**

ਸੱਚਾ ਆਦਮੀ ਪ੍ਰਮੇਸਰ ਨਾਲ ਸੱਚੇ ਨਾਮ ਕਰਕੇ ਮਿਲਦਾ ਹੈ ਝੂਠ ਕਰਕੇ ਸੱਚ ਨਹੀਂ ਪਾਈਦਾ ਹੈ ਸੱਚੇ ਨਾਲ ਚਿਤ ਲਾਕੇ ਫਿਰ ਸੰਸਾਰ ਵਿੱਚ ਨਹੀਂ ਆਈਦਾ ਹੈ ਮੁਕਤ ਹੋ ਜਾਈਦਾ ਹੈ ।

**ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੂ॥ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੁ ॥ ੩ ॥**

ਜੇਹੜੇ ਮਰ ਗਏ ਹਨ ਉਹਨਾਂ ਨੂੰ ਕੀ ਰੋਂਦੇ ਹੋ ਤੁਸੀ ਅਸਲੀ ਰੋਣਾ ਨਹੀਂ ਜਾਣਦੇ ਹੋ ਸੱਚੇ ਨੂੰ ਸਲਾਹੁਣ ਵਿੱਚ ਤੇ ਉਸਦੇ ਹੁਕਮ ਨੂੰ ਸਮਝਣ ਵਾਸਤੇ ਰੋਵੋ,ਇਹ ਰੋਣਾ ਠੀਕ ਹੈ ।

**ਹੁਕਮੀ ਵਜਹੁ ਲਿਖਾਇ ਆਇਆ ਜਾਣੀਐ ॥ ਲਾਹਾ ਪਲੈ ਪਾਇ ਹੁਕਮੁ ਸਿਞਾਣੀਐ ॥ ੪ ॥**

ਸੰਸਾਰ ਦੇ ਜਿਤਨੇ ਦੁਖ ਸੁਖ ਹਨ ਇਹ ਤਾਂ ਹੁਕਮੀ=ਪ੍ਰਮੇਸਰ ਤੋਂ ਕਰ-ਮਾਂਨੁਸਾਰ ਵਜਹੁ=ਮਹੀਨਾ ਜਾਂ ਛਿਆਂ ਮਹੀਨਿਆਂਦੀ ਤਨਖਾਹ ਜੀਵਲਿਖਾਕੇ ਆਇਆ ਹੋਇਆ ਜਾਣੀਦਾ ਹੈ, ਲਾਭ ਤੇ ਤਾਂ ਪੱਲੇ ਵਿੱਚ ਪਵੇਗਾ ਜਦੋਂ ਉਸ ਦੇ ਹੁਕਮ ਨੂੰ ਸਮਝੇਗਾ ਭਾਵ ਸੁਖ ਦੁਖ ਹਾਨ ਲਾਭ ਨੂੰ ਭਾਣਾ ਮੰਨੇਗਾ ।

**ਹੁਕਮੀ ਪੈਧਾ ਜਾਇ ਦਰਗਹ ਭਾਣੀਐ ॥ ਹੁਕਮੇ ਹੀ ਸਿਰਿ ਮਾਰ ਬੰਦਿ ਰਬਾਣੀਐ ॥ ੫ ॥**

ਜੇਹੜਾ ਆਦਮੀ ਹੁਕਮੀ ਦੇ ਹੁਕਮ ਕਰਕੇ ਭਗਤੀ ਦਾ ਪੁਸ਼ਾਕਾ ਪਾਕੇ ਜਾਂਦਾ ਹੈ ਓਹ ਦਰਗਾਹ ਵਿੱਚ ਪਰਮੇਸਰਨੂੰ ਚੰਗਾਲਗਦਾਹੈ ਮਨਮੁਖ ਮਾੜੇਕੰਮ ਕਰਦੇਹਨ ਓਹਨਾਂ ਨੂੰ ਬੰਦਰਬਾਣੀਐ=ਰਬਦੇ ਬੰਦੇ ਜਮਦੂਤ ਹੁਕਮ ਨਾਲ ਸਿਰ ਉਤੇ ਮਾਰਦੇ ਹਨ ਜਾਂ ਓਹ ਰੱਬ ਦੀ ਕੈਦ ਵਿੱਚ ਹਨ ਸਿਰ ਤੇ ਸੁਆਹ ਪੈਂਦੀਹੈ ਜਾਂ ਜਿਨਾਂ ਦੀ ਬਾਂਦਰਾਂ ਵਰਗੀ ਆਦਤਹੈ ਓਹਨਾਂਦੇ ਸਿਰਉੱਤੇਮਾਰ ਪੈਂਦੀਹੈ।

**ਲਾਹਾ ਸਚੁ ਨਿਆਉ ਮਨਿ ਵਸਾਈਐ ॥ ਲਿਖਿਆ ਪਲੈ ਪਾਇ ਗਰਬੁ ਵਞਾਈਐ ॥ ੬ ॥**

ਜਦੋਂ ਝੂਠ ਸੱਚ ਦਾ ਨਿਆਂ ਮਨ ਵਿੱਚ ਵਸਾਈਏ ਭਾਵ ਧਾਰੀਏ,ਸੋਚੀਏ ਤਾਂ ਮਨੁੱਖ ਜਨਮ ਦਾ ਲਾਭ ਮਿਲਦਾ ਹੈ ਜੇਹੜਾ ਸਾਡੇ ਮੱਥੇ ਵਿੱਚ ਲਿਖਿਆ ਹੈ ਓਹੋ ਹੀ ਸਾਨੂੰ ਮਿਲੇਗਾ ਜਦੋਂ ਇੱਕੁਰ ਭਰੋਸਾ ਹੋਵੇ ਤਾਂ ਹੰਕਾਰਦੂਰ ਕਰੀਦਾ ਹੈ।

Digitized by Panjab Digital Library | www.panjabdigilib.org

ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ ॥ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ ॥ ੭ ॥

ਮਨਮੁਖਾਂ ਨੂੰ ਰਸਤੇ ਵਿੱਚ ਖਪਾਈਦਾ ਹੈ ਓਹ ਓੜਕ ਨੂੰ ਸਿਰ ਉੱਤੇ ਜਮਦੂਤਾਂ ਦੀ ਮਾਰ ਖਾਂਦੇਹਨ ਝੂਠੀ ਮਾਇਆ ਦੀ ਠੱਗੀ ਵਿੱਚ ਸਾਰੀ ਦੁਨੀਆਂ ਠੱਗੀ ਹੋਈ ਹੈ ਅੰਤ ਨੂੰ ਬੰਨ੍ਹ ਕੇ ਜਮਦੂਤਾਂ ਦੇ ਨਾਲ ਚਲਾਈ ਜਾਂਦੀਹੈ ।

ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ ॥ ਗੁਨਹਾ ਬਖਸਣਹਾਰੁ ਸਬਦੁ ਕਮਾਵਹੀ ॥ ੮ ॥

ਜੇਹੜੇ ਮਾਲਕ ਨੂੰ ਰਿਦੇ ਵਿੱਚ ਵਸਾਂਦੇ ਹਨ ਓਹ ਫਿਰ ਪਛਤਾਂਦੇ ਨਹੀਂ ਹਨ ਸਬਦ ਦੀ ਕਮਾਈ ਕਰਕੇ ਓਹ ਆਪ ਹੀ ਗੁਨਾਹਾਂ ਦੇ ਬਖਸ਼ਣ ਵਾਲੇ ਹੋ ਜਾਂਦੇ ਹਨ ਭਾਵ ਓਹ ਬਖਸ਼ੇ ਜਾਂਦੇ ਹਨ ।

ਨਾਨਕੁ ਮੰਗੈ ਸਚੁ ਗੁਰਮੁਖਿ ਘਾਲੀਐ॥ਮੈ ਤੁਝਬਿਨੁ ਅਵਰੁ ਨ ਕੋਇ ਨਦਰਿ ਨਿਹਾਲੀਐ ॥ ੯ ॥ ੧੬ ॥

ਗੁਰੂ ਜੀ=ਮੈਂ ਸੱਤਨਾਮ ਦਾ ਦਾਨ ਮੰਗਦਾ ਹਾਂ ਗੁਰਾਂ ਦੁਆਰੇ ਮੈਨੂੰ ਦਿਓ ਮੈਨੂੰ ਤੈਥੋਂ ਬਿਨਾ ਦੂਸਰਾ ਹੋਰ ਕੋਈ ਨਹੀਂ ਹੈ ਇਸ ਲਈ ਕਿਰਪਾ ਦ੍ਰਿਸ਼ਟੀ ਨਾਲ ਵੇਖਕੇ ਨਿਹਾਲ ਕਰੋ ।

## ਆਸਾ ਮਹਲਾ ੧ ॥

ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ ॥ ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ ॥ ੧ ॥

ਮੈਨੂੰ ਰਿਦੇ ਘਰ ਦੇ ਅੰਦਰ ਹੀ ਜੰਗਲ ਹਰਿਆ ਭਰਿਆ ਭਾਵ ਅਨੰਦ ਸੁਖ ਵਾਲਾ ਜਾਪਦਾ ਹੈ ਭਾਵ ਸਭ ਰਕ ਜੀਆਂ ਵਿੱਚ ਰੱਬ ਦੀਹਦਾ ਹੈ ਮੈਂ ਜੰਗਲ ਵਿੱਚ ਜਾਕੇ ਕੀ ਲਭਾਂ ਗੁਰੂ ਦੇ ਉਪਦੇਸ਼ ਕਰਕੇ ਉਤਾਵਲਾ=ਛੇਤੀ ਨਾਲ ਦਿਲ ਦੇ ਅੰਦਰਸੱਚਾ ਆ ਟਿਕਦਾ ਹੈ ।

ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ ॥ ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥ ੧ ॥ ਰਹਾਉ ॥

ਹੁਣ ਮੈਂ ਜਿਥੇ ਵੇਖਾਂ ਉਥੇ ਹੀ ਰਬ ਹੈ ਹੁਣ ਕੋਈ ਦੂਸਰਾ ਨਹੀਂ ਜਾਣੀਦਾ ਹੈ ਜੇਹੜੇ ਗੁਰਾਂ ਦੀ ਕਾਰ ਸੇਵਾ ਕਮਾਂਦੇ ਹਨ ਓਹ ਆਪਣੇ ਘਰ ਨੂੰ

Digitized by Panjab Digital Library | www.panjabdigilib.org

ਪਛਾਣਦੇ ਹਨ।

**ਆਪਿ ਮਿਲਾਵੈ ਸਚੁ ਤਾ ਮਨਿ ਭਾਵਈ॥ ਚਲੈ ਸਦਾ ਰਜਾਇ ਅੰਕਿ ਸਮਾਵਈ ॥ ੨ ॥**

ਜਦੋਂ ਆਪਣੇ ਆਪ ਨੂੰ ਸੱਚ ਵਿਚ ਮਿਲਾਵੇ ਤੇ ਤਾਂ ਮਨ ਵਿਚ ਸੱਚ ਭਾਂ ਦਾ ਹੈ ਤੇ ਤਾਂ ਹੀ ਸਦਾ ਆਗਿਆ ਵਿਚ ਚੱਲਦਾ ਹੈ ਅਤੇ ਪ੍ਰਮੇਸਰ ਦੇ ਗਲ ਨਾਲ ਜਾਂ ਜੱਫੀ ਪਾਕੇ ਮਿਲ ਜਾਂਦਾ ਹੈ।

**ਸਚਾ ਸਾਹਿਬੁ ਮਨਿ ਵਸੈ ਵਸਿਆ ਮਨਿ ਸੋਈ॥ ਆਪੇ ਦੇ ਵਡਿਆਈਆ ਦੇ ਤੋਟਿ ਨ ਹੋਈ ॥ ੩ ॥**

ਜਿਸ ਦੇ ਮਨ ਵਿਚ ਸੱਚਾ ਮਾਲਕ ਵੱਸਦਾ ਹੈ ਓਹ ਮਨ ਵੱਸਿਆ ਭਾਵ ਟਿਕਿਆ ਹੋਇਆ ਸਮਝਣਾ ਚਾਹੀਦਾ ਹੈ ਉਸ ਨੂੰ ਆਪ ਹੀ ਪ੍ਰਮੇਸਰ ਵਡਿਆਈ ਦੇਂਦਾ ਹੈ ਫਿਰ ਉਸਦੀ ਦਿਤੀ ਵਡਿਆਈ ਵਿਚ ਕਦੀ ਘਾਟਾ ਨਹੀਂ ਪੈਂਦਾ ਹੈ।

**ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ॥ ਪਥਰ ਕੀ ਬੇੜੀ ਜੇ ਚੜੈ ਭਰਨਾਲਿ ਬੁਡਾਵੈ ॥ ੪ ॥**

ਗੁਰਾਂ ਨੇ ਆਖਿਆ ਇਹ ਕੰਮ ਹੁਣੇ ਕਰ ਸਿੱਖ ਨੇ ਆਖਿਆ ਠਹਿਰ ਕੇ ਜਦੋਂ ਮੇਰੀ ਮਰਜੀ ਹੋਊਗੀ ਕਰਾਂਗਾ, ਇੱਕੁਰ ਦੀ ਨੌਕਰੀ ਵਾਲਾ ਨੌਕਰ ਪ੍ਰਮੇਸਰ ਦੇ ਦਰਬਾਰ ਵਿਚ ਸੁਖ ਜਾਂ ਚੰਗਾ ਥਾਂ ਜਾਂ ਆਦਰ ਮਾਨ ਕਿਸਤਰਾਂ ਪਾਵੇ ਭਾਵ ਨਹੀਂ ਪਾਂਦਾ ਹੈ ਜੇਹੜੀ ਪੱਥਰ ਦੀ ਬੇੜੀ ਕੁਸੰਗਤ ਹੈ ਉਸ ਉਤੇ ਜੇਹੜਾ ਚੜ੍ਹੇਗਾ ਉਸ ਨੂੰ ਸੰਸਾਰ ਰੂਪ ਭਰ ਨਾਲ–ਸਮੁੰਦਰ ਜਰੂਰ ਡੋਬ ਲਏਗਾ।

**ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥ ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥ ੫ ॥**

ਇਸ ਲਈ ਸਤ ਸੰਗਤ ਵਿਚ ਅਪਣਾ ਮਨ ਵੇਚ ਦੇਈਏ ਸਿਰ ਵੀ ਨਾਲ ਹੀ ਦੇ ਦੇਈਏ ਭਾਵ ਹੰਕਾਰ ਛੱਡੀਏ ਜੇਹੜਾ ਗੁਰਾਂਦੁਆਰੇ ਆਤਮ ਵਸਤੂ ਨੂੰ ਪਛਾਣਦਾ ਹੈ ਜੇਹੜਾ ਅਪਣੇ ਦਿਲਦੇ ਅੰਦਰ ਹੀ ਲੱਭਦਾ ਹੈ ਭਾਵ ਵਿਚਾਰਦਾ ਹੈ ਉਹ ਸੁਖ ਪਾਂਦਾ ਹੈ।

**ਜੰਮਣ ਮਰਣਾ ਆਖੀਐ ਤਿਨਿ ਕਰਤੈ ਕੀਆ॥ ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ ॥ ੬ ॥**

Digitized by Panjab Digital Library | www.panjabdigilib.org

ਜੇਹੜਾ ਜੰਮਣਾ ਮਰਨਾ ਆਖੀਦਾ ਹੈ ਉਹ ਤਾਂ ਉਸ ਕਰਤਾਰ ਨੇ ਹੀ ਕੀਤਾ ਹੈ ਜਿਨਾਂ ਨੇ ਹੰਕਾਰ ਨੂੰ ਗਵਾਇਆ ਹੈ ਓਹ ਪ੍ਰਮੇਸਰ ਦੇ ਨਾਲ ਮਿਲ ਗਏ ਹਨ ਉਨਾਂ ਨੂੰ ਓਹ ਮਰਨਾ ਨਹੀਂ ਹੋਇਆ ਹੈ।

**ਸਾਈ ਕਾਰ ਕਮਾਵਣੀ ਧੁਰਕੀ ਫੁਰਮਾਈ ॥ ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ ॥ ੭ ॥**

ਜੇਹੜੀ ਧੁਰ ਦੀ ਕਾਰ=ਭਗਤੀ ਆਖੀ ਹੋਈ ਹੈ ਉਹੋ ਹੀ ਕਮਾਣੀ ਚੰਗੀ ਹੈ ਜੇਹੜੇ ਆਪਣਾ ਮਨ ਦੇਕੇ ਸਤਿਗੁਰਾਂ ਨੂੰ ਮਿਲ ਗਏ ਹਨ ਓਨਾਂ ਦੀ ਫਿਰ ਕੀਮਤ ਕਿਸਨੇ ਪਾਈ ਹੈ? ਭਾਵ ਕਿਸੇ ਨਹੀਂ।

**ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ॥ ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥ ੮॥ ੧੭॥**

ਜੇਹੜਾ ਆਦਮੀ ਰਤਨਾਂ=ਵੈਰਾਗ ਬਿਬੇਕ ਆਦਕਾਂ ਦੇ ਧਾਰਨ ਪਰਖਣ ਵਾਲਾ ਹੈ ਓਹੋ ਹੀ ਧਣੀ ਸ਼ਾਹੂਕਾਰ ਪ੍ਰਮੇਸਰ ਦਾ ਪਾਰਖੂ ਹੈ ਉਸ ਨੇ ਉਸਦੀ ਕੀਮਤ ਪਾਈ ਹੈ ਗੁਰੂ ਜੀ=ਜਿਸ ਦੇ ਮਨ ਵਿਚ ਮਾਲਕ ਵੱਸਦਾ ਹੈ ਉਸ ਦੀ ਸੱਚੀ ਵਡਿਆਈ ਹੁੰਦੀ ਹੈ।

## ਆਸਾ ਮਹਲਾ ੧ ॥

**ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥ ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥ ੧ ॥**

ਜਿਨਾਂ ਨੇ ਨਾਮ ਨੂੰ ਭੁਲਾ ਦਿਤਾ ਹੈ ਓਨਾਂ ਦੀ ਅਕਲ ਦੂਸਰੇ ਭਾ ਨੇ ਭਰਮ ਵਿਚ ਭੁਲਾ ਦਿਤੀ ਹੈ ਜੇਹੜੇ ਮੁੱਢ ਨੂੰ ਛੱਡ ਕੇ ਟਾਹਣੀਆਂ ਨਾਲ ਲੱਗੇ ਹਨ ਭਾਵ ਪ੍ਰਮੇਸਰ ਨੂੰ ਛੱਡਕੇ ਭੂਤਾਂ ਨੂੰ ਪੂਜਦੇ ਹਨ ਓਹ ਕੀ ਪਾਣਗੇ? ਭਾਵ ਓਨਾਂ ਦੇ ਸਿਰ ਵਿਚ ਸੁਆਹ ਪਵੇਗੀ।

**ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ॥ ਗੁਰਮੁਖਿ ਹੋਇ ਤ ਛੂਟੀਐ ਮਨਮੁਖਿ ਪਤਿ ਖੋਈ ॥ ੧ ॥ ਰਹਾਉ ॥**

ਜੇ ਕੋਈ ਸਮਝੇ ਤੇ ਤਾਂ ਦੇਖੇ ਕਿ ਭਲਾ ਨਾਮ ਤੋਂ ਬਿਨਾ ਸੰਸਾਰਕ ਬੰਧਨਾਂ ਤੋਂ ਕਿਸ ਤਰਾਂ ਛੁਟਦਾ ਹੈ ਜਦੋਂ ਗੁਰਮੁਖ ਹੋਈਦਾ ਹੈ ਤੇ ਤਾਂ ਛੁਟੀਦਾ ਹੈ ਤੇ ਮਨਮੁਖਤਾ ਕਰਕੇ ਇਜ਼ਤ ਖੋਹੀ ਜਾ ਸਕਦੀ ਹੈ।

**ਜਿਨ੍ਹੀ ਏਕੋ ਸੇਵਿਆ ਪੂਰੀ ਮਤਿ ਭਾਈ ॥ ਆਦਿ**

Digitized by Panjab Digital Library | www.panjabdigilib.org

**ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ ॥ ੨ ॥**

ਹੇ ਭਰਾ ਜਿਨਾਂ ਨੇ ਇੱਕ ਨੂੰ ਸੇਵਿਆ ਹੈ ਓਨਾਂ ਦੀ ਅਕਲ ਪੂਰੀ ਹੈ ਓਹ ਭਗਤ ਜਨ ਸਦਾ ਨਿਰੰਜਨ ਪਰਮੇਸਰ ਦੀ ਸਰਨ ਵਿਚ ਰਹਿੰਦੇ ਹਨ।

**ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥ ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ ॥ ੩ ॥**

ਹੇ ਭਰਾ ਮੇਰਾ ਮਾਲਕ ਇਕ ਹੈ ਹੋਰ ਕੋਈ ਦੂਸਰਾ ਉਸਦੇ ਬਰਾਬਰ ਨਹੀਂ ਹੈ, ਗੁਰਾਂ ਦੀ ਕਿਰਪਾ ਨਾਲ ਸਚੇ ਪਰਥਾਈ ਪਰਮੇਸਰ ਦੀ ਪ੍ਰਾਪਤੀ ਦਾ ਸੁਖ ਪਾਇਆ ਹੈ.ਪਰਥਾਈ=ਵਿਸ਼ੇਸ਼ ਕਰਕੇ ਜੇਹੜਾ ਸਾਰਿਆਂ ਥਾਵਾਂ ਵਿਚ ਹੈ।

**ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ ॥ ਆਪਿ ਦਿਖਾਵੈ ਵਾਟੜੀ ਸਚੀ ਭਗਤਿ ਦ੍ਰਿੜਾਏ ॥ ੪ ॥**

ਗੁਰ ਉਪਦੇਸ਼ ਤੋਂ ਬਿਨਾ ਪਰਮੇਸ਼ਰ ਨੂੰ ਕਿਸੇ ਨੇ ਨਹੀਂ ਪਾਇਆ ਹੈ ਭਾਵੇਂ ਕੋਈ ਕਿਤਨੀਆਂ ਗਲਾਂ ਆਖੇ ਜਾਂ ਹੋਰਨਾਂ ਪਾਸੋਂ ਕਰਾਵੇ ਜਦੋਂ ਗੁਰੂ ਜੀ ਪ੍ਰਸੰਨ ਹੁੰਦੇ ਹਨ ਤਾਂ ਆਪ ਹੀ ਹਰੀ ਪ੍ਰਾਪਤਿ ਦੀ ਭਗਤੀ ਰੂਪ ਡੰਡੀ ਦਖਾਂਦੇ ਹਨ ਤੇ ਆਪ ਹੀ ਸੱਚ ਦੀ ਪਕਿਆਈ ਕਰਾਂਦੇ ਹਨ।

**ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਇ ॥ ਬਿਨੁ ਹਰਿ ਨਾਮੁ ਨ ਛੂਟਸੀ ਮਰਿ ਨਰਕ ਸਮਾਇ ॥ ੫ ॥**

ਜੇ ਮਨਮੁਖ ਨੂੰ ਭਾਵੇਂ ਸਮਝਾਈਏ ਵੀ ਤੇ ਤਾਂਵੀ ਓਹ ਉਜਾੜ ਦੇ ਹੀ ਰਸਤੇ ਜਾਂਦਾ ਹੈ, ਭਾਵ ਕੁਸੰਗਤ,ਪਰਮੇਸਰ ਦੇ ਨਾਮ ਤੋਂ ਬਿਨਾ ਨਹੀਂ ਛੁੱਟੇਗਾ ਮਰ ਕੇ ਨਰਕ ਵਿਚ ਜਾ ਸਮਾਵੇਗਾ।

**ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ ॥ ਤਾਕੀ ਕੀਮਤਿ ਨਾ ਪਵੈ ਬਿਨੁ ਗੁਰ ਕੀ ਸੇਵੈ॥ ੬ ॥**

ਜੇਹੜਾ ਹਰੀ ਨਾਮ ਦਾ ਸਿਮਰਨ ਨਹੀਂ ਕਰਦਾ ਹੈ ਗੁਰਾਂ ਦੀ ਸੇਵਾ ਕੀਤਿਆਂ ਬਿਨਾ ਓਹ ਜਨਮ ਮਰਨ ਵਿਚ ਹੀ ਭਰਮਾਈਦਾ ਹੈ ਉਸ ਪਰ-ਮੇਸਰ ਦੀ ਕੀਮਤ ਨਹੀਂ ਪੈਂਦੀ ਹੈ ਭਾਵ ਜਾਣਿਆਂ ਨਹੀਂ ਜਾਂਦਾ ਹੈ।

**ਜੇਹੀ ਸੇਵ ਕਰਾਈਐ ਕਰਣੀ ਭੀ ਸਾਈ ॥ ਆਪਿ ਕਰੇ ਕਿਸੁ ਆਖੀਐ ਵੇਖੈ ਵਡਿਆਈ ॥ ੭ ॥**

ਪਹਿਲੇ ਜਨਮ ਵਿਚ ਜਿੱਕੁਰ ਦੀ ਸੇਵਾ ਕਰਕੇ ਏਥੇ ਆਈਦਾ ਹੈ ਫਿਰ

Digitized by Panjab Digital Library | www.panjabdigilib.org

ਏਥੇ ਆਕੇ ਵੀ ਇਕੁਰ ਦੀ ਹੀ ਕਰਨੀ ਪ੍ਰਗਟ ਹੁੰਦੀ ਭਾਵ ਫਲ ਭੁਗਾਂਦੀ ਹੈ। ਜੀਵ ਨੇ ਆਪ ਹੀ ਕਰਮ ਕੀਤੇ ਹਨ ਕਿਸ ਨੂੰ ਆਖੀਏ ਕਿ ਤੂੰ ਸੁਖ ਦਿੱਤਾ ਹੈ ਜਾਂ ਦੁਖ, ਆਦਮੀ ਆਪਣਿਆਂ ਕਰਮਾਂ ਦੇ ਅਨੁਸਾਰ ਆਪਣੀ ਵਡਿਆਈ ਛੁਟਿਅ ਈ ਨੂੰ ਵੇਖਦਾ ਹੈ ।

**ਗੁਰਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ॥ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ ॥ ੮ ॥ ੧੮ ॥**

ਗੁਰੂ ਦੀ ਸੇਵਾ ਓਹ ਕਰਦੇ ਹਨ ਜਿਨਾਂ ਤੋਂ ਆਪ ਪਰਮੇਸ਼ਰ ਕਰਾਂਦਾ ਹੈ ਗੁਰੂ ਜੀ=ਜਦੋਂ ਸਿਰ=ਹੰਕਾਰਨੂੰ ਛੱਡ ਦੇਈਏ ਤਾਂ ਸੰਸਾਰ ਬੰਧਨਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਦਰਗਾਹ ਵਿਚ ਜੀਅ ਇਜ਼ਤ ਪਾਂਦਾ ਹੈ ।

## ਆਸਾ ਮਹਲਾ ੧ ॥

**ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥ ਵਡੈਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ ॥ ੧ ॥**

ਹੇ ਠਾਕੁਰਾ ਤੂੰ ਰੂੜੋ=ਸੁੰਦਰ ਹੈਂ ਅਤੇ ਮਾਹਰੋ=ਪ੍ਰਗਟ ਹੈ ਸੁੰਦਰ ਗੁਰਾਂ ਦੀ ਬਾਣੀ ਕਰਕੇ ਤੂੰ ਪ੍ਰਗਟ ਹੁੰਦਾ ਹੈਂ ਪਰ ਜਦੋਂ ਵੱਡੇ ਭਾਗ ਹੁੰਦੇ ਹਨ ਤੇ ਤਾਂ ਸਤਿਗੁਰੂ ਮਿਲਦੇ ਹਨ ਅਤੇ ਸਤਿਗੁਰਾਂ ਤੋਂ ਸੁੱਧ ਦੁਖਾਂ ਤੋਂ ਰਹਿਤ ਪਦ ਪਾਈਦਾ ਹੈ ।

**ਮੈ ਓਲ੍ਹਗੀਆ ਓਲ੍ਹਗੀਹਮ ਛੋਰੂ ਥਾਰੇ ॥ ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ ॥ ੧ ॥ਰਹਾਉ॥**

ਜੇਹੜੇ ਤੁਹਾਡੇ ਨਿਕੇ ਦਾਸ ਹਨ ਮੈਂ ਉਨ੍ਹਾਂ ਦਾਸਾਂ ਦਾ ਦਾਸ ਹਾਂ, ਜਿਸ ਤਰਾਂ ਤੂੰ ਰੱਖਦਾ ਹੈਂ ਓਸੇ ਤਰਾਂ ਮੈਂ ਰਹਿੰਦਾ ਹਾਂ ਮੇਰੇ ਮੂੰਹ ਵਿਚ ਤੇਰਾ ਨਾਮ ਸਦਾ ਹੀ ਰਹੇ । ਓਲ੍ਹਗੀਆ=ਦਾਸ ਹਾਂ, ਛੋਰੂ=ਨਿੱਕਾ, ਥਾਰੇ=ਤੁਹਾਡੇ ।

**ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ॥ਮੇਰੇ ਠਾਕੁਰ ਹਾਥਿ ਵਡਿਆਈਆ ਭਾਣੈ ਪਤਿ ਪਾਈਐ॥੨॥**

ਤੇਰੇ ਦਰਸਨ ਦੀ ਮੈਨੂੰ ਬਹੁਤ ਪਿਆਸਾ ਹੈ ਤੇਰਾ ਹੁਕਮ ਮੰਨਣ ਨਾਲ ਤੇਰੇ ਮਨ ਨੂੰ ਭਾਈਦਾ ਹੈ ਹੇ ਮੇਰੇ ਠਾਕਰਾ ਤੇਰੇ ਹੱਥ ਵਿਡਿਆਈਆਂ ਹਨ ਤੇਰਾ ਹੁਕਮ ਮੰਨਣ ਨਾਲ ਇਜ਼ੱਤ ਪਾਈਦੀ ਹੈ ।

**ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥ ਜਹ**

Digitized by Panjab Digital Library | www.panjabdigilib.org

**ਦੇਖਾ ਤਹ ਰਵਿ ਰਹੇ ਕਿਨਿ ਕੀਮਤਿ ਹੋਈ ॥ ੩ ॥**

ਸੱਚੇ ਨੂੰ ਦੂਰ ਨ ਜਾਣੋਂ ਉਹ ਅੰਦਰ ਹੀ ਹੈ ਜਾਂ ਹੇ ਸੱਚਿਆ ਮੈਂ ਤੈਨੂੰ ਦੂਰ ਨਹੀਂ ਜਾਣਦਾ ਹਾਂ ਜੇਹੜਾ ਤੂੰ ਸੰਸਾਰ ਵਿਚ ਹੈਂ ਸੋਈ ਤੂੰ ਮੇਰੇ ਅੰਦਰ ਹੈਂ ਮੈਂ ਜਿੱਥੇ ੨ ਤੈਨੂੰ ਵੇਖਦਾ ਹਾਂ ਓਥੇ ੨ ਹੀ ਤੂੰ ਮਿਲ ਰਿਹਾ ਹੈਂ ਪਰ ਤੇਰੀ ਕੀਮਤ ਕਿਸੇ ਤੋਂ ਨਹੀਂ ਹੋ ਸੱਕਦੀ ਹੈ ।

**ਆਪਿ ਕਰੇ ਆਪੇ ਹਰੇ ਵੇਖੈ ਵਡਿਆਈ ॥ ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ ॥ ੪ ॥**

ਤੂੰ ਆਪੇ ਹੀ ਪੈਦਾ ਕਰਦਾ ਹੈਂ ਆਪਹੀ ਨਾਸ ਕਰਦਾ ਹੈਂ ਜਦੋਂ ਤੂੰ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਦਾ ਹੈਂ ਤਾਂ ਜੀਆਂ ਨੂੰ ਵਡਿਆਈ ਮਿਲਦੀ ਹੈ ਜਦੋਂ ਗੁਰਮੁਖ ਹੋਕੇ ਤੈਨੂੰ ਹਰ ਥਾਂ ਵੇਖੀਏ ਤਾਂ ਇੱਕੁਰ ਤੇਰੀ ਕੀਮਤ ਪਾਈ ਜਾਂਦੀ ਹੈ ।

**ਜੀਵਦਿਆ ਲਾਹਾਮਿਲੈ ਗੁਰ ਕਾਰ ਕਮਾਵੈ॥ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ ॥ ੫ ॥**

ਜੇਹੜਾ ਕੋਈ ਗੁਰਾਂ ਦੀ ਕਾਰ ਕਮਾਂਦਾ ਹੈ ਉਸਨੂੰ ਜੀਵੰਦਿਆਂ ਹੀ ਲਾਭ ਮਿਲਦਾ ਹੈ ਜਦੋਂ ਪੂਰਬਲਾ ਚੰਗਾ ਲੇਖ ਲਿਖਿਆ ਹੋਇਆ ਹੋਵੇ ਤਾਂ ਆਦਮੀ ਗੁਰਾਂ ਨੂੰ ਪਾਂਦਾ ਹੈ ।

**ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ ॥ ਮਨ-ਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ ॥ ੬ ॥**

ਮਨਮੁਖ ਨੂੰ ਰੋਜ਼ ਹੀ ਘਾਟਾ ਰਹਿੰਦਾ ਹੈ ਉਹ ਕਰਮਾਂ ਦਾ ਭਰਮਾਇਆ ਹੋਇਆ ਭਰਮਦਾ ਰਹਿੰਦਾ ਹੈ ਅੰਨ੍ਹਾਂ ਮਨਮੁਖ ਤੇਰੇ ਨਾਮ ਨੂੰ ਸਿਮਰਨ ਨਹੀਂ ਕਰਦਾ ਹੈ ਉਹ ਤੇਰਾ ਦਰਸ਼ਨ ਕਿਸਤਰਾਂ ਪਾਵੇ?

**ਤਾ ਜਗਿ ਆਇਆ ਜਾਣੀਐ ਸਾਚੈਲਿਵਲਾਇ॥ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਇ ॥ ੭ ॥**

ਜਗਤ ਵਿਚ ਆਇਆ ਹੋਇਆ ਤਾਂ ਸਫਲਾ ਜਾਣਿਆਂ ਜਾਂਦਾ ਹੈ ਜਦੋਂ ਸੱਚੇ ਵਿਚ ਪ੍ਰੀਤੀ ਜਾਂ ਬ੍ਰਿਤੀ ਲਾਵੇ ਜੇਹੜੇ ਗੁਰਾਂ ਨੂੰ ਮਿਲਦੇ ਹਨ ਉਹ ਪਾਰਸ ਰੂਪ ਹੋ ਜਾਂਦੇ ਹਨ ਉਹ ਜੋਤੀ ਵਿਚ ਆਪਣੀ ਜੋਤ ਮਿਲਾਂਦੇ ਹਨ ਭਾਵ ਪ੍ਰਮੇਸ਼ਰ ਨਾਲ ।

**ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ॥**

Digitized by Panjab Digital Library | www.panjabdigilib.org

**ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ॥੮॥੧੯॥**

ਗੁਰੂ ਜੀ=ਹੇ ਪ੍ਰਮੇਸ਼ਰਾ ਜੇਹੜੇ ਤੇਰੇ ਚਰਨਾਂ ਵਿਚ ਰੱਤੇ ਹਨ ਉਹ ਰਾਤ ਦਿਨ ਨਿਰਮਲ ਰਹਿੰਦੇ ਹਨ ਅਤੇ ਧੁਰਦੀ ਕਾਰ ਭਾਵ ਪ੍ਰਮੇਸ਼ਰ ਤੋਂ ਮਿਲੀ ਹੋਈ ਭਗਤੀ ਕਰਨੇ ਜੋਗ ਜਾਣਕੇ ਕਰਦੇ ਹਨ ਅਤੇ ਨਾਮ ਜਪਕੇ ਉਨ੍ਹਾਂ ਦੀ ਬ੍ਰਿਤੀ ਨੂੰ ਸੰਤੋਖ ਹੋਇਆ ਹੈ।

## ਆਸਾ ਮਹਲਾ ੧ ॥

**ਕੇਤਾ ਆਖਣੁ ਆਖੀਐਤਾਕੇ ਅੰਤ ਨ ਜਾਣਾ॥ਮੈਨਿਧ-ਰਿਆ ਧਰ ਏਕ ਤੂੰ ਮੈ ਤਾਣੁ ਸਤਾਣਾ ॥ ੧ ॥**

ਭਾਵੇਂ ਕਥਾ ਕਹਾਣੀਆਂ ਦੇ ਕਿਤਨੇ ਹੀ ਪ੍ਰਸੰਗ ਆਖੀਏ ਪਰ ਤੇਰਾ ਅੰਤ ਨਹੀਂ ਜਾਣਿਆਂ ਜਾਂਦਾਹੈ ਮੈਂ ਨਿਆਸਰੇ ਦਾ ਇਕ ਤੂੰ ਹੀ ਆਸਰਾ ਹੈ ਮੈਂ ਤੇਰੇ ਬਲ ਨਾਲ ਬਲ ਵਾਲਾ ਹੋਇਆ ਹਾਂ।

**ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ ॥ ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ ॥ ੧ ॥ ਰਹਾਉ ॥**

ਨਾਨਕ ਦੀ ਇਹ ਬੇਨਤੀ ਹੈ ਕਿ ਸੱਚੇ ਨਾਮੀ ਨੂੰ ਪਾਕੇ ਅਸੀ ਸੁਖੀ ਰਹੀਏ ਜਿਨਾਂ ਦਾ ਹੰਕਾਰ ਗਿਆ ਹੈ ਉਨਾਂ ਨੂੰ ਇਹ ਸਮਝ ਆਈ ਹੈ ਅਤੇ ਗੁਰ ਉਪਦੇਸ਼ ਨਾਲ ਉਨਾਂ ਦਾ ਮੇਲਾ ਹੁੰਦਾ ਹੈ।

**ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ॥ ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥ ੨ ॥**

ਦੇਹਦੀ ਹੰਗਤਾ ਟੱਬਰਦੀ ਮਮਤਾ ਧਨਦਾ ਹੰਕਾਰ ਛੱਡੀਏ ਤਾਂ ਵਿਚਾਰ ਨੂੰ ਪਾਈਦਾ ਹੈ, ਜਿਸਦਾ ਮਾਲਕ ਨਾਲ ਮਨ ਮੰਨਿਆਂ ਹੈ ਉਸਨੂੰ ਸੱਚਾ ਪ੍ਰਮੇਸ਼ਰ ਆਸਰਾ ਦੇਂਦਾ ਹੈ।

**ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥ ਤਾਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ॥੩।**

ਗੁਰਮੁਖ ਰਾਤ ਦਿਨ ਨਾਮ ਜਪਕੇ ਸੰਤੋਖੀ ਹੋਇ ਹਨ ਓਹੋ ਹੀ ਓਨਾਂ ਦੀ ਸੱਚੀ ਸੇਵਾ ਹੈ ਜੇਹੜਾ ਰਜਾਈ=ਪ੍ਰਮੇਸ਼ਰ ਦੇ ਹੁਕਮ ਵਿਚ ਚੱਲਦਾ ਹੈ ਉਸਨੂੰ ਕੋਈ ਵਿਘਨ ਨਹੀਂ ਲੱਗਦਾ ਹੈ।

Digitized by Panjab Digital Library | www.panjabdigilib.org

**ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥ ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥ ੪ ॥**

ਜੇਹੜਾ ਪ੍ਰਮੇਸ਼ਰ ਦੇ ਹੁਕਮ ਵਿਚ ਚੱਲਦਾ ਹੈ ਉਹ ਖਜਾਨੇ ਵਿਚ ਪੈਂਦਾ ਹੈ ਭਾਵ ਪ੍ਰਮੇਸ਼ਰ ਨੂੰ ਮਿਲਦਾ ਹੈ, ਖੋਟੇ ਮਨਮੁਖ ਚੰਗਾ ਥਾਂ ਨਹੀਂ ਪਾਂਦੇ ਹਨ ਜੂਠਿਆਂ ਆਦਮੀਆਂ ਦੇ ਨਾਲ ਜਾ ਰਲਦੇ ਹਨ ਜਾਂ ਪਾਇਨੀ=ਜਾਂ ਅਪਵਿੱਤ੍ਰ ਨਰਕਾਂ ਵਿਚ ਪੈਂਦੇ ਹਨ।

**ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ॥ ਖੋਟੇ ਨਦਰਿ ਨ ਆਵਨੀ ਲੈ ਅਗਨਿ ਜਲਾਈਐ ॥੫॥**

ਜਦੋਂ ਰੋਜ ੨ ਖਰਾ ਪ੍ਰਮੇਸ਼ਰ ਸੰਭਾਲੀਏ ਭਾਵ ਯਾਦ ਕਰੀਏ ਤਾਂ ਸੱਚਾ ਸੌਦਾ ਨਾਮ ਪਾਈਦਾ ਹੈ ਖੋਟੇ ਆਦਮੀ ਪ੍ਰਮੇਸ਼ਰ ਦੀ ਦਰਗਾਹ ਵਿਚ ਨਜ਼ਰ ਨਹੀਂ ਆਉਂਦੇ ਹਨ ਉਨ੍ਹਾਂ ਨੂੰ ਫੜਕੇ ਨਰਕ ਅੱਗ ਵਿਚ ਸਾੜਿਆ ਜਾਂਦਾ ਹੈ।

**ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥ ਏਕੋ ਅੰਮ੍ਰਿਤੁ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥ ੬ ॥**

ਜਿਨਾਂ ਨੇ ਆਤਮਾਂ ਨੂੰ ਜਾਣਿਆਂ ਹੈ ਉਹ ਪ੍ਰਮੇਸ਼ਰ ਦਾ ਰੂਪ ਬਣ ਗਏ ਹਨ ਅੰਮ੍ਰਿਤ ਫਲ ਦਾ ਬਿਰਛ ਇਕ ਗੁਰੂ ਹੀ ਹੈ ਉਸਤੋਂ ਅੰਮ੍ਰਿਤ ਫਲ ਪ੍ਰਾਪਤ ਹੁੰਦਾ ਹੈ।

**ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇਅਘਾਈ॥ ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ ॥੭॥**

ਜਿਨਾਂ ਗੁਰਮੁਖਾਂ ਨੇ ਅੰਮ੍ਰਿਤ ਫਲ ਚੱਖਿਆ ਹੈ ਸੱਚ ਸਮਝੋ ਉਹ ਰੱਜ ਗਏ ਹਨ, ਉਨ੍ਹਾਂ ਨੂੰ ਕਿਸੇ ਤਰਾਂ ਦਾ ਭਰਮ ਤੇ ਫਰਕ ਨਹੀਂ ਹੈ ਕਿਉਂਕਿ ਓਨਾਂ ਨੇ ਪ੍ਰਮੇਸ਼ਰ ਦੇ ਨਾਮ ਰਸ ਵਿਚ ਜਬਾਨ ਰਮਾਈ ਹੈ।

**ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ ॥ ਅਉਗਣਿਆਰੇ ਕਉ ਗੁਣ ਨਾਨਕੈ ਸਚੁ ਮਿਲੈ ਵਡਾਈ ॥ ੮ ॥ ੨੦ ॥**

ਜੀਵ ਦੁਨੀਆਂ ਉਤੇ ਪ੍ਰਮੇਸ਼ਰ ਦੇ ਹੁਕਮ ਨਾਲ ਤੇ ਕਰਮਾਂ ਦੇ ਸੰਜੋਗ ਨਾਲ ਆਇਆ ਹੈ ਹੇ ਰਜਾਈ ਜੇਕਰ ਤੇਰੇ ਹੁਕਮ ਵਿਚ ਸਦਾ ਹੀ ਚੱਲਦਾ ਰਹੇ ਤਾਂ ਗੁਰੂ ਜੀ=ਔਗੁਣਾਂ ਵਾਲੇ ਆਦਮੀ ਨੂੰ ਗੁਣਾਂ ਦਾ ਖਜਾਨਾ ਮਿਲਦਾ

Digitized by Panjab Digital Library | www.panjabdigilib.org

ਹੈ ਅਤੇ ਸੱਚੇ ਨਾਮ ਦੀ ਵਡਿਆਈ ਮਿਲਦੀ ਹੈ।

## ਆਸਾ ਮਹਲਾ ੧ ॥

**ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥ ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ ॥ ੧ ॥**

ਹੇ ਹਰੀ ਜਿਨਾਂ ਦਾ ਮਨ ਸੱਚੇ ਨਾਮ ਵਿਚ ਰੱਤਾ ਹੈ ਉਨ੍ਹਾਂ ਨੇ ਤੇਰੇ ਸੱਚੇ ਨਾਮ ਦਾ ਹੋਰਨਾਂ ਨੂੰ ਉਪਦੇਸ਼ ਕੀਤਾ ਹੈ ਜੇਹੜੇ ਆਦਮੀ ਤੈਨੂੰ ਚੰਗੇ ਲਗਦੇ ਹਨ ਉਨ੍ਹਾਂ ਉਤੇ ਲੋਕਾਂ ਦਾ ਜੋਰ ਕੀ ਚੱਲਦਾ ਹੈ।

**ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥ ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥੧ ॥ ਰਹਾਉ ॥**

ਜਿਤਨਾਂ ਚਿਰ ਜੀਅ ਦੇ ਸਰੀਰ ਵਿਚ ਪ੍ਰਾਣ ਹਨ ਓਨਾਂ ਚਿਰ ਸੱਚੇ ਪ੍ਰਮੇਸ਼ਰ ਨੂੰ ਯਾਦ ਕਰੀਏ, ਮਨੁਖ ਜਨਮ ਦਾ ਲਾਭ ਹਰੀਦੇ ਗੁਣਾਂ ਦਾ ਗੌਣਾਂ ਹੈ ਉਹ ਮੈਨੂੰ ਮਿਲੇ ਤਾਂ ਸੁਖ ਪਾਵਾਂਗਾ।

**ਸਚੀ ਤੇਰੀ ਕਾਰ ਦੇਹਿ ਦਇਆਲ ਤੂੰ॥ ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥ ੨ ॥**

ਹੇ ਦਿਆਲੂ ਤੇਰੀ ਭਗਤੀ ਸੱਚੀ ਹੈ ਸੋ ਤੂੰ ਜਿਸ ਦੇ ਉਤੇ ਖੁਸ਼ੀ ਹੁੰਦਾ ਹੈਂ ਉਸਨੂੰ ਦੇਂਦਾ ਹੈ, ਮੈਂ ਤੇਰੀ ਸੋਭਾ ਕਰਕੇ ਜੀਉਂਦਾ ਹਾਂ ਮੈਨੂੰ ਤੇਰੀ ਹੀ ਓਟ ਹੈ ਤੇ ਤੇਰਾ ਹੀ ਆਸਰਾ ਹੈ ਜਾਂ ਮਨ ਬਾਣੀ ਕਰਕੇ ਟੇਕ ਹੈ।

**ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥ ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥ ੩ ॥**

ਜੇਹੜੇ ਤੇਰੇ ਸਤਸੰਗ ਰੂਪ ਬੂਹੇ ਤੇ ਦਰਵਾਨ ਸੇਵਕ ਹਨ ਓਨਾਂ ਦਾ ਦਰਦ ਤੂੰ ਆਪ ਹੀ ਜਾਣਦਾ ਹੈਂ ਤੇਰੀ ਭਗਤੀ ਹੈਰਾਨ=ਅਸਚਰਜ ਰੂਪ ਹੈ ਸਾਰੀਆਂ ਪੀੜਾਂ ਨੂੰ ਦੂਰ ਕਰ ਦੇਂਦੀ ਹੈ।

**ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥ ੪ ॥**

ਜੇਹੜੇ ਗੁਰਾਂ ਦੁਆਰੇ ਤੇਰੇ ਨਾਮ ਨੂੰ ਜਾਣਦੇ ਹਨ ਹੇ ਵਾਹਿਗੁਰੂ ਓਹ ਤੇਰੀ ਦਰਗਾਹ ਦੇ ਪਾਸ ਹੀ ਰਹਿਣਗੇ ਠੀਕ ਸਮਾਂ ਓਹੋ ਹੀ ਪਰਵਾਣ ਹੋਵੇਗਾ ਜਿਸ ਸਮੇਂ ਵਿੱਚ ਹੇ ਸਬਦ=ਵਾਹਿਗੁਰੂ ਆਦਮੀ ਤੈਨੂੰ ਪਛਾਣ ਲਵੇਗਾ।

Digitized by Panjab Digital Library | www.panjabdigilib.org

**ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ॥ ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥ ੫ ॥**

ਹੇ ਪਰਮੇਸਰਾ ਤੇਰੇ ਨਾਮ ਦੀ ਸੇਵਾ ਕਰ ਸੱਚਾ ਤੇ ਸੰਤੋਖ ਪ੍ਰੇਮ ਦਾ ਖਰਚ ਮਿਲਦਾ ਹੈ ਹੇ ਸੱਚਿਆ ਜੇਹੜਾ ਵਿਕਾਰ ਮਨ ਤੋਂ ਛੱਡਦਾ ਹੈ ਉਸ ਨੂੰ ਤੂੰ ਸੱਚਾ ਨਾਮ ਦੇਂਦਾ ਹੈਂ।

**ਸਚੇ ਸਚਾ ਨੇਹੁ ਸਚੈ ਲਾਇਆ॥ ਆਪੇ ਕਰੇ ਨਿਆਉ ਜੋ ਤਿਸੁ ਭਾਇਆ ॥ ੬ ॥**

ਹੇ ਸੱਚੇ ਤੇਰਾ ਪ੍ਰੇਮ ਸੱਚਾ ਹੈ ਅਤੇ ਤੂੰ ਆਪ ਹੀ ਸੱਚਿਆਂ ਆਦਮੀਆਂ ਨੂੰ ਲਾਇਆ ਹੈ ਜੇਹੜਾ ਤੈਨੂੰ ਚੰਗਾ ਲੱਗਦਾ ਹੈ ਉਸ ਤਰਾਂ ਦਾ ਤੂੰ ਆਪੇ ਹੀ ਨਿਆਉਂ ਕਰਦਾ ਹੈਂ।

**ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥ ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥ ੭ ॥**

ਹੇ ਸੱਚਿਆ ਤੇਰੀ ਦਾਤ ਸੱਚੀ ਹੈ ਪਰ ਜਿਸ ਨੂੰ ਦਿਆਲੂ ਹੁੰਦਾ ਹੈ ਉਸ ਨੂੰ ਦੇਂਦਾ ਹੈਂ ਜੇਹੜਾ ਤੇਰਾ ਨਾਮ ਅਮੋਲਕ ਹੈ ਮੈਂ ਰਾਤ ਦਿਨ ਉਸ ਦੀ ਸੇਵਾ ਕਰਦਾ ਹਾਂ ਭਾਵ ਜਪਦਾ।

**ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ॥ ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥ ੮ ॥ ੨੧ ॥**

ਤੂੰ ਉੱਤਮ ਹੈਂ ਮੈਂ ਤੇਰਾ ਦਾਸ ਨੀਵਾਂ ਕਾਂਢੀਆ=ਆਖੀਦਾ ਹਾਂ ਗੁਰੂ ਜੀ=ਮੈਂ ਵਾਢੀਆ=ਵਿਛੜੇ ਹੋਇ ਨੂੰ ਆਪਣੀ ਕਿਰਪਾ ਦ੍ਰਿਸ਼ਟੀ ਕਰੋ ਜਿਸ ਕਰਕੇ ਤੇਰਾ ਸੱਚਾ ਨਾਮ ਮਿਲ ਜਾਵੇ।

## ਆਸਾ ਮਹਲਾ੧ ॥

**ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ॥ ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥ ੧ ॥**

ਜੇਹੜਾ ਜਨਮ ਮਰਨ ਦਾ ਬਹੁਤ ਹੀ ਵੱਡਾ ਦੁਖ ਹੈ ਜਿਸ ਵਿੱਚ ਦ੍ਵੈਤ ਕਰਕੇ ਸਦਾ ਹੀ ਸੰਸਾ ਲੱਗਾ ਰਹਿੰਦਾ ਹੈ ਇੱਕੁਰ ਦੇ ਜਨਮ ਮਰਨ ਤੋਂ ਕਿਸ ਤਰਾਂ ਬਚੀਦਾ ਹੈ ਅਤੇ ਪਰਮੇਸਰ ਨਾਲ ਕਿਸ ਤਰਾਂ ਮੇਲਾ ਹੁੰਦਾ ਹੈ।

**ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ॥**

Digitized by Panjab Digital Library | www.panjabdigilib.org

**ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥ ੧ ॥ ਰਹਾਉ ॥**

ਜੇਹੜਾ ਜੀਵਣਾ ਨਾਮ ਤੋਂ ਬਿਨਾ ਹੈ ਓਹ ਕੀ ਹੈ? ਭਾਵ ਕੁਛ ਨਹੀਂ ਹੈ,ਉਸ ਨੂੰ ਫਿਟਕਾਰ ਹੈ ਅਤੇ ਚਤਰਾਈਆਂ ਨੂੰ ਵੀ ਧਿਰਕਾਰ ਹੈ ਜਿਨਾਂਨੇ ਸਾਧੂ ਸਤਿਗੁਰੂ ਨੂੰ ਨਹੀਂ ਸੇਵਿਆ ਹੈ ਓਹਨਾਂ ਨੂੰ ਪਰਮੇਸਰ ਦੀ ਭਗਤੀ ਚੰਗੀ ਨਹੀਂ ਲੱਗੀ ਹੈ ।

**ਆਵਣੁ ਜਾਵਣੁ ਤਉਰ ਹੈ ਪਾਈਐ ਗੁਰੁ ਪੂਰਾ॥ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਭ੍ਰਮੁ ਕੂਰਾ ॥ ੨ ॥**

ਜਦੋਂ ਪੂਰਾ ਸਤਿਗੁਰੂ ਪਾਈਦਾ ਹੈ ਤੇ ਤਾਂ ਜਨਮ ਮਰਨ ਤੋਂ ਰਹਿਤ ਹੋਈਦਾ ਹੈ ਸਤਿਗੁਰੂ ਰਾਮ ਨਾਮ ਧਨ ਦੀ ਰਾਸ ਦੇ ਦੇਣ ਤੇ ਤਾਂ ਫਿਰ ਜੇਹੜਾ ਝੂਠਾ ਦ੍ਵੈਤ ਭਾਵ ਭਰਮ ਹੈ ਓਹ ਸਾਰਾ ਨਾਸ ਹੋ ਜਾਂਦਾ ਹੈ ।

**ਸੰਤ ਜਨਾ ਕਉ ਮਿਲਿ ਰਹੈ ਧਨੁ ਧਨੁ ਜਸੁ ਗਾਏ ॥ ਆਦਿ ਪੁਰਖੁ ਅਪਰੰਪਰਾ ਗੁਰਮੁਖਿ ਹਰਿ ਪਾਏ ॥ ੩ ॥**

ਜੇਹੜੇ ਸੰਤ ਜਨਾਂ ਦੇ ਨਾਲ ਮਿਲ ਰਹਿੰਦੇ ਹਨ-ਅਤੇ ਧੰਨ ਧੰਨ ਕਹਿੰਦੇ ਹੋਇ ਵਾਹਿਗੁਰੂ ਦੇ ਗੁਣ ਗਾਂਦੇ ਹਨ ਸੋ ਇਕੁਰ ਦੇ ਗੁਰਮੁਖ ਸੰਸਾਰ ਦਾ ਮਹਾ ਰੂਪ ਆਦ ਪੁਰਖ ਪ੍ਰਮੇਸ਼ਰ ਨੂੰ ਪਾਂਦੇ ਹਨ ।

**ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ ॥ ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ ॥ ੪ ॥**

ਅਕਾਲ ਪੁਰਖ ਨਟ=ਮਦਾਰੀ ਨੇ ਇਸ ਬਾਜੀ ਦੇ ਬਰਾਬਰ ਸੰਸਾਰ ਰੂਪ ਤਮਾਸ਼ਾ ਬਣਾਇਆ ਹੈ ਅਤੇ ਇਹ ਤਮਾਸ਼ਾ ਛਿਨ ਪਲ ਹੀ ਵੇਖੀਦਾ ਹੈ ਇਸ ਤੇ ਉਝਰਤ=ਉਜੜਦਿਆਂ ਕੁਛ ਚਿਰ ਨਹੀਂ ਲੱਗਦਾ ਹੈ ।

**ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ॥ ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ ॥ ੫ ॥**

ਝੂਠੇ ਆਦਮੀ ਹੰਕਾਰ ਨੂੰ ਧਾਰਨ ਕਰਕੇ ਜੇਹੜੇ ਕਰਮ ਕਰਦੇ ਹਨ ਓਹ ਚੌਪੜ ਖੇਡਣਾ ਕਰਦੇ ਹਨ ਇੱਕੁਰ ਦੀ ਰੀਤੀ ਨਾਲ ਸਾਰਾ ਸੰਸਾਰ ਜਨਮ ਪਦਾਰਥ ਬਾਜੀ ਲਗਾਕੇ ਚੌਪੜ ਵਿੱਚ ਹਾਰ ਜਾਂਦਾ ਹੈ ਜਿੱਤਦਾ ਓਹ ਹੈ ਜਿਸਨੇ ਗੁਰ ਸ਼ਬਦ ਦਾ ਵਿਚਾਰ ਕੀਤਾ ਹੈ ।

Digitized by Panjab Digital Library | www.panjabdigilib.org

ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ ॥
ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ ॥ ੬ ॥

ਜਿਸ ਤਰਾਂ ਅੰਨ੍ਹੇ ਦੇ ਹੱਥ ਵਿੱਚ ਲੱਕੜੀ ਹੁੰਦੀ ਹੈ ਇਸੇ ਤਰਾਂ ਸਾਡੇ ਪਾਸ ਪਰਮੇਸਰ ਦਾ ਨਾਮ ਹੈ ਉਸੇ ਪਰਮੇਸਰ ਦੇ ਨਾਮ ਨੂੰ ਰਾਤ ਦਿਨ ਆਸਰਾ ਜਾਣਕੇ ਸੰਭਾਲਦੇ ਭਾਵ ਯਾਦ ਕਰਦੇ ਰਹਿੰਦੇ ਹਾਂ। ਦਉਤ=ਦਿਨ ।

ਜ਼ਿਉ ਤੂੰ ਰਾਖਹਿ ਤਿਉ ਰਹਾ ਹਰਿ ਨਾਮੁ ਅਧਾਰਾ ॥
ਅੰਤਿ ਸਖਾਈ ਪਾਇਆ ਜਨ ਮੁਕਤਿ ਦੁਆਰਾ ॥ ੭ ॥

ਹੇ ਪ੍ਰਮੇਸਰਾ ਮੈਨੂੰ ਤੇਰੇ ਨਾਮ ਦਾ ਆਸਰਾ ਹੈ ਜਿਸ ਤਰਾਂ ਤੂੰ ਰੱਖਦਾ ਹੈਂ ਉਸੇ ਤਰਾਂ ਮੈਂ ਰਹਿੰਦਾ ਹਾਂ ਦਾਸ ਨੂੰ ਮੁਕਤੀ ਦਾ ਬੂਹਾ ਤੇ ਅੰਤ ਨੂੰ ਸਹੈਤਾ ਕਰਨ ਵਾਲਾ ਜੇਹੜਾ ਤੇਰਾ ਨਾਮ ਹੈ ਸੋ ਮੈਂ ਪਾਇਆ ਹੈ ।

ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ॥
ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ ॥ ੮ ॥ ੨੨॥

ਹੰਕਾਰ ਨੂੰ ਨਾਸ ਕਰਨ ਵਾਲਾ ਨਾਮ ਜਪਕੇ ਜਨਮ ਮਰਨ ਦਾ ਦੁਖ ਮੇਟਿਆ ਹੈ,ਗੁਰੂ ਜੀ=ਹੇ ਮਾਲਕਾ ਜਿਨਾਂ ਨੂੰ ਤੇਰਾ ਨਾਮ ਨਹੀਂ ਭੁਲਦਾ ਹੈ ਉਨ੍ਹਾਂ ਨੂੰ ਪੂਰਾ ਗੁਰੂ ਤਾਰਦਾ ਹੈ ।

## ਆਸਾ ਮਹਲਾ ੩ ਅਸਟਪਦੀਆ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ ॥ ਸਾਖਾ ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ ॥ ੧ ॥

ਸਰ=ਸਮੁੰਦਰ ਸੁਰਸਰੀ=ਦੇਵਤਿਆਂ ਦੀ ਨਦੀ ਗੰਗਾ।ਹੇ ਵਾਹਿਗੁਰੂ ਤੂੰ ਹਰ ਇਕ ਵਸਤੂ ਦਾ ਸਮੁੰਦ੍ਰ ਹੈ ਸ਼ਾਸਤ੍ਰ ਵੇਦ ਸਿੰਮ੍ਰਿਤੀਆਂ ਇਹ ਸਾਰੀਆਂ ਤੇਰਿਆਂ ਰਚਿਆਂ ਹੋਇਆਂ ਲੋਕਾਂ ਨੇ ਬਣਾਈਆਂ ਹਨ ਅਤੇ ਗੰਗਾ ਤੇਰੇ ਚਰਨਾ ਵਿੱਚ ਸਮਾਈ ਹੋਈ ਹੈ ਭਾਵ ਮਿਲੀ ਜਾਂ ਗੰਗਾ ਤੇਰੇ ਪੈਰ ਧੋਣ ਤੋਂ ਵਗੀ ਹੈ ਤੇ ਇਹ ਪੁਸਤਕਾਂ ਤੇਰਾ ਜਸ ਗਾਂਦੀਆਂ ਹਨ ਹੇ ਵਡਾਣੀ ! ਤੂੰ ਤਾਂ ਅਸਚਰਜ ਰੂਪ ਹੋਕੇ

Digitized by Panjab Digital Library | www.panjabdigilib.org

ਸਾਰੇ ਰੂਪ ਬਣਿਆਂ ਹੋਇਆ ਹੈਂ ਤੇਰੇ ਬਣਾਇ ਤਿੰਨ ਗੁਣ ਟਾਹਣੀਆਂ ਦਾ ਮੁੱਢ ਹਨ ਬਹੁਤ ਲੋਕ ਤੈਨੂੰ ਆਪੋ ਆਪਣੀ ਅਕਲ ਨਾਲ ਗਾਂਦੇ ਹਨ ।

## ਤਾਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥ ੧ ॥ ਰਹਾਉ ॥

ਗੁਰੂ ਜੀ=ਮੈਂ ਉਸਦੇ ਚਰਨਾਂ ਨੂੰ ਜਪਦਾ ਹਾਂ ਅਤੇ ਮਿੱਠੀ ਬਾਣੀ ਬੋਲਦਾ ਹਾਂ ।

## ਤੇਤੀਸ ਕਰੋੜੀ ਦਾਸ ਤੁਮ੍ਾਰੇ ਰਿਧਿ ਸਿਧਿ ਪ੍ਰਾਣ ਅਧਾਰੀ ॥ ਤਾਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ ॥ ੨ ॥

ਤੇਤੀ ਕਰੋੜ ਦੇਵਤੇ ਸਾਰੇ ਤੇਰੇ ਦਾਸ ਹਨ ਤੇ ਰਿੱਧੀਆਂ ਸਿੱਧੀਆਂ ਤੇ ਪ੍ਰਾਣਾਂ ਦਾ ਅਸਾਰਾ ਵੀ ਤੂੰ ਹੀ ਹੈਂ ਉਸ ਪਰਮੇਸਰ ਦੇ ਰੂਪ ਲਖੇ ਨਹੀਂ ਜਾਂਦੇ ਹਨ ਇਸ ਲਈ ਵਿਚਾਰ ਕਰਕੇ ਕੀ ਕੋਈ ਆਖ ਸੱਕਦਾ ਹੈ ।

## ਤੀਨਿ ਗੁਣਾ ਤੇਰੇ ਜੁਗਹੀ ਅੰਤਰਿ ਚਾਰੇ ਤੇਰੀ-ਆ ਖਾਣੀ ॥ ਕਰਮੁ ਹੋਵੈ ਤਾ ਪਰਮਪਦੁ ਪਾਈਐ ਕਥੇ ਅਕਥ ਕਹਾਣੀ ॥ ੩ ॥

ਤੇਰੇ ਬਣਾਇ ਹੋਇ ਤਿੰਨ ਗੁਣਾਂ ਤੇ ਚਾਰ ਖਾਣੀਆਂ ਚਾਰੇ ਜੁਗ ਇਹ ਸਾਰੇ ਤੇਰੇ ਅੰਦਰ ਭਾਵ ਵਿਚੋਂ ਹੀ ਨਿਕਲੇ ਹਨ ਜਦੋਂ ਤੇਰੀ ਕਿਰਪਾ ਹੋਵੇ ਤੇ ਤਾਂ ਆਦਮੀ ਅਕੱਥ ਕਹਾਣੀ ਨੂੰ ਕਥਦਾ ਹੈ ਤੇ ਅਕਥ ਕਹਾਣੀ ਕਥਨ ਕਰਕੇ ਮੁਕਤੀ ਪਦਵੀ ਨੂੰ ਪਾ ਲਈਦਾ ਹੈ ।

## ਤੂੰ ਕਰਤਾ ਕੀਆ ਸਭੁ ਤੇਰਾ ਕਿਆਕੋ ਕਰੈਪਰਾਣੀ॥ ਜਾਕਉ ਨਦਰਿ ਕਰਹਿ ਤੂੰ ਅਪਣੀ ਸਾਈ ਸਚਿ ਸਮਾਣੀ ॥ ੪ ॥

ਤੂੰ ਸਾਰਿਆਂ ਦਾ ਕਰਤਾ ਹੈਂ ਇਹ ਸਾਰਾ ਖੇਡ ਤੇਰਾ ਬਣਾਇਆ ਹੋਇਆ ਹੈ ਪ੍ਰਾਣਾਂ ਵਾਲਾ ਆਦਮੀ ਕੋਈ ਕੀ ਕਰ ਸਕਦਾ ਹੈ ਜਿਸ ਦੇ ਉੱਤੇ ਤੂੰ ਅਪਣੀ ਕਿਰਪਾ ਕਰਦਾ ਹੈਂ ਹੇ ਸੱਚਿਆ ਮਾਲਕਾ ਉਸ ਦੀ ਅਕਲ ਤੇਰੇ ਵਿੱਚ ਸਮਾਈ ਭਾਵ ਮਿਲ ਗਈ ਹੈ ।

## ਨਾਮੁ ਤੇਰਾ ਸਭੁਕੋਈ ਲੇਤੁ ਹੈ ਜੇਤੀ ਆਵਣਜਾਣੀ॥

Digitized by Panjab Digital Library | www.panjabdigilib.org

**ਜਾਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥ ੫ ॥**

ਜਿਤਨੀ ਜੰਮਨ ਮਰਨ ਵਾਲੀ ਤੇਰੀ ਦੁਨੀਆਂ ਹੈ ਸਾਰੀ ਹੀ ਤੇਰਾ ਨਾਮ ਲੈਂਦੀ ਹੈ ਜਾਂ ਸਾਰੀ ਦੁਨੀਆਂ ਵਿਚੋਂ ਕੋਈ ਵਿਰਲਾ ਹੀ ਨਾਮ ਲੈਂਦਾ ਹੈ,ਜਦੋਂ ਆਦਮੀ ਤੈਨੂੰ ਭਾਂਦਾ ਹੈ ਤਾਂ ਗੁਰਮੁਖ ਹੋਕੇ ਤੇਰੇ ਨਾਮ ਨੂੰ ਸਮਝਦਾ ਹੈ ਤੇ ਹੋਰ ਮੂਰਖਅਕਲ ਵਾਲੀ ਮੂਰਖ ਮਨਮੁਖ ਦੁਨੀਆਂ ਚੌਰਾਸੀ ਵਿੱਚ ਭੌਂਦੀ ਫਿਰਦੀ ਹੈ ।

**ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ॥ਤਾਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥ ੬ ॥**

ਤੂੰ ਚਾਰ ਵੇਦ ਬ੍ਰਹਮਾਂ ਨੂੰ ਦਿਤੇ ਹਨ ਜਿਨਾਂ ਨੂੰ ਓਹ ਪੜ੍ਹ ੨ ਕੇ ਵਿਚਾਰ ਕਰਦਾ ਹੈ ਓਹ ਬ੍ਰਹਮਾ ਵਿਚਾਰਾ ਵੀ ਤੇਰਾ ਹੁਕਮ ਨਹੀਂ ਸਮਝਦਾ ਹੈ ਓਹ ਮੁੜ ੨ ਨਰਕ ਸੁਰਗ ਵਿੱਚ ਉਤਰਦਾ ਭਾਵ ਪੈਂਦਾ ਹੈ ।

**ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵ-ਤਾਰੀ ॥ ਤਿਨ ਭੀ ਅੰਤੁ ਨ ਪਾਇਆ ਤਾਕਾ ਕਿਆਕਰਿ ਆਖਿ ਵੀਚਾਰੀ ॥ ੭ ॥**

ਜੁੱਗਾਂ ਜੁੱਗਾਂ ਦੇ ਰਾਜੇ ਕਈ ਤੂੰ ਬਣਾਏ ਹਨ ਕਈ ਲੋਕ ਓਹਨਾਂ ਨੂੰ ਅਵਤਾਰ ਮੰਨਦੇ ਗਾਂਦੇ ਹਨ ਓਹਨਾਂ ਰਾਜਿਆਂ ਨੇ ਵੀ ਅੰਤ ਨਹੀਂ ਪਾਇਆ ਹੈ ਮੈਂ ਤੇਰੇ ਰੂਪ ਨੂੰ ਕੀ ਵਿਚਾਰਕੇ ਦੱਸਾਂ?

**ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ॥ ਜਾਕਉ ਸਚੁ ਬੁਝਾਵਹਿ ਅਪਣਾ ਸਹਜੇਨਾਮਿ ਸਮਾਣੀ ॥ ੮ ॥ ੧ ॥ ੨੩ ॥**

ਤੂੰ ਸੱਚਾ ਹੈਂ ਜੋ ਤੂੰ ਬਣਾਇਆ ਹੈ ਇਹ ਵੀ ਸਾਰਾ ਸੱਚਾ ਹੈ ਪਰ ਜਦੋਂ ਤੂੰ ਚੰਗੀ ਅਕਲ ਦੇਂਦਾ ਹੈਂ ਤਾਂ ਮੈਂ ਤੇਰੇ ਸੱਚੇ ਰੂਪ ਦਾ ਕਥਨ ਕਰਦਾ ਹਾਂ, ਜਿਸ ਨੂੰ ਤੂੰ ਆਪਣਾ ਸੱਚਾ ਰੂਪ ਸਮਝਾ ਦੇਂਦਾ ਹੈਂ ਹੇ ਨਾਮੀ ਉਸਦੀ ਅਕਲ ਸੁਭਾਵਕ ਹੀ ਤੇਰੇ ਵਿੱਚ ਸਮਾ ਜਾਂਦੀ ਹੈ ।

Digitized by Panjab Digital Library | www.panjabdigilib.org

## ਆਸਾ ਮਹਲਾ ੩ ॥

**ਸਤਿਗੁਰ ਹਮਰਾ ਭਰਮੁ ਗਵਾਇਆ ॥ ਹਰਿ ਨਾਮੁ ਨਿਰੰਜਨੁ ਮੰਨਿ ਵਸਾਇਆ ॥ ਸਬਦੁ ਚੀਨ੍ਹਿ ਸਦਾ ਸੁਖੁ ਪਾਇਆ ॥ ੧ ॥**

ਸਤਿਗੁਰਾਂ ਨੇ ਸਾਡਾ ਭਰਮ ਦੂਰ ਕਰ ਦਿੱਤਾ ਹੈ, ਗੁਰਾਂ ਨੇ ਹਰੀ ਨਿਰੰਜਨ ਦਾ ਨਾਮ ਮਨ ਵਿੱਚ ਵਸਾਇਆ ਹੈ ਗੁਰ ਸ਼ਬਦ ਨੂੰ ਸਮਝਕੇ ਅਸਾਂ ਸਦਾ ਸੁਖ ਪਾਇਆ ਹੈ।

**ਸੁਣਿ ਮਨ ਮੇਰੇ ਤਤੁ ਗਿਆਨੁ ॥ ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥ ੧ ॥ ਰਹਾਉ ॥**

ਹੇ ਮੇਰੇ ਮਨ ਤੂੰ ਨਿਚੋੜ ਗਿਆਨ ਨੂੰ ਸੁਣ ਇਸ ਗਿਆਨ ਦੇ ਦੇਣ ਵਾਲਾ ਜੇਹੜਾ ਸਤਿਗੁਰੂ ਹੈ ਸੋ ਸਾਰੀਆਂ ਵਿਧੀਆਂ ਨੂੰ ਜਾਨਣ ਵਾਲਾ ਹੈ ਓਨਾਂ ਗੁਰਾਂ ਦੁਆਰੇ ਹੀ ਨਾਮ ਖਜ਼ਾਨੇ ਨੂੰ ਪਾਈਦਾ ਹੈ।

**ਸਤਿਗੁਰ ਭੇਟੇ ਕੀ ਵਡਿਆਈ ॥ ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ ॥ ਸਹਜੇ ਮਾਤਾ ਹਰਿ ਗੁਣ ਗਾਈ ॥ ੨ ॥**

ਸਤਿਗੁਰਾਂ ਨੂੰ ਮਿਲਨ ਦੀ ਵੱਡੀ ਵਡਿਆਈ ਹੈ ਜਿਸ ਨੇ ਮੇਰੀ ਮਮਤਾ ਮੋਹ ਤ੍ਰਿਸ਼ਨਾ ਅੱਗ ਬੁਝਾ ਦਿੱਤੀ ਹੈ ਅਤੇ ਸੁਭਾਵਕ ਹੀ ਮਸਤ ਹੋਕੇ ਪ੍ਰਮੇਸਰ ਦੇ ਗੁਣਾਂ ਦੀ ਮਾਲਾਗਾਈ ਹੈ।

**ਵਿਣੁ ਗੁਰ ਪੂਰੇ ਕੋਇ ਨ ਜਾਣੀ ॥ ਮਾਇਆ ਮੋਹਿ ਦੂਜੈ ਲੋਭਾਣੀ॥ ਗੁਰਮੁਖਿ ਨਾਮੁਮਿਲੈ ਹਰਿ ਬਾਣੀ ॥੩॥**

ਪੂਰਿਆਂ ਸਤਿਗੁਰਾਂ ਤੋਂ ਬਿਨਾਂ ਇਸ ਪੂਰੇ ਤਤ ਗਿਆਨ ਨੂੰ ਕੋਈ ਨਹੀਂ ਜਾਣਦਾ ਹੈ ਮਾਇਆ ਦੇ ਮੋਹ ਕਰਕੇ ਸਾਰੀ ਦੁਨੀਆਂ ਦ੍ਵੈਤ ਭਾਵ ਵਿੱਚ ਲੋਭੀ ਹੋਈ ਹੈ ਗੁਰਾਂ ਦੀ ਕਿਰਪਾ ਨਾਲ ਹਰੀ ਦੇ ਨਾਮ ਰੂਪ ਬਾਣੀ ਮਿਲਦੀ ਹੈ ਜਾਂ ਗੁਰਬਾਣੀ ਦੁਆਰਾ ਨਾਮ ਮਿਲਦਾ ਹੈ।

**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥ ਹਰਿ ਜੀਉਮਨਿ**

Digitized by Panjab Digital Library | www.panjabdigilib.org

**ਵਸੈ ਸਭ ਦੂਖ ਵਿਸਾਰਣਹਾਰੁ ॥ ਦਰਿ ਸਾਚੈ ਦੀਸੈ ਸਚਿਆਰੁ ॥ ੪ ॥**

ਗੁਰੂ ਦੀ ਸੇਵਾ ਇਹ ਸਾਰਿਆਂ ਤਪਾਂ ਦੇ ਸਿਰੋਮਣੀ ਸਾਰ=ਸ੍ਰੇਸ਼ਟ ਤਪ ਹੈ ਜੇਹੜਾ ਸਾਰਿਆਂ ਦੁੱਖਾਂ ਦੇ ਦੂਰ ਕਰਨ ਵਾਲਾ ਹੈ ਓਹ ਪ੍ਰਮੇਸਰ ਜੀਉ ਇਸ ਸੇਵਾ ਨਾਲ ਮਨ ਵਿੱਚ ਆ ਵੱਸਦਾ ਹੈ ਅਤੇ ਸੱਚੇ ਦਰ=ਸਾਧ ਸੰਗਤ ਵਿੱਚ ਓਹ ਸੱਚਾ ਦੀਂਹਦਾ ਹੈ।

**ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ॥ ਆਪੁ ਪਛਾਣਿ ਹਰਿ ਪਾਵੈ ਸੋਇ ॥ ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥ ੫ ॥**

ਗੁਰੂ ਦੀ ਸੇਵਾ ਨਾਲ ਤਿੰਨਾਂ ਲੋਕਾਂ ਦੀ ਖਬਰ ਹੋ ਜਾਂਦੀ ਹੈ ਓਹ ਆਦਮੀ ਸੇਵਾ ਕਰਕੇ ਅਪਣੇ ਆਪ ਨੂੰ ਪਛਾਣਕੇ ਪਰਮੇਸਰ ਨੂੰ ਪਾਂਦਾ ਹੈ ਸੱਚੀ ਬਾਣੀ ਕਰਕੇ ਪ੍ਰਮੇਸਰ ਦੇ ਮਹਿਲ ਪਾਸ ਜਾ ਪ੍ਰਾਪਤਿ ਹੁੰਦਾ ਹੈ।

**ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਨਿਰਮਲ ਨਾਮੁ ਰਖੈ ਉਰਿਧਾਰੇ ॥ ਸਾਚੀ ਸੋਭਾ ਸਾਚਿ ਦੁਆਰੇ ॥ ੬ ॥**

ਗੁਰੂ ਦੀ ਸੇਵਾ ਨਾਲ ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ ਅਤੇ ਨਿਰਮਲ ਨਾਮ ਨੂੰ ਰਿਦੇ ਵਿੱਚ ਧਾਰਨ ਕਰ ਰੱਖਦਾ ਹੈ ਸੱਚੇ ਪ੍ਰਮੇਸਰ ਦੇ ਬੂਹੇ ਉਤੇ ਉਸ ਦੀ ਸੱਚੀ ਸੋਭਾ ਹੁੰਦੀ ਹੈ।

**ਸੇਵਡਭਾਗੀ ਜਿ ਗੁਰਿ ਸੇਵਾ ਲਾਏ॥ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ॥ ਨਾਮੇ ਉਧਰੇ ਕੁਲ ਸਬਾਏ ॥ ੭ ॥**

ਜੇਹੜੇ ਗੁਰਾਂ ਨੇ ਅਪਣੀ ਸੇਵਾ ਵਿੱਚ ਲਾ ਲਏ ਹਨ ਓਹ ਵੱਡਿਆਂ ਭਾਗਾਂ ਵਾਲੇ ਹਨ ਓਹ ਰਾਤ ਦਿਨ ਭਗਤੀ ਕਰਦੇ ਤੇ ਹੋਰਨਾਂ ਨੂੰ ਸੱਚਾ ਨਾਮ ਪੱਕਾ ਕਰਾਂਦੇ ਹਨ ਨਾਮ ਕਰਕੇ ਓਨਾਂ ਦੇ ਸਾਰੇ ਦੁਖ ਉਧਰ ਗਏ ਹਨ।

**ਨਾਨਕੁ ਸਾਚੁ ਕਹੈ ਵੀਚਾਰੁ ॥ ਹਰਿਕਾ ਨਾਮੁ ਰਖਹੁ ਉਰਿਧਾਰਿ ॥ ਹਰਿ ਭਗਤੀ ਰਾਤੇ ਮੋਖ ਦੁਆਰੁ ॥ ੮ ॥ ੨ ॥ ੨੪ ॥**

ਗੁਰੂ ਜੀ—ਅਸੀਂ ਵਿਚਾਰਕੇ ਸੱਚ ਆਖਦੇ ਹਾਂ ਹਰੀ ਨਾਮ ਦਾ ਜਾਪ

Digitized by Panjab Digital Library | www.panjabdigilib.org

ਦਿਲ ਵਿੱਚ ਧਾਰਨ ਕਰ ਰਖੋ ਜੇਹੜੇ ਹਰੀ ਦੀ ਭਗਤੀ ਵਿੱਚ ਮਿਲੇ ਹਨ ਓਹ ਮੁਕਤੀ ਦਾ ਬੂਹਾ ਅਸਲ ਗਿਆਨ ਪਾਂਦੇ ਹਨ।

## ਆਸਾ ਮਹਲਾ ੩ ॥

**ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥ ਆਸਾ ਵਿਚਿ ਸੁਤੇ ਕਈ ਲੋਈ ॥ ਸੋ ਜਾਗੈ ਜਾਗਾਵੈ ਸੋਈ ॥੧॥**

ਹਰ ਕੋਈ ਪਦਾਰਥਾਂ ਦੀ ਬਹੁਤ ਬਹੁਤ ਆਸਾ ਕਰਦਾ ਹੈ ਜਾਂ ਆਸਾ ਨੂੰ ਹੀ ਚਾਹੁੰਦਾ ਰਹਿੰਦਾ ਹੈ ਕਿ ਮੈਨੂੰ ਹੀ ਦੁਨੀਆਂ ਦੀਅ ਸਾਰੀਆਂ ਵਸਤੂਆਂ ਮਿਲ ਜਾਨ, ਅਕਾਲ ਪੁਰਖ ਦੇ ਹੁਕਮ ਨੂੰ ਸਮਝਦਾ ਹੈ ਉਹ ਆਸਾ ਤੋਂ ਨਿਰਾਸ ਹੁੰਦਾ ਹੈ ਭਾਵ ਉਹ ਆਸਾ ਨੂੰ ਨਹੀਂ ਚਾਹੁੰਦਾ ਹੈ ਏਸੇ ਆਸਾ ਵਿਚ ਕਈ ਲੋਕ ਦੇਵਤੇ ਆਦਕ ਸੁੱਤੇ ਹੋਏ ਹਨ ਆਸਾ ਰੂਪ ਮੋਹ ਨੀਂਦ ਤੋਂ ਉਹ ਜਾਗਦਾ ਹੈ ਜਿਸਨੂੰ ਆਪ ਗੁਰੂ ਜਗਾਂਦਾ ਹੈ।

**ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥ ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ ॥੧॥ ਰਹਾਉ ॥**

ਸਤਿਗੁਰਾਂ ਨੇ ਨਾਮ ਸਮਝਾਇਆ ਹੈ ਨਾਮ ਤੋਂ ਬਿਨਾਂ ਕਿਸੇ ਦੀ ਭੁੱਖ ਨਹੀਂ ਜਾਂਦੀ ਹੈ ਨਾਮ ਕਰਕੇ ਹੀ ਤ੍ਰਿਸ਼ਨਾ ਅੱਗ ਬੁਝਦੀ ਹੈ, ਪਰ ਉਹ ਨਾਮ ਪ੍ਰਮੇਸ਼ਰ ਦੀ ਆਗਿਆ ਨਾਲ ਮਿਲਦਾ ਹੈ।

**ਕਲਿ ਕੀਰਤਿ ਸਬਦੁ ਪਛਾਨੁ ॥ ਏਹਾ ਭਗਤਿ ਚੂਕੈ ਅਭਿਮਾਨੁ ॥ ਸਤਿਗੁਰੁ ਸੇਵਿਐ ਹੋਵੈ ਪਰਵਾਨੁ ॥ ਜਿਨਿ ਆਸਾ ਕੀਤੀ ਤਿਸਨੋ ਜਾਨੁ ॥੨॥**

ਕਲਜੁਗ ਵਿਚ ਕੀਰਤਨ ਕਰਕੇ ਪ੍ਰਮੇਸ਼ਰ ਨੂੰ ਪਛਾਣੀਦਾ ਹੈ ਏਹੋ ਹੀ ਵੱਡੀ ਭਗਤੀ ਹੈ ਅਤੇ ਏਸੇਨਾਲ ਹੀ ਹੰਕਾਰ ਦੂਰ ਹੁੰਦਾ ਹੈ ਜੇਹੜਾ ਸਤਿਗੁਰਾਂ ਦੀ ਸੇਵਾ ਕਰਦਾ ਹੈ ਉਹ ਆਦਮੀ ਦੁਨੀਆਂ ਵਿਚ ਹਰ ਥਾਂ ਪਰਵਾਣ ਹੁੰਦਾ ਹੈ, ਜਿਸਨੇ ਇਹ ਆਸਾ ਕੀਤੀ ਹੈ ਉਸਨੂੰ ਤੂੰ ਜਾਣ।

**ਤਿਸੁ ਕਿਆ ਦੀਜੈਜਿ ਸਬਦੁ ਸੁਣਾਏ॥ਕਰਿ ਕਿਰਪਾ ਨਾਮੁ ਮੰਨਿ ਵਸਾਏ ॥ ਇਹੁ ਸਿਰੁ ਦੀਜੈ ਆਪੁ ਗਵਾਏ ॥**

Digitized by Panjab Digital Library | www.panjabdigilib.org

**ਹੁਕਮੈ ਬੂਝੈ ਸਦਾ ਸੁਖੁ ਪਾਏ ॥ ੩ ॥**

ਜੇਹੜਾ ਸਤਿਗੁਰੂ ਉਪਦੇਸ਼ ਸੁਣਾਂਦਾ ਹੈ ਅਤੇ ਕ੍ਰਿਪਾ ਕਰਕੇ ਮਨ ਵਿਚ ਨਾਮ ਨੂੰ ਵਸਾਂਦਾ ਹੈ ਉਸਨੂੰ ਕੀ ਦੇਈਏ? ਜਦੋਂ ਹੰਕਾਰ ਨੂੰ ਦੂਰ ਕਰਕੇ ਸਤਿਗੁਰਾਂ ਦੇ ਹੁਕਮ ਨੂੰ ਸਮਝੀਏ ਇਹ ਸਿਰ ਉਸਨੂੰ ਦੇ ਦੇਈਏ ਤਾਂ ਸਦਾ ਸੁਖ ਪਾਈਦਾ ਹੈ ।

**ਆਪਿ ਕਰੇ ਤੈ ਆਪਿ ਕਰਾਏ ॥ ਆਪੇ ਗੁਰਮੁਖਿ ਨਾਮੁ ਵਸਾਏ ॥ ਆਪਿ ਭੁਲਾਵੈ ਆਪਿ ਮਾਰਗਿ ਪਾਏ ॥ ਸਚੈ ਸਬਦਿ ਸਚਿ ਸਮਾਏ ॥ ੪ ॥**

ਆਪਹੀ ਕਰਤੇ ਨੇ ਆਦਮੀ ਬਣਾਏ ਹਨ ਤੇ ਆਪਹੀ ਉਨ੍ਹਾਂ ਤੋਂ ਕਰਮ ਕਰਾਂਦਾ ਹੈ ਆਪਹੀ ਗੁਰਾਂ ਦੁਆਰੇ ਹੋਕੇ ਮਨ ਵਿਚ ਨਾਮ ਵਸਾਂਦਾ ਹੈ ਆਪਹੀ ਭੁਲਾਂਦਾ ਹੈ ਆਪਹੀ ਰਸਤੇ ਪਾਂਦਾ ਹੈ ਆਪ ਹੀ ਸਚੇ ਸ਼ਬਦ ਦੇ ਉਪਦੇਸ਼ ਨਾਲ ਅਪਣੇ ਸੱਚੇ ਰੂਪ ਵਿਚ ਮਿਲਾ ਲੈ ਦਾ ਹੈ ।

**ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਜੁਗਿਜੁਗਿ ਆਖਿ ਵਖਾਣੀ ॥ ਮਨਮੁਖਿ ਮੋਹਿ ਭਰਮਿ ਭੋਲਾਣੀ ॥ ਬਿਨੁ ਨਾਵੈ ਸਭ ਫਿਰੈ ਬਉਰਾਣੀ ॥ ੫ ॥**

ਗੁਰੂ ਦਾ ਉਪਦੇਸ਼ ਸੱਚਾ ਹੈ ਅਤੇ ਗੁਰਬਾਣੀ ਵੀ ਸੱਚੀ ਹੈ ਉਹ ਇਹ ਬਾਣੀ ਗੁਰਮੁਖਾਂ ਨੇ ਜੁੱਗਾਂ ਜੁੱਗਾਂ ਵਿਚ ਮੂੰਹੋਂ ਆਖਕੇ ਕਥਨ ਕੀਤੀ ਹੈ ਮਨ-ਮੁਖਾਂ ਦੀ ਅਕਲ ਮੋਹ ਤੇ ਭਰਮ ਵਿਚ ਭੁੱਲੀ ਹੋਈ ਹੈ ਨਾਮ ਤੋਂ ਬਿਨਾਂ ਸਾਰੀ ਦੁਨੀਆਂ ਕਮਲੀ ਹੋਈ ਫਿਰਦੀ ਹੈ ।

**ਤੀਨਿ ਭਵਨ ਮਹਿ ਏਕਾ ਮਾਇਆ ॥ ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥ ਬਹੁ ਕਰਮ ਕਮਾਵੈ ਦੁਖੁ ਸਬਾਇਆ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥ ੬ ॥**

ਤਿੰਨਾਂ ਲੋਕਾਂ ਵਿਚ ਇਕ ਹੀ ਮਾਇਆ ਹੈ ਮੂਰਖਾਂ ਨੇ ਦੂਸਰਾ ਭਾਵ ਪੜ੍ਹ ੨ ਕੇ ਪੱਕਾ ਕੀਤਾ ਕਰਾਇਆ ਹੈ ਜੇਹੜਾ ਬਹੁਤੇ ਨਾਮ ਕਮਾਂਦਾ ਹੈ ਉਹ ਬਹੁਤੇ ਦੁਖ ਪਾਂਦਾ ਹੈ ਸਤਿਗੁਰਾਂ ਦੀ ਸੇਵਾ ਕਰਕੇ ਗੁਰਮੁਖਾਂ ਨੇ ਰੋਜ ਹੀ ਸੁਖ ਪਾਇਆ ਹੈ ।

**ਅੰਮ੍ਰਿਤੁ ਮੀਠਾ ਸਬਦੁ ਵੀਚਾਰਿ ॥ ਅਨਦਿਨੁ ਭੋਗੇ**

Digitized by Panjab Digital Library | www.panjabdigilib.org

**ਹਉਮੈ ਮਾਰਿ ॥ ਸਹਜਿ ਅਨੰਦਿ ਕਿਰਪਾ ਧਾਰਿ॥ ਨਾਮਿ ਰਤੇ ਸਦਾ ਸਚਿ ਪਿਆਰਿ ॥ ੭ ॥**

ਸਤਿਗੁਰਾਂ ਦੇ ਸ਼ਬਦ ਦਾ ਵਿਚਾਰ ਅੰਮ੍ਰਿਤ ਨਾਲੋਂ ਮਿੱਠਾ ਹੈ ਜਿਨਾਂ ਨੇ ਹੰਗਤਾ ਮਮਤਾ ਮਾਰੀ ਹੈ ਉਹ ਰਾਤ ਦਿਨ ਅਨੰਦ ਨੂੰ ਭੋਗਦੇ ਹਨ ਜਿਨਾਂ ਦੇ ਉਤੇ ਗੁਰਾਂ ਨੇ ਕ੍ਰਿਪਾ ਧਾਰੀ ਹੈ ਉਹ ਸਹਿਜੇ ਹੀ ਅਨੰਦ ਰਹਿੰਦੇ ਹਨ ਸੱਚੇ ਨਾਮੀ ਦੇ ਪ੍ਰੇਮ ਵਿਚ ਸਦਾ ਰੱਤੇ ਰਹਿੰਦੇ ਹਨ।

**ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥ ਹਰਿ ਜਪਿ ਪੜੀਐ ਹਉਮੈ ਮਾਰਿ॥ ਹਰਿ ਜਪੀਐ ਭਇ ਸਚਿ ਪਿਆਰਿ ॥ ਨਾਨਕ ਨਾਮੁ ਗੁਰਮਤਿ ਉਰਧਾਰਿ ॥ ੮ ॥ ੩ ॥ ੨੫ ॥**

ਪ੍ਰਮੇਸਰ ਦੇ ਜਪ ਨੂੰ ਪੜ੍ਹੀਏ ਤੇ ਗੁਰ ਸ਼ਬਦ ਦਾ ਵਿਚਾਰ ਕਰੀਏ ਹੰਗਤਾ ਮਮਤਾ ਨੂੰ ਮਾਰ ਕੇ ਪ੍ਰਮੇਸਰ ਨੂੰ ਹੀ ਜਪੀਏ ਪਰਮੇਸਰ ਨੂੰ ਹੀ ਪੜ੍ਹੀਏ ਸੱਚੇ ਵਿੱਚ ਪਿਆਰ ਧਾਰਕੇ ਸੱਚੇ ਪਰਮੇਸਰ ਨੂੰ ਜਪੀਏ, ਗੁਰੂ ਜੀ=ਇੱਕੁਰ ਗੁਰ ਸਿਖਿਆ ਨਾਲ ਨਾਮ ਨੂੰ ਰਿਦੇ ਵਿੱਚ ਧਾਰਨ ਕਰੀਏ ਤਾਂ ਆਸਾ ਤ੍ਰਿਸ਼ਨਾ ਦੂਰ ਹੁੰਦੀ ਹੈ।

## ੧ ਓ ਸਤਿਗੁਰਪ੍ਰਸਾਦਿ ॥

## ਰਾਗੁ ਆਸਾ ਮਹਲਾ ੩ ਅਸਟਪਦੀਆ ਘਰੁ ੮ ਕਾਫੀ॥

**ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥ ਗੁਰ ਤੇ ਨਾਮੁ ਪਾਈਐ ਵਡੀ ਵਡਿਆਈ॥੧॥**

ਜਿਨਾਂ ਦਾਸਾਂ ਨੇ ਤ੍ਰਿਸ਼ਨਾਂ ਅੱਗ ਬੁਝਾਈ ਹੈ ਓਹਨਾਂ ਨੂੰ ਗੁਰਾਂ ਦੀ ਸੇਵਾ ਨਾਲ ਸ਼ਾਂਤੀ ਪੈਦਾ ਹੁੰਦੀ ਹੈ, ਗੁਰਾਂ ਤੋਂ ਨਾਮ ਪਾਈਦਾ ਹੈ ਅਤੇ ਨਾਮ ਕਰਕੇ ਵੱਡੀ ਵਡਿਆਈ ਹੁੰਦੀ ਹੈ।

**ਏਕੋ ਨਾਮੁ ਚੇਤਿ ਮੇਰੇ ਭਾਈ ॥ ਜਗਤੁ ਜਲੰਦਾ ਦੇਖਿਕੈ ਭਜਿ ਪਏ ਸਰਣਾਈ ॥ ੧ ॥ ਰਹਾਉ ॥**

ਹੇ ਮੇਰੇ ਭਰਾ ! ਇਕ ਨਾਮ ਨੂੰ ਯਾਦ ਕਰ ਜਗਤ ਨੂੰ ਆਸਾ ਤ੍ਰਿਸ਼ਨਾ

Digitized by Panjab Digital Library | www.panjabdigilib.org

ਰੂਪ ਅੱਗ ਵਿੱਚ ਸੜਦਾ ਹੋਇਆ ਵੇਖਕੇ ਅਸੀ ਦੌੜਕੇ ਗੁਰਾਂ ਦੀ ਸ਼ਰਨ ਆ ਪਏ ਹਾਂ।

**ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ॥ਗੁਰਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ॥ ੨॥**

ਗੁਰੂ ਦੇ ਵੱਡੇ ਉਪਦੇਸ਼ ਕਰਕੇ ਸੱਚ ਝੂਠ ਦੇ ਵਿਚਾਰ ਕਰਕੇ ਗਿਆਨ ਪੈਦਾ ਹੁੰਦਾ ਹੈ ਜਾਂ ਵੱਡਾ ਨਿਚੋੜ ਗਿਆਨ ਦਾ ਵਿਚਾਰ ਹੁੰਦਾ ਹੈ ਜਿਸ ਆਦਮੀ ਦਾ ਦਿਲ ਰੂਪ ਖਜ਼ਾਨਾ ਭਗਤੀ ਨਾਲ ਭਰਿਆ ਹੋਇਆ ਹੈ ਉਸਨੇ ਅਪਣੇ ਘਰ ਦਾ ਬੂਹਾ ਗੁਰਾਂ ਦੀ ਕਿਰਪਾ ਨਾਲ ਪਾ ਲਿਆ ਹੈ।

**ਗੁਰਮੁਖਿ ਨਾਮੁ ਧਿਆਈਐ ਬੂਝੈ ਵੀਚਾਰਾ॥ਗੁਰਮੁਖਿ ਭਗਤਿ ਸਲਾਹ ਹੈ ਅੰਤਰਿ ਸਬਦੁ ਅਪਾਰਾ॥ ੩॥**

ਗੁਰਮੁਖ ਸਮਝ ਵਿਚਾਰਕੇ ਨਾਮ ਧਿਆਉਂਦੇ ਹਨ ਤੇ ਗੁਰਮੁਖ ਭਗਤੀ ਕਰਕੇ ਵਾਹਿਗੁਰੂ ਦੀ ਉਸਤਤੀ ਕਰਦੇ ਹਨ ਓਹਨਾਂ ਦੇ ਅੰਦਰ ਅਪਾਰ ਪਰਮੇਸ਼ਰ ਦਰਸ਼ਨ ਦੇਂਦਾ ਹੈ।

**ਗੁਰਮੁਖਿ ਸੂਖੁ ਊਪਜੈ ਦੁਖੁ ਕਦੇ ਨ ਹੋਈ॥ ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ॥ ੪॥**

ਗੁਰਮੁਖਾਂ ਨੂੰ ਸੁਖ ਪੈਦਾ ਹੁੰਦਾ ਹੈ ਤੇ ਦੁਖ ਕਦੀ ਨਹੀਂ ਹੁੰਦਾ ਹੈ ਗੁਰਾਂ ਦੁਆਰੇ ਹੰਗਤਾ ਮਮਤਾ ਮਾਰੀਏ ਤਾਂ ਮਨ ਤੇ ਅਕਲ ਸੁੱਧ ਹੁੰਦੀ ਹੈ।

**ਸਤਿਗੁਰਿ ਮਿਲਿਐ ਆਪੁ ਗਇਆ ਤ੍ਰਿਭਵਣਸੋਝੀ ਪਾਈ॥ ਨਿਰਮਲ ਜੋਤਿ ਪਸਰਿ ਰਹੀ ਜੋਤੀ ਜੋਤਿ ਮਿਲਾਈ॥ ੫॥**

ਸਤਿਗੁਰਾਂ ਨੂੰ ਮਿਲਕੇ ਹੰਕਾਰ ਦੂਰ ਹੋ ਗਿਆ ਹੈ ਅਤੇ ਤਿੰਨਾਂ ਲੋਕਾਂ ਦੀ ਖਬਰ ਹੋ ਪਈ ਹੈ ਜੇਹੜੀ ਜੋਤੀ ਦੀ ਚੰਗੀ ਜੋਤ ਫੈਲੀ ਹੋਈ ਹੈ ਉਸ ਵਿਚ ਅਪਨੀ ਜੋਤ ਮਿਲਾਈ ਹੈ।

**ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ॥ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ॥ ੬॥**

ਜੇਹੜਾ ਪੂਰਿਆਂ ਗੁਰਾਂ ਨੇ ਉਪਦੇਸ਼ ਸਮਝਾਇਆ ਹੈ ਉਸ ਕਰਕੇ ਮੇਰੀ ਅਕਲ ਚੰਗੀ ਹੋ ਗਈ ਹੈ, ਏਸੇ ਕਰਕੇ ਦਿਲ ਦੇ ਅੰਦਰ ਸ਼ਾਂਤੀ ਰੂਪ

Digitized by Panjab Digital Library | www.panjabdigilib.org

ਸੀਤਲਤਾ ਆਗਈ ਹੈ ਤੇ ਨਾਮ ਦੇ ਉਪਦੇਸ਼ ਕਰਕੇ ਸੁਖ ਦੀ ਪ੍ਰਾਪਤੀ ਹੋਈਹੈ।

**ਪੂਰਾ ਸਤਿਗੁਰੁ ਤਾਂ ਮਿਲੈ ਜਾਂ ਨਦਰਿ ਕਰੇਈ ॥ ਕਿਲਵਿਖ ਪਾਪ ਸਭ ਕਟੀਅਹਿ ਫਿਰਿ ਦੁਖੁ ਬਿਘਨੁ ਨ ਹੋਈ ॥ ੭ ॥**

ਜਦੋਂ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਤੇ ਤਾਂ ਪੂਰਾ ਸਤਿਗੁਰੂ ਮਿਲਦਾ ਹੈ ਪਿਛਲੇ ਜਨਮ ਦੇ ਤੇ ਹੁਣ ਦੇ ਜਨਮ ਦੇ ਸਾਰੇ ਭਾਰੇ੨ ਪਾਪ ਕੱਟੇ ਜਾਂਦੇ ਹਨ ਫਿਰ ਕਿਸੇ ਤਰਾਂ ਦਾ ਦੁਖ ਤੇ ਵਿਘਨ ਨਹੀਂ ਹੁੰਦਾ ਹੈ।

**ਆਪਣੈ ਹਥਿ ਵਡਿਆਈਆ ਦੇ ਨਾਮੇ ਲਾਏ ॥ ਨਾਨਕ ਨਾਮੁ ਨਿਧਾਨੁ ਮਨਿ ਵਸਿਆ ਵਡਿਆਈ ਪਾਏ ॥ ੮ ॥ ੪ ॥ ੨੬ ॥**

ਪ੍ਰਮੇਸ਼ਰ ਨੇ ਵਡਿਆਈਆਂ ਆਪਣੇ ਹੱਥ ਵਿਚ ਰੱਖੀਆਂ ਹੋਈਆਂ ਹਨ ਜਿਸਨੂੰ ਨਾਮ ਵਿਚ ਲਾਂਦਾ ਹੈ ਉਸਨੂੰ ਦੇਂਦਾ ਹੈ, ਗੁਰੂ ਜੀ=ਨਾਮ ਖਜ਼ਾਨਾ ਗੁਰਮੁਖਾਂ ਦੇ ਮਨ ਵਿਚ ਵੱਸਿਆ ਹੈ ਏਸੇ ਕਰਕੇ ਉਹ ਵਡਿਆਈ ਪਾਂਦੇ ਹਨ।

## ਆਸਾ ਮਹਲਾ ੩ ॥

**ਸੁਣਿ ਮਨ ਮੰਨਿ ਵਸਾਇ ਤੂ ਆਪੇ ਆਇ ਮਿਲੈ ਮੇਰੇ ਭਾਈ॥ ਅਨਦਿਨੁ ਸਚੀ ਭਗਤਿ ਕਰਿ ਸਚੇ ਚਿਤੁ ਲਾਈ ॥ ੧ ॥**

ਹੇ ਮੇਰੇ ਭਰਾ ਪ੍ਰਮੇਸ਼ਰ ਦਾ ਨਾਮ ਸੁਣ ਤੇ ਮਨ ਵਿਚ ਵਸਾ ਤੇ ਗੁਰ ਉਪਦੇਸ਼ ਨੂੰ ਮੰਨ, ਇੱਕੁਰ ਰਾਤ ਦਿਨ ਸੱਚੇ ਵਿਚ ਬ੍ਰਿਤੀ ਨੂੰ ਲਾਈ ਰੱਖ ਇੱਕਰ ਦੀ ਸੱਚੀ ਭਗਤੀ ਕਰ ਤਾਂ ਆਪ ਹੀ ਪਰਮੇਸ਼ਰ ਤੈਨੂੰ ਆ ਮਿਲੇਗਾ। ਭਾਵ ਦਰਸ਼ਨ ਦੇਵੇਗਾ ਤੇ ਸੁਖ ਹੋਵੇਗਾ।

**ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ ॥ ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ॥੧॥ਰਹਾਉ॥**

ਹੇ ਮੇਰੇ ਭਰਾ ਹੰਗਤਾ ਦੂਜਨੂੰ ਦੂਰ ਕਰਕੇ ਇਕ ਨਾਮ ਨੂੰ ਯਾਦ ਕਰ ਤਾਂ ਤੂੰ ਸੁਖ ਪਾਵੇਂਗਾ ਤੇ ਵੱਡੀ ਵਡਿਆਈ ਹੋਵੇਗੀ।

**ਇਸੁ ਭਗਤੀਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ**

Digitized by Panjab Digital Library | www.panjabdigilib.org

**ਸਤਿਗੁਰ ਪਾਈ ਨ ਜਾਇ ॥ ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ ॥ ੨ ॥**

ਇਸ ਭਗਤੀ ਨੂੰ ਦੇਵਤੇ ਆਦਮੀ ਮੁਨੀ ਦਾਸ ਸਾਰੇ ਚਾਹੁੰਦੇ ਹਨ ਪਰ ਸਤਿਗੁਰਾਂ ਦੀ ਕ੍ਰਿਪਾ ਬਿਨਾਂ ਨਹੀਂ ਪਾਈ ਜਾਂਦੀ ਹੈ ਪੰਡਤ ਸ਼ਾਸਤਰ ਪੜ੍ਹਾਂਦੇ ਹਨ ਜੋਤਸ਼ੀ ਜੋਤਸ਼ ਦਾ ਵਿਚਾਰ ਕਰਦੇ ਹਨ ਪਰ ਭਗਤੀ ਬਿਨਾਂ ਇਨ੍ਹਾਂ ਨੂੰ ਵੀ ਸਮਝ ਨਹੀਂ ਪੈਂਦੀ ਹੈ।

**ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ ॥ ਆਪੇ ਦੇਇ ਸੁ ਪਾਈਐ ਗੁਰਿ ਬੂਝ ਬੁਝਾਈ ॥ ੩ ॥**

ਇਹ ਅਕਥ ਕਥਾ ਕੁਛ ਆਖੀ ਨਹੀਂ ਜਾਂਦੀ ਹੈ ਸਭ ਕੁਛ ਅਕਾਲ ਪੁਰਖ ਨੇ ਅਪਣੇ ਹੀ ਹਥ ਵਿਚ ਰਖਿਆ ਹੈ ਆਪਹੀ ਜਿਸਨੂੰ ਦੇਂਦਾ ਹੈ ਉਹ ਪਾਂਦਾ ਹੈ ਇਹ ਸਮਝ ਸਤਿਗੁਰਾਂ ਨੇ ਸਮਝਾ ਦਿਤੀ ਹੈ।

**ਜੀਅ ਜੰਤ ਸਭਿ ਤਿਸਦੇ ਸਭਨਾ ਕਾ ਸੋਈ ॥ ਮੰਦਾ ਕਿਸਨੋ ਆਖੀਐ ਜੇ ਦੂਜਾ ਹੋਈ ॥ ੪ ॥**

ਛੋਟੇ ਵੱਡੇ ਜੀਅ ਸਾਰੇ ਉਸਦੇ ਹਨ ਤੇ ਓਹੋ ਹੀ ਸਾਰਿਆਂ ਦਾ ਮਾਲਕ ਹੈ ਬੁਰਾ ਕਿਸਨੂੰ ਆਖੀਏ ਜੇ ਕੋਈ ਦੂਸਰਾ ਹੋਵੇ ਤੇ ਤਾਂ ਉਸਨੂੰ ਬੁਰਾ ਆਖੀਏ ਭਾਵ ਨ ਕੋਈ ਮਾੜਾ ਹੈ ਨ ਚੰਗਾ ਹੈ।

**ਇਕੋ ਹੁਕਮੁ ਵਰਤਦਾ ਏਕਾ ਸਿਰਿਕਾਰਾ ॥ ਆਪਿ ਭੁਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥ ੫ ॥**

ਸਾਰਿਆਂ ਦੇ ਉਤੇ ਇਕ ਦਾ ਹੀ ਹੁਕਮ ਵਰਤਦਾ ਹੈ ਸਾਰਿਆਂ ਦੇ ਸਿਰ ਉਤੇ ਇੱਕ ਦੀ ਹੀ ਕਾਰ ਹੈ, ਦਿਲ ਬੁਧੀ ਵਿਚ ਲੋਭ ਵਿਕਾਰਾਂ ਨੂੰ ਪਾਕੇ ਜੀਆਂਨੂੰ ਆਪ ਹੀ ਭੁਆਵਣੀ ਦਿੱਤੀ ਹੈ ਭਾਵ ਚੁਰਾਸੀ ਵਿਚ ਪਾਇਆ ਹੈ।

**ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ॥ ਭਗਤਿ ਭੀ ਓਨਾ ਨੋ ਬਖਸੀਅਨੁ ਅੰਤਰਿ ਭੰਡਾਰਾ ॥੬॥**

ਇਕਨਾਂ ਨੂੰ ਆਪਹੀ ਗੁਰਾਂ ਦੇ ਸਾਹਮਣੇ ਸੇਵਾ ਵਿਚ ਕੀਤਾ ਹੈ ਅਤੇ ਉਹ ਸਿਖ ਵਿਚਾਰ ਨਾਲ ਪ੍ਰਮੇਸ਼ਰ ਨੂੰ ਸਮਝਦੇ ਹਨ ਭਗਤੀ ਵੀ ਉਨ੍ਹਾਂ ਨੂੰ ਬਖਸ਼ੀ ਹੈ ਅਤੇ ਓਨਾਂ ਦੇ ਹੀ ਰਿਦੇ ਅੰਦਰ ਜੰਗਿਆਂ ਗੁਣਾਂ ਦਾ ਖਜਾਨਾ ਭਰ ਰੱਖਿਆ ਹੈ।

Digitized by Panjab Digital Library | www.panjabdigilib.org

ਗਿਆਨੀਆਨੋ ਸਭੁ ਸਚੁ ਹੈ ਸਚੁ ਸੋਝੀਹੋਈ॥ਓਇ ਭੁਲਾਏ ਕਿਸੈ ਦੇ ਨ ਭੁਲਨੀ ਸਚੁ ਜਾਣਨਿ ਸੋਈ॥੭॥

ਗਿਆਨੀਆਂ ਆਦਮੀਆਂ ਨੂੰ ਸਾਰੀਆਂ ਥਾਵਾਂ ਵਿਚ ਸੱਚ ਹੀ ਸੱਚ ਮਲੂਮ ਹੁੰਦਾ ਹੈ ਕਿਉਂਕਿ ਉਨ੍ਹਾਂ ਨੂੰ ਸੱਚ ਦੀ ਸਮਝ ਆ ਗਈ ਹੈ ਉਹ ਫਿਰ ਕਿਸੇ ਦੇ ਭੁਲਾਏ ਭੁਲਦੇ ਨਹੀਂ ਤੇ ਓਸੇ ਸੱਚੇ ਨੂੰ ਜਾਣਦੇ ਹਨ।

ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ॥ ਨਾਨਕ ਬਿਨੁ ਸਤਿਗੁਰ ਵਸਿ ਨ ਆਵਨੀ ਨਾਮਿ ਹਉਮੈ ਮਾਰੀ ॥੮॥੫॥੨੭॥

ਗਿਆਨੀਆਂ ਦੇ ਦਿਲ ਅੰਦਰ ਭਾਵੇਂ ਪੰਜ ਵਿਕਾਰ ਵਰਤਦੇ ਹਨ ਪਰ ਪੰਜੇ ਹੀ ਵਿਚਾਰਵਾਨ ਹੋਕੇ ਵਰਤਦੇ ਹਨ ਭਾਵ ਦੁਖ ਨਹੀਂ ਦੇਂਦੇ ਬਾਤ ਰੀਤੀ ਨਾਲ ਕਰਦੇ ਹਨ ਉਹ ਗੁਰੂ ਦੇ ਉਪਦੇਸ਼ ਬਿਨਾਂ ਵੱਸ ਨਹੀਂ ਆਉਂਦੇ ਹਨ ਪਰ ਜਿਨਾਂ ਨੇ ਨਾਮ ਜਪਿਆ ਹੈ ਅਤੇ ਹੰਗਤਾ ਮਮਤਾ ਮਾਰੀ ਹੈ ਓਨਾਂ ਦੇ ਵੱਸ ਆਏ ਹਨ।

## ਆਸਾ ਮਹਲਾ ੩ ॥

ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥

ਸਾਰੀ ਵਸਤੂ ਘਰ ਦੇ ਅੰਦਰ ਹੀ ਹੈ ਬਾਹਰ ਕੁਛ ਨਹੀਂ ਹੈ ਗੁਰਾਂ ਦੀ ਕ੍ਰਿਪਾ ਨਾਲ ਜਦੋਂ ਕਪਟ ਰੂਪ ਤਖਤੇ ਖੋਲ੍ਹੀਏ ਤੇ ਤਾਂ ਸਾਰੀਆਂ ਵਸਤੂਆਂ ਨੂੰ ਅੰਦਰ ਹੀ ਪਾਈਦਾ ਹੈ ਭਾਵ ਗੁਣ ਤੇ ਪ੍ਰਮੇਸ਼ਰ ਜੀਵਦੇ ਅੰਦਰ ਹੈ।

ਸਤਿਗੁਰ ਤੇ ਹਰਿ ਪਾਈਐ ਭਾਈ॥ ਅੰਤਰਿ ਨਾਮੁ ਨਿਧਾਨੁਹੈਪੂਰੈ ਸਤਿਗੁਰਿ ਦੀਆ ਦਿਖਾਈ॥੧॥ਰਹਾਉ॥

ਹੇ ਭਰਾ ਸਤਿਗੁਰਾਂ ਪਾਸੋਂ ਪ੍ਰਮੇਸ਼ਰ ਲਭਦਾ ਹੈ ਦਿਲਦੇ ਵਿਚ ਹੀ ਨਾਮ ਦਾ ਖਜਾਨਾ ਹੈ ਪਰ ਪੂਰਿਆਂ ਸਤਿਗੁਰਾਂ ਦਾ ਦਿਖਾਇਆ ਹੋਇਆ ਦੀਹਦਾ ਹੈ ਜਾਂ ਦਿਖਾ ਦਿਤਾ ਹੈ।

ਹਰਿਕਾ ਗਾਹਕੁ ਹੋਵੈ ਸੋ ਲਏ ਪਾਏਰਤਨੁ ਵੀਚਾਰਾ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ॥੨॥

Digitized by Panjab Digital Library | www.panjabdigilib.org

ਜੇਹੜਾ ਹਰੀ ਨਾਮ ਦਾ ਗਾਹਕ ਹੁੰਦਾ ਹੈ ਉਹ ਗੁਰਾਂ ਦੇ ਚਰਨਾਂ ਦਾ ਆਸਰਾ ਲੈਂਦਾ ਹੈ ਤਾਂ ਰਤਨ ਗਿਆਨ ਦਾ ਵਿਚਾਰ ਪਾਂਦਾ ਹੈ ਜਦੋਂ ਗੁਰੂ ਕ੍ਰਿਪਾਲੂ ਹੋਕੇ ਇਸਦੇ ਅੰਦਰ ਦੇਵਤਿਆਂ ਵਰਗੀ ਦ੍ਰਿਸ਼ਟੀ ਖੋਲ੍ਹ ਦਿੰਦੇ ਹਨ ਤਾਂ ਮੁਕਤੀ ਦਾ ਖਜ਼ਾਨਾ ਪ੍ਰਮੇਸ਼ਰ ਨੂੰ ਵੇਖਦਾ ਹੈ।

**ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥੩॥**

ਅਨੇਕਾਂ ਮਹਲ=ਸਰੀਰਾਂ ਦੇ ਅੰਦਰ ਜੇਹੜਾ ਇਕ ਪ੍ਰਮੇਸ਼ਰ ਪੂਰਨ ਹੈ ਜੇਕਰ ਆਦਮੀ ਉਸਦੇ ਵਿਚ ਵਾਸਾ ਕਰੇ ਤਾਂ ਮਨ ਭਾਂਦੇ ਫਲਾਂ ਨੂੰ ਪਾਂਦਾ ਹੈ ਫਿਰ ਚੁਰਾਸੀ ਵਿਚ ਫੇਰਾ ਨਹੀਂ ਹੁੰਦਾ ਹੈ।

**ਪਾਰਖੀਆ ਵਥੁ ਸਮਾਲਿ ਲਈ ਗੁਰਿ ਸੋਝੀ ਹੋਈ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥ ੪ ॥**

ਜਿਨਾਂ ਨੂੰ ਗੁਰਾਂ ਦੀ ਦਿਤੀ ਹੋਈ ਖਬਰ ਹੋਈ ਹੈ ਉਨ੍ਹਾਂ ਪਰਖਣ ਵਾਲਿਆਂ ਗੁਰਮੁਖਾਂ ਭਾਵ ਝੂਠ ਸੱਚ ਦਾ ਵਿਚਾਰ ਕਰਨ ਵਾਲਿਆਂ ਨੇ ਪ੍ਰਮੇਸ਼ਰ ਰੂਪ ਚੰਗੀ ਵਸਤੂ ਸਮਝਕੇ ਸੰਭਾਲ ਲਈ ਹੈ,ਉਹ ਜੇਹੜਾ ਪ੍ਰਮੇਸ਼ਰ ਦਾ ਅਮੋ-ਲਕ ਪਦਾਰਥ ਨਾਮ ਹੈ ਉਸਨੂੰ ਗੁਰਾਂ ਦੁਆਰੇ ਕੋਈ ਹੀ ਪਾਂਦਾ ਹੈ।

**ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥ ੫ ॥**

ਹੇ ਭਰਾ ਜੇ ਬਾਹਿਰ ਲਭੇਂਗਾ ਤਾਂ ਕੀ ਲਏਂਗਾ?ਭਾਵ ਕੁਛ ਨਹੀਂ ਮਿਲੇਗਾ। ਆਤਮ ਵਸਤੂ ਤਾਂ ਘਰਦੇ ਅੰਦਰ ਹੀ ਹੈ ਸਾਰਾ ਸੰਸਾਰ ਭਰਮ ਵਿਚ ਭੁੱਲਾ ਹੋਇਆ ਫਿਰਦਾ ਹੈ ਮਨਮੁਖਾਂ ਨੇ ਆਪਣੀ ਇਜ਼ਤ ਗਵਾ ਲਈ ਹੈ।

**ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥ ੬ ॥**

ਆਪਣਾ ਅਸਲੀ ਘਰ ਪ੍ਰਮੇਸ਼ਰ ਅੰਦਰ ਹੀ ਛੱਡਕੇ ਝੂਠਾ ਆਦਮੀ ਪਰਾਇਆਂ ਘਰਾਂ ਵਿਚ ਜਾਂਦਾ ਹੈ ਉਹ ਨਾਮ ਤੋਂ ਬਿਨਾਂ ਚੋਰ ਵਾਂਗੂ ਫੜਿਆ ਜਾਂਦਾ ਹੈ ਤੇ ਜਮ ਦੀਆਂ ਚੋਟਾਂ ਖਾਂਦਾ ਹੈ।

**ਜਿਨੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥**

Digitized by Panjab Digital Library | www.panjabdigilib.org

**ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭ ॥**

ਹੇ ਭਰਾ ਜਿਨਾਂਨੇ ਆਪਣਾਂ ਘਰ ਜਾਣ ਲਿਆ ਹੈ, ਉਹ ਸੁਖੀਏ ਹੋ ਗਏ ਨ ਗੁਰਾਂ ਦੀ ਵਡਿਆਈ ਕਰਕੇ ਦਿਲਦੇ ਅੰਦਰ ਹੀ ਪ੍ਰਮੇਸ਼ਰ ਨੂੰ ਪਛਾਂਣ ਲਿਆ ਹੈ ।

**ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ॥ ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥ ੮ ॥ ੬ ॥ ੨੮ ॥**

ਦੂਸਰੇ ਕਿਸਨੂੰ ਆਖੀਏ ? ਕਰਤਾ ਪੁਰਖ ਆਪਹੀ ਦਾਨ ਕਰੇ ਤੇ ਤਾਂ ਸਮਝਾ ਦੇਂਦਾ ਹੈ । ਗੁਰੂ ਜੀ=ਤੂੰ ਨਾਮ ਨੂੰ ਯਾਦ ਕਰ ਤਾਂ ਸਚੇ ਦੇ ਦਰ ਉਤੇ ਤੇਰੀ ਸੋਭਾ ਪਾਈ ਜਾਵੇਗੀ, ਭਾਵ ਹੋਵੇਗੀ ਜਾਂ ਜਿਨ੍ਹਾਂ ਸੋਭ ਪਈ ਹੈ ਨਾਮ ਨੂੰ ਯਾਦ ਕਰਕੇ ਹੀ ਪਾਈ ਹੈ ।

## ਆਸਾ ਮਹਲਾ ੩ ॥

**ਆਪੇ ਆਪੁ ਪਛਾਣਿਆ ਸਾਦੁ ਮੀਠਾ ਭਾਈ ॥ ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਹਾ ਸਾਚੋ ਭਾਈ ॥ ੧ ॥**

ਹੇ ਭਰਾ ਜਿਨਾਂ ਨੇ ਅਪਣੇ ਆਪ ਦੇ ਅੰਦਰ ਹੀ ਪ੍ਰਮੇਸਰ ਨੂੰ ਪਛਾਣਿਆਂ ਹੈ ਓਹਨਾਂ ਨੂੰ ਮਿੱਠਾ ਸਵਾਦ ਆਇਆ ਹੈ ਜਿਨਾਂ ਨੂੰ ਸੱਚਾ ਭਾਂਦਾ ਹੈ ਓਹ ਹਰਿ ਰਸ ਨੂੰ ਚੱਖਕੇ ਮੁਕਤੀ ਹੋ ਗਏ ਹਨ ।

**ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ॥ ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥ ੧ ॥ ਰਹਾਉ ॥**

ਪ੍ਰਮੇਸਰ ਬਹੁਤ ਹੀ ਨਿਰਮਲ ਤੋਂ ਨਿਰਮਲ ਹੈ ਉਸ ਦਾ ਵਾਸਾ ਨਿਰਮਲ ਮਨ ਵਿੱਚ ਹੁੰਦਾ ਹੈ ਗੁਰੂ ਦੀ ਸਿਖਿਆ ਲੈਕੇ ਉਸ ਦੀ ਸੋਭਾ ਕਰੀਏ ਜਿਨਾਂ ਨੇ ਸੋਭਾ ਕੀਤੀ ਹੈ ਓਹ ਵਿਸ਼ਿਆਂ ਵਿੱਚ ਰਹਿੰਦੇ ਹੋਇ ਵੀ ਉਦਾਸ ਰਹਿੰਦੇ ਹਨ ।

**ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥ ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥ ੨ ॥**

Digitized by Panjab Digital Library | www.panjabdigilib.org

ਹੇ ਭਰਾ ਗੁਰੂ ਸ਼ਬਦ ਤੋਂ ਬਿਨਾ ਅਪਣਾ ਆਪ ਨਹੀਂ ਜਾਣਿਆਂ ਜਾਂਦਾ ਹੈ ਇੱਕ ਦੀ ਕੀ ਗੱਲ ਸਾਰੀ ਦੁਨੀਆਂ ਅੰਨ੍ਹੀ ਹੈ ਜੇਹੜੇ ਗੁਰ ਸਿਖਿਆ ਵਾਲੇ ਹਨ ਓਹਨਾਂ ਦੇ ਦਿਲ ਵਿੱਚ ਗਿਆਨ ਦਾ ਚਾਨਣ ਹੁੰਦਾ ਹੈ, ਅਤੇ ਅੰਤ ਨੂੰ ਨਾਮ ਉਨ੍ਹਾਂ ਦਾ ਮਿੱਤ੍ਰ ਹੁੰਦਾ ਹੈ।

**ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ ॥ ਅੰਤਰਿ ਨਾਮੁ ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ ॥ ੩ ॥**

ਓਹ ਇਕੁਰ ਦੇ ਗੁਰਮੁਖ ਨਾਮ ਹੀ ਨਾਮ ਵਿੱਚ ਵਰਤਦੇ ਹਨ ਨਾਮ ਦੇ ਵਿੱਚ ਹੀ ਵਰਤਾਰਾ=ਛਾਂਦਾ ਭਾਵ ਹਿੱਸਾ,ਯੋਗ ਸਿਖਾਂ ਨੂੰ ਸਮਝਕੇ ਦੇਂਦੇ ਹਨ ਓਹਨਾਂ ਦੇ ਦਿਲ ਅੰਦਰ ਵੀ ਨਾਮ ਹੈ ਅਤੇ ਬਾਹਰ ਮੂੰਹ ਵਿੱਚ ਵੀ ਨਾਮ ਹੀ ਹੈ ਨਾਮ ਨੂੰ ਜਪਕੇ ਸਾਰਿਆਂ ਵਿੱਚ ਪ੍ਰਮੇਸਰ ਨੂੰ ਵਿਚਾਰਿਆ ਹੈ।

**ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥ ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥ ੪ ॥**

ਓਹ ਨਾਮ ਨੂੰ ਹੀ ਸੁਣਦੇ ਹਨ ਨਾਮ ਨੂੰ ਹੀ ਮੰਨਦੇ ਹਨ ਨਾਮ ਕਰਕੇ ਹੀ ਵਡਿਆਈ ਪਾਂਦੇ ਹਨ ਨਾਮ ਦੀ ਹੀ ਸਦਾ ਸਦਾ ਸਲਾਘਾ ਕਰਦੇ ਹਨ। ਨਾਮ ਹੀ ਕਰਕੇ ਵਾਹਿਗੁਰੂ ਨੂੰ ਪਾਂਦੇ ਹਨ।

**ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ ॥ ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ ॥ ੫ ॥**

ਨਾਮ ਕਰਕੇ ਹੀ ਓਹਨਾਂ ਦੇ ਦਿਲ ਵਿੱਚ ਚਾਨਣਾ ਹੈ ਨਾਮ ਹੀ ਕਰਕੇ ਓਹਨਾਂ ਨੇ ਸੋਭਾ ਪਾਈ ਹੈ ਨਾਮ ਹੀ ਕਰਕੇ ਓਹਨਾਂ ਨੂੰ ਆਤਮ ਸੁਖ ਪੈਦਾ ਹੁੰਦਾ ਹੈ ਨਾਮ ਦੀ ਹੀ ਸ਼ਰਨ ਵਿੱਚ ਰਹਿੰਦੇ ਹਨ।

**ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ॥ ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ ॥ ੬ ॥**

ਜੇਹੜੇ ਮਨਮੁਖ ਬਿਨਾਂ ਨਾਮ ਤੋਂ ਹਨ ਓਹਨਾਂ ਨੂੰ ਕੋਈ ਨਹੀਂ ਮੰਨਦਾ ਹੈ ਓਹਨਾਂ ਨੇ ਅਪਣੀ ਇਜ਼ਤ ਖੋਹ ਲਈ ਹੈ ਓਹ ਜਮ ਪੁਰੀ ਵਿੱਚ ਬੱਧੇ ਹੋਇ ਮਾਰੀ ਦੇ ਹਨ ਜਨਮ ਬਿਅਰਥ ਗਵਾਈ ਜਾਂਦੇ ਹਨ।

**ਨਾਮੇ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ ॥**

Digitized by Panjab Digital Library | www.panjabdigilib.org

**ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ ॥ ੭ ॥**

ਜਿਨਾਂ ਨੂੰ ਨਾਮ ਦੀ ਸਮਝ ਆ ਗਈ ਹੈ ਓਹਨਾਂ ਗੁਰਮੁਖਾਂ ਦੀ ਨਾਮ ਕਰਕੇ ਹੀ ਹਰ ਕੋਈ ਸੇਵਾ ਕਰਦਾ ਹੈ ਨਾਮ ਹੀ ਕਰਕੇ ਗੁਰਮੁਖਾਂ ਦਾ ਨਾਮ ਮੰਨਿਆਂ ਜਾਂਦਾ ਹੈ ਸਾਰੀ ਵਡਿਆਈ ਨਾਮ ਦੇ ਹੀ ਵਿੱਚ ਹੈ ।

**ਜਿਸਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ॥ ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ ॥ ੮ ॥ ੭ ॥ ੨੯ ॥**

ਜਿਨਾਂ ਗੁਰ ਸਿਖਿਆ ਵਾਲਿਆਂ ਨੂੰ ਨਾਮ ਦੀ ਸਮਝ ਆ ਗਈ ਹੈ ਓਹ ਜਿਸਨੂੰ ਨਾਮ ਦੇਂਦੇ ਹਨ ਉਸ ਨੂੰ ਨਾਮ ਮਿਲਦਾ ਹੈ ਗੁਰੂਜੀ ਸਭ ਕੁਛ ਨਾਮ ਦੇ ਹੀ ਵੱਸ ਵਿੱਚ ਹੈ ਕੋਈ ਹੀ ਪੂਰਿਆਂ ਭਾਗਾਂ ਵਾਲਾ ਨਾਮ ਨੂੰ ਪਾਂਦਾ ਹੈ ।

## ਆਸਾ ਮਹਲਾ ੩

**ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰਕਾ ਸੁਆਉ ॥ ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥ ੧ ॥**

ਮਨਮੁਖ ਦੁਹਾਗਣੀਆਂ ਇਸਤ੍ਰੀਆਂ ਪਿਆਰੇ ਪਤੀ ਦਾ ਮਹਲ ਨਹੀਂ ਪਾਂਦੀਆਂ ਹਨ ਨਾਹੀ ਪਿਆਰੇ ਦਾ ਸੁਆਦ ਹੀ ਜਾਣਦੀਆਂ ਹਨ ਫਿੱਕਾ ਬਚਨ ਬੋਲਦੀਆਂ ਹਨ ਪਿਆਰੇ ਦੇ ਅੱਗੇ ਨਿਊਂਦੀਆਂ ਨਹੀਂ ਓਹਨਾਂ ਨੂੰ ਦੂਸਰਾ ਪ੍ਰੇਮ ਸੁਾਦ ਲੱਗਦਾ ਹੈ ।

**ਇਹੁ ਮਨੂਆ ਕਿਉ ਕਰਿ ਵਸਿ ਆਵੈ ॥ ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ॥੧॥ਰਹਾਉ॥**

ਇਹ ਮਨ ਕਿਸਤਰਾਂ ਵੱਸ ਵਿਚ ਆਵੇ ਗੁਰਾਂ ਦੀ ਕਿਰਪਾ ਨਾਲ ਮਨ ਨੂੰ ਰੋਕੀਏ ਤਾਂ ਗਿਆਨ ਵਾਲੀ ਅਕਲ ਕਰਕੇ ਮਨ ਆਪਣੇ ਅਸਲੀ ਘਰ ਵਿਚ ਆਉਂਦਾ ਹੈ ।

**ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮਪਿਆਰੁ॥ ਸਤਿਗੁਰਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ॥੨॥**

ਪਿਆਰੇ ਪਤੀ ਨੇ ਅਪਣੇ ਪ੍ਰੇਮ ਦੇ ਪਿਆਰ ਵਿਚ ਲਾਕੇ ਗੁਰਮੁਖ ਸੁਹਾਗਣੀਆਂ ਇਸਤ੍ਰੀਆਂ ਨੂੰ ਸਵਾਰਿਆ ਹੈ ਓਹ ਸਤਿਗੁਰੂ ਦੀ ਆਗਿਆ

Digitized by Panjab Digital Library | www.panjabdigilib.org

ਵਿਚ ਚਲਦੀਆਂ ਹਨ ਪਿਆਰੇ ਦਾ ਨਾਮ ਸਿਮਰਨ ਕਰਕੇ ਉਨਾਂ ਨੂੰ ਸਹਿਜੇ ਸਿੰਗਾਰ ਹੋਇਆ ਹੈ।

ਸਦਾ ਰਾਵਹਿ ਪਿਰੁ ਆਪਣਾ ਸਚੀ ਸੇਜ ਸੁਭਾਇ ॥
ਪਿਰਕੈ ਪ੍ਰੇਮਿ ਮੋਹੀਆ ਮਿਲਿ ਪ੍ਰੀਤਮ ਸੁਖੁ ਪਾਇ ॥੩॥

ਓਹ ਸਚਾ ਹੀ ਅਪਣਾ ਪਿਆਰਾ ਰਮਣ ਕਰਦੀਆਂ ਹਨ ਭਾਵ ਅਨੰਦ ਸੁਖ ਭੋਗਦੀਆਂ ਹਨ ਸਰਧਾ ਰੂਪੀ ਸਿਹਜਾ ਉਤੇ ਬੈਠੀਆਂ ਹੋਈਆਂ ਸੋਹਣੀਆਂ ਲਗਦੀਆਂ ਹਨ, ਪਿਆਰੇ ਦੇ ਪ੍ਰੇਮ ਵਿਚ ਮੋਹਤ ਹੋਈਆਂ ਰਹਿੰਦੀਆਂ ਹਨ ਪ੍ਰੀਤਮ ਨਾਲ ਮਿਲਕੇ ਸੁਖ ਪਾਂਦੀਆਂ ਹਨ।

ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥
ਸਾ ਸਭਰਾਈ ਸੁੰਦਰੀ ਪਿਰਕੈ ਹੇਤਿ ਪਿਆਰਿ ॥ ੪ ॥

ਉਨਾਂ ਸੁਹਗਣੀਆਂ ਸਤਵੰਤੀਆਂ ਇਸਤ੍ਰੀਆਂ ਦਾ ਵੱਡਾ ਗਿਆਨ ਹੀ ਸਿੰਗਾਰ ਹੈ, ਜਿਨਾਂ ਦਾ ਪਿਆਰੇ ਦੇ ਪ੍ਰੇਮ ਵਿਚ ਪਿਆਰ ਹੈ ਓਹ ਇਸਤਰੀਆਂ ਸਾਰੀਆਂ ਵਿਚ ਰਾਈ=ਰਾਣੀਆਂ ਹਨ ਅਤੇ ਸੁੰਦਰ ਰੂਪ ਵਾਲੀਆਂ ਹਨ।

ਸੋਹਾਗਣੀ ਵਿਚਿ ਰੰਗੁ ਰਖਿਓਨੁ ਸਚੈ ਅਲਖਿ ਅਪਾਰਿ ॥ ਸਤਿਗੁਰੁ ਸੇਵਨਿ ਆਪਣਾ ਸਚੈ ਭਾਇ ਪਿਆਰਿ ॥ ੫ ॥

ਸਚੇ ਅਲੱਖ ਅਪਾਰ ਪ੍ਰਮੇਸ਼ਰ ਪਿਆਰੇ ਨੇ ਗੁਰਮੁਖ ਸੁਹਾਗਣੀਆਂ ਵਿਚ ਪ੍ਰੇਮ ਰੱਖਿਆ ਹੈ ਓਹ ਆਪਣਿਆਂ ਸਤਿਗੁਰਾਂ ਨੂੰ ਸੇਵਿਆ ਕਰਦੀਆਂ ਹਨ ਉਨਾਂ ਦਾ ਪ੍ਰੇਮ ਸੱਚੇ ਨੂੰ ਚੰਗਾ ਲੱਗ ਗਿਆ ਹੈ ।

ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ-ਹਾਰੁ ॥ ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨ ਵੀਚਾਰੁ ॥ ੬ ॥

ਸੁਹਾਗਣੀਆਂ ਨੇ ਪਤੀ ਦੇ ਗੁਣਾਂ ਦਾ ਹਾਰ ਗਲ ਵਿਚ ਪਾਇਆ ਹੈ ਏਹੋ ਹੀ ਸਿੰਗਾਰ ਬਣਾਇਆ ਹੈ, ਸਰੀਰ ਵਿਚ ਪ੍ਰੇਮ ਦਾ ਹੀ ਚੰਦਨ ਲਾਉਣਾ ਕੀਤਾ ਹੈ ਵਿਚਾਰ ਰੂਪ ਰਤਨ ਦਿਲ ਵਿਚ ਧਾਰਨ ਕੀਤਾ ਹੈ ।

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ

Digitized by Panjab Digital Library | www.panjabdigilib.org

ਹੋਇ ॥ ੭ ॥

ਜੇਹੜੇ ਆਦਮੀ ਭਗਤੀ ਵਿੱਚ ਰੱਤੇ ਹਨ ਓਹ ਉੱਤਮ ਹਨ ਓਨਾਂ ਦੀ ਜਾਤ ਪੰਗਤੀ ਜਾਂ ਇੱਜ਼ਤ ਸਾਰੀ ਗੁਰ ਸ਼ਬਦ ਕਰਕੇ ਹੀ ਸਫਲ ਹੁੰਦੀ ਹੈ ਅਤੇ ਪਿਆਰੇ ਦੇ ਨਾਮ ਤੋਂ ਬਿਨਾਂ ਸਾਰੀਆਂ ਨੀਵੀਆਂ ਜਾਤੀਆਂ ਹਨ ਜੇਹੜਾ ਨਾਮ ਨਹੀਂ ਜਪਦਾ ਹੈ ਓਹ ਆਦਮੀ ਵਿਸ਼ਟਾ ਦਾ ਕੀੜਾ ਹੁੰਦਾ ਹੈ।

ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥ ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥ ੮ ॥ ੮ ॥ ੩੦ ॥

ਸਾਰੀ ਦੁਨੀਆਂ ਮੈਂ ਮੈਂ ਕਰਦੀ ਫਿਰਦੀ ਹੈ ਗੁਰਸ਼ਬਦ ਤੋਂ ਬਿਨਾਂ ਹਉਮੈ ਨਹੀਂ ਜਾਂਦੀ ਹੈ ਗੁਰੂ ਜੀ=ਜੇਹੜੇ ਨਾਮ ਦੇ ਵਿੱਚ ਰੱਤੇ ਹਨ ਤੇ ਸੱਚੇ ਦੇ ਨਾਲ ਮਿਲ ਗਏ ਹਨ ਓਨਾਂ ਦੀ ਹਉਮੈ ਜਾਂਦੀ ਰਹਿੰਦੀ ਹੈ।

## ਆਸਾ ਮਹਲਾ ੩

ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥ ਐਥੈ ਘਰਿਘਰਿ ਜਾਪਦੇ ਆਗੈ ਜੁਗਿਜੁਗਿ ਪਰਗਟੁ ਹੋਇ॥੧॥

ਜੇਹੜੇ ਸੱਚੇ ਵਿਚ ਰੱਤੇ ਹਨ ਓਹ ਨਿਰਮਲੇ ਹੋ ਗਏ ਹਨ ਓਨਾਂ ਦੀ ਸੋਭਾ ਸਦਾ ਹੀ ਸੱਚੀ ਹੁੰਦੀ ਹੈ, ਏਥੇ ਵੀ ਘਰ ਘਰ ਵਿਚ ਪ੍ਰਗਟ ਜਾਣੀਦੇ ਹਨ ਅਤੇ ਅੱਗੇ ਵੀ ਜੁੱਗਾਂ ਜੁੱਗਾਂ ਵਿਚ ਪ੍ਰਗਟ ਹੋਣਗੇ।

ਏ ਮਨ ਰੂੜ੍ਹੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥ ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥ ੧ ॥ ਰਹਾਉ ॥

ਹੇ ਮਨ ਸੁੰਦਰ ਰੰਗਲੇ=ਦੁਨੀਆਂ ਦੇ ਪ੍ਰੇਮੀ ਤੂੰ ਸਚਾ ਪਰੇਮ ਚੜ੍ਹਾ ਸੁੰਦਰ ਬਾਣੀ ਕਰਕੇ ਜੇਹੜਾ ਆਦਮੀ ਇਸ ਰੰਗ ਵਿੱਚ ਰੰਗਿਆ ਜਾਵੇ ਗਾ ਤਾਂ ਫਿਰ ਇਹ ਰੰਗ ਲਹਿ ਨਹੀਂ ਜਾਵੇਗਾ ਭਾਵ ਨਾ ਇਹ ਰੰਗ ਲਥੇਗਾ ਤੇ ਨਾ ਹੀ ਆਦਮੀ ਦੁਖ ਪਾਵੇਗਾ।

ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥ ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰ-ਮਲ ਜੋਤਿ ਅਪਾਰ ॥ ੨ ॥

Digitized by Panjab Digital Library | www.panjabdigilib.org

ਅਸੀ ਬੜੇ ਨੀਚ ਸਾਂ ਦਿਲ ਬੁਧੀ ਆਦਕ ਜਿੰਨੇ ਸਾਡੇ ਮੈਲੇ ਸਨ ਅਤੇ ਬਹੁਤ ਹੀ ਹੰਕਾਰ ਨਾਲ ਭਰੇ ਹੋਇ ਦੂਸਰੇ ਭਾਵ ਨਾਲ ਵਿਕਾਰਾਂ ਵਿਚ ਲੱਗੇ ਹੋਇ ਸੀ ਨਿਰਮਲ ਅਪਾਰ ਦੀ ਜੋਤ ਵਾਲੇ ਪਾਰਸ ਗੁਰੂ ਨਾਲ ਮਿਲਕੇ ਹੁਣ ਅਸੀਂ ਸੋਨਾ ਹੋ ਗਏ ਹਾਂ ।

## ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥ ਗੁਰਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥ ੩ ॥

ਗੁਰੂ ਤੋਂ ਬਿਨਾ ਕੋਈ ਵੀ ਪ੍ਰੇਮ ਵਿੱਚ ਨਹੀਂ ਰੰਗਿਆ ਜਾਂਦਾ ਹੈ ਜਦੋਂ ਗੁਰੂ ਮਿਲਦਾ ਹੈ ਤੇ ਤਾਂ ਰੰਗ ਚੜ੍ਹਦਾ ਹੈ ਜੇਹੜੇ ਆਦਮੀ ਗੁਰਾਂ ਦੇ ਡਰ ਤੇ ਪ੍ਰੇਮ ਵਿੱਚ ਰੱਤੇ ਹਨ ਓਹ ਸੱਚੇ ਸਿਫਤਾਂ ਵਿੱਚ ਮਿਲਗਏ ਹਨ ।

## ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥ ੪ ॥

ਡਰ ਤੋਂ ਬਿਨਾ ਲਾਗ ਨਹੀਂ ਲਗਦੀ ਹੈ ਤੇ ਨ ਮਨ ਹੀ ਨਿਰਮਲ ਹੁੰਦਾ ਹੈ ਡਰ ਤੋਂ ਬਿਨਾ ਜੇਹੜੇ ਨਿਡਰ ਹੋਕੇ ਕੰਮ ਕਰਦੇ ਹਨ ਓਹਨਾਂ ਝੂਠਿਆਂ ਆਦਮੀਆਂ ਨੂੰ ਕੋਈ ਚੰਗਾ ਥਾਂ ਨਹੀਂ ਮਿਲਦਾ ਹੈ ।

## ਜਿਸਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ ॥ ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ ॥ ੫ ॥

ਜਿਸ ਨੂੰ ਆਪ ਹੀ ਰੰਗੇਗਾ ਓਹ ਰੰਗਿਆ ਜਾਵੇਗਾ, ਸਤਸੰਗਤ ਵਿੱਚ ਮਿਲਾਕੇ ਪੂਰਿਆਂ ਗੁਰਾਂ ਦੀ ਸਤ ਸੰਗਤ ਕਰਨ ਵਾਲਾ ਵਿਚਾਰ ਪੈਦਾ ਹੁੰਦਾ ਹੈ ਤਾਂ ਸਹਿਜੇ ਹੀ ਸੱਚ ਨੂੰ ਪਾਕੇ ਸੁਭਾਇਮਾਨ ਹੋ ਜਾਂਦਾ ਹੈ ।

## ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥ ੬ ॥

ਬਿਨਾਂ ਸਤਿਗੁਰਾਂ ਦੀ ਸਤਸੰਗਤ ਤੋਂ ਸਾਰੇ ਆਦਮੀ ਇੱਕੁਰ ਦੇ ਰਹਿੰਦੇ ਹਨ ਜਿਸ ਤਰਾਂ ਦੇ ਪਸੂ ਢੋਰ=ਮਾੜੇ ਡੰਗਰ ਹੁੰਦੇ ਹਨ ਜਿਸ ਨੇ ਪੈਦਾ

Digitized by Panjab Digital Library | www.panjabdigilib.org

ਕੀਤੇ ਹਨ ਉਸ ਨੂੰ ਨਹੀਂ ਜਾਣਦੇ ਹਨ ਨਾਮ ਤੋਂ ਬਿਨਾ ਸਾਰੇ ਚੋਰਾਂ ਵਰਗੇ ਹੁੰਦੇ ਹਨ।

**ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥ ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥ ੭ ॥**

ਇਕ ਗੁਰਮੁਖ ਗੁਣਾਂ ਨੂੰ ਖਰੀਦਦੇਹਨ ਅਤੇ ਔਗੁਣਾਂ ਨੂੰ ਵੇਚ ਦੇਂਦੇਹਨ ਭਾਵ ਛੱਡ, ਗੁਰਾਂ ਦੇ ਉਪਦੇਸ਼ ਕਰਕੇ ਸ਼ਾਂਤੀ ਸੁਭਾਵ ਵਾਲੇ ਹੋਇਹਨ ਉਨਾਂ ਨੇ ਗੁਰਾਂ ਦੀ ਸੇਵਾ ਕਰਕੇ ਨਾਮ ਨੂੰ ਪਾਇਆ ਹੈ ਅਤੇ ਦਿਲ ਅਕਲ ਵਿੱਚ ਪ੍ਰਮੇਸਰ ਆ ਵੱਸਿਆ ਹੈ।

**ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥ ਨਾਨਕ ਨਾਮੇਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥ ੮ ॥ ੯ ॥ ੩੧ ॥**

ਸਾਰਿਆਂ ਦਾ ਦਾਤਾ ਇਕ ਪ੍ਰਮੇਸਰ ਹੈ ਵੱਖੋ ਵੱਖ ਸਾਰਿਆਂ ਨੂੰ ਕੰਮਾਂ ਵਿਚ ਲਾ ਛੱਡਿਆ ਹੈ ਗੁਰੂ ਜੀ=ਜਿਨਾਂ ਨੂੰ ਨਾਮ ਵਿੱਚ ਲਾਇਆ ਹੈ ਓਹਨਾਂ ਨੂੰ ਨਾਮ ਵਿੱਚ ਲਾਕੇ ਸਵਾਰ ਲਿਆ ਹੈ ਅਤੇ ਗੁਰ ਉਪਦੇਸ਼ ਵਿੱਚ ਲਾਕੇ ਅਪਣੇ ਨਾਲ ਮਿਲਾ ਲਿਆ ਹੈ।

**ਆਸਾ ਮਹਲਾ ੩ ॥**

**ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਇ ॥ ਬਿਨੁਨਾਵੈ ਸਭੁ ਦੁਖੁਹੈਸੁਖੁ ਤਿਸੁ ਜਿਸੁ ਮੰਨਿ ਵਸਾਏ॥੧॥**

ਸਾਰੀ ਦੁਨੀਆਂ ਨਾਮ ਨੂੰ ਚਾਹੁੰਦੀ ਹੈ ਪਰ ਜਿਸ ਨੂੰ ਕਿਰਪਾ ਕਰਕੇ ਦੇਂਦਾ ਹੈ ਉਹ ਨਾਮ ਨੂੰ ਪਾਂਦਾ ਹੈ ਨਾਮ ਤੋਂ ਬਿਨਾ ਹਰ ਤਰਾਂ ਨਾਲ ਦੁਖ ਹੀ ਹੈ ਸੁਖ ਉਸ ਨੂੰ ਮਿਲਦਾ ਹੈ ਜਿਸ ਦੇ ਮਨ ਵਿੱਚ ਤੂੰ ਨਾਮ ਨੂੰ ਵਸਾਂਦਾ ਹੈਂ।

**ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ॥ ਗੁਰਪੂਰੇ ਤੇ ਪਾਈਐ ਨਾਮੇ ਵਡਿਆਈ ॥ ੧ ॥ ਰਹਾਉ ॥**

ਹੇ ਪ੍ਰਮੇਸਰਾ ਤੂੰ ਵੱਡਾ ਦਿਆਲੂ ਹੈਂ ਅਸੀ ਤੇਰੀ ਸ਼ਰਨ ਹਾਂ ਤੇਰੇ ਨਾਮ ਦੀ ਵਡਿਆਈ ਪੂਰੇ ਗੁਰਾਂ ਤੋਂ ਪਾਈਦੀ ਹੈ।

**ਅੰਤਰਿ ਬਾਹਰਿ ਏਕੁ ਹੈ ਬਹੁਬਿਧਿ ਸ੍ਰਿਸਟਿਉਪਾਈ॥**

Digitized by Panjab Digital Library | www.panjabdigilib.org

ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ॥੨॥

ਜੋਹੜੀ ਦੁਨੀਆਂ ਬਹੁਤ ਹੀ ਤਰਾਂ ਦੀ ਪੈਦਾ ਕੀਤੀ ਹੈ ਉਸ ਦੇ ਅੰਦਰ ਬ ਹਰ ਇੱਕ ਤੂੰ ਆਪਹੀ ਹੈਂ ਅਪਣੇ ਹੁਕਮ ਨਾਲ ਸਾਰੀਆਂ ਕਾਰਾਂ ਚਲਾਂਉਂਦਾ ਹੈਂ ਦੂਸਰਾ ਕਿਸ ਨੂੰ ਆਖੀਏ ਕੋਈ ਦੂਸਰਾ ਤੇਰਾ ਭਰਾ ਹੋਵੇ ਤੇ ਤਾਂ ਉਸ ਨੂੰ ਆਖੀਏ ਜਾਂ ਹੇ ਸੰਤਾਂ ਦੇ ਭਾਈ=ਭਾਉਂਨ ਵਾਲੇ ਤੈਥੋਂ ਬਿਨਾਂ ਦੂਸਰਾ ਕੌਣ ਹੈ ਇਹ ਗੱਲ ਕਿਸਨੂੰ ਦੱਸੀਏ।ਸਮਝ ਵਾਲਾ ਕੋਈ ਹੀ ਵਿਰਲਾ ਹੈ।

ਬੁਝਣਾ ਅਬੁਝਣਾਤੁਧੁ ਕੀਆਇਹ ਤੇਰੀਸਿਰਿਕਾਰ॥ ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰਿ ॥ ੩ ॥

ਗਿਆਨ ਅਗਜਾਨ ਇਹ ਤੇਰਾ ਹੀ ਬਣਾਇਆ ਹੋਇਆ ਹੈ ਇਹ ਜੋਹੜੀ ਸਾਰੀ ਦੁਨੀਆਂ ਹੈ ਇਸ ਦੇ ਸਿਰ ਉਤੇ ਤੇਰੀ ਹੀ ਕਾਰ=ਆਗਿਆ ਹੈ ਇਕਨਾਂ ਨੂੰ ਬਖਸ਼ ਕੇ ਮਿਲਾ ਲੈਂਦਾ ਹੈਂ ਇਕਨਾਂ ਨੂੰ ਦਰਗਾਹ ਤੋਂ ਝੂਠਿਆਂ ਕਰਕੇ ਮਾਰਕੇ ਕੱਢ ਦੇਂਦਾ ਹੈਂ।

ਇਕਿ ਧੁਰਿ ਪਵਿਤ ਪਾਵਨ ਹਹਿ ਤੁਧੁ ਨਾਮੇ ਲਾਏ॥ ਗੁਰ ਸੇਵਾ ਤੇ ਸੁਖੁ ਊਪਜੈ ਸਚੈ ਸਬਦਿ ਬੁਝਾਏ ॥ ੪ ॥

ਜੋਹੜੇ ਤੂੰ ਨਾਮ ਵਿਚ ਲਾਇਹਨ ਓਹ ਇਕ ਧੁਰ ਤੋਂ ਹੀ ਪਵਿੱਤ੍ਰਤਾ ਤੋਂ ਪਵਿੱਤ੍ਰ ਹਨ ਗੁਰੂ ਦੀ ਸੇਵਾ ਤੇ ਗੁਰੂ ਦੇ ਸੱਚੇ ਉਪਦੇਸ਼ ਨਾਲ ਜੋਹੜੇ ਤੂੰ ਸਮਝਾਏ ਹਨ ਓਨਾਂ ਨੂੰ ਸੁਖ ਪੈਦਾ ਹੁੰਦਾ ਹੈ।

ਇਕਿ ਕੁਚਲ ਕੁਚੀਲ ਵਿਖਲੀਪਤੇ ਨਾਵਹੁ ਆਪਿ ਖੁਆਏ॥ ਨਾ ਓਨ ਸਿਧਿ ਨ ਬੁਧਿਹੈ ਨ ਸੰਜਮੀ ਫਿਰਹਿ ਉਤਵਤਾਏ ॥ ੫ ॥

ਇਕ ਖੋਟੀ ਚਾਲ ਵਾਲੇ ਬੜੇ ਮੈਲੇ ਵਿਖਲੀਪਤੇ=ਵੇਸਵਾ ਦੇ ਪਿਆਰ ਵਿਚ ਲਿੰਬੇ ਹੋਇ ਜਾਂ ਵੇਸਵਾ ਨਾਲ ਪਿਆਰ ਕਰਨ ਵਾਲੇ ਓਹ ਤੂੰ ਆਪ ਹੀ ਨਾਮ ਤੋਂ ਭੁਲਾਇ ਹੋਇ ਹਨ ਨਾ ਓਨਾਂ ਦੇ ਅੰਤਸ਼ਕਰਣ ਦੀ ਸ਼ੁਧੀ ਹੈ ਨਾ ਅਕਲ ਹੀ ਚੰਗੀ ਹੈ ਅਤੇ ਨਾ ਹੀ ਇੰਦਰੀਆਂ ਦਾ ਰੋਕਣਾ ਹੈ ਓਹ ਮੂਰਖ ਐਧਰ ਓਧਰ ਐਵੇਂ ਅਵੈੜੇ ਫਿਰਦੇ ਹਨ।

ਨਦਰਿ ਕਰੇ ਜਿਸੁ ਆਪਣੀ ਤਿਸਨੋ ਭਾਵਨੀਲਾਏ॥ ਸਤੁ

Digitized by Panjab Digital Library | www.panjabdigilib.org

ਸੰਤੋਖੁ ਇਹ ਸੰਜਮੀ ਮਨੁ ਨਿਰਮਲੁ ਸਬਦੁ ਸੁਣਾਇ॥੬॥

ਜਿਸਨੂੰ ਓਹ ਆਪਣੀ ਕਿਤਪਾ ਦ੍ਰਿਸ਼ਟੀ ਕਰਦਾ ਹੈ ਉਸਨੂੰ ਸਰਧਾ ਵਿਚ ਲਾਂਦਾ ਹੈ ਓਹ ਸਤ ਸੰਤੋਖ ਧਾਰਨ ਕਰਕੇ ਇਸ ਸੰਜਮ ਵਿਚ ਮਨ ਨੂੰ ਸੁੱਧ ਕਰਦਾ ਹੈ ਗੁਰ ਸ਼ਬਦ ਨੂੰ ਆਪ ਸੁਣਕੇ ਹੋਰਨਾਂ ਨੂੰ ਸੁਣਾਂਦਾ ਹੈ।

ਲੇਖਾ ਪੜਿ ਨ ਪਹੂਚੀਐ ਕਥਿ ਕਹਣੈ ਅੰਤੁ ਨ ਪਾਇ॥ ਗੁਰਤੇ ਕੀਮਤਿ ਪਾਈਐ ਸਚਿ ਸਬਦਿ ਸੋਝੀ ਪਾਇ॥੭॥

ਤੇਰੀ ਕਿਰਪਾ ਤੋਂ ਬਿਨਾਂ ਲੇਖਾ ਪੜ੍ਹਨ ਨਾਲ ਤੈਨੂੰ ਨਹੀਂ ਪਹੁੰਚਿਆ ਜਾਂਦਾ ਹੈ ਅਤੇ ਕਥਾ ਦੇ ਆਖਣ ਨਾਲ ਵੀ ਅੰਤ ਨਹੀਂ ਪਾਇਆ ਜਾਂਦਾ ਹੈ ਜਦੋਂ ਗੁਰਾਂ ਦੇ ਸ਼ਬਦ ਨਾਲ ਸਮਝ ਪਾਈ ਜਾਂਵੇ ਤਾਂ ਕੀਮਤ ਪਾਈਏ ਭਾਵ ਪ੍ਰਮੇਸਰ ਦੇ ਰੂਪ ਨੂੰ ਸਮਝੀਦਾ ਹੈ।

ਇਹੁ ਮਨੁ ਦੇਹੀ ਸੋਧਿ ਤੂ ਗੁਰ ਸਬਦਿ ਵੀਚਾਰਿ॥ ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ ਪਾਈਐ ਗੁਰ ਕੈ ਹੇਤਿ ਅਪਾਰਿ॥੮॥੧੦॥੩੨॥

ਜਦੋਂ ਤੂੰ ਗੁਰਸ਼ਬਦ ਦਾ ਵਿਚਾਰ ਦੇਂਦਾ ਹੈਂ ਤਾਂ ਇਹ ਦੇਹੀ ਆਦਮੀ ਮਨਨੂੰ ਸੋਧਦਾ ਹੈ ਗੁਰੂ ਜੀ-ਇਸੇ ਦੇਹੀ ਵਿਚ ਜੇਹੜਾ ਤੇਰਾ ਨਾਮ ਖਜਾਨਾ ਹੈ ਸੋ ਓਹ ਗੁਰਾਂ ਵਿਚ ਬਹੁਤ ਪ੍ਰੇਮ ਕਰਨ ਨਾਲ ਮਿਲਦਾ ਹੈ।

## ਆਸਾ ਮਹਲਾ ੩॥

ਸਚਿ ਰਤੀਆ ਸੋਹਾਗਣੀ ਜਿਨਾ ਗੁਰਕੈ ਸਬਦਿ ਸੀਗਾਰਿ॥ ਘਰਹੀ ਸੋ ਪਿਰੁ ਪਾਇਆ ਸਚੈ ਸਬਦਿ ਵੀਚਾਰਿ॥੧॥

ਜਿਨਾਂ ਨੇ ਗੁਰ ਉਪਦੇਸ਼ ਦਾ ਸ਼ਿੰਗਾਰ ਕੀਤਾ ਹੈ ਅਤੇ ਸੱਚ ਵਿੱਚ ਰੱਤੀਆਂ ਹੋਈਆਂ ਹਨ ਓਹ ਸੁਹਾਗਣੀਆਂ ਹਨ ਸੱਚੇ ਗੁਰਾਂ ਦੇ ਸ਼ਬਦ ਨੂੰ ਵਿਚਾਰ ਕੇ ਆਪਣੇ ਘਰ ਦੇ ਵਿਚ ਹੀ ਓਨਾਂ ਨੇ ਪਤੀ ਨੂੰ ਪਾਇਆ ਹੈ।

ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ-ਲਾਈ॥ ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ

Digitized by Panjab Digital Library | www.panjabdigilib.org

## ਮਿਲਾਈ ॥ ੧ ॥ ਰਹਾਉ ॥

ਜਿਨਾਂ ਨੇ ਗੁਣਾਂ ਨੂੰ ਧਾਰਕੇ ਔਗਣਾਂ ਨੂੰ ਬਖਸ਼ਾ ਲਿਆ ਹੈ ਅਤੇ ਪ੍ਰਮੇਸਰ ਨਾਲ ਬ੍ਰਿਤੀ ਲਾਈ ਹੈ ਅਤੇ ਗੁਰਾਂ ਦੇ ਸਤਸੰਗ ਮੇਲ ਵਿਚ ਅਪਣੀ ਅਕਲ ਮਿਲਾਈ ਹੈ ਓਨਾਂ ਸਿਖ ਰੂਪ ਇਸਤਰੀਆਂ ਨੇ ਪ੍ਰਮੇਸਰ ਪਤੀ ਨੂੰ ਪਾਇਆ ਹੈ ।

## ਇਕਿਪਿਰੁ ਹਦੂਰਿਨਜਾਣਨ੍ਹੀ ਦੂਜੈ ਭਰਮਿਭੁਲਾਇ॥ ਕਿਉ ਪਾਇਨਿ ਡੋਹਾਗਣੀ ਦੁਖੀ ਰੈਣਿ ਵਿਹਾਇ ॥ ੨ ॥

ਇਕ ਦੁਹਾਗਣੀਆਂ ਮਨਮੁਖ ਇਸਤ੍ਰੀਆਂ ਦ੍ਵੈਤ ਭਰਮ ਵਿੱਚ ਭੁੱਲੀਆਂ ਹੋਈਆਂ ਪਿਆਰੇ ਨੂੰ ਪਾਸ ਨਹੀਂ ਜਾਣਦੀਆਂ ਹਨ ਓਹ ਕਿੱਕੁਰ ਪਤੀ ਨੂੰ ਪਾਣਗੀਆਂ? ਓਹਨਾਂ ਦੀ ਉਮਰ ਰੂਪ ਸਾਰੀ ਰਾਤ ਦੁਖ ਵਿੱਚ ਹੀ ਬੀਤਦੀ ਹੈ।

## ਜਿਨਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ ॥ ਅਨਦਿਨੁ ਸੇਵਹਿਸਹਜ ਸਿਉ ਸਚੇ ਮਾਹਿਸਮਾਇ ॥੩॥

ਜਿਨਾਂ ਦੇ ਮਨ ਵਿੱਚ ਸੱਚਾ ਵੱਸਿਆ ਹੈ ਓਹ ਸੁਹਾਗਣੀਆਂ ਸੱਚੀ ਕਾਰ ਕਮਾਂਦੀਆਂ ਹਨ ਅਤੇ ਰਾਤ ਦਿਨ ਸ਼ਾਂਤੀ ਨਾਲ ਸਚੇ ਪਤੀ ਨੂੰ ਸੇਵਦੀਆਂ ਹਨ ਅੰਤ ਨੂੰ ਸੱਚੇ ਨਾਲ ਮਿਲ ਜਾਂਦੀਆਂ ਹਨ ।

## ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ॥ ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ ॥ ੪ ॥

ਦੁਹਾਗਣੀਆਂ ਨੂੰ ਭਰਮ ਨੇ ਭੁਲਾਇਆ ਹੋਇਆ ਹੈ ਓਹ ਝੂਠ ਬੋਲਕੇ ਵਿਸ਼ੇ ਰੂਪ ਵਿਹੁ ਨੂੰ ਖਾਂਦੀਆਂ ਹਨ ਓਹ ਅਪਣੇ ਪਿਆਰੇ ਨੂੰ ਜਾਣਦੀਆਂ ਨਹੀਂ ਹਨ ਓਹਨਾਂ ਦੀ ਅੰਤਸ਼ਕਰਨ ਰੂਪ ਸੇਜਾ ਖਾਲੀ ਰਹਿੰਦੀ ਹੈ ਅਤੇ ਹਰ ਵੇਲੇ ਦੁੱਖ ਪਾਂਦੀਆਂ ਹਨ ।

## ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ ਭੁਲਾਹਿ ॥ ਗੁਰ ਪੂਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ ਵਸਾਹਿ ॥ ੫ ॥

ਸੱਚਾ ਮਾਲਕ ਇਕ ਹੈ ਦੂਸਰਾ ਕੋਈ ਨਹੀਂ ਹੈ ਹੇ ਮਨ ਤੂੰ ਮਤੇ ਭਰਮ ਵਿੱਚ ਭੁੱਲ ਜਾਂਦਾ ਹੋਵੇਂ ਜੇਹੜੇ ਗੁਰਾਂ ਤੋਂ ਪੁਛਕੇ ਸੇਵਾ ਕਰਦੇ ਹਨ ਓਹ

Digitized by Panjab Digital Library | www.panjabdigilib.org

ਸੁਧ ਪ੍ਰਮੇਸਰ ਮਨ ਵਿੱਚ ਵਸਾਂਦੇ ਹਨ ਜਾਂ ਹੇ ਮਨ ਜੇ ਤੂੰ ਗੁਰਾਂ ਨੂੰ ਪੁਛਕੇ ਸੇਵਾ ਕਰੇਂਗਾ ਭਾਵ ਆਖਿਆ ਮੰਨੇਗਾ ਤਾਂ ਤੂੰ ਸੁਧ ਸਚਾ ਮਨ ਵਿੱਚ ਵਸਾ ਲਵੇਂਗਾ।

**ਸੋਹਾਗਣੀ ਸਦਾ ਪਿਰੁ ਪਾਇਆ ਹਉਮੈ ਆਪੁ ਗਵਾਇ ॥ ਪਿਰ ਸੇਤੀ ਅਨਦਿਨੁ ਗਹਿ ਰਹੀ ਸਚੀ ਸੇਜ ਸੁਖੁ ਪਾਇ ॥ ੬ ॥**

ਸੁਹਾਗਣੀਆਂ ਨੇ ਅਪਣੇ ਜਤਨ ਨਾਲ ਹੰਗਤਾ ਮਮਤਾ ਗਵਾਈ ਹੈ ਏਸੇ ਲਈ ਅਪਣਾ ਪਿਆਰਾ ਪਾਇਆ ਹੈ ਅੰਤਸ਼ਕਰਨ ਰੂਪ ਸੱਚੀ ਸੇਜਾ ਉਤੇ ਦਿਨੇ ਰਾਤ ਅਪਣੇ ਪਿਆਰੇ ਨੂੰ ਫੜ ਰਹੀਆਂ ਹਨ ਭਾਵ ਮਿਲ ਰਹੀਆਂ ਹਨ ਏਸੇ ਲਈ ਸੁਖ ਪਾਂਦੀਆਂ ਹਨ।

**ਮੇਰੀ ਮੇਰੀ ਕਰਿ ਗਏ ਪਲੈ ਕਿਛੁ ਨ ਪਾਇ॥ਮਹਲੁ ਨਾਹੀ ਡੋਹਾਗਣੀ ਅੰਤਿ ਗਈ ਪਛੁਤਾਇ ॥ ੭॥**

ਮਨਮੁਖ ਸਾਰੇ ਮੇਰੀ ਮੇਰੀ ਕਰਕੇ ਚਲੇ ਗਏ ਹਨ ਪੱਲੇ ਕੁਛ ਵੀ ਨਹੀਂ ਪਿਆ ਹੈ ਓਹਨਾਂ ਦੁਹਾਗਣੀਆਂ ਨੂੰ ਮਹਲ ਸਰੂਪ ਨਹੀਂ ਮਿਲਦਾ ਹੈ ਓੜਕ ਨੂੰ ਪਛਾਤਾਪ ਕਰਦੀਆਂ ਹੋਈਆਂ ਚਲੀਆਂ ਜਾਂਦੀਆਂ ਹਨ।

**ਸੋ ਪਿਰੁ ਮੇਰਾ ਏਕੁ ਹੈ ਏਕਸੁ ਸਿਉ ਲਿਵਲਾਇ ॥ ਨਾਨਕ ਜੇ ਸੁਖੁ ਲੋੜਹਿ ਕਾਮਣੀ ਹਰਿ ਕਾ ਨਾਮੁ ਮੰਨਿ ਵਸਾਇ ॥ ੮ ॥ ੧੧ ॥ ੩੩ ॥**

ਓਹ ਮੇਰਾ ਪਤੀ ਇਕ ਹੈ ਉਸ ਇਕ ਨਾਲਹੀ ਬ੍ਰਿਤੀ ਲਾਓ ਗੁਰੂ ਜੀ= ਹੇ ਇਸਤ੍ਰੀ ਜੇ ਤੂੰ ਅਪਣਾ ਸੁਖ ਚਾਹੁੰਦੀ ਹੈਂ ਤਾਂ ਹਰੀ ਨਾਮ ਨੂੰ ਮਨ ਵਿੱਚ ਵਸਾਣਾ ਕਰ।

## ਆਸਾ ਮਹਲਾ ੩ ॥

**ਅੰਮ੍ਰਿਤੁ ਜਿਨ੍ਹਾ ਚਖਾਇਓਨੁ ਰਸੁ ਆਇਆ ਸਹਜਿ ਸੁਭਾਇ ॥ ਸਚਾ ਵੇਪਰਵਾਹੁ ਹੈ ਤਿਸਨੋ ਤਿਲੁ ਨ ਤਮਾਇ ॥ ੧ ॥**

ਜਿਨਾਂ ਨੂੰ ਗੁਰਾਂ ਦਾ ਨਾਮ ਅੰਮ੍ਰਤ ਪਿਆਇਆ ਹੈ ਉਹਨਾਂ ਨੂੰ ਅੰਮ੍ਰਿਤ ਦਾ ਸੁਆਦ ਆਇਆ ਹੈ ਤਾਂ ਸ਼ਾਂਤੀ ਸੁਭਾਉ ਹੋਇਆ ਹੈ ਉਹ ਗੁਰੂ ਸੱਚਾ ਤੇ ਬੇਪਰਵਾਹ ਹੈ ਉਸ ਨੂੰ ਤਿਲ ਜਿੰਨਾਂ ਵੀ ਲਾਲਚ ਨਹੀਂ ਹੈ।

Digitized by Panjab Digital Library | www.panjabdigilib.org

**ਅੰਮ੍ਰਿਤੁ ਸਚਾ ਵਰਸਦਾ ਗੁਰਮੁਖਾ ਮੁਖਿ ਪਾਇ ॥ ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ ॥ ੧ ॥ ਰਹਾਉ ॥**

ਸੱਚਾ ਗੁਰੂ ਅੰਮ੍ਰਿਤ ਰੂਪ ਉਪਦੇਸ਼ ਨੂੰ ਵਰਸਦਾ ਹੈ ਓਹ ਗੁਰਮੁਖਾਂ ਨੇ ਮੂੰਹ ਵਿੱਚ ਪਾਇਆ ਹੈ ਸਹਿਜੇ ਹੀ ਹਰੀ ਦੇ ਗੁਣਾਂ ਨੂੰ ਗਾਕੇ ਉਹਨਾਂ ਗੁਰਮੁਖਾ ਦਾ ਮਨ ਸਦਾ ਹਰਿਆ ਭਰਿਆ ਭਾਵ ਅਨੰਦ ਸੁਖ ਵਾਲਾ ਹੋਇਆ ਰਹਿੰਦਾਹੈ।

**ਮਨਮੁਖਿ ਸਦਾ ਦੋਹਾਗਣੀ ਦਰਿ ਖੜੀਆ ਬਿਲ-ਲਾਹਿ ॥ ਜਿਨ੍ਹਾ ਪਿਰ ਕਾ ਸੁਆਦੁ ਨ ਆਇਓ ਜੋ ਧੁਰਿ ਲਿਖਿਆ ਸੁ ਕਮਾਹਿ ॥ ੨ ॥**

ਮਨਮੁਖ ਦੁਹਾਗਣੀਆਂ ਇਸਤ੍ਰੀਆਂ ਰੋਜ ਹੀ ਜਮ ਦੇ ਬੂਹੇ ਉਤੇ ਖੜੋਤੀਆਂ ਰੋਂਦੀਆਂ ਹਨ ਓਨਾਂ ਨੂੰ ਪਿਆਰੇ ਦਾ ਸੁਆਦ ਨਹੀਂ ਆਇਆ ਹੈ ਓਨਾਂ ਦੇ ਮੱਥੇ ਉਤੇ ਜੇਹੜਾ ਧੁਰ ਦਾ ਲੇਖ ਲਿਖਿਆ ਹੋਇਆ ਹੈ ਓਹੋ ਹੀ ਕਰਮ ਕਮਾਂਦੀਆਂ ਹਨ ।

**ਗੁਰਮੁਖਿ ਬੀਜੇ ਸਚੁ ਜਮੈ ਸਚੁ ਨਾਮੁ ਵਾਪਾਰੁ ॥ ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ ॥ ੩ ॥**

ਜੇਹੜੀ ਗੁਰ ਸਰਧਾ ਸੱਚੇ ਨਾਮ ਦਾ ਬੀਜ ਹੈ ਉਸ ਨੂੰ ਗੁਰਮੁਖ ਬੀਜਦੇ ਹਨ ਉਸ ਤੋਂ ਨਾਮ ਰੂਪ ਅੰਗੂਰ ਰਿਦੇ ਰੂਪ ਧਰਤੀ ਵਿਚ ਜੰਮਦਾ ਹੈ ਤੇ ਵਪਾਰ ਵੀ ਸੱਚੇ ਨਾਮ ਦਾ ਹੀ ਕਰਦੇ ਹਨ ਭਾਵ ਜਪਦੇ ਜਪਾਂਦੇ ਹਨ ਜਿਨਾਂ ਨੂੰ ਇਸ ਲਾਭ ਵਿਚ ਲਾਇਆ ਹੈ ਓਨਾਂ ਨੂੰ ਭਗਤੀ ਦਾ ਖਜਾਨਾ ਦਿੱਤਾ ਹੈ ।

**ਗੁਰਮੁਖਿ ਸਦਾ ਸੋਹਾਗਣੀ ਭੈ ਭਗਤਿ ਸੀਗਾਰਿ ॥ ਅਨਦਿਨੁ ਰਾਵਹਿ ਪਿਰੁ ਆਪਣਾ ਸਚੁ ਰਖਹਿ ਉਰ-ਧਾਰਿ ॥ ੪ ॥**

ਗੁਰਮੁਖ ਸੁਹਗਣੀਆਂ ਇਸਤਰੀਆਂ ਡਰ ਤੇ ਭਗਤੀ ਦਾ ਸੱਚਾ ਸਿੰਗਾਰ ਕਰਦੀਆਂ ਹਨ ਤੇ ਦਿਲ ਵਿਚ ਸੱਚੇ ਨਾਮ ਨੂੰ ਧਾਰਨ ਕਰ ਰੱਖਦੀਆਂ ਹਨ ਫਿਰ ਰਾਤ ਦਿਨ ਪਤੀ ਨਾਲ ਰਮਣ ਭਾਵ ਅਨੰਦ ਕਰਦੀਆਂ ਹਨ ।

**ਜਿਨ੍ਹਾ ਪਿਰੁ ਰਾਵਿਆ ਆਪਣਾ ਤਿਨ੍ਹਾ ਵਿਟਹੁ ਬਲਿ**

Digitized by Panjab Digital Library | www.panjabdigilib.org

ਜਾਉ ॥ ਸਦਾ ਪਿਰ ਕੈ ਸੰਗਿ ਰਹਹਿ ਵਿਚਹੁ ਆਪੁ ਗਵਾਇ ॥ ੫ ॥

ਜਿਨਾਂ ਨੇ ਆਪਣਾ ਪਤੀ ਰਾਵਿਆ ਭਾਵ ਅਨੰਦ ਮਾਣਿਆ ਹੈ ਮੈਂ ਉਨਾਂ ਦੇ ਉਤੋਂ ਬਲਿਹਾਰ ਜਾਂਦਾ ਹਾਂ ਓਹ ਸਦਾ ਹੀ ਅੰਦਰੋਂ ਹੰਕਾਰ ਨੂੰ ਗਵਾਕੇ ਪਤੀ ਦੇ ਨਾਲ ਮਿਲੀਆਂ ਰਹਿੰਦੀਆਂ ਹਨ।

ਤਨੁ ਮਨੁ ਸੀਤਲੁ ਮੁਖ ਉਜਲੇ ਪਿਰਕੈ ਭਾਇ ਪਿਆਰਿ ॥ ਸੇਜ ਸੁਖਾਲੀ ਪਿਰੁ ਰਵੈ ਹਉਮੈ ਤ੍ਰਿਸਨਾ ਮਾਰਿ ॥ ੬ ॥

ਜਿਨਾਂ ਦਾ ਪਤੀ ਦੇ ਪ੍ਰੇਮ ਵਿਚ ਪਿਆਰ ਹੈ ਓਨਾਂ ਹੰਗਤਾ ਮਮਤਾ ਨੂੰ ਮਾਰਿਆ ਹੈ ਏਸੇ ਲਈ ਓਨਾਂ ਦੇ ਤਨ ਮਨ ਸੀਤਲ ਹੋਇ ਹਨ ਅਤੇ ਮੂੰਹ ਪ੍ਰਕਾਸ਼ ਵਾਲੇ ਰਹਿੰਦੇ ਹਨ ਓਹ ਸੁਖਲੀਆਂ ਹੋਕੇ ਸੇਜਾ ਉਤੇ ਪਤੀ ਨਾਲ ਰਮਣ ਕਰਦੀਆਂ ਹਨ ਭਾਵ ਅਨੰਦ ਲੈਂਦੀਆਂ ਹਨ।

ਕਰਿ ਕਿਰਪਾ ਘਰਿ ਆਇਆ ਗੁਰ ਕੈ ਹੇਤਿ ਅਪਾਰਿ ॥ ਵਰੁ ਪਾਇਆ ਸੋਹਾਗਣੀ ਕੇਵਲ ਏਕੁ ਮੁਰਾਰਿ ॥ ੭ ॥

ਗੁਰਾਂ ਨਾਲ ਬਹੁਤ ਪ੍ਰੇਮ ਕੀਤਾ ਹੈ ਤਾਂ ਗੁਰਾਂ ਨੇ ਕਿਰਪਾ ਕੀਤੀ ਹੈ ਏਸੇ ਕਰਕੇ ਆਦਮੀ ਅਪਣੇ ਅਸਲੀ ਘਰ ਵਿੱਚ ਆਇਆਹੈ ਓਨਾਂ ਸੁਹਾਗਣੀਆਂ ਨੇ ਕੇਵਲ ਇਕ ਮੁਰਾਰੀ ਪ੍ਰਮੇਸਰ ਪਤੀ ਪਾਇਆ ਹੈ।

ਸਭੇ ਗੁਨਹ ਬਖਸਾਇ ਲਇਓਨੁ ਮੇਲੇ ਮੇਲਣਹਾਰਿ॥ਨਾਨਕ ਆਖਣੁ ਆਖੀਐ ਜੇ ਸੁਣਿ ਧਰੇ ਪਿਆਰੁ ॥ ੮ ॥ ੧੨ ॥ ੩੪ ॥

ਮੇਲ ਮੇਲਣ ਵਾਲੇ ਗੁਰੂ ਨੇ ਪ੍ਰਮੇਸਰ ਤੋਂ ਓਨਾਂ ਦੇ ਸਾਰੇ ਔਗੁਣ ਬਖਸ਼ਾ ਲਏ ਹਨ ਅਤੇ ਓਹ ਪ੍ਰਮੇਸਰ ਦੇ ਨਾਲ ਮਿਲਾਈਆਂ ਹਨ ਗੁਰੂ ਜੀ= ਇਸ ਲਈ ਇੱਕੁਰ ਦੀ ਕਥਾ ਦਾ ਪ੍ਰਸੰਗ ਆਖੀਏ ਜਿਸ ਨੂੰ ਸੁਣਕੇ ਪ੍ਰਮੇਸਰ ਪਿਆਰ ਧਾਰਨ ਕਰੇ ।

### ਆਸਾ ਮਹਲਾ ੩ ॥

ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥

Digitized by Panjab Digital Library | www.panjabdigilib.org

**ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥**

ਜਦੋਂ ਓਹ ਮਾਲਕ ਗੁਰੂ ਦੇ ਨਾਲ ਮਿਲਾ ਦੇਂਦਾ ਹੈ ਹੇ ਮਨ ਤਾਂ ਸਤਿਗੁਰਾਂ ਤੋਂ ਚੰਗੇ ਗੁਣ ਪੈਦਾ ਹੁੰਦੇ ਹਨ ਸ਼ਾਂਤੀ ਸੁਭਾਵ ਕਰਕੇ ਨਾਮ ਨੂੰ ਯਾਦ ਕਰੀਏ ਇਸ ਕਰਕੇ ਰਿਦੇ ਵਿਚ ਗਿਆਨ ਪ੍ਰਗਟ ਹੁੰਦਾ ਹੈ।

**ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥ ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥ ੧ ॥ ਰਹਾਉ ॥**

ਹੇ ਮਨ ਮੱਤ ਤੂੰ ਇਹ ਜਾਣ ਜੋ ਪ੍ਰਮੇਸਰ ਦੂਰ ਹੈ ਰੋਜ਼ ਹੀ ਅਪਣੇ ਪਾਸ ਵੇਖ, ਸਦਾ ਹੀ ਸੁਣਦਾ ਹੈਂ ਸਦਾ ਹੀ ਵੇਖਦਾ ਹੈਂ ਕਿਉਂਕਿ ਓਹ ਪ੍ਰਮੇਸਰ ਸਾਰਿਆਂ ਵਿਚ ਮਿਲਿਆ ਤੇ ਪੂਰਨ ਹੈ।

**ਗੁਰਮੁਖਿ ਆਪੁ ਪਛਾਣਿਆ ਤਿਨੀ ਇਕ ਮਨਿ ਧਿਆਇਆ ॥ ਸਦਾ ਰਵਹਿ ਪਿਰੁ ਆਪਣਾ ਸਚੈ ਨਾਮਿ ਸੁਖੁ ਪਾਇਆ ॥ ੨ ॥**

ਜਿਨਾਂ ਗੁਰਮੁਖਾਂ ਨੇ ਇਕ ਮਨ ਹੋਕੇ ਉਸ ਨੂੰ ਧਿਆਇਆ ਹੈ ਓਨਾਂ ਨੇ ਅਪਣੇ ਸਰੂਪ ਨੂੰ ਆਪ ਪਛਾਣਿਆਂ ਹੈ ਓਹ ਸਦਾ ਹੀ ਅਪਣੇ ਪਤੀ ਨੂੰ ਰੌਂਦੀਆਂ ਹਨ ਭਾਵ ਅਨੰਦ ਮਾਣਦੀਆਂ ਹਨ ਪਰ ਸੱਚੇ ਨਾਮ ਕਰਕੇ ਓਨਾਂ ਨੇ ਸੁਖ ਪਾਇਆ ਹੈ।

**ਏ ਮਨ ਤੇਰਾ ਕੋ ਨਹੀ ਕਰਿਵੇਖੁ ਸਬਦਿ ਵੀਚਾਰੁ ॥ ਹਰਿ ਸਰਣਾਈ ਭਜਿ ਪਉ ਪਾਇਹਿ ਮੋਖ ਦੁਆਰੁ॥੩॥**

ਹੇ ਮਨ ਤੂੰ ਗੁਰ ਸ਼ਬਦ ਦਾ ਵਿਚਾਰ ਕਰਕੇ ਵੇਖ ਵਾਹਿਗੁਰੂ ਤੋਂ ਬਿਨਾਂ ਤੇਰਾ ਕੋਈ ਨਹੀਂ ਹੈ, ਇਸ ਲਈ ਦੌੜਕੇ ਪ੍ਰਮੇਸ਼ਰ ਦੀ ਸ਼ਰਨੀ ਜਾ ਪਓ ਜਿਸ ਕਰਕੇ ਤੂੰ ਮੁਕਤੀ ਦਾ ਬੂਹਾ ਲੱਭ ਲਏਂਗਾ।

**ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ· ਲਾਇ ॥ ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ ॥ ੪ ॥**

ਗੁਰ ਉਪਦੇਸ਼ ਸੁਣੀਏ ਗੁਰ ਉਪਦੇਸ਼ ਸਮਝੀਏ ਤਾਂ ਆਦਮੀ ਸੱਚ ਵਿਚ ਬ੍ਰਿਤੀ ਲਗਾ ਰਹਿੰਦਾ ਹੈ ਇਕੁਰ ਉਪਦੇਸ਼ ਨਾਲ ਜਦੋਂ ਹੰਗਤਾ ਮਮਤਾ ਨੂੰ

Digitized by Panjab Digital Library | www.panjabdigilib.org

ਮਾਰ ਦੇਈਏ ਤਾਂ ਆਦਮੀ ਸੱਚੇ ਮਹਿਲ ਦਾ ਸੁਖ ਪਾਂਦਾ ਹੈ। ਭਾਵ ਵਾਹਿਗੁਰੂ ਨਾਲ ਮਿਲਦਾ ਹੈ।

**ਇਸੁ ਜੁਗਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥ ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ ॥ ੫ ॥**

ਇਸ ਕਲਜੁਗ ਵਿਚ ਕੇਵਲ ਨਾਮਦੀ ਹੀ ਸੋਭਾ ਹੈ, ਨਾਮ ਤੋਂ ਬਿਨਾਂ ਸੋਭਾ ਨਹੀਂ ਹੁੰਦੀਹੈ ਅਤੇ ਇਹ ਮਾਇਆ ਦੀ ਸੋਭਾ ਚਾਰ ਦਿਨਾਂ ਦੀ ਹੈ ਇਸਨੂੰ ਜਾਂਦਿਆਂ ਕੁਛ ਦੇਰ ਨਹੀਂ ਹੁੰਦੀ ਹੈ।

**ਜਿਨੀ ਨਾਮੁ ਵਿਸਾਰਿਆ ਸੇ ਮੁਏ ਮਰਿ ਜਾਹਿ ॥ ਹਰਿ ਰਸ ਸਾਦੁ ਨ ਆਇਓ ਬਿਸਟਾ ਮਾਹਿ ਸਮਾਹਿ॥੬॥**

ਜਿਨਾਂ ਨੇ ਨਾਮ ਨੂੰ ਵਿਸਾਰਿਆ ਹੈ ਉਹ ਮਰ ਗਏ ਹਨ ਫਿਰ ਵੀ ਮਰਦੇ ਜਾਂਦੇ ਹਨ। ਭਾਵ ਮੁੜ ੨ ਜੰਮਦੇ ਮਰਦੇ, ਰਹਿੰਦੇ ਹਨ। ਓਨਾਂ ਮਨਮੁਖਾਂ ਨੂੰ ਪ੍ਰਮੇਸ਼ਰ ਦੇ ਰਸਦਾ ਸੁਆਦ ਨਹੀਂ ਆਇਆ ਹੈ ਉਹ ਵਿਸ਼ਟਾ ਭਾਵ ਮਾਂ ਦੇ ਪੇਟ ਰੂਪ ਨਰਕ ਵਿਚ ਸਮਾਂਦੇ ਹਨ ਭਾਵ ਸਦਾ ਦੁਖ ਪਾਂਦੇ ਹਨ।

**ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ ॥ ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ ॥ ੭ ॥**

ਇਕਨਾਂ ਨੂੰ ਰਾਤ ਦਿਨ ਨਾਮ ਵਿਚ ਲਗਾਕੇ ਆਪੇ ਹੀ ਬਖਸ਼ ਕੇ ਮਿਲਾ ਲਿਆ ਹੈ ਅਤੇ ਓਹ ਸੱਚ ਨੂੰ ਕਮਾਂਦੇ ਹਨ, ਸੱਚ ਵਿਚ ਹੀ ਟਿਕੇ ਰਹਿੰਦੇ ਹਨ ਓਨਾਂ ਸਚਿਆਂ ਆਦਮੀਆਂ ਨੂੰ ਸੱਚਾ ਹੀ ਸਮਾਹਿ=ਅਨੰਦ ਹੁੰਦਾ ਹੈ।

**ਬਿਨੁ ਸਬਦੈ ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਾ ਭਰਮਾਇ ॥ ਬਿਨੁ ਨਾਵੈ ਦੁਖੁ ਪਾਇਸੀ ਨਾਮੁ ਮਿਲੈ ਤਿਸੈ ਰਜਾਇ ॥ ੮ ॥**

ਗੁਰੂ ਦੇ ਸ਼ਬਦ ਤੋਂ ਬਿਨਾਂ ਆਦਮੀ ਚੁਰਾਸੀ ਵਿਚ ਭਰਮਾਇਆ ਜਾਂਦਾ ਹੈ ਨਾ ਕੁਛ ਸੁਣਿਆਂ ਜਾਂਦਾ ਹੈ। ਨਾ ਕੁਛ ਦੀਹਦਾ ਹੈ ਸਰਧਾ ਤੇ ਵਿਚਾਰ ਕੰਨਾਂ ਤੋਂ ਬਿਨਾਂ ਬੋਲਾ ਅਤੇ ਗਿਆਨ ਰੂਪ ਅੱਖਾਂ ਤੋਂ ਬਿਨਾਂ ਅੰਨਾਂ ਹੋਇਆ ਹੈ ਅਤੇ ਬਿਨਾਂ ਨਾਮ ਦੇ ਦੁਖ ਪਾਵੇਗਾ ਅਤੇ ਨਾਮ ਉਸ ਰਜਾਈ=ਪ੍ਰਮੇਸ਼ਰ ਦੀ

Digitized by Panjab Digital Library | www.panjabdigilib.org

ਆਗਿਆ ਨਾਲ ਮਿਲਦਾ ਹੈ।

**ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥ ਨਾਨਕ ਨਾਮੁ ਤਿਨ੍ਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ॥ ੯ ॥ ੧੩ ॥ ੩੫ ॥**

ਜਿਨਾਂ ਗੁਰਮੁਖਾਂ ਨੇ ਗੁਰਬਾਣੀ ਨਾਲ ਚਿਤ ਲਾਇਆ ਹੈ ਉਹ ਆਦਮੀ ਸਚੇ ਨਿਰਮਲ ਤੇ ਪਰਵਾਣ ਹੋ ਗਏ ਹਨ, ਗੁਰੂ ਜੀ=ਓਨਾਂ ਨੂੰ ਨਾਮ ਕਦੀ ਨਹੀਂ ਵਿਸਰਦਾ ਹੈ ਤੇ ਉਹ ਵਾਹਿਗੁਰੂ ਦੇ ਦਰਵਾਜ਼ੇ ਉਤੇ ਸੱਚੇ ਜਾਣੇ ਜਾਂਦੇ ਹਨ।

## ਆਸਾ ਮਹਲਾ ੩ ॥

**ਸਬਦੌ ਹੀ ਭਗਤ ਜਾਪਦੇ ਜਿਨ ਕੀ ਬਾਣੀ ਸਚੀ ਹੋਇ ॥ ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ ॥ ੧ ॥**

ਗੁਰ ਉਪਦੇਸ਼ ਦੇ ਨਾਲ ਹੀ ਭਗਤ ਜਾਂਣੇ ਜਾਂਦੇ ਹਨ ਜਿਨਾਂ ਦੀ ਬਾਣੀ ਸੱਚੀ ਹੁੰਦੀ ਹੈ ਓਨਾਂਦੇ ਰਿਦੇ ਵਿਚੋਂ ਆਪੁ=ਹੰਕਾਰ ਚਲਿਆ ਗਿਆ ਹੈ ਤੇ ਨਾਮ ਨੂੰ ਮੰਨਿਆਂ ਹੈ ਤੇ ਸਚੇ ਨਾਲ ਮਿਲਾਪ ਹੋਇਆ ਹੈ।

**ਹਰਿ ਹਰਿ ਨਾਮੁ ਜਨ ਕੀ ਪਤਿ ਹੋਇ॥ਸਫਲੁ ਤਿਨਾ ਕਾ ਜਨਮੁ ਹੈ ਤਿਨ੍ ਮਾਨੈ ਸਭੁ ਕੋਇ ॥ ੧ ॥ ਰਹਾਉ ॥**

ਹਰ ਹਰ ਨਾਮ ਰੂਪ ਜਪ ਕਰਨ ਨਾਲ ਦਾਸਾਂ ਦੀ ਇਜ਼ਤ ਹੁੰਦੀ ਹੈ ਓਨਾਂ ਦਾ ਜਨਮ ਮਰਨ ਸਫਲ ਹੈ ਉਨ੍ਹਾਂ ਨੂੰ ਹਰ ਕੋਈ ਮੰਨਦਾ ਹੈ।

**ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ॥੨॥**

ਆਦਮੀ ਨੂੰ ਹੰਕਾਰ ਜੇਹੜਾ ਹੈ ਏਹੋ ਹੀ ਮੇਰਾ ੨ ਮਾੜਾ ਖਿਆਲ ਹੈ ਜੇਹੜਾ ਜਾਤੀ ਦਾ ਹੰਕਾਰ ਤੇ ਬਹੁਤ ਹੀ ਗੁੱਸਾ ਹੈ ਭਾਵ ਪੰਜੇ ਦੂਤ ਵੱਸ ਕਰਨ ਵਾਲੇ ਹਨ, ਗੁਰ ਉਪਦੇਸ਼ ਨਾਲ ਜਾਤੀ ਦਾ ਹੰਕਾਰ ਆਦਕ ਵਿਕਾਰ ਜਾਂਦੇ ਰਹਿੰਦੇ ਹਨ ਤਾਂ ਜੋਤੀ ਪ੍ਰਮੇਸਰ ਵਿੱਚ ਜੋਤ ਆ ਮਿਲਦੀ ਹੈ ਪਰ ਇਹ ਜੀਵਤੰ ਭਾਵ ਤੋਂ ਮਰਨ ਨਾਲ ਸੁਖ ਹੁੰਦਾ ਹੈ।

**ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ ॥ ਨਾਮੁ ਨਵੈ ਨਿਧਿ ਪਾਇਆ ਭਰੇ ਅਖੁਟ ਭੰਡਾਰਾ ॥ ੩॥**

Digitized by Panjab Digital Library | www.panjabdigilib.org

ਸਾਨੂੰ ਪੂਰਾ ਸਤਿਗੁਰੂ ਮਿਲਿਆ ਹੈ ਇਸ ਲਈ ਸਾਡਾ ਜਨਮ ਸਫਲ ਹੋਇਆ ਹੈ, ਨਾਮ ਦਾ ਅਖੁੱਟ ਖਜਾਨਾ ਭਰਿਆ ਹੋਇਆ ਹੈ ਜਿਸ ਵਿੱਚ ਸਿਮਰਨ ਆਦਕ ਨੌਨਿਧੀਆਂ ਹਨ ਓਹ ਅਸਾਂ ਪਾ ਲਿਆ ਹੈ।

**ਆਵਹਿ ਇਸੁ ਰਾਸੀ ਕੇ ਵਾਪਾਰੀਏ ਜਿਨ੍ਾ ਨਾਮੁ ਪਿਆਰਾ ॥ ਗੁਰਮੁਖਿ ਹੋਵੈ ਸੋ ਧਨੁ ਪਾਏ ਤਿਨ੍ਾ ਅੰਤਰਿ ਸਬਦੁ ਵੀਚਾਰਾ ॥ ੪ ॥**

ਜਿਨਾਂ ਨੂੰ ਨਾਮ ਪਿਆਰਾ ਲੱਗਦਾ ਹੈ ਓਹ ਸਾਡੇ ਪਾਸ ਇਸ ਨਾਮ ਦੀ ਰਾਸੀ ਸਰਧਾ ਦੇ ਬਪਾਰੀ ਆਉਂਦੇ ਹਨ ਓਹਨਾਂ ਵਿਚੋਂ ਜੇਹੜੇ ਗੁਰਮੁਖ ਗੁਰ ਉਪਦੇਸ਼ ਦੇ ਸਾਹਮਣੇ ਹੁੰਦੇ ਹਨ ਓਹ ਨਾਮ ਧਨ ਨੂੰ ਪਾਂਦੇ ਹਨ ਓਹਨਾਂ ਦੇ ਦਿਲ ਬੁਧੀ ਵਿੱਚ ਪ੍ਰਮੇਸਰ ਦੇ ਵਿਚਾਰ ਦਾ ਪ੍ਰਕਾਸ਼ ਪ੍ਰਾਪਤ ਹੁੰਦਾ ਹੈ।

**ਭਗਤੀ ਸਾਰ ਨ ਜਾਣਨ੍ਹੀ ਮਨਮੁਖ ਅਹੰਕਾਰੀ ॥ ਧੁਰਹੁ ਆਪਿ ਖੁਆਇਅਨੁ ਜੂਐ ਬਾਜੀ ਹਾਰੀ ॥ ੫ ॥**

ਜੇਹੜੇ ਮਨਮੁਖ ਹੰਕਾਰੀ ਹਨ ਓਹ ਭਗਤੀ ਦੀ ਸਾਰ=ਖਬਰ ਨਹੀਂ ਜਾਣਦੇ ਹਨ ਓਹ ਧੁਰ ਤੋਂ ਹੀ ਅਕਾਲ ਪੁਰਖ ਨੇ ਭੁਲਾਏ ਹੋਇ ਹਨ ਓਨਾਂ ਨੇ ਸੰਸਾਰ ਜੂਏ ਵਿੱਚ ਮਨੁਖ ਜਨਮ ਬਾਜੀ ਹਾਰੀ ਹੈ।

**ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ ॥ ਪ੍ਰੇਮੁ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ॥ ੬ ॥**

ਪਿਆਰੇ ਤੋਂ ਬਿਨਾ ਭਗਤੀ ਨਹੀਂ ਹੁੰਦੀ ਹੈ ਅਤੇ ਨਾਹੀਂ ਸਰੀਰ ਵਿੱਚ ਸੁਖ ਹੁੰਦਾ ਹੈ ਜਦੋਂ ਪ੍ਰੇਮ ਪਦਾਰਥ ਪਾਈਦਾ ਹੈ ਤਾਂ ਗੁਰਾਂ ਦੀ ਭਗਤੀ ਕਰਕੇ ਮਨ ਧੀਰਜ ਵਾਲਾ ਹੁੰਦਾ ਹੈ।

**ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥ ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥ ੭ ॥**

ਵਾਹਿਗੁਰੂ ਜਿਸ ਤੋਂ ਭਗਤੀ ਕਰਾਂਦਾ ਹੈ ਗੁਰ ਸ਼ਬਦ ਨੂੰ ਵਿਚਾਰਕੇ ਹੰਗਤਾ ਮਮਤਾ ਤੇ ਦੁਬਿਧਾ ਨੂੰ ਮਾਰਕੇ ਓਹ ਕਰਦਾ ਹੈ ਓਹਨਾਂ ਦੇ ਰਿਦੇ ਵਿੱਚ ਇਕ ਨਾਮ ਹੀ ਵੱਸਦਾ ਹੈ।

**ਭਗਤਾ ਕੀ ਜਤਿ ਪਤਿ ਏਕੋ ਨਾਮੁ ਹੈ ਆਪੇ ਲਏ**

Digitized by Panjab Digital Library | www.panjabdigilib.org

**ਸਵਾਰਿ ॥ ਸਦਾ ਸਰਣਾਈ ਤਿਸਕੀ ਜਿਉ ਭਾਵੈ ਤਿਉ ਕਾਰਜੁ ਸਾਰਿ ॥ ੮ ॥**

ਭਗਤਾਂ ਦੀ ਜਾਤੀ ਤੇ ਇੱਜ਼ਤ ਹੋਰ ਵੀ ਸਭ ਕੁਝ ਇਕ ਨਾਮ ਹੀ ਹੈ ਕਿਉਂਕਿ ਭਗਤਾਂ ਦੀ ਜਾਤੀ ਨੂੰ ਪ੍ਰਮੇਸਰ ਆਪ ਹੀ ਸਵਾਰ ਲੈਂਦਾ ਹੈ ਭਾਵ ਜੇ ਕੋਈ ਮਾੜੀ ਜਾਤੀ ਹੋਵੇ ਤਾਂ ਓਹ ਚੰਗਾ ਧਮਝਦਾ ਹੈ ਭਗਤ ਸਦਾ ਸੱਚੇ ਦੀ ਸ਼ਰਨ ਵਿੱਚ ਰਹਿੰਦੇ ਹਨ ਇਸ ਲਈ ਜਿਸ ਤਰਾਂ ਉਸ ਨੂੰ ਚੰਗਾ ਲੱਗਦਾ ਹੈ ਉਸੇ ਤਰਾਂ ਓਹ ਭਗਤਾਂ ਦੇ ਕਾਰਜ ਸਾਰ=ਭਾਵ ਸਵਾਰਦਾ ਹੈ, ਪੂਰੇ ਕਰ ਦੇਂਦਾ ਹੈ।

**ਭਗਤਿ ਨਿਰਾਲੀ ਅਲਾਹਦੀ ਜਾਪੈਗੁਰਿ ਵੀਚਾਰਿ॥ ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰਿ ॥ ੯ ॥ ੧੪ ॥ ੩੬ ॥**

ਵਾਹਿਗੁਰੂ ਦੀ ਭਗਤੀ ਹੋਰ ਦੇਵੀ ਦੇਵਤਿਆਂ ਨਾਲੋਂ ਵੱਖਰੀ ਹੈ ਭਾਵ ਚੰਗੀ ਹੈ ਓਹ ਭਗਤੀ ਗੁਰਾਂ ਦੇ ਵਿਚਾਰ ਦੇਣ ਨਾਲ ਹੀ ਜਾਣੀ ਜਾਂਦੀ ਹੈ ਗੁਰੂ ਜੀ=ਡਰ ਤੇ ਭਗਤੀ ਸਹਿਤ ਨਾਮ ਰਿਦੇ ਵਿੱਚ ਵਸ ਜਾਵੇ ਤਾਂ ਨਾਮੀ ਵਾਹਿਗੁਰੂ ਇਸ ਆਦਮੀ ਦੇ ਕੰਮਾਂ ਨੂੰ ਸਵਾਰ ਲੈਂਦਾ ਹੈ।

## ਆਸਾ ਮਹਲਾ ੩ ॥

**ਅਨਰਸ ਮਹਿ ਭੋਲਾਇਆ ਬਿਨੁ ਨਾਮੈ ਦੁਖਪਾਇ॥ ਸਤਿਗੁਰੁ ਪੁਰਖੁ ਨ ਭੇਟਿਓ ਜਿ ਸਚੀ ਬੂਝਿ ਬੁਝਾਇ॥੧॥**

ਇਹ ਜੇਹੜਾ ਮਨ ਹੋਰਨਾਂ ਸੁਆਦਾਂ ਵਿੱਚ ਭੁਲਾਇਆ ਗਿਆ ਹੈ ਸੋ ਇਹ ਨਾਮ ਤੋਂ ਬਿਨਾ ਦੁਖ ਪਾਂਦਾ ਹੈ ਕਿਉਂਕਿ ਸਤਿਗੁਰੂ ਪੁਰਖ ਨੂੰ ਨਹੀਂ ਮਿਲਿਆ ਹੈ ਜੇਹੜੇ ਸੱਚੀ ਪ੍ਰੇਮਾ ਭਗਤੀ ਦੀ ਸਮਝ ਨੂੰ ਸਮਝਾ ਦੇਂਦੇ ਹਨ।

**ਏ ਮਨ ਮੇਰੇ ਬਾਵਲੇ ਹਰਿ ਰਸੁ ਚਖਿ ਸਾਦੁ ਪਾਇ॥ ਅਨਰਸਿ ਲਾਗਾ ਤੂੰ ਫਿਰਹਿ ਬਿਰਥਾ ਜਨਮੁ ਗਵਾਇ ॥ ੧ ॥ ਰਹਾਉ ॥**

ਹੇ ਮੇਰੇ ਮਨ ਬੌਰੇ ਹਰਿ ਨਾਮ ਰਸ ਚੱਖਕੇ ਸੁਾਦ ਪਾ, ਭਾਵ ਨਾਮ ਜਾਪ ਆਤਮ ਅਨੰਦ ਨੂੰ ਛੱਡਕੇ ਜੇਹੜਾ ਤੂੰ ਹੋਰ ਰਸਾਂ ਵਿਚ ਲੱਗਾ ਫਿਰਦਾ ਹੈਂ ਇਸ ਕਰਕੇ ਤੂੰ ਜਨਮ ਨੂੰ ਬਿਅਰਥ ਗਵਾਂਦਾ ਹੈਂ।

Digitized by Panjab Digital Library | www.panjabdigilib.org

**ਇਸੁ ਜੁਗ ਮਹਿ ਗੁਰਮੁਖਿ ਨਿਰਮਲੇ ਸਚਿ ਨਾਮਿ ਰਹਹਿ ਲਿਵਲਾਇ ॥ ਵਿਣੁ ਕਰਮਾ ਕਿਛੁ ਪਾਈਐ ਨਹੀ ਕਿਆ ਕਰਿ ਕਹਿਆ ਜਾਇ ॥ ੨ ॥**

ਇਸ ਕਲਜੁਗ ਵਿਚ ਜੇਹੜੇ ਗੁਰਮੁਖ ਸਚੇ ਨਾਮ ਵਿਚ ਬ੍ਰਿਤੀ ਲਗਾ ਰਹੇ ਹਨ ਓਹ ਸੁੱਧ ਹਨ ਭਾਗਾਂ ਤੋਂ ਬਿਨਾਂ ਕੁਛ ਨਹੀਂ ਮਿਲਦਾ ਹੈ ਕੀ ਕਰਕੇ ਆਖਿਆ ਜਾਵੇ ਭਾਵ ਕਿਸਤਰਾਂ ਬੇਨਤੀ ਕੀਤੀ ਜਾਵੇ ਕਿ ਉਸ ਨੂੰ ਓਹ ਵਸਤੂ ਜ਼ਰੂਰ ਦੇਹ ?

**ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ ॥ ਗੁਰ ਸਰਣਾਈ ਭਜਿ ਪਏ ਬਖਸੇ ਬਖਸਣ ਹਾਰ ॥ ੩ ॥**

ਜੇਹੜੇ ਗੁਰ ਸ਼ਬਦ ਨਾਲ ਮਨ ਤੋਂ ਵਿਕਾਰਾਂ ਨੂੰ ਨਿਕਾਲ ਕੇ ਜੀਵਤ ਭਾਵ ਤੋਂ ਮਰਦੇ ਹਨ ਤੇ ਅਪਣੇ ਅਸਲੀ ਘਰ ਨੂੰ ਪਛਾਂਣਦੇ ਹਨ ਤੇ ਗੁਰਾਂ ਦੀ ਸ਼ਰਨ ਵਿਚ ਦੌੜਕੇ ਡਿਗਦੇ ਹਨ ਓਨਾਂ ਨੂੰ ਬਖਸ਼ਨ ਵਾਲੇ ਗੁਰੂ ਬਖਸ਼ ਲੈਂਦੇ ਹਨ।

**ਬਿਨੁ ਨਾਵੈ ਸੁਖੁ ਨ ਪਾਈਐ ਨਾ ਦੁਖੁ ਵਿਚਹੁ ਜਾਇ॥ ਇਹੁ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਰਮਿ ਭੁਲਾਇ ॥ ੪ ॥**

ਨਾਮ ਤੋਂ ਬਿਨਾਂ ਸੁਖ ਨਹੀਂ ਪਾਇਆ ਜਾਂਦਾ ਹੈ ਨਾ ਹੀ ਦਿਲ ਵਿਚੋਂ ਰਾਗ ਦ੍ਵੇਖ ਦਾ ਦੁਖ ਹੀ ਜਾਂਦਾ ਹੈ ਇਹ ਸਾਰਾ ਸੰਸਾਰ ਮਾਇਆ ਦੇ ਮੋਹ ਵਿਚ ਫੰਬੜਿਆ ਹੋਇਆ ਹੈ, ਦ੍ਵੈਤ ਰੂਪ ਭਰਮ ਵਿੱਚ ਭੁੱਲਾ ਹੋਇਆ ਹੈ ।

**ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ॥ ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ ॥ ੫ ॥**

ਮਨਮੁਖ ਦੁਹਾਗਣੀਆਂ ਪਤੀ ਦੀ ਸਾਰ ਨਹੀਂ ਜਾਣਦੀਆਂ ਹਨ ਕਿ ਕਿਸਤਰਾਂ ਦਾ ਸਿੰਗਾਰ ਕਰਨ ਨਾਲ ਪਿਆਰਾ ਰੀਝਦਾ ਹੈ ਰਾਤ ਦਿਨ ਵਿਛੋੜੇ ਦੀ ਅੱਗ ਵਿਚ ਸੜਦੀਆਂ ਰਹਿੰਦੀਆਂ ਹਨ ਮਾਲਕ ਓਨਾਂ ਦੀ ਸੇਜਾ ਉਤੇ ਰਮਣ ਨਹੀਂ ਕਰਦਾ ਹੈ ਭਾਵ ਦੁਖ,ਸੁਖ ਨਹੀਂ ਹੁੰਦਾ ਹੈ ।

**ਸੋਹਾਗਣੀ ਮਹਲੁ ਪਾਇਆ ਵਿਚਹੁ ਆਪੁ ਗਵਾਇ॥**

Digitized by Panjab Digital Library | www.panjabdigilib.org

**ਗੁਰ ਸਬਦੀ ਸੀਗਾਰੀਆ ਅਪਣੇ ਸਹਿ ਲਈਆ ਮਿਲਾਇ ॥ ੬ ॥**

ਗੁਰਮੁਖ ਸੁਹਾਗਣੀਆਂ ਇਸਤ੍ਰੀਆਂ ਨੇ ਦਿਲ ਵਿਚੋਂ ਹੰਕਾਰ ਨੂੰ ਦੂਰ ਕਰਕੇ ਪਤੀ ਦਾ ਮਹਲ ਪਾਇਆ ਹੈ, ਜੋਹੜੀਆਂ ਗੁਰ ਸ਼ਬਦ ਕਰਕੇ ਸਿੰਗਾਰੀਆਂ ਹਨ ਓਹ ਅਪਣੇ ਮਾਲਕਨੇ ਅਪਣੇ ਨਾਲ ਮਿਲਾ ਲਈਆਂਹਨ।

**ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁਗੁਬਾਰੁ॥ ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮਦਰਿਹੋਹਿ ਖੁਆਰੁ ॥ ੭ ॥**

ਮਨਮੁਖ ਰੂਪ ਦੁਹਾਗਣੀਆਂ ਨੇ ਮਾਇਆ ਦੇ ਮੋਹ ਰੂਪ ਗਾਹੜੇ ਹਨੇਰੇ ਵਿਚ ਪੈਕੇ ਮਨ ਤੋਂ ਮਰਨਾ ਵਿਸਾਰ ਦਿੱਤਾ ਹੈ ਏਸੇ ਕਰਕੇ ਜੰਮਦੀਆਂ ਮਰਦੀਆਂ ਜਮ ਦੇ ਬੂਹੇ ਉਤੇ ਰੋਜ ਖੁਆਰ ਹੁੰਦੀਆਂ ਰਹਿੰਦੀਆਂ ਹਨ ।

**ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ ॥ ਨਾਨਕ ਨਾਮਿ ਸਮਾਣੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥ ੮ ॥ ੨੨ ॥ ੧੫ ॥ ੩੭ ॥**

ਗੁਰਾਂ ਨੇ ਗੁਰ ਸ਼ਬਦ ਦਾ ਵਿਚਾਰ ਕਰਕੇ ਜਿਨਾਂ ਨੂੰ ਅਪਣੇ ਨਾਲ ਮਿਲਾਇਆ ਹੈ ਓਹ ਮਿਲ ਗਈਆਂ ਹਨ, ਗੁਰੂ ਜੀ=ਜੋਹੜੀਆਂ ਨਾਮੀ ਪ੍ਰਮੇਸਰ ਵਿਚ ਸਮਾਈਆਂ ਹਨ ਓਸ ਸੱਚੇ ਨਾਮੀ ਦੇ ਦਰਬਾਰ ਵਿਚ ਓਨਾਂ ਦੇ ਮੂੰਹ ਉੱਜਲੇ ਹੁੰਦੇ ਹਨ।

## ਆਸਾ ਮਹਲਾ ੫ ਅਸਟਪਦੀਆ ਘਰੁ ੨

## ੴ ਸਤਿਗੁਰਪ੍ਰਸਾਦਿ ॥

(ਸੰਤਾਂ ਦੀ ਉਸਤਤੀ ਹੈ)

**ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥ ੧ ॥**

ਸਤ ਸੰਤੋਖ ਆਦਕ ਪੰਜੇ ਗੁਣ ਮਨਾਏ ਹਨ ਭਾਵ ਇਨਾਂ ਦਾ ਆਦਰ ਕੀਤਾ ਹੈ ਦਿਲ ਵਿਚ ਧਾਰਨ ਕੀਤੇ ਹਨ ਅਤੇ ਕਾਮ ਆਦਕ ਪੰਜ ਵਿਕਾਰ

Digitized by Panjab Digital Library | www.panjabdigilib.org

ਰੁਸਾਏ ਹਨ ਭਾਵ ਘਰ ਤੋਂ ਕੱਢ ਦਿਤਾ ਹੈ ਇਨ੍ਹਾਂ ਨੂੰ ਅਸੀ ਬੜੇ ਗੁਸੇ ਹੋਇ ਹਾਂ, ਪੰਜਾਂ ਤੱਤਾਂ ਦੇ ਧੀਰਜ ਆਦਕ ਗੁਣ ਵਸਾਏ ਹਨ ਸ਼ਬਦ ਆਦਕ ਪੰਜ ਵਿਸ਼ੇ ਗਵਾ ਦਿਤੇ ਹਨ ਭਾਵ ਸਬਦ ਸਪਰਸ ਰੂਪ ਰਸ ਗੰਧ ਜਾਂ ਜੇਹੜੇ ਸਤ ਆਦਕ ਮਨਾਏ ਹਨ ਓਹੋ ਹੀ ਪੰਜ ਰਿਦੇ ਵਿਚ ਵਸਾਏ ਹਨ ਅਤੇ ਜੇਹੜੇ ਪੰਜ ਰੁਸਾਏ ਓਹੋ ਹੀ ਗਵਾਏ ਹਨ ਜਾਂ ਚੰਗੇ ਗੁਣ ਜੋ ਪਹਿਲੇ ਰੁੱਸੇ ਹੋਇ ਸਨ ਮਨਾ ਲਏ ਹਨ ਤੇ ਜੇਹੜੇ ਵਿਕਾਰ ਵੱਸੇ ਹੋਏ ਸਨ ਓਹ ਗਵਾ ਦਿੱਤੇ ਹਨ।

## ਇਨ੍ਹ ਬਿਧਿ ਨਗਰੁ ਵੁਠਾ ਮੇਰੇ ਭਾਈ ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥ ੧ ॥ ਰਹਾਉ ॥

ਹੇ ਮੇਰੇ ਭਰਾ ਇੱਕੁਰ ਦੀ ਰੀਤੀ ਨਾਲ ਇਹ ਸਰੀਰ ਜਾਂ ਸਤਸੰਗ ਰੂਪ ਨਗਰ ਵੱਸਿਆ ਹੈ ਭਾਵ ਚੰਗਿਆਂ ਗੁਣਾਂ ਵਾਲਾ ਹੋਇਆ ਹੈ ਸਾਰਾ ਦੁਰਤ=ਪਾਪ ਦੂਰ ਹੋ ਗਿਆ ਹੈ ਅਤੇ ਗੁਰਾਂ ਨੇ ਗਿਆਨ ਦੀ ਸਿੱਖਿਆ ਨਿਸਚੇ ਕਰਾਈ ਹੈ।

## ਸਾਚ ਧਰਮ ਕੀ ਕਰਿ ਦੀਨੀ ਵਾਰਿ ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥ ੨ ॥

ਸੱਚ ਤੇ ਧਰਮ ਦੀ ਇਸ ਨੱਗਰ ਨੂੰ ਵਾੜ ਕਰ ਦਿਤੀ ਹੈ ਜੇਹੜਾ ਗਿਆਨ ਦਾ ਵਿਚਾਰ ਗੁਰਾਂ ਨੇ ਸਾਨੂੰ ਦਿਤਾ ਹੈ ਇਹ ਇਕ ਮੁਹਕਮ=ਪੱਕੇ ਫਲੇ ਹਨ।

{ਫਰਹੇ=ਮੋੜਿਆ ਛਾਪਿਆਂ ਦੇ ਤਖਤੇ ਜਹੇ ਬਣਾਕੇ ਬੂਹੇ ਨੂੰ ਰੋਕਿਆ ਜਾਂਦਾ ਹੈ ਡੰਗਰਾਂ ਬੱਕਰੀਆਂ ਦੇ ਵਾੜਿਆਂ ਨੂੰ ਜਾਂ ਚੰਗੇ ੨ ਖੇਤਾਂ ਨੂੰ ਲੰਘਣ ਦੇ ਰਸਤਿਆਂ ਵਾਲਿਆਂ ਦਰਵਾਜਿਆਂ ਦੇ ਅੱਗੇ ਓਹ ਫਲੇ ਹੁੰਦੇ ਹਨ ਓਹ ਬੜੇ ਮੁਹਕਮ=ਪੱਕੇ ਹੁੰਦੇ ਹਨ।}

## ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ ਕਰਹੁ ਗੁਰੁ ਸੇਵਹੁ ਨੀਤ ॥ ੩ ॥

ਹੇ ਮੇਰੇ ਭਰਾ ਮਿਤ੍ਰੋ ਹੁਣ ਇਸ ਨਗਰ ਵਿੱਚ ਨਾਮ ਰੂਪ ਖੇਤੀ ਬੀਜੋ ਰੋਜ ਹੀ ਗੁਰਾਂ ਨੂੰ ਸੇਵੋ ਏਹੋ ਹੀ ਸੌਦਾ ਕਰੋ।

## ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥ ੪ ॥

ਜਦੋਂ ਸ਼ਾਂਤੀ ਤੇ ਆਤਮ ਸੁਖ ਕਰਕੇ ਸਾਰੇ ਹੱਟ ਭਾਵ ਸਾਰੇ ਇੰਦ੍ਰੇ ਰੂਪ ਦੁਕਾਨ ਭਰ ਗਏ ਤਾਂ ਸ਼ਾਹੂਕਾਰ ਜੇਹੜਾ ਗੁਰੂ ਹੈ ਤੇ ਜੇਹੜਾ ਸਿਖ ਵਪਾਰੀ ਹੈ ਇਹ ਦੋਵੇਂ ਇਕ ਹੀ ਥਾਟ=ਬਣੌਟ ਦੇ ਹਨ ਸੋ ਇਕ ਹੀ ਰੂਪ ਹੋਜਾਂਦੇ ਹਨ।

Digitized by Panjab Digital Library | www.panjabdigilib.org

**ਜੇਜੀਆ ਡੰਨੁ ਕੋ ਲਏ ਨ ਜਗਾਤਿ ॥ ਸਤਿਗੁਰਿ ਕਰਿ ਦੀਨੀ ਧੁਰਕੀ ਛਾਪ ॥ ੫ ॥**

ਜੇਜੀਆ=ਟੈਕਸ, ਮਸੂਲ। ਜਗਾਤਿ=ਚੁੰਗੀ ਦਾ ਖਰਚ ਮਾਮਲਾ ਮਸੂਲ। ਫਿਰ ਇਸ ਨਗਰ ਵਿੱਚ ਕਾਮ ਆਦਕਾਂ ਦਾ ਮਸੂਲ ਡੰਨ ਹਰਜਾ ਚੁੰਗੀ ਦਾ ਖਰਚ ਮਾਮਲਾ ਆਦਕ ਵਿਕਟ ਕੋਈ ਨਹੀਂ ਲੈਂਦਾ ਹੈ, ਸਬੱਬ ਇਹ ਹੈ ਜੋ ਆਦ ਰੂਪ ਪ੍ਰਮੇਸਰ ਦੀ ਭਗਤੀ ਰੂਪ ਛਾਪ ਸਤਿਗੁਰਾਂ ਨੇ ਕਰ ਦਿੱਤੀ ਹੈ ਭਾਵੇਂ ਮਾਮਲਾ ਮਸੂਲ ਮਾਫੀ ਦੀ ਮੋਹਰ ਲਾ ਦਿੱਤੀ ਹੈ।

**ਵਖਰੁ ਨਾਮੁ ਲਦਿ ਖੇਪ ਚਲਾਵਹੁ॥ ਲੈ ਲਾਹਾ ਗੁਰਮੁਖਿ ਘਰਿ ਆਵਹੁ ॥ ੬ ॥**

ਨਾਮ ਦਾ ਸੌਦਾ ਲੱਦ ਕੇ ਖੇਪ ਚਲਾਓ ਭਾਵ ਇਕ ਪਿੰਡ ਤੋਂ ਦੂਜੇ ਪਿੰਡ ਜਾਕੇ ਸੌਦਾ ਵੇਚੋ, ਖੱਟੀ ਖੱਟੋ ਗੁਰਾਂ ਦੁਆਰੇ ਲਾਭ ਲੈਕੇ ਅਪਣੇ ਅਸਲੀ ਘਰ ਵਿੱਚ ਆਓ ਭਾਵ ਵਾਹਿਗੁਰੂ ਨੂੰ ਮਿਲੋ।

**ਸਤਿਗੁਰੁ ਸਾਹੁ ਸਿਖ ਵਣਜਾਰੇ ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ ॥ ੭ ॥**

ਸਤਿਗੁਰੂ ਜੀ ਸ਼ਾਹੂਕਾਰ ਹਨ ਤੇ ਸਿੱਖ ਵਣਜਾਰੇ ਹਨ ਨਾਮ ਦੀ ਰਾਸ ਹੈ ਤੇ ਸੱਚੇ ਨਾਮ ਦਾ ਲੇਖਾ ਸੰਭਾਲਦੇ ਹਨ।

**ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥ ੮ ॥ ੧ ॥**

ਜਿਸ ਨੇ ਪੂਰਾ ਗੁਰੂ ਸੇਵਿਆ ਹੈ ਓਹ ਇਸ ਘਰ ਵਿੱਚ ਵੱਸਦਾ ਹੈ ਭਾਵ ਪ੍ਰਮੇਸਰ ਨਾਲ ਮਿਲ ਜਾਂਦਾ ਹੈ ਇਸ ਦੇਹੀ ਲਈ ਸੰਗਤ ਅਬਚਲ ਰੂਪ ਅਤੇ ਪ੍ਰਕਾਸ਼ ਰੂਪ ਵਾਹਿਗੁਰੂ ਦੀ ਨਗਰੀ ਹੈ ਭਾਵ ਪ੍ਰਮੇਸਰ ਸਤਸੰਗ ਤੇ ਮਨੁਖਾ ਦੇਹੀ ਨਾਲ ਹੀ ਮਿਲਦਾ ਹੈ ਇਸ ਗੱਲ ਨੂੰ ਇਵੇਂ ਪੰਜਵੇਂ (ਗੁਰੂ) ਨਾਨਕਦੇਵ ਜੀ ਆਖਦੇ ਹਨ।

## ਆਸਾਵਰੀ ਮਹਲਾ ੫ ਘਰੁ ੩

## ੴ ਸਤਿਗੁਰਪ੍ਰਸਾਦਿ ॥

**ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ ॥ ਸਾਧ ਸੰਗਿ**

Digitized by Panjab Digital Library | www.panjabdigilib.org

ਹਰਿ ਹਰਿ ਜਪਤ ਨਿਰਮਲ ਸਾਚੀ ਰੀਤਿ॥੧॥ਰਹਾਉ॥

ਹੇ ਮੇਰੇ ਭਰਾ ਮੇਰੇ ਮਨ ਦੀ ਪ੍ਰਮੇਸਰ ਨਾਲ ਪ੍ਰੀਤੀ ਲੱਗੀ ਹੈ ਸਾਧੂਆਂ ਦੇ ਸੰਗ ਕਰਕੇ ਹਰ ਹਰ ਨਾਮ ਜਪਦਿਆਂ ਹੋਇਆਂ ਦੀ ਸੱਚੀ ਤੇ ਸੁਧ ਰੀਤੀ ਹੋਈ ਹੈ ।

ਦਰਸਨ ਕੀ ਪਿਆਸ ਘਣੀ ਚਿਤਵਤ ਅਨਿਕ ਪ੍ਰਕਾਰ ॥ ਕਰਹੁ ਅਨੁਗ੍ਰਹੁ ਪਾਰਬ੍ਰਹਮ ਹਰਿ ਕਿਰਪਾ ਧਾਰਿ ਮੁਰਾਰਿ ॥ ੧ ॥

ਮੈਨੂੰ ਹਰੀ ਦੇ ਦਰਸ਼ਨ ਦੀ ਬੜੀ ਪਿਆਸਾ ਲੱਗੀ ਹੋਈ ਹੈ ਅਨੇਕ ਤਰਾਂ ਨਾਲ ਮੈਂ ਏਹੋ ਹੀ ਚਿਤਵਣੀਆਂ ਕਰਦਾ ਰਹਿੰਦਾ ਹਾਂ ਹੇ ਹੰਕਾਰ ਦੇ ਨਾਸ ਕਰਨ ਵਾਲੇ ਪ੍ਰਮੇਸਰ ਜੀ ਮੇਰੇ ਉੱਤੇ ਵੀ ਕਿਰਪਾ ਕਰੋ ।

ਮਨੁ ਪਰਦੇਸੀ ਆਇਆ ਮਿਲਿਓ ਸਾਧਕੈ ਸੰਗਿ ॥ ਜਿਸੁ ਵਖਰ ਕਉ ਚਾਹਤਾਸੋਪਾਇਓ ਨਾਮਹਿਰੰਗਿ ॥੨॥

ਹੇ ਮਨ ਇਹ ਜੀਵ ਪਰਦੇਸੀ ਚੁਰਾਸੀ ਵਿਚੋਂ ਭੌਂਦਾ ਹੋਇਆਂ ਆਇਆ ਹੈ ਹੁਣ ਸਾਧੂਆਂ ਦੇ ਨਾਲ ਮਿਲਿਆ ਹੈ ਜਿਸ ਮੁਕਤੀ ਸੌਦੇ ਨੂੰ ਚਾਹੁੰਦਾ ਸੀ ਸੋ ਨਾਮ ਦੇ ਪ੍ਰੇਮ ਨਾਲ ਹੁਣ ਪਾਇਆ ਹੈ ।

ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ ॥ ਭਗਤ ਰਤੇ ਤੇਰੇ ਨਾਮਸਿਉ ਸੁਖੁਭੁੰਚਹਿ ਸਭਠਾਇ॥੩॥

ਜਿਤਨੇ ਮਾਇਆ ਦੇ ਰੰਗ ਰਾਗ ਰਸ ਹਨ ਸਾਰੇ ਹੀ ਇਕ ਛਿਨ ਵਿੱਚ ਨਾਸ ਹੋ ਜਾਂਦੇ ਹਨ ਹੇ ਹਰੀ ਭਗਤ ਜਨ ਤੇਰੇ ਨਾਮ ਨਾਲ ਹੀ ਰੱਤੇ ਹੋਇ ਹਨ ਓਹ ਸਾਰਿਆਂ ਥਾਵਾਂ ਵਿੱਚ ਸੁਖ ਹੀ ਭੁੰਚਹਿ=ਭੋਗਦੇ ਹਨ, ਓਹਨਾਂ ਦਾ ਸੁਖ ਅਰਾਮ ਕਦੀ ਨਾਸ ਨਹੀਂ ਹੁੰਦਾ ਹੈ ।

ਸਭੁਜਗੁ ਚਲਤਉ ਪੇਖੀਐ ਨਿਹਚਲੁ ਹਰਿਕੋਨਾਉ॥ ਕਰਿ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿਠਾਉ॥੪॥

ਸਾਰਾ ਜਗਤ ਨਾਸ ਹੋ ਜਾਣ ਵਾਲਾ ਦੀਹਦਾ ਹੈ ਇਕ ਹਰੀ ਦਾ ਨਾਮ ਟਿਕਿਆ ਰਹਿਣ ਵਾਲਾ ਤੇ ਨਾ ਨਾਸ ਹੋਣ ਵਾਲਾ ਹੈ ਸਾਧੂਆਂ ਨਾਲ ਦੋਸਤੀ ਪਾਕੇ ਸਦਾ ਰਹਿਣ ਵਾਲਾ ਥਾਂ ਪਾਵੇਗਾ ।

ਮੀਤ ਸਾਜਨ ਸੁਤ ਬੰਧਪਾ ਕੋਊ ਹੋਤ ਨ ਸਾਥ॥ ਏਕ ਨਿਵਾਹੂ ਰਾਮ ਨਾਮ ਦੀਨਾ ਕਾ ਪ੍ਰਭੁ ਨਾਥ ॥ ੫ ॥

Digitized by Panjab Digital Library | www.panjabdigilib.org

ਮਿੱਤ੍ਰ ਉਪਕਾਰ ਕਰਨ ਵਾਲਾ ਸੱਜਣ ਕੰਮ ਸਵਾਰਕੇ ਨਾ ਦੱਸਣ ਵਾਲਾ ਪੁਤ, ਭਰਾ ਕੋਈ ਵੀ ਨਾਲ ਨਹੀਂ ਹੁੰਦਾ ਹੈ ਇਕ ਗਰੀਬਾਂ ਦਾ ਮਾਲਕ ਜੇਹੜਾ ਮੇਰਾ ਵੀ ਮਾਲਕ ਹੈ ਉਸ ਰਾਮ ਦਾ ਜੇਹੜਾ ਨਾਮ ਹੈ ਓਹ ਤੋੜ ਨਿਬਾਹੂ ਹੁੰਦਾ ਹੈ ਭਾਵ ਹਰ ਥਾਂ ਸਹੈਤਾ ਕਰਦਾ ਹੈ।

**ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ ॥ ਭੇਟਿਓ ਪੂਰਾ ਸਤਿਗੁਰੂ ਸਾਚਾ ਪ੍ਰਭ ਸਿਉ ਨੇਹ ॥੬॥**

ਜਿਨਾਂਨੂੰ ਪ੍ਰਮੇਸਰ ਦੇ ਚਰਨ ਕਮਲ ਜਹਾਜ਼ ਰੂਪ ਮਿਲ ਗਏਹਨ ਤੇਹ= ਓਨਾਂ ਦੇ ਆਸਰੇ ਸਾਰਾ ਸੰਸਾਰ ਸਮੁੰਦਰ ਅਸਾਂ ਤਰ ਲਿਆ ਹੈ, ਪਰ ਓਦੋਂ ਤਰਿਆ ਜਦੋਂ ਪੂਰਾ ਸਤਿਗੁਰੂ ਮਿਲਿਆ ਹੈ ਅਤੇ ਮਾਲਕ ਨਾਲ ਸੱਚਾ ਪ੍ਰੇਮ ਲੱਗਾ ਹੈ।

**ਸਾਧ ਤੇਰੇਕੀ ਜਾਚਨਾ ਵਿਸਰੁ ਨ ਸਾਸਿ ਗਿਰਾਸਿ॥ ਜੋ ਤੁਧੁ ਭਾਵੈ ਸੋ ਭਲਾ ਤੇਰੈ ਭਾਣੈ ਕਾਰਜ ਰਾਸਿ ॥੭॥**

ਹੇ ਮਾਲਕਾ ਤੇਰੇ ਪਾਸ ਅਸਾਂ ਸਾਧੂਆਂ ਦੀ ਏਹੋ ਹੀ ਜਾਚਨਾ=ਬੇਨਤੀ ਹੈ ਜਾਂ ਤੇਰਿਆਂ ਸਾਧੂਆਂ ਦੀ ਸਤ ਸੰਗਤ ਦਾ ਵਾਸਾ ਮੰਗਦੇ ਹਾਂ ਅਤੇ ਸਾਹ ਲੈਂਦਿਆਂ ਰੋਟੀ ਖਾਂਦਿਆਂ ਤੇਰਾ ਨਾਮ ਨ ਵਿਸਰੇ ਜਾਂ ਤੂੰ ਸਾਨੂੰ ਕਦੇ ਨ ਭੁੱਲ, ਜੇਹੜਾ ਆਪਨੂੰ ਭਾਂਦਾ ਹੈ ਓਹੋ ਹੀ ਚੰਗਾ ਭਲਾ ਹੈ ਤੇਰੇ ਹੁਕਮ ਵਿਚ ਕੰਮ ਸੌਰਦਾ ਹੈ।

**ਸੁਖ ਸਾਗਰ ਪ੍ਰੀਤਮ ਮਿਲੇ ਉਪਜੇ ਮਹਾ ਅਨੰਦ ॥ ਕਹੁ ਨਾਨਕ ਸਭ ਦੁਖ ਮਿਟੇ ਪ੍ਰਭ ਭੇਟੇ ਪਰਮਾਨੰਦ ॥੮॥੧॥੨॥੩੯॥**

ਜਦੋਂ ਪ੍ਰੀਤਮ ਸਤਿਗੁਰੂ ਸੁਖਾਂ ਦੇ ਸਮੁੰਦਰ ਮਿਲਦੇ ਹਨ ਤਾਂ ਵੱਡਾ ਅਨੰਦ ਪੈਦਾ ਹੁੰਦਾ ਹੈ ਗੁਰੂ ਜੀ=ਜਦੋਂ ਪਰਮਾਨੰਦ ਰੂਪ ਮਾਲਕ ਮਿਲਦੇ ਹਨ ਤਾਂ ਸਾਰੇ ਹੀ ਦੁਖ ਦੂਰ ਹੋ ਜਾਂਦੇ ਹਨ।

## ਆਸਾ ਮਹਲਾ ੫ ਬਿਰਹੜੇ ਘਰੁ ੪ ਛੰਤਾਂ ਕੀ ਜਤਿ

## ੧ਓ ਸਤਿਗੁਰ ਪ੍ਰਸਾਦਿ ॥

{ਬਿਰਹੜੇ=ਵਿਛੋੜੇ ਦੀ ਹਾਲਤ ਵਿਚ ਉਚਾਰਿਆਂ ਹੋਇਆਂ ਸ਼ਬਦਾਂ ਦਾ ਨਾਮ ਹੈ। ਛੰਤਾ=ਛੰਦਾਂ ਦੀ ਜਾਤੀ ਹੈ ਭਾਵ ਵਿਛੋੜੇ ਦੇ ਸ਼ਬਦ ਇਕਤਰਾਂ ਦੀ ਛੰਦਾਂ ਦੀ ਜਾਤੀ ਹੈ।}

Digitized by Panjab Digital Library | www.panjabdigilib.org

**ਪਾਰਬ੍ਰਹਮੁ ਪ੍ਰਭੁ ਸਿਮਰੀਐ ਪਿਆਰੇ ਦਰਸਨ ਕਉ ਬਲਿ ਜਾਉ ॥ ੧ ॥**

ਹੇ ਪਿਆਰੇ ਪਾਰਬ੍ਰਹਮ ਪ੍ਰਮੇਸਰ ਦਾ ਸਿਮਰਨ ਕਰੀਏ ਅਤੇ ਦਰਸ਼ਨ ਕਰਨ ਵਾਸਤੇ ਮਾਲਕ ਤੋਂ ਬਲਿਹਾਰ ਜਾਈਏ।

**ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ ਤਜਣਾ ਜਾਇ ॥ ੨ ॥**

ਹੇ ਪਿਆਰੇ ਜਿਸਦੇ ਸਿਮਰਨ ਨਾਲ ਸਾਰੇ ਦੁਖ ਭੁੱਲ ਜਾਂਦੇ ਹਨ ਉਸਦੇ ਸਿਮਰਨਨੂੰ ਕਿਸਤਰਾਂ ਜਾਂ ਕਿਉਂਛੱਡਿਆਜਾਂਦਾਹੈ ਭਾਵਛੱਡਣਾ ਚੰਗਾਨਹੀਂਹੈ।

**ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ ॥ ੩ ॥**

ਹੇ ਪਿਆਰੇ ਇਸ ਸਰੀਰ ਨੂੰ ਗੁਰੂ ਸੰਤ ਦੇ ਪਾਸ ਵੇਚ ਦਿਆਂ ਭਾਵ ਸੇਵਾ ਵਿਚ ਲਾਵਾਂ ਅਤੇ ਇਹ ਬੇਨਤੀ ਕਰਾਂ ਕਿ ਮੈਨੂੰ ਮੇਰਾ ਪਿਆਰਾ ਮਿਲਾ ਦਿਓ।

**ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥ ੪ ॥**

ਹੇ ਮੇਰੀ ਮਾਂ ਵਿਸ਼ਿਆਂ ਤੇ ਜਿਤਨੇ ਸੁਖ ਤੇ ਸਿੰਗਾਰ ਹਨ ਮੈਂ ਸਾਰੇ ਫਿੱਕੇ ਜਾਣੇ ਹਨ ਇਸ ਲਈ ਮੈਂ ਸਾਰੇ ਹੀ ਤਿਆਗ ਛੱਡੇ ਹਨ।

**ਕਾਮੁ ਕ੍ਰੋਧੁ ਲੋਭੁ ਤਜਿਗਏ ਪਿਆਰੇ ਸਤਿਗੁਰਚਰਨੀ ਪਾਇ ॥ ੫ ॥**

ਹੇ ਪਿਆਰੇ ਜਦੋਂ ਸਾਨੂੰ ਸਤਿਗੁਰਾਂ ਨੇ ਚਰਨੀ ਪਾ ਲਿਆ ਤਾਂ ਕਾਮ ਕਰੋਧ ਲੋਭ ਸਾਰੇ ਹੀ ਵਿਕਾਰ ਸਾਨੂੰ ਛੱਡਕੇ ਚਲੇ ਗਏ ਭਾਵ ਸਾਡੇ ਮਗਰੋਂ ਲੱਥ ਗਏ।

**ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ ॥ ੬ ॥**

ਹੇ ਪਿਆਰੇ ਜੇਹੜੇ ਦਾਸ ਪ੍ਰਮੇਸਰ ਦੇ ਨਾਲ ਰੱਤੇ ਹਨ ਓਹ ਫਿਰ ਹੋਰ ਕਿਸੇ ਥਾਂ ਉਤੇ ਨਹੀਂ ਜਾਂਦੇ ਹਨ।

Digitized by Panjab Digital Library | www.panjabdigilib.org

**ਹਰਿ ਰਸੁ ਜਿਨ੍ਹੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ ॥ ੭ ॥**

ਹੇ ਪਿਆਰੇ ਜਿਨਾਂਨੇ ਪ੍ਰਮੇਸਰ ਦੇ ਰਸਦਾ ਸੁਆਦ ਚੱਖਿਆਹੈ ਓਹ ਸੰਤ ਰੱਜ ਕੇ ਪ੍ਰਸੰਨ ਹੋ ਰਹੇ ਹਨ।ਤ੍ਰਿਪਤ ਤੇ ਅਘਾਇ=ਦਾ ਇਕ ਅਰਥ ਰੱਜਣਾ ਹੈ।

**ਅੰਚਲੁ ਗਹਿਆ ਸਾਧ ਕਾ ਨਾਨਕ ਭੈਸਾਗਰੁ ਪਾਰਿ ਪਰਾਇ ॥ ੮ ॥ ੧ ॥ ੩ ॥**

ਗੁਰੂ ਜੀ=ਜਿਨਾਂ ਨੇ ਸਾਧੂਆਂ ਦਾ ਪੱਲਾ ਫੜ੍ਹਿਆ ਹੈ ਓਹ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ। ਅੰਚਲ=ਕਪੜੇ ਦਾ ਪੱਲਾ। ਗਹਿਆ= ਫੜ੍ਹਿਆ। ਭੈ=ਡਰ ਵਾਲੇ ਸੰਸਾਰ। ਪਰਾਇ=ਪੈ ਗਏ ਭਾਵ ਪਾਰ ਹੋ ਗਏ।

**ਜਨਮ ਮਰਣ ਦੁਖੁ ਕਟੀਐ ਪਿਆਰੇ ਜਬ ਭੇਟੈ ਹਰਿ ਰਾਇ ॥ ੧ ॥**

ਹੇ ਪਿਆਰੇ ਜਦੋਂ ਹਰੀ ਰਾਇ ਪ੍ਰਮੇਸਰ ਆਦਮੀ ਨੂੰ ਮਿਲਦਾ ਹੈ ਤੇ ਤਾਂ ਉਸਦਾ ਜਨਮ ਮਰਨ ਦਾ ਸਾਰਾ ਦੁੱਖ ਕੱਟਿਆ ਜਾਂਦਾ ਹੈ।

**ਸੁੰਦਰੁ ਸੁਘਰੁ ਸੁਜਾਣੁ ਪ੍ਰਭੁ ਮੇਰਾ ਜੀਵਨੁ ਦਰਸੁ ਦਿਖਾਇ ॥ ੨ ॥**

ਮੇਰਾ ਮਾਲਕ ਸੁੰਦਰ ਬਹੁਤ ਸਿਆਣਿਆਂ ਤੋਂ ਸਿਆਣਾ ਅੰਦਰ ਬਾਹਰ ਦੀ ਹਰ ਗੱਲ ਜਾਨਣ ਵਾਲਾ ਤੇ ਜੀਵਨ ਰੂਪ ਹੈ,ਹੇ ਮਾਲਕਾ ! ਤੂੰ ਇੱਕੁਰ ਦਾ ਹੈਂ ਮੈਨੂੰ ਅਪਣਾ ਦਰਸ਼ਨ ਵਿਖਾ ਜਾਂ ਏਸੇ ਜਨਮ ਵਿੱਚ ਦਰਸ਼ਨ ਦੇਹ।

**ਜੋ ਜੀਅ ਤੁਝਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ ॥ ੩ ॥**

ਹੇ ਪਿਆਰੇ ਜੇਹੜੇ ਆਦਮੀ ਤੈਥੋਂ ਵਿਛੜੇ ਹਨ ਓਹ ਵਿਸ਼ਿਆਂ ਰੂਪ ਵਿਹੁ ਨੂੰ ਖਾਕੇ ਭਾਵ ਭੋਗ ਭੋਗਦੇ ਜੰਮਦੇ ਮਰਦੇ ਰਹਿੰਦੇ ਹਨ।

**ਜਿਸੁ ਤੂੰ ਮੇਲਹਿ ਸੋ ਮਿਲੈ ਪਿਆਰੇ ਤਿਸਕੈ ਲਾਗਉ ਪਾਇ ॥ ੪ ॥**

ਹੇ ਪਿਆਰੇ ਜਿਸ ਨੂੰ ਤੂੰ ਮਿਲਾ ਲੈਂਦਾ ਹੈਂ ਓਹ ਮਿਲਦਾ ਹੈ ਮੈਂ ਉਸਦੇ ਪੈਰੀਂ ਲੱਗਦਾ ਹਾਂ।

Digitized by Panjab Digital Library | www.panjabdigilib.org

**ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖਤੇ ਕਹਣੁ ਨ ਜਾਇ ॥ ੫ ॥**

ਹੇ ਪਿਆਰੇ ਜੇਹੜਾ ਸੁਖ ਆਪ ਦੇ ਦਰਸ਼ਨ ਵੇਖਣ ਨਾਲ ਮਿਲਦਾ ਹੇ ਓਹ ਮੂੰਹ ਤੋਂ ਆਖਿਆ ਨਹੀਂ ਜਾਂਦਾ ਹੈ।

**ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ॥ ੬ ॥**

ਹੇ ਪਿਆਰੇ ਜਿਨਾਂ ਦੀ ਤੇਰੇ ਨਾਲ ਸੱਚੀ ਪ੍ਰੀਤੀ ਹੈ ਓਹ ਕਦੀ ਨਹੀਂ ਟੁੱਟਦੀ ਹੈ ਓਹ ਜੁਗਾਂ ੨ ਵਿੱਚ ਸਮਾ ਰਹੀ ਹੈ ਭਾਵ ਲੱਗੀ ਰਹਿੰਦੀ ਹੈ ।

**ਜੋ ਤੁਧੁ ਭਾਵੈ ਸੇ ਭਲਾ ਪਿਆਰੇ ਤੇਰੀ ਅਮਰੁ ਰਜਾਇ ॥ ੭ ॥**

ਹੇ ਪਿਆਰੇ ਜੋ ਤੈਨੂੰ ਭਾਂਦਾ ਹੈ ਓਹ ਸਾਨੂੰ ਭਲਾ ਲੱਗਦਾ ਹੈ ਅਤੇ ਤੇਰੀ ਆਗਿਆ ਅਮੇਟ ਹੈ ਕੋਈ ਹਟਾ ਨਹੀਂ ਸੱਕਦਾ ਹੈ ।

**ਨਾਨਕ ਰੰਗਿ ਰਤੇ ਨਾਰਾਇਣੈ ਪਿਆਰੇ ਮਾਤੇਸਹਜਿ ਸੁਭਾਇ ॥ ੮ ॥ ੨ ॥ ੪ ॥**

ਗੁਰੂ ਜੀ=ਹੇ ਪਿਆਰੇ ਪ੍ਰਮੇਸਰ ! ਅਸੀ ਆਪ ਦੇ ਪਿਆਰੇ ਪ੍ਰੇਮ ਵਿੱਚ ਰੱਤੇ ਹੋਇ ਸ਼ਾਂਤੀ ਸੁਭਾਵ ਕਰਕੇ ਮੱਤੇ ਰਹਿੰਦੇ ਹਾਂ।

**ਸਭ ਬਿਧਿ ਤੁਮਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ ॥ ੧ ॥**

ਹੇ ਪਿਆਰੇ ਸਾਰੀਆਂ ਰੀਤੀਆਂ ਨੂੰ ਤੁਸੀ ਜਾਣਦੇ ਹੋ ਤੁਹਾਥੋਂ ਬਿਨਾ ਅਸੀ ਅਪਣੀ ਪੀੜਾ ਕਿਸ ਦੇ ਪਾਸ ਜਾਕੇ ਆਖਕੇ ਸੁਣਾਈਏ ।

**ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ ਪਹਿਰਹਿ ਖਾਇ ॥ ੨ ॥**

ਤੂੰ ਸਾਰਿਆਂ ਜੀਆਂ ਦਾ ਦਾਤਾ ਹੈਂ ਅਸੀਂ ਤੇਰਾ ਹੀ ਦਿੱਤਾ ਖਾਂਦੇ ਪਹਿਰਦੇ ਹਾਂ ।

**ਸੁਖੁਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀਜਾਇ॥੩॥**

ਹੇ ਪਿਆਰੇ ਸੁਖ ਦੁਖ ਸਾਰਾ ਤੇਰੀ ਆਗਿਆ ਵਿੱਚ ਹੈ ਤੈਥੋਂ ਬਿਨਾ ਦੂਸਰੀ ਜਗਾ ਨਹੀਂ ਹੈ ।

Digitized by Panjab Digital Library | www.panjabdigilib.org

**ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ ॥ ੪ ॥**

ਹੇ ਪਿਆਰੇ ਜੋ ਕੁਛ ਤੂੰ ਕਰਾਂਦਾ ਹੈਂ ਓਹੋ ਹੀ ਕੁਛ ਅਸੀਂ ਕਰਦੇ ਹਾਂ ਤੇਰੀ ਆਗਿਆ ਤੋਂ ਬਿਨਾ ਸਾਡੇ ਪਾਸੋਂ ਕੁਛ ਕੀਤਾ ਨਹੀਂ ਜਾਂਦਾ ਹੈ।

**ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ ॥ ੫ ॥**

ਹੇ ਹਰੀ ਪਿਆਰੇ ਜਿਨਾਂ ਤੇਰਾ ਨਾਮ ਜਪਿਆ ਹੈ ਓਹਨਾਂ ਨੂੰ ਦਿਨ ਰਾਤ ਸਾਰੇ ਸੁਹਾਂਵਣੇ ਲੱਗਦੇ ਹਨ।

**ਸਾਈ ਕਾਰ ਕਮਾਵਣੀ ਪਿਆਰੇ ਧੁਰਿ ਮਸਤਕਿ ਲੇਖੁ ਲਿਖਾਇ ॥ ੬ ॥**

ਹੇ ਪਿਆਰੇ ਸਾਰੇ ਆਦਮੀ ਆਦ ਤੋਂ ਹੀ ਜੇਹੜਾ ਮੱਥੇ ਉਤੇ ਲੇਖ ਲਿਖਾ ਆਏ ਹਨ ਓਹੋ ਹੀ ਕਾਰ ਕਮਾਉਣੀ ਕਰਦੇ ਹਨ।

**ਇਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ ॥ ੭ ॥**

ਹੇ ਪਿਆਰੇ ਤੂੰ ਇਕ ਹੀ ਸਾਰਿਆਂ ਘਟਾਂ ਵਿੱਚ ਵਰਤਦਾ ਹੈਂ ਅਤੇ ਬਾਹਰ ਵੀ ਤੂੰ ਹੀ ਸਮਾਇਆ ਹੋਇਆ ਹੈਂ।

**ਸੰਸਾਰ ਕੂਪਤੇ ਉਧਰਿ ਲੈ ਪਿਆਰੇ ਨਾਨਕ ਹਰਿ ਸਰਣਾਇ ॥ ੮ ॥ ੩ ॥ ੨੨ ॥ ੧੫ ॥ ੨ ॥ ੪੨ ॥**

ਗੁਰੂ ਜੀ=ਹੇ ਹਰੀ ਪਿਆਰੇ ! ਮੈਨੂੰ ਸੰਸਾਰ ਰੂਪ ਖੂਹ ਤੋਂ ਉਧਾਰ ਲੈ ਭਾਵ ਬਾਹਰ ਕੱਢ ਲੈ ਮੈਂ ਤੇਰੀ ਸ਼ਰਣ ਆਇਆ ਹਾਂ।

## ਰਾਗੁ ਆਸਾ ਮਹਲਾ ੧ ਪਟੀ ਲਿਖੀ

**੧ ਓ ਸਤਿਗੁਰਪ੍ਰਸਾਦਿ ॥**

{ ਸ੍ਰੀ ਗੁਰੂ ਨਾਨਕ ਦੇਵ ਜੀ ਪੰਡਤ ਪਾਸ ਪੜ੍ਹਨ ਗਏ ਉਸ ਨੂੰ ਪੱਟੀ ਸੁਣਾਈ ਤੇ ਸ਼ੁਭਮਾਰਗ ਲਾਇਆ। }

Digitized by Panjab Digital Library | www.panjabdigilib.org

**ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ ਸੇਵਤ ਰਹੇ ਚਿਤੁ ਜਿਨ੍ਹ ਕਾ ਲਾਗਾ ਆਇਆ ਤਿਨ੍ਹ ਕਾ ਸਫਲੁ ਭਇਆ ॥ ੧ ॥**

ਹੇ ਪੰਡਤਜੀ=ਸੱਸਾ ਆਖਦਾ ਹੈ ਜਿਸਨੇ ਇਹ ਸਾਰੀ ਦੁਨੀਆਂ ਬਣਾਈ ਹੈ ਓਹੋ ਹੀ ਇਕ ਸਾਰਿਆਂ ਜੀਆਂ ਦਾ ਮਾਲਕ ਹੋਇਆ ਹੈ ਜਿਨਾਂ ਗੁਰਮੁਖਾਂ ਦਾ ਚਿਤ ਪ੍ਰਮੇਸਰ ਦੀ ਸੇਵਾ ਵਿਚ ਲੱਗਾ ਹੈ ਓਨਾਂ ਦਾ ਸੰਸਾਰ ਵਿਚ ਆਉਂਣਾ ਸਫਲ ਹੋਇਆ ਹੈ।

**ਮਨ ਕਾਹੇ ਭੂਲੇ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥ ੧ ॥ ਰਹਾਉ ॥**

ਹੇ ਬੀਰਾ ਭਰਾਵਾ ਮੂਰਖ ਮਨ ਵਾਲਿਆ ਆਦਮੀਆਂ ! ਤੂੰ ਸੁਣਕੇ ਮੰਨਣ ਤੋਂ ਜਾਂ ਸੁੱਧ ਪ੍ਰਮੇਸਰ ਨੂੰ ਮਨ ਤੋਂ ਕਿਉਂ ਭੁਲਦਾ ਹੈਂ ਜਦੋਂ ਪ੍ਰਲੋਕ ਵਿਚ ਜਾਕੇ ਲੇਖਾ ਦੇਵੇਂਗਾ ਤੇ ਤਾਂ ਤੂੰ ਪੜਿਆ ਅਣਪੜਿਆ ਮਲੂਮ ਹੋਵੇਂਗਾ ਭਾਵ ਇਹ ਹਿਸਾਬ ਲੇਖਾ ਉਥੇ ਕੰਮ ਨਹੀਂ ਆਉਣਾ ਹੈ।

**ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥ ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ॥ ੨ ॥**

{ ਪੰਡਤ ਨੇ ਆਖਿਆ ਆਪ ਫਿਰ ਲੇਖਾ ਹਿਸਾਬ ਦੇਣ ਦਾ ਵਸੀਲਾ ਦੱਸੋ ਤਾਂ ਗੁਰੂ ਜੀ ਨੇ ਅੱਖਰਾਂ ਦਾ ਅਰਥ ਕੀਤਾ। }

ਈੜੀ ਆਖਦੀ ਹੈ ਜੇਹੜਾ ਆਦ ਪੁਰਖ ਦਾਤਾ ਹੈ ਓਹੋ ਆਪ ਸੱਚਾ ਹੈ ਤੇ ਸਾਰਾ ਸੰਸਾਰ ਝੂਠਾ ਹੈ ਜੇਹੜਾ ਗੁਰਮੁਖ ਇਹਨਾਂ ਅੱਖਰਾਂ ਦੇ ਅਰਥਾਂ ਨੂੰ ਸਮਝਦਾ ਹੈ ਉਸਦੇ ਸਿਰ ਫਿਰ ਜਨਮ ਮਰਨ ਦਾ ਲੇਖਾ ਨਹੀਂ ਹੁੰਦਾ ਹੈ।

**ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥ ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨ੍ਹੀ ਸਚੁ ਕਮਾਇਆ ॥ ੩ ॥**

ਊੜਾ ਆਖਦਾ ਹੈ ਉਸ ਪ੍ਰਮੇਸਰ ਦੀ ਉਪਮਾ ਕੀ ਆਖੀਏ ਜਿਸ ਦੀ ਉਪਮਾ ਦਾ ਕਿਸੇ ਨੇ ਅੰਤ ਨਹੀਂ ਪਾਇਆ ਹੈ ਜਿਨਾਂ ਨੇ ਸੱਚੇ ਨਾਮ ਨੂੰ ਕਮਾਇਆ ਭਾਵ ਜਪਿਆ ਹੈ ਤੇ ਸੇਵਾ ਕਰਦੇ ਹਨ ਓਹੋ ਹੀ ਫਲ ਭਾਵ

Digitized by Panjab Digital Library | www.panjabdigilib.org

ਮੁਕਤੀ ਨੂੰ ਪਾਂਦੇ ਹਨ ।

**ਙੰਙੈ ਙਿਆਨੁ ਬੂਝੈ ਜੇ ਕੋਈਪੜਿਆ ਪੰਡਿਤੁਸੋਈ॥ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥ ੪ ॥**

ਙੰਙਾ ਆਖਦਾ ਹੈ ਜੇਹੜਾ ਗਿਆਨ ਰੂਪ ਪ੍ਰਮੇਸਰ ਨੂੰ ਜਾਣਦਾ ਹੈ ਓਹੋ ਪੰਡਤ ਸ਼ਾਸਤ੍ਰ ਪੜ੍ਹਿਆ ਹੋਇਆ ਹੈ ਭਾਵ ਉਸ ਦਾ ਪੜ੍ਹਿਆ ਹੋਇਆ ਸਫਲ ਹੈ,ਜਦੋਂ ਸਾਰਿਆਂ ਆਦਮੀਆਂ ਵਿਚ ਇਕ ਪ੍ਰਮੇਸਰ ਨੂੰ ਜਾਣੇ ਤਾਂ ਫਿਰ ਕੋਈ=ਕਦੀ ਵੀ ਹਉਮੈ ਨੂੰ ਨਹੀਂ ਆਖਦਾ ਹੈ।

**ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥ ੫ ॥**

ਕੱਕਾ ਆਖਦਾ ਹੈ ਜਦੋਂ ਕੇਸ ਪੁੰਡਰ=ਚਿੱਟੇ ਹੋ ਗਏ ਹਨ ਜਿਸਤਰਾਂ ਸਬੂਣ ਨਾਲ ਕੱਪੜਾ ਚਿੱਟਾ ਹੁੰਦਾ ਹੈ ਤਿੱਕੁਰ ਬਿਨਾਂ ਹੀ ਕਾਰਨ ਤੋਂ ਕੇਸ ਉੱਜਲੇ ਹੋ ਗਏ ਹਨ ਭਾਵ ਬੁਢੇਪਾ ਨੇੜੇ ਆ ਗਿਆ ਹੈ ਤਦੋਂ ਜਮ ਰਾਜਾ ਦੇ ਘੱਲੇ ਹੋਇ ਹੇਰੂ=ਵੇਖਣ ਵਾਲੇ ਦੂਤ ਆਏ ਹਨ ਓਨਾਂ ਨੇ ਮਾਇਆ ਦੇ ਪਿਆਰਿਆ ਨੂੰ ਸੰਗਲ ਵਿਚ ਬੰਨ੍ਹ ਲਿਆ ਹੈ ਭਾਵ ਜਮ ਲੋਕ ਨੂੰ ਲੈ ਗਏ ਹਨ ਜਾਂ ਮਾਇਆ ਦੇ ਹੀ ਸੰਗਲ ਹਨ ਜੇਹੜੇ ਦੀਹਦੇ ਨਹੀਂ ਹਨ ਜੀਵ ਨੂੰ ਬੰਨ੍ਹ ਲਿਆ ਹੈ ।

**ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥ ਬੰਧਨਿ ਜਾਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥ ੬ ॥**

ਖੁੰਦਕਾਰ=ਧੋਬੀ ਦੇ ਪਟੜੇ ਦਾ ਕਿੱਲਾ, ਵੱਡਾ ਸੋਟਾ ਥੰਮਾ, ਆਸਰਾ ਹਨੇਰੇ ਵਿਚ ਚਾਨਣ ਕਰਨ ਵਾਲਾ ॥ ਆਲਮ=ਬਾਦਸ਼ਾਹ। ਖੱਖਾ ਆਖਦਾ ਹੈ ਸਾਰੀਆਂ ਵਲੈਤਾਂ ਭਾਵ ਸਾਰੇ ਸੰਸਾਰ ਦਾ ਆਸਰਾ ਰੂਪ ਸੋਟਾ ਜੇਹੜਾ ਪ੍ਰਮੇਸਰ ਬਾਦਸ਼ਾਹ ਹੈ ਉਸ ਨੇ ਸਾਰੇ ਸੰਸਾਰ ਨੂੰ ਖਰੀਦ ਕਰਕੇ ਭਾਵ ਬੁਲਾ ਕੇ ਫਿਰ ਖਾਣ ਪੀਣ ਪਹਿਰਾਉਣ ਆਦਕ ਖਰਚ ਦਿੱਤਾ ਹੈ ਜਿਸ ਦੇ ਹੁਕਮ ਰੂਪ ਬੰਨਣਾ ਨਾਲ ਸੰਸਾਰ ਬੰਨਿਆਂ ਹੋਇਆ ਹੈ ਅਤੇ ਉਸ ਦੇ ਉਤੇ ਹੋਰ ਕਿਸੇ ਦਾ ਹੁਕਮ ਨਹੀਂ ਹੋਇਆ ਹੈ ।

**ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ**

Digitized by Panjab Digital Library | www.panjabdigilib.org

**ਗਰਬਿ ਭਇਆ ॥ ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ ॥ ੭ ॥**

ਗੱਗਾ ਆਖਦਾ ਹੈ ਜਿਸ ਗੋਬਿੰਦ ਦੀ ਗੋਇ=ਬਾਣੀ ਗਾਇ=ਗੌਣੀ ਜਿਸ ਆਦਮੀ ਨੇ ਛੱਡ ਦਿੱਤੀ ਹੈ ਭਾਵ ਜਸ ਨਹੀਂ ਗਾਂਦਾ ਹੈ ਅਤੇ ਬਹੁਤ ਸਾਰੀਆਂ ਬਾਤਾਂ ਸਿੱਖ ਕੇ ਹੰਕਾਰੀ ਹੋ ਗਿਆ ਹੈ ਘੜ ਭਾਂਡੇ=ਸਰੀਰਾਂ ਨੂੰ ਬਣਾਕੇ ਜਿਸ ਨੇ ਚਾਰ ਖਾਣੀਆਂ ਜੜ ਚੇਤਨ ਬ੍ਰਹਮੰਡ ਰੂਪ ਆਵੀ ਸਾਜੀ ਹੈ ਚਾੜਨ=ਪਾਲਣਾ ਤੇ ਵਾਹੈ=ਨਾਸ ਕਰਨੇ ਵਾਲੇ ਸ਼ਿਵ ਜੀ ਇੱਨਾਂ ਤਿੰਨਾਂ ਨੂੰ ਤਈ=ਇਸਥਤ ਕੀਤਾ ਹੈ ।

ਭਾਵ–ਜਿਸਨੇ ਵਾਹਿਗੁਰੂ ਦੇ ਮਿਲਾਪ ਵਾਲੀ ਬਾਣੀ ਗੌਣੀ ਛੱਡ ਦਿੱਤੀ ਹੈ ਉਸ ਨੂੰ ਸੰਸਾਰ ਆਵੀ ਵਿੱਚ ਚਾੜਨ ਵਾਸਤੇ ਤਿਆਰ ਕੀਤਾ ਹੈ ਭਾਵ। ਪ੍ਰਮੇਸਰ ਤੋਂ ਬੇਮੁਖ ਆਦਮੀ ਜੰਮਦੇ ਮਰਦੇ ਰਹਿੰਦੇ ਹਨ ਗੋਇ=ਬਾਣੀ ਗਾਇ=ਗੌਣੀ। ਤਈ=ਇਸਥਿਤ ਕਰਨਾ । ਵਾਹੈ=ਨਾਸ ਕਰਨਾ ਉਸਨੇ ।

**ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂਕੈ ਲਾਗਿ ਰਹੈ ॥ ਬੁਰਾ ਭਲਾ ਜੇ ਸਮਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥ ੮ ॥**

ਘੱਘਾ ਆਖਦਾ ਹੈ ਜੇਹੜਾ ਸੇਵਕ ਹੋਕੇ ਘਾਲ=ਸੇਵਾ ਘਾਲੈ=ਕਰੇ ਅਤੇ ਗੁਰ ਸ਼ਬਦ ਵਿੱਚ ਲੱਗਾ ਰਹੇ ਭਾਵ ਅਰਥ ਸਮਝਦਾ ਰਹੇ ਅਤੇ ਬੁਰਾ ਭਲਾ ਬਰਾਬਰ ਸਮਝੇ ਤਾਂ ਇਸ ਰੀਤੀ ਵਾਲਾ ਸਾਹਿਬ ਨਾਲ ਰਮਣ ਕਰਦਾ ਰਹਿੰਦਾ ਹੈ ਭਾਵ ਵਾਹਿਗੁਰੂ ਨਾਲ ਅਨੰਦ ਮਾਣਦਾ ਹੈ ।

**ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥ ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ ॥ ੯ ॥**

ਚੱਚਾ ਆਖਦਾ ਹੈ ਜਿਸ ਵਾਹਿਗੁਰੂ ਨੇ ਚਾਰ ਵੇਦ ਚਾਰ ਖਾਣੀਆਂ ਚਾਰ ਜੁੱਗਾਂ ਨੂੰ ਬਣਾਇਆ ਹੈ ਜੁੱਗਾਂ ਜੁੱਗਾਂ ਵਿੱਚ ਜਿਸਦੀ ਸੱਤਾ, ਸ਼ਕਤੀ, ਤਾਕਤ, ਜੋਗੀ=ਜੁੜੀ ਹੋਈ ਹੈ ਚਹੁੰਆਂ ਖਾਣੀਆਂ ਵਿੱਚ ਭੋਗ ਕਰਦਾ ਹੈ ਭਾਵ ਮਿਲਿਆ ਹੋਇਆ ਹੈ ਆਪੇ ਹੀ ਪੜਿਆ=ਪੜਨ ਵਾਲਾ ਬਾਲਕ ਬਣਿਆਂ ਹੋਇਆ ਹੈ ਅਤੇ ਆਪ ਹੀ ਪੜਾਉਣ ਵਾਲਾ ਥੀਆ=ਹੋਇਆ ੨ ਹੈ।

**ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ**

Digitized by Panjab Digital Library | www.panjabdigilib.org

**ਭਰਮੁ ਹੋਆ ॥ ਭਰਮੁ ਉਪਾਇ ਭੁਲਾਈਅਨੁ ਆਪੇਤੇਰਾ ਕਰਮੁ ਹੋਆ ਤਿਨ੍ਹ ਗੁਰੂ ਮਿਲਿਆ ॥ ੧੦ ॥**

ਛੱਛਾ ਆਖਦਾ ਹੈ ਪ੍ਰਮੇਸਰ ਪਾਸ ਬੇਨਤੀ ਕਰ ਹੇ ਮਾਲਕਾ ਸਾਰਿਆਂ ਜੀਆਂ ਦੇ ਰਿਦਿਆਂ ਵਿੱਚ ਛਾਇਆ=ਛਾਂ ਭਾਵ ਅਵਿੱਦਯਾ ਵਰਤੀ ਹੋਈ ਹੈ ਅਤੇ ਤੇਰਾ ਕੀਤਾ ਹੋਇਆ ਇਹਨਾਂ ਜੀਆਂ ਨੂੰ ਭਰਮ ਜ ਪਦਾ ਹੈ ਤੂੰ ਭਰਮ ਨੂੰ ਪੈਦਾ ਕਰਕੇ ਆਪ ਹੀ ਅਪਣੇ ਤੋਂ ਦੁਨੀਆਂ ਭੁਲਾ ਦਿੱਤੀ ਹੈ ਜਿਨਾਂ ਉਤੇ ਤੇਰੀ ਕਰਮੁ=ਕ੍ਰਿਪਾ ਦ੍ਰਿਸ਼ਟੀ ਦਾ ਹੱਥ ਹੋਇਆਹੈ ਓਨਾਂ ਨੂੰ ਗੁਰੂ ਮਿਲਿਆਹੇ ਭਾਵ ਸਾਨੂੰ ਗੁਰੂ ਮਿਲਾਕੇ ਭਰਮ ਦੂਰ ਕਰੋ ।

**ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ ॥ ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥ ੧੧ ॥**

ਜੱਜਾ ਆਖਦਾ ਹੈ ਜਿਸ ਗਿਆਨ ਤੋਂ ਬਿਨਾ ਆਦਮੀ ਚੁਰਾਸੀ ਲੱਖ ਜੂਨੀਆਂ ਵਿੱਚ ਫਿਰਦਾ ਹੈ ਮੰਗਤਾ ਦਾਸ ਹੋਕੇ ਪ੍ਰਮੇਸਰ ਤੋਂ ਓਹ ਗਿਆਨ ਮੰਗੇ ਇਕ ਪ੍ਰਮੇਸਰ ਹੀ ਲੈਂਦਾ ਹੈ ਅਤੇ ਉਹੋ ਹੀ ਇਕ ਦੇਂਦਾ ਹੈ ਮੈਂ ਤਾਂ ਕੋਈ ਹੋਰ ਦੂਸਰਾ ਸੁਣਿਆਂ ਨਹੀਂ ਹੈ (ਇਸ ਸਲੋਕ ਦਾ ਸਨਮੁਖ ਬੇਨਤੀ ਵਿੱਚ ਵੀ ਅਰਥ ਲੱਗਦਾ ਹੈ) ।

**ਝਝੈ ਝੂਰਿ ਮਰਹੁ ਕਿਆਪ੍ਰਾਣੀ ਜੋ ਕਿਛੁਦੇਣਾ ਸੁ ਦੇ ਰਹਿਆ ॥ ਦੇਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥ ੧੨ ॥**

ਝੱਝਾ ਆਖਦਾ ਹੈ ਹੇ ਪ੍ਰਾਣੀਓ ਤੁਸੀ ਝੁਰ ੨ ਕੇ ਕਿਉਂ ਮਰਦੇ ਹੋ ਜੋ ਕੁਛ ਦੇਣਾ ਹੈ ਸੋ ਓਹ ਪ੍ਰਮੇਸਰ ਦੇ ਰਿਹਾ ਹੈ ਭੇਖ ਖਜ਼ਾਨੇ ਵਿੱਚ ਜਿਸ ਜਿਸ ਤਰਾਂ ਜੀਆਂ ਦੇ ਰਿਜਕ ਦਾ ਲੇਖਾ ਪਇਆ ਹੈ ਉਸ ਉਸ ਤਰਾਂ ਦੇਕੇ ਵੇਖਦਾ ਹੈ ਅਤੇ ਹੁਕਮ ਵਿੱਚ ਚਲਾਂਦਾ ਹੈ ।

**ਙੰਙੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥ ਏਕੋ ਰਵਿ ਰਹਿਆਸਭ ਥਾਈਏਕੁ ਵਸਿਆ ਮਨ ਮਾਹੀ॥੧੩॥**

ਙੰਙਾ ਆਖਦਾ ਹੈ ਜੇ ਗਿਆਨ ਦ੍ਰਿਸ਼ਟੀ ਨਾਲ ਲੰਮੀ ਨਜ਼ਰ ਕਰਕੇ ਵਖਿਆ ਜਾਵੇ ਤੇ ਤਾਂ ਦੂਸਰਾ ਕੋਈ ਨਜ਼ਰ ਨਹੀਂ ਆਉਂਦਾ ਹੈ ਇਕ ਹੀ ਬਾਹਰ ਸਾਰਿਆਂ ਥਾਵਾਂ ਵਿੱਚ ਫੈਲਿਆ ਹੋਇਆਹੈ ਅਤੇ ਓਹੋ ਇਕ ਸਾਰਿਆਂ

Digitized by Panjab Digital Library | www.panjabdigilib.org

ਦੇ ਮਨ ਵਿੱਚ ਵੱਸਿਆ ਹੋਇਆ ਹੈ ।

**ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ॥ ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ ॥ ੧੪ ॥**

ਟੈਂਕਾ ਆਖਦਾ ਹੈ ਹੇ ਪ੍ਰਾਣੀਓ! ਤੁਸੀ ਕਿਸ ਲਈ ਟੰਚ=ਟਿਚਕਰੀਆਂ ਭਾਵ ਹੁੱਜਤਾਂ, ਤਰਤਾਂ ਟੰਟੇ ਧੰਧੇ ਕਰਦੇ ਹੋ ਘੜੀ ਅੱਧੀ ਘੜੀ ਨੂੰ ਚਲਿਆ ਜਾਣਾ ਹੈ ਭਾਵ ਜੀਵਣਾ ਥੋੜਾ ਹੈ ਇਸ ਸੰਸਾਰ ਰੂਪ ਜੂਏ ਵਿੱਚ ਇਸ ਜਨਮ ਪਦਾਰਥ ਨੂੰ ਨ ਹਾਰੋ ਤੁਸੀ ਭੱਜਕੇ ਪ੍ਰਮੇਸਰ ਦੀ ਸ਼ਰਨ ਵਿਚ ਜਾ ਪਓ ।

**ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ ਕਾ ਚਿਤੁ ਲਾਗਾ॥ ਚਿਤੁ ਲਾਗਾ ਸੇਈ ਜਨ ਨਿਸ- ਤਰੇ ਤਉ ਪਰਸਾਦੀ ਸੁਖੁ ਪਾਇਆ ॥ ੧੫ ॥**

ਠੱਠਾ ਆਖਦਾ ਹੈ ਓਹਨਾਂ ਦੇ ਅੰਦਰ ਠੰਢ ਵਰਤੀ ਹੈ ਜਿਨਾਂ ਦਾ ਮਨ ਪ੍ਰਮੇਸਰ ਦੇ ਚਰਨਾਂ ਕਮਲਾਂ ਵਿੱਚ ਲੱਗਾ ਹੈ ਜਿਨ੍ਹਾਂ ਦਾ ਚਿਤ ਲਗਾ ਹੈ ਉਹੋ ਹੀ ਆਦਮੀ ਸੰਸਾਰ ਸਮੁੰਦ੍ਰ ਤੋਂ ਤਰ ਗਏ ਹਨ ਤੇ ਓਹਨਾਂ ਦੀ ਹੀ ਕਿਰਪਾਨਾਲ ਹੋਰਨਾਂ ਜੀਆਂ ਨੇ ਸੁਖ ਪਾਇਆ ਹੈ ਜਾਂ ਜਦੋਂ ਚਿਤ ਲੱਗਾ ਤਾਂ ਕਿਰਪਾ ਕਰਨ ਵਾਲੇ ਪ੍ਰਮੇਸਰ ਦਾ ਦਿਤਾ ਹੋਇਆ ਸੁਖ ਪਾਇਆ ।

**ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ ॥ ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥ ੧੬ ॥**

ਡੱਡਾ ਆਖਦਾ ਹੈ ਹੇ ਪ੍ਰਾਣੀਓਂ ਤੁਸੀ ਡੰਫ=ਦੰਭ ਪਖੰਡ ਭਾਵ ਲੰਮੀਆਂ੨ ਗੱਲਾਂ ਦਾ ਖਲਾਰ ਕੀ ਕਰਦੇ ਹੋ ਜੋ ਕੁਛ ਪੈਦਾ ਹੋਇਆ ਹੈ ਸਭ ਚੱਲਣਾ ਭਾਵ ਨਾਸ ਹੋ ਜਾਣਾ ਹੈ ਜਿਹੜਾ ਲਗਾਤਾਰ ਸਾਰਿਆਂ ਦੇ ਅੰਦਰ ਮਿਲਿਆ ਹੋਇਆ ਹੈ ਉਸ ਨੂੰ ਸੇਵੋ ਤੇ ਤਾਂ ਸੁਖ ਪਾਓਗੇ !

**ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥ ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾਕਉ ਨਦਰਿ ਕਰੇ ॥ ੧੭ ॥**

ਢੱਢਾ ਆਖਦਾ ਹੈ ਢਾਹੁਣ ਵਾਲਾ ਤੇ ਉਸਾਰਨ ਵਾਲਾ ਭਾਵ ਪੈਦਾ

Digitized by Panjab Digital Library | www.panjabdigilib.org

ਕਰਨ ਵਾਲਾ ਤੇ ਮਾਰਨ ਵਾਲਾ ਆਪੇ ਹੀ ਹੈ ਆਪੇ ਹੀ ਸਾਰਿਆਂ ਕੰਮਾਂ ਦਾ ਕਰਤਾ ਹੈ ਜਿਸ ਤਰਾਂ ਉਸਨੂੰ ਚੰਗਾ ਲੱਗਦਾ ਹੈ ਉਸੇ ਤਰਾਂ ਕਰਦਾ ਹੈ ਸੰਸਾਰ ਨੂੰ ਬਣਾ ਬਣਾਕੇ ਵੇਖਦਾ ਹੈ ਤੇ ਜੀਆਂ ਨੂੰ ਅਪਣੇ ਹੁਕਮ ਵਿੱਚ ਚਲਾਂਦਾ ਹੈ ਜਿਸ ਉਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਸ ਨੂੰ ਤਾਰ ਦੇਂਦਾ ਹੈ।

**ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ ॥ ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ ॥ ੧੮ ॥**

ਣਾਣਾ ਆਖਦਾ ਹੈ ਜੇਹੜਾ ਰਿਦਿਆਂ ਦੇ ਅੰਦਰ ਚੇਤਨ ਕਰਤਾ ਹੈ ਓਹੋ ਹੀ ਬਾਹਰ ਬਾਣੀ ਕਰਕੇ ਹਰੀ ਦੇ ਗੁਣਾਂ ਨੂੰ ਗਾਉਣ ਵਾਲਾ ਕਰਤਾ ਹੈ ਉਸ ਨੂੰ ਕਰਤਾ ਪੁਰਖ ਆਪ ਹੀ ਅਪਣੇ ਵਿੱਚ ਮਿਲਾ ਲੈਂਦਾ ਹੈ ਫਿਰ ਠੀਕ ਸਮਝੋ ਉਸ ਨੂੰ ਜਨਮ ਮਰਨ ਨਹੀਂ ਹੁੰਦਾ ਹੈ।

**ਤਤੈ ਤਾਰੂ ਭਵਜਲੁ ਹੋਆ ਤਾਕਾ ਅੰਤੁ ਨ ਪਾਇਆ॥ ਨਾ ਤਰਨਾ ਤੁਲਹਾ ਹਮ ਬੂਡਸਿ ਤਾਰ ਲੇਹਿ ਤਾਰਣ ਰਾਇਆ॥ ੧੯ ॥**

ਤੱਤਾ ਆਖਦਾ ਹੈ ਇਹ ਸੰਸਾਰ ਸਮੁੰਦਰ ਅਥਾਹ ਰੂਪ ਬਣਿਆਂ ਹੋਇਆ ਹੈ ਗਿਆਨ ਤੋਂ ਬਿਨਾ ਇਸਦਾ ਅੰਤ ਕਿਸੇ ਨੇ ਨਹੀਂ ਪਾਇਆ ਹੈ ਇਸ ਲਈ ਇੱਕੁਰ ਬੇਨਤੀ ਕਰੋ ਕਿ ਹੇ ਮਾਲਕਾ ਨ ਤਾਂ ਮੈਂ ਬਾਹਾਂ ਦੇ ਜੋਰ ਨਾਲ ਹੀ ਤਰਨ ਜਾਣਦਾ ਹਾਂ ਭਾਵ ਮੇਰੇ ਕਰਮ ਚੰਗੇ ਨਹੀਂ ਹਨ ਅਤੇ ਨਾ ਮੇਰੇ ਪਾਸ ਗਿਆਨ ਰੂਪ ਜਹਾਜ ਹੀ ਹੈ ਨ ਪ੍ਰੇਮ ਰੂਪ ਕੱਖਾਂ ਦਾ ਤੂਲਾ ਜਾਂ ਫਲਾ ਹੈ ਹੇ ਤਾਰਨ ਵਾਲਿਆ ਰਾਜਿਆ! ਸਾਨੂੰ ਤਾਂ ਕਿਰਪਾ ਕਰਕੇ ਹੀ ਤਾਰ ਲੈ ਮੈਂ ਡੁਬਦਾ ਜਾਂਦਾ ਹਾਂ।

**ਥਥੈ ਥਾਨਿ ਥਾਨੰਤਰਿ ਸੋਈ ਜਾਕਾ ਕੀਆ ਸਭੁ ਹੋਆ ॥ ਕਿਆ ਭਰਮੁ ਕਿਆ ਮਾਇਆ ਕਹੀਐ ਜੋਤਿਸੁ ਭਾਵੈ ਸੋਈ ਭਲਾ ॥ ੨੦ ॥**

ਥੱਥਾ ਆਖਦਾ ਹੈ ਜਿਸ ਦਾ ਕੀਤਾ ਹੋਇਆ ਸਾਰਾ ਸੰਸਾਰ ਬਣਿਆਂ ਹੋਇਆ ਹੈ ਓਹ ਪ੍ਰਮੇਸਰ ਸਾਰਿਆਂ ਥਾਵਾਂ ਤੇ ਥਾਵਾਂ ਵਾਲਿਆਂ ਦੇ ਵਿੱਚ ਹੈ ਜੇਹੜਾ ਪ੍ਰਮੇਸਰ ਨੂੰ ਚੰਗਾ ਲੱਗਦਾ ਹੈ ਓਹੋ ਹੀ ਭਲਾ ਚੰਗਾ ਮੰਨ ਕੇ ਜੇਹੜਾ ਪ੍ਰਸੰਨ ਰਹਿੰਦਾ ਹੈ ਤਾਂ ਫਿਰ ਉਸ ਨੂੰ ਭਰਮ ਕੀ ਤੇ ਮਾਇਆ ਕੀ ਕਰ ਸੱਕਦੀ ਹੈ ਭਾਵ ਕੁਛ ਨਹੀਂ ਕਰ ਸੱਕਦੀ ਹੈ ਇਹ ਅਸੀਂ ਸਿੱਧਾ ਆਖਿਆ ਹੈ।

Digitized by Panjab Digital Library | www.panjabdigilib.org

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ ੨੧ ॥**

ਦੱਦਾ ਆਖਦਾ ਹੈ ਮੈਂ ਕਿਸੇ ਨੂੰ ਦੋਖ ਨਹੀਂ ਦੇਣਾ ਸਾਰਾ ਦੋਸ਼ ਅਪਣੇ ਕਰਮਾਂ ਨੂੰ ਹੈ ਜੋ ਮੈਂ ਕੀਤਾ ਹੈ ਓਹ ਮੈਂ ਪਾਲਿਆ ਹੈ ਇੱਕੁਰ ਜਾਣ ਕੇ ਹੋਰਨਾਂ ਆਦਮੀਆਂ ਨੂੰ ਦੋਸ਼ ਨ ਦਿਓ।

**ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ ॥ ਤਿਸਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥ ੨੨ ॥**

ਧੱਧਾ ਆਖਦਾ ਹੈ ਜਿਸ ਪ੍ਰਮੇਸਰ ਨੇ ਅਪਣੀ ਸ਼ਕਤੀ ਸਾਰਿਆਂ ਵਿੱਚ ਧਾਰਨ ਕਰ ਛੱਡੀ ਹੈ ਫਿਰ ਹਰ ਇਕ ਚੀਜਾਂ ਵਿੱਚ ਜਿਸਨੇ ਰੰਗ=ਅਨੰਦ ਕੀਤਾ ਹੈ ਜਾਂ ਹਰ ਰੰਗਾਂ ਦੀਆਂ ਵਸਤੂਆਂ ਜਿਸ ਨੇ ਪੈਦਾ ਕੀਤੀਆਂ ਹਨ ਫੇਰ ਅਪਣੀ ਸ਼ਕਤੀ ਧਾਰਨ ਕਰ ਛੱਡੀ ਹੈ ਉਸ ਦਾ ਦਿਤਾ ਸਾਰਿਆਂ ਨੇ ਲਿਆ ਹੈ ਅਪਣਿਆਂ ਅਪਣਿਆਂ ਕਰਮਾਂ ਦੇ ਅਨੁਸਾਰ ਉਸ ਦਾ ਹੁਕਮ ਪਿਆ ਹੈ।

**ਙੰਙੈ ਙਾਹ ਭੋਗਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ॥ ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥ ੨੩ ॥**

ਙੰਙਾ ਆਖਦਾ ਹੈ ਙਾਹ=ਪਤੀ ਪ੍ਰਮੇਸਰ ਦੇ ਦਿਤੇ ਹੋਇ ਭੋਗ=ਪਦਾਰਥ ਰੋਜ ਹੀ ਜੀਵ ਭੋਗਦਾ ਹੈ ਜਾਂ ਸਾਰੀਆਂ ਇੰਦ੍ਰੀਆਂ ਦੇ ਰਸਤੇ ਮਾਲਕ ਹੀ ਰੋਜ ਭੋਗ ਭੋਗਦਾ ਭਾਵ ਸਾਰਿਆਂ ਨੂੰ ਅਨੰਦ ਦੇਂਦਾ ਹੈ,ਜੀਵਾਂ ਮੂਰਖਾਂ ਨੇ ਨਾ ਉਸ ਨੂੰ ਵੇਖਿਆ ਨ ਸੰਭਾਲਿਆ ਭਾਵ ਯਾਦ ਕੀਤਾ, ਗੱਲਾਂ ਵਿੱਚ ਤਾਂ ਹੰਗਤਾ ਮਮਤਾ ਵਾਲੀਆਂ ਜੀਵ ਇਸਤ੍ਰੀਆਂ ਵੀ ਸੁਹਾਗਣੀਆਂ ਬਣੀਆਂ ਹੋਈਆਂ ਹਨ ਪਰ ਮਮਤਾ ਕਰਕੇ ਪਤੀ ਪਿਆਰਾ ਕਦੀ ਨਹੀਂ ਮਿਲਿਆ ਹੈ, ਭਾਵ ਠੱਗਾਂ ਵਾਲੀ ਭਗਤੀ ਹੈ ਸੱਚੀ ਨਹੀਂ ਹੈ ਭਾਵ ਪਤੀ ਤਾਂ ਕਦੀ ਮਿਲਿਆ ਨਹੀਂ ਤੇ ਮੈਂ ਸੁਹਾਗਣੀ ਹਾਂ।

**ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥ ਦੇਖੈ ਬੂਝੈ ਸਭ ਕਿਛੁ ਜਾਣੈ ਅੰਤਰਿ ਬਾਹਰਿ**

Digitized by Panjab Digital Library | www.panjabdigilib.org

**ਰਵਿ ਰਹਿਆ ॥ ੨੪ ॥**

ਪੱਪਾ ਆਖਦਾ ਹੈ ਪ੍ਰਮੇਸਰ ਪਾਤਸ਼ਾਹ ਹੈ ਜਿਸ ਨੇ ਇਹ ਸਾਰਾ ਸੰਸਾਰ ਅਪਣੇ ਵੇਖਣ ਨੂੰ ਬਣਾਇਆ ਹੈ ਜੇਹੜਾ ਇਸ ਸੰਸਾਰ ਦੇ ਜੀਆਂ ਦੇ ਕਰਮਾਂ ਨੂੰ ਵੇਖਦਾ ਹੈ ਅਤੇ ਸਮਝਦਾ ਸੁਣਦਾ ਹੈ ਅਤੇ ਜੋ ਜੋ ਕੁਛ ਰਿਦੇ ਦੀਆਂ ਇੱਛਿਆਂ ਹਨ ਓਨਾਂ ਸਾਰਿਆਂ ਨੂੰ ਜਾਣਦਾ ਹੈ ਭਾਵ ਓਹੋ ਹੀ ਸਾਰੇ ਅੰਦਰ ਬਾਹਰ ਮਿਲਿਆ ਹੋਇਆ ਹੈ ਇਸ ਲਈ ਜਾਣਦਾ ਹੈ।

**ਫਫੈ ਫਾਹੀ ਸਭੁ ਜਗੁ ਫਾਸਾ ਜਮਕੈ ਸੰਗਿਲਿ ਬੰਧਿ ਲਇਆ ॥ ਗੁਰ ਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥ ੨੫ ॥**

ਫੱਫਾ ਆਖਦਾ ਹੈ ਮੋਹ ਰੂਪ ਫਾਹੀ ਵਿੱਚ ਸਾਰਾ ਸੰਸਾਰ ਫਸਿਆ ਹੋਇਆ ਹੈ ਅੰਤ ਨੂੰ ਜਮਾਂ ਨੇ ਸੰਗਲਾਂ ਦੇ ਨਾਲ ਬੰਨ੍ਹ ਲਿਆ ਹੈ ਗੁਰਾਂ ਦੀ ਕਿਰਪਾ ਨਾਲ ਓਹ ਆਦਮੀ ਇਸ ਫਾਹੀ ਤੋਂ ਬਚ ਗਏ ਹਨ ਜਿਨਾਂ ਦਾ ਅਕੱਠ ਰਲਕੇ ਪ੍ਰਮੇਸਰ ਦੀ ਸ਼ਰਨ ਵਿੱਚ ਭੱਜਕੇ ਜਾ ਪਿਆ ਹੈ।

**ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥ ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥ ੨੬ ॥**

ਬੱਬਾ ਆਖਦਾ ਹੈ ਜਦੋਂ ਪ੍ਰਮੇਸਰ ਬਾਜੀ ਖੇਡਣ ਲੱਗਾਂ ਭਾਵ ਮਾਇਆ ਨਾਲ ਮਿਲਕੇ ਸੰਸਾਰ ਨੂੰ ਬਣਾਉਣ ਲਗਾ ਤਾਂ ਚਾਰੇ ਜੁੱਗ ਚੌਪੜ ਖੇਡਣ ਵਾਲੇ ਥਾਂ ਬਣਾਏ ਅਤੇ ਸਾਰੇ ਛੋਟੇ ਵੱਡੇ ਜੀਵ ਨਰਦਾਂ ਬਣਾਈਆਂ ਤੇ ਆਪ ਪ੍ਰਮੇਸਰ ਤਿੰਨਾਂ ਗੁਣਾਂ ਦਾ ਪਾਸਾ ਢਾਲਣ ਲੱਗਾ ਭਾਵ ਰਜੋ ਤਮੋ ਸਤੋ ਨਾਲ ਜੀਆਂ ਨੂੰ ਉੱਤਮ ਮੱਧਮ ਨੀਵੀਂ ਗਤੀ ਨੂੰ ਘੱਲਣ ਲੱਗਾ।

**ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ ਕਉ ਭਉ ਪਇਆ ॥ ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ ॥ ੨੭ ॥**

ਭੱਭਾ ਆਖਦਾ ਹੈ ਇੱਕੁਰ ਦੇ ਵਾਹਿਗੁਰੂ ਨੂੰ ਓਹ ਲੱਭਦੇ ਹਨ ਗੁਰਾਂ ਦੀ ਕਿਰਪਾ ਨਾਲ ਜਿਨਾਂ ਦੇ ਰਿਦੇ ਵਿੱਚ ਡਰ ਪੈਦਾ ਹੋਇਆ ਹੈ ਓਹੋ ਮੁਕਤੀ ਰੂਪ ਫਲ ਪਾਂਦੇ ਹਨ ਤੇ ਜੇਹੜੇ ਮੂਰਖ ਮਨਮੁਖ ਹੋਇ ਫਿਰਦੇ ਹਨ ਤੇ ਪ੍ਰਮੇਸਰ ਨੂੰ ਯਾਦ ਨਹੀਂ ਕਰਦੇ ਹਨ ਓਨਾਂ ਨੂੰ ਚੁਰਾਸੀ ਲੱਖ ਜੂਨੀਆਂ ਦਾ ਫੇਰ ਪਿਆ

Digitized by Panjab Digital Library | www.panjabdigilib.org

ਹੈ ਭਾਵ ਮੁੜ ੨ ਜੰਮਦੇ ਮਰਦੇ ਹਨ ।

**ਮੰਮੈ ਮੋਹੁ ਮਰਣੁ ਮਧੁ ਸੂਦਨੁ ਮਰਣੁ ਭਇਆ ਤਬ ਚੇਤਵਿਆ ॥ ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥ ੨੮ ॥**

ਮੰਮਾ ਆਖਦਾਹੈ ਸਾਰਿਆਂ ਜੀਆਂ ਦਾ ਮੋਹ ਕਰਕੇ ਮਧੁਸੂਦਨ=ਹੰਕਾਰ ਦੈਂਤ ਨੂੰ ਨਾਸ ਕਰਨ ਵਾਲੇ ਪ੍ਰਮੇਸਰ ਵੱਲੋਂ ਮਰਣਾ ਹੋਇਆ ਹੈ ਭਾਵ ਭੁਲ ਗਏ ਹਨ, ਪਿਛਲੀ ਉਮਰ ਵਿਚ ਕਿਥੋ ਚੇਤੇ ਕੀਤਾ ਜਾਣਾ ਹੈ ਜਦੋਂ ਮਰਣਾ ਨੇੜੇ ਆਗਿਆ ਤਾਂ ਕਿਸੇਨੇ ਪ੍ਰਮੇਸਰ ਨੂੰ ਯਾਦ ਕੀਤਾਹੈ?ਭਾਵ ਕਿਸੇ ਨਹੀਂ । ਸਰੀਰ ਵਿੱਚ ਰਹਿਕੇ ਹੋਰ ਹੀ,ਭਾਵ ਵਿਸ਼ਿਆਂ ਵਾਲੀਆਂ ਗੱਲਾਂ ਹੀ ਪੜ੍ਹਦਾ ਪਿਆ ਹੈ ਤੇ ਜੀਆਂ ਨੂੰ ਮੰਮਾ ਅੱਖਰ ਭਾਵ ਮਰਨਾ ਜਾਂ ਮਧੁ ਸੂਦਨ ਭੁੱਲ ਗਿਆ ਹੈ ।

**ਯਯੈ ਜਨਮੁ ਨ ਹੋਵੀ ਕਦਹੀ ਜੇਕਰਿ ਸਚੁ ਪਛਾਣੈ॥ ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ ॥ ੨੯ ॥**

ਯੱਯਾ ਆਖਦਾ ਹੈ ਜੇਕਰ ਇਹ ਆਦਮੀ ਪ੍ਰਮੇਸਰ ਨੂੰ ਸੱਚਾ ਸਮਝੇ ਤਾਂ ਫਿਰ ਕਦੀ ਇਸ ਨੂੰ ਜਨਮ ਨ ਹੋਵੇ ਸੋ ਗੁਰੂ ਦੇ ਆਖੇ ਹੋਇ ਮੂੰਹ ਤੋਂ ਉਪਦੇਸ਼ ਨੂੰ ਗੁਰਮੁਖ ਹੋਕੇ ਸਮਝੇ ਤਾਂ ਮੁਖੀ ਪੂਜਨ ਯੋਗ ਇਕ ਪ੍ਰਮਾਤਮਾਂ ਨੂੰ ਜਾਣਦਾ ਹੈ।

**ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ॥ ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ੍ ਨਾਮੁ ਲਇਆ ॥ ੩੦ ॥**

ਰਾਰਾ ਆਖਦਾ ਹੈ ਜਿਤਨੇ ਆਦਮੀ ਪੈਦਾ ਕੀਤੇ ਹਨ ਸਾਰਿਆਂ ਦੇ ਅੰਦਰ ਆਪ ਮਿਲਿਆਂ ਹੋਇਆ ਹੈ ਪੈਦਾ ਕਰਕੇ ਅਪਣਿਆਂ ੨ ਧੰਧਿਆਂ ਵਿੱਚ ਲਗਾ ਦਿੱਤਾ ਹੈ ਜਿਨਾਂ ਦਾ ਪੁੰਨ ਕਰਮ ਪ੍ਰਗਟ ਹੋਇਆ ਹੈ ਓਨਾਂ ਨੇ ਨਾਮ ਲਿਆ ਭਾਵ ਜਪਿਆ ਹੈ ।

**ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ ॥ ਖਾਣਾ ਪੀਣਾ ਸਮਕਰਿ ਸਹਣਾ ਭਾਣੈ ਤਾਕੈ ਹੁਕਮੁ ਪਇਆ ॥ ੩੧ ॥**

Digitized by Panjab Digital Library | www.panjabdigilib.org

ਲੱਲਾ ਆਖਦਾ ਹੈ ਜਿਸ ਨੇ ਸਾਰੀ ਦੁਨੀਆਂ ਧੰਧਿਆਂ ਵਿੱਚ ਲਗਾ ਛੱਡੀ ਹੈ ਉਸੇ ਨੇ ਹੀ ਮਾਇਆ ਦਾ ਮੋਹ ਮਿੱਠਾ ਕਰ ਦਿੱਤਾ ਹੈ ਖਾਣਾ ਤੇ ਪੀਣਾ ਉਸ ਦੇ ਹੁਕਮ ਵਿੱਚ ਹੈ ਅਤੇ ਦੁਖ ਸੁਖ ਨੂੰ ਬਰਾਬਰ ਸਮਝਕੇ ਸਹਾਰਨਾ ਇਹ ਵੀ ਉਸ ਦੇ ਹੁਕਮ ਵਿੱਚ ਪਿਆ ਹੋਇਆ ਹੈ।

## ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ ॥ ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ ੩੨ ॥

ਵੱਵਾ ਆਖਦਾ ਹੈ ਜਿਸ ਵਾਸਦੇਉ=ਪ੍ਰਮੇਸਰ ਸਾਰਿਆਂ ਜੀਆਂ ਨੂੰ ਵਾਸਾ ਦੇਣ ਵਾਲੇ ਨੇ ਜੀਵ ਦੇ ਵੇਖਣ ਭਾਵ ਪਰਖਣ ਵਾਸਤੇ ਜਾਂ ਆਪ ਤਮਾਸ਼ਾ ਵੇਖਣ ਵਾਸਤੇ ਕਈ ਤਰਾਂ ਦਾ ਵੇਸ ਕੀਤਾ ਹੈ ਵੇਖਦਾ ਵੀ ਓਹੋ ਹੈ ਸਾਰਿਆਂ ਰਸਾਂ ਨੂੰ ਭੋਗਦਾ ਵੀ ਓਹੋ ਹੀ ਹੈ ਅਤੇ ਸਭ ਕੁਛ ਭਾਵ ਸਾਰਿਆਂ ਘਟਾਂ ਦੇ ਅੰਦਰ ਦੀ ਜਾਣਦਾ ਵੀ ਓਹੋ ਹੀ ਹੈ ਅੰਦਰ ਬਾਹਰ ਪੂਰਨ ਵੀ ਓਹੋ ਹੀ ਹੋਇਆ ਹੈ।

## ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ॥ ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣੁ ਕੀਆ ॥ ੩੩ ॥

ੜਾੜਾ ਆਖਦਾਹੈ ਹੇ ਪ੍ਰਾਣਾ ਵਾਲਿਓ ਜੀਵੋ! ਜਿਸ ਸਰੀਰ ਦਾ ਰਹਿਣਾ ਸਾਸ ਦੀ ਗਿਣਤੀ ਤਕ ਹੈ ਫਿਰ ਇਕੁਰ ਦੇ ੜਾੜ=ਝਗੜੇ ਲੜਾਈਆਂ ਕਿਉਂ ਕਰਦੇ ਹੋ ਉਸ ਨੂੰ ਯਾਦ ਕਰੋ ਜੇਹੜਾ ਅਮਰ ਹੋਇਆ ੨ ਹੈ ਭਾਵ ਜੋ ਮਰਦਾ ਨਹੀਂ ਹੈ ਓਸੇ ਨੂੰ ਯਾਦ ਕਰੋ ਓਸੇ ਸੱਚੇ ਵਿੱਚ ਮਿਲ ਜਾਓ ਅਸਾਂ ਉਸਦੇ ਉਤੋਂ ਦੀ ਸਰਬੰਸ ਵਾਰਨੇ ਕਰ ਦਿੱਤਾ ਹੈ। ਥੀਆ=ਹੋਯਾ।

## ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥ ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥੩੪॥

ਹਾਹਾ ਆਖਦਾ ਹੈ ਪ੍ਰਮੇਸਰ ਤੋਂ ਬਿਨਾ ਹੋਰ ਕੋਈ ਦਾਤਾ ਨਹੀਂ ਹੈ ਪ੍ਰਮੇਸਰ ਨੇ ਹੀ ਜੀਆਂ ਨੂੰ ਪੈਦਾ ਕਰਕੇ ਫੇਰ ਰਿਜ਼ਕ ਦਿੱਤਾ ਹੈ ਇਸ ਲਈ ਉਸੇ ਹਰੀ ਦਾ ਨਾਮ ਧਿਆਓ ਤੇ ਉਸੇ ਨਾਮੀ ਵਿੱਚ ਮਿਲਜਾਓ ਰਾਤ ਦਿਨ ਹਰੀ ਦੇ ਨਾਮ ਦਾ ਹੀ ਲਾਭ ਲਿਆ ਕਰੋ।

Digitized by Panjab Digital Library | www.panjabdigilib.org

**ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥ ੩੫ ॥ ੧ ॥**

ਐੜਾ ਆਖਦਾ ਹੈ ਜਿਸ ਪ੍ਰਮੇਸਰ ਨੇ ਇਹ ਦੁਨੀਆਂ ਆਪ ਬਣਾ ਛੱਡੀ ਹੈ ਉਸ ਨੇ ਜੋ ਕੁਛ ਕਰਣਾ ਹੈ ਸੋ ਓਹ ਖੁਦ ਹੀ ਕਰਦਾ ਜਾਂਦਾ ਹੈ ਜੀਆਂ ਦੇ ਕੀਤੇ ਕਰਾਇ ਹੋਏ ਕਰਮ ਅਤੇ ਜੋ ਓਨਾਂ ਦਾ ਫਲ ਹੈ ਸੋ ਸਾਰਾ ਜਾਣਦਾ ਹੈ ਗੁਰੂ ਜੀ=ਵੱਡਿਆਂ ੨ ਬਜਾਸ ਬਾਲਮੀਕ ਆਦਕ ਕਵੀਆਂ ਨੇ ਵੀ ਇੱਕੁਰ ਹੀ ਆਖਿਆ ਹੈ ਭਾਵ ਜੋ ਕੁਛ ਅਸਾਂ ਆਖਿਆ ਹੈ ਸੋ ਸਾਰਿਆਂ ਆਖਿਆ ਹੈ "ਸੌ ਸਿਆਣਿਆਂ ਇਕ ਮੱਤ" ਹੈ ।

## ਰਾਗੁ ਆਸਾ ਮਹਲਾ ੩ ਪਟੀ

## ੴ ਸਤਿਗੁਰਪ੍ਰਸਾਦਿ ॥

{ਇਕ ਮੂਰਖ ਪੰਡਤ ਜੋ ਬਾਲਕਾਂ ਨੂੰ ਘੂਰਦਾ ਸੀ ਉਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਸਮਝਾਂਦੇ ਹਨ:-}

**ਅਯੋ ਅੰਙੈ ਸਭੁ ਜਗੁ ਆਇਆ ਕਾਖੈ ਘੰਙੈ ਕਾਲੁ ਭਇਆ॥ ਰੀ ਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥ ੧ ॥**

ਅੰਙੈ=ਸਰੀਰ ਜਾਂ ਸਰੀਰ ਦੇ ਸਾਰੇ ਅੰਗ । ਅਯੋ=ਆਇਆ ਘੰਙੈ=ਘਰ । ਕਾਖੈ=ਨਾਸ ਹੋਇਆ । ਰੀਰੀ=ਰੀ ਸਖੀ । ਲਲੀ=ਲੋਭ ਲਾਲਚ ਕਰਕੇ । ਜੇਹੜਾ ਪ੍ਰਮੇਸਰ ਸਾਰਿਆਂ ਸਰੀਰਾਂ ਵਿੱਚ ਮਿਲਿਆ ਹੋਇਆ ਹੈ ਉਸ ਤੋਂ ਹੀ ਸਾਰਾ ਜਗਤ ਪੈਦਾ ਹੋਇਆ ਹੈ ਜਿਸ ਆਦਮੀ ਨੇ ਘਰ ਵਿੱਚ ਮੋਹ ਕਰਕੇ ਅਪਣੇ ਆਪ ਦਾ ਨਾਸ ਕੀਤਾ ਹੈ ਉਸ ਨੂੰ ਉਸਦਾ ਫਲ ਹੋਇਆ ਹੈ ਭਾਵ ਜੰਮਦਾ ਮਰਦਾ ਹੈ ਹੇ ਸਖੀ ਇੰਦ੍ਰੀਆਂ ਨੂੰ ਪਾਲਣ ਵਾਸਤੇ ਜਿਸ ਨੇ ਲੋਭ ਕਰਕੇ ਜੇਹੜੇ ਪਾਪ ਕਮਾਏ ਹਨ ਸੋ ਉਸ ਨੂੰ ਔਗੁਣਾਂ ਦੇ ਪੜ੍ਹਨ ਕਰਕੇ ਗੁਣਾਂ ਦਾ ਅਕੱਠ ਭੁੱਲ ਗਿਆ ਹੈ ਜਾਂ ਔਗੁਣਾ ਵਾਸਤੇ ਪੜ੍ਹਦਾ ਹੈ ।

**ਮਨ ਐਸਾ ਲੇਖਾ ਤੂੰ ਕੀ ਪੜਿਆ ॥ ਲੇਖਾ ਦੇਣਾ ਤੇਰੈ ਸਿਰਿ ਰਹਿਆ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਮਨ ਭਾਵ ਪਾਂਧੇ ਤੂੰ ਇੱਕੁਰ ਦਾ ਲੇਖਾ ਕੀ ਪੜ੍ਹਿਆ ਹੈਂ ਭਾਵ ਕੁਛ ਪੜ੍ਹਿਆ ਹੈ ਜਿਸ ਪੜ੍ਹਨੇ ਕਰਕੇ ਵੀ ਜਮ ਆਦਕਾਂ ਦਾ ਲੇਖਾ ਦੇਣਾ ਤੇਰੇ ਸਿਰ ਉੱਤੇ ਹੀ ਰਿਹਾ ਹੈ।

{ਓਹ ਲੇਖਾ ਕੇਹੜਾ ਹੈ ਜਿਸ ਨਾਲ ਜਮਾਂ ਦਾ ਲੇਖਾ ਛੁਟ ਜਾਵੇ ਤਾਂ ਗੁਰੂ ਜੀ ਆਖਿਆ।}

**ਸਿਧੰ ਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ ॥ ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ ॥ ੨ ॥**

ਸਿਧੰ=ਪ੍ਰਸਿੱਧ ਭਾਵ ਪ੍ਰਗਟ ਹੀ ਜਹੜਾ ਸਾਰਿਆਂ ਙਾਇਐ=ਸਰੀਰਾਂ ਵਿੱਚ ਆਇਆ ਹੋਇਆ ਹੈ ਉਸ ਨੂੰ ਤੂੰ ਰਿਦੇ ਕਰਕੇ ਯਾਦ ਨਹੀਂ ਕਰਦਾ ਹੈਂ ਨੰਨਾ ਆਖਦਾ ਹੈ ਨ ਤੂੰ ਬਾਣੀ ਕਰਕੇ ਹੀ ਪ੍ਰਮੇਸਰ ਦਾ ਨਾਮ ਲਿਆ ਹੈ ਜਾਂ ਅਯੋ, ਅੰਙੈ ਤੋਂ ਲੈਕੇ ਖੱਖਾ, ਰਾਰਾ, ਇਹਨਾਂ ਅੱਖਰਾਂ ਤੋਂ ਵੀ ਉਪਦੇਸ਼ ਜਾਣ ਲੈਣਾ, ਛੱਛਾ ਆਖਦਾ ਹੈ ਹੇ ਮੂਰਖ ਆਦਮੀ ਰਾਤ ਦਿਨ ਤੇਰੀ ਉਮਰ ਨਾਸ ਹੁੰਦੀ ਜਾਂਦੀ ਹੈਤੂੰ ਜਮ ਦਾਫੜਿਆ ਹੋਇਆਕਿਸਤਰਾਂ ਛੁਟੇਂਗਾ?

**ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥ ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥ ੩ ॥**

ਬੱਬਾ ਆਖਦਾ ਹੈ ਹੇ ਮੂਰਖ ਸਮਝਦਾ ਨਹੀਂ ਹੈਂ ਤੇਰਾ ਭਰਮ ਵਿੱਚ ਭੁੱਲਿਆਂ ਹੋਇਆਂ ਦਾ ਜਨਮ ਬਤੀਤ ਹੋ ਗਿਆ ਹੈ ਨ ਹੁੰਦਿਆਂ ਹੀ ਤੂੰ ਅਪਣਾ ਨਾਮ ਪਾਂਧਾ ਰਖਾ ਲਿਆ ਹੈ ਭਾਵ ਤੂੰ ਸੱਚ ਝੂਠ ਦੇ ਵਿਚਾਰ ਤੋਂ ਬਿਨਾਂ ਹੈਂ ਦੂਸਰਿਆਂ ਦੇ ਪਾਪਾਂ ਦਾ ਭਾਰ ਤੂੰ ਸਿਰ ਉੱਤੇ ਚੁੱਕ ਲਿਆ ਹੈ ਭਾਵ ਤੂੰ ਬਹੁਤਾ ਪਾਪ ਕਰਦਾ ਹੈਂ।

**ਜਜੈ ਜੋਤਿਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥ ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥ ੪ ॥**

ਜੱਜਾ ਆਖਦਾ ਹੈ ਹੇ ਮੂਰਖ ਜੇਹੜੀ ਤੇਰੀ ਆਤਮ ਗਿਆਤ ਜੋਤ ਸੀ ਓਹ ਸਾਰੀ ਅਗਿਆਨ ਨੇ ਹਿਰ=ਚੁਰਾ ਲਈ ਹੈ ਇਸ ਲਈ ਅੰਤ ਨੂੰ ਪ੍ਰਲੋਕ ਵਿੱਚ ਗਿਆ ਹੋਇਆ ਤੂੰ ਪੱਛਾਤਾਪ ਕਰੇਂਗਾ, ਇੱਕ ਪ੍ਰਮੇਸਰ ਤੂੰ ਜਾਣਦਾ

Digitized by Panjab Digital Library | www.panjabdigilib.org

ਨਹੀਂ ਹੈਂ ਇਸ ਲਈ ਮੁੜ ਮੁੜ ਜੂਨੀਆਂ ਵਿੱਚ ਆਵੇਂਗਾ।

**ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥ ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ॥ ੫॥**

ਜੇਹੜਾ ਵਿਸ਼ਿਆਂ ਦੇ ਹਿਸਾਬ ਵਿੱਚ ਲੱਗਿਆਂ ਹੋਇਆਂ ਲੇਖ ਤੇਰੇ ਸਿਰ ਉੱਤੇ ਲਿਖਿਆ ਹੋਇਆ ਹੈ ਓਹ ਤੂੰ ਆਪ ਹੀ ਪੜ੍ਹ ਅਤੇ ਹੋਰ ਦੂਸਰਿਆਂ ਨੂੰ ਵਿਸ਼ਿਆਂ ਦੇ ਹਿਸਾਬ ਨ ਸਿਖਾਓ ਹੇ ਪਾਂਧੇ ਪਹਿਲੇ ਵਿਸ਼ਿਆਂ ਵਿੱਚ ਲੱਗਿਆਂ ਹੋਇਆਂ ਫਾਹਾ ਤੇਰੇ ਗਲ ਵਿੱਚ ਪਿਆ ਹੋਇਆ ਹੈ ਫਿਰ ਤੂੰ ਓਹੋ ਫਾਹਾ ਮੁੰਡਿਆਂ ਪੜ੍ਹਨ ਵਾਲਿਆਂ ਦੇ ਗਲ ਵਿੱਚ ਦੇਂਦਾ ਭਾਵ ਪਾਂਦਾਹੈਂ।

**ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥ ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿਖਾਧੈ ਤੇਰਾ ਜਨਮੁ ਗਇਆ॥ ੬॥**

ਸੱਸਾ ਆਖਦਾ ਹੈ ਹੇ ਮੂਰਖ ਤੇਰਾ ਸਾਰਾ ਸੰਜਮ=ਮਨ ਆਦਕ ਨੂੰ ਰੋਕਣਾ ਭਲਾ ਕੰਮ ਜਾਂਦਾ ਰਿਹਾ ਹੈ, ਕਿਉਂਕਿ ਇਕ ਦਾਨ ਤੂੰ ਖੋਟੇ ਥਾਂ ਦਾ ਲੈ ਲਿਆ ਹੈ ਜੇਹੜੀ ਤੇਰੇ ਜਜਮਾਨ ਦੀ ਧੀ ਹੈ ਓਹੋ ਹੀ ਤੇਰੀ ਧੀ ਹੈ ਇਸ ਲਈ ਧੀ ਦਾਨ ਕਰਾ ਕੇ ਫਿਰ ਜੋ ਤੂੰ ਜਜਮਾਨ ਤੋਂ ਜਾਂ ਉਸਦੇ ਜਵਾਈ ਤੋ ਦਾਨ ਮੰਗ ਲੈਂਦਾ ਜਾਂ ਲਿਆ ਹੈ ਇਸ ਧਾਨ ਦੇ ਖਾਣ ਨਾਲ ਤੇਰਾ ਸਾਰਾ ਜਨਮ ਬਿਅਰਥ ਹੋ ਗਿਆ ਹੈ ਜਾਂ ਏਸੇ ਤਰਾਂ ਖੋਟਾ ਧਾਨ ਖਾਂਦਿਆਂ ਤੇਰਾ ਜਨਮ ਬੀਤ ਗਿਆ ਹੈ।

**ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾਰੋਗੁ ਪਇਆ॥ ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ॥ ੭॥**

ਮੰਮਾ ਆਖਦਾ ਹੈ ਹੇ ਮੂਰਖ ਤੇਰੀ ਅਕਲ ਹੰਕਾਰ ਨੇ ਚੁਰਾ ਲਈ ਭਾਵ ਨਾਸ ਕਰ ਦਿੱਤੀ ਹੈ ਇਹ ਹੰਕਾਰ ਹੀ ਤੈਨੂੰ ਵੱਡਾ ਰੋਗ ਨ ਹਟਣੇ ਵਾਲਾ ਲੱਗਾ ਹੋਇਆ ਹੈ ਮਨ ਦੇ ਅੰਦਰ ਅਪਣੇ ਆਤਮਾਂ ਨੂੰ ਪ੍ਰਮੇਸਰ ਰੂਪ ਨਹੀਂ ਜਾਣਿਆਂ ਭਾਵ ਮਨ ਵਿੱਚ ਜੀਆਂ ਨੂੰ ਰੱਬ ਰੂਪ ਸਮਝਣਾ ਸੀ ਅਤੇ ਤੂੰ ਮਾਇਆ ਦਾ ਬਣਾਇਆ ਹੋਇਆ ਭਾਵ ਲੋਭੀ ਹੋਇਆ ੨ ਲੋਕਾਂ ਅੱਗੇ ਮੁਥਾਜ ਹੁੰਦਾ ਫਿਰਦਾ ਹੈਂ ਭਾਵ ਮੰਗਤਿਆਂ ਵਾਂਗ ਮੰਗਦਾ ਫਿਰਦਾ ਹੈਂ।

Digitized by Panjab Digital Library | www.panjabdigilib.org

**ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵੀਸਰਿਆ॥ ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥ ੮ ॥**

ਕੱਕਾ ਆਖਦਾ ਹੈ ਹੇ ਮੂਰਖ ਤੂੰ ਕਾਮ ਕਰੋਧ ਕਰਕੇ ਭਰਮਿਆਂ ਹੋਇਆ ਤੇ ਮਮਤਾ ਵਿੱਚ ਲੱਗਾ ਹੋਇਆ ਹੈਂ ਤੈਨੂੰ ਪ੍ਰਮੇਸਰ ਭੁੱਲ ਗਿਆ ਹੈ, ਸ਼ਾਸਤ੍ਰਾਂ ਨੂੰ ਪੜ੍ਹਦਾ ਵੀ ਹੈਂ ਵਿਚਾਰਦਾ ਵੀ ਹੈਂ ਅਤੇ ਬਹੁਤ ਪੁਕਾਰਦਾ ਭਾਵ ਸੁਣਾਂਦਾ ਵੀ ਹੈਂ ਪਰ ਭਾਵਾਰਥ ਸਮਝਿਆਂ ਬਿਨਾ ਤੂੰ ਇਸ ਸੰਸਾਰ ਵਿੱਚ ਡੁੱਬ ਮਰਿਆ ਹੈਂ ।

**ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ ॥ ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ ॥ ੯ ॥**

ਤੱਤਾ ਆਖਦਾ ਹੈ ਹੇ ਮੂਰਖ ਤੂੰ ਗੁੱਸੇ ਵਾਲੇ ਗੁਣ ਕਰਕੇ ਸੜਿਆ ਹੋਇਆ ਹੈਂ ਥੱਥਾ ਆਖਦਾ ਹੈ ਤੂੰ ਅਪਣੇ ਥਾਂ ਭਾਵ ਵਾਹਿਗੁਰੂ ਵੱਲੋਂ ਭਰਿਸ਼ਟ ਹੋਗਿਆ ਭਾਵ ਡਿਗ ਪਿਆ ਹੈਂ ਘੱਘਾ ਆਖਦਾ ਹੈ ਹੇ ਮੂਰਖ ਤੂੰ ਘਰ ਘਰ ਘੁੰਮਦਾ ਫਿਰਦਾ ਹੈਂ ਦੱਦਾ ਆਖਦਾ ਹੈ ਤੂੰ ਗੁਰਾਂ ਤੋਂ ਨਾਮ ਦਾਨ ਨਹੀਂ ਲਿਆ ਹੈ ।

**ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ ॥ ਸਚੈ ਆਪਿ ਖੁਆਇਓਹੁ ਮੂੜੇ ਇਹ ਸਿਰਿ ਤੇਰੈ ਲੇਖੁ ਪਇਆ ॥ ੧੦ ॥**

ਪਲਚਿ=ਫਸਿਆ । ਪੱਪਾ ਆਖਦਾ ਹੈ ਹੇ ਮੂਰਖ ਤੂੰ ਜਿਸ ਸੰਸਾਰ ਵਿੱਚ ਫਸਿਆ ਹੋਇਆ ਹੈਂ ਇਸ ਪਰਪੰਚ=ਛਲ ਰੂਪ ਸੰਸਾਰ ਸਮੁੰਦਰ ਤੋਂ ਤੂੰ ਪਾਰ ਨਹੀਂ ਪਵੇਂਗਾ । ਹੇ ਮੂਰਖ ਸੱਚੇ ਪ੍ਰਮੇਸਰ ਨੇ ਤੈਨੂੰ ਆਪਣੇ ਵੱਲੋਂ ਭੁਲਾ ਛੱਡਿਆ ਹੈਂ ਸੋ ਤੇਰੇ ਸਿਰ ਉਤੇ ਏਹੋ ਹੀ ਲੇਖ ਪਿਆ ਹੋਇਆ ਹੈ ।

**ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥ ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥ ੧੧ ॥**

Digitized by Panjab Digital Library | www.panjabdigilib.org

ਭੱਭਾ ਆਖਦਾ ਹੈ ਹੇ ਮੂਰਖ ਤੂੰ ਸੰਸਾਰ ਸਮੁੰਦ੍ਰ ਵਿਚ ਡੁੱਬਦਾ ਜਾਂਦਾ ਹੈਂ ਕਿਉਂਕਿ ਮਾਇਆ ਵਿਚ ਗਲਤਾਨ ਹੁੰਦਾ ਜਾਂਦਾ ਹੈਂ। ਜੇ ਤੂੰ ਗੁਰਾਂ ਦੀ ਕਿਰਪਾ ਨਾਲ ਇੱਕ ਨੂੰ ਜਾਣੇ ਤਾਂ ਤੂੰ ਸੰਸਾਰ ਸਮੁੰਦਰ ਤੋਂ ਇਕ ਘੜੀ ਵਿਚ ਪਾਰ ਪਿਆ ਹੋਇਆ ਜਾਣ।

**ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ ॥ ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮਕੈ ਵਸਿ ਪਇਆ ॥ ੧੨ ॥**

ਵੱਵਾ ਆਖਦਾ ਹੈ ਹੇ ਮੂਰਖ ਇਹ ਮਨੁਖ ਜਨਮ ਤੇਰੇ ਤਰਨ ਦੀ ਵਾਰੀ ਆ ਗਈ ਸੀ ਪਰ ਇਸ ਵਿਚ ਵੀ ਵਾਸਦੇਉ ਤੈਨੂੰ ਭੁੱਲ ਗਿਆ ਹੈ ਹੇ ਮੂਰਖ ਜਦੋਂ ਤੂੰ ਜਮ ਦੇ ਵੱਸ ਪਿਆ ਹੋਵੇਂਗਾ ਫਿਰ ਇਹ ਮਨੁਖ ਜਨਮ ਦਾ ਵੇਲਾ ਨਹੀਂ ਪਾਵੇਂਗਾ।

**ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥ ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥ ੧੩ ॥**

ਝੱਝਾ ਆਖਦਾ ਹੈ ਹੇ ਮੂਰਖ ਤੂੰ ਫੇਰ ਕਦੀ ਨਹੀਂ ਝੂਰੇਂਗਾ ਸਤਿਗੁਰਾਂ ਦਾ ਉਪਦੇਸ਼ ਸੁਣਕੇ ਤਾਂ ਦੇਖ ਭਾਵ ਉਪਦੇਸ਼ ਦਾ ਅਨੰਦ ਆਵੇ ਤਾਂ ਸੁਣ ਜਾਂ ਵਿਖਾ=ਕਦਮ ਤੋਂ ਅਗਾਹਾਂ ਹੋਕੇ ਗੁਰਾਂ ਦਾ ਉਪਦੇਸ਼ ਸੁਣ ਜਾਂ ਵਿਖਾ= ਥੋੜ੍ਹਾ ਜੇਹਾ ਸੁਣ ॥ ਸਤਿਗੁਰਾਂ ਤੋਂ ਬਿਨਾਂ ਕੋਈ ਗੁਰ=ਵੱਡਾ ਨਹੀਂ ਹੋਇਆ ਹੈ ਅਤੇ ਜੇਹੜੇ ਨਿਗੁਰੇ ਹਨ ਓਨਾਂ ਦਾ ਤਾਂ ਨਾਮ ਹੀ ਬੁਰਾ ਹੈ ਭਾਵ ਗੁਰੂ ਬਿਨਾ ਹੋਰ ਗੁਰੂ ਕੋਈ ਨਹੀਂ ਹੈ,ਇਸ ਲਈ ਗੁਰੂ ਨੂੰ ਹੀ ਮੰਨੋ।

**ਧਧੈ ਧਾਵਤ ਵਰਜਿ ਰਖੁ ਮੂੜੇ ਅੰਤਰਿ ਤੇਰੈ ਨਿਧਾਨੁ ਪਇਆ ॥ ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ ਜੁਗਾ ਜੁਗੰਤਰਿ ਖਾਹਿ ਪਇਆ ॥ ੧੪ ॥**

ਧੱਧਾ ਆਖਦਾ ਹੈ ਹੇ ਮੂਰਖ ਤੂੰ ਦੌੜਕੇ ਮਨ ਨੂੰ ਰੋਕ ਰੱਖ ਸਾਰੀਆਂ ਨਿਧੀਆਂ ਦਾ ਘਰ ਭਾਵ ਪ੍ਰਮੇਸਰ ਤੇਰੇ ਅੰਦਰ ਹੀ ਪਿਆ ਹੋਇਆ ਹੈ ਭਾਵ ਬੈਠਾ ਹੈ, ਜਦੋਂ ਤੂੰ ਗੁਰਮੁਖ ਹੋਵੇਂ ਤੇ ਤਾਂ ਹਰੀ ਰਸ ਨੂੰ ਪੀਵੇਂਗਾ ਐਵੇਂ ਕਿਸਤਰਾਂ ਹਰਿਰਸ ਪਾਵੇਂ ਇਹ ਰਸ ਜੁੱਗਾਂ ਜੁੱਗਾਂ ਵਿਚ ਪਿਆ ਖਾਂਦਾ ਰਹੇਂਗਾ।

**ਗ਼ਗੈ ਗੋਬਿੰਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ**

Digitized by Panjab Digital Library | www.panjabdigilib.org

**ਪਾਇਆ॥ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ ॥ ੧੫ ॥**

ਗੱਗਾ ਆਖਦਾ ਹੈ ਹੇ ਮੂਰਖ ਜੇਹੜਾ ਗੋਬਿੰਦ ਨੂੰ ਪੌਣਾ ਹੈ ਇਹ ਚੰਗਾ ਹੈ ਤੂੰ ਚਿਤ ਵਿਚ ਯਾਦ ਕਰ ਬਿਨਾ ਯਾਦ ਕਰਨ ਤੋਂ ਗੱਲਾਂ ਨਾਲ ਕਿਸੇ ਨੇ ਨਹੀਂ ਪਾਇਆ ਹੈ ਹੇ ਮੂਰਖ ਗੁਰਾਂ ਦੇ ਚਰਨ ਆਪਣੇ ਰਿਦੇ ਵਿਚ ਵਸਾ ਤਾਂ ਪਿਛਲਿਆਂ ਔਗੁਣਾਂ ਤੋਂ ਬਖਸ਼ ਲਿਆ ਜਾਵੇਂਗਾ।

**ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ। ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ ॥ ੧੬ ॥**

ਹਾਹਾ ਆਖਦਾ ਹੈ ਹੇ ਮੂਰਖ ਤੂੰ ਪ੍ਰਮੇਸਰ ਦੀ ਕਥਾ ਨੂੰ ਸਮਝ ਜਦੋ ਸਮਝੇਂਗਾ ਤੇ ਤਾਂ ਤੈਨੂੰ ਸਦਾ ਸੁਖ ਹੋਵੇਗਾ ਅਪਣੀ ਮਨਮੁਖਤਾ ਕਰਕੇ ਜਿਤਨਾ ਤੂੰ ਪੜੇਂਗਾ ਉਤਨਾਂ ਦੁਖ ਹੀ ਲੱਗੇਗਾ ਸਤਿਗੁਰਾਂ ਬਿਨਾਂ ਮੁਕਤੀ ਨਹੀਂ ਹੋਵੇਗੀ।

**ਰਾਰੈ ਰਾਮੁ ਚਿਤਿ ਕਰਿ ਮੂੜੇ ਹਿਰਦੈ ਜਿਨ੍ ਕੈ ਰਵਿ ਰਹਿਆ ॥ ਗੁਰਪਰਸਾਦੀ ਜਿਨ੍ਹੀ ਰਾਮੁ ਪਛਾਤਾ ਨਿਰ- ਗੁਣ ਰਾਮੁ ਤਿਨ੍ਹੀ ਬੂਝਿ ਲਹਿਆ ॥ ੧੭ ॥**

ਰਾਰਾ ਆਖਦਾ ਹੈ ਜਿਨਾਂ ਦੇ ਰਿਦੇ ਵਿਚ ਪ੍ਰਮੇਸਰ ਮਿਲਿਆ ਹੋਇਆ ਹੈ ਭਾਵ ਪ੍ਰਗਟ ਹੈ ਹੇ ਮੂਰਖ ਉਨਾਂ ਨਾਲ ਮਿਲਕੇ ਰਾਮ ਨਾਮਨੂੰ ਚਿੱਤ ਵਿੱਚ ਯਾਦ ਕਰ ਇੱਕੁਰ ਗੁਰਾਂ ਦੀ ਕਿਰਪਾ ਨਾਲ ਜਿਨਾਂ ਨੇ ਸਰਗੁਣ ਪ੍ਰਮੇਸਰ ਨੂੰ ਪਛਾਣਿਆਂ ਹੈ ਓਨਾਂ ਨੇ ਨਿਰਗੁਣ ਰਾਮ ਨੂੰ ਵੀ ਸਮਝ ਲਿਆ ਹੈ।

**ਤੇਰਾ ਅੰਤੁ ਨ ਜਾਈ ਲਖਿਆ ਅਕਥੁ ਨ ਜਾਈ ਹਰਿ ਕਥਿਆ ॥ ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ ਕਾ ਲੇਖਾ ਨਿਬੜਿਆ ॥ ੧੮ ॥ ੧ ॥ ੨ ॥**

ਤੇਰਾ ਮਾਲਕ ਜੇਹੜਾ ਹਰੀ ਪ੍ਰਮੇਸਰ ਹੈ ਉਸ ਦਾ ਅੰਤ ਨਹੀਂ ਲਖਿਆ ਜਾਂਦਾ ਹੈ ਅਤੇ ਅਕੱਥ ਹੈ ਬਾਣੀ ਨਾਲ ਦਸਿਆ ਨਹੀਂ ਜਾਂਦਾ ਹੈ ਗੁਰੂ ਜੀ= ਜਿਨਾਂ ਨੂੰ ਸਤਿਗੁਰੂ ਮਿਲਿਆ ਹੈ ਓਨਾਂ ਦੇ ਮਾੜਿਆ ਚੰਗਿਆਂ ਕਰਮਾਂ ਦਾ ਲੇਖਾ ਨਿੱਬੜ ਗਿਆ ਹੈ ਭਾਵ ਜਨਮ ਮਰਨ ਤੋਂ ਰਹਿਤ ਹੋ ਗਏ ਹਨ।

Digitized by Panjab Digital Library | www.panjabdigilib.org

# ਰਾਗੁ ਆਸਾ ਮਹਲਾ ੧ ਛੰਤ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

{ ਛੰਤ=ਛੰਦਾਂ ਸ਼ਬਦਾਂ ਦੀ ਚਾਲ ਹੈ ਜਾਂ ਛੰਤ=ਜਸ ਦਾ ਨਾਮ ਵੀ ਹੈ ੩ ਪੌੜੀਆਂ ਵਿਚ ਹੋਰਨਾਂ ਨੂੰ ਉਪਦੇਸ਼ ਹੈ ੪ ਪੌੜੀਆਂ ਵਿਚ ਮਿਲਾਪ ਹੈ ਅਪਣੇ ਆਪਨੂੰਇਸਤ੍ਰੀ ਪ੍ਰਮੇਸ਼ਰ ਨੂੰ ਪਤੀ ਸਮਝਕੇ ਬੇਨਤੀ ਕੀਤੀਹੈ। }

**ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ ॥ ਧਨ ਪਿਰ ਨੇਹੁ ਘਣਾ ਰਸ ਪ੍ਰੀਤਿ ਦਇਆਲਾ ਰਾਮ ॥ ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ ॥ ਸੇਜਾ ਸੁਹਾਵੀ ਸੰਗਿ ਪਿਰਕੈ ਸਾਤ ਸਰ ਅੰਮ੍ਰਿਤ ਭਰੇ॥ ਕਰਿ ਦਇਆ ਮਇਆ ਦਇਆਲਸਾਚੇ ਸਬਦਿ ਮਿਲਿ ਗੁਣ ਗਾਵਓ ॥ ਨਾਨਕਾ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ ॥ ੧ ॥**

ਮੁੰਧ=ਇਸਤ੍ਰੀ। ਰਲੀਆਲਾ=ਖੁਸ਼ੀ,ਅਨੰਦ ਦੇਣ ਵਾਲਾ। ਨੇਹ=ਪ੍ਰੇਮ। ਘਣਾ=ਬਹੁਤਾ। ਜੋਬਨ=ਪ੍ਰੇਮ।ਹੇ ਪ੍ਰੇਮ ਰੂਪ ਜੋਬਨ ਵਾਲੀਏ ਸਿਖ ਇਸਤ੍ਰੀਏ ਮੇਰਾ ਪਤੀ ਅਨੰਦ ਦੇਣ ਵਾਲਾ ਹੈ,ਇਸ ਰਸ ਰੂਪ ਦਿਆਲੂ ਦੀ ਪ੍ਰੇਮ ਦੇ ਨਾਲ ਪ੍ਰੀਤੀ ਹੈ ਉਸ ਪਤੀ ਦੇ ਨਾਲ ਮੇਰਾ ਇਸਤ੍ਰੀ ਦਾ ਬਹੁਤ ਹੀ ਸਾਰਾ ਪ੍ਰੇਮ ਹੈ।

ਪਿਰ=ਪਤੀ। ਸਰ=ਤਾਲ। ਜਦੋਂ ਮਾਲਕ ਆਪ ਕਿਰਪਾ ਕਰਦਾ ਹੈ ਤਾਂ ਇਸਤ੍ਰੀ ਦਾ ਉਸ ਮਾਲਕ ਦੇ ਨਾਲ ਮੇਲਾ ਹੁੰਦਾ ਹੈ ਅਤੇ ਉਸ ਇਸਤ੍ਰੀ ਦੀ ਸੇਜਾ ਪਤੀ ਦੇ ਨਾਲ ਸੋਹਣੀ ਲੱਗਦੀ ਹੈ ਭਾਵ ਪਤੀ ਪਾਸ ਬੈਠੀ ਸੁਹਾਵੀ ਹੁੰਦੀ ਹੈ ਉਸ ਦੇ ਸੱਤ ਤਾਲ ਪੰਜ ਗਿਆਨ ਇੰਦ੍ਰੇ ਦੋ ਮਨ ਬੁਧ ਅਨੰਦ ਅੰਮ੍ਰਿਤ ਨਾਲ ਭਰੇ ਜਾਂਦੇ ਹਨ ਜਾਂ ਸ਼ਾਂਤੀ ਅੰਮ੍ਰਿਤ ਨਾਲ ਭਰੇ ਜਾਂਦੇ ਹਨ।

ਵਰ=ਪਤੀ। ਬਿਗਸੀ=ਖੁਸ਼ੀ ਹੋਈ ਹੋਈ। ਮੁੰਧ=ਇਸਤ੍ਰੀ ਉਮਾਹਓ= ਉਤਸ਼ਾਹ, ਅਨੰਦ। ਮਇਆ=ਮੇਹਰਬਾਨੀ, ਕਿਰਪਾ। ਦਇਆ=ਕਿਰਪਾ। ਮੇਹਰਬਾਨੀ ਕਰਨ ਵਾਲੇ ਸੱਚੇ ਦਿਆਲੂ ਨੇ ਜਿਸ ਉਤੇ ਅਪਣੀ ਕਿਰਪਾ ਕੀਤੀ ਹੈ ਓਹ ਗੁਰ ਸ਼ਬਦ ਨਾਲ ਮਿਲ ਕੇ ਗੁਣ ਗਾਂਦੀ ਹੈ,ਗੁਰੂ ਜੀ=ਉਸਦੀ

Digitized by Panjab Digital Library | www.panjabdigilib.org

ਅਕਲ ਪ੍ਰਮੇਸਰ ਪਤੀ ਨੂੰ ਵੇਖਕੇ ਖੁਸ਼ੀ ਹੋਈ ਹੈ ਤੇ ਇਸਤ੍ਰੀ ਦਾ ਮਨ ਵੀ ਅਨੰਦ ਵਾਲਾ ਹੋਇਆ ਹੈ ।

**ਮੁੰਧ ਸਹਜਿ ਸਲੋਨੜੀਏ ਇਕਪ੍ਰੇਮ ਬਿਨੰਤੀ ਰਾਮ॥ ਮੈਮਨਿ ਤਨਿ ਹਰਿ ਭਾਵੈ ਪ੍ਰਭ ਸੰਗਮ ਰਾਤੀ ਰਾਮ ॥ ਪ੍ਰਭ ਪ੍ਰੇਮਿ ਰਾਤੀ ਹਰਿ ਬਿਨੰਤੀ ਨਾਮਿ ਹਰਿਕੈ ਸੁਖਿ ਵਸੈ॥ ਤਉਗੁਣ ਪਛਾਣਹਿ ਤਾ ਪ੍ਰਭੁ ਜਾਣਹਿ ਗੁਣਹਵਸਿ ਅਵਗਣ ਨਸੈ ॥ ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਣਿ ਸੁਨਣਿ ਨ ਧੀਜਏ॥ ਨਾਨਕਾ ਪ੍ਰਿਉ ਪ੍ਰਿਉ ਕਰਿ ਪੁਕਾਰੇ ਰਸਨ ਰਸਿ ਮਨੁ ਭੀਜਏ ॥ ੨ ॥**

ਹੇ ਸੁਭਾਵਕ ਹੀ ਸੁੰਦਰ ਇਸਤ੍ਰੀਏ ਤੂੰ ਪ੍ਰੇਮ ਕਰਕੇ ਪ੍ਰਮੇਸਰ ਦੇ ਸਾਹਮਣੇ ਇਕ ਇਹ ਬੇਨਤੀ ਕਰ ਕਿ ਹੇ ਸਮਰੱਥ ਮਾਲਕਾ ਮੈਂ ਆਪ ਦੇ ਨਾਲ ਰੱਤੀ ਹੋਈ ਹਾਂ ਮੇਰੇ ਮਨ ਤਨ ਵਿੱਚ ਵਾਹਿਗੁਰੂ ਚੰਗਾ ਲੱਗ ਜਾਵੇ ।

ਮਾਲਕ ਦੇ ਪ੍ਰੇਮ ਵਿੱਚ ਰੱਤੀ ਹੋਈ ਦੀ ਇਹ ਬੇਨਤੀ ਹੈ ਕਿ ਹੇ ਪ੍ਰਮੇਸਰਾ ਤੇਰੇ ਨਾਮ ਵਿੱਚ ਮੇਰਾ ਮਨ ਸੁਖੀ ਹੋਕੇ ਵਾਸਾ ਕਰੇ ਅਤੇ ਤੇਰਿਆਂ ਗੁਣਾਂ ਨੂੰ ਪਛਾਣ ਲਵੇ ਤਾਂ ਹੀ ਠੀਕ ਕਰਕੇ ਤੈਨੂੰ ਮਾਲਕ ਨੂੰ ਜਾਣ ਲਵੇ ਜਦੋਂ ਗੁਣਾਂ ਵਿਚ ਮੇਰੀ ਬੁਧੀ ਵਾਸਾ ਕਰੇਗੀ ਤਾਂ ਸਾਰੇ ਔਗੁਣ ਨੱਸ ਜਾਣਗੇ।

ਮੈਂ ਤੈਥੋਂ ਬਿਨਾਂ ਇਕ ਛਿਨ ਭਰ ਵੀ ਨਹੀਂ ਰਹਿ ਸੱਕਦੀ ਹਾਂ ਇੱਕੁਰ ਸਿਮਰਨ ਬਿਨਾ ਹੇ ਮਾਲਕਾ ਹੁਣ ਆਖਣ ਸੁਣਨ ਸਮਝਾਉਣ ਨਾਲ ਮੇਰਾ ਮਨ ਧੀਰਜਤਾ ਨੂੰ ਨਹੀਂ ਪ੍ਰਾਪਤ ਹੁੰਦਾ ਹੈ, ਗੁਰੂ ਜੀ=ਹੇ ਪਿਆਰੇ ਮੇਰੀ ਰਸਨਾ ਪਿਆਰਾ ੨ ਕਰਕੇ ਪੁਕਾਰਦੀ ਰਹੇ ਤਾਂ ਮੈਂ ਜਾਣਾ ਕਿ ਮੇਰਾ ਮਨ ਤੇਰੇ ਪ੍ਰੇਮ ਵਿੱਚ ਭਿੱਜਿਆ ਹੋਇਆ ਹੈ।

**ਸਖੀਹੋ ਸਹੇਲੜੀਹੋ ਮੇਰਾ ਪਿਰੁ ਵਣਜਾਰਾ ਰਾਮ ॥ ਹਰਿ ਨਾਮੁ ਵਣੁਜੜਿਆ ਰਸਿ ਮੋਲਿ ਅਪਾਰਾ ਰਾਮ ॥ ਮੋਲਿ ਅਮੋਲੋ ਸਚ ਘਰਿ ਢੋਲੋ ਪ੍ਰਭ ਭਾਵੈਤਾਮੁੰਧ ਭਲੀ॥ ਇਕਿ ਸੰਗਿ ਹਰਿਕੈ ਕਰਹਿ ਰਲੀਆ ਹਉਪੁਕਾਰੀਦਰਿ ਖਲੀ ॥ ਕਰਣ ਕਾਰਣ ਸਮਰਥ ਸ੍ਰੀ ਧਰ ਆਪਿਕਾਰਜੁ**

Digitized by Panjab Digital Library | www.panjabdigilib.org

**ਸਾਰਏ ॥ ਨਾਨਕ ਨਦਰੀ ਧਨ ਸੋਹਾਗਣਿ ਸਬਦੁ ਅਭ ਸਾਧਾਰਏ ॥ ੩ ॥**

ਹੇ ਸਖੀਓ ਸਹੇਲੀਓ ਮੇਰਾ ਪ੍ਰਮੇਸਰ ਮਾਲਕ ਵਣਜਾਰਾ ਭਾਵ ਪ੍ਰੇਮ ਦਾ ਗਾਹਕ ਹੈ,ਇਸ ਲਈ ਮੈਂ ਉਸ ਵਣਜਾਰੇ ਦੀ ਵਣਜਾਰਨ ਨੇ ਪ੍ਰੇਮ ਦੇ ਹਰਿ ਨਾਮ ਨੂੰ ਖਰੀਦਿਆ ਹੈ ਜਿਸ ਹਰੀ ਨਾਮ ਰਸ ਦਾ ਅਪਾਰ ਮੁੱਲ ਰਸ=ਪ੍ਰੇਮ ਹੀ ਹੈ।

ਮੁੱਲ ਤੋਂ ਅਮੋਲਕ ਜੇਹੜਾ ਸੱਚਾ ਘਰ=ਸਰੂਪ ਢੋਲੋ=ਪਿਆਰਾ ਹੈ ਸੋ ਓਹ ਜੇਕਰ ਚਾਹੇ ਤੇ ਤਾਂ ਮੁੰਧ=ਇਸਤ੍ਰੀ ਬੜੀ ਚੰਗੀ ਹੋ ਜਾਂਦੀ ਹੈ ਓਹ ਇਕ ਤਾਂ ਪ੍ਰਮੇਸਰ ਪਿਆਰੇ ਦੇ ਨਾਲ ਖੁਸ਼ੀਆਂ ਕਰਦੀਆਂ ਹਨ ਅਤੇ ਮੈਂ ਗਰੀਬਣੀ ਬੂਹੇ ਉਤੇ ਖੜੋਤੀ ਪੁਕਾਰਦੀ ਰਹਿੰਦੀ ਹਾਂ।

ਸਾਰਿਆਂ ਕੰਮਾਂ ਦੇ ਕਰਨ ਵਾਲਾ ਸਮਰੱਥ ਮਾਲਕ ਮਾਇਆ ਰੂਪ "ਸ੍ਰੀ=ਲੱਛਮੀ ਨੂੰ" ਧਰ=ਆਸਰਾ ਦੇਣ ਵਾਲਾ ਆਪ ਹੀ ਸਾਰੇ ਕੰਮ ਸਾਰਏ=ਸਵਾਰਦਾ ਹੈ (ਮੇਰੇ),ਗੁਰੂ ਜੀ~ਜਿਸਨੇ ਗੁਰ ਉਪਦੇਸ਼ ਕਰਕੇ"ਅਭ= ਰਿਦੇ ਨੂੰ" ਸਾਧਾਰਏ=ਸੁਧ ਕੀਤਾ ਹੈ ਓਹ ਸੁਹਾਗਣੀ ਇਸਤ੍ਰੀ ਧੰਨ ਹੈ ਜਿਸ ਉਤੇ ਪਤੀ ਦੀ ਕਿਰਪਾ ਦੀ ਨਜ਼ਰ ਹੋ ਗਈ ਹੈ।

**ਹਮ ਘਰਿ ਸਾਚਾ ਸੋਹਿਲੜਾ ਪ੍ਰਭ ਆਇਅੜੇ ਮੀਤਾ ਰਾਮ ॥ ਰਾਵੇ ਰੰਗਿ ਰਾਤੜਿਆ ਮਨੁ ਲੀਅੜਾ ਦੀਤਾ ਰਾਮ ॥ ਆਪਣਾ ਮਨੁ ਦੀਆ ਹਰਿ ਵਰੁ ਲੀਆ ਜਿਉ ਭਾਵੈ ਤਿਉ ਰਾਵਏ ॥ ਤਨੁ ਮਨੁ ਪਿਰ ਆਗੈ ਸਬਦਿ ਸਭਾਗੈ ਘਰਿ ਅੰਮ੍ਰਿਤ ਫਲੁ ਪਾਵਏ ॥ ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ ॥ ਨਾਨਕ ਠਾਕੁਰ ਮੀਤਹਮਾਰੇ ਹਮ ਨਾਹੀ ਲੋਕਾਣੇ॥੪॥੧॥**

{ਇਕੁਰ ਬੇਨਤੀ ਕਰਨ ਨਾਲ ਪਤੀ ਨੇ ਗਲ ਨਾਲ ਲਾ ਲਿਆ ਤਾਂ ਖੁਸ਼ੀ ਹੋਈ ਹੋਰਨਾਂ ਸਖੀਆਂ ਨੂੰ ਆਖਦੀ ਹੈ।}

ਹੁਣ ਮੇਰੇ ਘਰ ਵਿਚ ਸੱਚਾ ਅਨੰਦ ਹੋਇਆ ਹੈ ਕਿਉਂਕਿ ਪ੍ਰਮੇਸਰ ਮਾਲਕ ਸਮਰੱਥ ਪਤੀ ਦਾ ਪ੍ਰਗਟ ਦਰਸ਼ਨ ਹੋਇਆ ਹੈ, ਪਤੀ ਘਰ ਆ ਗਿਆ ਹੈ ਮਨ ਦਿੱਤਾ ਹੈ ਤਾਂ ਪਿਆਰੇ ਨੂੰ ਲਿਆ ਹੈ ਹੁਣ ਮੇਰੇ ਪ੍ਰੇਮ ਵਿਚ ਰੱਤਾ ਹੋਇਆ ਮੈਨੂੰ ਰਮਣ ਕਰਦਾ ਭਾਵ ਅਨੰਦ ਦੇਂਦਾ ਹੈ।

Digitized by Panjab Digital Library | www.panjabdigilib.org

ਮੈਂ ਅਪਨਾ ਮਨ ਦਿਤਾ ਹੈ ਤਾਂ ਪਤੀ ਨੂੰ ਲਿਆ ਹੈ ਹੁਣ ਜਿਸਤਰਾਂ ਚਾਹੇ ਉਸੇ ਤਰਾਂ ਅਨੰਦ ਦੇਵੇ ਮੇਰਾ ਤਾਂ ਮਨ ਤਨ ਪਿਆਰੇ ਦੇ ਅੱਗੇ ਹਾਜ਼ਰ ਹੈ ਗੁਰ ਉਪਦੇਸ਼ ਕਰਕੇ ਮੇਰੇ ਮਨ ਬੁੱਧੀ ਭਾਗਾਂ ਵਾਲੇ ਹੋ ਗਏ ਹਨ ਇਸ ਲਈ ਅੰਮ੍ਰਿਤ ਫਲ ਪ੍ਰੀਤੀ ਪ੍ਰੇਮ ਦਾ ਸੁਆਦ ਮੈਂ ਪਾਂਦੀ ਹਾਂ।

ਹੇ ਸਖੀਓ ਅਕਲ ਦੀ ਬਹੁਤ ਸਾਰੀ ਚਤਰਾਈ ਕਰਕੇ ਅਤੇ ਪਾਠ ਕਰਕੇ ਪਿਆਰਾ ਨਹੀਂ ਮਿਲਦਾ ਹੈ ਭਾਇ=ਪ੍ਰੇਮ ਕਰਕੇ ਮਨ ਵਿਚ ਚੰਗਿਆਂ ਲੱਗਣ ਨਾਲ ਪਿਆਰਾ ਪਾਈਦਾ ਹੈ,ਜਦੋਂ ਮਨ ਨੂੰ ਚੰਗਾ ਲੱਗੇ ਪ੍ਰੇਮ ਕਰੀਏ ਤਾਂ ਉਹ ਆਪੇ ਹੀ ਆ ਮਿਲਦਾ ਹੈ,ਗੁਰੂ ਜੀ=ਹੁਣ ਮਾਲਕ ਸਾਡਾ ਹੈ ਤੇ ਅਸੀ ਮਾਲਕ ਦੇ ਦਾਸ ਹਾਂ ਹੁਣ ਅਸੀ ਲੋਕਾਂ ਦੇ ਕੁਸ਼ਾਂਮਤੀ ਨਹੀਂ ਹਾਂ ਜਾਂ ਉਸ ਵਲੋਂ ਲੁਕੇ ਛਪੇ ਨਹੀਂ ਹਾਂ।

## ਆਸਾ ਮਹਲਾ ੧ ॥

{ਇਸ ਛੰਦ ਵਿਚ ਦੋ ਦੋ ਪਦ ਕੱਠੇ ਆਉਂਣਗੇ ਇਹ ਪਿੰਗਲ ਦੇ ਛੰਦ ਦੀ ਰੀਤੀ ਹੈ ਦੂਸ਼ਨ ਨਹੀਂ ਹੈ।}

**ਅਨਹਦੋ ਅਨਹਦੁ ਵਾਜੈ ਰੁਣਝੁਣ ਕਾਰੇ ਰਾਮ॥ ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥ ਅਨਦਿਨੁ ਰਾਤਾਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ॥ ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ ॥ ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ॥ ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣਝੁਣ ਕਾਰੇ ॥ ੧ ॥**

ਹੁਣ ਮੈਨੂੰ ਲਗਾਤਾਰ ਹੱਦ ਤੋਂ ਰਹਿਤ ਪ੍ਰਮੇਸਰ ਦੇ ਰੁਣਝੁਣਕਾਰੇ= ਅਨੰਦ ਨੂੰ ਦੇਣ ਵਾਲੇ ਸਹਿਜੇ ੨ ਵੱਜਣ ਵਾਲੇ ਲਗਾਤਾਰ ਵਾਜੇ ਵੱਜੇ ਹਨ ਮੇਰਾ ਮਨ ਅਮੋਲਕ ਪਿਆਰੇ ਰਾਮ ਨੂੰ ਭਾਵ ਅਪਨਾ ਮਾਲਕ ਮੰਨਕੇ ਉਸ ਵਿਚ ਰੱਤਾ ਗਿਆ ਹੈ।

ਮਨ ਵੈਰਾਗ ਵਾਲਾ ਹੋਕੇ ਰਾਤ ਦਿਨ ਉਸ ਵਿਚ ਰੱਤਾ ਗਿਆ ਹੈ ਅਤੇ ਸੁੰਨ=ਅਫੁਰ ਮੰਡਲ=ਪੂਰਨ ਸਰੂਪ ਵਿਚ ਘਰ ਪਾਇਆ ਭਾਵ ਬਿਸ੍ਰਾਮ ਪਾਇਆ ਹੈ।

ਇੱਕੁਰ ਦਾ ਆਦ ਪੁਰਖ ਅਕਾਲ ਸੰਸਾਰ ਦਾ ਪਰਾ ਪਿਆਰਾ ਸੋ ਸਿਤਗੁਰਾਂ ਨੇ ਵਿਖਾ ਦਿਤਾ ਹੈ।

Digitized by Panjab Digital Library | www.panjabdigilib.org

ਹੁਣ ਪ੍ਰਮੇਸਰ ਰੂਪ ਵਿੱਚ ਥਿਰ ਆਸਨ ਭਾਵ ਪੱਕਾ ਹੋਕੇ ਬੈਠਣਾ ਕੀਤਾ ਹੈ ਤੇ ਉਸੇ ਪ੍ਰਮੇਸਰ ਦੇ ਵਿਚਾਰ ਵਿੱਚ ਹੀ ਮਨ ਰੱਤਾ ਹੋਇਆ ਹੈ ਗੁਰੂ ਜੀ= ਜੇਹੜੇ ਵੈਰਾਗੀ ਨਾਮੀ ਵਿਚ ਮਸਤ ਹਨ ਓਹ ਇਕ ਰਸ ਅਨੰਦ ਵਾਲੇ ਹੋਇ ਰਹਿੰਦੇ ਹਨ ।

**ਤਿਤੁ ਅਗਮ ਤਿਤੁ ਅਗਮ ਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥ ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥ ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥ ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ ॥ ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥ ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥ ੨ ॥**

ਜੇਹੜਾ ਮਨ ਬਾਣੀ ਪੈਰਾਂ ਹੱਥਾਂ ਅੱਖਾਂ ਤੋਂ ਪਰੇ ਹੈ ਉਸ ਪੂਰਨ ਪ੍ਰਮੇਸਰ ਪਾਸ ਕਿਸ ਰੀਤੀ ਨਾਲ ਜਾਈਏ,ਇਸ ਗੱਲ ਨੂੰ ਸਮਝਾਕੇ ਦੱਸੋ ?

ਹੇ ਭਰਾ ਸੱਚ ਬੋਲੀਏ ਇੰਦ੍ਰੀਆਂ ਨੂੰ ਰੋਕੀਏ ਤੇ ਉਸ ਪ੍ਰਮੇਸਰ ਦੇ ਗੁਣਾਂ ਨੂੰ ਸੰਭਾਲੀਏ ਭਾਵ ਯਾਦ ਕਰੀਏ ਜਦੋਂ ਸੱਚੇ ਉਪਦੇਸ਼ ਨੂੰ ਕਮਾਈਏ ਅਤੇ ਗੁਣਾਂ ਦਾ ਖਜ਼ਾਨਾ ਗਿਆਨ ਪਾਈਏ ਤਾਂ ਅਪਣੇ ਅਸਲੀ ਘਰ ਨੂੰ ਪਾ ਲਈਦਾ ਹੈ ।

ਉਸ ਪ੍ਰਮੇਸਰ ਵਿਚ ਮੂਲ=ਮੁੱਢ ਅਗਯਾਨ ਅਵਿਦਯਾ ਨਹੀਂ ਹੈ, ਨਾਹੀ ਤਿੰਨ ਗੁਣਾਂ ਵਾਲੀਆਂ ਟਾਹਣੀਆਂ ਹੀ ਹਨ, ਡਾਲੀ—ਵਾਸ਼ਨਾ ਤੇ ਪੱਤ ਭਾਵ ਸੰਕਲਪ ਵਿਕਲਪ ਵੀ ਨਹੀਂ ਹਨ ਜਾਂ ਉਸ ਆਸਰਾ ਰੂਪ ਵਿਚ ਤਿੰਨ ਵਾਸ਼ਨਾ ਨਹੀਂ ਅਤੇ ਸਾਰਿਆਂ ਦੇ ਸਿਰ ਉਤੇ ਉਸਦੀ ਆਗਿਆ ਹੈ ਓਹ ਸਾਰਿਆਂ ਦਾ ਵੱਡਾ ਮੁਖੀ ਹੈ ।

ਜਪ ਤਪ ਸੰਜਮ ਕਰਕੇ ਸਾਰੀ ਦੁਨੀਆਂ ਥੱਕ ਗਈ ਹੈ, ਹਠ ਦੇ ਰੋਕਣ ਨਾਲ ਭਾਵ ਹਠ ਕਰਕੇ ਕੰਮ ਕਰਨ ਨਾਲ ਜਾਂ ਹਠ ਨਾਲ ਫੜਨ ਨਾਲ ਵੀ ਨਹੀਂ ਪਾਇਆ ਜਾਂਦਾ ਹੈ ।

ਗੁਰੂ ਜੀ=ਜਦੋਂ ਸਤਿਗੁਰੂ ਸਮਝਾ ਦੇਣ ਤੇ ਤਾਂ ਸਹਿਜੇ ਹੀ ਗਿਆਨ ਕਰਕੇ ਜਗ ਜੀਵਨ ਪਤੀ ਮਿਲਦਾ ਹੈ ।

Digitized by Panjab Digital Library | www.panjabdigilib.org

ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇਰਾਮ॥
ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ॥
ਨਿਰਮਲ ਜਲ ਨਾਇਜਾ ਪ੍ਰਭ ਭਾਏ ਪੰਚਮਿਲੇ ਵੀਚਾਰੇ॥
ਕਾਮੁਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁਉਰਿਧਾਰੇ॥
ਹਉਮੈ ਲੋਭ ਲਹਰਿ ਲਬਥਾਕੇ ਪਾਏਦੀਨ ਦਇਆਲਾ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥ ੩ ॥

ਗੁਰੂ ਸਮੁੰਦਰ ਹੈ, ਜਿਸ ਵਿਚ ਚੰਗੇ ਰਤਨ ਹਨ ਜਾਂ ਗੁਰੂ ਸਮੁੰਦਰ ਰੂਪ ਚੰਗਿਆਂ ਰਤਨਾਂ ਦੀ ਖਾਣ ਹੈ ਜਿਸ ਵਿਚ ਵੈਰਾਗ ਵਿਚਾਰ ਪ੍ਰੇਮ ਬਹੁਤ ਹੀ ਰਤਨ ਹਨ ਅਤੇ ਸਪਤ=ਸਹਿਤ ਪੱਤਾਂ ਦੇ ਜੇਹੜਾ ਸਤਸੰਗ ਤਾਲ ਹੈ ਜਾਂ ਵਿਸ਼ਿਆਂ ਵੱਲੋਂ ਸਪਤ=ਸੌਂਹ ਖਾਕੇ ਉਸ ਵਿਚ ਨਾਓ ਭਾਵ ਸਤਸੰਗ ਕਰੋ ਤੇ ਤਾਂ ਮਨ ਨਿਰਮਲ ਹੋਵੇਗਾ। ਸਪਤ=ਛੇਤੀ, ਸੌਂਹ ।

ਜੇਹੜੇ ਮਾਲਕ ਨੂੰ ਪਿਆਰੇ ਲੱਗਦੇ ਹਨ ਉਨਾਂ ਨੂੰ ਵਿਚਾਰਵਾਨ ਪੰਚ=ਸੰਤ ਆਕੇ ਮਿਲੇ ਹਨ ਜੇਹੜੇ ਇੱਕੁਰ ਦੇ ਨਿਰਮਲ ਜਲ ਵਿਚ ਨ੍ਹਾਂਦੇ ਹਨ ਸੋ ਉਨਾਂ ਨੇ ਕਾਮ ਕ੍ਰੋਧ ਕਪਟ ਵਿਸ਼ਿਆਂ ਨੂੰ ਛੱਡਕੇ ਸੱਚੇ ਦੇ ਨਾਮ ਰਿਦੇ ਵਿਚ ਧਾਰਨ ਕੀਤੇ ਹਨ ।

ਹੰਕਾਰ ਲੋਭ ਲਹਿਰ ਸਾਰੇ ਵਿਕਾਰ ਥੱਕ ਗਏ ਹਨ, ਹਰੀ ਦੀਨ ਦਿਆਲੂ ਜੀ ਪਾ ਲਏ ਹਨ, ਗੁਰੂ ਜੀ=ਗੁਰੂ ਵਰਗਾ ਤੀਰਥ ਪਵਿੱਤ੍ਰ ਕਰਨ ਵਾਲਾ ਕੋਈ ਨਹੀਂ ਹੈ ਸੱਚੇ ਗੁਪਾਲ ਦਾ ਰੂਪ ਗੁਰੂ ਜੀ ਹਨ ।

ਹਉ ਬਨੁ ਬਨੋ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ॥ ਤ੍ਰਿਭਵਣੋ ਤੁਝਹਿ ਕੀਆ ਸਭੁ ਜਗਤੁ ਸਬਾਇਆ ਰਾਮ ॥ ਤੇਰਾ ਸਭੁ ਕੀਆ ਤੂੰ ਥਿਰੁ ਥੀਆ ਤੁਧੁ ਸਮਾਨ ਕੋ ਨਾਹੀ ॥ ਤੂੰ ਦਾਤਾ ਸਭ ਜਾਚਿਕ ਤੇਰੇ ਤੁਧੁ ਬਿਨੁਕਿਸੁ ਸਾਲਾਹੀ ॥ ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀਭਗਤਿ ਭਰੇ ਭੰਡਾਰਾ॥ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕੁ ਕਹੈ ਵੀਚਾਰਾ ॥ ੪ ॥ ੨ ॥

Digitized by Panjab Digital Library | www.panjabdigilib.org

ਮੈਂ ਫਕੀਰਨੀ ਬਣਕੇ ਸਾਰਿਆਂ ਬਨਾਂ ੨ ਵਿਚ ਦੇਖਦੀ ਰਹੀ ਹਾਂ ਹੇ ਪ੍ਰਮੇਸਰਾ ! ਸਾਰਾ ਘਾਹ ਵੀ ਫੋਲਕੇ ਵੇਖਿਆ ਹੈ ਭਾਵ ਬ੍ਰਹਮਾਂ ਤੋਂ ਲੈਕੇ ਕੀੜੀ ਤਕ ਸਾਰਿਆਂ ਛੋਟਿਆਂ ਵੱਡਿਆਂ ਆਦਮੀਆਂ ਨੂੰ ਵੇਖਿਆ ਹੈ ਪਰ ਸਿੱਟਾ ਇਹ ਕੱਢਿਆ ਹੈ ਕਿ ਸਾਰਾ ਜਗਤ ਤੇਰਾ ਬਣਾਇਆ ਹੋਇਆਹੈ ਭਾਵ ਤਿੰਨੇ ਲੋਕ ਅਤੇ ਸਾਰਿਆਂ ਜੀਆਂ ਵਿਚ ਤੂੰ ਆਇਆ ਹੋਇਆ ਭਾਵ ਪ੍ਰਗਟ ਜਾਪਦਾ ਹੈਂ ।

ਸਭ ਕੁਛ ਤੇਰਾ ਕੀਤਾ ਹੋਇਆ ਹੈ ਇਸ ਸਾਰੇ ਕਾਰਖਾਨੇ ਵਿਚ ਤੂੰ ਠੀਕ ਚੌਕੜੀ ਮਾਰਕੇ ਬੈਠਾ ਹੋਇਆ ਹੈਂ ਤੇਰੇ ਵਰਗਾ ਹੋਰ ਕੋਈ ਨਹੀਂ ਹੈ ਤੂੰ ਸਾਰਿਆਂ ਦਾ ਦਾਤਾ ਹੈਂ ਸਾਰੇ ਤੇਰੇ ਮੰਗਤੇ ਹਨ ਮੈਂ ਤੈਥੋਂ ਬਿਨਾਂ ਹੋਰ ਕਿਸ ਦੀ ਸੋਭਾ ਕਰਾਂ ?

ਹੇ ਦਾਤੇ ਤੇਰੀ ਭਗਤੀ ਦੇ ਖ਼ਜ਼ਾਨੇ ਭਾਵ ਸੰਤਾਂ ਦੇ ਰਿਦੇ ਭਰੇ ਹੋਇ ਹਨ ਤੂੰ ਅਣਮੰਗਿਆਂ ਦਾਨ ਦੇਂਦਾ ਹੈਂ ਭਾਵ ਮੰਗਣ ਦੀ ਲੋੜ ਨਹੀਂ ਰਹਿੰਦੀ ਤੇ ਮੰਗਣ ਤੋਂ ਬਿਨਾ ਹੀ ਦੇਂਦਾ ਹੈਂ, ਗੁਰੂ ਜੀ=ਪ੍ਰਮੇਸਰ ਦਾ ਨਾਮ ਜਪਿਆਂ ਬਿਨਾ ਕਿਸੇ ਦੀ ਮੁਕਤੀ ਨਹੀਂ ਹੋਈ ਹੈ, ਇਹ ਸਾਰਿਆਂ ਸਿਆਣਿਆਂ ਦਾ ਵਿਚਾਰ ਹੈ।

## ਆਸਾ ਮਹਲਾ ੧ ॥

**ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥ ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥ ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥ ਆਦਿ ਜੁਗਾਦੀ ਹੈਭੀ ਹੋਸੀ ਅਵਰੁ ਝੂਠਾ ਸਭੁ ਮਾਨੋ॥ ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥ ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿ-ਨਿਸਿ ਨਾਮੁ ਧਿਆਈਐ ॥ ੧ ॥**

ਮੇਰਾ ਮਨ ਰਾਮ ਪਿਆਰੇ ਨਾਲ ਰੱਤਾ ਹੋਇਆ ਹੈ ਓਹ ਆਦ ਅਕਾਲ ਪੁਰਖ ਸੱਚਾ ਮਾਲਕ ਹੈ ਜਿਸਦਾ ਕੋਈ ਅੰਤ ਨਹੀਂ ਪਾ ਸੱਕਦਾ ਹੈ ਜਿਸਦੇ ਸਾਰੇ ਜੀਵ ਧਾਰਨ ਕੀਤੇ ਹੋਇ ਹਨ !

ਪੈਰਾਂ ਨਾਲ ਪੁੱਜ ਨਹੀਂ ਸਕੀਦਾ ਅੱਖਾਂ ਨਾਲ ਵੇਖ ਨਹੀਂ ਸੱਕੀਦਾ ਤੇ ਵੱਡਿਆਂ ਤੋਂ ਵੱਡਾ ਹੈ ਸਾਰੇ ਫੈਲਿਆ ਹੋਇਆ ਹੈ ਸਾਰਿਆਂ ਦਾ ਸਿਰੋਮਣੀ ਹੈ ਸਾਰਿਆਂ ਜੀਆਂ ਤੇ ਜੁੱਗਾਂ ਦੀ ਓਹ ਆਦ ਹੈ ੩ ਸਮਿਆਂ

Digitized by Panjab Digital Library | www.panjabdigilib.org

ਵਿਚ ਹੈ ਉਸ ਤੋਂ ਬਿਨਾ ਹੋਰਨਾਂ ਸਾਰਿਆਂ ਨੂੰ ਝੂਠਾ ਸਮਝੇ।

ਜੇਹੜਾ ਨਿਸ਼ਕਾਮ ਕਰਮਾਂ ਤੇ ਅਪਣੇ ਧਰਮ ਦੀ ਖਬਰ ਨਹੀਂ ਜਾਣਦਾ ਹੈ ਸੋ ਉਸ ਨੂੰ ਮੁਕਤੀ ਦੀ ਸਮਝ ਕਿਸਤਰਾਂ ਪਵੇਗੀ ਭਾਵ ਮੁਕਤੀ ਨਹੀਂ ਪਾਵੇਗਾ, ਗੁਰੂ ਜੀ=ਜੇਹੜੇ ਗੁਰ ਸ਼ਬਦ ਕਰਕੇ ਰਾਤ ਦਿਨੇ ਨਾਮ ਨੂੰ ਯਾਦ ਕਰਦੇ ਹਨ ਓਹ ਗੁਰਮੁਖ ਮੁਕਤੀ ਦੀ ਰੀਤੀ ਨੂੰ ਪਛਾਣਦੇ ਹਨ।

**ਮੇਰਾ ਮਨੋ ਮੇਰਾ ਮਨੁ ਮਾਨਿਆ ਨਾਮੁ ਸਖਾਈਰਾਮ॥ ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ॥ ਮਾਤਾ ਪਿਤ ਭਾਈ ਸੁਤ ਚਤੁਰਾਈ ਸੰਗਿ ਨ ਸੰਪੈ ਨਾਰੇ॥ ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਨ ਤਲੈ ਵੀਚਾਰੇ॥ ਆਦਿ ਪੁਰਖਿ ਇਕੁ ਚਲਤੁ ਦਿਖਾਇਆ ਜਹ ਦੇਖਾ ਤਹ ਸੋਈ॥ ਨਾਨਕ ਹਰਿ ਕੀ ਭਗਤਿ ਨ ਛੋਡਉ ਸਹਜੇ ਹੋਇ ਸੁ ਹੋਈ॥ ੨॥**

ਹੁਣ ਮੇਰਾ ਮਨ ਨਾਮ ਮਿੱਤ੍ਰ ਨਾਲ ਮੰਨ ਗਿਆ ਹੈ ਹੁਣ ਮੈਂ ਹੰਗਤਾ ਮਮਤਾ ਤੇ ਮਾਇਆ ਦੇ ਨਾਲ ਨਹੀਂ ਜਾਂਦਾ ਹਾਂ ਭਾਵ ਵਿਸ਼ਿਆਂ ਨੂੰ ਛੱਡ ਦਿਤਾ ਹੈ ਜਾਂ ਜਿਸ ਮਾਇਆ ਦੀ ਮਮਤਾ ਵਿੱਚ ਲੱਗਾ ਸਾਂ ਓਹ ਨਾਲ ਨਹੀਂ ਜਾਂਦੀ ਹੈ।

ਮਾਂ,ਪਿਓ, ਭਰਾ,ਇਸਤ੍ਰੀ, ਪੁਤ੍ਰ, ਸਿਆਣਪਤਾਈ ਹੋਰ ਘਰ ਦੀ ਸਾਰੀ ਸਮੱਗਰੀ ਕੁਛ ਵੀ ਨਾਰੇ=ਨਾਲ ਨਹੀਂ ਜਾਂਦੀ ਹੈ ਜੇਹੜੀ ਸਾਇਰ=ਸਮੁੰਦ੍ਰ ਦੀ ਪੁਤਰੀ=ਪੁਤਲੀ ਲੱਛਮੀ ਸਾਰਿਆਂ ਦਾ ਪਰਹਰ=ਨਾਸ ਕਰਨ ਵਾਲੀ ਹੈ ਸੋ ਓਹ ਤਿਆਗ ਦਿੱਤੀ ਹੈ ਭਾਵ ਮਾਇਆ ਦਾ ਖਿਆਲ ਛੱਡਿਆ ਹੈ ਅਤੇ ਅਪਣੇ ਆਪ ਨੂੰ ਸਾਰਿਆਂ ਦੇ ਪੈਰਾਂ ਥੱਲੇ ਮੰਨਿਆਂ ਹੈ,ਜਾਂ ਲੱਛਮੀ ਵਿਚਾਰਵਾਨਾਂ ਦੇ ਪੈਰਾਂ ਹੇਠ ਰਹਿੰਦੀ ਹੈ।

ਆਦ ਪੁਰਖ ਪ੍ਰਮੇਸਰ ਨੇ ਮੈਨੂੰ ਇਕ ਇੱਕੁਰ ਦਾ ਤਮਾਸ਼ਾ ਵਿਖਾਇਆ ਹੈ ਹੁਣ ਮੈਂ ਜਿੱਥੇ ਵੇਖਦਾ ਹਾਂ ਉਥੇ ਓਹੋ ਹੀ ਨਜ਼ਰ ਆਉਂਦਾ ਹੈ ਗੁਰੂ ਜੀ=ਮੈਂ ਪ੍ਰਮੇਸਰ ਦੀ ਭਗਤੀ ਨਹੀਂ ਛੱਡਦਾ ਹਾਂ ਜੋ ਸੁਭਾਵਕ ਹੀ ਹੁੰਦਾ ਹੈ ਸੋ ਹੁੰਦਾ ਜਾਵੇ ਭਾਵ ਉਸੇ ਵਿੱਚ ਖੁਸ਼ੀ ਰਹਾਂਗਾ,ਭਾਣਾ ਮੰਨਾਂਗਾ।

**ਮੇਰਾ ਮਨੋਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ॥ ਅਵ·**

Digitized by Panjab Digital Library | www.panjabdigilib.org

**ਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥ ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥ ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ॥ ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥ ੩ ॥**

ਸੱਚੇ ਨੂੰ ਸੰਭਾਲ ਭਾਵ ਯਾਦ ਕਰਕੇ ਮੇਰਾ ਮਨ ਨਿਰਮਲ ਹੋਇਆ ਹੈ ਔਗੁਣਾਂ ਨੂੰ ਦੂਰ ਕਰਕੇ ਭਗਤੀ ਗੁਣਾਂ ਦੇ ਨਾਲ ਮਿਲਾਪ ਕਰਕੇ ਅਸੀ ਚੱਲਦੇ ਹਾਂ ਭਾਵ ਚੰਗੇ ਗੁਣ ਧਾਰਦੇ ਹਾਂ ਭਗਤੀ ਕਰਦੇ ਹਾਂ।

ਜਿਨਾਂ ਭਗਤਾਂ ਨੇ ਔਗੁਣਾਂ ਨੂੰ ਛੱਡਕੇ ਚੰਗੀ ਕਰਣੀ ਭਗਤੀ ਰੂਪ ਕਾਰ ਸਾਰੀ-ਸੰਭਾਲੀ ਹੈ ਓਹ ਸੱਚੇ ਦੇ ਬੂਹੇ ਉਤੇ ਸੱਚੇ ਹੋ ਗਏ ਹਨ ਆਉਣ ਜਾਣ ਤੋਂ ਗੁਰਮੁਖਾਂ ਨੇ ਦਿਲ ਮਨ ਨੂੰ ਰੋਕ ਰੱਖਿਆ ਹੈ ਤੇ ਅਸਲ ਗੱਲ ਦਾ ਵਿਚਾਰ ਕਰਦੇ ਹਨ।

ਹੇ ਪ੍ਰਮੇਸਰ ! ਤੂੰ ਮੇਰਾ ਹਰ ਤਰਾਂ ਨਾਲ ਚੰਗਾ ਸਿਆਣਾ ਮਿੱਤ੍ਰ ਹੈਂ ਮੈਨੂੰ ਤੇਰੇ ਸੱਚੇ ਨਾਮ ਦੀ ਵਡਿਆਈ ਮਿਲ ਜਾਵੇ ਗੁਰੂ ਜੀ=ਇੱਕੁਰ ਦੀ ਰੀਤੀ ਨਾਲ ਜਿਨਾਂ ਨੇ ਗੁਰ ਸਿਖਿਆ ਪਾਈ ਹੈ ਓਨਾਂ ਦੇ ਰਿਦੇ ਵਿੱਚ ਅਮੋਲਕ ਨਾਮ ਦਾ ਚਾਨਣ ਹੋਇਆ ਹੈ।

**ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ ॥ ਮਨਿ ਤਨਿ ਰਵਿ ਰਹਿਆ ਜਗਜੀਵਨੋ ਦਾਤਾ ਰਾਮ ॥ ਜਗਜੀਵਨੁ ਦਾਤਾ ਹਰਿ ਮਨਿ ਰਾਤਾ ਸਹਜਿ ਮਿਲੈ ਮੇਲਾਇਆ ॥ ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ ॥ ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥ ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥ ੪ ॥ ੩ ॥**

ਸਾਰਿਆਂ ਸੁਰਮਿਆਂ ਵਿਚੋਂ ਗਿਆਨ ਰੂਪ ਚੰਗਾ ਸੱਚਾ ਸੁਰਮਾ ਅਕਲ ਰੂਪ ਅੱਖਾਂ ਵਿਚ ਪਾਇਆ ਹੈ ਤਦ ਤੋਂ ਮੇਰਾ ਮਨ ਮਾਇਆ ਰਹਿਤ ਪ੍ਰਮੇਸਰ ਵਿੱਚ ਰੱਤਾ ਹੋਇਆ ਹੈ ਹੁਣ ਜਗਜੀਵਨ ਦਾਤਾ ਮੈਨੂੰ ਮਨ ਤਨ

Digitized by Panjab Digital Library | www.panjabdigilib.org

ਵਿੱਚ ਰਮਿਆ ਹੋਇਆ ਨਜ਼ਰ ਆਉਂਦਾ ਹੈ ।

ਇਕਰ ਦਾ ਜਗ ਜੀਵਣ ਦਾਤਾ ਪ੍ਰਮੇਸਰ ਜਿਸ ਵਿੱਚ ਮੇਰਾ ਮਨ ਰੱਤਾ ਹੋਇਆ ਹੈ ਓਹ ਸਹਿਜੇ=ਭਾਵ ਗਿਆਨ ਕਰਕੇ ਸਤਿਗੁਰਾਂ ਦਾ ਮਿਲਾਇਆ ਹੋਇਆ ਮਿਲਦਾ ਹੈ ਜੇਹੜੀ ਮਨ ਨੂੰ ਸਾਧਨ ਵਾਲਿਆਂ ਸੰਤਾਂ ਦੀ ਸਭਾ ਹੈ ਜਦੋਂ ਓਹਨਾਂ ਦੀ ਸੰਗਤ ਕੀਤੀ ਤਾਂ ਮਾਲਕ ਦੀ ਨਜ਼ਰ ਸਵੱਲੀ ਹੋਈ ਤਾਂ ਮੈਂ ਸੁਖ ਪਾਇਆ ।

ਇੱਕੁਰ ਦੀ ਪ੍ਰਮੇਸਰ ਦੀ ਭਗਤੀ ਵਿੱਚ ਜੇਹੜੇ ਵੈਰਾਗੀ ਗੁਰਮੁਖ ਹੋਕੇ ਰੱਤੇ ਰਹਿੰਦੇ ਹਨ ਓਹਨਾਂ ਦੇ ਰਿਦੇ ਵਿਚੋਂ ਮੋਹ ਤੇ ਤ੍ਰਿਸ਼ਨਾ ਦੂਰ ਹੋ ਗਈ ਹੈ, ਗੁਰੂ ਜੀ=ਜੇਹੜੇ ਹੰਗਤਾ ਨੂੰ ਮਾਰਕੇ ਸੰਸਾਰ ਤੋਂ ਉਦਾਸ ਹੋਕੇ ਪ੍ਰਮੇਸਰ ਵਿੱਚ ਨਿਸਚਾ ਕਰਨ ਵਾਲੇ ਹੋ ਗਏ ਹਨ ਓਹ ਦਾਸ ਵਿਰਲੇ ਹੀ ਹਨ।

## ਰਾਗੁ ਆਸਾ ਮਹਲਾ ੧ ਛੰਤ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

**ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥ ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ ॥ ਦੂਖ ਬਿਸਾਰਣ ਹਾਰੁ ਸੁਆਮੀ ਕੀਤਾ ਜਾਕਾ ਹੋਵੈ॥ ਕੋਟ ਕੋਟੰਤਰਿ ਪਾਪਾ ਕੇਰੇ ਏਕ ਘੜੀ ਮਹਿ ਖੋਵੈ॥ਹੰਸ ਸਿ ਹੰਸਾ ਬਗਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ ॥ ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥ ੧ ॥**

ਹੇ ਸੱਚੇ ਪੈਦਾ ਕਰਨ ਵਾਲੇ ਪ੍ਰਮੇਸਰ ਜੀ ! ਮੈਂ ਜਿੱਥੇ ਜਾਂਦਾ ਹਾਂ ਤੂੰ ਓਥੇ ਹੀ ਸਾਰਿਆਂ ਥਾਵਾਂ ਵਿੱਚ ਪੂਰਨ ਹੈਂ ਹੇ ਪ੍ਰਮੇਸਰਾ ਤੂੰ ਸਾਰਿਆਂ ਦਾ ਦਾਤਾ ਤੇ ਕਰਮਾਂ ਦਾ ਨਿਬੇੜਾ ਕਰਨ ਵਾਲਾ ਹੈਂ ਤੇ ਦੁੱਖਾਂ ਦੇ ਦੂਰ ਕਰਨ ਵਾਲਾ ਹੈਂ ।

ਹੇ ਦੁੱਖਾਂ ਦੇ ਦੂਰ ਕਰਨ ਵਾਲਿਆ ਪ੍ਰਮੇਸਰਾ ਤੇਰਾ ਕੀਤਾ ਸਭ ਕੁਛ ਹੁੰਦਾ ਹੈ ਤੂੰ ਕਰੋੜਾਂ ੨ ਪਾਪਾਂ ਦੇ ਢੇਰਾਂ ਨੂੰ ਇਕ ਘੜੀ ਵਿੱਚ ਨਾਸ ਕਰ ਦੇਂਦਾ ਹੈਂ ।

Digitized by Panjab Digital Library | www.panjabdigilib.org

ਜੇਹੜੇ ਆਦਮੀ ਤੇਰਾ ਵਿਚਾਰ ਆਪੋ ਅਪਣੇ ਦਿਲਾਂ ਵਿੱਚ ਕਰਦੇ ਹਨ ਓਹ ਭਾਵੇਂ ਪਹਿਲੇ ਬਗਲਿਆਂ ਦੇ ਬਗਲੇ ਭਾਵ ਬਹੁਤ ਹੀ ਮਾੜੇ ਬਗਲੇ ਸੀ ਜਾਂ, ਕਾਂ, ਸੀ ਭਾਵ ਬਹੁਤ ਹੀ ਪਖੰਡੀ ਪਾਪੀ ਸਨ ਪਰ ਤੇਰੀ ਕਿਰਪਾ ਨਾਲ ਓਹ ਹੰਸਾਂ ਤੋਂ ਵੀ ਪਰਮ ਹੰਸ ਬਣ ਗਏ, ਝੂਠ ਸੱਚ ਦੁੱਧ ਪਾਣੀ ਦੇ ਵੱਖ ਵੱਖ ਕਰਨ ਵਾਲੇ ਹੋ ਗਏ ਜਾਂ ਤੂੰ ਸਾਰੀਆਂ ਘਟਾਂ ਦਾ ਵਿਚਾਰ ਕਰਦਾ ਹੈਂ ਹੰਸਾਂ ਨੂੰ ਹੰਸ, ਬਗਲਿਆਂ ਨੂੰ ਬਗਲੇ ਕਰਦਾ ਹੈਂ ਭਾਵ ਮਾੜਿਆਂ ਚੰਗਿਆਂ ਨੂੰ ਵੱਖੋ ਵੱਖ ਕਰ ਦੇਂਦਾ ਹੈਂ ਸਭ ਨੂੰ ਪਰਖ ਲੈਂਦਾ ਹੈਂ।

**ਜਿਨ ਇਕ ਮਨਿ ਧਿਆਇਆ ਤਿਨ ਸੁਖੁ ਪਾਇਆ ਤੇਵਿਰਲੇ ਸੰਸਾਰਿ ਜੀਉ॥ਤਿਨ ਜਮੁਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥ਤੇਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ ॥ ਜੰਮਣੁ ਮਰਣੁ ਤਿਨ੍ਾ ਕਾ ਚੂਕਾ ਜੋ ਹਰਿ ਲਾਗੈ ਪਾਵੈ ॥ ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰਧਾਰਿ ਜੀਉ ॥ ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥ ੨ ॥**

ਜਿਨਾਂ ਨੇ ਇਕ ਮਨ ਹੋਕੇ ਯਾਦ ਕੀਤਾ ਹੈ ਓਨਾਂ ਨੇ ਸੁਖ ਪਾਇਆ ਹੈ ਪਰ ਓਹ ਆਦਮੀ ਸੰਸਾਰ ਵਿੱਚ ਵਿਰਲੇ ਹੀ ਹਨ।

ਜੇਹੜੇ ਗੁਰ ਸ਼ਬਦ ਨੂੰ ਕਮਾਂਦੇ ਹਨ ਓਨਾਂ ਦੇ ਨੇੜੇ ਜਮ ਨਹੀਂ ਆਉਂਦਾ ਹੈ ਅਤੇ ਨਾ ਹੀ ਓਨਾਂ ਨੂੰ ਕਦੀ ਕਿਤੋਂ ਹਾਰ ਆਉਂਦੀ ਹੈ।

ਜੇਹੜੇ ਪ੍ਰਮੇਸਰ ਦੇ ਨਾਮ ਤੇ ਉਸ ਦੇ ਗੁਣਾਂ ਨੂੰ ਸੰਭਾਲਦੇ ਭਾਵ ਯਾਦ ਕਰਕੇ ਰਿਦੇ ਰੂਪ ਪੱਲੇ ਵਿੱਚ ਬੰਨ੍ਹਾਂਦੇ ਹਨ ਓਹ ਕਦੀ ਨਹੀਂ ਕਿਤੋਂ ਹਾਰਦੇ ਹਨ ਤੇ ਓਨਹਾਂ ਦੇ ਨੇੜੇ ਜਮ ਵੀ ਨਹੀਂ ਆਉਂਦਾ ਹੈ।

ਜੇਹੜੇ ਪ੍ਰਮੇਸਰ ਦੇ ਪਾਵੈ=ਪੈਰੀਂ ਜਾਂ ਪੱਲੇ ਜਾਂ ਮੰਜੇ ਦੇ ਪਾਵੇ ਪਾਸ ਬੈਠੇ ਇੱਕੁਰ ਦੇ ਚੰਗੇ ਕੰਮਾਂ ਵਿੱਚ ਲੱਗੇ ਹਨ ਓਹਨਾਂ ਦਾ ਜੰਮਣਾ ਮਰਨਾ ਦੂਰ ਹੋ ਗਿਆ ਹੈ ਜਿਨਾਂ ਨੇ ਗੁਰ ਸਿਖਿਆ ਤੇ ਹਠੀਏ ਪ੍ਰੇਮ ਕਰਕੇ ਹਰ ਹਰ ਨਾਮ ਨੂੰ ਦਿਲ ਵਿਚ ਧਾਰਿਆ ਹੈ ਓਹਨਾਂ ਨੇ ਪ੍ਰਮੇਸਰ ਦੀ ਪ੍ਰਾਪਤੀ ਰੂਪ ਫਲ

Digitized by Panjab Digital Library | www.panjabdigilib.org

ਪਾ ਲਿਆ ਹੈ। ਇਸਦਾ ਅਰਥ ਹੋ ਚੁਕਾ ਹੈ।

**ਜਿਨਿ ਜਗਤੁ ਉਪਾਇਆ ਧੰਧੈ ਲਾਇਆ ਤਿਸੈ ਵਿਟਹੁ ਕੁਰਬਾਣੁ ਜੀਉ॥ਤਾਕੀ ਸੇਵ ਕਰੀਜੈ ਲਾਹਾ ਲੀਜੈ ਹਰਿ ਦਰਗਹ ਪਾਈਐ ਮਾਣੁ ਜੀਉ ॥ ਹਰਿ ਦਰਗਹ ਮਾਨੁ ਸੋਈ ਜਨੁ ਪਾਵੈ ਜੋ ਨਰੁ ਏਕੁ ਪਛਾਣੈ ॥ ਓਹੁ ਨਵਨਿਧਿ ਪਾਵੈ ਗੁਰਮਤਿ ਹਰਿ ਧਿਆਵੈ ਨਿਤ ਹਰਿ ਗੁਣ ਆਖਿ ਵਖਾਣੈ ॥ ਅਹਿਨਿਸਿ ਨਾਮੁ ਤਿਸੈ ਕਾ ਲੀਜੈ ਹਰਿ ਊਤਮੁ ਪੁਰਖੁ ਪਰਧਾਨੁ ਜੀਉ ॥ ਜਿਨਿ ਜਗਤੁ ਉਪਾਇਆ ਧੰਧੈ ਲਾਇਆ ਹਉ ਤਿਸੈ ਵਿਟਹੁ ਕੁਰਬਾਨੁ ਜੀਉ ॥ ੩ ॥**

ਜਿਸ ਨੇ ਸੰਸਾਰ ਨੂੰ ਪੈਦਾ ਕੀਤਾ ਹੈ ਅਤੇ ਜੀਆਂ ਨੂੰ ਕੰਮਾਂ ਵਿੱਚ ਲਾਇਆ ਹੈ ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ।

ਉਸ ਦੀ ਸੇਵਾ ਕਰੀਏ ਤਾਂ ਪ੍ਰਮੇਸਰ ਦੀ ਦਰਗਾਹ ਵਿੱਚ ਆਦਰ ਪਾਈਦਾ ਹ।

ਜੇਹੜਾ ਆਦਮੀ ਇਕ ਨੂੰ ਪਛਾਣਦਾ ਹੈ ਓਹ ਹਰੀ ਦੀ ਦਰਗਾਹ ਵਿੱਚ ਆਦਰ ਪਾਉਂਦਾ ਹੈ ਜੇਹੜਾ ਗੁਰ ਸਿਖਿਆ ਕਰਕੇ ਪ੍ਰਮੇਸਰ ਨੂੰ ਧਿਆਉਂਦਾ ਹੈ ਤੇ ਪ੍ਰਮੇਸਰ ਦੇ ਗੁਣਾਂ ਨੂੰ ਮੂੰਹੋਂ ਆਖਕੇ ਹੋਰਨਾਂ ਨੂੰ ਸੁਣਾਂਦਾ ਹੈ ਓਹ ਨੌ ਨਿਧੀਆਂ ਭਾਵ ਸਾਰਿਆਂ ਪਦਾਰਥਾਂ ਨੂੰ ਪਾਂਦਾ ਹੈ।

ਜੇਹੜਾ ਪ੍ਰਮੇਸਰ ਉੱਤਮ ਤੇ ਸਾਰਿਆਂ ਤੋਂ ਵੱਡਾ ਮੁਖੀ ਹੈ ਉਸੇ ਦਾ ਨਾਮ ਰਾਤ ਦਿਨ ਲਓ। ਇਸਦਾ ਅਰਥ ਹੋ ਚੁਕਾ ਹੈ।

**ਨਾਮੁ ਲੈਨਿ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥ ਤਿਨ ਫਲ ਤੋਟਿ ਨ ਆਵੈ ਜਾਤਿਸੁ ਭਾਵੈ ਜੇ ਜੁਗ ਕੇਤੇ ਜਾਹਿ ਜੀਉ ॥ ਜੇਜੁਗ ਕੇਤੇ ਜਾਹਿ ਸੁਆਮੀ ਤਿਨ੍ ਫਲ ਤੋਟਿ ਨ ਆਵੈ॥ ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿਨਾਮੁ**

Digitized by Panjab Digital Library | www.panjabdigilib.org

**ਧਿਆਵੈ ॥ ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥ ਨਾਮੁ ਲੈਨਿ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥੪॥੧॥੪॥**

ਜੇਹੜੇ ਨਾਮ ਨੂੰ ਲੈਂਦੇ ਹਨ ਓਹ ਬੜੇ ਸੋਹਣੇ ਲੱਗਦੇ ਹਨ ਅਤੇ ਓਨਾਂ ਨੂੰ ਸੁਖ ਰੂਪ ਫਲ ਪ੍ਰਾਪਤ ਹੁੰਦਾ ਹੈ, ਜੇਹੜੇ ਸੁਣਕੇ ਮੰਨਦੇ ਹਨ ਓਹ ਦੁਨੀਆਂ ਉਤੋਂ ਜਨਮ ਨੂੰ ਜਿੱਤ ਜਾਂਦੇ ਹਨ।

ਓਹਨਾਂ ਨੂੰ ਮਾਲਕ ਦੇ ਦਿਤੇ ਗਿਆਨ ਫਲ ਦੀ ਟੋਟ ਨਹੀਂ ਆਉਂਦੀ ਹੈ ਜੇਹੜੇ ਉਸ ਪ੍ਰਮੇਸਰ ਨੂੰ ਚੰਗੇ ਲੱਗਣ, ਭਾਵੇਂ ਕਿਤਨੇ ਜੁਗ ਬੀਤ ਜਾਣ।

ਮਾਲਕ ਦੇ ਦਿਤੇ ਗਿਆਨ ਫਲ ਨੂੰ ਕੇਤੇ=ਭਾਵੇਂ ਬਹੁਤ ਹੀ ਸਾਰੇ ਜੁਗ ਬੀਤ ਜਾਣ ਪਰ ਫਿਰ ਵੀ ਓਨਾਂ ਨੂੰ ਟੋਟ ਨਹੀਂ ਆਉਂਦੀ ਹੈ।

ਜੇਹੜੇ ਹਰਿ ਨਾਮ ਨੂੰ ਧਿਆਉਂਦੇ ਹਨ ਓਹਨਾਂ ਨੂੰ ਬੁਢੇਪਾ ਤੇ ਮਰਨਾ ਨਹੀਂ ਹੁੰਦਾ ਹੈ ਅਤੇ ਓਹਨਾਂ ਦਾ ਨਰਕ ਵਿਚ ਪੈਣਾ ਵੀ ਨਹੀਂ ਹੁੰਦਾ ਹੈ।

ਜੇਹੜੇ ਹਰਿਨਾਮ ਨੂੰ ਉਚਾਰਨਾ ਕਰਦੇ ਹਨ ਓਹ ਰਚੇ ਰਹਿੰਦੇ ਭਾਵ ਅਨੰਦ ਨਾਲ ਵੱਸਦੇ ਹਨ, ਓਹ ਸੁੱਕਦੇ ਭਾਵ ਦੁਖੀ ਨਹੀਂ ਹੁੰਦੇ ਹਨ, ਨਾ ਓਹਨਾਂ ਨੂੰ ਕਿਸੇਤਰਾਂ ਦੀ ਪੀੜਾ ਹੀ ਖਾਂਦੀ ਹੈ ਜਾਂ ਓਹ ਆਪ ਪੀੜਾ ਨੂੰ ਨਹੀਂ ਸਹਾਰਦੇ ਹਨ ਓਹਨਾਂ ਨੂੰ ਦੁੱਖ ਹੀ ਕੋਈ ਨਹੀਂ ਲੱਗਦਾ ਹੈ (ਗੁਰੂ ਜੀ=ਸੱਚ ਆਖਿਆ ਹੈ)। ਇਸਦਾ ਅਰਥ ਹੋ ਚੁਕਾ ਹੈ।

## ੧ ਓ ਸਤਿਗੁਰਪ੍ਰਸਾਦਿ ॥

## ਆਸਾ ਮਹਲਾ ੧ ਛੰਤ ਘਰੁ ੩ ॥

{ ਹਰਨ, ਭੌਰ, ਮੱਛੀ, ਨਦੀਆਂ ਦੇ ਨਾਲੇ ਇਹਨਾਂ ਨੂੰ ਰੂਪਕ ਅਲੰਕਾਰ ਤੇ ਅੰਨਜੋਕਤੀ ਅਲੰਕਾਰ ਦੁਆਰਾ ਉਪਦੇਸ਼ ਕਰਦੇ ਹਨ। }

**ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥ ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥ ਫਿਰ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ ॥ ਓਹੁ ਜੇਵ ਸਾਇਰ ਦੇਇ ਲਹਰੀ**

Digitized by Panjab Digital Library | www.panjabdigilib.org

ਬਿਜੁਲ ਜਿਵੈ ਚਮਕਏ ॥ ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ ॥ ੧ ॥

{ ਰਾਮ=ਸੰਬੋਧਨ ਹੈ ਭਾਵ ਪ੍ਰਮੇਸਰ ਦੇ ਸਨਮੁਖ ਬੇਨਤੀ ਕਰਕੇ ਜੀਵ ਨੂੰ ਸੰਬੋਧਨ ਕਰਕੇ ਸਮਝਾਇਆ ਹੋਇਆ ਹੈ। }

ਹੇ ਕਾਲਿਆ ਹਰਣਾ ਸੁਣ ਤੂੰ ਕੀ ਵਾੜੀ ਵਿਚ ਰੱਤਾ ਹੋਇਆ ਹੈਂ ਭਾਵ ਪਾਪੀਆ ਕੀ ਵਿਸ਼ਿਆਂ ਵਿਚ ਲੱਗਾ ਹੈਂ, ਇਹ ਵਿਹੁ ਰੂਪ ਫਲ ਚਾਰ ਦਿਨ ਜਾਣ ਥੋੜੇ ਦਿਨ ਹੀ ਮਿੱਠਾ ਲੱਗਦਾ ਹੈ ਫਿਰ ਓੜਕ ਨੂੰ ਬਹੁਤ ਹੀ ਤਾਤਾ=ਦੁਖਦਾਈ ਹੋ ਜਾਂਦਾ ਹੈ ਜਾਂ ਹੋ ਜਾਵੇਗਾ।

ਜਿਸ ਵਿਸ਼ੇ ਵਿਚ ਤੂੰ ਬਹੁਤ ਰੱਤਾ ਹੋਇਆ ਹੈਂ ਫਿਰ ਓਹ ਦੁਖਦਾਈ ਹੋ ਜਾਵੇਗਾ, ਬਿਸ਼ੇਸ਼ ਕਰਕੇ ਨਾਮ ਤੋਂ ਬਿਨਾਂ ਤਪਾਇਆ ਹੋਇਆ ਦੁਖ ਪਾਵੇਂਗਾ ਜਾਂ ਪਸਚਾਤਾਪ ਕਰੇਂਗਾ, ਓਹ ਨ ਤਰੀ ਜਾਣ ਵਾਲੀ ਨਦੀ ਸਾਇਰ= ਸਮੁੰਦਰ ਵਰਗੀ ਲਹਿਰਾਂ ਦੇਂਦੀ ਹੈ ਤੇ ਜੇਹੜਾ ਜਲ ਤਲਵਾਰ ਦੇ ਬਰਾਬਰ ਪੱਤਾਂ ਵਾਲਾ ਨਰਕ ਰੂਪ ਹੈ ਓਹ ਬਿਜਲੀ ਵਰਗਾ ਚਮਕਦਾ ਹੈ। ਜੇਵ=ਵਰਗਾ ਸਾਇਰ=ਸਮੁੰਦਰ।

ਉਸ ਥਾਂ ਵਿਚ ਪਰਮੇਸਰ ਤੋਂ ਬਿਨ੍ਹਾਂ ਤੇਰਾ ਰਾਖਾ ਕੋਈ ਨਹੀਂ ਹੈ ਸੋ ਓਹ ਪਰਮੇਸਰ ਨੂੰ ਭੁਲਾ ਦਿਤਾ ਹੈ, ਗੁਰੂ ਜੀ=ਅਸੀਂ ਸੱਚ ਆਖਦੇ ਹਾਂ ਹੇ ਮਨ ਕਾਲੇ ਹਰਨ ਤੂੰ ਪਰਮੇਸਰ ਨੂੰ ਯਾਦ ਕਰ ਨਹੀਂ ਤਾਂ ਅੰਤ ਨੂੰ ਦੁਖ ਪਾਕੇ ਮਰੇਂਗਾ।

ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ ॥ ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ ॥ ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ ॥ ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ ॥ ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ ॥ ੨ ॥

ਹੇ ਜੀਵ ਰੂਪ ਭੌਰਿਆ ਵਿਸ਼ਿਆਂ ਰੂਪ ਫੁੱਲਾਂ ਉਤੇ ਭੌਣ ਵਾਲਿਆ ਇਨ੍ਹਾਂ ਫੁੱਲਾਂ ਉਤੇ ਭੌਣ ਕਰਕੇ ਤੈਨੂੰ ਬਹੁਤ ਵੱਡਾ ਦੁਖ ਹੋਵੇਗਾ, ਹੇ ਭਰਾ ਮੈ; ਵਿਚਾਰਵਾਨ ਸੱਚਾ ਅਪਣਾ ਗੁਰੂ ਪੁਛਿਆ ਹੈ ਭਾਵ ਗੁਰੂ ਤੋਂ ਪੁਛਿਆ ਹੈ।

Digitized by Panjab Digital Library | www.panjabdigilib.org

ਮੈਂ ਵਿਚਾਰ ਵਾਲੇ ਗੁਰਾਂ ਤੋਂ ਪੁੱਛਿਆ ਹੈ ਕਿ ਜੀਵ ਰੂਪ ਭੌਰਾ ਜੇਹੜਾ ਪਰ ਇਸਤ੍ਰੀ ਰੂਪ ਫੁੱਲਾਂ ਵੇਲਾਂ ਉੱਤੇ ਰੱਤਾ ਹੋਇਆ ਹੈ ਉਸ ਦਾ ਕੀ ਹਾਲ ਹੋਵੇਗਾ? ਤਾਂ ਗੁਰਾਂ ਨੇ ਆਖਿਆ ਜਦੋਂ ਕਾਲ ਰੂਪ ਸੂਰਜ ਚੜ੍ਹੇਗਾ ਤਾਂ ਸਰੀਰ ਪਿਆ ਰਹਿ ਜਾਵੇਗਾ ਭਾਵ ਨਾਸ ਹੋ ਜਾਵੇਗਾ ਓਦੋਂ ਜਮਦੂਤ ਤੱਤੇ ਤੇਲ ਵਿੱਚ ਤਪਾਉਣਗੇ ਜਾਂ ਪਾ ਦੇਣਗੇ ਭਾਵ ਤੱਤਿਆਂ ਨਰਕਾਂ ਵਿੱਚ ਤਪਾਉਣਗੇ।

ਗੁਰੂ ਉਪਦੇਸ਼ ਤੋਂ ਬਿਨਾਂ ਭੂਤਨਿਆਂ ਵਰਗਾ ਮੈਲਾ ਹੋਕੇ ਜਾਂ ਤਾਲ ਸੁਰ ਪ੍ਰਮੇਸ਼ਰ ਤੋਂ ਘੁੱਥਾ ਹੋਇਆ ਹੋਕੇ ਜਮ ਪੁਰੀ ਦੇ ਰਸਤੇ ਬੰਨ੍ਹਿਆਂ ਹੋਇਆ ਸੋਟਿਆਂ ਦੀਆਂ ਸੱਟਾਂ ਖਾਵੇਗਾ।ਗੁਰੂ ਜੀ=ਹੇ ਮਨ ਕਾਲੇ ਭੌਰ ਤੂੰ ਪ੍ਰਮੇਸਰ ਨੂੰ ਯਾਦ ਕਰ ਮੈਂ ਸੱਚ ਆਖਦਾ ਹਾਂ ਤੂੰ ਇੱਕੁਰ ਦੇ ਕਰਮਾਂ ਨੂੰ ਕਰਦਾ ਹੋਇਆ ਓੜਕ ਨੂੰ ਦੁਖ ਪਾਕੇ ਮਰੇਂਗਾ।

**ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵੈ ਜੰਜਾਲੇ ਰਾਮ ॥ ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ ॥ ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਕਿ ਪਾਇਆ ॥ ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥ ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ ॥ ੩ ॥**

ਹੇ ਮੇਰੇ ਪਰਦੇਸੀ ਜੀਅ ਤੂੰ ਕਿਸ ਜਾਂ ਕੀ ਜੰਜਾਲ ਵਿੱਚ ਪਿਆ ਹੋਇਆ ਹੈਂ ਜੇ ਸੱਚਾ ਮਾਲਕ ਤੇਰੇ ਮਨ ਵਿੱਚ ਵਸ ਜਾਵੇ ਤੇ ਤਾਂ ਤੂੰ ਜਮ ਦੇ ਜਾਲ ਵਿੱਚ ਕਿਉਂ ਫਸੇਂ ਭਾਵ ਨਹੀਂ ਫਸੇਂਗਾ।

ਜਦੋਂ ਕਾਲ ਸ਼ਿਕਾਰੀ ਨੇ ਜੀਵ ਮੱਛੀ ਨੂੰ ਜਾਲ ਵਿੱਚ ਪਾਇਆ ਤਾਂ ਮੂੰਹ ਜਲ ਤੋਂ ਵਿਛੜੀ ਹੋਈ ਅੱਖਾਂ ਵਿੱਚ ਅੱਥਰੂ ਭਰਕੇ ਰੋਂਦੀ ਜਾਂ ਰੋਣ ਲੱਗਪਈ ਜੇਹੜਾ ਮੋਹ ਕਰਕੇ ਤੂੰ ਸੰਸਾਰ ਨੂੰ ਮਿੱਠਾ ਮੰਨਿਆਂ ਹੋਇਆ ਸੀ ਓਹ ਮਿੱਠਤ ਵਾਲਾ ਭਰਮ ਅੰਤ ਨੂੰ ਚੁਕਾਇਆ ਜਾਵੇਗਾ ਭਾਵ ਦੁਖ ਰੂਪ ਜਾਪਣ ਲੱਗ ਜਾਵੇਗਾ।

ਇਸ ਲਈ ਭਗਤੀ ਕਰ, ਸਾਰਿਆਂ ਸੰਸਿਆਂ ਨੂੰ ਛੱਡ, ਪ੍ਰਮੇਸਰ ਦੇ ਨਾਲ ਚਿੱਤ ਲਾ। ਗੁਰੂ ਜੀ=ਹੇ ਪਰਦੇਸੀ ਜੀਅ ਮੈਂ ਸੱਚ ਆਖਦਾ ਹਾਂ ਤੂੰ ਹੁਣੇ ਹੀ ਯਾਦ ਕਰ।

Digitized by Panjab Digital Library | www.panjabdigilib.org

**ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥ ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥ ਬਿਨੁ ਨਾਮੁ ਹਰਿ ਕੇ ਭਰਮ ਭੂਲੇ ਪਚਹਿ ਮੁਗਧ ਅਚੇਤਿਆ ॥ ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥ ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥੧॥੫॥**

ਹੇ ਜੀਵ ਰੂਪ ਜਾਂ ਹੇ ਜੀਆਂ ਸਾਰਿਆਂ ਪਾਸਿਆਂ ਤੇ ਈਸ਼ਰ ਰੂਪ ਨਦੀ ਤੋਂ ਵਿਛੜਿਆ ਹੋਇਆ ! ਉੱਤਮ ਕਰਮਾਂ ਦੇ ਸੰਜੋਗ ਕਰਕੇ ਮੇਲਾ ਹੁੰਦਾ ਜਾਂ ਹੋਵੇਗਾ ਜਿਨਾਂ ਪਦਾਰਥਾਂ ਦਾ ਸੁਆਦ ਮਿੱਠਾ ਜਾਪਦਾ ਹੈ ਓਹ ਅਸਲ ਵਿੱਚ ਜੁੱਗਾਂ ਜੁੱਗਾਂ ਵਿੱਚ ਵਿਹੁ ਵਰਗੇ ਭਾਵ ਦੁੱਖਾਂ ਨਾਲ ਭਰੇ ਹੋਇ ਹਨ ਇਸ ਭੇਦ ਨੂੰ ਕੋਈ ਜੁੜਿਆ ਹੋਇਆ ਗੁਰਮੁਖ ਹੀ ਜਾਣਦਾ ਹੈ।

ਜਿਨਾਂ ਨੇ ਸਤਿਗੁਰਾਂ ਦੁਆਰੇ ਪ੍ਰਮੇਸਰ ਦਾ ਸਿਮਰਨ ਕੀਤਾ ਹੈ ਸੋਈ ਓਹੋ ਕੋਈ ਸੁਭਾਵਕ ਜਾਂ ਸ਼ਾਂਤੀ ਧਾਰਕੇ ਇਸ ਪ੍ਰਮੇਸਰ ਨੂੰ ਜਾਣਦੇ ਹਨ ਭਾਵ ਜੇਹੜੇ ਕੋਈ ਸ਼ਾਂਤੀ ਨੂੰ ਧਾਰਨਾ ਜਾਣਦੇ ਹਨ ਓਹ ਪ੍ਰਮੇਸਰ ਨੂੰ ਵੀ ਪਛਾਣ ਲੈਂਦੇ ਹਨ ਅਤੇ ਮੂਰਖ ਲੋਕ ਪ੍ਰਮੇਸਰ ਦੇ ਨਾਮ ਤੋਂ ਬਿਨਾ ਭਰਮ ਨਾਲ ਭੁੱਲੇ ਹੋਇ ਅਚਤ ਭਰਮ ਵਿੱਚ ਖਪਦੇ ਭਾਵ ਸੜਦੇ ਹਨ।

ਜਿਨਾਂ ਦੇ ਰਿਦੇ ਵਿੱਚ ਪ੍ਰਮੇਸਰ ਦਾ ਸੱਚਾ ਨਾਮ ਅਤੇ ਭਗਤੀ ਨਹੀਂ ਹੈ ਓਹ ਅੰਤ ਨੂੰ ਧਾਹਾਂ ਮਾਰਕੇ ਰੋਂਣਗੇ ਜਾਂ ਰੋਂਦੇ ਹਨ। ਗੁਰੂ ਜੀ=ਹੇ ਬੰਹਤਿਆਂ ਚਿਰਾਂ ਦਿਆ ਵਿਛੜਿਆ ਹੋਇਆ ਜੀਵਾ ਸਚ=ਠੀਕ ਸਮਝਕੇ ਸੱਚੇ ਗੁਰਾਂ ਦੇ ਸ਼ਬਦ ਦੁਆਰਾ ਅਪਣੇ ਆਪ ਨੂੰ ਪ੍ਰਮੇਸਰ ਦੇ ਨਾਲ ਮੇਲ ਭਾਵ ਆਪ ਨੂੰ ਉਸ ਤੋਂ ਵੱਖਰਾ ਨ ਸਮਝ।

## ੴ ਸਤਿਗੁਰਪ੍ਰਸਾਦਿ ॥

## ਆਸਾ ਮਹਲਾ ੩ ਛੰਤੁ ਘਰੁ ੧ ॥

ੑ ਗੁਰਮੁਖ,ਮਨਮੁਖ ਇਸਤ੍ਰੀ ਅਤੇ ਪਤੀ ਪ੍ਰਮੇਸਰ ਕਰਕੇ ਵਰਨਨ ਹੈ। ੑ

**ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ॥ ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾ-**

Digitized by Panjab Digital Library | www.panjabdigilib.org

# ਇਆ ਰਾਮ ॥ ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ॥ ਗੁਰ ਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਂਵੇ ਰੰਗਿ ਰਾਤੀ ॥ ਆਪੁ ਗਵਾਇ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥ ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਓ ਜਨਮੁ ਸਬਾਇਆ ॥ ੧ ॥

ਮੇਰੇ ਰਿਦੇ ਰੂਪ ਘਰ ਵਿੱਚ ਸੱਚੇ ਗੁਰਾਂ ਦੇ ਸ਼ਬਦ ਕਰਕੇ ਸੱਚਾ ਉਤਸ਼ਾਹ ਜਾਂ ਅਨੰਦ ਜਾਂ ਜਸ ਪ੍ਰਾਪਤ ਹੋਇਆ ਹੈ ਇਸ ਲਈ ਮੈਂ ਸੋਹਣਾ ਲੱਗਦਾ ਹਾਂ।

ਇਸਤ੍ਰੀ ਦਾ ਪ੍ਰਮੇਸ਼ਰ ਪਤੀ ਨਾਲ ਮੇਲ ਹੋ ਗਿਆ ਹੈ ਇਹ ਮੇਲ ਮਾਲਕ ਨੇ ਆਪ ਮਿਲਾਇਆ ਹੈ।

ਜਦੋਂ ਆਪ ਮਾਲਕ ਨੇ ਮਿਲਾਇਆ ਹੈ ਤੇ ਤਾਂ ਸੱਚ ਰੂਪ ਨੂੰ ਮਨ ਵਿੱਚ ਵਸਾਰਿਆ ਹੈ ਇਸ ਲਈ ਮੈਂ ਇਸਤ੍ਰੀ ਸਹਿਜੇ ਹੀ ਮਸਤ ਰਹਿੰਦੀ ਹਾਂ।

ਜਦ ਤੋਂ ਗੁਰ ਉਪਦੇਸ਼ ਕਰਕੇ ਮੈਂ ਸਿੰਗਾਰੀ ਹਾਂ ਤਦ ਤੋਂ ਮੈਨੂੰ ਸੱਚੇ ਨੇ ਸਵਾਰ ਲਿਆ ਹੈ ਹੁਣ ਮੇਰੀ ਅਕਲ ਪ੍ਰੇਮ ਵਿੱਚ ਰੱਤੀ ਹੋਈ ਸਦਾ ਪ੍ਰਮੇਸ਼ਰ ਦੇ ਅਨੰਦ ਨੂੰ ਗੌਂਦੀ ਭਾਵ ਮਾਣ ਦੀ ਹੈ।

ਜਦੋਂ ਮੈਂ ਹੰਕਾਰ ਆਦਕ ਵਿਕਾਰ ਗਵਾਏ ਹਨ ਤਾਂ ਪ੍ਰਮੇਸਰ ਪਤੀ ਪਾਇਆ ਹੈ ਅਤੇ ਪ੍ਰਮੇਸਰ ਦਾ ਅਨੰਦ ਮਨ ਵਿੱਚ ਵਸਾਇਆ ਹੈ।

ਗੁਰੂ ਜੀ=ਜਦੋਂ ਗੁਰ ਸ਼ਬਦ ਕਰਕੇ ਮੈਂ ਸਵਾਰੀ ਗਈ ਹਾਂ ਤਾਂ ਮੇਰਾ ਮਨੁੱਖਾ ਜਨਮ ਸਾਰਾ ਸਫਲਾ ਹੋਯਾ ਹੈ।

# ਦੂਜੜੈ ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ ॥ ਕਾਮਣਿ ਗੁਣੁ ਨਾਹੀ ਬਿਰਥਾ ਜਨਮੁ ਗਵਾਏ ਰਾਮ ॥ ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣ ਵੰਤੀ ਝੂਰੇ ॥ ਆਪਣਾ ਸਤਿਗੁਰ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ ॥ ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ ॥ ਨਾਨਕ ਵਿਣੁ ਨਾਵੈ ਕਾਮਣਿ ਭਰਮਿ ਭੁਲਾਣੀ . ਮਿਲਿ ਪ੍ਰੀਤਮ

**ਸੁਖੁ ਪਾਏ ॥ ੨ ॥**

ਜੇਹੜੀ ਇਸਤ੍ਰੀ ਦੂਸਰੇ ਖਿਆਲ ਵਾਲੀ ਭਰਮ ਵਿੱਚ ਭੁੱਲੀ ਹੈ ਓਹ ਹਰੀ ਪਤੀ ਨੂੰ ਨਹੀਂ ਪਾਂਦੀ ਹੈ ਉਸ ਮਨਮੁਖ ਇਸਤ੍ਰੀਵਿੱਚ ਕੋਈ ਗੁਣ ਨਹੀਂ ਹੈ ਓਹ ਜਨਮ ਨੂੰ ਬਿਅਰਥ ਹੀ ਗਵਾਈ ਜਾਂਦੀ ਹੈ।

ਓਹ ਮਨਮੁਖ ਇਆਣੀ ਔਗੁਣ ਵਾਲੀ ਜਨਮ ਨੂੰ ਬਿਅਰਥ ਗਵਾ ਲੈਂਦੀ ਹੈ ਫਿਰ ਪਿੱਛੋਂ ਬਹਿਕੇ ਪੱਛਾਤਾਪ ਕਰਦੀ ਹੈ।

ਅਪਣਾ ਸਤਿਗੁਰ ਸੇਵਕੇ ਜਦੋਂ ਪਾਸ ਭਾਵ ਦਿਲ ਦੇ ਵਿੱਚ ਪਤੀ ਮਿਲ ਗਿਆ ਤਾਂ ਸਦਾ ਸੁਖ ਭਾਵ ਪ੍ਰਮੇਸਰ ਪ੍ਰਾਪਤੀ ਦਾ ਅਨੰਦ ਹੋਇਆ।

ਇੱਕੁਰ ਪਤੀ ਨੂੰ ਵੇਖ ਕੇ ਬੜੀ ਬਿਗਸੀ=ਖਿੜੀ ਭਾਵ ਖੁਸ਼ੀ ਹੋਈ ਅਤੇ ਅੰਦਰੋਂ ਭਾਵ ਅੰਤਸ਼ਕਰਨ ਵਿਚੋਂ ਸਰਸੀ=ਸਹਿਤ ਰਸ ਦੇ ਭਾਵ ਅਨੰਦ ਵਾਲੀ ਹੋਈ ਸਚੇ ਉਪਦੇਸ਼ ਕਰਕੇ ਸੁਭਾਇਮਾਨ ਹੁੰਦੀ ਹੈ।

ਗੁਰੂ ਜੀ=ਨਾਮ ਤੋਂ ਬਿਨਾਂ ਮਨਮੁਖ ਇਸਤ੍ਰੀ ਭਰਮ ਵਿੱਚ ਭੁੱਲੀ ਹੋਈ ਹੈ ਜਦੋਂ ਪ੍ਰੀਤਮ ਨਾਲ ਮਿਲੇਗੀ ਤਾਂ ਸੁਖ ਪਾਵੇਗੀ।

**ਪਿਰੁ ਸੰਗਿ ਕਾਮਣਿ ਜਾਣਿਆ ਗੁਰਿਮੇਲਿਮਿਲਾਈ ਰਾਮ ॥ ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ॥ ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ ਸਹਜੇ ਹਰਿ ਰਸੁ ਚਾਖਿਆ ॥ ਮਿਲਿ ਪ੍ਰੀਤਮ ਅਪਣੇ ਸਦਾ ਰੰਗ ਮਾਣੇ ਸਚੈ ਸਬਦਿ ਸੁਭਾਖਿਆ॥ ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥ ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥ ੩ ॥**

ਜੇਹੜੀ ਗੁਰਮੁਖ ਇਸਤ੍ਰੀ ਗੁਰਾਂ ਨੇ ਅਪਣੇ ਮੇਲ ਵਿੱਚ ਮਿਲਾਈ ਹੈ ਉਸਨੇ ਪਿਆਰੇ ਨੂੰ ਨਾਲ ਜਾਣਿਆਂ ਹੈ ਗੁਰ ਉਪਦੇਸ਼ ਨਾਲ ਦਿਲ ਅਕਲ ਵਿੱਚ ਪ੍ਰਮੇਸਰ ਨੂੰ ਜਾਣਕੇ ਮਿਲੀ ਹੈ। ਅਤੇ ਅਪਣੇ ਰਿਦੇ ਦੀ ਤਪਤ ਸੁਭਾਵਕ ਹੀ ਬੁਝਾਈ ਹੈ।

ਜਿਸ ਨੇ ਗੁਰ ਉਪਦੇਸ਼ ਕਰਕੇ ਵਿਛੋੜੇ ਦੀ ਅੱਗ ਬੁਝਾਈ ਹੈ ਉਸ ਦੇ ਦਿਲ ਅੰਦਰ ਸ਼ਾਂਤੀ ਆਈ ਹੈ ਉਸ ਨੇ ਸੁਭਾਵਕ ਹੀ ਪ੍ਰਮੇਸਰ ਦੇ ਸ੍ਵਾਦ ਨੂੰ ਚੱਖਿਆ ਹੈ।

ਓਹ ਅਪਣੇ ਪਿਆਰੇ ਨਾਲ ਮਿਲਕੇ ਸਦਾ ਅਨੰਦ ਮਾਣਦੀ ਅਤੇ ਹੋਰਨਾਂ ਪ੍ਰੇਮੀਆਂ ਨੂੰ ਸਚੇ ਦਾ ਉਪਦੇਸ਼ ਸੁਭਾਖਿਆ=ਉਚਾਰਿਆ

Digitized by Panjab Digital Library | www.panjabdigilib.org

ਜਾਂ ਬੋਲਕੇ ਸੁਣਾਇਆ ਹੈ।

ਪੰਡਤ ਪੜ੍ਹ ਪੜ੍ਹ ਕੇ ਚੁੱਪ ਕਰਨ ਵਾਲੇ ਚੁੱਪ ਕਰਦੇ ਥੱਕ ਗਏ ਹਨ, ਪਰ ਕਪਟ ਵਾਲਿਆਂ ਭੇਖੀਆਂ ਨੇ ਮੁਕਤੀ ਨਹੀਂ ਪਾਈ ਹੈ। ਗੁਰੂ ਜੀ= ਭਗਤੀ ਤੋਂ ਬਿਨਾਂ ਸੰਸਾਰ ਕਮਲਾ ਹੋਇਆ ੨ ਹੈ। ਜੇਹੜੀ ਦੁਨੀਆਂ ਪ੍ਰਮੇਸ਼ਰ ਵਿਚ ਮਿਲ ਗਈ ਹੈ ਉਹ ਸਚੇ ਉਪਦੇਸ਼ ਨੇ ਹੀ ਮਿਲਾਈ ਹੈ।

**ਸਾਧਨ ਮਨਿ ਅਨਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ ॥ ਸਾਧਨ ਹਰਿ ਕੈ ਰਸਿ ਰਸੀ ਗੁਰ ਕੈ ਸਬਦਿ ਅਪਾਰੇ ਰਾਮ ॥ ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮੰਨਿ ਵਸੇ ॥ ਸੇਜ ਸੁਹਾਵੀ ਜਾ ਪਿਰਿ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ ॥ ਜਿਤੁ ਘਰੇ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ ॥ ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ॥ ੪ ॥ ੧ ॥ ੬ ॥**

ਉਸ ਇਸਤ੍ਰੀ ਦੇ ਮਨ ਵਿਚ ਅਨੰਦ ਹੋਇਆ ਹੈ ਜਿਸਨੂੰ ਪਿਆਰੇ ਹਰੀ ਜੀ ਨੇ ਅਪਣੇ ਵਿਚ ਮੇਲ ਲਿਆ ਹੈ।

ਉਹ ਇਸਤ੍ਰੀ ਪ੍ਰਮੇਸ਼ਰ ਦੇ ਵੱਡੇ ਅਨੰਦ ਵਿਚ ਰਸਵਾਲੀ ਹੋਈ ਹੋਈ ਹੈ ਜਿਸਨੇ ਗੁਰ ਸ਼ਬਦ ਵਿਚ ਪ੍ਰੇਮ ਕੀਤਾ ਹੈ। ਅਪਾਰੇ=ਵੱਡੇ ਅਨੰਦ।

ਗੁਰ ਉਪਦੇਸ਼ ਕਰਕੇ ਬਿਅੰਤ ਪਿਆਰੇ ਨੂੰ ਮਿਲੇ ਹਨ, ਅਤੇ ਬਾਣੀ ਕਰਕੇ ਉਸ ਪਿਆਰੇ ਦੇ ਗੁਣਾਂ ਨੂੰ ਸੰਭਾਲਦੇ ਹਨ। ਭਾਵ ਉਚਾਰਦੇ ਹਨ, ਅਤੇ ਮਨ ਵਿਚ ਬੀ ਉਸੇਦੇ ਹੀ ਗੁਣ ਵੱਸੇ ਹੋਏ ਹਨ। ਜਦੋਂ ਮਾਲਕ ਨੇ ਆਪਣੇ ਨਾਲ ਮਿਲਾ ਲਈ ਤਾਂ ਅੰਤਸ਼ਕਰਣ ਰੂਪ ਸੇਜਾ ਸੋਹਣੀ ਹੋਈ ਅਤੇ ਪਿਆਰੇ ਦੇ ਨਾਲ ਮਿਲਣ ਕਰਕੇ ਸਾਰੇ ਔਗਣ ਚਲੇ ਗਏ।

ਜਿਸ ਰਿਦੇ ਰੂਪ ਘਰ ਵਿਚ ਹਰੀ ਨਾਮ ਸਦਾ ਹੀ ਧਿਆਈਦਾ ਹੈ, ਉਸਨੂੰ ਚਹੁੰਆਂ ਹੀ ਜੁੱਗਾਂ, ਭਾਵ ਸਾਰਿਆਂ ਸਮਿਆਂ ਵਿਚ ਅਨੰਦ ਹੁੰਦਾ ਹੈ।

ਗੁਰੂ ਜੀ=ਜੇਹੜੇ ਨਾਮੀ ਵਿਚ ਰੱਤੇ ਹਨ ਉਨ੍ਹਾਂ ਨੂੰ ਸਦਾ ਹੀ ਅਨੰਦ ਹੈ ਕਿਉਂਕਿ ਪ੍ਰਮੇਸ਼ਰ ਓਨਾਂ ਨੂੰ ਮਿਲਿਆ ਹੈ ਉਸ ਕਰਕੇ ਓਨਾਂ ਨੇ ਆਪਣੇ ਸਾਰੇ ਕੰਮ ਸਾਰੇ=ਸਵਾਰ ਲਏ ਹਨ।

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥
ਆਸਾ ਮਹਲਾ ੩ ਛੰਤ ਘਰੁ ੩ ॥

**ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ ॥ ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ ਲੇਹੋ ॥ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ ਭਾਵਏ ॥ ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥ ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰਦੁਆਰੈ ਕੋ ਪਾਵਏ ॥ ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥ ੧ ॥**

ਹੇ ਮੇਰੇ ਪਿਆਰੇ ਸਜਨੋਂ ! ਤੁਸੀਂ ਪ੍ਰਮੇਸ਼ਰ ਦੀ ਭਗਤੀ ਕਰੋ, ਆਪਣੇ ਗੁਰੂ ਦੀ ਸੇਵਾ ਕਰੋ ਅਤੇ ਉਸਦੇ ਨਾਮ ਪਦਾਰਥ ਨੂੰ ਲਓ।

ਇੱਕੁਰ ਦੀ ਪਿਆਰੇ ਦੀ ਭਗਤੀ ਕਰੋ ਜੇਹੜੀ ਪਿਆਰੇ ਪਤੀ ਨੂੰ ਚੰਗੀ ਲਗੇ। ਜਦੋਂ ਤੁਸੀਂ ਆਪਣਾ ਮਨ ਭਾਉਂਦਾ ਕੰਮ ਕਰੋਗੇ ਤਾਂ ਪਿਆਰਾ ਪਤੀ ਖੁਸ਼ੀ ਵਿਚ ਨਾ ਆਵੇਗਾ? ਭਾਵ ਤੁਹਾਡੇ ਉਤੇ ਪ੍ਰਸੰਨ ਨਹੀਂ ਹੋਵੇਗਾ ?

ਭਗਤੀ ਪ੍ਰੇਮ ਦਾ ਰਸਤਾ ਬੜਾ ਔਖਾ ਹੈ ਗੁਰੂ ਦੁਆਰੇ ਇਸ ਰਸਤੇ ਨੂੰ ਕੋਈ ਵਿਰਲਾ ਹੀ ਪਾਂਦਾ ਹੈ ਭਾਵ ਗੁਰੂ ਜੀ ਦੀ ਕ੍ਰਿਪਾ ਨਾਲ ਪ੍ਰਮੇਸ਼ਰ ਕਿਸੇ ਗੁਰਮੁਖ ਨੂੰ ਹੀ ਮਿਲਦਾ ਹੈ। ਗੁਰੂ ਜੀ=ਜਿਸਦੇ ਉਤੇ ਪ੍ਰਮੇਸ਼ਰ ਆਪ ਕ੍ਰਿਪਾ ਕਰਦਾ ਹੈ ਉਹ ਆਦਮੀ ਉਸ ਪ੍ਰਮੇਸ਼ਰ ਦੀ ਭਗਤੀ ਵਿਚ ਚਿਤ ਨੂੰ ਲਾਂਦਾ ਹੈ।

**ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ ॥ ਹਰਿ ਸੋਹਿਲਾ ਤਿਨ੍ ਸਦ ਸਦਾ ਜੋ ਹਰਿ ਗੁਣ ਗਾਵਹਿ ॥ ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥ ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ॥ ਜਿਨਿ ਹੁਕਮੁ ਪਛਾਤਾ ਹਰੀ**

Digitized by Panjab Digital Library | www.panjabdigilib.org

**ਕੇਰਾ ਸੋਈ ਸਰਬ ਸੁਖ ਪਾਵਹੇ ॥ ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵਲਾਵਏ ॥ ੨ ॥**

ਹੇ ਮੇਰਿਆ ਮਨਾ ਵੈਰਾਗੀਆ ਤੂੰ ਝੂਠੇ ਵੈਰਾਗ ਕਰਕੇ ਕਿਸਨੂੰ ਵਖਾਂਦਾ ਹੈਂ ? ਜੇਹੜੇ ਰੋਜ ੨ ਹਰੀ ਦੇ ਗੁਣਾਂ ਨੂੰ ਗਾਂਦੇ ਹਨ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਅਨੰਦ ਸਦਾ ਪ੍ਰਾਪਤ ਹੁੰਦਾ ਹੈ।

ਤੂੰ ਸਚਾ ਪ੍ਰੇਮ ਕਰ ਪਰ ਪਖੰਡ ਨੂੰ ਛੱਡ ਦੇਹ, ਕਿਉਂਕਿ ਉਹ ਪਤੀ ਪ੍ਰਮੇਸ਼ਰ ਤੇਰਾ ਸਭ ਕੁਛ ਜਾਣਦਾ ਹੈ ਉਹ ਕਿੱਥੇ ਹੈ ਹਰ ਥਾਂ ਹੈ ਜਲਾਂ, ਥਲਾਂ, ਧਰਤੀ, ਅਕਾਸ਼, ਓਹੋ ਹੀ ਇਕ ਪੂਰਨ ਫੈਲਿਆ ਹੋਇਆ ਹੈ ਪਰ ਗੁਰਾਂ ਦੁਆਰੇ ਉਸ ਇੱਕ ਦੇ ਹੁਕਮ ਨੂੰ ਪਛਾਣੇਗਾ।

ਜਿਨਾਂ ਨੇ ਪ੍ਰਮੇਸਰ ਦਾ ਹੁਕਮ ਪਛਾਣਿਆਂ ਹੈ ਓਹ ਹਰ ਤਰਾਂ ਦੇ ਸੁਖਾਂ ਨੂੰ ਪਾਂਦੇ ਹਨ।

ਗੁਰੂ ਜੀ=ਇਸ ਤਰਾਂ ਜੇਹੜੇ ਰਾਤ ਦਿਨ ਹਰੀ ਵਿੱਚ ਚਿਤ ਲਾਂਦੇ ਹਨ ਉਹ ਸੱਚੇ ਵੈਰਾਗੀ ਹਨ।

**ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ ॥ ਮਨ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ॥ ਸਾਥਿ ਤੇਰੈ ਸੋ ਸਹੁ ਸਦਾ ਹੈ ਇਕੁ ਖਿਨੁ ਹਰਿ ਨਾਮੁ ਸਮਾਲਹੇ ॥ ਜਨਮ ਜਨਮ ਕੇ ਤੇਰੇ ਪਾਪ ਕਟੇ ਅੰਤਿ ਪਰਮ ਪਦੁ ਪਾਵਹੇ ॥ ਸਾਚੇ ਨਾਲਿ ਤੇਰਾ ਗੰਢੁ ਲਾਗੈ ਗੁਰਮੁਖਿ ਸਦਾ ਸਮਾਲੇ ॥ ਇਉ ਕਹੈ ਨਾਨਕੁ ਜਹ ਮਨ ਤੂੰ ਧਾਵਦਾ ਤਹ ਹਰਿ ਤੇਰੈ ਸਦਾ ਨਾਲੇ ॥ ੩ ॥**

ਹੇ ਮਨ ਜਿੱਥੇ ੨ ਤੂੰ ਦੌੜਦਾ ਜਾਂਦਾ ਹੈਂ ਓਥੇ ੨ ਪ੍ਰਮੇਸਰ ਤੇਰੇ ਨਾਲ ਹੈ ਹੇ ਮਨ ਚਤਰਾਈ ਨੂੰ ਛੱਡ ਦੇਈਏ ਗੁਰਾਂ ਦਾ ਸ਼ਬਦ ਸੰਭਾਲ ਲਈਏ।

ਓਹ ਮਾਲਕ ਸਦਾ ਤੇਰੇ ਨਾਲ ਹੈ ਤੂੰ ਇਕ ਛਿਨ ਤਾਂ ਹਰੀ ਨਾਮ ਦਾ ਸੰਭਾਲਣਾ ਕਰ ਜਿਸ ਕਰਕੇ ਜਨਮਾਂ ੨ ਦੇ ਤੇਰੇ ਪਾਪ ਕੱਟੇ ਜਾਣ ਅਤੇ ਅੰਤ ਨੂੰ ਤੂੰ ਮੁਕਤੀ ਪਾ ਲਏਂ।

ਸੱਚੇ ਪ੍ਰਮੇਸਰ ਨਾਲ ਤੇਰਾ ਜੋੜ ਲੱਗ ਜਾਵੇ ਗੁਰਮੁਖ ਹੋਕੇ ਸਦਾ ਸਿਮਰਨ ਕਰੇਂ।

ਗੁਰੂ ਜੀ=ਹੇ ਮਨ ਇੱਕੁਰ ਤੂੰ ਜਿੱਥੇ ੨ ਜਾਂਦਾ ਦੌੜਦਾ ਫਿਰਦਾ ਹੈਂ ਓਥੇ ੨ ਹਰ ਥਾਂ ਪ੍ਰਮੇਸਰ ਤੇਰੇ ਨਾਲ ਹੈ।

Digitized by Panjab Digital Library | www.panjabdigilib.org

**ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਇ ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਇ ॥ ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥ ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥ ਤਹ ਅਨੇਕ ਵਾਜੇ ਸਦਾ ਅਨਹਦੁ ਹੈ ਸਚੇ ਰਹਿਆ ਸਮਾਇ ॥ ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਇ ॥ ੪ ॥**

ਜਿਨਾਂ ਨੂੰ ਸਤਿਗੁਰੂ ਮਿਲਿਆ ਹੈ ਉਨਾਂ ਨੇ ਹੀ ਦੌੜਦੇ ਮਨ ਨੂੰ ਰੋਕਿਆ ਹੈ ਉਨਾਂ ਦਾ ਮਨ ਅਪਣੇ ਅਸਲੀ ਘਰ ਭਾਵ ਪ੍ਰਮੇਸਰ ਵਿੱਚ ਆਕੇ ਵੱਸਿਆ ਹੈ ਇੱਕੁਰ ਦੇ ਗੁਰਮੁਖ ਨਾਮ ਨੂੰ ਹੀ ਗੁਰਾਂ ਪਾਸੋਂ ਖਰੀਦਦੇ ਹਨ ਨਾਮ ਨੂੰ ਹੀ ਲੈਂਦੇ ਹਨ ਅਤੇ ਨਾਮੀ ਵਿੱਚ ਹੀ ਮਿਲੇ ਰਹਿੰਦੇ ਹਨ।

ਸਤਿਗੁਰਾਂ ਨੂੰ ਮਿਲਕੇ ਜਦੋਂ ਦੌੜਕੇ ਮਨ ਨੂੰ ਰੋਕਿਆ ਤਾਂ ਪ੍ਰਗਟ ਹੀ ਦਸ੍ਵਾਂ ਬੂਹਾ ਲੱਭ ਲਿਆ ਭਾਵ ਮਨ ਵਿਚ ਪ੍ਰਮੇਸਰ ਨੂੰ ਪਾ ਲਿਆ ਉੱਥੇ ਦਸਵੇਂ ਦੁਆਰ ਵਿਚ ਜਿਸ ਸ਼ਬਦ ਧੁਨੀ ਨੇ ਜੀਵ ਦਾ ਮਨ ਰੋਕ ਰੱਖਿਆ ਹੈ ਜਾਂ ਜੇਹੜੀ ਸਹਿਜੇ ਹੀ ਅਵਾਜ ਪੈਦਾ ਹੁੰਦੀ ਹੈ ਏਹੋ ਹੀ ਅੰਮ੍ਰਿਤ ਵਰਗਾ ਭੋਜਨ ਦਾ ਖਾਣਾ ਹੈ ਭਾਵ ਮਨ ਨੂੰ ਰੋਕ ਕੇ ਅਨੰਦ ਲੈਂਦਾ ਹੈ ਜਿਸ ਗੁਰ ਉਪਦੇਸ਼ ਨਾਲ ਸਾਰਾ ਜਗਤ ਥੰਮਿਆਂ ਰਹਿੰਦਾ ਹੈ ਭਾਵ ਆਸਰੇ ਨਾਲ ਖੜੋਤਾ ਹੈ।

ਉਥੇ ਅਨੇਕ ਤਰਾਂ ਦੇ ਵਾਜੇ ਵੱਜਦੇ ਹਨ ਜਿਨਾਂ ਨੂੰ ਸੁਣਕੇ ਗੁਰਮੁਖਾਂ ਨੂੰ ਸਦਾ ਹੀ ਅਨੰਦ ਰਹਿੰਦਾ ਹੈ ਅਤੇ ਓਹ ਸੱਚੇ ਵਿਚ ਮਿਲਿਆ ਰਹਿੰਦਾ ਹੈ।

{ ਇਹਨਾਂ ਔਖੀਆਂ ਪੰਗਤੀਆਂ ਦਾ ਭਾਵਾਰਥ ਇਹ ਹੈ ਕਿ ਸਿਖ ਗੁਰੂ ਨਾਲ ਮਿਲ ਕੇ ਮਨ ਨੂੰ ਰੋਕਕੇ ਪ੍ਰਮੇਸਰ ਨੂੰ ਮਿਲਦੇ ਹਨ ਅਤੇ ਸਦਾ ਸਤਸੰਗ ਭਜਨ ਕਰਦੇ ਰਹਿੰਦੇ ਹਨ ਉਨਾਂ ਨੂੰ ਜੇਹੜਾ ਅਨੰਦ ਆਉਂਦਾ ਹੈ ਓਹ ਜੋਗੀਆਂ ਤੇ ਭੋਗੀਆਂ ਰਾਜਿਆਂ ਨੂੰ ਨਹੀਂ ਆਉਂਦਾ ਹੈ। }

ਗੁਰੂ ਜੀ=ਇੱਕੁਰ ਗੁਰੂ ਨੂੰ ਮਿਲਕੇ ਦੌੜਦੇ ਮਨ ਨੂੰ ਰੋਕਿਆ ਜਾਂ ਰਿਦੇ ਵਿਚ ਪ੍ਰਮੇਸਰ ਆ ਵੱਸਿਆ ਜਾਂ ਮਨ ਟਿਕਿਆ।

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**

Digitized by Panjab Digital Library | www.panjabdigilib.org

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ ਗੁਰਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰ· ਵਾਣੁ॥ ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥ ੫ ॥

ਹੇ ਮਨ ਤੂੰ ਪ੍ਰਮੇਸਰ ਦਾ ਰੂਪ ਹੈਂ ਜੇਹੜਾ ਤੇਰਾ ਅਪਣਾ ਮੁੱਢ ਭਾਵ ਪ੍ਰਮੇਸਰ ਹੈ ਉਸ ਨੂੰ ਤੂੰ ਪਛਾਣ ਭਾਵ ਲੱਭ ਹੇ ਮਨ ਪ੍ਰਮੇਸਰ ਤੇਰੇ ਨਾਲ ਹੈ ਤੂੰ ਗੁਰ ਸਿਖਿਆ ਲੈਕੇ ਅਨੰਦ ਨੂੰ ਮਾਣ ਭਾਵ ਖੁਸ਼ੀਆਂ ਕਰ ।

ਜਦੋਂ ਤੂੰ ਅਪਣੇ ਮੁੱਢ ਨੂੰ ਜਾਣੇਗਾ ਤਾਂ ਪਤੀ ਨੂੰ ਪਛਾਣ ਲਏਂਗਾ ਤਾਂ ਤੈਨੂੰ ਜੀਵਣ ਮਰਨ ਦੀ ਜਾਂ ਮਰਨ ਤੋਂ ਰਹਿਤ ਹੋਕੇ ਜੀਵਣ ਦੀ ਖਬਰ ਹੋ ਜਾਵੇਗੀ ਜਦੋਂ ਤੂੰ ਗੁਰਾਂ ਦੀ ਕਿਰਪਾ ਕਰਕੇ ਇਕ ਪ੍ਰਮੇਸਰ ਨੂੰ ਜਾਣੇਂਗਾ ਤਾਂ ਤੇਰੇ ਵਿਚ ਦੂਸਰਾ ਭਾਉ ਫੇਰ ਨਹੀਂ ਹੋਵੇਗਾ।

ਜਦੋਂ ਮਨ ਵਿਚ ਸ਼ਾਂਤੀ ਆਈ ਹੋਵੇਗੀ ਅਤੇ ਖੁਸ਼ੀ ਪ੍ਰਗਟ ਹੋਵੇਗੀ ਤਾਂ ਤੂੰ ਅਪਣੇ ਜਨਮ ਨੂੰ ਪਰਵਾਣ ਹੋਇਆ ਜਾਣ। ਗੁਰੂ ਜੀ=ਹੇ ਮਨ ਤੂੰ ਪ੍ਰਕਾਸ਼ ਰੂਪ ਹੈਂ ਪਰ ਜੇਹੜਾ ਤੇਰਾ ਮੁੱਢ ਪ੍ਰਮੇਸਰ ਹੈ ਤੂੰ ਉਸ ਨੂੰ ਪਛਾਣ, ਇੱਕੁਰ ਗੁਰੂ ਜੀ ਸੱਚ ਆਖਦੇ ਹਨ। ਮਨ ਦਾ ਅਰਥ ਜੀਵ ਹੈ।

ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥ ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ॥ ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ ॥ ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ ॥ ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ ॥ ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ ॥ ੬ ॥

ਹੇ ਜੀਅ ! ਤੂੰ ਹੰਕਾਰ ਨਾਲ ਅੱਟਿਆ=ਘੇਰਿਆ, ਦਬਾਇਆ, ਦਬਿਆ, ਭਰਿਆ ਹੋਇਆ ਹੈਂ, ਅਤੇ ਹੰਕਾਰ ਦਾ ਹੀ ਲੱਦਿਆ ਹੋਇਆ

Digitized by Panjab Digital Library | www.panjabdigilib.org

ਪ੍ਰਲੋਕ ਵਿਚ ਜਾਵੇਂਗਾ, ਮਾਇਆ ਮੋਹਣੀ ਦਾ ਮੋਹਿਆ ਹੋਇਆ ਮੁੜ ੨ ਚੁਰਾਸੀ ਲਖ ਜੂਨੀਆਂ ਵਿਚ ਭੌਂਦਾ ਫਿਰੇਂਗਾ।

ਹੇ ਮੂਰਖ ਮਨ ਤੂੰ ਹੰਕਾਰ ਵਿਚ ਲਗਾ ਜਾਂਦਾ ਹੈਂ ਓੜਕ ਨੂੰ ਜਮ ਲੋਕ ਵਿਚ ਗਿਆਂ ਹੋਇਆਂ ਪਛਤਾਵੇਂਗਾ, ਜੀਅ ਨੂੰ ਹੰਕਾਰ ਤੇ ਤ੍ਰਿਸ਼ਨਾ ਦਾ ਵੱਡਾ ਰੋਗ ਲੱਗਾ ਹੋਇਆ ਹੈ ਇਸ ਕਰਕੇ ਜਨਮ ਨੂੰ ਬਿਅਰਥ ਹੀ ਗਵਾਂਦਾ ਜਾਂਦਾ ਹੈ।

ਤੂੰ ਮਨਮੁਖ ਮੂਰਖ ਯਾਦ ਨਹੀਂ ਕਰਦਾ ਹੈਂ ਅੰਤ ਨੂੰ ਪ੍ਰਲੋਕ ਵਿਚ ਗਿਆ ਹੋਇਆ ਪਛਤਾਵੇਂਗਾ।

ਗੁਰੂ ਜੀ ਇੱਕੁਰ ਸੱਚ ਆਖਦੇ ਹਨ ਹੇ ਮਨ ਤੂੰ ਹੰਕਾਰ ਦਾ ਘੇਰਿਆ ਹੋਇਆ ਹੈਂ ਤੇ ਹੰਕਾਰ ਦਾ ਹੀ ਲੱਦਿਆ ਹੋਇਆ ਜਮਲੋਕ ਨੂੰ ਜਾਵੇਂਗਾ।

**ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥ ਅੰਤਰਿ ਅਗਿਆਨੁ ਹਉਬੁਧਿ ਹੈ ਸਚਿ ਸਬਦਿ ਮਲੁ ਖੋਹੁ ॥ ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥ ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥ ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥ ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥ ੭ ॥**

ਹੇ ਮਨ ਤੂੰ ਇਸ ਗੱਲ ਦਾ ਮੱਤ ਕੁਛ ਹੰਕਾਰ ਕਰ ਜੋ ਮੈਂ ਕੁਛ ਜਾਣਦਾ ਹਾਂ ਗੁਰਮੁਖ ਹੋਕੇ ਨਿਮਾਣਾ ਹੋਇ ਰਹੋ।

ਤੇਰੀ ਅਕਲ ਦੇ ਵਿਚ ਜੇਹੜੀ ਅਗਜਾਤ ਤੇ ਹੰਕਾਰ ਦੀ ਮੈਲ ਹੈ ਸੱਚੇ ਉਪਦੇਸ਼ ਨੂੰ ਧਾਰਕੇ ਉਸ ਮੈਲ ਨੂੰ ਨਾਸ ਕਰ ਦੇਹ।

ਇੱਕੁਰ ਦਾ ਨਿਮਾਣਾ ਬਣ ਜੋ ਸਤਿਗੁਰਾਂ ਦੇ ਅੱਗੇ ਅਪਣਾ ਆਪ ਕੁਛ ਨਾ ਜਣਾ।

ਜਗਤ ਤਾਂ ਆਪਣੇ ਹੰਕਾਰ ਵਿਚ ਸੜਿਆ ਹੀ ਹੋਇਆ ਹੈ ਮਤ ਤੂੰ ਵੀ ਉਸੇ ਹੰਕਾਰ ਵਿਚ ਅਪਣਾ ਆਪ ਗਵਾ ਲਵੇਂ ਭਾਵ ਸਾੜ ਲਵੇਂ।

ਜੇ ਤੂੰ ਸਤਿਗੁਰਾਂ ਦੇ ਹੁਕਮ ਨਾਲ ਕਾਰ=ਸੇਵਾ ਕਰੇਂ ਤਾਂ ਮੁਕਤੀ ਹੋਵੇ, ਇਸ ਲਈ ਸਤਿਗੁਰਾਂ ਦੇ ਹੁਕਮ ਵਿੱਚ ਲੱਗਾ ਰਹੋ।

ਇੱਕੁਰ ਗੁਰੂ ਜੀ ਸੱਚ ਆਖਦੇ ਹਨ ਹੇ ਮਨ ਤੂੰ ਹੰਕਾਰ ਨੂੰ ਛੱਡ ਦਿਹ

Digitized by Panjab Digital Library | www.panjabdigilib.org

ਨਿਮਾਣਾ ਹੋਇ ਰਹੇ ਤਾਂ ਸੁਖ ਪਾਵੇਂਗਾ ।

**ਧੰਨੁ ਸੁਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥ ਮਹਾ ਅਨੰਦੁ ਸਹਜੁ ਭਇਆ ਮਨਿ ਤਨਿ ਸੁਖੁ ਪਾਇਆ ॥ ਸੋ ਸਹੁ ਚਿਤਿ ਆਇਆ ਮੰਨਿ ਵਸਾਇਆ ਅਵਗਣ ਸਭਿ ਵਿਸਾਰੇ ॥ ਜਾ ਤਿਸੁ ਭਾਣਾ ਗੁਣ ਪਰਗਟੁ ਹੋਏ ਸਤਿਗੁਰ ਆਪਿ ਸਵਾਰੇ ॥ ਸੇਜਨ ਪਰਵਾਣੁ ਹੋਏ ਜਿਨੀ ਇਕੁ ਨਾਮੁ ਦਿੜਿਆ ਦੁਤੀਆ ਭਾਉ ਚੁਕਾਇਆ ॥ ਇਉ ਕਹੈ ਨਾਨਕੁ ਧੰਨੁ ਸੁਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥ ੮ ॥**

ਓਹ ਵੇਲਾ ਧੰਨ ਹੈ ਜਦੋਂ ਮੈਨੂੰ ਸਤਿਗੁਰੂ ਮਿਲਿਆ ਹੈ ਅਤੇ ਓਹ ਪਤੀ ਪ੍ਰਮੇਸਰ ਮੇਰੇ ਚਿਤ ਵਿਚ ਯਾਦ ਆਇਆ ਹੈ।

ਪਿਆਰੇ ਦੇ ਆਉਂਣ ਨਾਲ ਸੁਭਾਵਕ ਹੀ ਬੜਾ ਅਨੰਦ ਹੋਇਆ ਹੈ ਤੇ ਮਨ ਤਨ ਵਿਚ ਸੁਖ ਪਾਇਆ ਹੈ।

ਜਦੋਂ ਓਹ ਮਾਲਕ ਚਿਤ ਵਿਚ ਆਇਆ ਮੈਂ ਉਸ ਵਿਚ ਅਪਨਾ ਮਨ ਵਸਾਇਆ ਜਾਂ ਉਹ ਮਨ ਵਿਚ ਵਸਾਇਆ ਤਾਂ ਮੇਰੇ ਜਿਤਨੇ ਔਗੁਣ ਸੀ ਸਾਰੇ ਪਤੀ ਨੇ ਵਿਸਾਰ ਦਿੱਤੇ ।

ਜਦੋਂ ਮੈਂ ਉਸ ਨੂੰ ਭਾਇਆ ਤਾਂ ਮੇਰੇ ਵਿਚ ਗੁਣ ਪ੍ਰਗਟ ਹੋਇ ਅਤੇ ਸਾਨੂੰ ਆਪ ਸਤਿਗੁਰਾਂ ਨੇ ਸਵਾਰ ਲਿਆ ਜਾਂ ਮੇਰੇ ਕੰਮ ਸਵਾਰ ਲਏ।

ਉਹ ਆਦਮੀ ਪਰਵਾਣ ਹੋ ਗਏ ਹਨ ਜਿਨਾਂ ਨੇ ਇੱਕ ਨਾਮ ਨੂੰ ਪੱਕਾ ਕੀਤਾ ਹੈ ਅਤੇ ਦੂਸਰਾ ਭਾ ਦੂਰ ਕਰ ਦਿੱਤਾ ਹੈ।

ਗੁਰੂ ਜੀ ਇੱਕੁਰ ਆਖਦੇ ਹਨ ਜਿਸ ਵੇਲੇ ਮੈਂ ਸਤਿਗੁਰੂ ਨੂੰ ਪਾਇਆ ਹੈ ਅਤੇ ਉਹ ਮਾਲਕ ਚਿਤ ਵਿਚ ਯਾਦ ਆਇਆ ਹੈ ਉਹ ਵੇਲਾ ਧੰਨ ਹੈ।

**ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥ ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨਕਾ**

Digitized by Panjab Digital Library | www.panjabdigilib.org

**ਕਿਛੁ ਨ ਵਸਾਈ ॥ ਤਿਨ੍ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ॥ ਹੁਕਮੁ ਤੇਰਾਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥ ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥ ੯ ॥**

ਇਕ ਜੀਵ ਭਰਮ ਵਿੱਚ ਭੁੱਲੇ ਹੋਇ ਹਨ ਉਸ ਮਾਲਕ ਨੇ ਆਪ ਹੀ ਭੁਲਾਇ ਹਨ ਦੂਸਰੇ ਭਾ ਵਿਚ ਹੰਕਾਰ ਨਾਲ ਕਰਮਾਂ ਨੂੰ ਕਰਦੇ ਫਿਰਦੇ ਹਨ ।

ਜੇਹੜੇ ਉਸ ਮਾਲਕ ਨੇ ਆਪ ਭੁਲਾ ਦਿੱਤੇ ਹਨ ਅਤੇ ਖੋਟੇ ਰਾਹ ਵਿਚ ਪਾ ਦਿੱਤੇ ਹਨ ਫਿਰ ਓਨਾਂ ਦਾ ਕੁਛ ਵੱਸ ਨਹੀਂ ਚੱਲਦਾ ਹੈ ਤਾਂ ਗੁਰੂ ਜੀ ਬੇਨਤੀ ਕਰਦੇ ਹਨ ।

ਹੇ ਮਾਲਕਾ ਓਨਾਂ ਦੀ ਮਾੜੀ ਚੰਗੀ ਗਤੀ ਤੂੰ ਆਪ ਹੀ ਜਾਣਦਾ ਹੈਂ ਜਿਸ ਭਾਵ ਤੂੰ ਮਾਇਆ ਕਰਕੇ ਰਚਨਾ ਰਚਾਈ ਭਾਵ ਦੁਨੀਆਂ ਬਣਾਈ ਹੈ ।

ਤੇਰਾ ਹੁਕਮ ਬੜਾ ਵੱਡਾ ਭਾਰਾ ਹੈ ਗੁਰਮੁਖਾਂ ਦੁਆਰੇ ਕਿਸੇ ਵਿਰਲੇ ਨੂੰ ਹੀ ਸਮਝਾਂਦਾ ਹੈਂ ਇੱਕੁਰ ਗੁਰੂ ਜੀ ਸੱਚ ਆਖਦੇ ਹਨ ਜਦੋਂ ਤੂੰ ਆਪ ਹੀ ਭਰਮ ਵਿਚ ਭੁਲਾਇ ਹੋਇ ਹਨ ਤੇ ਤਾਂ ਫਿਰ ਜੀਵ ਵਿਚਾਰੇ ਕੀ ਕਰਨ ।

**ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥ ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ ॥ ਸਚੀ ਤੇਰੀ ਵਡਿਆਈ ਜਾਕਉ ਤੁਧੁ ਮੰਨਿ ਵਸਾਈ ਸਦਾ ਤੇਰੇ ਗੁਣ ਗਾਵਹੇ ॥ ਤੇਰੇ ਗੁਣ ਗਾਵਹਿ ਜਾਤੁਧੁ ਭਾਵਹਿ ਸਚੇ ਸਿਉ ਚਿਤੁ ਲਾਵਹੇ ॥ ਜਿਸਨੋ ਤੂੰ ਆਪੇ ਮੇਲਹਿ ਸੁ ਗੁਰਮੁਖਿ ਰਹੈ ਸਮਾਈ ॥ ਇਉ ਕਹੈ ਨਾਨਕੁ ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥ ੧੦ ॥ ੨ ॥ ੭ ॥ ੫ ॥ ੨ ॥ ੭ ॥**

ਹੇ ਮੇਰੇ ਸੱਚੇ ਮਾਲਕਾ ਤੇਰੀ ਵਡਿਆਈ ਸੱਚੀ ਹੈਂ ਤੇ ਤੂੰ ਪਰੇ ਫੈਲਿਆ ਹੋਇਆ ਤੇ ਬਿਅੰਤ ਹੈਂ ਸਾਰਿਆਂ ਦਾ ਮਾਲਕ ਹੈਂ ਤੇਰੀ ਮਾਇਆ

Digitized by Panjab Digital Library | www.panjabdigilib.org

ਆਖੀ ਨਹੀਂ ਜਾਂਦੀ ਹੈ।

ਇਹ ਸੱਚੀ ਤੇਰੀ ਵਡਿਆਈ ਜਿਸ ਦੇ ਮਨ ਵਿਚ ਤੂੰ ਵਸਾਈ ਹੈ ਹੇ ਸੱਚੇ ਓਹ ਸਦਾ ਤੇਰੇ ਗੁਣ ਗਾਂਦੇ ਹਨ।

ਤੇਰੇ ਗੁਣ ਗਾਂਦੇ ਹਨ ਅਤੇ ਜਦੋਂ ਤੈਨੂੰ ਭਾਂਦੇ ਹਨ ਤਾਂ ਹੇ ਸੱਚੇ ਓਹ ਤੇਰੇ ਵਿਚ ਚਿੱਤ ਲਾਂਦੇ ਹਨ।

ਜਿਸ ਨੂੰ ਤੂੰ ਆਪ ਗੁਰਾਂ ਦੁਆਰੇ ਮੇਲਦਾ ਹੈਂ ਓਹ ਗੁਰਮੁਖ ਤੇਰੇ ਵਿਚ ਸਮਾਇ ਰਹਿੰਦੇ ਹਨ।

ਇੱਕੁਰ ਗੁਰੂ ਜੀ ਆਖਦੇ ਹਨ ਹੇ ਮੇਰੇ ਸੱਚੇ ਮਾਲਕਾ ਤੇਰੀ ਵਡਿਆਈ ਸੱਚੀ ਹੈ।

## ਰਾਗੁ ਆਸਾ ਛੰਤ ਮਹਲਾ ੪ ਘਰੁ ੧

### ੧ ਓ ਸਤਿਗੁਰਪ੍ਰਸਾਦਿ ॥

**ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ॥ ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ ਪ੍ਰਾਨਿ ਵਸਾਏ ਰਾਮ॥ ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ ਸਭੁ ਸੰਸਾ ਦੂਖੁ ਗਵਾਇਆ॥ ਅਦਿਸਟੁ ਅਗੋਚਰੁ ਗੁਰਬਚਨਿ ਧਿਆਇਆ ਪਵਿਤ੍ਰ ਪਰਮ ਪਦੁ ਪਾਇਆ॥ ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ॥ ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ॥ ੧ ॥**

ਹੇ ਭਰਾ ਜੇਹੜੇ ਗੁਰੂ ਸਿਰੋਮਣੀ ਸਾਰਿਆਂ ਵਿਚ ਮੁਖੀ ਹਨ ਜਦੋਂ ਓਹ ਮੈਨੂੰ ਚੰਗੇ ਲੱਗੇ ਭਾਵ ਮੈਂ ਓਨਾਂ ਵਿਚ ਪ੍ਰੇਮ ਕੀਤਾ ਤਾਂ ਮੈਂ ਪ੍ਰਾਣਾਂ ਦਾ ਪ੍ਰਾਣ ਰੂਪ ਪ੍ਰਮੇਸਰ ਪਾ ਲਿਆ ਜਾਂ ਇਸ ਮਨੁਖ ਜੀਵਨ ਵਿਚ ਮੇਰਾ ਜੀਉਣਾ ਸਫਲ ਹੋ ਗਿਆ ਮੈਂ ਇਹ ਵੱਡਾ ਲਾਭ ਪਾ ਲਿਆ।

ਸਾਰਿਆਂ ਨਾਵਾਂ ਵਿਚੋਂ ਪ੍ਰਮੇਸ਼ਰ ਦਾ ਨਾਮ ਦੇ ਕੇ ਵੈ=ਓਨਾਂ ਗੁਰਾਂ ਨੇ ਮੇਰੇ ਪ੍ਰਾਣ ਵਸਾਏ ਭਾਵ ਸਫਲ ਕੀਤੇ।

ਜਦੋਂ ਹਰਿ ਹਰਿ ਨਾਮ ਦੇ ਕੇ ਮੇਰੇ ਪ੍ਰਾਣ ਵਸਾਏ ਤਾਂ ਹਰ ਤਰਾਂ ਦਾ ਸੰਸਾ ਤੇ ਦੁੱਖ ਦੂਰ ਹੋਗਿਆ ਜਾਂ ਨਾਸ ਕਰ ਦਿਤਾ।

Digitized by Panjab Digital Library | www.panjabdigilib.org

ਜੇਹੜਾ ਨਜ਼ਰ ਨਹੀਂ ਆਉਂਦਾ ਤੇ ਮਨ ਤੋਂ ਵੀ ਪਰੇ ਛੁਪਿਆ ਹੋਇਆ ਸੀ ਓਹ ਪਵਿਤ੍ਰ ਪਰਮ ਪਦ ਰੂਪ ਪ੍ਰਮੇਸ਼ਰ ਗੁਰਾਂ ਦੇ ਬਚਨਾਂ ਨੂੰ ਮੰਨ ਕੇ ਧਿਆ ਕੇ ਮੈਂ ਪਾਇਆ ਹੈ।

ਹੁਣ ਇਕ ਰਸ ਅਵਾਜ ਵਾਲੇ ਵਾਜੇ ਵੱਜਦੇ ਹਨ ਸਤਿਗੁਰਾਂ ਦੀ ਬਾਣੀ ਗਾਈ ਜਾਂਦੀ ਹੈ ਗੁਰੂ ਜੀ=ਦਾਤੇ ਮਾਲਕ ਨੇ ਦਾਤ ਦਿਤੀ ਹੈ ਇਸ ਲਈ ਹੁਣ ਮੇਰੀ ਜੋਤ ਪ੍ਰਮੇਸਰ ਦੀ ਜੋਤ ਵਿਚ ਸਮਾ ਗਈ ਹੈ ।

**ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ ॥ ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ ॥ ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ ॥ ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰਿ ਭਵਾਇਆ॥ ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖਕੀ ਬਿਰਧਿਵਧਾਈ॥ ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ ॥ ੨ ॥**

ਜੇਹੜੇ ਮਨਮੁਖ ਮਾਇਆ ਦੇ ਵਸ ਹੋਇ ੨ ਹਨ ਇਕੁਰ ਦੇ ਮਨਮੁਖ ਮਰੀ ੨ ਕਰਕੇ ਮਾਇਆ ਦੇ ਵਿਚ ਹੀ ਮਰ ਗਏ ਹਨ, ਮਨ ਛਿਨ ਵਿਚ ਆਉਂਦਾ ਹੈ ਛਿਨ ਵਿਚ ਚਲਿਆ ਜਾਂਦਾ ਹੈ ਭਾਵ ਓਨਾਂ ਦਾ ਮਨ ਬੜਾ ਚੰਚਲ ਹੈ ਓਨਾਂ ਨੇ ਇੱਕੁਰ ਦੇ ਦੁਰਗੰਧੀ ਵਾਲੇ ਮੜੇ ਮਸਾਣ ਭਾਵ ਮੈਲੇ ਕੁਚੈਲੇ ਸਰੀਰ ਵਿਚ ਚਿਤ ਲਾਇਆ ਹੈ ਭਾਵ ਦੇਹ ਨੂੰ ਸਦਾ ਰਹਿਣ ਵਾਲੀ ਮੰਨਿਆਂ ਹੋਇਆ ਹੈ।

ਪ੍ਰਮੇਸਰ ਦਾ ਲਾਇਆ ਹੋਇਆ ਦੁਰਗੰਧੀ ਮੜੇ ਵਿਚ ਲੱਗਾ ਹੈ ਓਹ ਕਿਸਤਰਾਂ ਦਾ ਹੈ? ਜਿਸ ਤਰਾਂ ਕਸੁੰਭੇ ਦਾ ਰੰਗ ਵੇਖਣ ਵਿਚ ਕੱਚਾ ਆਇਆ ਹੈ ਭਾਵ ਇਕੁਰ ਹੀ ਸਰੀਰ ਨਾਸਵੰਤ ਹੈ।

ਮਨਮੁਖ ਸਰੀਰ ਦੇ ਪਾਲਣ ਵਾਸਤੇ ਛਿਨ ਵਿਚ ਚੜਦੇ ਨੂੰ ਜਾਂਦੇ ਹਨ ਛਿਨ ਵਿਚ ਪੱਛਮ ਨੂੰ ਜਾਂਦੇ ਹਨ ਜਾਂ ਮਨਮੁਖਾਂ ਦਾ ਖਿਆਲ ਦੌੜਦਾ ਰਹਿੰਦਾ ਹੈ ਜਿਸਤਰਾਂ ਘੁਮਿਆਰ ਦਾ ਚੱਕ ਭੌਂਦਾਹੈ ਜਾਂ ਜਿਨਾਂ ਪਦਾਰਥਾਂ ਲਈ ਓਹ ਭੌਂਦੇ ਫਿਰਦੇ ਹਨ ਓਹ ਕਿਸਤਰਾਂ ਦੇ ਹਨ ਜਿਸ ਤਰਾਂ ਦਾ ਘੁਮਿਆਰ ਦਾ ਚੱਕ ਭੁਆਇਆ ਹੋਇਆ ਫਿਰਦਾ ਹੈ ਓਸੇ ਤਰਾਂ ਪਦਾਰਥ ਇਕ ਛਿਨ ਵਿਚ ਚੜਦੇ ਦੂਸਰੀ ਵਿਚ ਲਹਿੰਦੇ ਹੋ ਜਾਂਦੇ ਹਨ ਭਾਵ ਨਾਸ ਹਨ।

Digitized by Panjab Digital Library | www.panjabdigilib.org

ਆਦਮੀ ਮਾਇਆ ਦੇ ਕੱਠਿਆਂ ਕਰਨ ਵੇਲੇ ਦੁਖ ਖਾਂਦੇ ਭਾਵ ਸਹਾਰਦੇ ਹਨ ਅਤੇ ਭੋਗਾਂ ਨੂੰ ਭੋਗਣ ਵੇਲੇ ਵੀ ਦੁਖ ਪਾਂਦੇ ਹਨ, ਭੋਗਾਂ ਨੇ ਅਪਣੇ ਨਾਸ ਹੋਣ ਵਿਚ ਜੀਆਂ ਨੂੰ ਦੁੱਖ ਦੀ ਬ੍ਰਿਧੀ ਪਹਿਲੇ ਨਾਲੋਂ ਸਗੋਂ ਹੋਰ ਬਹੁਤ ਵਧਾਈ ਹੈ ਭਾਵ ਜਿਤਨਾਂ ਭੋਗਾਂ ਨੂੰ ਭੋਗੋ ਹੋਰ ਇਛਿਆ ਵਧਦੀ ਹੈ।

ਗੁਰੂ ਜੀ=ਇਹ ਸੰਸਾਰ ਸਮੁੰਦਰ ਬੜਾ ਔਖਾ ਹੈ ਜਦੋਂ ਗੁਰੂ ਦੀ ਸ਼ਰਨ ਆਈਏ ਤਾਂ ਸੁਖੱਲੇ ਹੀ ਤਰ ਜਾਈਦਾ ਹੈ।

**ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ॥ ਹਰਿ ਪੂਜੀ ਹਰਿ ਪੂਜੀ ਚਾਹੀ ਮੇਰੇ ਸਤਿਗੁਰ ਸਾਹਾ ਰਾਮ॥ ਹਰਿ ਪੂਜੀ ਚਾਹੀ ਨਾਮੁ ਬਿਸਾਹੀ ਗੁਣ ਗਾਵੈ ਗੁਣ ਭਾਵੈ॥ ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ॥ ਵਣਜਾਰੇ ਇਕ ਭਾਤੀ ਆਵਹਿ ਲਾਹਾ ਹਰਿ ਨਾਮੁ ਲੈ ਜਾਏ॥ ਨਾਨਕ ਮਨੁ ਤਨੁ ਅਰਪਿ ਗੁਰ ਆਗੈ ਜਿਸੁ ਪ੍ਰਾਪਤਿ ਸੋ ਪਾਏ॥ ੩॥**

ਮੇਰਾ ਮਾਲਕ ਸਾਰਿਆਂ ਮਾਲਕਾਂ ਤੋਂ ਚੰਗਾ ਹੈ ਮਨ ਬਾਣੀ ਤੋਂ ਅਗੰਮ ਇੰਦ੍ਰੀਆਂ ਤੋਂ ਅਥਾਹ ਹੈ ਜੇਹੜਾ ਮੇਰਾ ਸਤਿਗੁਰੂ ਸ਼ਾਹੂਕਾਰ ਹੈ ਓਹ ਹਰ ਇਕ ਰਾਸ ਵਿਚੋਂ ਹਰੀ ਨਾਮ ਦੀ ਹੀ ਰਾਸ ਸਰਧਾ ਚਾਹੁੰਦਾ ਹੈ। ਜੇਹੜੇ ਹਰਿ ਨਾਮ ਦੀ ਰਾਸ ਚਾਹੁੰਦੇ ਹਨ ਸਤਿਗੁਰਾਂ ਤੋਂ ਹਰੀ ਨਾਮ ਖਰੀਦਣ ਵਾਲੇ ਹੋਏ ਹਨ ਹੁਣ ਓਹ ਹਰਗੁਣ ਹੀ ਗਾਂਦੇ ਹਨ ਤੇ ਹਰ ਗੁਣ ਹੀ ਓਨਾਂ ਨੂੰ ਭਾਂਦੇ ਹਨ। ਜੇਹੜੀ ਮਾਰਨ ਵਾਲੀ ਨੀਂਦ ਤੇ ਭੁੱਖ ਸੀ ਓਹ ਓਨ੍ਹਾਂ ਨੇ ਤਿਆਗ ਛੱਡੀ ਹੈ ਓਹ ਅਫੁਰ ਵਿਚ ਅਫੁਰ ਹੋ ਕੇ ਸਮਾਂਦੇ ਹਨ ਭਾਵ ਪ੍ਰਮੇਸਰ ਨਾਲ ਮਿਲ ਜਾਂਦੇ ਹਨ।

ਹਰੀ ਨਾਮ ਦੇ ਬਪਾਰੀ ਸਿੱਖ ਇਕ ਹੀ ਤਰਾਂ ਦੇ ਗੁਰੂ ਦੇ ਪਾਸ ਆਉਂਦੇ ਹਨ ਸੋ ਹਰੀ ਨਾਮ ਦਾ ਲਾਭ ਲੈ ਜਾਂਦੇ ਹਨ ਜਿਸ ਨੂੰ ਪ੍ਰਾਪਤ ਹੋਣਾ ਲਿਖਿਆ ਹੈ ਓਹ ਗੁਰਾਂ ਦੇ ਅੱਗੇ ਮਨ ਤਨ ਦੇਕੇ ਨਾਮ ਨੂੰ ਪਾਂਦਾ ਹੈ।

**ਰਤਨਾ ਰਤਨ ਪਦਾਰਥ ਬਹੁਸਾਗਰੁ ਭਰਿਆ ਰਾਮ॥ ਬਾਣੀ ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਰਾਮ॥ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਨਿਰਮੋਲਕੁ**

Digitized by Panjab Digital Library | www.panjabdigilib.org

**ਰਤਨੁ ਅਪਾਰਾ ॥ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥ ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥ ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ ੪ ॥੧ ॥ ੮॥**

ਰਾਮ=ਹੇ ਭਰਾ ਜਾਂ ਹਰੀ ਨੂੰ ਸੰਬੋਧਨ ਹੈ ਰਤਨਾ=ਜਿਨਾਂ ਨੂੰ ਸੰਸਾਰ ਦੇ ਸੁਖ ਦੀ ਪ੍ਰੀਤੀ ਨਹੀਂ ਹੈ ਇੱਕੁਰ ਦੇ ਸਤਿਗੁਰੂ ਵੈਰਾਗ ਵਿਚਾਰ ਆਦਕ ਪਦਾਰਥ ਰਤਨਾਂ ਤੇ ਭਰੇ ਹੋਇ ਸਮੁੰਦਰ ਹਨ ਹੋਰ ਬਾਣੀ ਨੂੰ ਛੱਡਕੇ ਗੁਰਬਾਣੀ ਵਿਚ ਲੱਗੇ ਹਨ ਰਤਨਾ ਦਾ ਅਕੱਠ ਓਨਾਂ ਦੇ ਹੱਥ ਉਤੇ ਚੜ੍ਹਿਆ ਹੈ ਭਾਵ ਮਨ ਵਿਚ ਆਇਆ ਹੈ ।

ਜੇਹੜੇ ਗੁਰਬਾਣੀ ਵਿੱਚ ਲੱਗੇ ਹਨ ਓਹ ਨਿਰਮੋਲਕ ਜਿਸ ਦਾ ਪਾਰਾਵਾਰ ਭਾਵ ਅੰਤ ਨਹੀਂ ਹੈ ਇੱਕੁਰ ਦਾ ਹਰੀ ਨਾਮ ਰਤਨ ਓਨਾਂ ਦੇ ਹੱਥ ਵਿਚ ਚੜ੍ਹਿਆ ਹੈ ।

ਜਦੋਂ ਹਰਿ ਹਰਿ ਨਾਮ ਅਤੋਲਾ ਰਤਨ ਪਾਇਆ ਤਾਂ ਹੇ ਪ੍ਰਮੇਸਰਾ ਤੇਰੀ ਭਗਤੀ ਦੇ ਖਜ਼ਾਨੇ ਭਰੇ ਹੋਇ ਮਿਲ ਗਏ ਜਾਂ ਤੇਰੀ ਇੱਕੁਰ ਦੀ ਸਮਝ ਸੋਚ ਹੋਣੀ ਚਾਹੀਦੀ ਹੈ ।

ਜਦੋਂ ਅਸਾਂ ਸਰੀਰ ਰੂਪ ਸਮੁੰਦ੍ਰ ਨੂੰ ਵਿਰੋਲ=ਰਿੜਕ ਕੇ ਵੇਖਿਆ ਤਾਂ ਏਹੋ ਹੀ ਇਕ ਸੁੰਦਰ ਵਸਤੂ ਭਾਵ ਮਿਲ ਜਾਣ ਵਾਲੀ ਅਕਲ ਗੁਰੂ ਨੇ ਅਕਲ ਦੇ ਵਿਚ ਹੀ ਵਿਖਾ ਦਿੱਤੀ ।

ਗੁਰੂ ਹੀ ਪ੍ਰਮੇਸਰ ਹੈ ਤੇ ਪ੍ਰਮੇਸਰ ਹੀ ਗੁਰੂ ਹੈ ਗੁਰੂ ਜੀ ਸੱਚ ਆਖਦੇ ਹਨ ਹੇ ਭਰਾ ਇਸ ਗੱਲ ਵਿਚ ਰਤਾ ਜਿੰਨਾਂ ਫਰਕ ਨਹੀਂ ਹੈ ।

## ਆਸਾ ਮਹਲਾ ੪ ॥

**ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ ॥ ਗੁਰਮੁਖੇ ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ ॥ ਰਾਮ ਨਾਮੁ ਪਿਆਰਾ ਜਗਤ ਨਿਸਤਾਰਾ ਰਾਮ ਨਾਮਿ ਵਡਿਆਈ ॥ ਕਲਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ ॥ ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ ॥ ਨਾਨਕ ਦਾਤਿ**

Digitized by Panjab Digital Library | www.panjabdigilib.org

## ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ ॥ ੧ ॥

ਹੇ ਭਰਾ ਜਿਸਤਰਾਂ ਲਗਾਤਾਰ ਝੜੀ ਦੀ ਬਰਖਾ ਹੁੰਦੀ ਹੈ ਉਸੇ ਤਰਾਂ ਸਤਿਗੁਰੂ ਉਪਦੇਸ਼ ਰੂਪ ਅੰਮ੍ਰਿਤ ਦੀ ਧਾਰਾ ਨੂੰ ਲਗਾਤਾਰ ਬਰਖਣਾ ਕਰਦੇ ਹਨ।

ਹੇ ਭਰਾ ਗੁਰਮੁਖਾਂ ਨੂੰ ਗੁਰਾਂ ਦੁਆਰੇ ਪ੍ਰਮੇਸਰ ਪਿਆਰਾ ਨਜ਼ਰ ਆਇਆ ਹੈ।

ਓਨਾਂ ਗੁਰਮੁਖਾਂ ਨੂੰ ਜਗਤ ਦੇ ਤਾਰਨ ਵਾਲਾ ਰਾਮ ਦਾ ਨਾਮ ਹੀ ਪਿਆਰਾ ਲੱਗਦਾ ਹੈ ਤੇ ਵਡਿਆਈ ਵੀ ਓਨਾਂ ਦੀ ਰਾਮ ਨਾਮ ਨਾਲ ਹੀ ਹੁੰਦੀ ਹੈ।

ਇਸ ਕਲਜੁਗ ਵਿਚ ਰਾਮ ਨਾਮ ਜਹਾਜ਼ ਹੈ ਪਰ ਗੁਰਾਂਦੁਆਰੇ ਜਪਿਆ ਹੋਇਆ ਪਾਰ ਲੰਘਾਂਦਾ ਹੈ ਜਾਂ ਗੁਰਮੁਖਾਂ ਨੇ ਉਸ ਜਹਾਜ਼ ਦੇ ਰਸਤੇ ਦੁਨੀਆਂ ਪਾਰ ਲੰਘਾਈ ਹੈ।

ਗੁਰਮੁਖ ਰਾਮ ਨਾਮ ਕਰਕੇ ਦੋਹਾਂ ਲੋਕਾਂ ਵਿਚ ਸੁਖੀ ਹੋਇ ਹਨ ਅਤੇ ਰਾਮ ਨਾਮ ਹੀ ਓਨਾਂ ਦੀ ਕਰਣੀ ਚੰਗੀ ਹੈ ਗੁਰੂ ਜੀ=ਜਿਸ ਨੂੰ ਸਤਿਗੁਰੂ ਜੀ ਕਿਰਪਾ ਕਰਕੇ ਰਾਮ ਨਾਮ ਦੀ ਦਾਤ ਦੇਂਦੇ ਹਨ ਓਨਾਂ ਦੇ ਤਾਰਨ ਵਾਸਤੇ ਰਾਮ ਨਾਮ ਹੀ ਬੇੜੀ ਹੈ। ਨਿਸਤਾਰੀ=ਬੇੜੀ।

## ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ ॥ ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ ਰਵਾਇਆ ਰਾਮ ॥ ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥ ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰ ਨਾਮੁ ਦ੍ਰਿੜਾਏ ॥ ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥ ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥ ੨ ॥

ਹੇ ਭਰਾ ਜਿਨਾਂ ਨੇ ਸਾਰਿਆਂ ਥਾਵਾਂ ਵਿਚ ਫੈਲੇ ਹੋਇ ਰਾਮ ਦਾ ਨਾਮ ਜਪਿਆ ਹੈ ਓਨਾਂ ਦੇ ਪਾਪ ਨਾਸ ਹੋ ਗਏ ਹਨ ਅਤੇ ਦੁੱਖਾਂ ਨੂੰ ਵੀ ਗਵਾ ਦਿੱਤਾ ਹੈ।

ਸਾਰਿਆਂ ਦੁਨੀਆਂ ਦੇ ਪਰਚਾਵਿਆਂ ਵਿਚੋਂ ਸਤਿਗੁਰਾਂ ਦਾ ਪਰਚਾਵਾ

Digitized by Panjab Digital Library | www.panjabdigilib.org

ਭਾਵ ਕਰਾਮਾਤ ਦਾ ਚਮਤਕਾਰਾ ਗੁਰਉਪਦੇਸ਼ ਜੋ ਸਾਰਿਆਂ ਤੋਂ ਵੱਡਾ ਹੈ ਉਸ ਦੁਆਰੇ ਜਿਨਾਂ ਨੇ ਨਾਮ ਨੂੰ ਧਿਆਇਆ ਹੈ ਓਨ੍ਹਾਂ ਨੇ ਰਿਦੇ ਵਿਚ ਪ੍ਰਮੇਸਰ ਨੂੰ ਰਵਾਇਆ ਭਾਵ ਧਿਆਇਆ ਹੈ ਜਾਂ ਰਚਾ ਹੀ ਲਿਆ ਹੈ।

ਜੇਹੜੇ ਗੁਰਾਂ ਦੀ ਸ਼ਰਨ ਆਏ ਤੇ ਦਿਲ ਵਿਚ ਪ੍ਰਮੇਸਰ ਨੂੰ ਧਿਆਇਆ ਤਾਂ ਉਨ੍ਹਾਂ ਵਡੀ ਮੁਕਤੀ ਪਾ ਲਈ।

ਜਦੋਂ ਸਤਿਗੁਰਾਂ ਦੇ ਨਾਮ ਨੂੰ ਪਕਾ ਕਰਾਇਆ ਤਾਂ ਲੋਭ ਆਦਿਕ ਵਿਕਾਰਾਂ ਰੂਪ ਨਦੀ ਦੇ ਵਿਚ ਡੁੱਬੀ ਹੋਈ ਅਕਲ ਰੂਪ ਬੇੜੀ ਨਿਕਲ ਆਈ।

ਜਿਨਾਂ ਨੇ ਰਾਮ ਨਾਮੀ ਵਿਚ ਚਿਤ ਜਾਂ ਅੰਤਸ਼ਕਰਣ ਲਾਏ ਹਨ ਓਨਾਂ ਨੂੰ ਪੂਰਿਆਂ ਗੁਰਾਂ ਨੇ ਜੀਅ ਦਾਨ ਦਿੱਤਾ ਹੈ, ਭਾਵ ਮਰਨ ਤੋਂ ਜਿਵਾਇਆ ਹੈ।

ਗੁਰੂਜੀ=ਇਕੁਰ ਜਿਸਨੂੰ ਕ੍ਰਿਪਾਲੂ ਅਕਾਲ ਪੁਰਖ ਆਪ ਕਿਰਪਾ ਕਰਕੇ ਪ੍ਰੇਮ ਦੇਂਦਾ ਹੈ ਉਹ ਗੁਰਾਂ ਦੀ ਸਰਨ ਆਉਂਦਾ ਹੈ।

**ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ॥ ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ॥ ਰਾਮ ਨਾਮੁ ਧਿਆਏ ਪਵਿਤੁ ਹੋਇ ਆਏ ਤਿਸੁ ਰੂਪੁ ਨ ਰੇਖਿਆ ਕਾਈ॥ ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ॥ ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ ਗੁਰਮਤਿ ਰਾਮੁ ਪ੍ਰਗਾਸਾ॥ ਨਾਨਕ ਆਪਿ ਅਨੁਗ੍ਰਹੁ ਕੀਆ ਹਮ ਦਾਸਨਿ ਦਾਸਨਿ ਦਾਸਾ ॥੩॥**

ਹੇ ਭਰਾ ਜਦੋਂ ਰਾਮ ਨਾਮ ਰੂਪ ਬਾਣੀ ਸੁਣੀ ਤਾਂ ਸਾਰੇ ਹੀ ਕੰਮ ਸੌਰ ਗਏ ਤਾਂ ਹੀ ਅਸੀਂ ਸੋਹਣੇ ਲਗੇ। ਜੇਹੜਾ ਪ੍ਰਮੇਸਰ ਸਾਰਿਆਂ ਵਿਚ ਰਮਿਆਂ ਹੋਇਆ ਹੈ ਉਸਨੂੰ ਗੁਰਮੁਖਾਂ ਨੇ ਵਾਲ ੨ ਵਿਚ ਯਾਦ ਕੀਤਾ ਹੈ। ਭਾਵ ਵਾਲ ੨ ਵਿਚ ਪਰੋਇਆ ਹੈ ਜਾਂ ਗੁਰਾਂ ਦੁਆਰੇ ਅਸਾਂ ਵਾਲ ੨ ਧਿਆਇਆ ਹੈ।

ਉਸ ਰਾਮ ਦੇ ਨਾਮ ਧਿਆਏ ਹਨ ਉਨ੍ਹਾਂ ਕਰਕੇ ਗੁਰਮੁਖ ਗੁਰਾਂ ਤੋਂ ਪਵਿਤ੍ਰ ਹੋਇ ਆਏ ਹਨ ਜਿਸ ਰਾਮ ਦਾ ਕੋਈ ਰੂਪ ਸ਼ਕਲ ਅਤੇ ਰੇਖਾ ਨਹੀਂ ਹੈ।

ਇੱਕੁਰ ਦਾ ਰਾਮ ਨਾਮ ਜਿਸਦੇ ਦਿਲ ਅੰਦਰ ਮਿਲਿਆ ਹੈ ਉਸਨੇ

Digitized by Panjab Digital Library | www.panjabdigilib.org

ਤ੍ਰਿਸ਼ਨਾ ਭੁਖ ਸਾਰੀ ਦੂਰ ਕਰ ਦਿੱਤੀ ਹੈ ।

ਜਿਸਨੂੰ ਗੁਰ ਸਿਖਿਆ ਕਰਕੇ ਰਾਮ ਦਾ ਗਿਆਨ ਹੋਇਆ ਹੈ, ਉਸ ਕਰਕੇ ਤਨ ਮਨ ਸੀਤਲ ਹੋਇਆ ਹੈ ਅਤੇ ਸਾਰਾ ਸਾਧਨਾਂ ਰੂਪ ਸ਼ਿੰਗਾਰ ਉਸਦਾ ਸਫਲ ਹੋਇਆ ਹੈ ।

ਗੁਰੂ ਜੀ=ਜਿਸਦੇ ਉਤੇ ਆਪ ਅਕਾਲ ਪੁਰਖ ਨੇ ਕਿਰਪਾ ਕੀਤੀ ਹੈ ਉਸ ਆਦਮੀ ਦੇ ਜੇਹੜੇ ਦਾਸਾਂ ਦੇ ਦਾਸ ਹਨ ਅਸੀਂ ਉਸਦੇ ਵੀ ਦਾਸ ਹਾਂ ।

**ਜਿਨ੍ਹੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥ ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥ ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ ॥ ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ ॥ ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂ-ਖਤ ਮੋਹ ਅੰਧਿਆਰਾ॥ਨਾਨਕ ਗੁਰਮੁਖਿ ਨਾਮੁ ਧਿਆ-ਇਆ ਤਾ ਪਾਏ ਮੋਖ ਦੁਆਰਾ ॥ ੪ ॥**

ਜਿਨਾਂ ਨੇ ਵਿਆਪਕ ਰੂਪ ਰਾਮ ਨਾਮ ਨੂੰ ਵਿਸਾਰ ਦਿੱਤਾ ਹੈ ਉਹ ਬੇ-ਕਰਮੇਂ ਮੂਰਖ ਮਨਮੁਖ ਹਨ ।

ਓਨਾਂ ਦੇ ਅੰਤਸ਼ਕਰਨ ਵਿਚ ਮਾਇਆ ਦਾ ਮੋਹ ਚੰਮੜਿਆ ਹੋਇਆ ਹੈ,ਕਿਉਂਕਿ ਓਨਾਂ ਦੀ ਬ੍ਰਿਤੀ ਛਿਨ ਵਿਚ ਮਾਇਆ ਦੇ ਮੋਹ ਵਿਚ ਲੱਗੀ ਰਹਿੰਦੀ ਹੈ ।

ਜਿਨਾਂ ਮੂਰਖ ਅਭਾਗਿਆਂ ਨੂੰ ਰਾਮ ਨਾਮ ਚੰਗਾ ਨਹੀਂ ਲੱਗਾ ਹੈ ਓਨਾਂ ਨੂੰ ਮਾਇਆ ਰੂਪ ਮੈਲ ਲੱਗੀ ਹੈ ।

ਜੇਹੜੇ ਮਨਮੁਖ ਹੰਕਾਰੀ ਅਨੇਕ ਤਰਾਂ ਦੇ ਕਰਮ ਕਰਦੇ ਹਨ, ਪਰ ਓਨਾਂ ਨੇ ਸਾਰਿਆਂ ਥਾਵਾਂ ਵਿਚ ਫੈਲੇ ਹੋਏ ਪ੍ਰਮੇਸਰ ਦਾ ਨਾਮ ਚੁਰਾਇਆ ਜਾਂ ਨਾਮ ਤੋਂ ਚਿੱਤ ਨੂੰ ਚੁਰਾਇਆ ਹੈ ਭਾਵ ਉਹ ਰਾਮ ਨਾਮ ਦੇ ਚੋਰ ਹਨ ਜਾਂ ਮਨਮੁਖਾਂ ਤੋਂ ਵਿਚਾਰਾਂ ਨੇ ਰਾਮ ਨਾਮ ਚੁਰਾਲਿਆ ਹੈ ।

ਜਿਨਾਂ ਨੂੰ ਪਾਪਾਂ ਤੇ ਮੋਹ ਦਾ ਗਾਹੜਾ ਹਨੇਰਾ ਅਗਜਾਨ ਹੋਇਆ ਹੋਇਆਹੈ ਜਮ ਦਾ ਰਸਤਾ ਉਨ੍ਹਾਂ ਨੂੰ ਬੜਾ ਔਖਾ ਤੇ ਦੁਖੀ ਕਰਨ ਵਾਲਾ ਹੈ ।

ਗੁਰੂ ਜੀ=ਜਿਨਾਂ ਗੁਰਮੁਖਾਂ ਨੇ ਨਾਮ ਨੂੰ ਧਿਆਇਆ ਹੈ·ਓਨਾਂ ਨੇ ਮੁਕਤੀ ਦਾ ਦਰਵਾਜਾ ਗਿਆਨ ਆਦਿਕ ਗੁਣ ਪਾ ਲਏ ਹਨ।

Digitized by Panjab Digital Library | www.panjabdigilib.org

**ਰਾਮੋ ਰਾਮ ਨਾਮੁ ਗੁਰੂ ਰਾਮੁ ਗੁਰਮੁਖੇ ਜਾਣੈ ਰਾਮ॥ ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ ॥ ਮਨੁ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ ਹਰਿ ਰਾਮੋ ਨਾਮੁ ਰਸਾਏ ॥ ਜਨ ਕੀ ਪੈਜ ਰਖੈ ਰਾਮ ਨਾਮਾ ਪ੍ਰਹਿਲਾਦ ਉਧਾਰਿ ਤਰਾਏ ॥ ਰਾਮੋ ਰਾਮੁ ਰਮੋ ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ॥ਨਾਨਕ ਰਾਮ ਨਾਮੁ ਸੁਣਿ ਭੀਨੇ ਰਾਮੈ ਨਾਮਿ ਸਮਾਇਆ ॥ ੫॥**

ਹੇ ਭਰਾ ਜੇਹੜਾ ਰਮਿਆ ਹੋਇਆ ਨਾਮ ਹੈ ਓਹ ਬੜਾ ਵੱਡਾ ਹੈ ਸੋ ਉਸਨੂੰ ਗੁਰਮੁਖ ਹੀ ਜਾਣਦੇ ਹਨ ਹੇ ਭਰਾ ਇਹ ਜੇਹੜਾ ਮਨ ਛਿਨ ਛਿਨ ਵਿਚ ਉਤਾਹਾਂ ਹੇਠਾਂ ਭਾਵ ਅਕਾਸ ਪਤਾਲ ਨੂੰ ਭੌਂਦਾ ਫਿਰਦਾ ਹੈ ਇਸ ਨੂੰ ਓਹ ਇਕ ਰਿਦੇ ਵਿਚ ਠਹਿਰਾਂਦੇ ਹਨ ।

ਇੱਕੁਰ ਜਦੋਂ ਮਨ ਨੂੰ ਇਕ ਘਰ ਵਿੱਚ ਲਿਆਂਦੇ ਹਨ ਤਾਂ ਸਾਰਿਆਂ ਤਰਾਂ ਦੀ ਭਾਵ ਜੋ ਚਾਰ ਤਰਾਂ ਦੀ ਸਰੂਪ, ਸਲੋਕ, ਸਾਜੁਜ, ਸਮੀਪ ਦੀ ਗਤੀ= ਮੁਕਤੀ ਹੈ ਉਸ ਦੀ ਓਹ ਮਰਜਾਦਾ ਜਾਣਦੇ ਹਨ ਅਤੇ ਹਰੀ ਰਾਮ ਦੇ ਨਾਮ ਵਿਚ ਰਸਨਾ ਕਰਕੇ ਰਸ ਲੈਣ ਵਾਲੇ ਹੋਇ ਹਨ ।

ਜੇਹੜਾ ਪ੍ਰਮੇਸਰ ਦਾ ਨਾਮ ਜਪਦਾ ਹੈ ਉਸ ਦਾਸ ਦੀ ਰਖਿਆ ਪ੍ਰਮੇਸਰ ਕਰਦਾ ਹੈ ਜਾਂ ਪ੍ਰਤੱਗਯਾ ਰੱਖਦਾ ਹੈ ਜਿਸ ਤਰਾਂ ਪ੍ਰਹਿਲਾਦ ਨੂੰ ਦੁੱਖਾਂ ਤੋਂ ਬਚਾ ਕੇ ਸੰਸਾਰ ਸਮੁੰਦ੍ਰ ਤੋਂ ਤਰਾਇਆ ਹੈ ।

ਹੇ ਰਾਮ ਦੇ ਪਿਆਰਿਓ ਭਰਾਓ ਜੇਹੜਾ ਪ੍ਰਮੇਸਰ ਰਮ=ਸੁੰਦਰ ਹੈ ਤੇ ਸਾਰਿਆਂ ਤੋਂ ਉੱਚਾ ਹੈ ਤੇ ਸਾਰਿਆਂ ਵਿਚ ਰਮਿਆ ਹੋਇਆ ਹੈ ਉਸ ਰਾਮ ਵਿਚ ਰਮਣ ਕਰੋ ਭਾਵ ਉਸਨੂੰ ਜਪੋ ਤੇ ਉਸ ਨਾਲ ਮਿਲ ਜਾਓ ਜਿਸਦੇ ਗੁਣਾਂ ਨੂੰ ਭਾਵੇਂ ਬਿਅੰਤ ਲੋਕ ਆਖ ਚੁੱਕੇ ਹਨ, ਪਰ ਆਖਦਿਆਂ ਹੋਇਆਂ ਨੇ ਅੰਤ ਨਹੀਂ ਪਾਇਆ ਹੈ ।

ਗੁਰੂ ਜੀ=ਜੇਹੜੇ ਗੁਰਮੁਖ ਇੱਕੁਰ ਦੇ ਰਾਮ ਨਾਮ ਨੂੰ ਸੁਣ ਕੇ ਭਿੱਜ ਗਏ ਹਨ ਭਾਵ ਪ੍ਰੇਮੀ ਹੋ ਗਏ ਹਨ ਓਨਾਂ ਦਾ ਮਨ ਰਾਮ ਨਾਮੀ ਵਿਚ ਸਮਾ ਗਿਆ ਹੈ ।

**ਜਿਨ ਅੰਤਰੇ ਰਾਮ ਨਾਮੁ ਵਸੈ ਤਿਨ੍ ਚਿੰਤਾ ਸਭ**

Digitized by Panjab Digital Library | www.panjabdigilib.org

ਗਵਾਇਆ ਰਾਮ ॥ ਸਭਿ ਅਰਥਾ ਸਭਿ ਧਰਮ ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ ॥ ਮਨ ਚਿੰਦਿਆ ਸੋ ਫਲੁ ਪਾਇਆ ਰਾਮ ਨਾਮੁ ਧਿਆਇਆ ਰਾਮ ਨਾਮ ਗੁਣ ਗਾਏ ॥ ਦੁਰਮਤਿ ਕਬੁਧਿ ਗਈ ਸੁਧਿ ਹੋਈ ਰਾਮ ਨਾਮਿ ਮਨੁ ਲਾਏ ॥ ਸਫਲੁ ਜਨਮੁ ਸਰੀਰੁ ਸਭੁ ਹੋਆ ਜਿਤੁ ਰਾਮ ਨਾਮੁ ਪਰਗਾਸਿਆ ॥ ਨਾਨਕ ਹਰਿ ਭਜੁ ਸਦਾ ਦਿਨੁ ਰਾਤੀ ਗੁਰਮੁਖਿ ਨਿਜ ਘਰਿ ਵਾਸਿਆ ॥ ੬ ॥

ਜਿਨਾਂ ਦੇ ਦਿਲ ਅੰਦਰ ਰਾਮ ਨਾਮ ਵਸਿਆ ਹੈ ਓਨਾਂ ਨੇ ਹਰ ਤਰਾਂ ਦੀ ਚਿੰਤਾ ਨੂੰ ਦੂਰ ਕਰ ਲਿਆ ਹੈ ।

ਸਭ ਤਰਾਂ ਦੇ ਅਰਥ ਸਭ ਤਰਾਂ ਦੇ ਧਰਮ ਓਨਾਂ ਨੂੰ ਮਿਲ ਗਏ ਹਨ ਅਤੇ ਮਨ ਭਾਂਦਾ ਫਲ ਓਨ੍ਹਾਂ ਨੇ ਪਾਲਿਆ ਹੈ ।

ਫਿਰ ਮਨ ਭਾਂਦਾ ਫਲ ਪਾਕੇ ਵੀ ਰਾਮ ਨਾਮ ਨੂੰ ਧਿਆਇਆ ਹੈ ਰਾਮ ਨਾਮ ਦੇ ਹੀ ਗੁਣ ਗਾਏ ਹਨ ।

ਖੋਟੀ ਸਿਖਿਆ ਨੂੰ ਲੈਣ ਵਾਲੀ ਖੋਟੀ ਅਕਲ ਸਾਰੀ ਚਲੀ ਗਈ ਹੈ ਅਤੇ ਦਿਲ ਦੀ ਸੁੱਧੀ ਹੋਈ ਹੈ ਅਤੇ ਰਾਮਨਾਮੀ ਵਿਚ ਮਨ ਲਾਕੇ ਰਹਿੰਦੇ ਹਨ।

ਓਨਾਂ ਦੇ ਸਰੀਰ ਦਾ ਜਨਮ ਸਫਲ ਹੋਇਆ ਹੈ ਜਿਸ ਵਿਚ ਰਾਮ ਨਾਮ ਦਾ ਚਾਨਣ ਹੋਇਆ ਹੈ ।

ਗੁਰੂ ਜੀ=ਇਕੁਰ ਦਿਨ ਰਾਤ ਜੇਹੜੇ ਗੁਰਮੁਖ ਪ੍ਰਮੇਸਰ ਦਾ ਭਜਨ ਕਰਨ ਵਾਲੇ ਹਨ ਓਨਾਂ ਦਾ ਮਨ ਅਪਨੇ ਅਸਲੀ ਘਰ ਵਿਚ ਆ ਵਸਿਆ ਹੈ ।

ਜਿਨ ਸਰਧਾ ਰਾਮ ਨਾਮਿ ਲਗੀ ਤਿਨ ਦੂਜੈ ਚਿਤੁ ਨ ਲਾਇਆ ਰਾਮ ॥ ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ-ਨਾਵੈ ਅਵਰੁ ਨ ਭਾਇਆ ਰਾਮ ॥ ਰਾਮ ਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ ਅੰਤਿ ਚਲਦਿਆ ਨਾਲਿ ਸਖਾਈ ॥ ਰਾਮ ਨਾਮੁ ਧਨੁ ਪੂੰਜੀ ਸੰਚੀ ਨਾ ਡੂਬੈ ਨਾਜਾਈ॥ਰਾਮ ਨਾਮੁ ਇਸੁ ਜੁਗ ਮਹਿ ਤੁਲਹਾ ਜਮਕਾਲੁ

Digitized by Panjab Digital Library | www.panjabdigilib.org

**ਨੇੜਿ ਨ ਆਵੈ ॥ ਨਾਨਕ ਗੁਰਮੁਖਿ ਰਾਮੁ ਪਛਾਤਾ ਕਰਿ ਕਿਰਪਾ ਆਪਿ ਮਿਲਾਵੈ ॥ ੭ ॥**

ਜਿਨਾਂ ਦੀ ਸਰਧਾ ਰਾਮ ਨਾਮ ਵਿਚ ਲੱਗੀ ਹੈ ਓਨਾਂ ਨੇ ਦੂਸਰੇ ਪਾਸੇ ਚਿਤ ਨਹੀਂ ਲਾਇਆ ਹੈ।

ਹੇ ਭਰਾ ਜੇ ਓਨਾਂ ਨੂੰ ਸਾਰੀ ਧਰਤੀ ਸੋਨੇ ਦੀ ਧਰਤੀ ਬਣਾ ਦੇਈਏ ਤਾਂ ਵੀ ਪ੍ਰਮੇਸਰ ਦੇ ਨਾਮ ਤੋਂ ਬਿਨਾ ਓਨਾਂ ਗੁਰਮੁਖਾਂ ਨੂੰ ਹੋਰ ਕੁਛ ਚੰਗਾ ਨਹੀਂ ਲੱਗਦਾ ਹੈ।

ਓਨਾਂ ਦੇ ਮਨ ਵਿਚ ਰਾਮ ਦਾ ਨਾਮ ਚੰਗਾ ਲੱਗਦਾ ਹੈ ਉਸ ਕਰਕੇ ਓਨਾਂ ਨੇ ਵੱਡਾ ਸੁਖ ਮੁਕਤ ਹੋਣਾ ਪਾਇਆ ਹੈ ਅੰਤ ਨੂੰ ਚਲਦਿਆਂ ਹੋਇਆਂ ਰਾਮ ਨਾਮ ਹੀ ਓਨ੍ਹਾਂ ਦਾ ਸਹਾਈ ਹੁੰਦਾ ਹੈ।

ਪ੍ਰਮੇਸਰ ਦੇ ਨਾਮ ਧਨ ਦੀ ਰਾਸ ਕੱਠੀ ਕੀਤੀ ਹੈ ਓਹ ਨਾ ਡੁੱਬਦੀ ਹੈ ਤੇ ਨਾ ਨਾਸ ਹੀ ਹੋ ਜਾਂਦੀ ਹੈ।

ਕਲਜੁਗ ਸਮੁੰਦ੍ਰ ਤੋਂ ਪਾਰ ਕਰਨ ਨੂੰ ਰਾਮ ਨਾਮ ਜਹਾਜ਼ ਹੈ ਕਾਲ ਕਰਨ ਵਾਲਾ ਜਮ ਉਸ ਰਾਮ ਨਾਮ ਕਰਕੇ ਨੇੜੇ ਨਹੀਂ ਆਉਂਦਾ ਹੈ।

ਗੁਰੂ ਜੀ=ਜਿਨਾਂਨੇ ਗੁਰਾਂਦੁਆਰੇ ਰਾਮ ਨਾਮ ਨੂੰ ਪਛਾਣਿਆਂ ਹੈ ਓਨਾਂ ਨੂੰ ਕਿਰਪਾ ਕਰਕੇ ਆਪ ਹੀ ਪ੍ਰਮੇਸਰ ਅਪਣੇ ਨਾਲ ਮਿਲਾ ਲੈਂਦਾ ਹੈ।

**ਰਾਮੋ ਰਾਮ ਨਾਮੁ ਸਤੇ ਸਤਿਗੁਰ ਮੁਖਿ ਜਾਣਿਆ ਰਾਮ ॥ ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ ॥ ਮਨੁ ਤਨੁ ਅਰਪਿਆ ਬਹੁਤੁ ਮਨਿ ਸਰਧਿਆ ਗੁਰ ਸੇਵਕ ਭਾਇ ਮਿਲਾਏ ॥ ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ ॥ ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮੁ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥ ੮ ॥ ੨ ॥ ੯ ॥**

ਹੇ ਭਰਾ ਗੁਰਮੁਖਾਂ ਨੇ ਰਾਮ ਨੂੰ ਸੱਚਾ ਅਤੇ ਰਾਮਦੇ ਨਾਮ ਨੂੰ ਵੀ ਸੱਚਾ ਜਾਣਿਆਂ ਹੈ ਓਹੋ ਹੀ ਸੇਵਕ ਹੈ ਜੇਹੜਾ ਗੁਰ ਸੇਵਾ ਵਿਚ ਲੱਗਾ ਹੈ ਅਤੇ ਮਨ ਦੇ ਦਿਤਾਹੈ ਅਤੇ ਸਰੀਰ ਨੂੰ ਵੀ ਗੁਰੂਜੀ ਦੇ ਚਰਨਾਂ ਉਤੇਚੜ੍ਹਦਿਤਾ ਹੈ। ਜਿਸ ਨੇ ਮਨ ਤਨ ਦੇ ਦਿੱਤਾ ਹੈ ਇੱਕੁਰ ਦੇ ਗੁਰ ਸੇਵਕ ਦਾ ਮਨ ਬੜਾ

Digitized by Panjab Digital Library | www.panjabdigilib.org

ਸਰਧਾ ਵਾਲਾ ਹੋਇਆ ਹੈ ਸੇਵਕ ਵਾਂਗ ਪ੍ਰੇਮ ਕਰਨ ਨਾਲ ਗੁਰਾਂ ਨੇ ਉਸ ਹਰੀ ਦੇ ਨਾਲ ਮਿਲਾਇਆ ਹੈ।

ਜੇਹੜਾ ਅਕਾਲ ਪੁਰਖ ਗਰੀਬਾਂ ਦਾ ਮਾਲਕ ਜੀਆਂ ਦਾ ਦਾਤਾ ਹੈ ਓਹ ਪੂਰਿਆਂ ਗੁਰਾਂ ਦੀ ਕਿਰਪਾ ਨਾਲ ਪਾਇਆ ਜਾਂਦਾ ਹੈ ਇੱਕੁਰ ਦੇ ਜੇਹੜੇ ਸਤਿਗੁਰੂ ਜੀ ਹਨ ਓਹ ਗੁਰੂ ਸਿੱਖ ਰੂਪ ਵੀ ਹਨ ਅਤੇ ਸਿੱਖ ਗੁਰੂ ਰੂਪ ਵੀ ਹਨ ਇਹ ਗੁਰ ਸਿਖ ਏਕਤਾ ਦੀ ਮਾਲਾ ਗੁਰ ਉਪਦੇਸ਼ ਕਰਕੇ ਚਲਾਂਦੇ ਹਨ।

ਗੁਰੂ ਜੀ=ਇੱਕੁਰ ਏਕਤਾ ਦੀ ਸ੍ਰੇਣੀ ਵਿਚ ਸਤਿਗੁਰੂ ਜੇਕਰ ਰਾਮ ਨਾਮ ਮੰਤ੍ਰ ਦਿਲ ਵਿਚ ਦੇ ਦੇਣ ਤਾਂ ਪ੍ਰਮੇਸਰ ਦੇ ਨਾਲ ਸੁਭਾਵਕ ਹੀ ਮਿਲਾਪ ਹੋ ਜਾਂਦਾ ਹੈ।

## ੧ ਓ ਸਤਿਗੁਰਪ੍ਰਸਾਦਿ ॥

## ਆਸਾ ਛੰਤ ਮਹਲਾ ੪ ਘਰੁ ੨ ॥

**ਹਰਿ ਹਰਿ ਕਰਤਾ ਦੂਖ ਬਿਨਾਸਨੁ ਪਤਿਤ ਪਾਵਨੁ ਹਰਿ ਨਾਮੁ ਜੀਉ ॥ ਹਰਿ ਸੇਵਾ ਭਾਈ ਪਰਮਗਤਿ ਪਾਈ ਹਰਿ ਊਤਮੁ ਹਰਿ ਹਰਿ ਕਾਮੁ ਜੀਉ ॥ ਹਰਿ ਊਤਮੁ ਕਾਮੁ ਜਪੀਐ ਹਰਿਨਾਮੁ ਹਰਿ ਜਪੀਐ ਅਸਥਿਰੁ ਹੋਵੈ ॥ ਜਨਮ ਮਰਣ ਦੋਵੈ ਦੁਖ ਮੇਟੇ ਸਹਜੇ ਹੀ ਸੁਖਿ ਸੋਵੈ ॥ ਹਰਿ ਹਰਿ ਕਿਰਪਾ ਧਾਰਹੁ ਠਾਕੁਰ ਹਰਿਜਪੀਐ ਆਤਮ ਰਾਮੁ ਜੀਉ ॥ ਹਰਿ ਹਰਿ ਕਰਤਾ ਦੂਖ ਬਿਨਾ· ਸਨੁ ਪਤਿਤ ਪਾਵਨੁ ਹਰਿ ਨਾਮੁ ਜੀਉ ॥ ੧ ॥**

ਹਰਨਾਮ ਹੀ ਦੁੱਖਾਂ ਦੇ ਨਾਸ ਕਰਨ ਵਾਲਾ ਹੈ ਅਤੇ ਹਰਿਨਾਮ ਹੀ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਹੈ।

ਜਿਨਾਂ ਨੂੰ ਹਰੀ ਦੀ ਸੇਵਾ ਚੰਗੀ ਲੱਗੀ ਹੈ ਓਨਾਂ ਨੇ ਵੱਡੀ ਮੁਕਤੀ ਪਾਈ ਹੈ ਸਾਰਿਆਂ ਕੰਮਾਂ ਵਿੱਚੋਂ ਪਰਮੇਸਰ ਦਾ ਨਾਮ ਹੀ ਉੱਤਮ ਹੈ।

ਸਾਰਿਆਂ ਕੰਮਾਂ ਵਿਚੋਂ ਉੱਤਮ ਕੰਮ ਏਹੋ ਹੀ ਹੈ ਜੇਹੜਾ ਹਰੀ ਨਾਮ ਨੂੰ ਜਪਣਾ ਹੈ ਹਰਿਨਾਮ ਨੂੰ ਜਪਣ ਵਾਲੇ ਇਸਥਿਰ ਹੋਇ ਰਹਿੰਦੇ ਹਨ

Digitized by Panjab Digital Library | www.panjabdigilib.org

ਭਾਵ ਜਨਮ ਮਰਨ ਤੋਂ ਰਹਿਤ।

ਜੰਮਣ ਮਰਨ ਦੋਹਾਂ ਦੁੱਖਾਂ ਨੂੰ ਮਿਟਾ ਕੇ ਸੁਭਾਵਕ ਹੀ ਸੁਖ ਵਿੱਚ ਸੌਂਦੇ ਹਨ।

ਇੱਕੁਰ ਬੇਨਤੀ ਕਰਦੇ ਹਨ ਹੇ ਮਾਲਕ ਜੀ ਇਸ ਲਈ ਇੱਕੁਰ ਦੀ ਕਿਰਪਾ ਧਾਰੋ ਜਿਸ ਕਰਕੇ ਹਰਿਆ ਕਰਨ ਵਾਲਾ ਤੇਰਾ ਨਾਮ ਹਰ ਤਰਾਂ ਨਾਲ ਜਪੀਏ ਇਸ ਕਰਕੇ ਮਨ ਵਿਚ ਰਾਮ=ਅਰਾਮ ਸੁਖ ਹੁੰਦਾ ਹੈ।

ਜੇਹੜਾ ਕਰਤਾ ਅਕਾਲ ਪੁਰਖ ਦਾ ਨਾਮ ਹੈ ਏਹੋ ਹੀ ਸਾਰਿਆਂ ਦੁੱਖਾਂ ਦੇ ਨਾਸ ਕਰਨ ਵਾਲਾ ਹੈ ਅਤੇ ਪਾਪੀਆਂ ਦੇ ਪਵਿੱਤ੍ਰ ਕਰਨ ਵਾਲਾ ਹੈ।

**ਹਰਿ ਨਾਮੁ ਪਦਾਰਥੁ ਕਲਜੁਗਿ ਊਤਮੁ ਹਰਿਜਪੀਐ ਸਤਿਗੁਰ ਭਾਇ ਜੀਉ ॥ ਗੁਰਮੁਖਿ ਹਰਿ ਪੜੀਐ ਗੁਰ-ਮੁਖਿ ਹਰਿ ਸੁਣੀਐ ਹਰਿ ਜਪਤ ਸੁਣਤ ਦੁਖੁ ਜਾਇ ਜੀਉ ॥ ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥ ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾ-ਇਆ ॥ ਹਰਿ ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਧੁਰਿ ਲਿਖਿ ਪਾਇ ਜੀਉ ॥ ਹਰਿ ਨਾਮੁ ਪਦਾ-ਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥ ੨ ॥**

ਕਲਜੁਗ ਵਿਚ ਹਰੀ ਨਾਮ ਪਦਾਰਥ ਉੱਤਮ ਹੈ ਭਾਵ ਸਾਰਿਆਂ ਜੁੱਗਾਂ ਨਾਲੋਂ ਕਲਜੁਗ ਚੰਗਾ ਹੈ ਹੁਣ ਇਕ ਨਾਮ ਹੀ ਚੰਗਾ ਕੰਮ ਹੈ ਪਰ ਪ੍ਰਮੇਸਰ ਦੇ ਨਾਮ ਦਾ ਜਪਣਾ ਸਤਿਗੁਰਾਂ ਵਿਚ ਪ੍ਰੀਤੀ ਕਰਨ ਨਾਲ ਹੁੰਦਾ ਹੈ।

ਗੁਰਾਂ ਦੁਆਰੇ ਪ੍ਰਮੇਸਰ ਨੂੰ ਪੜ੍ਹੀਏ, ਗੁਰਾਂ ਦੁਆਰੇ ਪ੍ਰਮੇਸਰ ਨੂੰ ਸੁਣੀਏ ਤਾਂ ਹਰੀ ਨੂੰ ਜਪਦਿਆਂ ਸੁਣਦਿਆਂ ਸਾਰੇ ਦੁੱਖ ਜਾਂਦੇ ਰਹਿੰਦੇ ਹਨ।

ਜਿਨਾਂ ਨੇ ਹਰਿ ਹਰਿ ਨਾਮ ਨੂੰ ਜਪਿਆ ਹੈ ਉਨਾਂ ਦਾ ਦੁਖ ਨਾਸ ਹੋ ਗਿਆ ਅਤੇ ਹਰਿ ਨਾਮ ਕਰਕੇ ਹੀ ਵੱਡਾ ਸੁਖ ਪਾਇਆ ਹੈ।

ਸਤਿਗੁਰਾਂ ਦਾ ਦਿੱਤਾ ਹੋਇਆ ਗਿਆਨ ਦੀਵਾ ਦਿਲ ਵਿਚ ਬਲਿਆ ਤਾਂ ਅਗਿਆਨ ਰੂਪ ਹਨੇਰਾ ਦੂਰ ਹੋਗਿਆ।

Digitized by Panjab Digital Library | www.panjabdigilib.org

ਓਨਾਂ ਨੇ ਹਰਿ ਹਰਿ ਨਾਮ ਨੂੰ ਅਰਾਧਿਆ ਹੈ ਜਿਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਪ੍ਰਮੇਸਰ ਨੇ ਲੇਖ ਲਿਖ ਪਾਇਆ ਸੀ।

ਕਲਜੁਗ ਵਿਚ ਹਰਿ ਨਾਮ ਪਦਾਰਥ ਉਤਮ ਹੈ ਪਰ ਗੁਰਾਂ ਵਿਚ ਪ੍ਰੇਮ ਕਰਨ ਨਾਲ ਜਪੀਦਾ ਹੈ।

**ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥ ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ ਭ੍ਰਮੁ ਚੂਕਾ ਆਵਣੁ ਜਾਣੁ ਜੀਉ॥ਆਵਣ ਜਾਣਾ ਭ੍ਰਮੁ ਭਉ ਭਾਗਾ ਹਰਿ ਹਰਿ ਹਰਿ ਗੁਣ ਗਾਇਆ ॥ ਜਨਮ ਜਨਮ ਕੇ ਕਿਲਵਿਖ ਦੁਖ ਉਤਰੇ ਹਰਿ ਹਰਿ ਨਾਮਿ ਸਮਾਇਆ ॥ ਜਿਨ ਹਰਿ ਧਿਆਇਆ ਧੁਰਿ ਭਾਗਿ ਲਿਖਿ ਪਾਇਆ ਤਿਨ ਸਫਲੁ ਜਨਮੁ ਪਰਵਾਣੁ ਜੀਉ ॥ ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥ ੩ ॥**

ਜਿਨਾਂ ਦੇ ਮਨ ਵਿਚ ਹਰਿ ਹਰਿ ਨਾਮ ਚੰਗਾ ਲੱਗਾ ਹੈ ਉਨ੍ਹਾਂ ਨੇ ਵੱਡਾ ਸੁਖ ਰੂਪ ਦੁੱਖਾਂ ਤੋਂ ਰਹਿਤ ਪਦ ਰੂਪ ਲਾਭ ਪਾਇਆ ਹੈ।

ਜਿੰਨਾਂ ਨੇ ਪ੍ਰਮੇਸਰ ਦੇ ਨਾਲ ਪ੍ਰੀਤੀ ਲਾਈ ਹੈ ਉਨ੍ਹਾਂ ਦਾ ਹਰਿ ਨਾਮ ਸਖਾਈ=ਮਿਤ੍ਰ ਹੋਇਆ ਹੈ ਤੇ ਓਨਾਂ ਦਾ ਆਉਂਣ ਜਾਣ ਦਾ ਭਰਮ ਦੂਰ ਹੋਗਿਆ ਹੈ।

ਜਿਨਾਂ ਨੇ ਮਨ ਤਨ ਬਾਣੀ ਕਰਕੇ ਪ੍ਰਮੇਸਰ ਦੇ ਗੁਣਾਂ ਨੂੰ ਪਾਇਆ ਹੈ ਓਨਾਂ ਦੇ ਆਉਣ ਜਾਣ ਦਾ ਭਰਮ ਡਰ ਦੂਰ ਹੋਗਿਆ ਹੈ।

ਜਨਮਾਂ ਜਨਮਾਂ ਦੇ ਪਾਪ ਦੂਰ ਹੋ ਗਏ ਹਨ ਅਤੇ ਉਹ ਮਨ ਤਨ ਕਰਕੇ ਪ੍ਰਮੇਸਰ ਦੇ ਨਾਮ ਨਾਲ ਮਿਲ ਗਏ ਹਨ।

ਜਿਨਾਂ ਨੇ ਹਰ ਤਰਾਂ ਨਾਲ ਪ੍ਰਮੇਸਰ ਨੂੰ ਯਾਦ ਕੀਤਾ ਹੈ ਓਨਾਂ ਦੇ ਭਾਗਾਂ ਵਿਚ ਕਰਤਾ ਪ੍ਰਮੇਸਰ ਨੇ ਧੁਰ ਤੋਂ ਹੀ ਲਿਖ ਪਾਇਆ ਹੈ ਓਨਾਂ ਦਾ ਜਨਮ ਸੰਸਾਰ ਵਿਚ ਪਰਵਾਣ ਤੇ ਸਫਲ ਹੋਇਆ ਹੈ।

ਜਿਨਾਂ ਦੇ ਮਨ ਵਿਚ ਹਰਿ ਹਰਿ ਨਾਮ ਚੰਗਾ ਲੱਗਾ ਹੈ ਓਨਾਂ ਨੇ ਵੱਡਾ ਸੁਖ ਰੂਪ ਦੁਖਾਂ ਤੋਂ ਰਹਿਤ ਪਦ ਲਾਭ ਪਾਇਆ ਹੈ।

Digitized by Panjab Digital Library | www.panjabdigilib.org

**ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ ॥ ਹਰਿ ਨਾਮੁ ਵਡਾਈ ਹਰਿ ਨਾਮੁ ਸਖਾਈ ਗੁਰ ਸਬਦੀ ਹਰਿ ਰਸ ਭੋਗਜੀਉ ॥ ਹਰਿ ਰਸ ਭੋਗ ਮਹਾ ਨਿਰਜੋਗ ਵਡਭਾਗੀ ਹਰਿ ਰਸੁ ਪਾਇਆ ॥ ਸੇ ਧੰਨੁ ਵਡੇ ਸਤ ਪੁਰਖਾ ਪੂਰੇ ਜਿਨ ਗੁਰ-ਮਤਿ ਨਾਮੁ ਧਿਆਇਆ ॥ ਜਨੁ ਨਾਨਕੁ ਰੇਣੁ ਮੰਗੈ ਪਗ ਸਾਧੂ ਮਨਿ ਚੂਕਾ ਸੋਗੁ ਵਿਜੋਗੁ ਜੀਉ ॥ ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ ॥ ੪ ॥ ੧ ॥ ੩ ॥**

ਜਿਨਾਂ ਨੂੰ ਪ੍ਰਮੇਸਰ ਮਿੱਠਾ ਲੱਗਾ ਹੈ ਓਹੋ ਹੀ ਆਦਮੀ ਦੁਨੀਆਂ ਵਿਚ ਸਰੋਮਣੀ ਹਨ ਅਤੇ ਓਹੋ ਹੀ ਹਰੀ ਦੇ ਲੋਕਾਂ ਵਿਚ ਹਰ ਤਰਾਂ ਨਾਲ ਉੱਤਮ ਹੋਇ ਹਨ ।

ਓਨਾਂ ਨੂੰ ਹਰਿ ਨਾਮ ਦੀ ਹੀ ਵਡਿਆਈ ਹੈ ਹਰ ਨਾਮ ਹੀ ਓਨਾਂ ਦਾ ਸਹਾਈ ਹੈ ਉਹ ਗੁਰੂ ਸ਼ਬਦ ਕਰਕੇ ਹਰ ਰਸ ਨੂੰ ਭੋਗਦੇ ਹਨ।

ਹਰੀ ਰਸ ਨੂੰ ਲੈਂਦੇ ਹਨ ਅਤੇ ਸੰਸਾਰ ਦੇ ਦੁਖਾਂ ਤੋਂ ਨਿਰਜੋਗ=ਵੱਖਰੇ ਹਨ ਸੋ ਇੱਕੁਰ ਦਾ ਹਰਿ ਰਸ ਵਡਿਆਂ ਭਾਗਾਂ ਨਾਲ ਪਾਇਆ ਹੈ ।

ਓਹ ਧੰਨ ਵੱਡੇ ਪੂਰੇ ਸੱਚੇ ਆਦਮੀ ਹਨ ਜਿਨਾਂ ਨੇ ਗੁਰ ਸਿਖਿਆ ਕਰਕੇ ਹਰੀ ਨਾਮ ਧਿਆਇਆ ਹੈ ।

ਗੁਰੂ ਜੀ=ਓਨਾਂ ਸੰਤਾਂਦੇ ਚਰਨਾਂਦੀ ਧੂੜੀ ਅਸੀਂਮੰਗਦੇਹਾਂ॥ਜਿਨਾਂਨੇਸੰਤਾਂ ਦੇ ਚਰਨਾਂ ਦੀ ਧੂੜੀ ਪਾਈ ਹੈ ਓਨਾਂ ਦੇ ਮਨ ਤੋਂ ਵਿਛੋੜਾ ਤੇ ਸੋਗ ਦੂਰ ਹੋ ਗਿਆ ਹੈ।

ਜਿਨਾਂ ਨੂੰ ਹਰੀ ਮਿੱਠਾ ਲੱਗਾ ਹੈ ਓਹ ਆਦਮੀ ਵੱਡੇ ਹਨ ਤੇ ਓਹੋ ਹੀ ਹਰ ਤਰਾਂ ਨਾਲ ਉੱਤਮ ਹਨ।

## ਆਸਾ ਮਹਲਾ ੪ ॥

< ਚਹੁੰਆਂ ਜੁੱਗਾਂ ਦੇ ਸੁਭਾਵ ਤੇ ਧਰਮ ਦੇ ਚਾਰ ਪੈਰ ਵਰਣਨਹਨ। >

**ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ**

Digitized by Panjab Digital Library | www.panjabdigilib.org

**ਧਿਆਨੁ ਜੀਉ ॥ ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥ ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰ-ਮੁਖਿ ਹੋਈ॥ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾਅਵਰੁ ਨਕੋਈ ॥ ਹਰਿ ਹਰਿ ਲਿਵਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ॥ ਸਤਜੁਗਿ ਸਭੁ ਸੰਤੋਖ ਸਰੀਰਾ ਪਗਚਾਰੇ ਧਰਮ ਧਿਆਨੁ ਜੀਉ ॥ ੧ ॥**

ਸਤਜੁਗ ਵਿਚ ਸਾਰਿਆਂ ਸਰੀਰਾਂ ਵਿਚ ਸੰਤੋਖ ਸੀ ਧਰਮ ਦੇ ਚਾਰੇ ਪੈਰ ਦਯਾ, ਦਾਨ, ਤਪ, ਸੱਚ ਪੱਕੇ ਧਿਆਨ ਪੈਂਦੇ ਸਨ ਭਾਵ ਨਜ਼ਰ ਆਉਂਦੇ ਸਨ ।

ਓਹ ਮਨ ਤਨ ਕਰਕੇ ਹਰੀ ਨੂੰ ਗਾਂਦੇ ਸੀ ਵੱਡਾ ਸੁਖ ਪਾਂਦੇ ਸੀ ਰਿਦੇ ਵਿਚ ਹਰੀ ਦੇ ਗੁਣਾਂ ਦਾ ਗਿਆਨ ਸੀ ।

ਜੇਹੜੇ ਹਰਿ ਹਰਿ ਜਾਪ ਕਰਕੇ ਗਿਆਨ ਆਦਕ ਗੁਣ ਰੂਪ ਪਦਾਰਥਾਂ ਨੂੰ ਪਾਕੇ ਕਿਰਤਾਰਥ ਹੋ ਗਏ ਸੀ ਓਨਾਂ ਗੁਰਮੁਖਾਂ ਦੀ ਸੋਭਾ ਹੁੰਦੀ ਸੀ ਭਾਵ ਭਾਵੇਂ ਚੰਗੇ ਸੱਚ ਆਦਿਕ ਗੁਣ ਸੀ ਪਰ ਸੋਭਾ ਗੁਰਮੁਖਤਾ ਕਰਕੇ ਹੀ ਹੁੰਦੀ ਸੀ ।

ਓਨਾਂ ਦੇ ਅੰਦਰ ਬਾਹਰ ਇਕ ਪ੍ਰਮੇਸਰ ਨਜਰ ਆਉਂਦਾ ਸੀ ਦੂਸਰਾ ਹੋਰ ਕੋਈ ਨਹੀਂ ਜਾਪਦਾ ਸੀ ।

ਓਹ ਮਨ ਤਨ ਕਰਕੇ ਪ੍ਰਮੇਸਰ ਵਿਚ ਹੀ ਲਿਵ ਲਾਈ ਰੱਖਦੇ ਸੀ ਹਰਿਨਾਮ ਨੂੰ ਹੀ ਸਹਾਈ ਮੰਨਦੇ ਸੀ ਓਹ ਹਰੀ ਦੇ ਦਰਬਾਰ ਵਿਚ ਆਦਰ ਪਾਂਦੇ ਸੀ ।

ਇਸ ਦੇ ਅਰਥ ਹੋ ਚੁਕੇ ਹਨ ।

**ਤ੍ਰੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥ ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥ ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥ ਅੰਤਰਿ ਮਮਤਾ ਰੋਗੁ ਲਗਾਨਾ**

Digitized by Panjab Digital Library | www.panjabdigilib.org

**ਹਉਮੈ ਅਹੰਕਾਰੁ ਵਧਾਇਆ ॥ ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥ ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥ ੨ ॥**

ਜਦੋਂ ਤ੍ਰੇਤਾ ਜੁਗ ਆ ਗਿਆ ਤਾਂ ਅੰਦਰ ਵੱਖੋ ਵੱਖ ਭੇਦਾਂ ਫਰਕਾਂ ਨੇ ਜੋਰ ਪਾ ਲਿਆ ਜਾਂ ਸਰੀਰਾਂ ਵਿਚ ਜੋਰ ਪਾ ਲਿਆ ਭਾਵ ਸਾਰੇ ਜੋਰਾਵਰ ਬਲਵਾਨ ਬਣ ਗਏ ਜੱਤ ਧਾਰ ਕੇ ਇੰਦ੍ਰੀਆਂ ਦਾ ਰੋਕਣਾ ਰੂਪ ਕਰਮ ਕਮਾਉਂਣ ਲੱਗ ਪਏ ।

ਚੌਥਾ ਪੈਰ ਖਿਸਕ ਗਿਆ ਤਿੰਨਾਂ ਪੈਰਾਂ ਦੇ ਭਾਰ ਧਰਮ ਖੜੋਤਾ ਰਿਹਾ ਭਾਵ ਸੱਚ ਦੂਰ ਹੋ ਗਿਆ ਤਪ, ਦਾਨ, ਦਯਾ ਇਹ ਤਿੰਨ ਰਹਿ ਗਏ ਅਤੇ ਸਾਰਿਆਂ ਦੇ ਮਨ ਰਿਦੇ ਨੂੰ ਗੁੱਸਾ ਸਾੜਨ ਲੱਗਾ ਭਾਵ ਗੁੱਸਾ ਬਹੁਤ ਹੋ ਗਿਆ । ਮਨ ਵਿਚ ਗੁੱਸਾ ਹੋਣ ਨਾਲ ਬਹੁਤ ਹੀ ਬਿਸ=ਵਿਹੁ, ਜ਼ਹਿਰ, ਲੋਧ=ਘੋਲਣ ਲੱਗੇ ਜਾਂ ਬੀਜਣ ਲੱਗੇ ਭਾਵ ਸਕਾਮ ਕਰਮਾਂ ਨੂੰ ਕਰਨ ਲੱਗੇ ਜਾਂ ਆਪੋ ਵਿਚ ਰਾਜੇ ਧਾੜ੍ਹੇ ਮਾਰਨ ਲੱਗੇ ਅਤੇ ਲੜਾਈ ਵਿਚ ਜਾਂ ਮਨ ਰਿਦੇ ਵਿਚ ਬੜਾ ਦੁਖ ਆਇਆ ।

ਜਿਨਾਂ ਦਾ ਰਿਦੇ ਵਿਚ ਮਮਤਾ ਦਾ ਰੋਗ ਲੱਗ ਗਿਆ ਇਹ ਮੇਰਾ ਓਹ ਮੇਰਾ ਇੱਕੁਰ ਕਰਕੇ ਹੰਕਾਰ ਵਧਾ ਲਿਆ । ਜਿਸ ਦੇ ਉਤੇ ਮੇਰੇ ਪ੍ਰਮੇਸਰ ਨੇ ਕਿਰਪਾ ਧਾਰਨ ਕੀਤੀ ਸੀ "ਬਿਭੀਖਨ ਵਾਂਗ" ਉਸ ਦੀ ਮਮਤਾ ਦੀ ਵਿਹੁ ਗੁਰ ਸਿਖਿਆ ਕਰਕੇ ਹਰਿਨਾਮ ਦੇ ਨਾਲ ਲੱਥਕੇ ਦੂਰ ਹੋ ਗਈ ।

ਇਸ ਦਾ ਅਰਥ ਹੋ ਚੁਕਾ ਹੈ ।

**ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥ ਤਪੁ ਤਾਪਨ ਤਾਪਹਿ ਜਗ ਪੁੰਨ ਅਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥ ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥ ਮਹਾ ਜੁਧ ਜੋਧ ਬਹੁ ਕੀਨੇ ਵਿਚਿ ਹਉਮੈ ਪਚੈ ਪਚਾਇ ਜੀਉ ॥ ਦੀਨ ਦਇਆਲ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ**

Digitized by Panjab Digital Library | www.panjabdigilib.org

ਮਲੁ ਲਹਿ ਜਾਇ ਜੀਉ ॥ ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥ ੩ ॥

ਜਦੋਂ ਦੁਆਪਰ ਜੁਗ ਆਇਆ ਤਾਂ ਸਾਰਿਆਂ ਜੀਆਂ ਦਾ ਮਨ ਭਰਮ ਨੇ ਭਰਮਾ ਲਿਆ ਤਾਂ ਪ੍ਰਮੇਸਰ ਨੇ ਆਪ ਹੀ ਗੋਪੀਆਂ ਤੇ ਕ੍ਰਿਸ਼ਨ ਰੂਪ ਹੋਕੇ ਅਪਣੇ ਆਪ ਨੂੰ ਪੈਦਾ ਕੀਤਾ ਜਾਂ ਗੋਪੀਆਂ ਤੇ ਕ੍ਰਿਸ਼ਨ ਨੂੰ ਪੈਦਾ ਕੀਤਾ।

ਤਾਪਨ=ਅੱਗ ਭਾਵ ਧੂਣੀਆਂ ਦੇ ਵਿਚ ਬੈਠ ਕੇ ਜਾਂ ਸੂਰਜ ਦੇ ਸਾਹਮਣੇ ਖੜੋ ਕੇ ਬੈਠ ਕੇ ਤਪ ਕਰਦੇ ਸੀ ਅਤੇ ਪੁੰਨ ਰੂਪ ਜੱਗਾਂ ਨੂੰ ਅਰੰਭ ਕਰਦੇ ਸੀ ਪੂਜਾਂ ਵਾਲਿਆਂ ਕਰਮਾਂ ਨੂੰ ਬਹੁਤ ਹੀ ਕਮਾਂਦੇ ਸੀ ।

ਜੀਆਂ ਨੇ ਕਿਰਿਆ ਪੂਜਾ ਆਦਿਕ ਕਰਮਾਂ ਨੂੰ ਚੰਗਾ ਕਮਾਇਆ, ਧਰਮ ਦਿਆਂ ਦੋ ਪੈਰਾਂ ਨੂੰ ਰਿਦੇ ਤੋਂ ਖਿਸਕਾ ਭਾਵ ਕੱਢ ਦਿੱਤਾ ਫੇਰ ਪ੍ਰਮੇਸਰ ਦੇ ਟਿਕਾਏ ਹੋਏ ਦੋ ਪੈਰ ਖੜੋਤੇ ਰਹੇ।

ਬੜਿਆਂ ੨ ਸੂਰਮਿਆਂ ਨੇ ਬੜੇ ਹੰਕਾਰ ਕਰਕੇ ਵੱਡੇ ੨ ਜੰਗ ਜੁੱਧ ਕੀਤੇ ਆਪ ਵੀ ਖੱਪਦੇ ਰਹੇ ਤੇ ਹੋਰਨਾਂ ਨੂੰ ਵੀ ਖਪਾਂਦੇ ਰਹੇ । ਭਾਵ ਆਪ ਵੀ ਮਾਰਦੇ ਰਹੇ ਤੇ ਹੋਰਨਾਂ ਨੂੰ ਵੀ ਭਾਰਥ ਆਦਿਕ ਜੰਗਾਂ ਵਿਚ ਮਾਰਿਆ ।

ਜਿਸਨੂੰ ਦੀਨਾਂ ਦੇ ਦਿਆਲੂ ਨੇ ਗੁਰੂ ਸਾਧੂ ਮਿਲਾਇਆ, ਸਤਿਗੁਰੂ ਮਿਲਨ ਨਾਲ ਉਸਦੀ ਦੁਆਪਰ ਵਿਚ ਵੀ ਮੈਲ ਦੂਰ ਹੋ ਗਈ, ਭਾਵ ਲਹਿ ਗਈ ਜਾਂ ਜਾਂਦੀ ਰਹੀ ਸੀ । ਇਸਦਾ ਅਰਥ ਹੋਚੁਕਾ ਹੈ ।

ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥ ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ॥ ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ॥ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥ ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥ ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ

Digitized by Panjab Digital Library | www.panjabdigilib.org

॥੪॥੨॥੪॥

ਜਦੋਂ ਪ੍ਰਮੇਸਰ ਨੇ ਕਲਜੁਗ ਦਾ ਸਮਾਂ ਕੀਤਾ ਤਾਂ ਸੱਚ, ਤਪ, ਪੂਜਾ, ਧਰਮ ਦੇ ਤਿੰਨੇ ਪੈਰ ਖਿਸਕ ਗਏ ਪ੍ਰਮੇਸਰ ਦਾ ਟਿਕਾਇਆ ਹੋਇਆ ਚੌਥਾ ਪੈਰ ਟਿਕਿਆ ਰਿਹਾ।

ਇਸ ਕਲਜੁਗ ਵਿਚ ਜਿਨਾਂ ਨੇ ਗੁਰ ਉਪਦੇਸ਼ ਨੂੰ ਕਮਾਇਆ ਹੈ ਓਨਾਂ ਨੇ ਗੁਰੂ ਤੋਂ ਹਰਿ ਨਾਮ ਦਵਾਈ ਨੂੰ ਪਾਇਆ ਹੈ। ਜਿਨਾਂ ਨੇ ਹਰੀ ਦੀ ਕੀਰਤੀ ਕੀਤੀ ਓਨਾਂ ਨੇ ਹਰੀ ਤੋਂ ਸ਼ਾਂਤੀ ਪਾਈ ਹੈ।

ਇਸ ਕਲਜੁਗ ਵਿਚ ਹਰੀ ਦੇ ਕੀਰਤਨ ਕਰਨ ਦੀ ਰੁੱਤ ਆਈ ਹੈ। ਇਸ ਵਿਚ ਹਰੀ ਦੇ ਨਾਮ ਦੀ ਹੀ ਵਡਿਆਈ ਹੈ ਗੁਰਮੁਖਾਂ ਨੇ ਹਰਿ ਹਰਿ ਨਾਮ ਦਾ ਖੇਤ ਜਮਾਇਆ ਹੈ। ਭਾਵ ਰਿਦੇ ਵਿਚ ਨਾਮ ਧਾਰਿਆ ਹੈ।

ਜੇਹੜੇ ਨਾਮ ਤੋਂ ਬਿਨਾਂ ਕਲਜੁਗ ਵਿਚ ਹੋਰਨਾਂ ਬੀਜਾਂ ਨੂੰ ਬੀਜਦੇ ਹਨ ਉਨ੍ਹਾਂ ਨੇ ਸਾਰਾ ਲਾਭ ਤੇ ਮੂਲ ਜੇਹੜੀ ਅਪਣੇ ਰੁਪਇਆਂ ਦੀ ਪੱਲੇ ਰਾਸ ਸੀ ਉਹ ਸਾਰੀ ਹੀ ਗੁਵਾ ਲਈ ਹੈ।

ਗੁਰੂ ਜੀ=ਜਿਨ੍ਹਾਂ ਨੇ ਪੂਰਾ ਗੁਰੂ ਪਾਇਆ ਹੈ ਓਨਾਂ ਨੇ ਮਨ, ਰਿਦੇ ਵਿਚ ਨਾਮ ਨੂੰ ਲਿਖਿਆ ਹੋਇਆ ਜਾਣਿਆ ਹੈ ਜਾਂ ਗੁਰਾਂ ਨੇ ਰਿਦੇ ਵਿਚ ਨਾਮ ਦੇਕੇ ਪ੍ਰਮੇਸਰ ਨੂੰ ਵਿਖਾ ਦਿਤਾ ਹੈ।

ਇਸਦਾ ਅਰਥ ਹੋ ਚੁਕਾ ਹੈ।

## ਆਸਾ ਮਹਲਾ ੪ ॥

**ਹਰਿ ਕੀਰਤਿ ਮਨਿ ਭਾਈ ਪਰਮਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥ ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ ਧੁਰਿ ਮਸਤਕਿ ਭਾਗੁ ਪੁਰਾਨ ਜੀਉ ॥ ਧੁਰਿ ਮਸਤਕਿ ਭਾਗੁ ਹਰਿਨਾਮਿ ਸੁਹਾਗੁ ਹਰਿ ਨਾਮੈ ਹਰਿ ਗੁਣ ਗਾਇਆ ॥ ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ॥ ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ ਮਾਨ ਜੀਉ॥ ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ**

Digitized by Panjab Digital Library | www.panjabdigilib.org

ਜੀਉ ॥ ੧ ॥

ਜਿਨਾਂ ਦੇ ਮਨ ਵਿਚ ਹਰੀ ਦੀ ਕੀਰਤੀ ਚੰਗੀ ਲੱਗੀ ਹੈ ਓਨਾਂ ਨੇ ਵਡੀ ਮੁਕਤੀ ਪਾਈ ਹੈ ਅਤੇ ਓਨਾਂ ਦੇ ਮਨ ਵਿਚ ਪ੍ਰਮੇਸਰ ਮਿੱਠਾ ਲੱਗਾ ਹੈ।

ਓਨ੍ਹਾਂ ਨੇ ਹਰ ਰਸ ਨੂੰ ਪਾਇਆ ਹੈ, ਜਿਨਾਂ ਨੇ ਗੁਰ ਸਿਖਿਆ ਕਰਕੇ ਪ੍ਰਮੇਸਰ ਨੂੰ ਧਿਆਇਆ ਹੈ ਓਨਾਂ ਦੇ ਮੱਥੇ ਉਤੇ ਧੁਰ ਤੋਂ ਪੁਰਾਣਾਂ ਭਾਵ ਜਨਮਾਂ ਜਨਮਾਂ ਦਾ ਚੰਗਾ ਕਰਮ ਲਿਖਿਆ ਹੋਇਆ ਸੀ।

ਜਿਨਾਂ ਦੇ ਮੱਥੇ ਉਤੇ ਧੁਰ ਤੋਂ ਹੀ ਭਾਗ ਲਿਖਿਆ ਹੈ ਓਨਾਂ ਨੂੰ ਹਰੀ ਨਾਮ ਪਤੀ ਮਿਲਿਆ ਹੈ ਅਤੇ ਉਹ ਸਭ ਹਰੀ ਨਾਮ ਨੂੰ ਜਪਦੇ ਹਨ ਅਤੇ ਹਰਿ ਗੁਣਾਂ ਨੂੰ ਹੀ ਗਾਂਦੇ ਹਨ।

ਜਿਨਾਂ ਦੇ ਮੱਥੇ ਉਤੇ ਸਿਰੋਮਣੀ ਬਹੁਤ ਉੱਚੀ ਪ੍ਰਤੀਤੀ ਪ੍ਰਗਟ ਹੋਈ ਹੈ ਓਨਾਂ ਦਾ ਮਨ ਹਰਿ ਹਰਿ ਨਾਮ ਕਰਕੇ ਸੋਹਣਾ ਹੋਇਆ ਹੈ।

ਪ੍ਰਕਾਸ਼ਕ ਮਾਲਕ ਪਾਇਆ ਹੈ ਉਸ ਵਿਚ ਭਗਤਾਂ ਦੀ ਜੋਤ ਮਿਲ ਗਈ ਹੈ ਇੱਕੁਰ ਸਤਿਗੁਰਾਂ ਦੇ ਨਾਲ ਮਿਲਾਕੇ ਮਨ ਮੰਨਿਆਂ ਹੈ।

ਇਸ ਦਾ ਅਰਥ ਹੋ ਚੁਕਾ ਹੈ।

**ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥ ਤਿਨ੍ ਹਮ ਚਰਣ ਸਰੇਵਹ ਖਿਨੁ ਖਿਨੁ ਪਗਧੋਵਹ ਜਿਨ ਹਰਿ ਮੀਠ ਲਗਾਨ ਜੀਉ॥ ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿਭਾਗਾ ਰਤੀ ਚਾਰੇ ॥ ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ ਹਰਿ ਨਾਮਾ ਕੰਠਿ ਧਾਰੇ॥ ਸਭ ਏਕ ਦ੍ਰਿਸਟਿ ਸਮਤ ਕਰਿ ਦੇਖੈ ਸਭੁ ਆਤਮ ਰਾਮੁ ਪਛਾਨ ਜੀਉ॥ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥ ੨ ॥**

ਜਿਨਾਂ ਨੇ ਮਨ ਤਨ ਕਰਕੇ ਹਰਿ ਹਰਿ ਜਸ ਨੂੰ ਗਾਇਆ ਹੈ ਅਤੇ ਮੋਖ ਪਦ ਨੂੰ ਪਾਇਆ ਹੈ ਓਹ ਦਾਸ ਉੱਤਮ ਤੇ ਸਾਰਿਆਂ ਦਾਸਾਂ ਵਿਚੋਂ ਵੱਡੇ ਮੁਖੀ ਹਨ।

ਜਿਨਾਂ ਨੂੰ ਪ੍ਰਮੇਸਰ ਮਿੱਠਾ ਲੱਗਦਾ ਹੈ ਅਸੀ ਓਨਾਂ ਦੇ ਚਰਨਾਂ ਦੀ ਸੇਵਾ ਕਰਦੇ ਹਾਂ ਅਤੇ ਛਿਨ ਛਿਨ ਵਿਚ ਚਰਨਾਂ ਨੂੰ ਧੋਂਦੇ ਹਾਂ।

Digitized by Panjab Digital Library | www.panjabdigilib.org

ਜਿਨਾਂ ਨੂੰ ਪ੍ਰਮੇਸਰ ਨੇ ਅਪਣਾ ਨਾਮ ਮਿੱਠਾ ਲਾਇਆ ਹੈ ਓਨਾਂ ਨੇ ਹੀ ਵੱਡਾ ਸੁਖ ਪਾਇਆ ਹੈ ਓਨਾਂ ਦੇ ਮੂੰਹ ਉਤੇ ਭਾਗਾਂ ਦੀ ਕੀਰਤੀ ਚਾਰ= ਸੁੰਦਰ ਪ੍ਰਕਾਸ਼ ਕਰਦੀ ਹੈ ਜਾਂ ਚਾਰੇ ਜੁੱਗਾਂ ਵਿਚ ਓਨਾਂ ਦੇ ਭਾਗਾਂ ਦੀ ਵੱਡੀ ਪ੍ਰੀਤੀ ਹੈ।

ਜਿਨਾਂ ਨੇ ਗੁਰ ਸਿਖਿਆ ਕਰਕੇ ਪ੍ਰਮੇਸਰ ਨੂੰ ਗਾਇਆ ਹੈ ਓਨਾਂ ਨੇ ਹਰੀ ਦਾ ਨਾਮ ਗਲ ਵਿਚ ਪਾਇਆ ਹੈ ਭਾਵ ਪ੍ਰਮੇਸਰ ਦਾ ਧਿਆਨ ਕੀਤਾ ਹੈ ਅਤੇ ਬਹੁਤ ਸਾਰੇ ਨਾਵਾਂ ਦੇ ਅਕੱਠ ਦਿਲ ਵਿਚ ਧਾਰਨ ਕੀਤੇ ਹਨ। ਓਹ ਸਾਰਿਆਂ ਵਿਚ ਇੱਕ ਨਜ਼ਰ ਨਾਲ ਬਰਾਬਰ ਦ੍ਰਿਸ਼ਟੀ ਕਰਕੇ ਇਕ ਪ੍ਰਮੇਸਰ ਨੂੰ ਵੇਖਦੇ ਹਨ ਅਤੇ ਸਾਰਿਆਂ ਨੂੰ ਆਤਮਾ ਰਾਮ ਆਪਣੇ ਵਿਚ ਰਮਿਆਂ ਹੋਇਆ ਭਾਵ ਸਾਰਿਆਂ ਵਿਚ ਪ੍ਰਮੇਸਰ ਮਿਲਿਆ ਹੋਇਆ ਸਮਝਦੇ ਹਨ।

ਇਸ ਦਾ ਅਰਥ ਹੋ ਚੁਕਾ ਹੈ।

**ਸਤ ਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥ ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ ਬੀਜਾ ਅਵਰੁ ਨ ਕੋਇ ਜੀਉ॥ ਅਵਰੁ ਨ ਕੋਇ ਹਰਿ ਅੰਮ੍ਰਿਤੁ ਸੋਇਜਿਨਿ ਪੀਆ ਸੋ ਬਿਧਿ ਜਾਣੈ ॥ ਧਨੁ ਧੰਨੁ ਗੁਰੂ ਪੂਰਾ ਪ੍ਰਭੁ ਪਾਇਆ ਲਗਿ ਸੰਗਤਿ ਨਾਮੁ ਪਛਾਣੈ ॥ ਨਾਮੋ ਸੇਵਿ ਨਾਮੋ ਆਰਾਧੈ ਬਿਨੁ ਨਾਵੈ ਅਵਰੁ ਨ ਕੋਇ ਜੀਉ॥ਸਤ- ਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿਸੰਗਤਿ ਹਰਿ ਰਸੁ ਹੋਇ ਜੀਉ ॥ ੩ ॥**

ਜਿਨਾਂ ਦੇ ਮਨ ਵਿਚ ਸਤ ਸੰਗਤ ਚੰਗੀ ਹੈ ਓਨਾਂ ਨੇ ਸਤਸੰਗਤ ਕਰਕੇ ਹਰ ਹਸ ਵਿਚ ਰਸਨਾ ਰਸਵਾਲੀ ਕੀਤੀ ਹੈ ਓਨਾਂ ਨੂੰ ਸਤਸੰਗ ਵਿਚੋਂ ਹਰ ਰਸ ਲੱਭਾ ਹੈ।

ਜਿਨਾਂ ਨੇ ਪ੍ਰਮੇਸਰ ਨੂੰ ਅਰਾਧਿਆ ਹੈ ਓਨਾਂ ਦਾ ਮਨ ਗੁਰ ਸ਼ਬਦ ਨੂੰ ਸੁਣਕੇ ਖਿੜਿਆ ਹੈ ਤੇ ਫਿਰ ਓਨਾਂ ਨੇ ਨਾਮ ਤੋਂ ਬਿਨਾ ਦੂਸਰਾ ਹੋਰ ਕੋਈ ਨਹੀਂ ਜਾਣਿਆਂ ਹੈ।

ਓਹ ਹਰੀ ਨਾਮ ਹੀ ਅੰਮ੍ਰਿਤ ਹੈ ਹੋਰ ਕੋਈ ਨਹੀਂ ਹੈ ਜਿਸ ਨੇ ਪੀਤਾ ਹੈ ਓਹੋ ਉਸ ਰਸ ਦੇ ਸੁਆਦ ਦੀ ਬਿਧੀ ਨੂੰ ਜਾਣਦਾ ਹੈ।

Digitized by Panjab Digital Library | www.panjabdigilib.org

ਇੱਕੁਰ ਦਾ ਗੁਰੂ ਧੰਨ ਧੰਨ ਹੈ ਜਿਨਾਂ ਦੀ ਕਿਰਪਾ ਨਾਲ ਮਾਲਕ ਨੂੰ ਪਾਇਆਹੈ ਅਤੇ ਸਤਿਸੰਗਤ ਵਿਚ ਮਿਲਕੇ ਨਾਮ ਨੂੰ ਪਛਾਣਿਆਂ ਹੈ।

ਹੁਣ ਓਹ ਨਾਮ ਦੀ ਹੀ ਸੇਵਾ ਕਰਦੇ ਹਨ ਨਾਮ ਨੂੰ ਹੀ ਅਰਾਧਣਾ ਕਰਦੇ ਹਨ ਨਾਮ ਤੋਂ ਬਿਨਾ ਹੋਰ ਕੋਈ ਦੂਸਰਾ ਉੱਤਮ ਨਹੀਂ ਜਾਣਿਆਂ ਹੈ।

ਇਸ ਦਾ ਅਰਥ ਹੋ ਚੁਕਾ ਹੈ।

**ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥ ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਹ ਪ੍ਰਭੂ ਪਕਰਾਇ ਜੀਉ ॥ ਪ੍ਰਭਿ ਬਾਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ॥ ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥ ਜਨ ਨਾਨਕ ਹਰਿ ਕਿਰਪਾ ਧਾਰੀ ਮਨ ਹਰਿਹਰਿਮੀਠਾਲਾਇਜੀਉ॥ ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥ ੪ ॥ ੩ ॥ ੫ ॥**

ਹੇ ਮਾਲਕ ਜੀ ਦਯਾ ਧਾਰਨ ਕਰੋ ਅਸੀਂ ਪੱਥਰ ਡੁੱਬਦੇ ਹਾਂ ਤਾਰ ਲਓ ਗੁਰ ਉਪਦੇਸ਼ ਕਰਕੇ ਸੁਭਾਵਕ ਹੀ ਸੰਸਾਰ ਤੋਂ ਕੱਢ ਲਓ।

ਮੋਹ ਰੂਪ ਚਿੱਕੜ ਵਿਚ ਫਸੇ ਹੋਇ ਨਿੱਘਰਦੇ ਜਾਂਦੇ ਹਾਂ ਅਪਣੀ ਕਿਰਪਾ ਰੂਪੀ ਬਾਂਹ ਫੜਾ ਲਓ।

ਜਦੋਂ ਮਾਲਕ ਨੇ ਅਪਣੀ ਬਾਂਹ ਫੜਾਈ ਤਾਂ ਹੀ ਅਸਾਂ ਚੰਗੀ ਅਕਲ ਪਾ ਲਈ ਹੈ ਅਤੇ ਮੇਰਾ ਦਾਸ ਦਾ ਗੁਰ ਚਰਨਾਂ ਵਿਚ ਮਨ ਲੱਗ ਗਿਆ ਹੈ।

ਜੇਹੜਾ ਮੱਥੇ ਉਤੇ ਚੰਗਿਆਂ ਕਰਮਾਂ ਦਾ ਲਿਖਿਆ ਹੋਇਆ ਚੰਗਾ ਕਰਮ ਸੀ ਉਸ ਕਰਕੇ ਹਰੀ ਨਾਮ ਜਪਿਆ ਹੈ ਉਸੇ ਕਰਕੇ ਫਿਰ ਮੈਂ ਸੁਭਾਗ ਹੋਇਆ ਹਾਂ।

ਗੁਰੂ ਜੀ=ਜਦੋਂ ਪ੍ਰਮੇਸਰ ਨੇ ਕਿਰਪਾ ਧਾਰਨ ਕੀਤੀ ਤਾਂ ਗੁਰੂ ਜੀ ਨੇ ਮਨ ਤਨ ਨੂੰ ਹਰੀ ਦਾ ਨਾਮ ਮਿੱਠਾ ਲਗਾ ਦਿਤਾ।

ਇਸ ਦਾ ਅਰਥ ਹੋ ਚੁਕਾ ਹੈ।

Digitized by Panjab Digital Library | www.panjabdigilib.org

## ਆਸਾ ਮਹਲਾ ੪ ॥

**ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥ ਜੋ ਜਨੁ ਮਰਿ ਜੀਵੇ ਤਿਨੑ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ॥ ਮਨਿ ਹਰਿ ਹਰਿ ਭਾਉ ਗੁਰੁ ਕਰੇ ਪਸਾਉ ਜੀਵਨ ਮੁਕਤੁ ਸੁਖੁ ਹੋਈ ॥ ਜੀਵਣਿ ਮਰਣਿ ਹਰਿ ਨਾਮਿ ਸੁਹੇਲੇ ਮਨਿ ਹਰਿ ਹਰਿ ਹਿਰਦੈ ਸੋਈ ॥ ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ ॥ ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥ ੧ ॥**

ਜਿਨਾਂ ਭਗਤਾਂ ਨੇ ਮਨ ਕਰਕੇ ਨਾਮ ਜਪਿਆ ਹੈ ਓਨਾਂ ਦੇ ਮਨ ਵਿਚ ਹਰਿ ਹਰਿ ਚੰਗਾ ਲੱਗਾ ਹੈ ਫਿਰ ਵੀ ਭਗਤਾਂ ਦੇ ਮਨ ਵਿਚ ਹਰੀ ਨਾਮ ਦਾ ਹੀ, ਚਾ ਚੜ੍ਹਿਆ ਰਹਿੰਦਾ ਹੈ ।

ਜੇਹੜੇ ਆਦਮੀ ਜੀਵਤ ਭਾਵ ਤੋਂ ਮਰਦੇ ਹਨ ਓਹ ਨਾਮ ਅੰਮ੍ਰਿਤ ਨੂੰ ਪੀਂਦੇ ਹਨ ਭਾਵ ਹੰਕਾਰ ਛੱਡਕੇ ਨਾਮ ਜਪਦੇ ਸੁਖ ਪਾਂਦੇ ਹਨ ਓਨਾਂ ਦੇ ਮਨ ਵਿਚ ਗੁਰ ਸਿਖਿਆ ਦਾ ਪ੍ਰੇਮ ਲੱਗਾ ਹੈ ।

ਜਿਨਾਂ ਦੇ ਮਨ ਵਿਚ ਹਰੀ ਦੇ ਨਾਮ ਦਾ ਪ੍ਰੇਮ ਹੈ ਓਨਾਂ ਨੂੰ ਗੁਰੂ ਦਾਤ ਕਰਦੇ ਹਨ ਭਾਵ ਨਾਮ ਦੇਂਦੇ ਹਨ ਓਨਾਂ ਨੂੰ ਹੀ ਸੁਖ ਤੇ ਜੀਵਣ ਮੁਕਤੀ ਪ੍ਰਾਪਤ ਹੁੰਦੀ ਹੈ ।

ਓਹ ਜੰਮਣ ਮਰਨ ਤੋਂ ਰਹਿਤ ਤੇ ਹਰੀ ਦੇ ਨਾਮ ਕਰਕੇ ਸੁਖੀ ਹੋਏ ਹਨ ਓਹੋ ਹੀ ਹਰੀ ਨੂੰ ਹਰਤਰਾਂ ਨਾਲ ਰਿਦੇ ਵਿਚ ਮੰਨਦੇ ਜਾਂ ਆਦਰ ਦੇਂਦੇ ਹਨ ।

ਜਦੋਂ ਮਨ ਵਿਚ ਪ੍ਰਮੇਸਰ ਵੱਸਿਆ ਤਾਂ ਗੁਰ ਸਿਖਿਆ ਕਰਕੇ ਪ੍ਰਮੇਸਰ ਦੇ ਨਾਮ ਵਿਚ ਮਨ ਰਸਿਆ ਜਾਂ ਅਸੀਂ ਰਸ ਲੈਣ ਵਾਲੇ ਬਣ ਗਏ, ਆਪ ਹਰੀ ਰਸ ਨੂੰ ਗਟਾ ਗਟਾ ਘੁੱਟੋ ਵੱਟੀ ਦਬਾ ਦਬ ਪੀਂਦੇ ਹਨ ਅਤੇ ਹੋਰਨਾਂ ਨੂੰ ਪਿਆਂਦੇ ਹਨ ।

ਇਸ ਦਾ ਅਰਥ ਹੋ ਚੁਕਾ ਹੈ ।

Digitized by Panjab Digital Library | www.panjabdigilib.org

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ॥ਹਰਿ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਇਹੁ ਜੀਅੜਾ ਰਖਿਆ ਨ ਜਾਇ ਜੀਉ ॥ ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ ਜਿਸਕੀ ਵਸਤੁ ਸੋ ਲੈ ਜਾਇ ਜੀਉ ॥ ਮਨਮੁਖ ਕਰਣ ਪਲਾਵ ਕਰਿ ਭਰਮੇ ਸਭ ਅਉਖਧ ਦਾਰੂ ਲਾਇ ਜੀਉ॥ ਜਿਸਕੀ ਵਸਤੁ ਪ੍ਰਭੁ ਲਏ ਸੁਆਮੀ ਜਨ ਉਬਰੇ ਸਬਦੁ ਕਮਾਇ ਜੀਉ ॥ ਜਗਿ ਮਰਣੁ ਨ ਭਾਇਆ ਨਿਤਆਪੁ ਲੁਕਾਇਆ ਮਤੁ ਜਮੁ ਪਕਰੈ ਲੈ ਜਾਇ ਜੀਉ ॥ ੨ ॥

ਸਾਰੀਆਂ ਨੂੰ ਮਰਨਾ ਚੰਗਾ ਨਹੀਂ ਲੱਗਦਾ ਹੈ ਰੋਜ ਅਪਣੇ ਆਪਨੂੰ ਜਮ ਤੋਂ ਲੁਕਾਇਆ ਛਪਾਇਆ ਰਖਦੇ ਹਨ ਜਾਂ ਕਰਤਾ ਹੀ ਲੁਕਾਇਆ ਛਪਾਇਆ ਹੈ ਮੈਨੂੰ ਮਤ ਕਿਤੇ ਜਮ ਫੜ ਕੇ ਲੈ ਜਾਂਦਾ ਹੋਵੇ ।

ਜੇਹੜਾ ਇਕ ਵੱਡਾ ਮਾਲਕ ਹੈ ਏਹੋ ਹੀ ਅੰਦਰ ਬਾਹਰ ਸਾਰੇ ਹੈ,ਇਸ ਤੋਂ ਛਪਾਕੇ ਇਹ ਜੀਅ ਰੱਖਿਆ ਨਹੀਂ ਜਾਂਦਾ ਹੈ ।

ਜਦੋਂ ਪ੍ਰਮੇਸ਼ਰ ਜੀਵ ਰੂਪ ਵਸਤੂ ਨੂੰ ਲੈਣਾਂ ਚਾਹੁੰਦਾ ਹੈ ਤਾਂ ਕਿਸਤਰਾਂ ਰੱਖੀ ਜਾਵੇ । ਹੇ ਭਾਈ ਜਿਸਦੀ ਦਿੱਤੀ ਹੋਈ ਵਸਤੂ ਹੁੰਦੀ ਹੈ ਉਹ ਲੈ ਜਾਂਦਾ ਹੈ ।

ਜੇਹੜੇ ਮਨਮੁਖ ਹਨ ਉਹ ਇਸ ਜੀਵ ਦੇ ਰੱਖਣ ਵਾਸਤੇ ਬਥੇਰੇ ਕਰਣ ਪਲਾਵ=ਰੋਂਦੇ ਵਿਰਲਾਪ ਜਾਂ ਜਾਦੂ ਟੂਣੇ ਜੰਤ੍ਰ ਮੰਤ੍ਰ ਪਖੰਡ ਕਰਦੇ ਹਨ । ਸਾਰਿਆਂ ਦੇਸਾਂ ਵਿਚ ਭੌਂਦੇ ਹਨ ਹਰ ਤਰਾਂ ਦੀਆਂ ਦਵਾਈਆਂ ਖਾਂਦੇ ਹਨ ਕਈ ਦਾਰੂ ਲਾਂਦੇ ਹਨ ਭਾਵ ਕਿਸੇ ਤਰਾਂ ਪ੍ਰਾਣ ਨਾ ਨਿਕਲ ਜਾਣ ।

ਇਹ ਜੀਵ ਜਿਸਦੀ ਵਸਤੂ ਹੈ ਉਹ ਲੈ ਜਾਂਦਾ ਹੈ ਪਰ ਜੇਹੜੇ ਦਾਸ ਹਨ ਉਹ ਗੁਰ ਸ਼ਬਦ ਨੂੰ ਕਮਾਕੇ ਕਾਲ ਤੋਂ ਬਚ ਜਾਂਦੇ ਹਨ ।

ਇਸਦਾ ਅਰਥ ਹੋ ਚੁਕਾ ਹੈ ।

ਧੁਰਿ ਮਰਣੁ ਲਿਖਾਇਆ ਗੁਰਮੁਖਿਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥ ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ ਹਰਿ ਦਰਗਹ ਪੈਧੇ ਜਾਨਿ

**ਜੀਉ ॥ ਹਰਿ ਦਰਗਹ ਪੈਧੇ ਹਰਿ ਨਾਮੈ ਸੀਧੇ ਹਰਿ ਨਾਮੈ ਤੇ ਸੁਖੁ ਪਾਇਆ ॥ ਜਨਮ ਮਰਣ ਦੋਵੈ ਦੁਖ ਮੇਟੇ ਹਰਿ ਰਾਮੈ ਨਾਮਿ ਸਮਾਇਆ॥ ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ ॥ ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥ ੩ ॥**

ਮਰਨਾਂ ਤਾਂ ਧੁਰਤੋਂ ਹੀ ਸਾਰਿਆਂ ਜੀਆਂ ਨੇ ਲਿਖਾਇਆ ਹੋਇਆ ਹੈ ਪਰ ਜੇਹੜੇ ਪ੍ਰਮੇਸਰ ਦਾ ਧਿਆਨ ਕਰਕੇ ਆਦਮੀ ਬਚੇ ਹਨ ਉਨ੍ਹਾਂ ਗੁਰਮੁਖਾਂ ਦਾ ਮਰਣਾ ਸੋਹਿਣਾ ਲੱਗਦਾ ਹੈ ।

ਓਨਾਂ ਨੇ ਹਰੀ ਨਾਮ ਜਪਕੇ ਸੋਭਾ ਪਾਈ ਹੈ ਅਤੇ ਉਨ੍ਹਾਂ ਨੂੰ ਹਰੀ ਨਾਮ ਦੀ ਦਿਤੀ ਹੋਈ ਵਡਿਆਈ ਮਿਲੀ ਹੈ ਓਹੋ ਹੀ ਭਗਤ ਹਰੀ ਦੀ ਦਰਗਾਹ ਵਿਚ ਪ੍ਰੇਮ ਸਰਧਾ ਦਾ ਸਿਰੋ ਪਾਉ ਧਾਰਨ ਕਰਦੇ ਜਾਂਦੇ ਹਨ ।

ਜੇਹੜੇ ਹਰਿ ਨਾਮ ਜਪਕੇ ਵਾਹਿਗੁਰੂ ਦੇ ਸਾਹਮਣੇ ਹੋਏ ਹਨ ਓਨਾਂ ਨੇ ਹਰਿ ਨਾਮ ਕਰਕੇ ਇਸ ਲੋਕ ਵਿਚ ਸੁਖ ਪਾਇਆ ਹੈ ਅਤੇ ਪ੍ਰਮੇਸਰ ਦੀ ਦਰਗਾਹ ਵਿਚ ਵੀ ਪੁਸ਼ਾਕਾ ਪਾਕੇ ਭਾਵ ਇੱਜ਼ਤ ਨਾਲ ਜਾਂਦੇ ਹਨ ।

ਓਨਾਂ ਨੇ ਜਨਮ ਮਰਨ ਦੋਵੇਂ ਦੁਖ ਮੇਟ ਦਿੱਤੇ ਹਨ ਸਾਰੇ ਵਿਆਪਕ ਤੇ ਨਾਮੀ ਪ੍ਰਮੇਸ਼ਰ ਵਿਚ ਅਪਣੇ ਆਪ ਨੂੰ ਮਿਲਾਇਆ ਹੈ ।

ਜੇਹੜੇ ਹਰੀ ਦੇ ਜਨ ਹਰੀ ਮਾਲਕ ਵਿਚ ਮਿਲਕੇ ਇੱਕ ਰੂਪ ਹੋਕੇ ਮਾਲਕ ਨਾਲ ਮਿਲ ਗਏ ਹਨ, ਹਰੀ ਤੇ ਦਾਸਾਂ ਵਿਚ ਕੁਛ ਫਰਕ ਨਹੀਂ ਹੈ।

ਇਸਦਾ ਅਰਥ ਹੋ ਚੁਕਾ ਹੈ ।

**ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥ ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਕਿ ਰਸਾਏ ਹਰਿ ਅੰਮ੍ਰਿਤ ਹਰਿ ਮੁਖਿ ਚੋਇ ਜੀਉ॥ ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥ ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥ ਜਨ**

Digitized by Panjab Digital Library | www.panjabdigilib.org

ਨਾਨਕ ਨਾਮੁ ਅਧਾਰੁ ਟੇਕਹੈ ਬਿਨੁ ਨਾਵੈ ਅਵਰੁ ਨ ਕੋਇ ਜੀਉ ॥ ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥ ੪ ॥ ੪॥ ੬ ॥

ਜਗਤ ਪੈਦਾ ਹੁੰਦਾ ਹੈ, ਫਿਰ ਨਾਸ ਹੁੰਦਾ ਹੈ, ਫੇਰ ਨਾਸ ਹੁੰਦਾ ਹੈ, ਫੇਰ ਨਾਸ ਹੁੰਦਾ ਹੈ। ਭਾਵ ਮੁੜ ੨ ਇੱਕੁਰ ਚਹੁੰਆਂ ਜੁਗਾਂ ਵਿਚ ਨਾਸ ਹੁੰਦਾ ਪੈਦਾ ਹੁੰਦਾ ਮਰਦਾ ਰਹਿੰਦਾ ਹੈ, ਗੁਰਮੁਖਾਂ ਨਾਲ ਮਿਲਕੇ ਆਦਮੀ ਇਸਥਤ ਹੁੰਦਾ ਹੈ।

ਜੇਹੜੇ ਗੁਰਾਂ ਦੇ ਮੰਤ੍ਰ ਪੱਕਾ ਕਰਾਉਂਣ ਨਾਲ ਹਰੀ ਦੇ ਰਸਕ=ਪ੍ਰੇਮੀ ਹੋਕੇ ਰਸ ਵਿਚ ਰਸ ਲੈਣ ਵਾਲੇ ਹੋਏ ਹਨ ਓਨਾਂ ਦੇ ਮੂੰਹ ਵਿਚ ਹਰੀ ਦਾ ਹਰਿ ਹਰਿ ਨਾਮ ਅੰਮ੍ਰਿਤ ਗੁਰਾਂ ਨੇ ਚੋ ਜਾਂ ਪਾ ਦਿੱਤਾ ਹੈ।

ਜਿਨਾਂ ਨੇ ਇੱਕੁਰ ਦਾ ਹਰਿ ਅੰਮ੍ਰਿਤ ਰਸ ਪਾਇਆ ਹੈ ਓਨਾਂ ਦਾ ਦਿਲ ਜੇਹੜਾ ਨਾਮ ਤੋਂ ਬਿਨਾ ਮੋਇਆ ਹੋਇਆ ਸੀ, ਫਿਰ ਗੁਰਾਂ ਨੇ ਜੀਉਂਦਾ ਕਰ ਦਿੱਤਾ ਹੈ ਫੇਰ ਕਦੀ ਓਨਾਂ ਦਾ ਮਰਣਾਂ ਨਹੀਂ ਹੁੰਦਾ ਹੈ।

ਜਿਨਾਂ ਨੇ ਹਰਿ ਹਰਿ ਨਾਮ ਜਪ ਕੇ ਨ ਮਰਨ ਵਾਲਾ ਮੁਰਾਤਬਾ ਪਾਇਆ ਹੈ ਓਹੋ ਹੀ ਹਰੀ ਨਾਮੀ ਵਿਚ ਮਰ ਕੇ ਮਿਲ ਜਾਂਦੇ ਹਨ।

ਗੁਰੂ ਜੀ=ਗੁਰਮੁਖਾਂ ਦੇ ਮਨ ਨੂੰ ਨਾਮ ਦਾ ਆਸਰਾ ਹੈ ਬਾਣੀ ਨੂੰ ਵੀ ਨਾਮ ਦਾ ਆਸਰਾ ਹੈ ਨਾਮ ਤੋਂ ਬਿਨਾ ਆਦਮੀ ਨੂੰ ਕੋਈ ਦੂਸਰਾ ਟਿਕਾਣਾ ਨਹੀਂ ਹੈ।

ਇਸ ਦਾ ਅਰਥ ਹੋ ਚੁੱਕਾ ਹੈ।

## ਆਸਾ ਮਹਲਾ ੪ ਛੰਤ ॥

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥ ਤਾਕੀ ਗਤਿ ਕਹੀ ਨ ਜਾਈ ਅਮਿਤ ਵਡਿਆਈ ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥ ਗੋਵਿੰਦੁ ਅਲਖ ਅਪਾਰੁ ਅਪਰੰਪਰੁ ਆਪੁ ਆਪਣਾ ਜਾਣੈ ॥ ਕਿਆ ਇਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਖਿ ਵਖਾਣੈ ॥ ਜਿਸਨੋ ਨਦਰਿ ਕਰਹਿ ਤੂੰ ਅਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥ ਵਡਾ ਮੇਰਾ ਗੋਵਿੰਦੁ

Digitized by Panjab Digital Library | www.panjabdigilib.org

**ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥੧॥**

ਮੇਰਾ ਗੋਬਿੰਦ ਵੱਡਾ ਹੈ ਉਸ ਪਾਸ ਪੈਰਾਂ ਨਾਲ ਨਹੀਂ ਪੁੱਜ ਸੱਕੀਦਾ ਉਸ ਨੂੰ ਅੱਖਾਂ ਨਾਲ ਨਹੀਂ ਵੇਖ ਸੱਕੀਦਾ ਓਹ ਮਾਇਆ ਤੇ ਅਕਾਰ ਤੋ ਰਹਿਤ ਸਭ ਦਾ ਆਦਿ ਹੈ।

ਮੇਰਾ ਗੋਬਿੰਦ ਨ ਵੇਖਿਆ ਜਾਣ ਵਾਲਾ ਤੇ ਵੱਡਾ ਹੈ ਉਸ ਦੀ ਗਤੀ ਆਖੀ ਨਹੀਂ ਜਾਂਦੀ ਹੈ ਅਤੇ ਉਸ ਦੀ ਵਡਿਆਈ ਵੀ ਮਰਜਾਦਾ ਜਾਂ ਗਿਣਤੀ ਤੋਂ ਬਾਹਰ ਹੈ।

ਓਹ ਅਲੱਖ ਅਪਾਰ ਗੋਬਿੰਦ ਸੰਸਾਰ ਦਾ ਪਰਾ ਅਪਣਾ ਆਪ ਆਪ ਹੀ ਜਾਣਦਾ ਹੈ।

ਇਹ ਜੀਅ ਵਿਚਾਰੇ ਕੀ ਹਨ ਹੇ ਵਾਹਿਗੁਰੂ ਜੋ ਤੇਰੇ ਗੁਣ ਆਖਕੇ ਸੁਣਾ ਸੱਕਣ।

ਹੇ ਵਾਹਿਗੁਰੂ ਜਿਸ ਨੂੰ ਤੂੰ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹ ਗੁਰੂ ਨਾਲ ਮਿਲਕੇ ਤੇਰੀ ਵਿਚਾਰ ਕਰ ਸੱਕਦਾ ਹੈ ਭਾਵ ਨਾਮ ਜਪਦਾ ਹੈ।

ਇਸ ਦਾ ਅਰਥ ਹੋ ਚੁੱਕਾ ਹੈ।

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ॥ ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ ॥ ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ ਤਾਕਾ ਅੰਤੁ ਨ ਪਾਇਆ ॥ ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ ਗੁਰਮੁਖਿ ਅਲਖੁ ਲਖਾਇਆ॥ਸਦਾਅਨੰਦਿ ਰਹੈਦਿਨੁ ਰਾਤੀ ਸਹਜੇ ਨਾਮਿ ਸਮਾਇ ਜੀਉ ॥ ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥੨॥**

ਹੇ ਆਦ ਅਕਾਲ ਪੁਰਖ ਤੂੰ ਸਾਰਿਆਂ ਦਾ ਕਰਤਾ ਸੰਸਾਰ ਦਾ ਪਰਾ ਰੂਪ ਹੈਂ ਤੇਰਾ ਅੰਤ ਕਿਸੇ ਆਦਮੀ ਪਾਸੋਂ ਨਹੀਂ ਪਾਇਆ ਜਾਂਦਾ ਹੈ।

ਤੂੰ ਸਾਰਿਆਂ ਦੇ ਘਟਾਂ ੨ ਦੇ ਅੰਦਰ ਹੈਂ ਅਤੇ ਸਾਰਿਆਂ ਛੋਟਿਆਂ ਵੱਡਿਆਂ ਜੀਆਂ ਵਿਚ ਲਗਾਤਾਰ ਹੋਕੇ ਫਰਕ ਤੋਂ ਬਿਨਾਂ ਸਮਾਇਆ ਹੋਇਆ ਹੈਂ।

ਹੇ ਪਾਰਬ੍ਰਹਮ ਪ੍ਰਮੇਸਰ ਭਾਵੇਂ ਤੂੰ ਸਾਰਿਆਂ ਦੇ ਦਿਲਾਂ ਅੰਦਰ ਹੈਂ ਤ ਵੀ ਤੇਰਾ ਅੰਤ ਕਿਸੇ ਨੇ ਨਹੀਂ ਪਾਇਆ ਹੈ।

Digitized by Panjab Digital Library | www.panjabdigilib.org

ਉਸਦਾ ਰੂਪ ਨਿਸ਼ਾਨ ਕੋਈ ਨਹੀਂ ਹੈ ਓਹ ਨਜ਼ਰ ਨਹੀਂ ਆਉਂਦਾ ਹ ਅੱਖਾਂ ਤੋਂ ਪਰੇ ਹੈ ਇੱਕੁਰ ਦੇ ਨੂੰ ਗੁਰਮੁਖਾਂ ਨੇ ਆਪ ਵੇਖਿਆ ਹੈ ਤੇ ਹੋਰਨਾਂ ਨੂੰ ਵਿਖਾਇਆ ਹੈ ।

ਇੱਕੁਰ ਦੇ ਗੁਰਮੁਖ ਰਾਤ ਦਿਨ ਸਦਾ ਅਨੰਦ ਰਹਿੰਦੇ ਹਨ ਤੇ ਸਹਿਜੇ ਹੀ ਨਾਮੀ ਵਿਚ ਮਿਲੇ ਰਹਿੰਦੇ ਹਨ ।

ਇਸ ਦਾ ਅਰਥ ਹੋ ਚੁੱਕਾ ਹੈ ।

**ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥ ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ ਤੂੰ ਆਪੇ ਪੁਰਖੁ ਸੁਜਾਨੁ ਜੀਉ ॥ ਪੁਰਖੁ ਸੁਜਾਨੁ ਤੂੰ ਪਰਧਾਨੁ ਤੁਧੁ ਜੇਵਡੁ ਅਵਰੁ ਨ ਕੋਈ ॥ ਤੇਰਾ ਸਬਦੁ ਸਭੁ ਤੂੰ ਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ ॥ ਹਰਿ ਸਭ ਮਹਿ ਰਵਿਆ ਏਕੋ ਸੋਈ ਗੁਰਮੁਖਿ ਲਖਿਆ ਹਰਿਨਾਮੁ ਜੀਉ॥ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥ ੩ ॥**

ਹੇ ਪ੍ਰਮੇਸਰਾ ਤੂੰ ਗੁਣਾਂ ਦਾ ਖਜ਼ਾਨਾ ਹੈਂ ਸੱਚਾ ਹੈਂ, ਮਰਦਾ ਨਹੀਂ ਹੈਂ ਸਾਰਿਆਂ ਦਾ ਵੱਡਾ ਮਾਲਕ ਹੈਂ ਸਦਾ ਰਹਿਣ ਵਾਲਾ ਹੈਂ ।

ਤੂੰ ਇੱਕ ਹੀ ਮਾਲਕ ਹੈਂ ਤੇਰੇ ਵਰਗਾ ਹੋਰ ਕੋਈ ਦੂਸਰਾ ਨਹੀਂ ਹੈ ਤੂੰ ਆਪੇ ਹੀ ਪੁਰਖ ਰੂਪ ਹੋ ਆਪੇ ਹੀ ਸਿਆਣਾ ਬਣਿਆ ਹੋਇਆ ਹੈਂ ।

ਤੂੰ ਸਾਰਿਆਂ ਤੋਂ ਸਿਆਣਾ ਪੁਰਖ ਹੈਂ ਤੇ ਸਾਰਿਆਂ ਤੋਂ ਸਰੋਮਣੀ ਹੈਂ, ਤੇਰੇ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ ।

ਸਬਦ=ਜਗਤ ਤੇਰਾ ਪੈਦਾ ਕੀਤਾ ਹੋਇਆ ਹੈ ਸਾਰਿਆਂ ਵਿਚ ਤੂੰ ਵਰਤਦਾ ਹੈਂ ਜੋ ਤੂੰ ਕਰਦਾ ਹੈਂ ਸੋ ਹੁੰਦਾ ਹੈ ।

ਇੱਕ ਹੀ ਉਹ ਮਾਲਕ ਸਾਰਿਆਂ ਵਿਚ ਮਿਲਿਆ ਹੋਇਆ ਹੈ, ਉਸਨੂੰ ਹਰਿ ਨਾਮ ਜਪਕੇ ਗੁਰਮੁਖਾਂ ਨੇ ਵੇਖ ਲਿਆ ਹੈ ।

ਇਸਦਾ ਅਰਥ ਹੋ ਚੁਕਾ ਹੈ ।

**ਸਭੁ ਤੂਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥ ਤੁਧੁ ਆਪੇ ਭਾਵੈ ਤਿਵੈ ਚਲਾ-**

Digitized by Panjab Digital Library | www.panjabdigilib.org

**ਵਹਿ ਸਭ ਤੇਰੈ ਸਬਦਿ ਸਮਾਇ ਜੀਉ ॥ ਸਭ ਸਬਦਿ ਸਮਾਵੈ ਜਾ ਤੁਧੁ ਭਾਵੈ ਤੇਰੈ ਸਬਦਿ ਵਡਿਆਈ॥ਗੁਰਮੁਖਿ ਬੁਧਿ ਪਾਈਐ ਆਪੁ ਗਵਾਈਐ ਸਬਦੇ ਰਹਿਆ ਸਮਾਈ॥ ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ ਨਾਨਕ ਨਾਮਿ ਸਮਾਇ ਜੀਉ॥ਸਭੁ ਤੂੰ ਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥੪॥੫॥੭॥੧੪॥**

ਹੇ ਮਾਲਕਾ ਸਾਰਿਆਂ ਦਾ ਕਰਤਾ ਤੂੰ ਹੀ ਹੈਂ ਸਾਰੀ ਤੇਰੀ ਹੀ ਵਡਿ-ਆਈ ਹੈ। ਜਿਸ ਤਰਾਂ ਤੈਨੂੰ ਚੰਗਾ ਲੱਗਦਾ ਹੈ ਓਸੇ ਤਰਾਂ ਤੂੰ ਜੀਆਂ ਨੂੰ ਚਲਾਂਦਾ ਹੈਂ।

ਸਾਰੇ ਆਦਮੀ ਤੇਰੇ ਹੁਕਮ ਵਿਚ ਮਿਲੇ ਹੋਏ ਹਨ ਜਿਸ ਤਰਾਂ ਤੈਨੂੰ ਭਾਂਦਾ ਹੈ ਓਸੇ ਤਰਾਂ ਤੂੰ ਓਨਾਂਨੂੰ ਚਲਾਂਦਾ ਹੈਂ।

ਸਾਰੇ ਆਦਮੀ ਤੇਰੇ ਹੁਕਮ ਵਿਚ ਸਮਾਂਦੇ ਹਨ, ਜਦੋਂ ਤੈਨੂੰ ਭਾ ਜਾਂਦੇ ਹਨ, ਤੇਰੇ ਹੁਕਮ ਨੂੰ ਮੰਨਦੇ ਹਨ ਤਾਂ ਤੇਰੇ ਸ਼ਬਦ ਕਰਕੇ ਓਨਾਂ ਦੀ ਵਡਿਆਈ ਹੁੰਦੀ ਹੈ।

ਗੁਰਦੁਆਰੇ ਹੁਕਮ ਮੰਨਣ ਦੀ ਅਕਲ ਪਾਈਦੀ ਹੈ ਪਰ ਜਦੋਂ ਹੰਕਾਰ ਨੂੰ ਦੂਰ ਕਰੀਏ ਤਾਂ ਸਬਦੇ=ਸੰਸਾਰ ਵਿਚ ਸਮਾਇਆ ਹੋਇਆ ਜਾਣੀਦਾ ਹੈ।

ਜੇਹੜਾ ਤੇਰਾ ਸਬਦ=ਸਰੂਪ ਇੰਦ੍ਰੀਆਂ ਤੋਂ ਪਰੇ ਹੈ ਸੋ ਓਹ ਗੁਰਾਂਦੁਆਰੇ ਪਾਈਦਾ ਹੈ ਜਿਸ ਨੇ ਪਾਇਆ ਹੈ ਓਹ ਪ੍ਰਮੇਸਰ ਨਾਲ ਮਿਲ ਜਾਂਦੇ ਹਨ।

ਇਸ ਦਾ ਅਰਥ ਹੋ ਚੁੱਕਾ ਹੈ।

## ੧ਓ ਸਤਿਗੁਰਪ੍ਰਸਾਦਿ ॥

## ਆਸਾ ਮਹਲਾ ੪ ਛੰਤ ਘਰੁ ੪ ॥

{ ਇਹਨਾਂ ਛਿਆਂ ਛੰਦਾਂ ਦਾ ਨਾਮ ਛੱਕੇ ਹੈ ਆਸਾ ਦੀ ਵਾਰ ਦੀਆਂ ਚਵੀ ਪੌੜੀਆਂ ਦੇ ਨਾਲ ਇਹਨਾਂ ਛਿਆਂ ਛੰਦਾਂ ਦੀਆਂ ਚਵੀ ਪੌੜੀਆਂ ਦਾ ਜੋੜ ਹੈ। }

**ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ**

Digitized by Panjab Digital Library | www.panjabdigilib.org

**ਰਾਮ ਰਾਜੇ ॥ ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥ ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥ ੧॥**

{ ਲੋਇਣਾ=ਅੱਖਾਂ । ਰਤੰਨਾ=ਰੱਤਾ ਹੋਇਆ । ਕਸਵਟੀ=ਕਸੌਟੀ ਜਿਸ ਦੇ ਉਤੇ ਸੋਨਾ ਰਗੜ ਕੇ ਪਰਖੀਦਾ ਹੈ । ਸੋਵਿੰਨਾ=ਸ੍ਰੇਸ਼ਟ ਰੰਗ ਵਾਲਾ ਜਾਂ ਸੌ ਅੱਗ ਦੇ ਨਾਲ ਸੁੱਧ ਹੋਇਆ । ਕੰਚਨ=ਸੋਨਾ । }

ਹੇ ਪ੍ਰਮੇਸਰ ਰਾਮ ਰਾਜੇ ਤੇਰੇ ਨਾਮ ਅੰਮ੍ਰਿਤ ਕਰਕੇ ਸਾਡੀਆਂ ਅੱਖਾਂ ਭਿਜੀਆਂ ਹੋਈਆਂ ਹਨ ਜਾਂ ਨੇਤ੍ਰ ਭਿਜੇ ਹੋਇ ਹਨ ਅਤੇ ਮਨ ਤੇਰੇ ਪ੍ਰੇਮ ਵਿਚ ਰੱਤਾ ਹੋਇਆ ਹੈ ਹੇ ਰਾਮ ਤੇਰੇ ਨਾਮ ਰੂਪ ਕਸੌਟੀ ਉਤੇ ਲਾਇਆ ਹੋਇਆ ਮਨ ਚੰਗੇ ਰੰਗ ਵਾਲਾ ਜਾਂ ਸੌ ਵਾਰੀ ਅੱਗ ਦੇਕੇ ਸੁੱਧ ਕੀਤਾ ਹੋਇਆ ਸੋਨਾ ਹੁੰਦਾ ਹੈ ਭਾਵ ਉੱਤਮ ਅਨੰਦ ਵਾਲਾ ਮਨ ਹੈ ।

ਗੁਰਾਂਦੁਆਰੇ ਗਾਹੜੇ ਭਾਵ ਆਤਮ ਅਨੰਦ ਵਿਚ ਮੇਰਾ ਮਨ ਤਨ ਭਿੱਜਾ ਹੈ ਗੁਰੂ ਜੀ=ਤੇਰੇ ਜਸ ਰੂਪੀ ਸੁਗੰਧੀ ਵਿਚ ਮੇਰਾ ਮਨ ਝੋਕ ਲਿਆ ਭਾਵ ਮਿਲਿਆ ਹੈ ਇਹ ਮਨੁਖ਼ਾ ਜਨਮ ਸਾਰਾ ਧੰਨ ਧੰਨ ਹੋਇਆ ਹੈ ।

**ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮਰਾਜੇ ॥ ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥ ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ॥ ੨ ॥**

ਹੇ ਹਰੀ ਰਾਮ ਰਾਜੇ ਜੇਹੜੀ ਤੇਰੀ ਪ੍ਰੇਮ ਮਈ ਬਾਣੀ ਹੈ ਇਹ ਇੱਕ ਕੁੰਡੀਆਂ ਵਾਲੇ ਤੀਰ ਹਨ ਇਹਨਾਂ ਤੀਰਾਂ ਨਾਲ ਮਨ ਮਾਰਿਆ ਗਿਆ ਹੈ ਜਿਹੜੇ ਤੀਰ ਲੰਘ ਜਾਣ ਤੇ ਫੇਰ ਬਾਹਰ ਨ ਨਿਕਲਨ ਵਿਚੇ ਫੱਸ ਜਾਣ ਓਨਾਂ ਨੂੰ ਅਣੀਆਂ ਵਾਲੇ ਤੀਰ ਆਖਦੇ ਹਨ ਜਿਨਾਂ ਨੂੰ ਪ੍ਰੇਮ ਦੀ ਪੀੜਾ ਲੱਗੀ ਹੈ ਓਹ ਸਹਾਰਨ ਜਾਂ ਸਹਾਰਨੇ ਵਾਲਾ ਹੈ ਭਾਵ ਓਨਾਂ ਤੀਰਾਂ ਨੂੰ ਸਹਾਰਨਾ ਜਾਣਦਾ ਹੈ ।

ਜੇਹੜਾ ਗੁਰਮੁਖਾਂ ਦੇ ਉਪਦੇਸ਼ ਨਾਲ ਜੀਉਂਦਾ ਹੀ ਮੋਇਆ ਭਾਵ ਹੰਕਾਰ ਨਹੀਂ ਕਰਦਾ ਨਿੰਮ੍ਰਤਾ ਰੱਖਦਾ ਹੈ ਸੋ ਉਸ ਨੂੰ ਜੀਵਣ ਮੁਕਤ

Digitized by Panjab Digital Library | www.panjabdigilib.org

ਆਖਿਆ ਜਾਂਦਾ ਹੈ ਗੁਰੂ ਜੀ=ਹੇ ਪ੍ਰਮੇਸਰਾ ਇੱਕੁਰ ਦੇ ਸਤਿਗੁਰਾਂ ਨੂੰ ਮੇਲ ਜਿਨਾਂ ਦੇ ਸੰਗ ਲੱਗਕੇ ਔਖੇ ਜਗਤ ਤੋਂ ਤਰਿਆ ਜਾਵੇ ।

**ਹਮ ਮੂਰਖ ਮੁਗਧ ਸਰਨਾਗਤੀ ਮਿਲੁ ਗੋਵਿੰਦ ਰੰਗਾ ਰਾਮਰਾਜੇ ॥ ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ ॥ ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ॥ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ ॥ ੩ ॥**

ਹੇ ਰਾਮ ਰਾਜੇ ਗੋਬਿੰਦ ਅਸੀਂ ਬਹੁਤ ਹੀ ਮੂਰਖਾਂ ਤੋਂ ਮੂਰਖ ਆਪ ਦੀ ਸ਼ਰਣ ਆਏ ਹਾਂ ਹੇ ਰੰਗਾ=ਅਨੰਦ ਕਰਨ ਵਾਲਿਆ ! ਸਾਨੂੰ ਆਪਣੇ ਨਾਲ ਮਿਲਾ ਲੈ, ਹੇ ਹਰੀ ਪੂਰਿਆਂ ਗੁਰਾਂ ਤੋਂ ਤੇਰੀ ਇੱਕ ਭਗਤਿ ਨੂੰ ਮੰਗਕੇ ਤੈਨੂੰ ਪ੍ਰਮੇਸਰ ਨੂੰ ਪਾਇਆ ਹੈ । ਅਨਤ ਤਰੰਗਾ=ਹੇ ਅਨੇਕਾਂ ਖਿਆਲ ਰੱਖਣ ਵਾਲਿਆ ਤੈਨੂੰ ਗੁਰ ਸ਼ਬਦ ਨਾਲ ਜਪਕੇ ਮੇਰਾ ਮਨ ਤੇ ਸਰੀਰ ਖਿੜਿਆ ਭਾਵ ਖੁਸ਼ੀ ਹੋਇਆ ਹੈ, ਗੁਰੂ ਜੀ=ਹੇ ਪ੍ਰਮੇਸਰਾ ਸੰਤਾਂ ਦੇ ਸਤਸੰਗ ਵਿਚ ਮਿਲਕੇ ਤੈਨੂੰ ਪਾਇਆ ਹੈ ।

**ਦੀਨ ਦਇਆਲ ਸੁਣਿ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ॥ ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ ॥ ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥ ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ ॥ ੪ ॥ ੧ ॥ ੮ ॥**

ਹੇ ਰਾਮਰਾਜੇ ਪ੍ਰਮੇਸਰ ਪ੍ਰਕਾਸ਼ਕ ਮਾਲਕਾ ਗਰੀਬਾਂ ਤੇ ਦਿਆਲੂਆ ਮੇਰੀ ਇਕ ਬੇਨਤੀ ਸੁਣ, ਹੇ ਹਰੀ ਮੈਂ ਤੇਰੇ ਨਾਮ ਦੀ ਸ਼ਰਣ ਮੰਗਦਾ ਹਾਂ ਜਿਸ ਕਰਕੇ ਮੇਰੇ ਮੂੰਹ ਵਿਚ ਹਰਿ ਹਰਿ ਜਾਪ ਪਾਇਆ ਜਾਵੇ ਜਾਂ ਹਰਿ ਹਰਿ ਨਾਮ ਅੰਮ੍ਰਿਤ ਪਾਇਆ ਹੈ ।

ਹੇ ਭਗਤਾਂ ਦੇ ਪਿਆਰੇ ਤੇਰਾ ਇਹ ਧਰਮ ਜਾਂ ਪ੍ਰਣ ਹੈ ਜੇਹੜਾ ਕੋਈ ਤੇਰੀ ਸ਼ਰਨ ਆਇਆ ਹੈ ਉਸ ਦੀ ਲੱਜਿਆ ਰੱਖਦਾ ਆਇਆ ਹੈਂ, ਗੁਰੂ ਜੀ=ਹੇ ਹਰੀ ਨਾਮੀ ਨਾਮ ਕਰਕੇ ਤੂੰ ਭਗਤਾਂ ਨੂੰ ਤਰਾਇਆ ਹੈ ਇਸ ਲਈ ਮੈਂ ਤੇਰੀ ਸ਼ਰਨ ਹਾਂ ਮੈਨੂੰ ਵੀ ਤੂੰ ਤਾਰ ਲੈ ।

Digitized by Panjab Digital Library | www.panjabdigilib.org

## ਆਸਾ ਮਹਲਾ ੪ ॥

**ਗੁਰਮੁਖਿ ਢੂਢਿ ਢੂਢੇਦਿਆ ਹਰਿ ਸਜਣੁ ਲਧਾ ਰਾਮਰਾਜੇ ॥ ਕੰਚਨ ਕਾਇਆ ਕੋਟਗੜ ਵਿਚਿ ਹਰਿ ਹਰਿ ਸਿਧਾ ॥ ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥ ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥ ੧ ॥**

ਗੁਰਾਂਦੁਆਰੇ ਰਸਤਿਆਂ ਵਿੱਚ ਢੂੰਢਦਿਆਂ ਹੋਇਆਂ ਹਰੀ ਰਾਮ ਰਾਜੇ ਸੱਜਣ ਨੂੰ ਲੱਭਾ ਹੈ, ਸਰੀਰ ਇੱਕ ਸੋਨੇ ਦਾ ਕਿਲਾ ਹੈ ਭਾਵ ਬਹੁਤ ਹੀ ਅਮੋਲਕ ਮਨੁੱਖਾ ਜਨਮ ਹੈ ਇਸ ਵਿਚ ਸਾਰਿਆਂ ਪਰਮਾਣਾਂ ਮਸਾਲਾਂ ਨਾਲ ਪ੍ਰਮੇਸਰ ਨੂੰ ਸਿੱਧ ਕੀਤਾ ਹੈ ਭਾਵ ਪਰਗਟ ਕੀਤਾ ਹੈ ।

ਹਰਿ ਹਰਿ ਨਾਮ ਏਹੋ ਹੀ ਹੀਰਾ ਰਤਨ ਹੈ ਜਿਸ ਨੇ ਮੇਰਾ ਮਨ ਤਨ ਵਿੰਨ੍ਹ ਲਿਆ ਹੈ ਜਾਂ ਇਸ ਵਿਚ ਮੇਰਾ ਮਨ ਤਨ ਮਿਲਿਆਹੈ,ਗੁਰੂ ਜੀ=ਜਦੋਂ ਆਦ ਤੋਂ ਹੀ ਮੇਰੇ ਵੱਡੇ ਪੁੰਨ ਸਨ ਤਾਂ ਹੀ ਤਾਂ ਹਰੀ ਨੂੰ ਪਾਇਆ ਹੈ ਇਸ ਹਰੀ ਰਸ ਵਿਚ ਮੇਰਾ ਮਨ ਗੁੱਝ ਭਾਵ ਮਿਲ ਗਿਆ ਹੈ ਜਿਸਤਰਾਂ ਆਟਾ ਗੁੱਝ ਜਾਂਦਾ ਹੈ ।

**ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥ ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ ॥ ਮੇਰੈ ਮਨਿ ਤਨਿ ਨਾਮੁ ਅਧਾਰੁ ਹੈ ਹਉਮੈ ਬਿਖੁ ਜਾਲੀ ॥ ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ ॥ ੨ ॥**

ਮੈਂ ਮੁੰਧ=ਇਸਤ੍ਰੀ ਜੋਬਨ ਭਾਵ ਵੱਡੇ ਪ੍ਰੇਮ ਵਾਲੀ ਉਸ ਰਾਮ ਰਾਜੇ ਪ੍ਰਮੇਸਰ ਪਤੀ ਦਾ ਰੋਜ ਹੀ ਖੜੀ ਹੋਕੇ ਭਾਵ ਬੜੇ ਧਿਆਨ ਨਾਲ ਰਸਤਾ ਦਸਾਵਾ=ਪੁੱਛਦੀ ਹਾਂ ਹੇ ਗੁਰੂ ਜੀ!ਮੈਨੂੰ ਹਰਿ ਹਰਿ ਨਾਮ ਚੇਤੇ ਕਰਾਓ ਜਿਸ ਕਰਕੇ ਮੈਂ ਹਰੀ ਦੇ ਰਸਤੇ ਵਿਚ ਚੱਲਣ ਵਾਲੀ ਹੋਵਾਂ ।

ਮੇਰੇ ਮਨ ਤਨ ਵਿਚ ਨਾਮ ਦਾ ਹੀ ਆਸਰਾ ਹੈ ਹੰਕਾਰ ਵਾਲੀ ਵਿਹੁ ਮਮਤਾ ਮੈਂ ਸਾੜ ਦਿੱਤੀ ਹੈ,ਗੁਰੂ ਜੀ=ਮੈਨੂੰ ਓਹ ਸਤਿਗੁਰੂ ਮੇਲ ਹੇ ਪ੍ਰਮੇਸਰਾ ਸੰਸਾਰ ਜੰਗਲ ਦਿਆ ਮਾਲੀਆ ਜਿਸ ਨੂੰ ਤੂੰ ਮਿਲਿਆ ਹੈਂ ।

Digitized by Panjab Digital Library | www.panjabdigilib.org

**ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥ ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥ ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੂ ਮਿਲਿ ਹਰਿ ਮਨੁ ਮੰਨੇ ॥ ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥ ੩ ॥**

ਹੇ ਰਾਮ ਰਾਜੇ ਮੇਰੇ ਪਿਆਰੇ ਮੈਂ ਤੈਥੋਂ ਬਹੁਤ ਹੀ ਚਿਰ ਦਾ ਵਿਛੜਿਆ ਹੋਇਆ ਹਾਂ,ਇਸ ਲਈ ਮੈਨੂੰ ਗੁਰਾਂਦੁਆਰੇ ਆ ਮਿਲ, ਤੇਰੇ ਮਿਲਿਆਂ ਬਿਨਾ ਮਨ ਤਨ ਬੜਾ ਬੈਰਾਗੀਆ ਭਾਵ ਉਦਾਸ ਹੋਇਆ ੨ ਹੈ, ਹੇ ਪ੍ਰਮੇਸਰਾ ਮੇਰੇ ਨੈਣ ਤੇਰੇ ਰਸ ਵਿੱਚ ਭਿੱਜੇ ਰਹਿੰਦੇ ਹਨ, ਹੇ ਗੁਰੂ ਜੀ! ਮੈਨੂੰ ਪਿਆਰਾ ਮਾਲਕ ਦੱਸੋ ਮੈਂ ਪ੍ਰਮੇਸਰ ਨਾਲ ਮਿਲ ਜਾਵਾਂ ਤੇ ਮੇਰਾ ਮਨ ਮੰਨ ਜਾਵੇ, ਗੁਰੂ ਜੀ=ਮੈਂ ਮੂਰਖ ਨੂੰ ਹਰੀ ਦੀ ਭਗਤੀ ਰੂਪ ਕਾਰ ਵਿਚ ਲਾਓ ਤਾਂ ਮੈਂ ਕੰਮ ਦਾ ਹੋਵਾਂਗਾ ਜਾਂ ਹਰੇਕ ਕੰਮਾਂ ਵਿਚੋਂ ਹਰੀ ਦੀ ਭਗਤੀ ਹੀ ਚੰਗਾ ਕੰਮ ਹੈ ।

**ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥ ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥ਗੁਰਿ ਤੁਠੈ ਹਰਿ ਪਾਇਆ ਚੂਕੇ ਧਕਿ ਧਕੇ॥ ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥ ੪ ॥ ੨ ॥ ੯ ॥**

ਗੁਰਾਂ ਦੀ ਦੇਹ ਰਾਮ ਰਾਜੇ ਦੇ ਨਾਮ ਕਰਕੇ ਭਿੱਜੀ ਹੋਈ ਹੈ ਅਤੇ ਗੁਰੂ ਹਰਿ ਨਾਮ ਅੰਮ੍ਰਿਤ ਦੇ ਬੁਕ ਭਰਕੇ ਬੁਰਕੇ=ਛਿੱਟੇ ਮਾਰਦੇ ਹਨ ਭਾਵ ਉਪਦੇਸ਼ ਕਰਦੇ ਹਨ ਜਿਨਾਂ ਦੇ ਮਨ ਨੂੰ ਗੁਰਬਾਣੀ ਚੰਗੀ ਲੱਗੀ ਹੈ ਓਹ ਅੰਮ੍ਰਿਤ ਨਾਮ ਨੂੰ ਪੀਕੇ ਬੜੇ ਪ੍ਰਸੰਨ ਹੋ ਗਏ ਹਨ,ਗੁਰੂ ਜੀ=ਪ੍ਰਸੰਨਤਾ ਨਾਲ ਜਿਨਾਂ ਨੇ ਪ੍ਰਮੇਸਰ ਨੂੰ ਪਾਇਆ ਹੈ ਓਨਾਂ ਦੇ ਧੱਕੇ ਦੂਰ ਹੋ ਗਏ ਹਨ ਭਾਵ ਸੰਸੇ । ਗੁਰੂ ਜੀ=ਇਕ ਪ੍ਰਮੇਸਰ ਨਾਲ ਮਿਲਕੇ ਹਰੀ ਦਾ ਦਾਸ ਹਰੀ ਦਾ ਰੂਪ ਹੀ ਹੋ ਗਿਆ ਹੈ ।

## ਆਸਾ ਮਹਲਾ ੪ ॥

**ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ**

Digitized by Panjab Digital Library | www.panjabdigilib.org

**ਰਾਮਰਾਜੇ ॥ ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿਰਾਸੇ ॥ ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ ॥ ਜਨੁ ਨਾਨਕੁ ਗੁਰੁ ਤਿਨ੍ੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ ॥ ੧ ॥**

ਜੇਹੜੇ ਵੱਡੇ ਸਤਿਗੁਰੂ ਹਨ ਓਨਾਂ ਦੇ ਪਾਸ ਹਰੀ ਰਾਮ ਰਾਜੇ ਦੀ ਭਗਤੀ ਦਾ ਖਜ਼ਾਨਾ ਭਾਵ ਨਾਮ ਅੰਮ੍ਰਿਤ ਹੈ, ਪੂਜਨੀਕ ਸਚਾ ਸਤਿਗੁਰੂ ਸ਼ਾਹੂਕਾਰ ਹੈ ਜੇਹੜਾ ਸਿਖ ਨੂੰ ਹਰਿਨਾਮ ਰੂਪ ਰਾਸ ਦੇਂਦਾ ਹੈ। ਹਰਿਨਾਮ ਦਾ ਬਪਾਰ ਧੰਨ ਹੈ ਗੁਰੂ ਸ਼ਾਹੂਕਾਰ ਨੂੰ ਵੀ ਸ਼ਾਬਾਸ਼ੇ ਹੈ ਜੇਹੜੇ ਇੱਕੁਰ ਦਾ ਵਣਜ ਕਰੌਂਦੇ ਹਨ,ਗੁਰੂ ਜੀ=ਇੱਕੁਰ ਦਾ ਸਤਿਗੁਰੂ ਓਨਾਂ ਨੇ ਪਾਇਆ ਹੈ ਜਿਨਾਂ ਦੇ ਮੱਥੇ ਉਤੇ ਧੁਰ ਤੋਂ ਚੰਗਾ ਲੇਖ ਲਿਖਿਆ ਹੋਇਆ ਸੀ।

**ਸਚੁ ਸਾਹੁ ਹਮਾਰਾ ਤੂੰ ਧਣੀ ਸਭੁ ਜਗਤੁ ਵਣਜਾਰਾ ਰਾਮ ਰਾਜੇ ॥ ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ॥ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾਨਿਕਲੈ ਕਿਆ ਕੋਈ ਕਰੇ ਵੇਚਾਰਾ ॥ ਜਨ ਨਾਨਕ ਕਉ ਹਰਿ ਬਖਸਿਆ ਹਰਿ ਭਗਤਿ ਭੰਡਾਰਾ ॥ ੨ ॥**

ਹੇ ਰਾਮ ਰਾਜੇ ਸੱਚਾ ਸ਼ਾਹੂਕਾਰ ਤੂੰ ਸਾਡਾ ਮਾਲਕ ਹੈਂ, ਅਤੇ ਸਾਰਾ ਜਗਤ ਤੇਰਾ ਵਣਜਾਰਾ ਹੈ, ਸਾਰੇ ਸਰੀਰ ਭਾਂਡੇ ਤੂੰ ਬਣਾਏ ਹਨ ਹੇ ਪ੍ਰਮੇਸਰਾ ਇਹਨਾਂ ਭਾਂਡਿਆਂ ਵਿਚ ਵਸਤੂ ਤੇਰਾ ਸਰੂਪ ਹੈ, ਜੇਹੜੀ ਵਸਤੂ ਜਿਸ ਬਰਤਨ ਵਿਚ ਪਾਈ ਜਾਂਦੀ ਹੈ ਓਹੋ ਹੀ ਨਿਕਲਦੀ ਹੈ ਇਸ ਗੱਲ ਵਿੱਚ ਹੋਰ ਕੋਈ ਕੀ ਵਿਚਾਰ ਕਰੇਗਾ ਭਾਵ ਪ੍ਰਮੇਸਰ ਦੀਆਂ ਗੱਲਾਂ ਵਿਚ ਕੋਈ ਤਰਕ ਨਹੀਂ ਕਰ ਸਕਦਾ ਹੈ ਸਾਰੇ ਪ੍ਰਮੇਸਰ ਦਾ ਰੂਪ ਪ੍ਰਗਟ ਹੋਵੇਗਾ।

ਗੁਰੂ ਜੀ=ਮੈਨੂੰ ਦਾਸ ਨੂੰ ਹਰਤਰਾਂ ਨਾਲ ਪ੍ਰਮੇਸਰ ਨੇ ਭਗਤੀ ਦਾ ਖਜ਼ਾਨਾ ਦਿਤਾ ਹੈ।

**ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ॥ ਹਰਿ ਨਾਮੁ ਸਲਾਹਹ ਦਿਨੁ ਰਾਤਿ ਏਹਾ ਆਸ ਅਧਾਰੋ॥ਹਮਮੂਰਖ ਕਿਛੂਅ ਨ ਜਾਣਹਾ ਕਿਵ**

Digitized by Panjab Digital Library | www.panjabdigilib.org

**ਪਾਵਹ ਪਾਰੇ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੇ ॥ ੩ ॥**

ਹੇ ਮਾਲਕ ਰਾਮ ਰਾਜੇ ਅਸੀਂ ਤੇਰੇ ਗੁਣਾਂ ਦਾ ਕੀ ਫੈਲਾਉ ਖਲਾਰਾ ਕਰੀਏ ਤੂੰ ਤਾਂ ਆਪ ਹੀ ਵੱਡਿਆਂ ਤੋਂ ਵੱਡਾ ਹੈਂ, ਹੇ ਹਰੀ ! ਅਸੀ ਇਕ ਤੇਰੇ ਹਰਿ ਨਾਮ ਦੀ ਰਾਤ੍ਰ ਦਿਨ ਸਲਾਘਾ ਕਰਦੇ ਹਾਂ ਅਤੇ ਨਾਮ ਦਾ ਹੀ ਤਨ ਮਨ ਕਰਕੇ ਆਸਰਾ ਰੱਖਦੇ ਹਾਂ, ਹੇ ਮਾਲਕਾ ਅਸੀਂ ਮੂਰਖ ਕੁਛ ਚੰਗਾ ਕੰਮ ਕਰਨਾ ਨਹੀਂ ਜਾਣਦੇ ਹਾਂ,ਸੰਸਾਰ ਸਮੁੰਦਰ ਦੇ ਪਾਰ ਨੂੰ ਕਿਸ ਤਰਾਂ ਪਾਵਾਂਗੇ ਭਾਵ ਪਾਰ ਕਿਸਤਰਾਂ ਹੋਵਾਂਗੇ, ਗੁਰੂ ਜੀ=ਹੇ ਪ੍ਰਮੇਸਰਾ ਜੇਹੜਾ ਆਪ ਦਾ ਦਾਸ ਹੈ ਮੈਂ ਉਸ ਦੇ ਪਾਣੀ ਭਰਨ ਵਾਲੇ ਦਾ ਦਾਸ ਹਾਂ।

**ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਜੇ ॥ ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥ ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥ ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ ॥ ੪ ॥ ੩ ॥ ੧੦ ॥**

ਹੇ ਰਾਮ ਰਾਜੇ ਮਾਲਕ ਅਸੀਂ ਤੇਰੀ ਸ਼ਰਣ ਆਏ ਹਾਂ ਜਿਸਤਰਾਂ ਤੈਨੂੰ ਚੰਗਾ ਲੱਗਦਾ ਹੈ ਉਸੇ ਤਰਾਂ ਸਾਨੂੰ ਅਪਣੀ ਸ਼ਰਨ ਵਿੱਚ ਰੱਖ ਲੈ, ਅਸੀਂ ਤੇਰੇ ਹੁਕਮ ਤੋਂ ਭੁੱਲ ਕੇ ਰਾਤ ਦਿਨ ਵਿਗਾੜ ਕਰਦੇ ਹਾਂ ਭਾਵ ਪਾਪ,ਪਰ ਤੂੰ ਮੇਰੀ ਲੱਜਿਆ ਰੱਖ ਲੈ, ਅਸੀ ਬਾਲਕ ਹਾਂ ਤੂੰ ਗੁਰੂ ਪਿਤਾ ਹੈਂ ਜਿਸ ਤਰਾਂ ਸਮਝਾਇਆ ਜਾਂਦਾ ਹੈ ਉਸੇ ਤਰਾਂ ਸਾਨੂੰ ਚੰਗੀ ਅਕਲ ਦੇਕੇ ਸਮਝਾਉ, ਗੁਰੂ ਜੀ=ਅਸੀਂ ਤੇਰੇ ਦਾਸ ਕਾਂਢਿਆ=ਕਹਾਂਦੇ ਹਾਂ ਇਸ ਲਈ ਮੇਰੀ ਪੈਜ=ਪ੍ਰਤੱਗਜਾ ਭਾਵ ਇੱਜ਼ਤ ਰੱਖ ਲੈ ਕਿਉਂਕਿ ਪਹਿਲੇ ਵੀ ਦਾਸਾਂ ਦੀ ਇੱਜ਼ਤ ਰਖਦੇ ਆਇ ਹੋ।

## ਆਸਾ ਮਹਲਾ ੪ ॥

**ਜਿਨ੍ ਮਸਤਕਿ ਧੁਰਿ ਹਰਿ ਲਿਖਿਆ ਤਿਨ੍ਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥ ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ॥ਜਨ ਨਾਨਕ**

Digitized by Panjab Digital Library | www.panjabdigilib.org

**ਨਾਮੁ ਅਰਾਧਿਆ ਆਰਾਧਿ ਹਰਿ ਮਿਲਿਆ ॥ ੧ ॥**

ਹੇ ਹਰੀ ਰਾਮ ਰਾਜੇ ਜਿਨਾਂ ਦੇ ਮੱਥੇ ਉੱਤੇ ਧੁਰ ਤੋਂ ਹੀ ਤੂੰ ਚੰਗਾ ਲੇਖ ਲਿਖਿਆ ਸੀ ਓਨਾਂ ਨੂੰ ਸਤਿਗੁਰੂ ਮਿਲਿਆ ਹੈ।

ਸਤਿਗੁਰਾਂ ਨੇ ਓਨਾਂ ਦਾ ਅਗਿਆਨ ਹਨੇਰਾ ਕੱਟ ਦਿੱਤਾ ਹੈ ਤੇ ਉਹਨਾਂ ਦੇ ਰਿਦੇ ਵਿੱਚ ਆਤਮ ਗਿਆਨ ਦੀਵਾ ਬਲਿਆ ਹੈ, ਦੀਵੇ ਦੇ ਚਾਨਣ ਨਾਲ ਦਿਲ ਵਿਚੋਂ ਉਹਨਾਂ ਹਰੀ ਰਤਨ ਪਦਾਰਥ ਲੱਭ ਲਿਆ ਹੈ ਫਿਰ ਓਹ ਮੁੜਕੇ ਭਰੋਸੇ ਤੋਂ ਨਹੀਂ ਚਲਾਇਮਾਨ ਹੁੰਦਾ ਕਿਧਰੇ ਹੋਰ ਦੇ ਨਹੀਂ ਚਲਿਆ ਜਾਂਦਾ ਹੈ ਗੁਰੂ ਜੀ=ਦਾਸਾਂ ਨੇ ਨਾਮ ਦਾ ਅਰਾਧਣਾ ਕੀਤਾ ਹੈ ਉਸੇ ਕਰਕੇ ਅਰਾਧਣ ਦੇ ਜੋਗ ਜਾਂ ਅਰਾਧਣ ਨਾਲ ਪ੍ਰਮੇਸਰ ਮਿਲਿਆ ਹੈ।

**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮਰਾਜੇ ॥ ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮੁ ਬਿਨਾ ਬਿਰਥਾ ਸਭੁ ਜਾਏ ॥ ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥ ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥ ੨ ॥**

ਹੇ ਰਾਮ ਰਾਜੇ ਜਿਨਾਂ ਨੇ ਇੱਕੁਰ ਦਾ ਹਰੀ ਨਾਮ ਨਹੀਂ ਯਾਦ ਕੀਤਾ ਹੈ ਓਹ ਕਿਉਂ ਸੰਸਾਰ ਵਿੱਚ ਆਏ ਹਨ ਭਾਵ ਐਵੇਂ ਹੀ ਜੰਮਕੇ ਗਵਾਇਆ ਹੈ।

ਇਹ ਮਨੁੱਖ ਜਨਮ ਬੜਾ ਔਖਾ ਲੱਭਾ ਹੈ ਨਾਮ ਤੋਂ ਬਿਨਾ ਹਰਤਰਾਂ ਨਾਲ ਬਿਰਥਾ ਜਾਂਦਾ ਹੈ, ਹੁਣ ਇਸ ਵੱਤਰ ਗਿੱਲੀ ਜ਼ਮੀਨ ਦੇ ਵੇਲੇ ਹਰੀ ਨਾਮ ਨੂੰ ਨਹੀਂ ਬੀਜਿਆ ਹੈ ਜਦੋਂ ਅੱਗੇ ਵਾਹਿਗੁਰੂ ਦੇ ਪਿੰਡ ਭੁੱਖ ਆ ਲੱਗੀ ਤਾਂ ਕੀ ਖਾਵੇਗਾ ਭਾਵ ਪਛਤਾਉਣਾ ਹੀ ਹੱਥ ਵਿਚ ਰਹੇਗਾ, ਗੁਰੂ ਜੀ=ਏਸੇ ਕਰਕੇ ਮਨਮੁਖਾਂ ਨੂੰ ਫੇਰ ਜਨਮ ਹੁੰਦਾ ਹੈ ਇੱਕੁਰ ਹੀ ਪ੍ਰਮੇਸਰ ਨੂੰ ਚੰਗਾ ਲੱਗਦਾ ਹੈ ਕਿ ਮਨਮੁਖ ਦੁੱਖ ਪਾਣ।

**ਤੂੰ ਹਰਿ ਤੇਰਾ ਸਭੁਕੋ ਸਭਿ ਤੁਧੁ ਉਪਾਏ ਰਾਮਰਾਜੇ॥ ਕਿਛੁ ਹਾਥਿ ਕਿਸੈ ਦੈਕਿਛੁ ਨਾਹੀ ਸਭਿ ਚਲਹਿ ਚਲਾਏ॥ ਜਿਨ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ ॥ ਜਨ ਨਾਨਕ ਸਤਿਗੁਰੁ ਭੇਟਿਆ ਹਰਿਨਾਮਿ ਤਰਾਏ ॥ ੩ ॥**

Digitized by Panjab Digital Library | www.panjabdigilib.org

ਹੇ ਹਰੀ ਰਾਮ ਰਾਜੇ ਤੂੰ ਸਾਰਿਆਂ ਦਾ ਮਾਲਕ ਹੈਂ ਅਤੇ ਸਾਰੇ ਲੋਕ ਤੇਰੇ ਦਾਸ ਹਨ ਸਾਰੇ ਤੇਰੇ ਹੀ ਪੈਦਾ ਕੀਤੇ ਹੋਇ ਹਨ ਕਿਸੇ ਦੇ ਹਥ ਵਿਚ ਕੁਛ ਥੋੜਾ ਜੇਹਾ ਪਦਾਰਥ ਵੀ ਨਹੀਂ ਹੈ ਸਾਰੇ ਤੇਰੇ ਹੀ ਚਲਾਏ ਚੱਲਦੇ ਹਨ ਭਾਵ ਜਿੱਧਰ ਤੂੰ ਤੋਰਦਾ ਹੈਂ ਤੁਰਦੇ ਹਨ।

ਹੇ ਪਿਆਰੇ ਜਿਨਾਂ ਨੂੰ ਤੂੰ ਮਿਲਾਂਦਾ ਹੈਂ ਓਹ ਤੈਨੂੰ ਮਿਲਦੇ ਹਨ ਪਰ ਜੇਹੜੇ ਤੇਰੇ ਮਨ ਨੂੰ ਚੰਗੇ ਲੱਗਦੇ ਹਨ ਤੇਰੇ ਨਾਲ ਮਿਲੇ ਹਨ ਗੁਰੂ ਜੀ=ਜਿਨਾਂ ਦਾਸਾਂ ਨੂੰ ਤੇਰੀ ਕਿਰਪਾ ਨਾਲ ਸਤਿਗੁਰੂ ਮਿਲਿਆ ਹੈ ਹੇ ਹਰੀ ਨਾਮੀ ! ਓਹ ਆਦਮੀ ਤੂੰ ਸੰਸਾਰ ਤੋਂ ਤਰਾ ਲਏ ਹਨ।

**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੈ ਰਾਮਰਾਜੇ ॥ ਜਿਨ੍ਹਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥ ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥ ਜਿਨ੍ਹਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥ ੪ ॥ ੪ ॥੧੧॥**

ਕੋਈ ਆਦਮੀ ਤੈਨੂੰ ਰਾਗਾਂ ਦੇ ਨਾਦਾਂ=ਅਵਾਜਾਂ ਸੁਰਾਂ ਨਾਲ ਗਾਂਦੇਹਨ ਕੋਈ ਵੇਦ ਦੀਆਂ ਧੁਨੀਆਂ ਕਰਕੇ ਗਾਂਦੇ ਹਨ ਹੇ ਹਰੀ ਰਾਮ ਰਾਜਿਆ ਇੱਕੁਰ ਹੀ ਤੈਨੂੰ ਬਹੁਤ ਤਰਾਂ ਦੀਆਂ ਰੀਤੀਆਂ ਨਾਲ ਬਹੁਤ ਸਾਰੇ ਆਦਮੀ ਗਾਂਦੇਹਨ ਪਰ ਤੂੰ ਬਿਨਾਂ ਪ੍ਰੇਮ ਤੋਂ ਭਿੱਜਦਾ ਭਾਵ ਪ੍ਰਸੰਨ ਨਹੀਂ ਹੁੰਦਾ ਹੈਂ,ਜਿਨਾਂ ਦੇ ਦਿਲ ਅੰਦਰ ਕਪਟ ਰੂਪ ਵੱਡਾ ਨ ਹਟਣ ਵਾਲਾ ਰੋਗਹੈ ਉਹਨਾਂਨੇ ਝੂਠੇ ਵਿਖਾਵਿਆਂ ਦੇ ਰੋਣੇ ਰੋਕੇ ਕੀ ਕਰ ਲੈਣਾਹੈ?ਭਾਵ ਰੋਣਾ ਝੂਠਾ ਹੈ। ਹੇ ਹਰੀ ਕਰਤਾ ਤੂੰ ਸਭ ਕੁਛ ਜਾਣਦਾ ਹੈਂ ਸਾਰਿਆਂ ਰੋਗਾਂ ਦਾ ਸਿਰ ਰੋਗ=ਵੱਡਾ ਸਿਰੋਮਣੀ ਅਗਯਾਨ ਰੋਗ ਉਹਨਾਂ ਦੇ ਦਿਲ ਰੂਪ ਹੱਥ ਵਿੱਚ ਕਰਮਾਂ ਨੇ ਫੜਾ ਦਿੱਤਾ ਹੈ ਜਾਂ ਜਿਸ ਤਰਾਂ ਸਿਰ ਵਿੱਚ ਗੰਜ ਦਾ ਰੋਗ ਹੋਵੇ ਤਾਂ ਉਸ ਦੇ ਉੱਤੇ ਹੱਥ ਰੱਖ ਦੇਈਏ ਤਾਂ ਓਹ ਲੁਕਦਾ ਨਹੀਂ ਹੈ ਇੱਕੁਰ ਹੀ ਰੋਣ ਨਾਲ ਕਪਟ ਨਹੀਂ ਲੁਕਦਾ ਹੈ ਜਾਂ ਸਿਰੋਮਣੀ ਹੰਕਾਰ ਰੋਗ ਉਹਨਾਂ ਦੇ ਹੱਥ ਵਿੱਚ ਭਾਵ ਮਨ ਵਿੱਚ ਫੜਾ ਦਿੰਦਾ ਹੈ ਗੁਰੂ ਜੀ=ਪ੍ਰਮੇਸਰ ਦੇ ਪਿਆਰਿਆਂ ਗੁਰਮੁਖਾਂ ਦਾ ਰਿਦਾ ਸੁੱਧ ਹੈ ਓਹ ਹਰ ਤਰਾਂ ਨਾਲ ਤੇਰੀ ਭਗਤੀ ਹੀ ਲੈਂਦੇ ਹਨ।

## ਆਸਾ ਮਹਲਾ ੪ ॥

**ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ**

Digitized by Panjab Digital Library | www.panjabdigilib.org

**ਸਿਆਣੇ ਰਾਮ ਰਾਜੇ ॥ ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ॥ ਹਰਿ ਸੰਤਾਨੇ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ ॥ ਜਨ ਨਾਨਕ ਨਾਮੁ ਦੀਬਾਣੁ ਹੈ ਹਰਿ ਤ੍ਰਾਣੁ ਸਤਾਣੇ ॥ ੧ ॥**

ਜਿਨਾਂ ਦੇ ਦਿਲ ਵਿੱਚ ਮਨ ਬਾਣੀ ਕਰਕੇ ਰਾਮ ਰਾਜੇ ਪ੍ਰਮੇਸਰ ਦੇ ਨਾਮ ਜਪਣ ਦੀ ਪ੍ਰੀਤੀ ਹੈ ਓਹ ਆਦਮੀ ਸੁੰਦਰ ਬਹੁਤ ਹੀ ਸਿਆਣੇ ਹਨ।

ਭਾਵੇਂ ਓਹ ਬਾਹਰੋਂ ਭੁੱਲ ਚੁੱਕ ਕੇ ਕੋਈ ਮਾੜਾ ਬਚਨ ਬੋਲ ਚੁੱਕਦੇ ਹਨ ਪਰ ਤਾਂ ਵੀ ਓਹ ਬਹੁਤ ਹੀ ਹਰ ਤਰਾਂ ਨਾਲ ਪ੍ਰਮੇਸਰ ਨੂੰ ਚੰਗੇ ਲੱਗਦੇ ਹਨ, ਪ੍ਰਮੇਸਰ ਦੇ ਸੰਤਾਂ ਨੂੰ ਪ੍ਰਮੇਸਰ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ ਕਿਉਂਕਿ ਨਿਮਾਣਿਆਂ ਆਦਮੀਆਂ ਨੂੰ ਆਦਰ ਮਾਣ ਦੇਣ ਵਾਲਾ ਇਕ ਪ੍ਰਮੇਸਰ ਹੀ ਹੈ ਗੁਰੂ ਜੀ=ਓਹਨਾਂ ਦਾ ਨਾਮ ਹੀ ਆਸਰਾ ਹੈ ਕਿਉਂਕਿ ਓਹ ਇਕ ਪ੍ਰਮੇਸਰ ਦੇ ਬਲ ਨੂੰ ਪਾਕੇ ਸਤਾਣੇ=ਸਹਿਤ ਬਲ ਦੇ ਹੋਏ ਰਹਿੰਦੇ ਹਨ।

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮਰਾਜੇ ॥ ਗੁਰ ਸਿਖੀ ਸੋ ਥਾਨੁ ਭਾਲਿਆ ਲੈ ਧੂਰਿਮੁਖਿਲਾਵਾ ॥ ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿਨਾਮੁ ਧਿਆਵਾ ॥ ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥ ੨ ॥**

ਮੇਰਾ ਸਤਿਗੁਰੂ ਪ੍ਰਗਟ ਹੀ ਰਾਮ ਰਾਜੇ ਦਾ ਸਰੂਪ ਹੈ, ਗੁਰੂ ਜਿਸ ਥਾਂ ਭਾਵ ਰਿਦੇ ਵਿੱਚ ਜਾਕੇ ਬੈਠ ਜਾਂਦਾ ਹੈ ਭਾਵ ਉਪਦੇਸ਼ ਦੇਂਦਾ ਹੈ ਉਹੋ ਹੀ ਥਾਂ ਸੁਹਿਣਾ ਲੱਗਣ ਲੱਗ ਪੈਂਦਾ ਹੈ, ਗੁਰ ਸਿਖਾਂ ਨੇ ਉਸ ਥਾਂ ਨੂੰ ਲੱਭ ਲਿਆ ਹੈ ਅਤੇ ਉਸ ਥਾਂ ਦੀ ਧੂੜ ਲੈਕੇ ਮੂੰਹ ਉੱਤੇ ਲਾਂਦੇ ਹਨ, ਇਹ ਛੱਕਾ ਪ੍ਰਗਟ ਕਿਸੇ ਥਾਂ ਦਾ ਅਰਥ ਵੀ ਹੈ ਤੇ ਕਿਸੇ ਖੋਜੀ ਗੁਰਮੁਖ ਨਾਮ ਜਪਣ ਵਾਲੇ ਉੱਤੇ ਵੀ ਲੱਗਦਾ ਹੈ ਜਿਨਾਂ ਨੇ ਹਰਿ ਨਾਮ ਨੂੰ ਧਿਆਇਆ ਹੈ ਉਹਨਾਂ ਗੁਰ ਸਿੱਖਾਂ ਦੀ ਸੇਵਾ ਕਮਾਈ ਸਫਲ ਹੋਈ ਹੈ, ਥਾਂ ਪਈ ਭਾਵ ਲੇਖੇ ਲੱਗੀ॥ ਗੁਰੂ ਜੀ ਜਿਨਾਂ ਨੇ ਸਤਿਗੁਰਾਂ ਨੂੰ ਪੂਜਿਆ ਭਾਵ ਮੰਨਿਆਂ ਹੈ ਪ੍ਰਮੇਸਰ ਉਹਨਾਂ ਦੀ ਸਾਰੇ ਸੰਸਾਰ ਤੋਂ ਪੂਜਾ ਕਰਾਂਦਾ ਹੈ।

**ਗੁਰ ਸਿਖਾ ਮਨਿ ਹਰਿ ਪ੍ਰੀਤਿ ਹੈ ਹਰਿਨਾਮ**

Digitized by Panjab Digital Library | www.panjabdigilib.org

**ਹਰਿ ਤੇਰੀ ਰਾਮ ਰਾਜੇ ॥ ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਂਇ ਲਹਿ ਮੇਰੀ ॥ ਗੁਰਸਿਖਾ ਕੀ ਭੁਖ ਸਭ ਗਈ ਤਿਨ੍ ਪਿਛੈ ਹੋਰ ਖਾਇ ਘਨੇਰੀ ॥ ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥ ੩ ॥**

ਹੇ ਹਰੀ ਰਾਮ ਰਾਜੇ ਗੁਰ ਸਿਖਾਂ ਦੇ ਮਨ ਵਿੱਚ ਹਰ ਤਰਾਂ ਨਾਲ ਤੇਰੀ ਪ੍ਰਾਪਤੀ ਵਾਸਤੇ ਹਰਿ ਨਾਮ ਜਪਨ ਦੀ ਪ੍ਰੀਤੀ ਲੱਗੀ ਹੋਈ ਹੈ ਜੇਹੜਾ ਪੂਰਾ ਸਤਿਗੁਰੂ ਹੈ ਉਸ ਦੀ ਹੱਥਾਂ ਨਾਲ ਸੇਵਾ ਕਰਦੇ ਹਨ ਜਾਂ ਮੈਂ ਕਰਦਾ ਹਾਂ ਜਿਸ ਕਰਕੇ ਮੇਰੀ ਹੋਰ ਪਦਾਰਥਾਂ ਦੀ ਭੁਖ ਲਥ ਜਾਂਦੀ ਹੈ ਜਾਂ ਜੇਹੜਾ ਕਰੇ ਉਸਦੀ ਮੇਰੀ ਮੇਰੀ=ਮਮਤਾ ਦੀ ਭੁੱਖ ਦੂਰ ਹੋ ਜਾਂਦੀ ਹੈ।

ਗੁਰ ਸਿਖਾਂ ਦੀ ਹਰਤਰਾਂ ਦੀ ਭੁੱਖ ਜਾਂਦੀ ਰਹੀ ਹੈ ਸਗੋਂ ਉਨਾਂ ਗੁਰਸਿਖਾਂ ਦੇ ਪਿੱਛੇ ਹੋਰ ਬਹੁਤ ਸਾਰੀ ਦੁਨੀਆਂ ਰੋਟੀ ਖਾਂਦੀ ਹੈ ਭਾਵ ਸਤਸੰਗ ਕਰਕੇ ਭੁਖ ਦੂਰ ਹੋ ਜਾਂਦੀ ਹੈ, ਗੁਰੂ ਜੀ=ਜਿਸ ਦਾਸ ਨੇ ਹਰਿਨਾਮ ਪੁੰਨ ਰਿਦੇ ਰੂਪ ਧਰਤੀ ਵਿਚ ਬੀ ਬੀਜਿਆ ਹੈ ਭਾਵ ਜਪਿਆ ਜਾਂ ਧਾਰਿਆ ਹੈ ਉਸ ਨੂੰ ਫਿਰ ਹਰਿਨਾਮ ਜਾਪ ਪੁੰਨ ਕਰਕੇ ਕਿਸੇ ਪਦਾਰਥ ਦੀ ਟੋਟ ਨਹੀਂ ਆਉਂਦੀ ਹੈ।

**ਗੁਰ ਸਿਖਾ ਮਨਿ ਵਾਧਾਈਆ ਜਿਨ੍ ਮੇਰਾ ਸਤਿਗੁਰੂ ਡਿਠਾ ਰਾਮਰਾਜੇ ॥ ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ ॥ ਹਰਿ ਦਰਗਹ ਗੁਰ ਸਿਖ ਪੈਨ੍ਾਈਅਹਿ ਜਿਨ੍ਾ ਮੇਰਾ ਸਤਿਗੁਰੁ ਤੁਠਾ ॥ ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥ ੪ ॥ ੫ ॥ ੧੨ ॥**

ਹੇ ਰਾਮ ਰਾਜੇ ਜਿਨਾਂ ਨੇ ਮੇਰਾ ਸਤਿਗੁਰ ਵੇਖਿਆ ਹੈ ਉਨਾਂ ਗੁਰਸਿਖਾਂ ਦੇ ਮਨ ਵਿਚ ਹਰ ਸਮੇਂ ਵਧਾਈਆਂ ਹੀ ਰਹਿੰਦੀਆਂ ਹਨ, ਜੋ ਕੋਈ ਉਨਾਂ ਨੂੰ ਹਰਿਨਾਮ ਦੀ ਗੱਲ ਕਰਕੇ ਸੁਣਾਂਦਾ ਹੈ ਓਹ ਆਦਮੀ ਗੁਰਸਿਖਾਂ ਦੇ ਮਨ ਵਿਚ ਬੜਾ ਮਿੱਠਾ ਲੱਗਦਾ ਹੈ, ਜਿਨਾਂ ਗੁਰਸਿਖਾਂ ਦੇ ਉਤੇ ਮੇਰਾ ਸਤਿਗੁਰੂ ਪ੍ਰਸੰਨ ਹੋਇਆ ਹੈ ਉਨਾਂ ਗੁਰਸਿਖਾਂ ਨੂੰ ਹਰੀ ਦੇ ਦਰਬਾਰ ਵਿਚ

Digitized by Panjab Digital Library | www.panjabdigilib.org

ਸਿਰੋਪਾਉ ਪਹਿਰਾਇਆ ਜਾਂਦਾ ਹੈ, ਭਾਵ ਇੱਜ਼ਤ ਦਿੱਤੀ ਜਾਂਦੀ ਹੈ, ਗੁਰੂ ਜੀ=ਜਿਸ ਗੁਰਸਿਖ ਦੇ ਮਨ ਵਿਚ ਹਰਿ ਹਰਿ ਨਾਮ ਵੱਸਿਆ ਹੈ ਓਹ ਸਾਰੀਆਂ ਵਾਸ਼ਨਾਂ ਨੂੰ ਛੱਡ ਕੇ ਪ੍ਰਮੇਸਰ ਦਾ ਸਰੂਪ ਹੋ ਗਿਆ ਹੈ।

## ਆਸਾ ਮਹਲਾ ੪ ॥

**ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿਨਾਮੁ ਦ੍ਰਿੜਾਵੈ ਰਾਮਰਾਜੇ ॥ ਤਿਸਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿਨਾਮੁ ਧਿਆਵੈ॥ ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁਨੇੜਿ ਨ ਆਵੈ॥ਜਨ ਨਾਨਕ ਕਉਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ॥ ੧ ॥**

ਜਿਨਾਂ ਨੂੰ ਮੇਰਾ ਪੂਰਾ ਸਤਿਗੁਰੂ ਮਿਲਿਆ ਹੈ ਓਨਾਂ ਨੂੰ ਹਰੀ ਰਾਮ ਰਾਜੇ ਦਾ ਨਾਮ ਪੱਕਾ ਕਰਾਉਂਦਾ ਹੈ।

ਜੇਹੜੇ ਹਰਿਨਾਮ ਨੂੰ ਜਪਦੇ ਹਨ ਓਨਾਂ ਦੀ ਤ੍ਰਿਸ਼ਨਾਂ ਰੂਪ ਭੁੱਖ ਸਾਰੀ ਦੂਰ ਹੋ ਜਾਂਦੀ ਹੈ, ਜੇਹੜੇ ਹਰਿਨਾਮ ਨੂੰ ਧਿਆਂਦੇ ਹਨ ਓਨਾਂ ਦੇ ਨੇੜੇ ਜਮ ਨਹੀਂ ਆਉਂਦਾ ਹੈ, ਗੁਰੂ ਜੀ=ਹੇ ਪ੍ਰਮੇਸਰਾ ਮੇਰੇ ਵਰਗੇ ਦਾਸਾਂ ਉਤੇ ਕਿਰਪਾ ਕਰ ਜਿਸ ਕਰਕੇ ਰੋਜ ਹੀ ਅਸੀਂ ਤੇਰੇ ਨਾਮ ਨੂੰ ਜਪੀਏ ਅਤੇ ਹਰਿਨਾਮ ਹੀ ਹੋਰਨਾਂ ਲੋਕਾਂ ਨੂੰ ਸੰਸਾਰ ਸਮੁੰਦਰ ਤੋਂ ਤਰਾਈਏ ਜਾਂ ਤਰਾ ਦੇਣ ਜਾਂ ਹਰਿਨਾਮ ਹੀ ਤਰਾਉਂਦਾ ਹੈ।

**ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨ੍ਹਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥ ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ੍ ਪੂਜੇ ਸਭੁ ਕੋਈ ॥ ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਹਾ ਸੁਖੁ ਸਦ ਹੋਈ॥ਜਿਨ੍ਹਾਨਾਨਕੁ ਸਤਿਗੁਰੁ ਭੇਟਿਆ ਤਿਨਾ ਮਿਲਿਆ ਹਰਿ ਸੋਈ ॥ ੨ ॥**

ਜਿਨਾਂ ਗੁਰਾਂਦੁਆਰੇ ਹਰੀ ਰਾਮ ਰਾਜੇ ਦਾ ਨਾਮ ਧਿਆਇਆ ਹੈ ਓਨਾਂ ਨੂੰ ਫਿਰ ਕਿਸੇ ਤਰਾਂ ਦਾ ਵਿਘਨ ਨਹੀਂ ਹੁੰਦਾ ਹੈ ਜਿਨਾਂ ਨੇ ਸਤਿਗੁਰੂ ਪੁਰਖ ਨੂੰ ਖੁਸ਼ੀ ਕੀਤਾ ਹੈ ਹਰ ਕੋਈ ਓਨਾਂ ਦੀ ਪੂਜਾ=ਸੇਵਾ ਕਰਦਾ ਹੈ, ਜਿਨਾਂ ਨੇ ਪਿਆਰਾ ਸਤਿਗੁਰੂ ਸੇਵਿਆ ਹੈ ਓਨਾਂ ਨੂੰ ਹਰ ਸਮੇਂ ਸੁਖ ਹੋਇਆ ਹੈ, ਗੁਰੂ ਜੀ=ਜਿਨਾਂ ਨੂੰ ਸਤਿਗੁਰੂ ਮਿਲਿਆ ਹੈ ਓਨਾਂ ਨੂੰ ਹੀ ਓਹ ਪ੍ਰਮੇਸਰ

Digitized by Panjab Digital Library | www.panjabdigilib.org

ਮਿਲਿਆ ਹੈ।

**ਜਿਨਾ ਅੰਤਰਿ ਗੁਰਮੁਖਿ ਪ੍ਰੀਤਿ ਹੈ ਤਿਨ੍ ਹਰਿ ਰਖਣਹਾਰਾ ਰਾਮਰਾਜੇ ॥ ਤਿਨ੍ ਕੀ ਨਿੰਦਾ ਕੋਈ ਕਿਆ ਕਰੈ ਜਿਨ੍ ਹਰਿ ਨਾਮੁ ਪਿਆਰਾ ॥ ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ ॥ ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ ॥ ੩ ॥**

ਜਿਨਾਂ ਗੁਰਮੁਖਾਂ ਦੇ ਅੰਦਰ ਹਰੀ ਰਾਮ ਰਾਜੇ ਦੀ ਪ੍ਰੀਤੀ ਹੈ ਓਨਾਂ ਦੀ ਰੱਖਿਆ ਕਰਨ ਵਾਲਾ ਪ੍ਰਮੇਸਰ ਆਪ ਹੈ, ਜਿਨਾਂ ਨੂੰ ਹਰੀ ਨਾਮ ਪਿਆਰਾ ਲੱਗਦਾ ਹੈ ਓਨਾਂ ਦੀ ਨਿੰਦਿਆ ਕੋਈ ਕੀ ਕਰੇਗਾ ਭਾਵ ਓਨਾਂ ਦੀ ਨਿੰਦਿਆ ਕਰਨ ਵਾਲਾ ਕੁਛ ਵਿਗਾੜ ਨਹੀਂ ਸੱਕਦਾ ਹੈ।

ਜਿਨ੍ਹਾਂ ਦਾ ਮਨ ਪ੍ਰਮੇਸਰ ਦੇ ਨਾਲ ਮੰਨ ਗਿਆ ਹੈ ਭਾਵ ਟਿਕ ਗਿਆ ਹੈ ਉਨਾਂ ਦੇ ਕੰਮ ਵਿਚ ਵਿਘਨ ਪੌਣ ਲਈ ਸਾਰਿਆਂ ਦੁਸ਼ਟਾਂ ਨੇ ਝਖ ਨੂੰ ਮਾਰਿਆ ਹੈ ਪਰ ਕਿਸੇ ਦਾ ਆਖਿਆ ਤੇ ਕੀਤਾ ਕੁਛ ਨਹੀਂ ਹੁੰਦਾ ਹੈ ਗੁਰੂਜੀ=ਜਿਨਾਂ ਨੇ ਨਾਮ ਧਿਆਇਆ ਹੈ ਓਨਾਂ ਦੀ ਰੱਖਿਆ ਕਰਨ ਵਾਲਾ ਪ੍ਰਮੇਸਰ ਆਪ ਰਾਖਾ ਹੋਇਆ ਹੈ।

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮਰਾਜੇ॥ ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥ ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮ ਦੇਉ ਮੁਖਿ ਲਾਇਆ ॥ ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥੬॥੧੩॥੨੦॥**

ਹਰੀ ਰਾਮ ਰਾਜੇ ਨੇ ਚਹੁੰਆਂ ਹੀ ਜੁੱਗਾਂ ਵਿਚ ਭਗਤਾਂ ਨੂੰ ਪੈਦਾ ਕੀਤਾ ਹੈ ਫਿਰ ਔਕੜ ਵੇਲੇ ਭਗਤਾਂ ਦੀ ਲੱਜਿਆ ਵੀ ਰੱਖਦਾ ਆਇਆ ਹੈ। ਜਿਸ ਤਰਾਂ ਉਸ ਨੇ ਇਕ ਹਰਨਾਖਸ਼ ਦੁਸ਼ਟ ਨੂੰ ਅਤੇ ਪ੍ਰਹਿਲਾਦ ਭਗਤ ਨੂੰ ਸੰਸਾਰ ਸਮੁੰਦ੍ਰ ਤੋਂ ਤਰਾ ਲਿਆ ਹੈ, ਹੰਕਾਰੀਆਂ ਨਿੰਦਕਾਂ ਬ੍ਰਾਹਮਣਾਂ ਨੂੰ ਪਿੱਠ ਦੇਕੇ ਭਾਵ ਓਨਾਂ ਵੱਲ ਪਿੱਛਾ ਕਰਕੇ ਠਾਕਰਦੁਆਰੇ ਨੂੰ ਭੁਆ ਕੇ ਨਾਮ ਦੇਉ ਦੇ ਵਾਸਤੇ ਇਹ ਕੰਮ ਕੀਤਾ ਸੀ ਫਿਰ ਨਾਮ ਦੇਉ ਨੂੰ ਆਪਣੇ ਮੂੰਹ ਲਾ ਲਿਆ ਭਾਵ ਦਰਸ਼ਨ ਦਿੱਤਾ, ਗੁਰੂ ਜੀ=ਜਿਨਾਂ ਦਾਸਾਂ ਨੇ ਇੱਕੁਰ ਪ੍ਰਮੇਸਰ ਸੇਵਿਆ ਹੈ ਓਨਾਂ ਨੂੰ ਹਰ ਤਰਾਂ ਦੇ ਦੁੱਖਾਂ ਤੋਂ ਅੰਤ ਨੂੰ ਛੁਡਾ ਲਏਗਾ।

Digitized by Panjab Digital Library | www.panjabdigilib.org

# ਆਸਾ ਮਹਲਾ ੪ ਛੰਤ ਘਰੁ ੫

## ੧ ੴ ਸਤਿਗੁਰਪ੍ਰਸਾਦਿ ॥

< ਆਪਣੇ ਮਨ ਦੇ ਪ੍ਰਥਾਇ ਪ੍ਰੇਮ ਨੂੰ ਪ੍ਰਗਟ ਕਰਦੇ ਹਨ >

**ਮੇਰੇ ਮਨ ਪਰਦੇਸੀ ਵੇ ਪਿਆਰੇ ਆਉਘਰੇ ॥ ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥ ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ॥ਗੁਰ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥ ੧ ॥**

ਹੇ ਪਿਆਰੇ ਮੇਰੇ ਮਨ ਪਰਦੇਸੀ ਚੁਰਾਸੀ ਲੱਖ ਜੂਨੀਆਂ ਦੇ ਫੇਰਿਆਂ ਵਿਚੋਂ ਫਿਰਦੇ ੨ ਆਏ ਹੋਏ ਹੁਣ ਤਾਂ ਆਪਣੇ ਅਸਲੀ ਘਰ ਨੂੰ ਆ ਜਾਹ ਭਾਵ ਮਨ ਨੂੰ ਟਿਕਾ ਕੇ ਪ੍ਰਮੇਸਰ ਨੂੰ ਅੰਦਰ ਹੀ ਵੇਖ, ਵਾਹਿਗੁਰੂ ਦੇ ਨਾਲ ਮਿਲ ਜਾਹ ਹੇ ਮੇਰੇ ਪਿਆਰੇ ਮਨ ਗੁਰੂ ਦੇ ਨਾਲ ਆਪਣੇ ਆਪ ਨੂੰ ਮਿਲਾਓ ਅਤੇ ਅਨੰਦ ਰੂਪ ਘਰ ਵਿਚ ਆਕੇ ਵੱਸ ਜਾਓ। ਹਰੇ=ਸੰਬੋਧਨ ਪ੍ਰਮੇਸਰ ਹੈ ਜਾਂ ਆਨੰਦ ਦਾ ਅਰਥ ਹੈ।

ਜਦੋਂ ਪ੍ਰਮੇਸਰ ਕਿਰਪਾ ਕਰੇਗਾ ਤਾਂ ਤੁਸੀਂ ਰੰਗ=ਪ੍ਰੇਮ ਵਿਚ ਖੁਸ਼ੀਆਂ ਮਾਣੋਂ ਭਾਵ ਅਨੰਦ ਲਓਗੇ ਗੁਰੂ ਜੀ=ਜਦੋਂ ਗੁਰੂ ਪ੍ਰਸੰਨ ਹੋਇਆ ਤੇ ਤਾਂ ਤੁਹਾਨੂੰ ਪ੍ਰਮੇਸਰ ਦੇ ਨਾਲ ਮਿਲਾ ਦੇਵੇਗਾ ਹੇ ਮੇਰੇ ਪਿਆਰੇ ਸੱਚ ਸਮਝੋ ਜਾਂ ਮੇਰੇ ਪਿਆਰੇ ਪ੍ਰਮੇਸਰ ਦੇ ਨਾਲ ਮਿਲਾ ਦੇਵੇਗਾ।

**ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ ॥ ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ ॥ ਨਿਤਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ ॥ ਭਾਗ ਮਣੀ ਸੋਹਾਗਣਿ ਮੇਰੇ ਪਿਆਰੇ ਨਾਨਕ ਹਰਿ ਉਰਿ-ਧਾਰੇ ॥ ੨ ॥**

ਹੇ ਮੇਰੇ ਪਿਆਰੇ ਮੈਂ ਭਾਉ ਕਰਕੇ ਪ੍ਰੇਮ ਰਸ ਨਹੀਂ ਚੱਖਿਆ ਹੈ ਹੇ ਮੇਰੇ ਪਿਆਰੇ ਮੇਰੇ ਮਨ ਦੀ ਤ੍ਰਿਸ਼ਨਾ ਨਹੀਂ ਬੁਝੀ ਰੋਜ ਹੀ ਆਸਾਂ ਕਰਦਾ ਹੈ ਜਾਂ ਕਰਦੇ ਹਨ।

Digitized by Panjab Digital Library | www.panjabdigilib.org

ਹੇ ਮੇਰੇ ਪਿਆਰੇ ਰੋਜ ਹੀ ਜੋਬਨ ਨਾਸ ਹੁੰਦਾ ਜਾਂਦਾ ਹੈ ਅਤੇ ਜਮ ਸਾਸ ਨੂੰ ਹਿਰੇ=ਵੇਖਦਾ ਜਾਂ ਮਿਲਦਾ ਭਾਵ ਨਾਸ ਕਰਕੇ ਖੋਹੀ ਜਾਂਦਾ ਹੈ ਗੁਰੂ ਜੀ=ਹੇ ਮੇਰੇ ਪਿਆਰੇ ਜੇਹੜੀ ਭਾਗਾਂ ਦੀ ਮਣੀ ਭਾਵ ਪ੍ਰੀਤੀ ਵਾਲੀ ਜ ਚੰਗਿਆਂ ਭਾਗਾਂ ਵਾਲੀ ਸੁਹਾਗਣ ਇਸਤ੍ਰੀ ਹੈ ਪ੍ਰਮੇਸਰ ਨੂੰ ਦਿਲ ਵਿਚ ਧਾਰਨ ਕਰਦੀ ਹੈ ਮਣੀ=ਸਿਰੋਮਣੀ ਜਾਂ ਚਾਨਣ ਕਰਨ ਵਾਲੀ ਮਣੀ ਜੋ ਸੱਪ ਦੇ ਸਿਰ ਵਿਚੋਂ ਮਿਲਦੀ ਹੈ।

## ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ ॥ ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ ॥ ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ ॥ ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ ॥ ੩ ॥

ਹੇ ਮੇਰੇ ਪਿਆਰੇ ਮੇਰੇ ਨੈਣ ਇੱਕੁਰ ਪਿਆਰੇ ਪਤੀ ਦੇ ਪ੍ਰੇਮ ਵਿਚ ਰੱਤੇ ਹੋਇ ਹਨ ਜਿਸ ਤਰਾਂ ਪਪੀਹੇ ਸ੍ਵਾਂਤੀ ਬੂੰਦ ਦੇ ਨਾਲ ਰੱਤੇ ਰਹਿੰਦੇ ਹਨ, ਹੇ ਮੇਰੇ ਪਿਆਰੇ ਮੈਂ ਆਪਣੇ ਮਨ ਨੂੰ ਸੀਤਲ ਹੋਇਆ ੨ ਤਾਂ ਸਮਝਾਂ ਜਦੋਂ ਹਰਿਨਾਮ ਬੂੰਦ ਨੂੰ ਪੀ ਲਏਗਾ।

ਹੇ ਮੇਰੇ ਪਿਆਰੇ ਮੇਰੇ ਸਰੀਰ ਵਿਚ ਮੈਨੂੰ ਵਿਛੋੜਾ ਜਗਾਂਦਾ ਹੈ ਕਿਸੇ ਤਰਾਂ ਵੀ ਨੀਂਦ ਨਹੀਂ ਪੈਂਦੀ ਹੈ।ਗੁਰੂ ਜੀ=ਹੇ ਮੇਰੇ ਪਿਆਰੇ ਗੁਰਮੁਖਾਂ ਨੇ ਗੁਰੂ ਦੇ ਆਸਰੇ ਹੋਕੇ ਹਰੀ ਮੰਤ੍ਰ ਨੂੰ ਲੱਭ ਲਿਆ ਹੈ।ਲਿਵੈ=ਆਸਰੇ ਜਾਂ ਪ੍ਰੀਤੀ।

## ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ॥ ਪਿਰ ਬਾਝੜਿਅਹੁ ਮੇਰੇ ਪਿਆਰੇ ਆਙਣਿ ਧੂੜਿ ਲੁਤੇ ॥ ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ ॥ ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ ॥ ੪ ॥

ਹੇ ਮੇਰੇ ਪਿਆਰੇ ਮਨੁੱਖ ਜਨਮ ਰੂਪ ਬੜੀ ਚੰਗੀ ਬਸੰਤ ਦੀ ਰੁੱਤ ਵਿੱਚ ਪ੍ਰੇਮ ਰੂਪ ਚੇਤ ਦਾ ਮਹੀਨਾ ਚੜ੍ਹਿਆ ਹੈ, ਪਤੀ ਤੋਂ ਬਿਨਾ ਮੇਰੇ ਅੰਤਸ਼ਕਰਣ ਰੂਪ ਵੇਹੜੇ ਵਿਚ ਬਹੁਤ ਸਾਰੇ ਭੈੜਿਆਂ ਖਿਆਲਾਂ ਰੂਪ ਧੂੜ ਲੁਤੇ=ਉੱਡਦੀ ਹੈ, ਹੇ ਮੇਰੇ ਪਿਆਰੇ ਮੇਰੇ ਮਨ ਵਿਚ ਆਸਾ ਲੱਗੀ

Digitized by Panjab Digital Library | www.panjabdigilib.org

ਹੋਈ ਹੈ ਵਿਛੋੜੇ ਕਰਕੇ ਉਡੀਣੀ=ਉਦਾਸ ਹੋਈ ਹੋਈ ਹਾਂ ਅਤੇ ਮਨ ਬੁੱਧੀ ਰੂਪ ਮੇਰੇ ਦੋਵੇਂ ਨੈਣ ਵਾਹਿਗੁਰੂ ਦੇ ਵੱਲ ਜੁਤੇ=ਜੁੜ ਰਹੇ ਹਨ, ਗੁਰੂ ਜੀ= ਜਿਕੁਰ ਪੁੱਤ ਨੂੰ ਵੇਖਕੇ ਮਾਂ ਖੁਸ਼ੀ ਹੁੰਦੀ ਹੈ ਉਸੇਤਰਾਂ ਗੁਰੂ ਨੂੰ ਵੇਖਕੇ ਮੇਰੀ ਅਕਲ ਖਿੜਦੀ ਹੈ।

**ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ ॥ ਗੁਰ ਵਿਟੜਿਅਹੁ ਹਉ ਘੋਲੀਆ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ ॥ ਸਭਿ ਆਸਾ ਹਰਿ ਪੂਰੀਆ ਮੇਰੇ ਪਿਆਰੇ ਮਨਿ ਚਿੰਦਿਅੜਾ ਫਲੁ ਪਾਇਆ ॥ ਹਰਿ ਤੁਠੜਾ ਮੇਰੇ ਪਿਆਰੇ ਜਨੁ ਨਾਨਕੁ ਨਾਮਿ ਸਮਾਇਆ ॥ ੫ ॥**

ਹੇ ਮੇਰੇ ਪਿਆਰੇ ਹਰੀ ਦੀਆਂ ਕਥਾ ਕਹਾਣੀਆਂ ਸਤਿ ਗੁਰੂ ਨੇ ਸੁਣਾਈਆਂ ਹਨ, ਜਿਨਾਂ ਗੁਰਾਂ ਨੇ ਮੈਨੂੰ ਹਰੀ ਦੇ ਨਾਲ ਮਿਲਾਇਆ ਹੈ ਉਨਾਂ ਦੇ ਉਤੋਂ ਦੀ ਮੈਂ ਬਲਿਹਾਰ ੨ ਜਾਂਦੀ ਹਾਂ, ਹਰੀ ਪਿਆਰੇ ਨੇ ਮੇਰੀਆਂ ਆਸਾਂ ਪੂਰੀਆਂ ਕਰ ਦਿੱਤੀਆਂ ਹਨ ਅਤੇ ਅਸਾਂ ਮਨ ਭਾਂਦਾ ਫਲ ਪਾਇਆ ਹੈ, ਗੁਰੂ ਜੀ=ਹੇ ਮੇਰੇ ਪਿਆਰੇ ਜਦੋਂ ਪ੍ਰਮੇਸਰ ਪ੍ਰਸੰਨ ਹੋਇਆ ਤਾਂ ਮੈਨੂੰ ਆਪਣੇ ਨਾਲ ਮਿਲਾ ਲਿਆ।

**ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ ॥ ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ ॥ ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ॥ਗੁਰੁ ਨਾਨਕੁ ਪਾਇਆ ਮੇਰੇ ਪਿਆਰੇ ਧੁਰਿ ਮਸਤਕਿ ਲੇਖੁਸਾ ॥੬॥ ੧॥੧੪॥ ੨੧ ॥**

ਗੁਰੂ ਪਿਆਰੇ ਤੋਂ ਬਿਨਾਂ ਮੈਂ ਪ੍ਰਮੇਸਰ ਦੇ ਪ੍ਰੇਮ ਵਿਚ ਨਹੀਂ ਖੇਡ ਸੱਕਦਾ ਹਾਂ, ਇੱਕੁਰ ਦਾ ਗੁਰੂ ਕਿਸਤਰਾਂ ਪਾਈਏ ਜਿਸ ਦੇ ਨਾਲ ਮਿਲ ਕੇ ਪਿਆਰੇ ਵਾਹਿਗੁਰੂ ਨੂੰ ਵੇਖਾਂ, ਹੇ ਹਰੀ ਦਾਤਿਆ ਇੱਕੁਰ ਦਾ ਪਿਆਰਾ ਸਿਰੋਮਣੀ ਗੁਰੂ ਮੈਨੂੰ ਮਿਲਾ ਦੇਹ ਜਿਸ ਗੁਰਮੁਖ ਦੁਆਰੇ ਮੈਂ ਆਪਣੇ ਆਪ ਨੂੰ ਤੇਰੇ ਨਾਲ ਮੇਲਾਂ। ਗੁਰੂ ਜੀ=ਸਾਡੇ ਮੱਥੇ ਉਤੇ ਜੇਹੜਾ ਧੁਰ ਤੋਂ ਹੀ ਚੰਗਾ ਕਰਮ ਲੇਖ ਲਿਖਿਆ ਹੋਇਆ ਸੀ ਇਸੇ ਕਰਕੇ ਗੁਰੂ ਨੂੰ ਪਾਇਆ ਹੈ।

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥
ਰਾਗੁ ਆਸਾ ਮਹਲਾ ੫ ਛੰਤੁ ਘਰੁ ੧

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥ ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥ ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ॥ ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥ ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥ ੧ ॥

ਰਾਮ=ਹੇ ਭਰਾ ਦਾ ਸੰਬੋਧਨ ਹੈ। ਘਣਾ=ਬਹੁਤ। ਹੇ ਭਰਾ ਮੈਂ ਜਦੋਂ ਉਸ ਮਾਲਕ ਨੂੰ ਵੇਖਿਆ ਹੈ ਤਦ ਤੋਂ ਮੈਨੂੰ ਸਾਰਿਆਂ ਅਨੰਦਾਂ ਵਿਚੋਂ ਜੇਹੜਾ ਵੱਡਾ ਬਹੁਤ ਆਤਮਾਨੰਦ ਹੈ ਪ੍ਰਾਪਤ ਹੋਇਆ ਹੈ ਹੇ ਭਰਾ ਮੈਂ ਮਨ ਬਾਣੀ ਕਰਕੇ ਪ੍ਰਮੇਸਰ ਦਾ ਨਾਮ ਅੰਮ੍ਰਿਤ ਰਸ ਮਿੱਠਾ ਚੱਖਿਆ ਹੈ, ਹਰੀ ਦਾ ਮਿੱਠਾ ਰਸ ਮੇਰੇ ਮਨ ਵਿਚ ਤਾਂ ਵੱਸਿਆ ਹੈ ਜਦੋਂ ਗੁਰੂ ਪ੍ਰਸੰਨ ਹੋਯਾ ਹੈ ਅਤੇ ਸ਼ਾਂਤੀ ਗਿਆਨ ਆ ਪ੍ਰਾਪਤ ਹੋਇਆ ਹੈ ਜਦੋਂ ਅਸਾਂ ਮੰਗਲ=ਜਸ ਗਾਇਆ ਅਤੇ ਜੇਹੜੇ ਪੰਜ ਕਾਮ ਆਦਕ ਦੁਸ਼ਟ ਸੀ ਤਦੋਂ ਓਨਾਂ ਦਾ ਟੋਲਾ ਦੌੜ ਗਿਆ ਤਾਂ ਘਰ ਦਾ ਮਾਲਕ ਪਤੀ ਸਾਡੇ ਵੱਸ ਆਇਆ।

ਅਘਾਣੇ=ਬਹੁਤ ਹੀ ਰੱਜ ਗਏ। ਬਸੀਠਾ=ਵਕੀਲ। ਹੁਣ ਅੰਮ੍ਰਿਤ ਰੂਪ ਬਾਣੀ ਕਰਕੇ ਮਨ ਬੁਧੀ ਆਦਕ ਅੰਤਸ਼ਕਰਨ ਰੱਜ ਗਏ ਹਨ ਅਤੇ ਸੀਤਲ ਹੋ ਗਏ ਹਨ ਸਤਿਗੁਰੂ ਮੇਰਾ ਸੱਜਣ ਜੇਹੜਾ ਸ਼ਾਂਤੀ ਦਾ ਰੂਪ ਹੈ ਓਹ ਮੈਨੂੰ ਪ੍ਰਮੇਸਰ ਨਾਲ ਮਿਲਾਉਣ ਵਾਸਤੇ ਵਕੀਲ ਹੋਇਆ ਹੈ, ਗੁਰੂ ਜੀ=ਇੱਕੁਰ ਜਦੋਂ ਮੇਰਾ ਮਨ ਪ੍ਰਮੇਸਰ ਦੇ ਨਾਲ ਮੰਨ ਗਿਆ ਤਾਂ ਓਹ ਮਾਲਕ ਮੈਂ ਅੱਖਾਂ ਨਾਲ ਦੇਖ ਲਿਆ।

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ॥ ਪਾਹੁ-ਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥ ਸੰਤ ਪਿਆਰੇ ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ ॥ ਆਪੇ

Digitized by Panjab Digital Library | www.panjabdigilib.org

**ਜਾਂਵੀ ਆਪੇ ਮਾਂਵੀ ਆਪਿ ਸੁਆਮੀ ਆਪਿ ਦੇਵਾ ॥ ਆਪਣਾ ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ ॥ ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥੨॥**

ਹੇ ਭਰਾ ਹੁਣ ਮੇਰੇ ਮੰਦਰਾਂ ਦੇ ਸੁੰਦਰ ੨ ਬੂਹੇ ਸੋਹਣੇ ਸੋਹਣੇ ਜਾਂ ਸੁਭਾਇਮਾਨ ਲੱਗਦੇ ਹਨ ਭਾਵ ਅੰਤ੍ਰੀਵ ਸਾਰੇ ਇੰਦ੍ਰੇ ਤੇ ਬਾਹਰ ਦਾ ਅਰਥ ਸਾਰੇ ਪ੍ਰਗਟ ਹੀ ਘਰ ਦੇ ਸੋਹਿਣੇ ਲੱਗਦੇ ਹਨ ਸਾਰਿਆਂ ਪਰਾਹੁਣਿਆਂ ਤੋਂ ਚੰਗੇ ਉੱਤਮ ਪਰਾਹੁਣੇ ਸੰਤ ਸੱਜਣ ਪਿਆਰੇ ਮੇਰੇ ਘਰ ਆਏ ਹਨ, ਉਹਨਾਂ ਸੰਤਾਂ ਪਿਆਰਿਆਂ ਨੇ ਮੇਰੇ ਸਾਰੇ ਕਾਰਜ ਸਵਾਰ ਦਿੱਤੇ ਹਨ ਹੁਣ ਅਸੀਂ ਨਮਸਕਾਰ ਕਰਕੇ ਉਂਨਾਂ ਸੰਤਾਂ ਦੀ ਸੇਵਾ ਵਿੱਚ ਲੱਗੇ ਹਾਂ,ਪ੍ਰਮੇਸਰ ਨਾਲ ਮੈਨੂੰ ਮਿਲਾਉਣੇ ਵਾਸਤੇ ਸੰਤ ਪਿਆਰੇ ਆਪ ਹੀ ਜਾਂਵੀ ਬਣੇ ਹਨ ਅਤੇ ਆਪ ਹੀ ਮਾਂਵੀ=ਸਿਖ ਇਸਤ੍ਰੀ ਦੇ ਪਤੀ, ਸੋ ਪਤੀ ਦੇ ਨਾਲ ਮਿਲਾਉਣੇ ਵਾਸਤੇ ਮਿਲਨੀ ਕਰਾਉਣ ਵਾਲੇ ਸਹਾਇਕ ਹੋਇ ਹਨ ਅਤੇ ਦੇਵਾ=ਪ੍ਰਕਾਸ਼ ਰੂਪ ਪ੍ਰਮੇਸਰ ਆਪ ਹੀ ਪਤੀ ਬਣਿਆਂ ਹੈ, ਆਪੇ ਹੀ ਸਿਖ ਹੋਕੇ ਚੰਗਿਆਂ ਸਾਧਨਾਂ ਦੀ ਸਾਧਨਾ ਨੂੰ ਧਾਰਦਾ ਹੈ ਅਤੇ ਸਿਖ ਨੂੰ ਪ੍ਰਮੇਸਰ ਦੇ ਨਾਲ ਮਿਲਾਉਂਣ ਰੂਪ ਕਾਰਜ ਵੀ ਆਪ ਹੀ ਸਵਾਰਦਾ ਹੈ ਗੁਰੂ ਜੀ=ਜਦੋਂ ਓਹ ਅਕਾਲ ਪੁਰਖ ਪਤੀ ਘਰ ਰੂਪ ਦਿਲ ਵਿੱਚ ਆ ਬੈਠਾ ਹੈ ਤਾਂ ਸਾਰੇ ਹੀ ਘਰ ਬੂਹੇ ਸੋਹਣੇ ਲੱਗੇ ਹਨ ਭਾਵ ਪ੍ਰਮੇਸਰ ਨੂੰ ਨਿਸਚੇ ਕੀਤਾ ਤਾਂ ਸਾਰੇ ਇੰਦ੍ਰੇ ਸਫਲ ਹੋਏ ।

**ਨਵਨਿਧੇ ਨਉਨਿਧੇ ਮੇਰੇ ਘਰ ਮਹਿ ਆਈ ਰਾਮ ॥ ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥ ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ ॥ ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ ॥ ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ ॥ ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵਨਿਧਿ ਪਾਈ ॥ ੩ ॥**

ਹੇ ਭਰਾ ਨੌ ਨਿਧੀਆਂ ਰੂਪ ਦੋ ਤਰਾਂ ਦੀ ਭਗਤੀ ਮੇਰੇ ਘਰ ਰੂਪ ਰਿਦੇ ਵਿੱਚ ਆ ਗਈ ਹੈ ਮੈਂ ਨਾਮ ਨੂੰ ਧਿਆਇਆ ਹੈ ਏਹੋ ਹੀ ਸਭ ਕੁਛ ਪਾਇਆ ਹੈ ।

Digitized by Panjab Digital Library | www.panjabdigilib.org

{ਪ੍ਰੇਮ ਵਿੱਚ ਪੁਨਰੁਕਤੀ ਨਹੀਂ ਹੁੰਦੀ ਭਾਵ ਜੇ ਬਾਰ ਬਾਰ ਇਕ ਸ਼ਬਦ ਆਵੇ ਤੇ ਤਾਂ ਓਹ ਪ੍ਰੇਮ ਨਾਲ ਮਾੜਾ ਨਹੀਂ ਲੱਗਦਾ ਹੈ।}

ਨਾਮ ਨੂੰ ਧਿਆਉਣ ਵਾਲੇ ਹੋਇ ਹਾਂ ਨਾਮ ਸਦਾ ਸਹਾਇਕ ਹੁੰਦਾ ਹੈ, ਗੋਵਿੰਦ ਦੇ ਗਿਆਨ ਨਾਲ ਅਕਲ ਸਹਿਜੇ ਹੀ ਸੁਭਾਇਮਾਨ ਹੋਈ ਹੈ, ਪ੍ਰਮੇਸਰ ਨੂੰ ਮਿਲਨ ਕਰਕੇ ਕਰਮਾਂ ਦੀ ਗਿਣਤੀ ਦੂਰ ਹੋ ਗਈ ਹੈ ਫਿਰ ਮਨ ਵਿੱਚ ਚਿੰਤਾ ਕਦੀ ਨਹੀਂ ਵਿਆਪਦੀ ਹੈ ਹਰ ਤਰਾਂ ਦੀ ਦੌੜ ਸਾਡੀ ਦੂਰ ਹੋ ਗਈ ਹੈ, ਜੇਹੜੇ ਸਾਨੂੰ ਗੋਬਿੰਦ ਜੀ ਗਾਜੇ=ਪ੍ਰਗਟ ਹੋਏ ਹਨ ਏਹੋ ਹੀ ਲਗਾ ਤਾਰ ਵਾਜੇ ਵੱਜੇ ਹਨ ਅਤੇ ਅਸਚਰਜ ਸੋਭਾ ਬਣੀ ਹੈ ਗੁਰੂ ਜੀ= ਪਿਆਰਾ ਵਾਹਿਗੁਰੂ ਮੇਰੇ ਨਾਲ ਹੀ ਹੈ ਇਸ ਲਈ ਮੈਂ ਨੌਨਿਧੀ ਰੂਪ ਭਗਤੀ ਪਾਈ ਹੈ।

**ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ ॥ ਬਿਖਮੋ ਬਿਖਮੁ ਅਖਾੜਾ ਮੈ ਗੁਰਮਿਲਿ ਜੀਤਾ ਰਾਮ ॥ ਗੁਰਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ॥ ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥ ਸੋਈ ਸੁ ਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥ ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥ ੪ ॥ ੧ ॥**

ਹੇ ਮੇਰੇ ਭਰਾ ਮੇਰੇ ਭਰਾ ਮਿੱਤ੍ਰ ਸਾਰੇ ਸਾਕ ਬਹੁਤ ਚੰਗੇ ਤੋਂ ਚੰਗੇ ਰਸ ਲੈਣ ਵਾਲੇ ਹੋ ਗਏ ਹਨ, ਸਰਸਿਆੜੇ=ਸਹਿਤ ਰਸ=ਪ੍ਰੇਮ ਦੇ ਹੋਣਾ। ਔਖੇ ਤੋਂ ਔਖਾ ਅਖਾੜਾ=ਸੰਸਾਰ ਭਾਵ ਜਨਮ ਮਰਨ ਮੈਂ ਗੁਰੂ ਨਾਲ ਮਿਲਕੇ ਜਿੱਤ ਲਿਆ ਹੈ, ਗੁਰੂ ਨਾਲ ਮਿਲਕੇ ਜਿਤਿਆ ਹੈ ਕਿਸ ਤਰਾਂ ? ਭਾਵ ਹਰੀ ਹਰਿ ਉਚਾਰਨਾ ਕੀਤਾ ਹੈ, ਭਰਮ ਅਗਿਆਨ ਕਿਲੇ ਦੀ ਕੰਧ(ਭਾਵ ਹੰਗਤਾ ਮਮਤਾ ਸਾਰੀ) ਟੁੱਟ ਗਈ ਹੈ। ਭੀਤਾ=ਕੰਧ। ਗੜ੍ਹਾ=ਕਿਲਾ।

ਗਿਆਨ ਜਾਂ ਪ੍ਰਮੇਸਰ ਰੂਪ ਖਜਾਨਾ ਜੇਹੜਾ ਸਾਰੀਆਂ ਨਿਧੀਆਂ ਦੀ ਖਾਣ ਹੈ ਸੋ ਇਹ ਅੰਤਸ਼ਕਰਨ ਥਾਂ ਵਿਚ ਪਾਇਆ ਹੈ ਕਿਉਂਕਿ ਮੇਰੀ ਸਾਣਥ=ਸਹੈਤਾ ਵਿਚ ਪ੍ਰਮੇਸਰ ਆਪ ਖੜਾ ਹੋਇਆ ਹੈ, ਜੇਹੜਾ ਮਾਲਕ ਨੇ ਆਪਣਾ ਕਰ ਲੀਤਾ ਹੈ ਓਹੋ ਹੀ ਸੁੰਦਰ ਗਿਆਨ ਵਾਲਾ ਹੈ ਅਤੇ ਸਿਰੋਮਣੀ ਆਦਮੀ ਵੀ ਓਹੋ ਹੀ ਹੈ, ਗੁਰੂ ਜੀ=ਜਦੋਂ ਮੇਰੇ ਮਾਲਕ ਮੇਰੀ ਵੱਲ ਹੋ ਗਏ ਹਨ ਤਾਂ ਮੇਰੇ ਭਰਾ ਮਿੱਤ੍ਰ ਸਾਰੇ ਸਹਿਤ ਰਸ ਭਾਵ ਪ੍ਰੇਮ ਦੇ ਹੋ ਗਏ ਹਨ ਭਾਵ ਪ੍ਰੇਮੀ ਬਣ ਗਏ ਹਨ।

Digitized by Panjab Digital Library | www.panjabdigilib.org

## ਆਸਾ ਮਹਲਾ ੫ ॥

**ਅਕਥਾ ਹਰਿ ਅਕਥ ਕਥਾ ਕਿਛੁ ਜਾਇ ਨ ਜਾਣੀ ਰਾਮ ॥ ਸੁਰਿ ਨਰ ਸੁਰਿਨਰ ਮੁਨਿ ਜਨ ਸਹਜਿ ਵਖਾਣੀ ਰਾਮ ॥ ਸਹਜੇ ਵਖਾਣੀ ਅਮਿਉ ਬਾਣੀ ਚਰਣ ਕਮਲੁ ਰੰਗੁ ਲਾਇਆ ॥ ਜਪਿ ਏਕੁ ਅਲਖੁ ਪ੍ਰਭੁ ਨਿਰੰਜਨੁ ਮਨ ਚਿੰਦਿਆ ਫਲੁ ਪਾਇਆ॥ ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥ ਬਿਨਵੰਤਿ ਨਾਨਕ ਗੁਰਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥੧॥**

ਹੇ ਭਰਾ ਜੇਹੜਾ ਪ੍ਰਮੇਸਰ "ਅਕਥਾ" ਕਥਿਆ ਨਹੀਂ ਜਾਂਦਾ ਹੈ ਉਸ ਦੀ ਕਥਾ ਵੀ ਅਕੱਥ ਭਾਵ ਕਥੀ ਨਹੀਂ ਜਾਂਦੀ ਹੈ ਅਤੇ ਨਾ ਹੀ ਕੁਛ ਇਸ ਤਰਾਂ ਜਿਸ ਤਰਾਂ ਕਰਕੇ ਜਾਣੀ ਹੀ ਜਾਂਦੀ ਹੈ, ਹੇ ਭਰਾ ਦੇਵਤਿਆਂ ਤੇ ਆਦਮੀਆਂ ਭਾਵ ਚੰਗਿਆਂ ੨ ਰਿਖੀਆਂ ਮੁਨੀਆਂ ਅਤੇ ਇੰਦ੍ਰ ਵਰਗਿਆਂ ਜਾਂ ਦੇਵਤਾ ਤੇ ਨਰ ਰੂਪ ਜੇਹੜਾ ਨਰਸਿੰਘ ਅਵਤਾਰ ਜਾਂ ਨਰ ਨਾਰਾਇਣ ਹੋਇਆ ਹੈ ਹੋਰ ਦਾਸਾਂ ਨੇ ਸ਼ਾਂਤੀ ਸੁਭਾਵ ਨਾਲ ਕਥਨ ਕੀਤੀ ਹੈ ਉਹ ਕਥਾ ਜੇਹੜੀ ਅੰਮ੍ਰਿਤ ਰੂਪ ਬਾਣੀ ਹੈ ਉਹ ਸੁਭਾਵਕ ਹੀ ਉਚਾਰਨ ਕੀਤੀ ਹੈ ਅਤੇ ਚਰਨਾਂ ਕਮਲਾਂ ਵਿਚ ਪ੍ਰੇਮ ਲਾਇਆ ਹੈ, ਇੱਕ ਅਲੱਖ ਨਰਿੰਜਨ ਮਾਲਕ ਨੂੰ ਜਪਕੇ ਮਨ ਭਾਂਦਾ ਫਲ ਪਾਇਆ ਹੈ, ਆਦਰ ਜਾਂ ਹੰਕਾਰ ਕਰਨਾ ਮੋਹ ਆਦਕ ਸਾਰਿਆਂ ਵਿਕਾਰਾਂ ਤੇ ਦੂਸਰੇ ਭਾ ਨੂੰ ਛੱਡ ਕੇ ਪ੍ਰਮੇਸਰ ਦੀ ਜੋਤ ਵਿਚ ਜੋਤ ਸਮਾ ਗਈ ਹੈ ਭਾਵ ਇਕ ਰੂਪ ਹੋ ਗਈ ਹੈ।

ਗੁਰੂ ਜੀ ਆਖਦੇ ਹਨ ਹੁਣ ਅਸੀਂ ਗੁਰੂ ਦੀ ਕਿਰਪਾ ਨਾਲ ਹਰ ਸਮੇਂ ਪ੍ਰਮੇਸਰ ਦਾ ਆਨੰਦ ਮਾਣਦੇ ਹਾਂ।

**ਹਰਿ ਸੰਤਾ ਹਰਿ ਸੰਤ ਸਜਨ ਮੇਰੇ ਮੀਤ ਸਹਾਈ ਰਾਮ ॥ ਵਡਭਾਗੀ ਵਡਭਾਗੀ ਸਤਸੰਗਤਿ ਪਾਈ ਰਾਮ ॥ ਵਡਭਾਗੀ ਪਾਏ ਨਾਮੁ ਧਿਆਏ ਲਾਥੇ ਦੂਖ ਸੰਤਾਪੈ ॥ ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਆਪਿ ਮਿਟਾਇਆ ਆਪੈ ॥ ਕਰਿ ਕਿਰਪਾ ਮੇਰੇ ਪ੍ਰਭਿ ਅਪੁਨੈ**

Digitized by Panjab Digital Library | www.panjabdigilib.org

**ਵਿਛੁੜਿ ਕਤਹਿ ਨ ਜਾਈ ॥ ਬਿਨਵੰਤਿ ਨਾਨਕ ਦਾਸ ਤੇਰਾ ਸਦਾ ਹਰਿ ਸਰਣਾਈ ॥ ੨ ॥**

ਹੇ ਭਰਾ ਹਰ ਤਰਾਂ ਨਾਲ ਦਾਸਾਂ ਨੂੰ ਸ਼ਾਂਤੀ ਦੇਣ ਵਾਲੇ ਜੇਹੜੇ ਹਰੀ ਦੇ ਸੰਤ ਜਨ ਹਨ ਉਹ ਮੇਰੇ ਮਿੱਤ੍ਰ ਤੇ ਸਹਾਇਕ ਹਨ,ਵੱਡਿਆਂ ਭਾਗਾਂ ਨਾਲ ਵੱਡਿਆਂ ਭਾਗਾਂ ਵਾਲਿਆਂ ਸੰਤਾਂ ਦੀ ਸਤ ਸੰਗਤ ਪਾਈ ਹੈ, ਹੇ ਭਰਾ!ਜਿਨਾਂ ਨੇ ਵੱਡਿਆਂ ਭਾਗਾਂ ਨਾਲ ਮੰਤ੍ਰ ਪਾਏ ਹਨ ਅਤੇ ਨਾਮ ਧਿਆਏ ਹਨ ਓਨਾਂ ਦੇ ਦੁੱਖ ਅਤੇ ਮਨ ਦੇ ਤਾਪ ਲੱਥ ਗਏ ਹਨ, ਗੁਰਾਂ ਦੇ ਚਰਨਾਂ ਵਿਚ ਲਗੇ ਹਾਂ ਇਸੇ ਲਈ ਭਰਮ ਡਰ ਤੇ ਆਪ=ਹੰਕਾਰ ਸਾਰੇ ਵਿਕਾਰ ਆਪੇ ਹੀ ਡਰਦੇ ਦੌੜ ਗਏ ਹਨ, ਆਪਣੇ ਮਾਲਕ ਨੇ ਕਿਰਪਾ ਕਰਕੇ ਆਪਣੇ ਨਾਲ ਮੇਲ ਲਿਆ ਹੈ ਹੁਣ ਵਿਛੜ ਕੇ ਕਿਤੇ ਹੋਰਥੇ ਨਹੀਂ ਜਾਂਦੇ ਹਾਂ, ਗੁਰੂ ਜੀ ਆਪਣੀ ਬੇਨਤੀ ਕਰਕੇ ਆਖਦੇ ਹਨ ਹੇ ਪ੍ਰਮੇਸਰਾ ਮੈਂ ਤੇਰਾ ਦਾਸ ਸਦਾ ਤੇਰੀ ਸ਼ਰਨ ਵਿਚ ਹਾਂ।

**ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ ॥ ਵਾਰੀ ਤਿਨ੍ ਵਾਰੀ ਜਾਵਾ ਸਦ ਬਲਿਹਾਰੇ ਰਾਮ॥ ਸਦ ਬਲਿਹਾਰੇ ਕਰਿ ਨਮਸਕਾਰੇ ਜਿਨ ਭੇਟਤ ਪ੍ਰਭੁ ਜਾਤਾ ॥ ਘਟਿ ਘਟਿ ਰਵਿ ਰਹਿਆ ਸਭ ਥਾਈ ਪੂਰਨ ਪੁਰਖੁ ਬਿਧਾਤਾ॥ਗੁਰੁ ਪੂਰਾ ਪਾਇਆ ਨਾਮੁ ਧਿਆਇਆ ਜੂਐ ਜਨਮੁ ਨ ਹਾਰੇ ॥ ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ ॥ ੩ ॥**

ਦਰੇ=ਬੂਹੇ ॥ ਦਰ=ਵਿਚ ॥ ਹੇ ਪ੍ਰਮੇਸਰਾ ਜੇਹੜੇ ਤੇਰੇ ਪਿਆਰੇ ਭਗਤ ਹਨ ਉਹ ਹਰ ਤਰਾਂ ਨਾਲ ਤੇਰੇ ਸਤ ਸੰਗ ਰੂਪ ਦਰਵਾਜੇ ਦੇ ਅੰਦਰ ਸੋਹਣੇ ਲੱਗਦੇ ਹਨ ਮੈਂ ਓਨਾਂ ਤੋਂ ਸਦਾ ੨ ਵਾਰੀ ੨ ਬਲਿਹਾਰੇ ਜਾਂਦਾ ਹਾਂ।

ਜਿਨਾਂ ਦੇ ਨਾਲ ਮਿਲਕੇ ਮਾਲਕ ਨੂੰ ਜਾਣਿਆਂ ਹੈ ਓਹ ਮਾਲਕ ਬੜਾ ਚੰਗਾ ਹੈ ਉਸ ਨੂੰ ਨਮਸ਼ਕਾਰ ਕਰਕੇ ਮੈਂ ਸਦਾ ਬਲਿਹਾਰ ੨ ਜਾਂਦਾ ਹੈ।

ਅਕਾਲ ਪੁਰਖ ਪੂਰਿਆ ਹੋਇਆ ਕਰਮਾਂ ਦਾ ਨਿਬੇੜਾ ਕਰਨ ਵਾਲਾ ਸਾਰਿਆਂ ਆਦਮੀਆਂ ਦੇ ਦਿਲਾਂ ਅੰਦਰ ਤੇ ਸਾਰਿਆਂ ਥਾਵਾਂ ਵਿਚ ਰਲਿਆ ਮਿਲਿਆ ਹੈ।

ਜਿਨਾਂ ਨੇ ਪੂਰਿਆਂ ਗੁਰਾਂ ਨੂੰ ਪਾਇਆ ਹੈ ਤੇ ਨਾਮ ਧਿਆਇਆ ਹੈ

Digitized by Panjab Digital Library | www.panjabdigilib.org

ਓਹ ਮਨੁੱਖ ਜਨਮ ਰਤਨ ਨੂੰ ਜੂਏ ਵਿੱਚ ਨਹੀਂ ਹਾਰਦੇ ਹਨ, ਗੁਰੂ ਜੀ ਆਖਦੇ ਹਨ ਮੈਂ ਤੇਰੀ ਸ਼ਰਣ ਹਾਂ ਕਿਰਪਾ ਕਰਕੇ ਰੱਖਿਆ ਕਰ।

**ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ॥ ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ॥ ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ ਜਨਮ ਮਰਨ ਦੁਖ ਲਾਥੇ॥ ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ॥ ਮਿਟੈ ਦੂਖ ਕਲਿਆਣ ਕੀਰਤਨ ਬਹੁੜਿ ਜੋਨਿ ਨ ਪਾਵਾ॥ ਬਿਨਵੰਤਿ ਨਾਨਕ ਗੁਰ ਸਰਣਿ ਤਰੀਐ ਆਪਣੇ ਪ੍ਰਭ ਭਾਵਾ॥ ੪॥ ੨॥**

ਹੇ ਬਿਅੰਤ ਪ੍ਰਮੇਸਰ ਤੇਰੇ ਗੁਣ ਬਿਅੰਤ ਹਨ ਓਹ ਮੈਂ ਕਿੰਨੇ ਕੁ ਗਾਵਾਂ ਮੇਰੇ ਪਾਸੋਂ ਗਾਇ ਨਹੀਂ ਜਾਂਦੇ ਹਨ (ਹੇ ਰਾਮ=ਭਰਾ ਸੰਬੋਧਨ ਹੈ)।

ਮੇਰੇ ਬੜੇ ਵੱਡੇ ਭਾਗ ਹੋਣ ਜਦੋਂ ਮੈਂ ਸਾਰਿਆਂ ਲੋਕਾਂ ਦੇ ਚਰਨਾਂ ਦੀ ਧੂੜ ਪਾਵਾਂ, ਜਦੋਂ ਹਰੀ ਦੇ ਚਰਨਾਂ ਦੀ ਧੂੜ ਵਿਚ ਨਾਈਐ ਤਾਂ ਅਗਜਾਨ ਮੈਲ ਨੂੰ ਦੂਰ ਕਰੀਦਾ ਹੈ ਜੇਹੜੇ ਨਾਤੇ ਹਨ ਓਨਾਂ ਦੇ ਜਨਮਾਂ ੨ ਦੇ ਦੁਖ ਦੂਰ ਹੋ ਗਏ ਹਨ, ਹੇ ਮਾਲਕਾ ਤੂੰ ਅੰਦਰ ਬਾਹਰ ਸਦਾ ਨੇੜੇ ਹੈਂ ਅਤੇ ਆਦਮੀ ਦੇ ਹਰ ਸਮੇਂ ਨਾਲ ਹੈਂ, ਤੇਰਾ ਕੀਰਤਨ ਕਰਕੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਤੇ ਕਲਿਆਨ ਹੁੰਦੀ ਹੈ ਫਿਰ ਮੈਂ ਆਪਣੇ ਆਪ ਨੂੰ ਜੂਨੀਆਂ ਵਿਚ ਨਹੀਂ ਪਾਵਾਂਗਾ, ਗੁਰੂ ਜੀ ਆਖਦੇ ਹਨ ਜਦੋਂ ਮੈਂ ਗੁਰੂ ਦੀ ਸ਼ਰਨ ਆਵਾਂ ਤੇ ਅਪਣੇ ਆਪ ਮਾਲਕ ਨੂੰ ਭਾਵਾਂ ਤੇ ਤਾਂ ਸੰਸਾਰ ਤੋਂ ਤਰੀਦਾ ਹੈ।

## ਆਸਾ ਛੰਤ ਮਹਲਾ ੫ ਘਰੁ੪

## ੧ ਓ ਸਤਿਗੁਰਪ੍ਰਸਾਦਿ॥

**ਹਰਿ ਚਰਨ ਕਮਲ ਮਨੁ ਬੇਧਿਆ ਕਿਛੁ ਆਨ ਨ ਮੀਠਾ ਰਾਮ ਰਾਜੇ॥ ਮਿਲਿ ਸੰਤ ਸੰਗਤਿ ਆਰਾਧਿਆ ਹਰਿ ਘਟਿ ਘਟੇ ਡੀਠਾ ਰਾਮ ਰਾਜੇ॥ ਹਰਿ ਘਟਿ ਘਟੇ**

ਡੀਠਾ ਅੰਮ੍ਰਿਤੁ ਵੂਠਾ ਜਨਮ ਮਰਨ ਦੁਖ ਨਾਠੇ ॥ ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ ॥ ਪ੍ਰਿਉ ਸਹਜਿ ਸੁਹਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ॥ ਹਰਿ ਨਾਨਕ ਬੇਧੇ ਚਰਨ ਕਮਲ ਕਿਛੁ ਆਨ ਨ ਮੀਠਾ ॥ ੧ ॥

ਹਰੀ ਰਾਮ ਰਾਜੇ ਦੇ ਚਰਨਾਂ ਕਮਲਾਂ ਵਿੱਚ ਜਿਸ ਆਦਮੀ ਦਾ ਮਨ ਮਿਲ ਗਿਆ ਹੈ ਉਸ ਨੂੰ ਹੋਰ ਕੋਈ ਕੁਛ ਪਦਾਰਥ ਮਿੱਠਾ ਨਹੀਂ ਲੱਗਦਾ ਹੈ, ਬੇਧਿਆ=ਮਿਲਿਆ । ਆਨ=ਹੋਰ ।

ਸਤਸੰਗਤ ਵਿਚ ਮਿਲਕੇ ਅਰਾਧਣਾ ਕੀਤੀ ਹੈ ਤਾਂ ਘਟਾਂ ਘਟਾਂ ਵਿਚ ਹਰੀ ਰਾਮ ਰਾਜੇ ਨੂੰ ਵੇਖਿਆ ਹੈ ।

ਜਦੋਂ ਨਾਮ ਅੰਮ੍ਰਿਤ ਰਿਦੇ ਵਿਚ ਵੱਸਿਆ ਤਾਂ ਹਰੀ ਨੂੰ ਘਟਾਂ ੨ ਵਿਚ ਵੇਖਿਆ ਅਤੇ ਜਨਮ ਮਰਨ ਦੇ ਸਾਰੇ ਦੁੱਖ ਨੱਸ ਗਏ ।

ਗੁਣਾਂ ਦੇ ਖਜਾਨੇ ਨੂੰ ਪਾਇਆ ਸਾਰਿਆਂ ਦੁੱਖਾਂ ਨੂੰ ਮਿਟਾਇਆ ਦਿਲ ਵਿਚੋਂ ਹੰਕਾਰ ਰੂਪ ਗੰਢ ਨਾਸ ਹੋ ਗਈ ।

ਪਤੀ ਨੂੰ ਪਾ ਕੇ ਅਕਲ ਸੁਭਾਵਕ ਹੀ ਸੁਭਾਇਮਾਨ ਹੋਈ ਉਸ ਅਨੰਦ ਨੂੰ ਛੱਡ ਕੇ ਹੁਣ ਵਿਸ਼ਿਆਂ ਦੇ ਵੱਲ ਦੌੜਦੀ ਨਹੀਂ ਹੈ ਅਤੇ ਮਨ ਵਿਚ ਮਜੀਠ ਦੇ ਰੰਗ ਵਾਂਗ ਗਾਹੜੇ ਸੱਚੇ ਰੰਗ ਵਾਲਾ ਸੱਚਾ ਪ੍ਰੇਮ ਅਨੰਦ ਪਿਆਰਾ ਲੱਗਾ ਹੈ, ਗੁਰੂ ਜੀ=ਪ੍ਰਮੇਸਰ ਦੇ ਚਰਨਾਂ ਕਮਲਾਂ ਵਿਚ ਮਿਲ ਗਏ ਹਨ ਓਨਾਂ ਨੂੰ ਹੋਰ ਕੁਛ ਮਿੱਠਾ ਨਹੀਂ ਲੱਗਦਾ ਹੈ । ਬੇਧੇ=ਮਿਲੇ । ਆਨ=ਹੋਰ ।

ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸ ਮਾਤੇ ਰਾਮ ਰਾਜੇ ॥ ਗੁਰਿ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ ॥ ਜੀਵਨ ਗਤਿ ਸੁਆਮੀ ਅੰਤਰਿ-ਜਾਮੀ ਆਪਿ ਲੀਏ ਲੜਿ ਲਾਏ ॥ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ ॥ ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ ਤਾਕੀ ਮਿਟੈ ਨ ਦਾਤੇ ॥ ਜਲ ਸੰਗਿ ਰਾਤੀ ਮਾਛੁਲੀ ਨਾਨਕ ਹਰਿ ਮਾਤੇ ॥ ੨ ॥

Digitized by Panjab Digital Library | www.panjabdigilib.org

ਜਿਸਤਰਾਂ ਪਾਣੀ ਨਾਲ ਮੱਛੀ ਪ੍ਰੀਤੀ ਰੱਖਦੀ ਹੈ ਇੱਕੁਰ ਹੀ ਰਾਮ ਰਾਜੇ ਦੇ ਰਸ ਨਾਲ ਭਗਤ ਜਨ ਪ੍ਰੀਤੀ ਰੱਖਦੇ ਹਨ, ਗੁਰੂ ਪੂਰੇ ਨੇ ਉਪਦੇਸ਼ ਕੀਤਾ ਹੈ ਤਦੋਂ ਜੀਵਨ ਦੀ ਗਤੀ=ਮੁਕਤੀ ਦਾ ਹਰਤਰਾਂ ਦਾ ਪਤਾ ਲੱਗਾ ਹੈ। ਭਾਤੇ=ਪ੍ਰਕਾਰ, ਤਰਾਂ,ਵਾਂਗ ਦਾ ਅਰਥ ਹੈ।

ਜੇਹੜੇ ਆਦਮੀ ਅੰਤਰਜਾਮੀ ਮਾਲਕ ਨੇ ਆਪ ਆਪਣੇ ਲੜ ਨਾਲ ਲਗਾ ਲਏ ਹਨ ਓਨਾਂ ਨੂੰ ਜੀਵਣ ਮੁਕਤੀ ਮਿਲ ਗਈ ਹੈ।

ਇੱਕੁਰ ਦਾ ਜੇਹੜਾ ਰਤਨ ਪਦਾਰਥ ਸਾਰਿਆਂ ਦੇ ਵਿੱਚ ਪ੍ਰਗਟ ਤੇ ਪੂਰਨ ਹੈ ਮਨ ਉਸ ਨੂੰ ਛੱਡਕੇ ਹੋਰ ਝੂਠਿਆਂ ਪਦਾਰਥਾਂ ਵੱਲ ਕਿਤੇ ਨਹੀਂ ਜਾਂਦਾ ਹੈ।

ਸੁੰਦਰ ਸਰੂਪ ਸਿਆਣੇ ਮਾਲਕ ਦੀ ਜੇਹੜੀ ਦਾਤ ਹੈ ਓਹ ਮਿਟਦੀ ਨਹੀਂ ਹੈ ਭਾਵ ਨਾਸ ਨਹੀਂ ਹੁੰਦੀ ਹੈ ਗੁਰੂ ਜੀ=ਜਿਸਤਰਾਂ ਮੱਛੀ ਪਾਣੀ ਦੇ ਨਾਲ ਰੱਤੀ ਰਹਿੰਦੀ ਹੈ ਇੱਕੁਰ ਹੀ ਦਾਸ ਹਰੀ ਵਿੱਚ ਮੱਤੇ ਰਹਿੰਦੇ ਹਨ।

**ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ ॥ ਮਾਲੁ ਖਜੀਨਾ ਸੁਤ ਭ੍ਰਾਤ ਮੀਤ ਸਭਹੂੰ ਤੇ ਪਿਆਰਾ ਰਾਮ ਰਾਜੇ ॥ ਸਭਹੂੰ ਤੇ ਪਿਆਰਾ ਪੁਰਖੁ ਨਿਰਾਰਾ ਤਾਕੀ ਗਤਿ ਨਹੀ ਜਾਣੀਐ ॥ ਹਰਿ ਸਾਸਿ ਗਿਰਾਸਿ ਨ ਬਿਸਰੈ ਕਬਹੂੰ ਗੁਰ ਸਬਦੀ ਰੰਗੁ ਮਾਣੀਐ ॥ ਪ੍ਰਭੁ ਪੁਰਖੁ ਜਗ ਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ ॥ ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰਾ ॥ ੩ ॥**

ਜਿੱਕੁਰ ਪਪੀਹਾ ਸ੍ਵਾਂਤੀ ਬੂੰਦ ਨੂੰ ਪ੍ਰੇਮ ਨਾਲ ਮੰਗਦਾ ਹੈ ਇੱਕੁਰ ਹੀ ਭਗਤਾਂ ਨੂੰ ਹਰੀ ਰਾਮ ਰਾਜੇ ਦਾ ਨਾਮ ਪ੍ਰਾਣਾਂ ਦਾ ਆਸਰਾ ਹੈ, ਓਨਾਂ ਭਗਤਾਂ ਨੂੰ ਮਾਲ ਨਾਲੋਂ,ਖਜਾਨਿਆਂ ਨਾਲੋਂ, ਪੁੱਤ, ਭਰਾ, ਮਿੱਤ੍ਰ ਸਾਰਿਆਂ ਨਾਲੋਂ ਰਾਮ ਰਾਜੇ ਦਾ ਨਾਮ ਪਿਆਰਾ ਹੈ।

ਜੇਹੜਾ ਸਾਰਿਆਂ ਤੋਂ ਵੱਖਰਾ ਪਿਆਰਾ ਪ੍ਰਮੇਸਰ ਹੈ ਉਸ ਦੀ ਗਤੀ ਨਹੀਂ ਜਾਣੀ ਜਾਂਦੀ ਹੈ।

ਮੈਂ ਇਹ ਆਸਾ ਕਰਦਾ ਹਾਂ ਕਿ ਇੱਕੁਰ ਦਾ ਪ੍ਰਮੇਸਰ ਸਾਸ ਗਿਰਾਂਸ ਹਰ ਸਮੇਂ ਯਾਦ ਰਹੇ ਕਿਸੇ ਵੇਲੇ ਵੀ ਨ ਭੁੱਲੇ ਅਤੇ ਗੁਰ ਉਪਦੇਸ਼ਕਰ ਉਸ ਪ੍ਰਮੇਸਰ ਦਾ ਅਨੰਦ ਮਾਣੀਏ, ਜੇਹੜਾ ਸਮਰੱਥ ਮਾਲਕ ਸਾਰੇ ਜਗਤ ਦਾ

Digitized by Panjab Digital Library | www.panjabdigilib.org

ਜੀਵਨ ਭਾਵ ਪ੍ਰਾਣ ਰੂਪ ਹੈ ਉਸ ਦੇ ਰਸ ਨੂੰ ਸੰਤ ਜਨ ਪੀਂਦੇ ਹਨ ਸੰਤਾਂ ਨੇ ਉਸ ਦੇ ਨਾਮ ਨੂੰ ਜਪਕੇ ਸਾਰਾ ਭਰਮ ਮੋਹ ਦੁਖ ਦੂਰ ਕਰ ਦਿੱਤਾ ਹੈ।

ਜਿਸਤਰਾਂ ਪਪੀਹਾ ਸ੍ਵਾਂਤੀ ਬੂੰਦ ਨੂੰ ਮੰਗਦਾ ਹੈ ਇਸੇ ਤਰਾਂ ਦਾਸਾਂ ਨੂੰ ਪ੍ਰਮੇਸਰ ਪਿਆਰਾ ਹੈ।

**ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥ ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥ ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ ॥ ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ ॥ ਸੂਖ ਸਹਜ ਆਨੰਦ ਘਨੇਰੇ ਪਤਿਤ ਪਾਵਨ ਸਾਧੂ ਧੂਰਾ ॥ ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੋ ਪੂਰਾ ॥ ੪ ॥ ੧ ॥ ੩ ॥**

ਹੇ ਭਰਾ ਜਿਨਾਂ ਨੂੰ ਗੁਰੂ ਦੀ ਕਿਰਪਾ ਨਾਲ ਅਪਣਾ ਮਾਲਕ ਪ੍ਰਮੇਸਰ ਮਿਲਿਆ ਹੈ ਓਨਾਂ ਦਾ ਸਾਰਾ ਮਨ ਦਾ ਅਰਥ ਪੂਰਾ ਹੋ ਗਿਆ ਹੈ ਭਾਵ ਜਨਮ ਮਰਨ ਤੋਂ ਬਚ ਗਏ ਹਨ ਹੇ ਭਰਾ ਸੂਰਬੀਰ ਸਤਿਗੁਰਾਂ ਦੇ ਨਾਲ ਮਿਲਕੇ ਓਨਾਂ ਦੇ ਰਿਦੇ ਤੋਂ ਭਰਮ ਦੀ ਵੱਡੀ ਸਾਰੀ ਕੰਧ ਢਹਿ ਪਈ ਹੈ।

ਸਾਰੀਆਂ ਨਿਧੀਆਂ ਦੇ ਦਾਤਾ ਗਰੀਬਾਂ ਦੇ ਦਿਆਲੂ ਗੁਰੂ ਪੂਰਨ ਕਿਸਤਰਾਂ ਮਿਲਦੇਹਨ?ਜਿਸਦੇ ਮੱਥੇ ਉੱਤੇ ਪੂਰਬਲੇ ਜਨਮਾਂ ਦੇ ਪੁੰਨਾਂ ਦੇ ਲੇਖ ਲਿਖਾਇ ਹੁੰਦੇ ਹਨ ਉਸ ਨੂੰ ਮਿਲਦੇ ਹਨ ਜਦੋਂ ਓਹ ਮਿਲਿਆ ਤੇ ਤਾਂ ਕੀ ਨਿਸਚਾ ਹੋਇਆ ਕਿ ਸਾਰੀ ਦੁਨੀਆਂ ਦੇ ਪਹਿਲੇ, ਵਿਚਕਾਰ, ਅਤੇ ਅੰਤ ਨੂੰ ਉਹੋ ਹੀ ਗੁਰੂ ਗੋਪਾਲ ਸੁੰਦਰ ਮਿਲਿਆ ਹੋਇਆ ਹੈ।

ਓਹ ਮਹਾਤਮਾਂ ਸੰਤ, ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਿਆਂ ਸਾਧੂਆਂ ਦੀ ਧੂੜੀ ਦੇ ਹੀ ਵਿੱਚ ਸੁਭਾਵਕ ਸੁਖ ਗਾਹੜਾ ਅਨੰਦ ਮੰਨਦੇ ਹਨ ਗੁਰੂ ਜੀ= ਉਹ ਅਪਣੇ ਮਾਲਕ ਪ੍ਰਮੇਸਰ ਨੂੰ ਮਿਲੇ ਹਨ ਅਤੇ ਓਨਾਂ ਦੇ ਮਨ ਦਾ ਅਰਥ ਪੂਰਾ ਹੋਇਆ ਹੈ।

Digitized by Panjab Digital Library | www.panjabdigilib.org

# ਆਸਾ ਮਹਲਾ ੫ ਛੰਤ ਘਰੁ ੬

## ੧ ਓ ਸਤਿਗੁਰਪ੍ਰਸਾਦਿ ॥

{ਬਹੁਤ ਸਾਰੀਆਂ ਮਸਾਲਾਂ ਵਾਲਾ ਅਪਣੇ ਮਨ ਨੂੰ ਪ੍ਰੀਤੀ ਸਹਿਤ ਉਪਦੇਸ਼ ਹੈ।}

**ਸਲੋਕੁ ॥ ਜਾਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ ॥ ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ ਭੇਟਤ ਸਾਧ ਸੰਗਾਤ ॥ ੧ ॥**

ਜਿਨਾਂ ਉਤੇ ਵਾਹਿਗੁਰੂ ਕਿਰਪਾਲੂ ਹੋਇਆ ਹੈ ਓਹ ਆਦਮੀ ਹਰਿ ਹਰਿ ਜਪਦੇ ਹਨ, ਗੁਰੂ ਜੀ=ਸਾਧ ਸੰਗਤ ਵਿਚ ਮਿਲਕੇ ਓਨਾਂ ਦੀ ਪ੍ਰੀਤੀ ਪ੍ਰਮੇਸਰ ਦੇ ਨਾਲ ਲੱਗੀ ਹੈ।

## ਛੰਤੁ

**ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ ॥ ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਾਹਿ ਟਰੈ ॥ ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ ॥ ਜਹ ਦੂਖੁ ਸੁਣੀਐ ਜਮ ਪੰਥੁ ਭਣੀਐ ਤਹ ਸਾਧ ਸੰਗਿ ਨ ਡਰਪੀਐ ॥ ਕਰਿ ਕੀਰਤਿ ਗੋਬਿੰਦ ਗੁਣੀਐ ਸਗਲ ਪ੍ਰਾਛਤ ਦੁਖ ਹਰੇ ॥ ਕਹੁ ਨਾਨਕ ਛੰਤ ਗੋਵਿੰਦ ਹਰਿ ਕੇ ਮਨ ਹਰਿ ਸਿਉ ਨੇਹੁ ਕਰੇਹੁ ਐਸੀ ਮਨ ਪ੍ਰੀਤਿ ਹਰੇ ॥੧॥**

ਹੇ ਮਨ ਤੂੰ ਪ੍ਰਮੇਸਰ ਨਾਲ ਇੱਕੁਰ ਦੀ ਪ੍ਰੀਤੀ ਕਰ ਜਿਸਤਰਾਂ ਦੀ ਪਾਣੀ ਨਾਲ ਦੁਧ ਦੀ ਪ੍ਰੀਤੀ ਹੈ ਅਬ=ਪਾਣੀ ਅਪਣੇ ਹੁੰਦਿਆਂ ਦੁੱਧ ਨੂੰ ਅਚ=ਸੇਕ, ਾਂ ਤਪਤ, ਅੱਗ ਨਹੀਂ ਲੱਗਣ ਦੇਂਦਾ ਹੈ ਅਬ=ਆਬ, ਪਾਣੀ

Digitized by Panjab Digital Library | www.panjabdigilib.org

ਦਾ ਨਾਮ ਹੈ ਜਾਂ ਹੁਣ ਦਾ ਬੋਧਕ ਹੈ ਭਾਵ ਜੇਕਰ ਕੋਈ ਹੁਣ ਇਸ ਜਨਮ ਵਿਚ ਦੁਖ ਆ ਲੱਗੇ ਤਾਂ ਆਪਣੇ ਕਰਮ ਦਾ ਫਲ ਜਾਣ ਕੇ ਭੋਗੇ ਸਹਾਰੇ ਪ੍ਰਮੇਸਰ ਨੂੰ ਦੋਸ਼ ਨ ਦੇਵੇ ।

ਹੁਣ ਦੂਸਰਾ ਦ੍ਰਿਸ਼ਟਾਂਤ ਹੋਰ ਸੁਣ ਜਿਸਤਰਾਂ ਭੌਰਾ ਕੌਲ ਦੀ ਵਾਸ਼ਨਾ ਵਿਚ ਮਸਤ ਹੋਇਆ ੨ ਇਕ ਛਿਨ ਵੀ ਨਹੀਂ ਟਲਦਾ ਹੈ ਉਸੇ ਵਿਚ ਫਸਿਆ ਰਹਿੰਦਾ ਹੈ ਇੱਕੁਰ ਦੀ ਹਰੀ ਦੇ ਚਰਨਾਂ ਕਮਲਾਂ ਨਾਲ ਪ੍ਰੀਤੀ ਕਰ।

ਇੱਕ ਛਿਨ ਵੀ ਪ੍ਰਮੇਸਰ ਦੀ ਪ੍ਰੀਤੀ ਤੋਂ ਨ ਟਲੀਏ ਸਾਰੇ ਸਿੰਗਾਰ= ਚੰਗੇ ੨ ਕਰਮ ਤੇ ਸਾਰੇ ਮਾਇਆ ਦੇ ਰਸ ਜਾਂ ਪ੍ਰੇਮ ਪ੍ਰਮੇਸਰ ਨੂੰ ਅਰਪਣ ਕਰ ਦੇਈਏ।

ਜਿਸ ਵਿਚ ਬੜੇ ਵੱਡੇ ਦੁੱਖ ਸੁਣੀਦੇ ਹਨ ਓਹ ਜਮ ਦਾ ਰਸਤਾ ਆਖੀਦਾ ਹੈ ਉਸ ਦਾ ਡਰ ਮੰਨ ਕੇ ਭਈ ਇਕ ਦਿਨ ਜਰੂਰ ਰੋਣਾ ਹੈ ਸਾਧਸੰਗਤ ਤੋਂ ਨਹੀਂ ਡਰਨਾ ਚਾਹੀਦਾ ਹੈ ।

ਗੋਬਿੰਦ ਦੇ ਗੁਣਾਂ ਦਾ ਕੀਰਤਨ ਕਰੋ ਏਹੋ ਹਰਤਰਾਂ ਦੇ ਪਾਪਾਂ ਤੇ ਦੁੱਖਾਂ ਨੂੰ ਦੂਰ ਕਰੇਗਾ ।

ਗੁਰੂ ਜੀ=ਹੇ ਮਨ ਗੋਬਿੰਦ ਪ੍ਰਮੇਸਰ ਦੇ ਛੰਤ=ਜਸ ਵਿਚ ਇੱਕੁਰਦਾ ਪ੍ਰੇਮ ਕਰ ਜਿਸਤਰਾਂ ਦਾ ਉਤੇ ਦੱਸਿਆ ਹੈ ਏਹੋ ਜਹੀ ਪ੍ਰੀਤੀ ਜੀਆਂ ਨੂੰ ਹਰੇ=ਅਨੰਦ ਦੇਂਦੀ ਹੈ ਜਾਂ ਹਰਿਆਂ ਰੱਖਦੀ ਹੈ ਜਾਂ ਇੱਕੁਰ ਦੀ ਪ੍ਰੀਤੀ ਕਰ ਜਿਸ ਤਰਾਂ ਦੀ ਅੱਗੇ ਆਖਣੀ ਹੈ ।

**ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ ਮਨ ਐਸਾ ਨੇਹੁ ਕਰੇਹੁ ॥ ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ ॥ ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ ਅਤਿ ਲਾਈਐ ਚਿਤੁ ਮੁਰਾਰੀ ॥ ਮਾਨੁ ਨ ਕੀਜੈ ਸਰਣਿ ਪਰੀਜੈ ਦਰਸਨ ਕਉ ਬਲਿਹਾਰੀ ॥ ਗੁਰ ਸੁ ਪ੍ਰਸੰਨੇ ਮਿਲੁ ਨਾਹ ਵਿਛੁੰਨੇ ਧਨ ਦੇਦੀ ਸਾਚੁ ਸਨੇਹਾ ॥ ਕਹੁ ਨਾਨਕ ਛੰਤ ਅਨੰਤ ਠਾਕੁਰ ਕੇ ਹਰਿ ਸਿਉ ਕੀਜੈ ਨੇਹਾ ਮਨ ਐਸਾ ਨੇਹੁ ਕਰੇਹੁ ॥ ੨ ॥**

ਜਿਸ ਤਰਾਂ ਮੱਛੀ ਪਾਣੀ ਨਾਲ ਪ੍ਰੀਤੀ ਕਰਦੀ ਹੈ ਪਾਣੀ ਤੋਂ ਬਿਨਾਂ ਇਕ ਛਿਨ ਵੀ ਧੀਰਜ ਨਹੀਂ ਧਰਦੀ ਹੈ ਹੇ ਮਨ ਪ੍ਰਮੇਸਰ ਨਾਲ ਇੱਕੁਰ ਦਾ ਪ੍ਰੇਮ ਕਰ ।

Digitized by Panjab Digital Library | www.panjabdigilib.org

ਜਿਸ ਤਰਾਂ ਪਪੀਹੇ ਨੂੰ ਤੇਹ ਲੱਗੀ ਹੋਈ ਹੁੰਦੀ ਹੈ ਇਕ ਛਿਨ ਛਿਨ ਦੇ ਵਿਚ ਸ੍ਵਾਂਤੀ ਬੂੰਦ ਦੇ ਵਾਸਤੇ ਰਵੈ=ਬੋਲਦਾ ਰਹਿੰਦਾ ਹੈ ਕਿ ਸੋਹਣਿਆਂ ਬਦਲਾ ਸ੍ਵਾਂਤੀ ਬੂੰਦ ਨੂੰ ਸੁੱਟ।

ਇਸ ਤਰਾਂ ਪ੍ਰਮੇਸਰ ਨਾਲ ਪ੍ਰੀਤੀ ਕਰੀਏ ਇਸ ਮਨ ਨੂੰ ਅਰਪਣ ਕਰ ਦੇਈਏ ਬਹੁਤ ਹੀ ਅਤਿਸੈ ਕਰਕੇ ਪ੍ਰਮੇਸਰ ਵਿਚ ਚਿਤ ਨੂੰ ਲਾਈਏ।

ਹੰਕਾਰ ਨ ਕਰੀਏ ਸ਼ਰਨ ਵਿਚ ਪਏ ਰਹੀਏ ਦਰਸ਼ਨ ਦੇ ਵਾਸਤੇ ਬਲਿਹਾਰ ਜਾਈਏ।

ਇੱਕੁਰ ਪ੍ਰੇਮ ਕਰਨ ਨਾਲ ਜਦੋਂ ਗੁਰੂ ਪ੍ਰਸੰਨ ਹੋਣਗੇ ਤਾਂ ਧਨ=ਇਸਤ੍ਰੀ ਸੱਚਾ ਸੁਨੇਹਾ ਦੇਣ ਲੈਣ ਭਾਵ ਕਥਾ ਕੀਰਤਨ ਸੁਣਨੇ ਸੁਣਾਵਣੇ ਵਾਲੀ ਨੂੰ ਨਾਹ=ਪਤੀ ਵਿਛੋੜੇ ਹੋਇ ਦੇ ਨਾਲ ਮਿਲਾ ਦੇਣਗੇ।

ਗੁਰੂ ਜੀ=ਇੱਕੁਰ ਬਿਅੰਤ ਮਾਲਕ ਦੇ ਛੰਤ=ਜਸ ਦੇ ਛੰਦ ਉਚਾਰਨ ਕਰੋ ਜਿਸ ਤਰਾਂ ਮੱਛੀ ਤੇ ਪਪੀਹੇ ਨੇ ਪਾਣੀ ਸ੍ਵਾਂਤੀ ਬੂੰਦ ਨਾਲ ਪ੍ਰੇਮ ਕੀਤਾ ਹੈ ਤੁਸੀ ਇੱਕੁਰ ਦਾ ਪ੍ਰਮੇਸਰ ਨਾਲ ਪ੍ਰੇਮ ਕਰੋ।

**ਚਕਵੀ ਸੂਰ ਸਨੇਹੁ ਚਿਤਵੈ ਆਸਘਣੀ ਕਦਿ ਦਿਨੀਅਰੁ ਦੇਖੀਐ ॥ ਕੋਕਿਲ ਅੰਬੁ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ ॥ ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਭਿ ਪਾਹੁਣਿਆ ॥ ਅਬ ਕਿਆ ਰੰਗੁ ਲਾਇਓ ਮੋਹੁ ਰਚਾਇਓ ਨਾਗੇ ਆਵਣ ਜਾਵਣਿਆ॥ ਥਿਰੁ ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹੁ ਜੁ ਕਿਤੀਐ॥ ਕਹੁ ਨਾਨਕ ਛੰਤ ਦਇਆਲ ਪੁਰਖ ਕੇ ਮਨ ਹਰਿ ਲਾਇ ਪਰੀਤਿ ਕਬ ਦਿਨੀਅਰੁ ਦੇਖੀਐ ॥ ੩ ॥**

ਜਿਸਤਰਾਂ ਚਕਵੀ ਦਾ ਸੂਰਜ ਨਾਲ ਪ੍ਰੇਮ ਹੈ ਪ੍ਰੀਤੀ ਕਰਕੇ ਯਾਦ ਕਰਦੀ ਰਹਿੰਦੀ ਹੈ ਬਹੁਤੀ ਆਸਾ ਲੱਗੀ ਰਹਿੰਦੀ ਹੈ ਕਿ ਸੂਰਜ ਨੂੰ ਕਦੋਂ ਵੇਖਾਂ, ਜਿਸ ਤਰਾਂ ਕੋਇਲ ਸੋਹਣੀ ਅੰਬ ਨੂੰ ਵੇਖਕੇ ਜਾਂ ਸੋਹਣੇ ਅੰਬ ਨੂੰ ਵੇਖਕੇ ਚਵੈ=ਬੋਲਦੀ ਹੈ ਹੇ ਮਨ ਇੱਕੁਰ ਪ੍ਰਮੇਸਰ ਨਾਲ ਪ੍ਰੀਤੀ ਕਰੀਏ। ਰੰਗ=ਪ੍ਰੀਤੀ, ਪ੍ਰੇਮ ।

ਹਰੀ ਨਾਲ ਪ੍ਰੀਤੀ ਕਰੀਏ ਤੇ ਹੰਕਾਰ ਨ ਕਰੀਏ ਕਿ ਅਸਾਂ ਪ੍ਰੀਤੀ ਕੀਤੀ ਹੈ ਕਿਉਂਕਿ ਸੰਸਾਰ ਵਿੱਚ ਸਾਰੇ ਆਦਮੀ ਇਕ ਰਾਤ ਦੇ ਪਰਾਹੁਣੇ ਹਨ ਭਾਵ ਥੋੜ੍ਹਾ ਚਿਰ ਰਹਿਣਾ ਹੈ।

Digitized by Panjab Digital Library | www.panjabdigilib.org

ਨੰਗੇ ਆਇ ਹਨ ਨੰਗੇ ਹੀ ਚਲੇ ਜਾਣਗੇ ਹੇ ਮਨ=ਜੀਵ ਸੋ ਹੁਣ ਤੂੰ ਸੱਚੀ ਪ੍ਰੀਤੀ ਨੂੰ ਛੱਡਕੇ ਇਹਨਾਂ ਵਿੱਚ ਕੀ ਪ੍ਰੇਮ ਲਾਇਆ ਹੈ ਮੋਹ ਨਾਲ ਮਨ ਨੂੰ ਪਦਾਰਥਾਂ ਦੇ ਵਿੱਚ ਖੋਭ ਦਿਤਾ ਹੈ।

ਸਾਧੂਆਂ ਦੀ ਸ਼ਰਨ ਇਸਥਤ ਰਹਿਣ ਵਾਲੀ ਹੈ ਇਸ ਲਈ ਉਨਾਂ ਦੀ ਚਰਨੀ ਪਈਏ ਅਤੇ ਹੁਣ ਜੇਹੜਾ ਮੋਹ ਕੀਤਾ ਹੋਇਆ ਹੈ ਸੋ ਇਹ ਸਾਰਾ ਟੁੱਟ ਜਾਵੇਗਾ।

ਗੁਰੂ ਜੀ=ਇਸ ਲਈ ਦਿਆਲੂ ਪ੍ਰਮੇਸਰ ਦੇ ਜਸ ਨੂੰ ਗਾਓ ਅਤੇ ਉਸੇ ਪ੍ਰਮੇਸਰ ਵਿੱਚ ਪ੍ਰੀਤੀ ਨੂੰ ਲਾਓ ਅਤੇ ਇੱਕੁਰ ਬੇਨਤੀ ਕਰੋ ਜੋ ਹੇ ਪ੍ਰਮੇਸਰ ਸਾਨੂੰ ਕਦੋਂ ਸੂਰਜ ਵਰਗਾ ਅਪਣਾ ਚਾਨਣ ਦਿਖਾਓਗੇ।

**ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ ॥ ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ ਇਹੁ ਮਨੁ ਲਾਲ ਦੀਜੈ ॥ ਮਨੁ ਲਾਲਹਿ ਦੀਜੈ ਭੋਗ ਕਰੀਜੈ ਹਭਿ ਖੁਸੀਆ ਰੰਗ ਮਾਣੇ ॥ ਪਿਰੁ ਅਪਣਾ ਪਾਇਆ ਰੰਗੁ ਲਾਲੁ ਬਣਾਇਆ ਅਤਿ ਮਿਲਿਓ ਮਿਤ੍ਰ ਚਿਰਾਣੇ ॥ ਗੁਰ ਥੀਆ ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ॥ਕਹੁ ਨਾਨਕ ਛੰਤ ਦਇਆਲ ਮੋਹਨ ਕੇ ਮਨ ਹਰਿ ਚਰਣ ਗਹੀਜੈ ਐਸੀ ਮਨ ਪ੍ਰੀਤਿ ਕੀਜੈ ॥ ੪ ॥ ੧ ॥ ੪ ॥**

ਜਿਸ ਤਰਾਂ ਰਾਤ ਨੂੰ ਹਰਨ ਘੰਡੇ ਹੇੜੇ ਦਾ ਸ਼ਬਦ ਸੁਣਕੇ ਹੀਉ=ਰਿਦਾ ਉਸੇ ਪਾਸੇ ਲਾ ਦੇਂਦਾ ਹੈ ਹੇ ਮਨ ਇੱਕੁਰ ਦੀ ਪ੍ਰੀਤੀ ਕਰ। ਕੁਰੰਕ=ਹਰਨ। ਨਿਸ=ਰਾਤ। ਡਿਵੈ=ਦੇਂਦਾ। ਜਿਸ ਤਰਾਂ ਤਰੁਣਿ=ਇਸਤ੍ਰੀ ਪਤੀ ਦੇ ਪ੍ਰੇਮ ਵਿੱਚ ਫਸੀ ਹੋਈ ਪਤੀ ਦੀ ਸਿਵੈ=ਸੇਵਾ ਕਰਦੀ ਹੈ ਉਸੇ ਤਰਾਂ ਉਸ ਮਨ ਨੂੰ ਪਿਆਰੇ ਵਾਹਿਗੁਰੂ ਨਾਲ ਲਾਓ ਭਾਵ ਲਾਲ=ਪਿਆਰੇ ਵਾਹਿਗੁਰੂ ਨੂੰ ਮਨ ਦਿਓ।

ਮਨ ਲਾਲ=ਪਿਆਰੇ ਨੂੰ ਦੇ ਦਿਓ ਫਿਰ ਉਸ ਦੇ ਮਿਲਨ ਦੇ ਅਨੰਦ ਨੂੰ ਭੋਗਣਾ ਕਰੋ।ਜਿਸ ਨੇ ਮਨ ਦਿੱਤਾ ਹੈ ਉਸ ਨੇ ਹਰ ਤਰਾਂ ਦੀਆਂ ਖੁਸ਼ੀਆਂ ਦੇ ਅਨੰਦ ਮਾਣੇ ਹਨ ਜਾਂ ਖੁਸ਼ੀਆਂ ਦੇ ਅਨੰਦ ਲੈਂਦੇ ਹਨ।

ਅਪਣਾ ਪਤੀ ਪਾਇਆ ਹੈ ਅਤੇ ਪਿਆਰੇ ਨਾਲ ਪ੍ਰੇਮ ਬਣਾਇਆਹੈ ਅਤਿਸੇ ਕਰਕੇ ਬਹੁਤ ਹੀ ਚਿਰ ਦਾ ਵਿਛੜਿਆ ਹੋਇਆ ਮਿੱਤ੍ਰ ਵਾਹਿਗੁਰੂ

Digitized by Panjab Digital Library | www.panjabdigilib.org

ਮਿਲਿਆ ਹੈ ।

ਜਦੋਂ ਗੁਰੂ ਸਾਖੀ=ਸਿਖਿਆ ਦੇਣ ਵਾਲਾ ਪ੍ਰਗਟ ਹੋਇਆ ਤਾਂ ਪ੍ਰਮੇਸਰ ਨੂੰ ਅੱਖਾਂ ਨਾਲ ਵੇਖਿਆ ਜਿਸ ਪਤੀ ਦੇ ਬਰਾਬਰ ਹੁਣ ਕੋਈ ਦੂਸਰਾ ਨਜ਼ਰ ਨਹੀਂ ਪੈਂਦਾ ਹੈ ।

ਗੁਰੂ ਜੀ=ਦਿਆਲੂ ਮੋਹਨ ਦੇ ਜਸ ਨੂੰ ਉਚਾਰੀਏ ਅਤੇ ਉਸ ਦੇ ਚਰਨਾਂ ਨੂੰ ਫੜੀਏ ਹੇ ਮਨ ਇਕ ਦੀ ਪ੍ਰੀਤੀ ਕਰੀਏ ।

## ਆਸਾ ਮਹਲਾ ੫ ਸਲੋਕੁ ॥

**ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥ ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥੧॥**

ਮੇਰੀ ਅਕਲ ਪਿਆਰੇ ਵਾਹਿਗੁਰੂ ਨੂੰ ਜੰਗਲ ੨ ਵਿੱਚ ਲੱਭਦੀ ਫਿਰਦੀ ਸੀ ਬਹੁਤ ਸਾਰਿਆਂ ਪੁਸਤਕਾਂ ਨੂੰ ਪੜ੍ਹ ਵਿਚਾਰਕੇ ਥੱਕ ਗਈ ਸੀ ਪਰ ਪਤੀ ਨਹੀਂ ਮਿਲਿਆ ਸੀ, ਗੁਰੂ ਜੀ=ਜਦੋਂ ਸਾਧੂ ਮਿਲ ਗਿਆ ਤਾਂ ਪਿਆਰੇ ਨੂੰ ਮਨ ਦੇ ਅੰਦਰ ਹੀ ਪਾ ਲਿਆ ।

## ਛੰਤ ॥

**ਜਾਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ ॥ ਬ੍ਰਹਮੇ ਕੋਟਿ ਅਰਾਧਹਿ ਗਿਆਨੀ ਜਾਪ ਜਪੇ॥ਜਪ ਤਾਪ ਸੰਜਮ ਕਿਰਿਆਪੂਜਾ ਅਨਿਕ ਸੋਧਨ ਬੰਦਨਾ ॥ ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉਨਿਰੰਜਨਾ॥ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ ॥ ਦਇ-ਆਲ ਲਾਲ ਗੋਬਿੰਦ ਨਾਨਕ ਮਿਲੁ ਸਾਧ ਸੰਗਤਿ ਹੋਇ ਗਤੇ ॥ ੧ ॥**

ਜਿਸ ਪ੍ਰਮੇਸਰ ਨੂੰ ਬਹੁਤੇ ਮੁਨੀ ਅਨੇਕਾਂ ਤਪੱਸੀ ਲੱਭਦੇ ਹਨ ਕਰੋੜਾਂ ਬਰਮਾਂ ਯਾਦ ਕਰਦੇ ਹਨ ਤੇ ਗਿਆਨੀ ਜਾਪ ਜਪਦੇ ਹਨ ਭਾਵ ਫਿਰ ਵੀ ਨਹੀਂ ਲੱਭਦਾ ਹੈ ।

ਜਪ ਤਪ ਸੰਜਮ ਕਿਰਿਆ ਪੂਜਾ ਬੰਦਨ ਅਨੇਕ ਤਰਾਂ ਦੇ ਨਾਲ ਕਰਕੇ ਤੇਰਾ ਸੋਧਨ=ਵਿਚਾਰ ਜਾਂ ਲੱਭਣਾ ਕਰਦੇ ਹਨ ਹੇ ਨਿਰੰਜਨ ਪਿਆਰਿਆ ਤੇਰੇ ਮਿਲਨ ਵਾਸਤੇ ਧਰਤੀ ਉੱਤੇ ਫਿਰਦੇ ਹਨ ਤੀਰਥਾਂ ਦੇ

Digitized by Panjab Digital Library | www.panjabdigilib.org

ਸ਼ਨਾਨ ਕਰਦੇ ਹਨ ।

{੧੬ਗਜ ਲੰਮਾਂ ਤਾਗਾ ਨਾਸਾਂ ਵਿਚ ਚੜ੍ਹਾਕੇ ਦੂਸਰੀ ਨਾਸ ਥਾਣੀ ਬਾਹਰ ਕੱਢਣਾ ਉਸਨੂੰ ਨੇਤੀ ਆਖਦੇ ਹਨ।੧੬ਗਜ ਲੰਮਾ ਤੇ ਪਤਲਾ ਕਪੜੇ ਦਾ ਟੁਕੜਾ ਮੂੰਹ ਰਾਹ ਅੰਦਰ ਪਾਕੇ ਅੰਦਰ ਸਾਫ ਕਰਕੇ ਫੇਰ ਮੂੰਹ ਰਾਹ ਬਾਹਰ ਕੱਢਣਾ ਉਸ ਨੂੰ ਧੋਤੀ ਆਖਦੇ ਹਨ। ਬਹੁਤ ਸਾਰਾ ਪਾਣੀ ਪੀਕੇ ਫਿਰ ਓਹੋ ਹੀ ਮੂੰਹ ਰਾਹ ਕੱਢ ਦੇਣਾ ਉਸ ਨੂੰ ਗਜਕਰਮ ਆਖਦੇ ਹਨ। ਮੂੰਹ ਰਾਹ ਪਾਣੀ ਪੀਕੇ ਗੁਦਾ ਰਾਹ ਕੱਢਣਾ ਉਸ ਨੂੰ ਸੰਖ ਪਖਾਲਣਾ ਆਖਦੇ ਹਨ ।}

ਹੇ ਮਾਲਕਾ ਮਨੁੱਖ, ਜੰਗਲ, ਤਿਣ, ਘਾਹ, ਪਸ਼ੂ, ਪੰਛੀ, ਸਾਰੇ ਯਾਦ ਕਰਦੇ ਹਨ, ਗੁਰੂ ਜੀ=ਦਿਆਲ ਲਾਲ ਗੋਬਿੰਦ ਸਾਧ ਸੰਗਤ ਦੁਆਰੇ ਮਿਲਕੇ ਗਤਿ=ਮੁਕਤੀ ਜਾਂ ਸਾਧ ਸੰਗਤ ਮਿਲਕੇ ਤੇਰੀ ਪ੍ਰਾਪਤੀ ਹੁੰਦੀ ਹੈ । ਗਤੇ=ਮੁਕਤੀ ।

**ਕੋਟਿ ਬਿਸਨ ਅਵਤਾਰ ਸੰਕਰ ਜਟਾ ਧਾਰ॥ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ ॥ ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ॥ਸੁਰਸਿਧ ਗਣ ਗੰਧ੍ਰਬ ਧਿਆਵਹਿ ਜਖ ਕਿੰਨਰ ਗੁਣ ਭਨੀ॥ ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈਜੈ ਕਾਰ ॥ ਅਨਾਥ ਨਾਥ ਦਇਆਲ ਨਾਨਕ ਸਾਧ ਸੰਗਤਿ ਮਿਲਿ ਉਧਾਰ॥ ੨ ॥**

ਕਰੋੜਾਂ ੨ ਅਵਤਾਰ ਮੱਛ ਕੱਛ ਆਦਕ ਬਿਸ਼ਨ ਦੇ ਸੀ ਜਟਾਂ ਧਾਰਕੇ ਅਨੇਕਾਂ ਸਿਵਜੀ ਦੇ ਅਵਤਾਰ ਸੀ ਹੇ ਦਿਆਲੂ ਮਨ ਤਨ ਦੀ ਅਪਾਰ ਹੀ ਚਾਹ ਸੀ ਓਹ ਤੇਰੇ ਦਰਸ਼ਨ ਨੂੰ ਚਾਹੁੰਦੇ ਹਨ ।

ਇੱਕੁਰ ਦਾ ਗੋਬਿੰਦ ਮਾਲਕ ਧਨੀ ਅਗੰਮ ਵੱਡਾ ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਹੈ ।

ਜਿਸ ਪ੍ਰਮੇਸਰ ਨੂੰ ਦੇਵਤੇ ਸਿੱਧਾਂ ਦੇ ਟੋਲੇ ਤੇ ਗੰਧਰਬ ਯਾਦ ਕਰਦੇ ਹਨ ਜੱਖ ਤੇ ਕਿੰਨਰ ਸਾਰੇ ਰਾਗੀ ਤੇਰੇ ਗੁਣਾਂ ਨੂੰ ਉਚਾਰਨ ਕਰਦੇ ਹਨ ।

ਹੇ ਮਾਲਕ ਆਪ ਨੂੰ ਜੋੜਾ ਇੰਦ੍ਰ ਅਨੇਕਾਂ ਦੇਵਤੇ ਜੈ ਜੈ ਕਾਰ ਕਰਦੇ ਹੋਇ ਜਪਦੇ ਹਨ ਗੁਰੂ ਜੀ=ਹੇ ਗਰੀਬਾਂ ਦੇ ਮਾਲਕ ਦਿਆਲੂ ਸਾਧ ਸੰਗਤ ਨਾਲ ਮਿਲਕੇ ਉਧਾਰ ਹੁੰਦਾ ਹੈ ।

**ਕੋਟਿ ਦੇਵੀ ਜਾਕਉ ਸੇਵਹਿ ਲਖਿਮੀ ਅਨਿਕ ਭਾਤਿ॥**

Digitized by Panjab Digital Library | www.panjabdigilib.org

# ਗੁਪਤ ਪ੍ਰਗਟ ਜਾਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ ॥ ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ॥ਸਗਲ ਖਾਣੀ ਸਗਲ ਬਾਣੀ ਸਦਾਸਦਾ ਧਿਆਵਏ ॥ ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾਕਉ ਜਪਾਤਿ ॥ ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਤ ਸਾਤਿ ॥ ੩ ॥

ਕਰੋੜਾਂ ਦੇਵੀਆਂ ਤੇ ਲੱਛਮੀਆਂ ਤੇਰੀ ਅਨੇਕਾਂ ਤਰਾਂ ਨਾਲ ਸੇਵਾ ਕਰਦੀਆਂ ਹਨ, ਲੁਕੇ ਰਹਿਣ ਵਾਲੇ, ਪ੍ਰਗਟ ਫਿਰਨ ਵਾਲੇ ਸਿਧ, ਦੇਵਤੇ, ਪੌਣ, ਪਾਣੀ, ਰਾਤ, ਦਿਨ ਉਸ ਪ੍ਰਮੇਸਰ ਦਾ ਅਰਾਧਣਾ ਕਰਦੇ ਹਨ।

ਤਾਰੇ,ਚੰਦ,ਸੂਰਜ ਯਾਦ ਕਰਦੇ ਹਨ ਧਰਤੀ ਅਕਾਸ਼ ਗੁਣ ਗਾਂਦੇ ਹਨ।

ਸਾਰੀਆਂ ਖਾਣੀਆਂ ਸਾਰੀਆਂ ਬਾਣੀਆਂ ਜਾਂ ਅਪਣੀ ੨ ਬਾਣੀ ਸਦਾ ੨ ਧਿਆਉਂਦੇ ਹਨ ਖਾਣੀ=ਚਾਰ ਹਨ ਅੰਡਜ ਆਦਕ। ਬਾਣੀ=ਚਾਰ ਹਨ ਪਰਾ ਬਸੰਤੀ ਆਦਕ।

ਸਿੰਮ੍ਰਤੀਆਂ, ਪੁਰਾਣ, ਚਾਰੇ ਵੇਦ, ਛੇ ਸ਼ਾਸਤ੍ਰ ਜਿਸ ਦੇ ਨਾਮ ਨੂੰ ਜਪਦੇ ਹਨ।

ਗੁਰੂ ਜੀ=ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਿਆ ਭਗਤਾਂ ਦਿਆਂ ਪਿਆਰਿਆ! ਜਦੋਂ ਤੇਰੇ ਨਾਲ ਮਿਲੀਏ ਤਾਂ ਸ਼ਾਂਤੀ ਹੁੰਦੀ ਹੈ ਭਾਵ ਅਪਣੇ ਨਾਲ ਮਿਲਾਓ।

# ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ॥ ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ ॥ ਅਵਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ ॥ ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ ॥ ਵਸਿ ਭਗਤ ਥੀਆ ਮਿਲੇ ਜੀਆ ਤਾਕੀ ਉਪਮਾ ਕਿਤ ਗਨੀ ॥ ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ ॥ ੪ ॥ ੨ ॥ ੫ ॥

ਹੇ ਮਾਲਕਾ ਜਿਤਨੀ ਦੁਨੀਆਂ ਤੂੰ ਮੈਨੂੰ ਦੱਸੀ ਹੈ ਉਤਨੀ ਮੈਂ ਆਖੀ

Digitized by Panjab Digital Library | www.panjabdigilib.org

ਹੈ ਹੋਰ ਜੋ ਮੇਰੇ ਅਣਜਾਣ ਪੁਣੇ ਤੋਂ ਬਾਹਰ ਆਪ ਦੀ ਸੇਵਾ ਕਰਦੀ ਹੈ ਓਹ ਸਾਰੀ ਮੇਰੇ ਪਾਸੋਂ ਨਹੀਂ ਗਿਣੀ ਜਾਂਦੀ ਹੈ ।

ਜਿਸ ਦੀ ਗਤੀ ਜਾਨਣੀ ਬੜੀ ਔਖੀ ਹੈ ਜਿਸ ਦੀ ਗਿਣਤੀ ਨਹੀਂ ਜਾਣੀ ਜਾਂਦੀ ਹੈ ਜਿਸ ਦੀ ਹਾਥ ਨਹੀਂ ਲਈ ਜਾਂਦੀ ਹੈ ਸੋ ਤੂੰ ਮੇਰਾ ਮਾਲਕ ਸਾਰਿਆਂ ਦੇ ਵਿੱਚ ਤੇ ਸਾਰਿਆਂ ਤੋਂ ਬਾਹਰ ਵੀ ਹੈਂ ।

ਸਾਰੇ ਤੇਰੇ ਮੰਗਤੇ ਹਨ ਤੂੰ ਇਕ ਦਾਤਾ ਹੈਂ ਦੂਰ ਨਹੀਂ ਹੈਂ ਸਾਰਿਆਂ ਦੇ ਨਾਲ ਤੇ ਪ੍ਰਗਟ ਹੈਂ ।

ਤੂੰ ਭਗਤੀ ਕਰਨ ਵਾਲਿਆਂ ਦੇ ਵੱਸ ਹੋਇਆ ਹੈਂ ਜੇਹੜੇ ਭਗਤ ਰਿਦੇ ਕਰਕੇ ਤੈਨੂੰ ਮਿਲੇ ਹਨ ਓਨਾਂ ਦੀ ਮਹਿੰਮਾ ਕਿਸ ਤਰਾਂ ਗਿਣੀ ਜਾਵੇ ਭਾਵ ਬਹੁਤ ਹੈ ।

ਗੁਰੂ ਜੀ=ਹੇ ਮਾਲਕਾ ਮੈਂ ਇਹ ਦਾਨ ਤੇ ਆਦਰ ਪਾਵਾਂ ਜੋ ਤੇਰਿਆਂ ਸਾਧਾਂ ਦੇ ਚਰਨਾਂ ਉੱਤੇ ਸਿਰ ਧਾਰਨ ਕਰ ਰੱਖਾਂ ।

## ਆਸਾ ਮਹਲਾ ੫ ਸਲੋਕ ॥

**ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥ ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥ ੧ ॥**

ਹੇ ਵੱਡਿਆਂ ਭਾਗਾਂ ਵਾਲਿਓ ਗੁਰਮੁਖੋ ਇਹ ਉੱਦਮ ਕਰੋ ਜੋ ਹਰਿ ਹਰਿ ਰਾਇ ਦਾ ਸਿਮਰਨ ਕਰੋ ਗੁਰੂ ਜੀ=ਜਿਸ ਦੇ ਸਿਮਰਨ ਨਾਲ ਹਰ ਤਰਾਂ ਦੇ ਸੁਖ ਹੋਣ ਅਤੇ ਦੁੱਖ, ਦਰਿੱਦ੍ਰ, ਭਰਮ ਜਾਂਦੇ ਹਹਿਣ ।

## ਛੰਤੁ ॥

**ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ ਭੇਟਤ ਸਾਧੂ ਸੰਗ ਜਮਪੁਰਿ ਨਹ ਜਾਈਐ ॥ ਦੂਖ ਦਰਦ ਨ ਭਉ ਬਿਆਪੈ ਨਾਮੁ ਸਿਮਰਤ ਸਦ ਸੁਖੀ ॥ ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥ ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ ਕਰਿ ਦਇਆ ਸੇਵਾ ਲਾਈਐ ॥ ਨਾਨਕੁ ਪਇਅੰਪੈ ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ ੧ ॥**

Digitized by Panjab Digital Library | www.panjabdigilib.org

ਹੇ ਭਰਾ ਪ੍ਰਮੇਸਰ ਦਾ ਨਾਮ ਜਪਦਿਆਂ ਹੋਇਆਂ ਆਲਸ ਨਾਂ ਕਰੀਏ, ਸਾਧੂਆਂ ਦੇ ਨਾਲ ਮਿਲੀਏ ਤੇ ਤਾਂ ਜਮ ਪੁਰੀ ਨੂੰ ਨਹੀਂ ਜਾਈਦਾ ਹੈ, ਦੁਖ ਦਰਦ ਡਰ ਨਹੀਂ ਵਿਆਪਦਾ ਹੈ ਨਾਮ ਨੂੰ ਸਿਮਰਦਿਆਂ ਸਦਾ ਸੁਖੀ ਹੋਈਦਾ ਹੈ, ਇਸ ਲਈ ਸਾਸ ਸਾਸ ਉਸ ਮਾਲਕ ਨੂੰ ਯਾਦ ਕਰੋ ਉਸ ਮੁਖੀ=ਸਿਰੋਮਣੀ ਮਾਲਕ ਦੀ ਮਨ ਨਾਲ ਅਰਾਧਣਾ ਕਰੋ।

ਇੱਕੁਰ ਬੇਨਤੀ ਕਰੋ ਕਿ ਹੇ ਕ੍ਰਿਪਾਲੂ ਦਿਆਲੂ ਰਸਾਂ ਦੇ ਘਰ ਗੁਣ ਦੀ ਨਿਧੀ, ਦਯਾ ਕਰਕੇ ਦਾਸ ਨੂੰ ਅਪਣੀ ਸੇਵਾ ਵਿੱਚ ਲਾਈਏ ਗੁਰੂ ਜੀ ਪਇਅੰਪੈ=ਆਖਦੇ ਹਨ, ਜਾਂ ਚਰਨਾਂ ਦੇ ਉਤੇ ਪੈਂਦੇ ਹਨ, ਜਾਂ ਚਰਨਾਂ ਨੂੰ ਜਪਦਿਆਂ ਹੋਇਆਂ ਤੇ ਗੋਬਿੰਦ ਦਾ ਨਾਮ ਜਪਦਿਆਂ ਹੋਇਆਂ ਆਲਸ ਨ ਕਰੀਏ।

**ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ੨ ॥**

ਮਾਇਆ ਤੋਂ ਰਹਿਤ ਪ੍ਰਮੇਸ਼ਰ ਦਾ ਨਾਮ ਪਵਿੱਤ੍ਰ ਹੈ, ਅਤੇ ਪਾਪੀਆਂ ਨੂੰ ਵੀ ਪਵਿੱਤ੍ਰ ਕਰਨ ਵਾਲਾ ਹੈ, ਗੁਰਾਂ ਦਾ ਗਿਆਨ ਰੂਪ ਸੁਰਮਾਂ ਜਿਸ ਦੀਆਂ ਬੁੱਧੀ ਰੂਪ ਅੱਖਾਂ ਵਿੱਚ ਪਿਆ ਹੈ, ਉਸਦਾ ਭਰਮ ਹਨੇਰਾ ਨਾਸ ਹੋ ਗਿਆ ਹੈ।

ਗੁਰੂ ਤੋਂ ਪਾਲਕ ਨਿਰੰਜਨ ਦਾ ਗਿਆਨ ਸੁਰਮਾ ਪਾਕੇ, ਜਲਾਂ ਥਲਾਂ ਧਰਤੀ ਅਕਾਸ਼ ਸਾਰਿਆਂ ਥਾਵਾਂ ਵਿੱਚ ਪੂਰਿਆ ਹੋਇਆ ਪ੍ਰਮੇਸਰ ਨੂੰ ਜਾਣਿਆਂ ਹੈ।

ਜਿਸ ਦੇ ਰਿਦੇ ਵਿੱਚ ਇੱਕ ਵਾਰ ਅੱਖਾਂ ਦਾ ਫਰਕਣ ਜਿਤਨਾਂ ਚਿਰ ਪ੍ਰਮੇਸਰ ਵੱਸਿਆ ਹੈ ਉਸ ਦੇ ਸਾਰੇ ਝੋਰੇ ਮਿਟ ਗਏ ਹਨ।

ਜਿਸ ਮਾਲਕ ਦਾ ਜਾਨਣਾ ਬੜਾ ਔਖਾ ਹੈ ਓਹ ਸਾਰਿਆਂ ਦਾ ਡਰ ਨਾਸ ਕਰਨ ਵਾਲਾ ਹੈ ਗੁਰੂ ਜੀ=ਜਿਸ ਨਿਰੰਜਨ ਦਾ ਨਾਮ ਪਵਿੱਤ੍ਰ ਹੈ ਤੇ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਹੈ ਆਦਮੀ ਉਸ ਦੇ ਚਰਨਾਂ ਦਾ ਜਾਪ ਜਾਂ ਧਿਆਨ ਕਰੇ।

Digitized by Panjab Digital Library | www.panjabdigilib.org

ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥ ਮੋਹਿ ਆਸਰ ਤੁਅ ਚਰਨ ਤੁਮਾਰੀ ਸਰਨਿ ਸਿਧੇ॥ਹਰਿ ਚਰਨ ਕਾਰਨ ਕਰਨ ਸੁਆਮੀ ਪਤਿਤ ਉਧਰਨ ਹਰਿ ਹਰੇ ॥ ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁਤੇਰੇ॥ ਆਦਿ ਅੰਤਿ ਬੇਅੰਤ ਖੋਜਹਿ ਸੁਨੀ ਉਧਰਨ ਸੰਤ ਸੰਗ ਬਿਧੇ ॥ ਨਾਨਕੁ ਪਇਅੰਪੈ ਚਰਨ ਜੰਪੈ ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥ ੩ ॥

ਹੇ ਗੁਪਾਲ ਦਿਆਲ ਕਿਰਪਾ ਦੇ ਖ਼ਜ਼ਾਨੇ ਮੈਂ ਆਪ ਦੀ ਓਟ ਫੜੀ ਹੈ ਮੈਨੂੰ ਤੁਹਾਡੇ ਹੀ ਚਰਨਾਂ ਕਮਲਾਂ ਦਾ ਆਸਰਾ ਹੈ ਅਤੇ ਤੁਹਾਡੀ ਹੀ ਸ਼ਰਨ ਵਿੱਚ ਸਿੱਧੀ ਭਾਵ ਕਰਾਮਾਤ ਹੈ।

ਹੇ ਹਰੀ ਸਾਰਿਆਂ ਕੰਮਾਂ ਦੇ ਕਰਨ ਜੋਗ ਮਾਲਕਾ ਆਪ ਦੇ ਚਰਨ ਕਮਲ ਪਾਪੀਆਂ ਨੂੰ ਉਧਾਰਨ ਵਾਲੇ ਹਨ ।

ਹੇ ਭਵ=ਕਲਿਆਣ ਕਰਨ ਵਾਲਿਆ ਸਾਡਾ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਕਰੋ ਤੇਰਾ ਨਾਮ ਸਿਮਰਕੇ ਬਹੁਤ ਸਾਰੇ ਤਰ ਗਏ ਹਨ ।

ਹੇ ਸਾਰਿਆਂ ਤੋਂ ਪਹਿਲੇ ਦਿਆ ਤੇ ਅੰਤ ਨ ਹੋਣ ਵਾਲਿਆ ਬਿਅੰਤ ਪ੍ਰਮੇਸਰਾ ਤੈਨੂੰ ਬਹੁਤ ਹੀ ਆਦਮੀ ਲੱਭਦੇ ਫਿਰਦੇ ਹਨ ਮੈਂ ਤਾਂ ਸਤਸੰਗਤ ਕਰਨ ਨਾਲ ਉਧਾਰ ਹੋਣ ਦੀ ਰੀਤੀ ਸੁਣੀ ਹੈ ।

ਗੁਰੂ ਜੀ ਪਇਅੰਪੈ=ਆਖਦੇ ਹਨ ਜਾਂ ਪੈਰੀਂ ਪੈਂਦੇ ਹਨ ਅਤੇ ਚਰਨਾਂ ਦਾ ਜਾਪ ਜਪਦੇ ਹਨ ਹੇ ਕਿਰਪਾ ਦੀ ਨਿਧੀ ਗੋਪਾਲ ਤੇਰੀ ਅਸਾਂ ਸ਼ਰਨ ਫੜੀ ਹੈ।

ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ॥ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ ॥ ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ ॥ ਆਨੰਦ ਹਰਿ ਜਸੁ ਮਹਾ ਮੰਗਲ ਸਰਬ ਦੂਖ ਵਿਸਾਰਿਆ ॥ ਚਮਤਕਾਰ ਪ੍ਰਗਾਸੁ ਦਹਦਿਸ ਏਕੁ ਤਹ ਦ੍ਰਿਸਟਾਇਆ ॥ ਨਾਨਕੁ ਪਇਅੰਪੈ ਚਰਣ ਜੰਪੈ ਭਗਤਿ

Digitized by Panjab Digital Library | www.panjabdigilib.org

ਵਛਲੁ ਹਰਿ ਬਿਰਦੁ ਆਪਿ ਬਨਾਇਆ॥ ੪ ॥ ੩ ॥੬ ॥

ਤੁਸਾਂ ਆਪ ਅਪਣਾ ਪ੍ਰਣ ਭਗਤਾਂ ਦਾ ਪਿਆਰਾ ਬਣਾਇਆ ਹੈ ਭਾਵ ਭਗਤਾਂ ਦੀ ਰੱਖਿਆ ਕਰਦੇ ਹੋ ਜਿੱਥੇ ਜਿੱਥੇ ਭਗਤ ਯਾਦ ਕਰਦੇ ਹਨ ਉਥੇ ੨ ਜਾ ਪ੍ਰਗਟ ਹੁੰਦੇ ਹੋ।

ਮਾਲਕ ਨੇ ਅਪਣੇ ਨਾਲ ਮੇਲ ਲਏ ਹਨ ਅਤੇ ਸ਼ਾਂਤੀ ਸੁਭਾਵ ਕਰਕੇ ਭਗਤਾਂ ਦਾ ਸਾਰਾ ਕਾਰਜ ਸਵਾਰਿਆ ਹੈ।

ਭਗਤਾਂ ਨੂੰ ਹਰੀ ਦੇ ਜਸ ਨਾਲ ਵੱਡਾ ਮੰਗਲ ਤੇ ਅਨੰਦ ਹੋਇਆ ਹੈ ਅਤੇ ਹਰਤਰਾਂ ਦੇ ਦੁੱਖਾਂ ਨੂੰ ਭੁਲਾਇਆ ਹੈ ਭਾਵ ਦੁੱਖ ਦੂਰ ਹੋ ਗਏ ਹਨ।

ਗਿਆਨ ਪ੍ਰਕਾਸ਼ ਦੇ ਚਮਤਕਾਰੇ ਕਰਕੇ ਦਸਾਂ ਦਿਸ਼ਾਂ ਵਿਚ ਤੂੰ ਇਕ ਪ੍ਰਮੇਸਰ ਨਜ਼ਰ ਆਇਆ ਹੈਂ।

ਗੁਰੂ ਜੀ ਆਖਦੇ ਹਨ ਤੇਰੇ ਚਰਨਾਂ ਨੂੰ ਜਪਦੇ ਹਨ ਭਗਤਾਂ ਨਾਲ ਪ੍ਰੀਤੀ ਕਰਨੀ ਇਹ ਪ੍ਰਣ ਪ੍ਰਮੇਸਰ ਆਪ ਬਣਾਇਆ ਹੈ।

## ਆਸਾ ਮਹਲਾ ੫ ॥

ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥ ਜਾਕੈ ਗ੍ਰਿਹਿ ਹਰਿ ਨਾਹੁ ਸੁ ਸਦਹੀ ਰਾਵਏ ॥ ਅਵਿਨਾਸੀ ਅਵਿਗਤੁ ਸੋ ਪ੍ਰਭੁ ਸਦਾ ਨਵਤਨੁ ਨਿਰਮਲਾ॥ ਨਹ ਦੂਰਿ ਸਦਾ ਹਦੂਰਿ ਠਾਕੁਰੁ·ਦਹਦਿਸਿ ਪੂਰਨੁ ਸਦ ਸਦਾ ॥ ਪ੍ਰਾਨ ਪਤਿ ਗਤਿ ਮਤਿ ਜਾਤੇ ਪ੍ਰਿਅ ਪ੍ਰੀਤਿ ਪ੍ਰੀਤਮੁ ਭਾਵਏ ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥ ੧ ॥

ਸੰਤਾਂ ਦਾ ਸੁਹਾਗ=ਪਤੀ ਵਾਹਿਗੁਰੂ ਜਾਂ ਅਨੰਦ ਸਦਾ ਥਿਰ ਰਹਿਣਾ ਵਾਲਾ ਹੈ ਨ ਮਰਦਾ ਹੈ ਨ ਕਿਤੇ ਜਾਂਦਾ ਹੈ ਹਰ ਵੇਲੇ ਟਿਕਿਆ ਰਹਿੰਦਾ ਹੈ ਜਿਸ ਦੇ ਰਿਦੇ ਘਰ ਵਿਚ ਪ੍ਰਮੇਸਰ ਪਿਆਰਾ ਹੈ ਓਹ ਸਦਾ ਹੀ ਰੌਂਦਾ ਹੈ ਭਾਵ ਅਨੰਦ ਕਰਦਾ ਹੈ।

ਓਹ ਮਾਲਕ ਸਾਫ ਨਵੇਂ ਸਰੀਰ ਵਾਲਾ ਨ ਮਰਨ ਵਾਲਾ ਜਿਸ ਪਾਸ ਨ ਪੁੱਜਿਆ ਜਾਵੇ ਇੱਕੁਰ ਦੇ ਵਸ਼ੇਸ਼ਣਾਂ ਵਾਲਾ ਹੈ।

ਓਹ ਮਾਲਕ ਦੂਰ ਨਹੀਂ ਹੈ ਸਦਾ ਸਦਾ ਰਹਿਣ ਵਾਲਾ ਦਸਾਂ ਦਿਸ਼ਾਂ ਵੱਲ ਪੂਰਿਆ ਹੋਇਆ ਹੈ।

Digitized by Panjab Digital Library | www.panjabdigilib.org

ਪ੍ਰਾਣਾਂ ਦਾ ਮਾਲਕ ਹੈ ਜਿਸ ਦੀ ਸ਼ਕਤੀ ਨਾਲ ਪ੍ਰਾਣ ਚੱਲਦੇ ਹਨ, ਜਿਸ ਦੀ ਮਰਜਾਦਾ ਜਾਣੀ ਨਹੀਂ ਜਾਂਦੀ ਹੈ ਜਾਂ ਜਿਸ ਪਾਸ ਅਕਲ ਨਾਲ ਜਾਇਆ ਜਾਂਦਾ ਹੈ ਇੱਕੁਰ ਦੇ ਪ੍ਰੀਤਮ ਨੂੰ ਪ੍ਰੀਤੀ ਹੀ ਭਾਂਦੀ ਹੈ।

ਗੁਰੂ ਜੀ ਇੱਕੁਰ ਦੇ ਪ੍ਰਮੇਸਰ ਨੂੰ ਗੁਰੂ ਦੇ ਬਚਨਾਂ ਕਰਕੇ ਜਾਣੀ ਦਾ ਹੈ ਓਨਾਂ ਸੰਤਾਂ ਦਾ ਸੁਹਾਗ ਥਿਰ ਹੈ ਨ ਮਰਦਾ ਹੈ ਨ ਕਿਤੇ ਜਾਂਦਾ ਹੈ।

**ਜਾਕਉ ਰਾਮ ਭਤਾਰੁ ਤਾਕੈ ਅਨਦ ਘਣਾ॥ ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ ॥ ਮਾਣੁ ਮਹਤੁ ਕਲਿਆਣੁ ਹਰਿ ਜਸੁ ਸੰਗਿ ਸੁਰਜਨੁ ਸੋ ਪ੍ਰਭੂ ॥ ਸਰਬ ਸਿਧਿ ਨਵ ਨਿਧਿ ਤਿਤੁ ਗ੍ਰਿਹਿ ਨਹੀ ਊਨਾ ਸਭੁ ਕਛੂ ॥ ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾਕਾ ਬਣਾ ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾਕੋ ਰਾਮੁ ਭਤਾਰੁ ਤਾਕੈ ਅਨਦੁ ਘਣਾ ॥ ੨ ॥**

ਜਿਸਦਾ ਮਾਲਕ ਪ੍ਰਮੇਸਰ ਹੈ ਉਸਨੂੰ ਬੜਾ ਅਨੰਦ ਹੈ ਉਹ ਇਸਤ੍ਰੀ ਸੁਖਾਂ ਵਾਲੀ ਹੈ ਓਸੇ ਦੀ ਸੋਭਾ ਹੈ ਓਸੇ ਦਾ ਜਸ ਪੂਰਾ ਬਣਿਆਂ ਜਾਂ ਉਸਦੀ ਸੋਭਾ ਦਾ ਪ੍ਰਕਾਸ਼ ਪੁੰਨਿਆਂ ਦੇ ਚੰਦ੍ਰਮਾਂ ਵਰਗਾ ਹੈ।

ਓਸੇ ਦਾ ਆਦਰ ਹੈ ਓਸੇ ਦੀ ਮਹੱਤਤਾ ਹੈ ਓਸੇ ਦਾ ਜਸ ਹੈ ਜਿਸਦਾ ਮਾਲਕ ਪ੍ਰਮੇਸਰ ਹਰ ਵੇਲੇ ਨਾਲ ਹੈ ਅਠਾਰਹਾਂ ਸਿਧੀਆਂ ਨੌ ਨਿਧੀਆਂ ਹਰ ਤਰਾਂ ਕਰਕੇ ਉਸਦੇ ਘਰ ਵਿਚ ਪੂਰੀਆਂ ਹੋਈਆਂ ਹਨ ਕਿਸੇ ਵੀ ਤਰਾਂ ਦੀ ਕਮੀ ਨਹੀਂ ਹੈ ਸਭ ਕੁਛ ਮਿਲਿਆ ਹੋਇਆ ਹੈ।

ਉਸਦੀ ਬਾਣੀ ਮਿੱਠੀ ਹੈ, ਪਿਆਰੇ ਨੇ ਮੰਨੀ ਹੈ ਅਤੇ ਉਸਦਾ ਸੁਹਾਗ ਇਸਥਤ ਬਣਿਆਂ ਹੈ।

ਗੁਰੂ ਜੀ ਆਖਦੇ ਹਨ ਉਸਨੂੰ ਗੁਰਾਂ ਦੇ ਬਚਨਾਂ ਕਰਕੇ ਜਾਣੇ ਜਿਸਦਾ ਮਾਲਕ ਪ੍ਰਮੇਸਰ ਹੈ ਉਸਨੂੰ ਬੜਾ ਹੀ ਅਨੰਦ ਹੈ।

**ਆਉ ਸਖੀ ਸੰਤ ਪਾਸ ਸੇਵਾ ਲਾਗੀਐ ॥ ਪੀਸਉ ਚਰਣ ਪਖਾਰਿ ਆਪੁ ਤਿਆਗੀਐ ॥ ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ ॥ ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ ॥ ਕਰਿ ਦਾਸ ਦਾਸੀ ਤਜਿ**

Digitized by Panjab Digital Library | www.panjabdigilib.org

**ਉਦਾਸੀ ਕਰਿ ਜੋੜਿ ਦਿਨੁ ਰੈਣਿ ਜਾਗੀਐ ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥ ੩ ॥**

ਹੇ ਸਖੀ ਆਓ ਇੱਕੁਰ ਦੇ ਚੰਗਿਆਂ ਸੰਤਾਂ ਪਾਸ ਉਨ੍ਹਾਂ ਦੀ ਸੇਵਾ ਵਿਚ ਲੱਗੀਏ ਅਤੇ ਹੰਕਾਰ ਨੂੰ ਛੱਡੀਏ ਅਤੇ ਓਨਾਂ ਦੇ ਚਰਨਾਂ ਨੂੰ ਧੋਈਏ ਅਤੇ ਚੱਕੀ ਵਿਚ ਓਨਾਂ ਲਈ ਦਾਣੇ ਪੀਸੀਏ।

ਹੰਕਾਰ ਛੱਡਣ ਨਾਲ ਸਾਰੇ ਸੰਤਾਪ ਦੂਰ ਹੋ ਜਾਣਗੇ, ਇਸ ਲਈ ਹੰਕਾਰ ਨ ਜਣਾਈਏ ਓਨਾਂ ਸੰਤਾਂ ਦੀ ਸਰਣ ਫੜੀਏ ਜੇਹੜਾ ਆਖਣ ਓਹੋ ਹੀ ਓਨਾਂ ਦਾ ਬਚਨ ਮੰਨ ਲਈਏ ਜੋ ਕੁਛ ਆਗਿਆ ਕਰਨ ਉਸ ਵਿਚ ਸੁਖ ਪਾਈਏ।

ਅਪਣੇ ਆਪ ਨੂੰ ਓਨਾਂ ਸੰਤਾਂ ਦੀਆਂ ਦਾਸੀਆਂ ਦੀ ਦਾਸੀ ਬਣਾਕੇ ਅਤੇ ਉਦਾਸੀ ਛੱਡਕੇ ਹੱਥ ਜੋੜਕੇ ਰਾਤ ਦਿਨ ਓਨਾਂ ਦੀ ਸੇਵਾ ਵਿਚ ਜਾਗੀਏ ਭਾਵ ਆਲਸ ਨ ਕਰੀਏ।

ਗੁਰੂ ਜੀ ਆਖਦੇ ਹਨ ਗੁਰਾਂ ਦੇ ਬਚਨਾਂ ਨਾਲ ਉਸ ਪ੍ਰਮੇਸਰ ਨੂੰ ਜਾਣ ਲਓ ਹੇ ਸਖੀਓ ਆਓ ਸੰਤਾਂ ਦੇ ਪਾਸ ਚੱਲੀਏ ਅਤੇ ਓਨਾਂ ਦੀ ਸੇਵਾ ਵਿਚ ਲੱਗੀਏ।

**ਜਾਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ ਤਾਕੀ ਪੂਰਨ ਆਸ ਜਿਨ੍ ਸਾਧ ਸੰਗੁ ਪਾਇਆ ॥ ਸਾਧ ਸੰਗਿ ਹਰਿਕੈ ਰੰਗਿ ਗੋਬਿੰਦ ਸਿਮਰਣ ਲਾਗਿਆ॥ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ ॥ ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ॥ ਨਾਨਕੁਵਖਾਵੈਗੁਰਬਚਨਿਜਾਣੈਜਾਕੈਮਸਤਕਿ ਭਾਗਿ ਸਿ ਸੇਵਾ ਲਾਇਆ ॥ ੪ ॥ ੪ ॥ ੭ ॥**

ਜਿਸਦੇ ਮੱਥੇ ਉਤੇ ਚੰਗਾ ਭਾਗ ਹੈ ਇੱਕੁਰ ਦੀ ਸੇਵਾ ਵਿਚ ਉਹ ਲਾਇਆ ਹੈ ਜਿਸਨੇ ਸਾਧੂਆਂ ਦਾ ਸੰਗ ਪਾਇਆ ਹੈ ਉਸਦੀ ਸਾਰੀ ਆਸਾ ਪੂਰੀ ਹੋ ਗਈ ਹੈ।

ਸਾਧ ਸੰਗਤ ਕਰਕੇ ਪ੍ਰਮੇਸਰ ਨਾਲ ਪ੍ਰੇਮ ਹੋਇਆ ਹੈ ਪ੍ਰਮੇਸਰ ਦੇ ਪ੍ਰੇਮ ਨਾਲ ਗੋਬਿੰਦ ਦੇ ਸਿਮਰਨ ਵਿਚ ਲੱਗਾ ਹੈ। ਭਰਮ, ਮੋਹ, ਆਦਿਕ ਸਾਰੇ

Digitized by Panjab Digital Library | www.panjabdigilib.org

ਵਿਚਾਰ ਅਤੇ ਦ੍ਵੈਤ ਭਾਵ ਸਾਰੇ ਉਸਨੇ ਛੱਡ ਦਿਤੇ ਹਨ।

ਉਸਦੇ ਮਨ ਵਿਚ ਸ਼ਾਂਤੀ ਸੁਭਾਉ ਸਹਿਜੇ ਹੀ ਵੱਸਿਆ ਹੈ ਅਤੇ ਅਨੰਦ ਦੇਣ ਵਾਲਿਆਂ ਮੰਗਲਾਂ ਗੁਣਾਂ ਨੂੰ ਗਾਇਆ ਹੈ।

ਗੁਰੂ ਜੀ ਆਖਦੇ ਹਨ ਗੁਰਾਂਦੇ ਬਚਨਾਂ ਕਰਕੇ ਆਦਮੀ ਪ੍ਰਮੇਸਰ ਨੂੰ ਜਾਣਦਾ ਹੈ, ਜਿਸਦੇ ਮੱਥੇ ਉਤੇ ਚੰਗਾ ਭਾਵ ਹੈ ਉਹ ਆਦਮੀ ਗੁਰੂ ਜੀਦੀ ਸੇਵਾ ਵਿਚ ਪ੍ਰਮੇਸਰ ਨੇ ਲਾਇਆ ਹੈ।

## ਆਸਾ ਮਹਲਾ ੫ ॥ ਸਲੋਕੁ ॥

**ਹਰਿ ਹਰਿਨਾਮੁ ਜਪੰਤਿਆ ਕਛੁ ਨ ਕਹੈ ਜਮ ਕਾਲੁ ॥ ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੁਪਾਲੁ॥ ੧ ॥**

ਪ੍ਰਮੇਸਰ ਦਾ ਨਾਮ ਜਪਦਿਆਂ ਹੋਇਆਂ ਜਮ ਕਾਲ ਕੁਛ ਨਹੀਂ ਆਖਦਾ ਹੈ ਗੁਰੂ ਜੀ=ਮਨ ਤਨ ਸੁਖੀ ਹੁੰਦਾ ਹੈ ਅਤੇ ਅੰਤ ਨੂੰ ਪ੍ਰਮੇਸਰ ਮਿਲਦਾ ਹੈ।

## ਛੰਤ ॥

**ਮਿਲਉ ਸੰਤਨ ਕੈ ਸੰਗਿਮੋਹਿਉਧਾਰਿਲੇਹੁ ॥ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ ॥ ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ ਦਇਆ॥ ਕਤਹੂੰ ਨਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ ॥ ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ ॥ ਕਰਿ ਜੋੜ ਨਾਨਕੁ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ ॥ ॥ ੧ ॥**

ਹੇ ਪ੍ਰਮੇਸਰਾ ਮੈਂ ਮਿਤ੍ਰਾਂ ਦੇ ਨਾਲ ਮਿਲਦਾ ਹਾਂ ਤੂੰ ਮੈਨੂੰ ਸੰਸਾਰ ਸਮੁੰਦ੍ਰ ਵਿਚੋਂ ਕੱਢ ਲੈ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਮੈਨੂੰ ਹਰਿ ਹਰਿ ਨਾਮ ਸਿਮਰਨਾ ਦੇਹ।

ਹੇ ਮਾਲਕ ਜੀ ਤੁਸੀ ਇੱਕੁਰ ਦੀ ਕਿਰਪਾ ਕਰੋ ਜੋ ਮੈਂ ਆਪ ਦੇ ਚਰਣਾਂ ਵਿੱਚ ਲੱਗਾ ਰਹਾਂ ਅਤੇ ਤੇਰਾ ਹਰਿ ਨਾਮ ਮੰਗਦਾ ਰਹਾਂ ਤੇ ਹੰਕਾਰ ਛੱਡ ਦਿਆਂ।

ਹੇ ਕਿਰਪਾ ਸਰੂਪ ਮਾਲਕ ਜੀ ਇੱਕੁਰ ਦੀ ਕਿਰਪਾ ਕਰੋ ਜੋ ਮੈਂ

Digitized by Panjab Digital Library | www.panjabdigilib.org

ਤੁਹਾਡੀ ਸ਼ਰਣ ਪਵਾਂ ਫਿਰ ਕਦੀ ਕਿਤੇ ਨ ਦੌੜਾਂ ਭਾਵ ਮਨ ਨੂੰ ਟਿਕਾ ਲਵਾਂ।

ਹੇ ਅਪਾਰ ਨਿਰਮਲ ਸਮਰਥ ਕਥੇ ਨ ਜਾਣ ਵਾਲੇ ਮਾਲਕ ਜੀ ਮੇਰੀ ਇਹ ਬੇਨਤੀ ਸੁਣੋ।

ਮੈਂ ਨਾਨਕ ਹੱਥ ਜੋੜ ਕੇ ਇਹ ਦਾਨ ਮੰਗਦਾ ਹਾਂ ਕਿ ਮੇਰਾ ਜਨਮ ਮਰਨ ਦੂਰ ਕਰ ਲਓ।

**ਅਪਰਾਧੀ ਮਤਿ ਹੀਨੁ ਨਿਰਗੁਨੁ ਅਨਾਥੁ ਨੀਚੁ ॥ ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ ॥ ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥ ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ ॥ ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ ॥ ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ ॥ ੨ ॥**

ਮੈਂ ਅਪਰਾਧਾਂ ਦਾ ਭਰਿਆ ਹੋਇਆ ਥੋੜੀ ਅਕਲ ਵਾਲਾ, ਗੁਣਾਂ ਤੋਂ ਰਹਿਤ ਜਿਸ ਦਾ ਕੋਈ ਦੂਸਰਾ ਮਾਲਕ ਨਹੀਂ ਹੈ ਤੇ ਸੁਭਾਵ ਦਾ ਬੜਾ ਨੀਚ ਹਾਂ ਤੇ ਮੈਂ ਬੜਾ ਮੂਰਖ ਹਾਂ ਦਿਲ ਦਾ ਕਰੜਾ ਹਾਂ ਕੁਲ ਵੀ ਛੋਟੀ ਹੈ ਮੋਹ ਰੂਪ ਚਿੱਕੜ ਵਿਚ ਫਸਿਆ ਹੋਇਆ ਹਾਂ।

ਭਰਮ ਕਰਕੇ ਹੰਗਤਾ ਮਮਤਾ ਨਾਲ ਮਲ=ਪਾਪ ਰੂਪ ਮੈਲੇ ਕੰਮ ਕਰਦਾ ਹਾਂ ਅਤੇ ਮੈਨੂੰ ਮਰਣਾ ਯਾਦ ਨਹੀਂ ਆਉਂਦਾ ਹੈ, ਮੇਰਾ ਮਨ ਅਗਿਆਨਤਾ ਕਰਕੇ ਬਨਿਤਾ=ਇਸਤ੍ਰੀ ਦੇ ਬਿਨੋਦ=ਹਾਸ ਬਿਲਾਸ ਦੇ ਤਮਾਸ਼ਿਆਂ ਤੇ ਮਾਇਆ ਦੇ ਅਨੰਦ ਵਿੱਚ ਚੰਬੜਿਆ ਹੋਇਆ ਹੈ।

ਜੋਬਨ ਖਿਸਕਦਾ ਜਾਂਦਾ ਹੈ ਬੁਢੇਪਾ ਵਧਦਾ ਆਉਂਦਾ ਹੈ ਮੌਤ ਨਾਲ ਹੀ ਖੜੋਤੀ ਦਿਨੇ ਦੇਖਦੀ ਹੈ।

ਗੁਰੂ ਜੀ ਆਖਦੇ ਹਨ ਮੈਨੂੰ ਇਕ ਤੇਰੀ ਹੀ ਆਸਾ ਹੈ ਮੈਨੂੰ ਦਾਸ ਨੂੰ ਸਾਧੂਆਂ ਦੀ ਸ਼ਰਨ ਵਿਚ ਰੱਖ।

**ਭਰਮੇ ਜਨਮ ਅਨੇਕ ਸੰਕਟ ਮਹਾਜੋਨ ॥ ਲਪਟਿ ਰਹਿਓ ਤਿਹ ਸੰਗਿ ਮੀਠੇ ਭੋਗ ਸੋਨ ॥ ਭ੍ਰਮਤ ਭਾਰ ਅਗਨਤ ਆਇਓ ਬਹੁ ਪਰਦੇਸਹ ਧਾਇਓ ॥ ਅਬ ਓਟ**

Digitized by Panjab Digital Library | www.panjabdigilib.org

**ਧਾਰੀ ਪ੍ਰਭ ਮੁਰਾਰੀ ਸਰਬ ਸੁਖ ਹਰਿ ਨਾਇਓ॥ ਰਾਖਨ-ਹਾਰੇ ਪ੍ਰਭ ਪਿਆਰੇ ਮੁਝ ਤੇ ਕਛੂ ਨ ਹੋਆ ਹੋਨ ॥ ਸੂਖ ਸਹਜ ਆਨੰਦ ਨਾਨਕ ਕ੍ਰਿਪਾ ਤੇਰੀ ਤਰੈ ਭਉਨ ॥ ੩ ॥**

ਸੰਸਾਰੀ ਜੀਵ ਅਨੇਕਾਂ ਜਨਮਾਂ ਵਿੱਚ ਭੌਂਦੇ ਫਿਰੇ ਹਨ ਅਤੇ ਉਨ੍ਹਾਂ ਨੇ ਜੂਨੀਆਂ ਵਿੱਚ ਬੜੇ ੨ ਦੁਖ ਪਾਏ ਹਨ ਸੋਨ=ਸੋਨੇ ਆਦਿਕ ਪਦਾਰਥ ਮਿੱਠੇ ਮੰਨ ਕੇ ਉਨਾਂ ਦੇ ਨਾਲ ਚੰਬੜੇ ਹੋਇ ਹਨ ਜਾਂ ਸੋਨ=ਓਹ ਭੋਗ ਮਿੱਠੇ ਨਹੀਂ ਹਨ।

ਅਨਗਿਣਤ ਜੂਨੀਆਂ ਵਿੱਚ ਭੌਂਦਾ ਆਇਆ ਹਾਂ ਜਾਂ ਭਾਰ=ਬਹੁਤ ਸਾਰਾ ਜੂਨੀਆਂ ਦਾ ਅਜੇ ਵੀ ਸਿਰ ਤੇ ਹੈ ਭਾਵੇਂ ਬਹੁਤ ਹੀ ਭੌਂਦਾ ਆਇਆ ਹਾਂ ਅਤੇ ਬਹੁਤ ਹੀ ਪ੍ਰਦੇਸ ਭਾਵ ਚੁਰਾਸੀ ਲੱਖ ਜੂਨੀਆਂ ਵਿੱਚ ਦੌੜ ਕੇ ਆਇਆ ਹਾਂ ਹੁਣ ਮੈਂ ਮਨੁੱਖ ਸਰੀਰ ਪਾਇਆ ਹੈ। ਹੇ ਮੁਰਾਰੀ ਸਾਰੇ ਸੁਖ ਦੇਣ ਵਾਲਿਆ ਮੈਂ ਹੁਣ ਤੇਰੇ ਨਾਮ ਦੀ ਓਟ ਲਈ ਹੈ।

ਹੇ ਰੱਖਿਆ ਕਰਨ ਵਾਲਿਆ ਪਿਆਰਿਆ ਮਾਲਕਾ ਨ ਕੋਈ ਚੰਗਾ ਕਰਮ ਮੇਰੇ ਪਾਸੋਂ ਹੋਇਆ ਹੈ ਨ ਹੋਵੇਗਾ ਗੁਰੂ ਜੀ ਸ਼ਾਂਤੀ ਸੁਖ ਅਨੰਦ ਤੇਰੀ ਕਿਰਪਾ ਨਾਲ ਹੀ ਮਿਲੇਗਾ ਅਤੇ ਪਹਿਲੋ ਵੀ ਤੇਰੀ ਹੀ ਕਿਰਪਾ ਨਾਲ ਭੋਲੇ ਭਾਵ ਲੋਕਾਂ ਦੇ ਲੋਕ ਤਰੇ ਹਨ ਜਾਂ ਭਉਣ=ਸੰਸਾਰ ਤੋਂ ਆਦਮੀ ਤਰ ਜਾਂਦਾ ਹੈ।

**ਨਾਮ ਧਾਰੀਕ ਉਧਾਰੇ ਭਗਤਹ ਸੰਸਾ ਕਉਨ ॥ ਜੇਨ ਕੇਨ ਪਰਕਾਰੇ ਹਰਿ ਹਰਿ ਜਸੁ ਸੁਨਹੁ ਸ੍ਰਵਨ। ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ ਨਿਧਾਨਾ ਪਾਵਹੇ॥ ਹਰਿ ਰੰਗ ਰਾਤੇ ਪ੍ਰਭ ਬਿਧਾਤੇ ਰਾਮਕੇ ਗੁਣ ਗਾਵਹੇ ॥ ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥ ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਨ ਸਰਨ ॥ ੪ ॥ ੫ ॥ ੮ ॥**

ਮਾਲਕ ਨੇ ਪਖੰਡੀ ਭਗਤ ਵੀ ਉਧਾਰ ਦਿੱਤੇ ਹਨ, ਫਿਰ ਭਗਤਾਂ ਦੇ ਦਿਲ ਵਿਚ ਸੰਸਾ ਕਿਸ ਗਲ ਦਾ ਹੈ, ਜਾਂ ਕੀ ਹੈ ?

ਇਸ ਲਈ ਹੇ ਭਰਾ ਤੂੰ ਜਿਸ ਕਿਸ ਤਰਾਂ ਹੋ ਸਕਦਾ ਹੋਵੇ ਪ੍ਰਮੇਸਰ ਦਾ ਜਸ ਕੰਨਾਂ ਨਾਲ ਸੁਣਿਆਂ ਕਰ।

Digitized by Panjab Digital Library | www.panjabdigilib.org

ਜਿਸ ਬਾਣੀ ਨੂੰ ਗਿਆਨੀਆਂ ਆਦਮੀਆਂ ਪਾਸੋਂ ਸੁਣਕੇ ਆਦਮੀ ਨਾਮ ਰੂਪ ਖਜ਼ਾਨਾ ਪਾਂਦਾ ਹੈ।

ਜੇਹੜੇ ਮਾਲਕ ਕਰਮਾਂ ਦਾ ਨਿਬੇੜਾ ਕਰਨ ਵਾਲੇ ਦੇ ਪ੍ਰੇਮ ਵਿਚ ਮਸਤ ਹੋਇ ਹਨ ਓਹੋ ਹੀ ਆਦਮੀ ਪ੍ਰਮੇਸਰ ਦੇ ਗੁਣ ਗਾਂਦੇ ਹਨ।

ਸਾਰੀ ਧਰਤੀ ਕਾਗ਼ਜ਼ ਅਤੇ ਸਾਰੀ ਸਬਜੀ ਰੁਖ ਬਾਗ ਖੇਤੀਆਂ ਆਦਕ ਕਲਮਾਂ ਹੋਣ ਅਤੇ ਉਤੋਂ ਅਧਿਆਹਾਰ ਸਮੁੰਦਰ ਰੂਪ ਸ਼ਾਹੀ ਦਾ ਕਰ ਲੈਣਾ ਅਤੇ ਜੇ ਪੌਣ ਦੇਵਤਾ ਛੇਤੀ ੨ ਲਿਖਣ ਵਾਲਾ ਹੋਵੇ, ਤਾਂ ਵੀ ਬਿਅੰਤ ਦਾ ਅੰਤ ਨਹੀਂ ਪਾਇਆ ਜਾਂਦਾ ਹੈ, ਗੁਰੂ ਜੀ=ਇਸ ਲਈ ਅਸਾਂ ਪ੍ਰਮੇਸਰ ਦੇ ਚਰਨਾਂ ਦੀ ਸ਼ਰਨ ਫੜੀ ਹੈ।

## ਆਸਾ ਮਹਲਾ ੫ ॥

**ਪੁਰਖਪਤੇ ਭਗਵਾਨ ਤਾਕੀ ਸਰਨਿ ਗਹੀ॥ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ ॥ ਮਾਤ ਪਿਤਾ ਸੁਤਮੀਤ ਸੁਰਿ ਜਨ ਇਸਟਬੰਧਪਜਾਣਿਆ ॥ ਗਹਿ ਕੰਠਿਲਾਇਆ ਗੁਰ ਮਿਲਾਇਆ ਜਸੁ ਬਿਮਲ ਸੰਤ ਵਖਾਣਿਆ ॥ ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੂ ਨ ਜਾਇ ਕਹੀ ॥ ਪ੍ਰਭ ਏਕ ਅਨਿਕ ਅਲਖ ਠਾਕੁਰ ਓਟ ਨਾਨਕ ਤਿਸੁ ਗਹੀ ॥ ੧ ॥**

ਜੇਹੜਾ ਭਗਵਾਨ ਸਾਰਿਆਂ ਆਦਮੀਆਂ ਦਾ ਪਤੇ=ਮਾਲਕ ਹੈ ਮੈਂ ਉਸ ਦੀ ਸ਼ਰਨ ਫੜੀ ਹੈ ਹੁਣ ਮੇਰੇ ਪ੍ਰਾਣ ਡਰ ਤੋਂ ਰਹਿਤ ਹੋ ਗਏ ਹਨ ਅਤੇ ਚਿੰਤਾ ਵੀ ਸਾਰੀ ਲੱਥ ਗਈ ਹੈ।

ਇਕ ਪ੍ਰਮੇਸਰ ਨੂੰ ਹੀ ਮਾਂ, ਪਿਓ, ਪੁੱਤ, ਮਿੱਤ੍ਰ ਸੁਰਜਨ=ਚੰਗੇ ਰਿਦੇ ਵਾਲਾ ਮਿੱਤ੍ਰ ਜਾਂ ਵੱਡਾ ਮਿੱਤ੍ਰ ਇਸ਼ਟ=ਪਿਆਰਾ ਬੰਧਪ=ਭਰਾ ਜਾਣਿਆਂ ਹੈ।

ਜਦੋਂ ਸੰਤਾਂ ਦੀ ਕਿਰਪਾ ਨਾਲ ਪ੍ਰਮੇਸਰ ਦਾ ਨਿਰਮਲ ਜਸ ਮੈਂ ਉਚਾਰਿਆ ਤਾਂ ਗੁਰਾਂ ਦਾ ਮਿਲਾਇਆ ਹੋਇਆ ਪ੍ਰਮੇਸਰ ਨੇ ਫੜ ਕੇ ਮੈਨੂੰ ਅਪਣੇ ਗਲ ਨਾਲ ਲਾਇਆ ਹੈ।

ਜਿਸ ਦੇ ਗੁਣ ਬਿਅੰਤ ਹਨ ਅਨੇਕਾਂ ਵੱਡੇ ੨ ਲੋਕ ਜਿਸ ਦੀ ਮਹਿਮਾ ਕਰਦੇ ਹਨ ਤਾਂ ਵੀ ਕੀਮਤ ਕੁਛ ਨਹੀਂ ਆਖੀ ਜਾਂਦੀ ਹੈ।

ਗੁਰੂ ਜੀ=ਜੇਹੜਾ ਮਾਲਕ ਇੱਕ ਹੈ ਅਤੇ ਫਿਰ ਅਨੇਕ ਹੈ ਭਾਵ

Digitized by Panjab Digital Library | www.panjabdigilib.org

ਨਿਰਗੁਣ ਸਰਗੁਣ ਸਾਰੇ ਰੂਪ ਹੈ ਇੱਕੁਰ ਦਾ ਜੇਹੜਾ ਨ ਵੇਖਿਆ ਜਾਣ ਵਾਲਾ ਮਾਲਕ ਹੈ ਮੈਂ ਉਸ ਦੀ ਓਟ ਫੜੀ ਹੈ ।

**ਅੰਮ੍ਰਿਤ ਬਨੁ ਸੰਸਾਰੁ ਸਹਾਈ ਆਪਿ ਭਏ ॥ ਰਾਮ ਨਾਮੁ ਉਰਹਾਰੁ ਬਿਖੁ ਕੇ ਦਿਵਸ ਗਏ ॥ ਗਤੁ ਭਰਮ ਮੋਹ ਬਿਕਾਰ ਬਿਨਸੇ ਜੋਨਿ ਆਵਣ ਸਭ ਰਹੇ ॥ ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ ਗੋਵਿੰਦ ਗੁਪਾਲ ਦਇਆਲ ਸੰਮ੍ਰਿਥ ਬੋਲਿ ਸਾਧੂ ਹਰਿ ਜੈ ਜਏ॥ ਨਾਨਕ ਨਾਮੁ ਧਿਆਇ ਪੂਰਨ ਸਾਧ ਸੰਗਿ ਪਾਈ ਪਰਮ-ਗਤੇ ॥ ੨ ॥**

ਜਦੋਂ ਪ੍ਰਮੇਸਰ ਆਪ ਸਹਾਈ ਹੋਇਆ ਤਾਂ ਸੰਸਾਰ ਅੰਮ੍ਰਿਤ ਬਨ= ਪਾਣੀ ਰੂਪ ਹੋਗਿਆ ਜਾਂ ਸੰਸਾਰ ਜੰਗਲ ਵਿਚ ਨਾਮ ਅੰਮ੍ਰਿਤ ਸਹਾਈਹੋਇਆ ਰਿਦੇ ਵਿਚ ਰਾਮ ਦਾ ਨਾਮ ਹਾਰ ਪਾਇਆ ਜੇਹੜਾ ਸੰਸਾਰ ਵਿਹੁ ਰੂਪ ਸੀ ਉਸ ਦੇ ਸਾਰੇ ਮਾੜੇ ਦਿਨ ਚਲੇ ਗਏ ਭਾਵ ਜਨਮ ਮਰਨ ਤੋਂ ਰਹਿਤ ਹੋਏ ਹਾਂ ਤੇ ਉਸ ਨੂੰ ਸਦਾ ਜਪਦੇ ਹਾਂ ।

ਭਰਮ ਗਤ=ਨਾਸ ਹੋ ਗਏ ਹਨ ਅਤੇ ਮੋਹ ਆਦਕ ਹਰਤਰਾਂ ਦੇ ਸਾਰੇ ਵਿਕਾਰ ਵੀ ਨਾਸ ਹੋ ਗਏ ਹਨ ਅਤੇ ਸਾਰੀਆਂ ਜੂਨੀਆਂ ਦੇ ਆਉਂਣ ਜਾਣ ਤੋਂ ਰਹਿ ਚੁੱਕੇ ਭਾਵ ਛੁੱਟ ਗਏ ਹਾਂ, ਸੰਸਾਰ ਅੱਗ ਦੇ ਸਮੁੰਦਰ ਵਿਚ ਅਸੀਂ ਸੀਤਲ ਹੋ ਗਏ ਹਾਂ ਤੇ ਸੰਤਾਂ ਦਾ ਪੱਲਾ ਭਾਵ ਆਸਰਾ ਫੜਕੇ ਖੜੇ ਰਹੇ ਹਾਂ, ਇਸ ਲਈ ਹੇ ਭਰਾਓ ਗੋਬਿੰਦ ਗੋਪਾਲ ਸਮਰਥ ਦਿਆਲੂ ਦੀ ਜੈ ਜੈਕਾਰ ਬੋਲੋ ਅਤੇ ਪ੍ਰਮੇਸਰ ਦੇ ਸੰਤਾਂ ਦੀ ਜੈ ਜੈ ਬੋਲੋ ।

ਗੁਰੂ ਜੀ=ਸਾਧੂਆਂ ਦੇ ਸੰਗ ਕਰਕੇ ਪੂਰਨ ਪ੍ਰਮੇਸਰ ਦਾ ਧਿਆਨ ਕਰਕੇ ਅਸਾਂ ਵੱਡੀ ਮੁਕਤੀ ਪਾਈ ਹੈ ।

**ਜਹ ਦੇਖਉ ਤਹ ਸੰਗਿ ਏਕੋ ਰਵਿ ਰਹਿਆ ॥ ਘਟ ਘਟ ਵਾਸੀ ਆਪਿ ਵਿਰਲੈ ਕਿਨੈ ਲਹਿਆ॥ ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤ ਸਮਾਨਿਆ ॥ ਆਦਿ ਅੰਤੇ ਮਧਿ ਸੋਈ ਗੁਰਪ੍ਰਸਾਦੀ ਜਾਨਿਆ ॥ ਬ੍ਰਹਮੁ ਪਸਰਿਆ ਬ੍ਰਹਮ ਲੀਲਾ ਗੋਵਿੰਦ ਗੁਣ ਨਿਧਿ ਜਨਿ**

Digitized by Panjab Digital Library | www.panjabdigilib.org

ਕਹਿਆ ॥ ਸਿਮਰਿ ਸੁਆਮੀ ਅੰਤਰਜਾਮੀ ਹਰਿ ਏਕੁ ਨਾਨਕ ਰਵਿ ਰਹਿਆ ॥ ੩ ॥

ਹੁਣ ਮੈਂ ਜਿੱਥੇ ਵੇਖਦਾ ਹਾਂ ਓਥੇ ਹੀ ਸਾਰਿਆਂ ਦੇ ਨਾਲ ਪ੍ਰਮੇਸਰ ਮਿਲਿਆ ਹੋਇਆ ਹੈ, ਪਰ ਸਾਰਿਆਂ ਘਟਾਂ ਘਟਾਂ ਵਿੱਚ ਵੱਸਦਾ ਹੈ, ਪਰ ਕਿਸੇ ਵਿਰਲੇ ਨੇ ਹੀ ਉਸ ਨੂੰ ਅਪਣਾਂ ਰੂਪ ਕਰਕੇ ਜਾਣਿਆਂ ਹੈ।

ਜਲਾਂ ਥਲਾਂ ਧਰਤੀ ਅਕਾਸ਼ ਵਿੱਚ ਪੂਰਨ ਹੋਕੇ ਪੂਰਿਆ ਹੋਇਆ ਭਾਵ ਮਿਲਿਆ ਹੋਇਆ ਹੈ ਕੀੜੀ ਤੋਂ ਲੈਕੇ ਹਾਥੀ ਤਕ ਦੇ ਵਿੱਚ ਮਿਲਿਆ ਹੋਇਆ ਹੈ।

ਜੇਹੜਾ ਜਗਤ ਦੇ ਆਦਿ, ਵਿਚਕਾਰ, ਤੇ ਅੰਤ ਤੂੰ ਹੈਂ ਉਹ ਮੈਂ ਗੁਰਾਂ ਦੀ ਕਿਰਪਾ ਨਾਲ ਜਾਣਿਆਂ ਹੈ ਸੰਤਾਂ ਨੇ ਇਹ ਆਖਿਆ ਹੈ ਜੇਹੜਾ ਬ੍ਰਹਮਾਂ ਗੋਬਿੰਦ ਗੁਣਾ ਦੀ ਨਿਧੀ ਹੈ ਓਹੋ ਹੀ ਸਾਰਿਆਂ ਵਿੱਚ ਪਸਰਿਆ ਹੋਇਆ ਹੈ ਅਤੇ ਇਹ ਸੰਸਾਰ ਸਾਰਾ ਓਸੇ ਦੀ ਲੀਲਾ=ਖੇਡ ਹੈ।

ਗੁਰੂ ਜੀ=ਜੇਹੜਾ ਸਾਰਿਆਂ ਦੇ ਵਿੱਚ ਮਿਲਿਆ ਹੋਇਆ ਹੈ ਇਕੁਰ ਦੇ ਇਕ ਪ੍ਰਮੇਸਰ ਅੰਤਰਜਾਮੀ ਮਾਲਕ ਨੂੰ ਸਿਮਰਨ ਕਰਦੇ ਹਾਂ।

ਦਿਨੁ ਰੈਣਿ ਸੁਹਾਵੜੀ ਆਈ ਸਿਮਰਤ ਨਾਮੁ ਹਰੇ ॥ ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ ॥ ਦੂਖ ਭੂਖ ਦਾਰਿਦ੍ਰ ਨਾਠੇ ਪ੍ਰਗਟੁ ਮਗੁ ਦਿਖਾਇਆ ॥ ਮਿਲਿ ਸਾਧ ਸੰਗੇ ਨਾਮ ਰੰਗੇ ਮਨਿ ਲੋੜੀਦਾ ਪਾਇਆ ॥ ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸਬੂਹਾ ਸਭਿ ਤਰੇ ॥ ਦਿਨਸੁ ਰੈਣਿ ਅਨੰਦ ਅਨਦਿਨੁ ਸਿਮਰਤ ਨਾਨਕ ਹਰਿ ਹਰੇ ॥ ੪ ॥ ੬ ॥ ੯ ॥

ਹੁਣ ਦਿਨ ਤੇ ਰਾਤ ਸੋਭਾ ਵਾਲੀ ਸੋਹਣੀ ੨ ਆਈ ਹੈ ਰਾਮ ਨੂੰ ਯਾਦ ਕਰਦੇ ਹੋਇ ਹਰੇ=ਅਨੰਦ ਹੋਏ ਹਾਂ, ਚਰਨਾਂ ਕਮਲਾਂ ਦੇ ਨਾਲ ਪ੍ਰੀਤੀ ਕਰਨ ਨਾਲ ਛੋਟੇ ਵੱਡੇ ਪਾਪ ਸਾਰੇ ਹੀ ਦੂਰ ਹੋ ਗਏ ਹਨ।

ਦੁਖ ਭੁਖ ਸਾਰੇ ਦੂਰ ਹੋ ਗਏ ਹਨ ਗੁਰਾਂ ਨੇ ਪ੍ਰਗਟ ਹੀ ਸਿੱਧਾ ਰਸਤਾ ਵਿਖਾਇਆ ਹੈ ਸਾਧੂਆਂ ਦੇ ਨਾਲ ਮਿਲਕੇ ਜਦੋਂ ਸਾਰੇ ਇੰਦ੍ਰੇ ਮਨ ਬੁਧ ਆਦਕ ਨਾਮ ਵਿਚ ਰੰਗੇ ਭਾਵ ਪ੍ਰੇਮ ਨਾਲ ਮਨ ਭਾਂਦਾ ਫਲ ਪਾਇਆ।

ਪ੍ਰਮੇਸਰ ਦਾ ਦਰਸ਼ਨ ਕਰਕੇ ਸਾਰੀਆਂ ਲੋੜਾਂ ਪੂਰੀਆਂ ਹੋ ਗਈਆਂ

Digitized by Panjab Digital Library | www.panjabdigilib.org

ਸਾਰਿਆਂ ਲੋਕਾਂ ਦੇ ਟੋਲੇ ਸਾਰੀਆਂ ਕੁਲਾਂ ਦੇ ਲੋਕ ਭਾਵ ਨਾਨਕੇ ਦਾਦਕੇ ਆਦਕ ਸਾਰੇ ਹੀ ਤਰ ਗਏ ।

ਗੁਰੂ ਜੀ=ਹਰਿਆਂ ਕਰਨ ਵਾਲੇ ਮਾਲਕ ਦਾ ਸਿਮਰਨ ਕਰਦਿਆਂ ਹੋਇਆਂ ਹੁਣ ਦਿਨ ਰਾਤ ਲਗਾਤਾਰ ਅਨੰਦ ਕਰਦੇ ਹਾਂ ।

## ਆਸਾ ਮਹਲਾ ੫ ਛੰਤ ਘਰੁ ੭

## ੧ ਓ ਸਤਿਗੁਰਪ੍ਰਸਾਦਿ ॥

### ਸਲੋਕੁ ॥

**ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ॥ ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥ ੧ ॥**

ਚੰਗੇ ਰਿਦੇ ਨਾਲ ਪ੍ਰਮੇਸਰ ਨੂੰ ਯਾਦ ਕਰਾਂ ਅਤੇ ਬਾਣੀ ਨਾਲ ਪ੍ਰਮੇਸਰ ਦਾ ਨਾਮ ਰਮਣ=ਬੋਲਾਂ, ਸਰੀਰ ਕਰਕੇ ਸੰਤਾਂ ਦਾ ਸੰਗ ਕਰਾਂ ਇੱਕੁਰ ਨਿਰਮਲ ਹੋਵਾਂ ਹੇ ਮਾਲਕਾ ਮੇਰੇ ਉੱਤੇ ਇੱਕੁਰ ਦੀ ਕਿਰਪਾ ਕਰ ਕਿ ਮੈਨੂੰ ਇਕ ਘੜੀ ਵੀ ਤੇਰਾ ਨਾਮ ਨ ਭੁੱਲੇ ਭਾਵ ਹਰ ਸਮੇਂ ਜਪਦਾ ਰਹਾਂ।

### ਛੰਤੁ ॥

**ਭਿੰਨੀ ਰੈਨੜੀਐ ਚਾਮਕਨਿ ਤਾਰੇ ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥ ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥ ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥ ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥ ੧ ॥**

ਮੇਰੇ ਰਾਮ ਪਿਆਰੇ ਪ੍ਰਗਟ ਹੀ ਭਿੰਨੀ ਹੋਈ ਰਾਤ ਜਿਸ ਵਿੱਚ ਤਾਰੇ ਚਮਕਦੇ ਹਨ ਸੰਤ ਜਾਗਦੇ ਰਹਿੰਦੇ ਹਨ ਜਾਂ ਉਮਰ ਰੂਪ ਰਾਤ ਪ੍ਰੇਮ ਵਿਚ ਭਿੱਜੀ ਹੋਈ ਹੈ ਅਤੇ ਚੰਗੇ ਗੁਣ ਤਾਰੇ ਚਮਕਦੇ ਹਨ ਅਤੇ ਮਨੁੱਖ ਜਨਮ ਵਿੱਚ ਅਗਯਾਨ ਨੀਂਦ ਤੋਂ ਜਾਗਦੇ ਹਾਂ ।

Digitized by Panjab Digital Library | www.panjabdigilib.org

ਰਾਮ ਦੇ ਪਿਆਰੇ ਸਦਾ ਹੀ ਜਾਗਦੇ ਹਨ ਰਾਤ ਦਿਨ ਨਾਮ ਦਾ ਸਿਮਰਨਕਰਦੇ ਹਨ ਓਨਾਂ ਦੇ ਰਿਦੇ ਵਿਚ ਚਰਨਾਂ ਕਮਲਾਂ ਦਾ ਧਿਆਨ ਹੈ ਇਕ ਛਿਨ ਭਰ ਭੀ ਮਾਲਕ ਓਨਾਂ ਨੂੰ ਨਹੀਂ ਭੁਲਦਾ ਹੈ।

ਹੰਕਾਰ ਮੋਹ ਤੇ ਹੋਰ ਵੀ ਜੇਹੜਾ ਮਨ ਦਾ ਵਿਕਾਰ ਸੀ ਸੋ ਓਹ ਸਾਰਾ ਹੀ ਛੱਡ ਦਿਤਾ ਹੈ ਸਾਰਿਆਂ ਪਾਪਾਂ ਦੇ ਵੈਰ ਤੇ ਦੁਖਾਂ ਨੂੰ ਸਾੜ ਦਿਤਾ ਹੈ।

ਪ੍ਰਮੇਸਰ ਦੇ ਦਾਸ ਸੰਤ ਪਿਆਰੇ ਦੇ ਸਿਮਰਨ ਵਿਚ ਸਦਾ ਹੀ ਜਾਗਦੇ ਹਨ ਫਿਰ ਗੁਰੂ ਜੀ ਸੱਚ ਆਖਦੇ ਹਨ।

**ਮੇਰੀ ਸੇਜੜੀਐ ਆਡੰਬਰੁ ਬਣਿਆ ॥ ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ ॥ ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲਰਸ ਭਰੇ ॥ ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ ॥ ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ ॥ ਬਿਨਵੰਤਿ ਨਾਨਕ ਮਿਲੇ ਸ੍ਰੀ ਧਰ ਸਗਲ ਆਨੰਦ ਰਸੁ ਬਣਿਆ ॥ ੨ ॥**

ਜਦੋਂ ਮੇਰੀ ਅੰਤਸ਼ਕਰਨ ਰੂਪ ਸੇਜਾ ਉਤੇ ਪ੍ਰਮੇਸਰ ਦੇ ਆਉਣ ਦਾ ਅਡੰਬਰ=ਬਣਾ ਬਣਿਆਂ ਭਾਵ ਅਰੰਭ ਹੋਇਆ ਪਤੀ ਨੇ ਸਾਰਾ ਸਮਾਨ ਸੁਖ ਦਾ ਲੈ ਆਂਦਾ ਤਾਂ ਮਾਲਕ ਦਾ ਆਉਣਾ ਸੁਣ ਕੇ ਮਨ ਵਿਚ ਬੜਾ ਅਨੰਦ ਹੋਇਆ।

ਜਦੋਂ ਪ੍ਰਗਟ ਹੋ ਕੇ ਮਾਲਕ ਜੀ ਸੁਖਾਂ ਦੇ ਦੇਨ ਵਾਲੇ ਗਾਮੀ=ਆ ਮਿਲੇ ਜਾਂ ਸਾਡੀ ਸੁਖਾਂ ਦੇ ਵਿਚ ਗੰਮਤਾ ਹੋਈ ਅਸੀਂ ਸਦਾ ਸੁਖੀ ਹੋਇ,ਜਦੋਂ ਮਾਲਕ ਜੀ ਆਕੇ ਮਿਲੇ ਤਾਂ ਉਸ ਵੇਲੇ ਅਸੀਂ ਚਾ=ਉਤਸ਼ਾਹ ਮੰਗਲ= ਅਨੰਦ ਤੇ ਪ੍ਰੇਮ ਨਾਲ ਭਰ ਗਏ।

ਜਦੋਂ ਮੇਰੇ ਰਿਦੇ ਦੇ ਨਾਲ ਮਾਲਕ ਜੀ ਲੱਗੇ ਤਾਂ ਸਾਰੇ ਦੁਖ ਦੂਰ ਹੋ ਗਏ ਮਨ ਤਨ ਪ੍ਰਾਣ ਸਾਰੇ ਮੇਰੇ ਹਰੇ ਹੋ ਗਏ ਭਾਵ ਸਫਲੇ ਜਾਂ ਅਨੰਦ ਖੁਸ਼ੀ ਵਾਲੇ ਹੋ ਗਏ।

ਜੇਹੜਾ ਸਤਿਗੁਰਾਂ ਦਾ ਮਿਲਾਪ ਹੈ ਮਾਲਕ ਨੂੰ ਯਾਦ ਕਰਕੇ ਜੇਹੜਾ ਮਨ ਵਿਚ ਚਾ ਸੀ ਓਹ ਮੈਨੂੰ ਮਿਲ ਗਿਆ ਹੈ ਏਹੋ ਹੀ ਚੰਗਾ ਸਾਹਾ= ਲਗਣ ਗਣਿਆਂ ਗਿਆ ਹੈ ਭਾਵ ਮਾਲਕ ਨੂੰ ਯਾਦ ਕਰਕੇ ਮੈਂ ਸਾਰੀ ਇਛਿਆ ਪੂਰੀ ਪਾਈ ਹੈ ਗੁਰਾਂ ਦੇ ਮੇਲ ਕਰਕੇ ਸਾਰਾ ਲਗਣ ਚੰਗਾ

Digitized by Panjab Digital Library | www.panjabdigilib.org

ਗਿਣਿਆਂ ਹੈ ਗੁਰੂ ਜੀ ਆਖਦੇ ਹਨ ਜਦੋਂ ਸ਼ਕਤੀ ਲੱਛਮੀ ਨੂੰ ਆਸਰਾ ਦੇਣ ਵਾਲੇ ਪ੍ਰਮੇਸਰ ਜੀ ਮੈਨੂੰ ਆ ਮਿਲੇ ਤਾਂ ਸਾਰਿਆਂ ਅਨੰਦ ਦਾ ਰਸ ਭਾਵ ਆਤਮ ਅਨੰਦ ਮਿਲ ਗਿਆ।

**ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ॥ ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ॥ ਗੁਣਗੂੜ ਗੁਪਤ ਅਪਾਰ ਕਰਤੇ ਨਿਗਮੁ ਅੰਤੁ ਨ ਪਾਵਹੇ॥ ਭਗਤਿ ਭਾਇ ਧਿਆਇ ਸੁਆਮੀ ਸਦਾ ਹਰਿ ਗੁਣ ਗਾਵਹੇ॥ ਸਗਲ ਗੁਣ ਸੁ ਗਿਆਨ ਪੂਰਨ ਆਪਣੇ ਪ੍ਰਭ ਭਾਣੀ॥ ਬਿਨਵੰਤਿ ਨਾਨਕ ਰੰਗਿ ਰਾਤੀ ਪ੍ਰੇਮ ਸਹਜਿ ਸਮਾਣੀ॥੩॥**

ਸਿੱਖ ਸਖੀਆਂ ਮਿਲ ਕੇ ਪੁਛਦੀਆਂ ਹਨ ਕਿ ਤੈਨੂੰ ਪਤੀ ਦਾ ਦਰਸ਼ਨ ਹੋਇਆ ਹੈ ਹੁਣ ਤੂੰ ਉਸ ਸੁਖ ਦੀਆਂ ਨਿਸ਼ਾਨੀਆਂ ਸਾਨੂੰ ਦੱਸ? ਤਾਂ ਜਿਸ ਨੂੰ ਪ੍ਰਮੇਸ਼ਰ ਦਾ ਦਰਸ਼ਨ ਹੋਇਆ ਹੈ ਓਹ ਪ੍ਰੇਮ ਰਸ ਵਿਚ ਭਰੀ ਹੋਈ ਕੁਛ ਬੋਲਣਾ ਨਹੀਂ ਜਾਣਦੀ ਹੈ ਭਾਵ ਓਹ ਅਨੰਦ ਮੂੰਹ ਨਾਲ ਦਸਿਆ ਨਹੀਂ ਜਾਂਦਾ ਹੈ।

ਇਹ ਕੇਹੜੇ ਅਪਾਰ ਕਰਤੇ ਦੇ ਗੁਣ ਛੁਪੇ ਹੋਇ ਗੂੜ=ਗੁੱਝ ਜਾਂ ਬਹੁਤ ਸਾਰੇ ਹਨ ਓਨਾਂ ਦਾ ਅੰਤ ਨਿਗਮ=ਵੇਦਾਂ ਦਾ ਕਰਤਾ ਵੀ ਨਹੀਂ ਪਾ ਸਕਦਾਹੈ।

ਪ੍ਰੇਮਾ ਭਗਤੀ ਕਰਕੇ ਮਾਲਕ ਨੂੰ ਯਾਦ ਕਰੋ ਅਤੇ ਹਰ ਵੇਲੇ ਉਸਦੇ ਗੁਣਾਂ ਨੂੰ ਗਾਓ।

ਜੇਹੜੀ ਸਖੀ ਆਪਣੇ ਮਾਲਕ ਨੂੰ ਚੰਗੀ ਲੱਗੀ ਹੈ ਓਹ ਬੜੀ ਉਤਮ ਭਾਵ ਆਤਮ ਗਿਆਨ ਅਤੇ ਸਾਰਿਆਂ ਗੁਣਾਂ ਨਾਲ ਭਰੀ ਹੋਈ ਹੈ।

ਆਖਦੇ ਹਨ ਗੁਰੂ ਜੀ ਜੇਹੜੀ ਇਕੁਰ ਪ੍ਰੇਮ ਨਾਲ ਸ਼ਾਂਤੀ ਵਿਚ ਸਮਾਈ ਹੈ ਓਹ ਅਨੰਦ ਵਿਚ ਰੱਤੀ ਰਹਿੰਦੀ ਹੈ।

**ਸੁਖ ਸੋਹਿਲੜੇ ਹਰਿ ਗਾਵਣ ਲਾਗੇ॥ ਸਾਜਨ ਸਰਸਿਅੜੇ ਦੁਖ ਦੁਸਮਨ ਭਾਗੇ॥ ਸੁਖ ਸਹਜ ਸਰਸੇ ਹਰਿ ਨਾਮਿ ਰਹਸੇ ਪ੍ਰਭਿ ਆਪਿ ਕਿਰਪਾ ਧਾਰੀਆ॥ ਹਰਿ ਚਰਣ ਲਾਗੇ ਸਦਾ ਜਾਗੇ ਮਿਲੇ ਪ੍ਰਭ ਬਨਵਾਰੀਆ॥ ਸੁਭ ਦਵਸ ਆਏ ਸਹਜਿ ਪਾਏ ਸਗਲ ਨਿਧਿ ਪ੍ਰਭ ਪਾਗੇ॥**

Digitized by Panjab Digital Library | www.panjabdigilib.org

ਬਿਨਵੰਤਿ ਨਾਨਕ ਸਰਣਿ ਸੁਆਮੀ ਸਦਾ ਹਰਿ ਜਨ ਤਾਗੇ ॥ ੪ ॥ ੧ ॥ ੧੦ ॥

ਜਦੋ ਤੋਂ ਪ੍ਰਮੇਸਰ ਨੂੰ ਗੌਣ ਲੱਗੇ ਹਾਂ ਤਦੋਂ ਤੋਂ ਹੀ ਸੁਖ ਤੇ ਮੰਗਲ ਅਨੰਦ ਕਰਦੇ ਹਾਂ ਸਾਰੇ ਸੱਜਣ ਭਾਵ ਮਨ ਆਦਕ ਇੰਦ੍ਰੇ ਅਨੰਦ ਰਸ ਦੇ ਸਹਿਤ ਹੋਇਹਨ ਅਤੇ ਦੁਸ਼ਮਨ ਦੂਤ ਦੁਸ਼ਟਭਾਵ ਮਾੜੇ ਔਗੁਣ ਦੌੜਗਏਹਨ।

ਸਹਿਜੇ ਹੀ ਬਹੁਤ ਸਾਰਾ ਸੁਖ ਹੋਇਆ ਹੈ ਪ੍ਰਮੇਸ਼ਰ ਦੇ ਨਾਮ ਵਿੱਚ ਸਾਰੇ ਇੰਦ੍ਰੇ ਮਨ ਆਦਕ ਸਹਿਤ ਰਸ ਦੇ ਭਾਵ ਪ੍ਰੇਮ ਅਨੰਦ ਵਾਲੇ ਹੋ ਗਏ ਹਨ ਭਾਵ ਬਹੁਤ ਖੁਸ਼ੀ ਹੋਇ ਹਨ ਇਹ ਮਾਲਕ ਨੇ ਆਪ ਕਿਰਪਾ ਧਾਰਨ ਕੀਤੀ ਹੈ।

ਹਰੀ ਦੇ ਚਰਨਾਂ ਵਿੱਚ ਲੱਗੇ ਹਾਂ ਸਦਾ ਹੀ ਜਾਗਦੇ ਰਹਿੰਦੇ ਹਾਂ ਅਤੇ ਸੰਸਾਰ ਬਾਗ ਦੇ ਮਾਲੀ ਨੂੰ ਮਿਲ ਪਏ ਹਾਂ।

ਚੰਗੇ ਦਿਨ ਆ ਗਏ ਹਨ ਸ਼ਾਂਤੀ ਆਦਕ ਗੁਣ ਪਾ ਲਏ ਹਨ ਸਾਰੀਆਂ ਨਿਧੀਆਂ ਦਾ ਰੂਪ ਜੇਹੜਾ ਪ੍ਰਮੇਸਰ ਹੈ ਉਸ ਵਿੱਚ ਪਾਗੇ=ਮਿਲ ਗਏ ਹਾਂ ਭਾਵ ਮਨ ਨਾਲ ਮਿਲ ਗਏ ਹਾਂ ਗੁਰੂ ਜੀ ਆਖਦੇ ਹਨ ਮਾਲਕ ਦੀ ਸ਼ਰਨ ਕਰਕੇ ਹਰ ਵੇਲੇ ਹਰ ਜਨ=ਹਰੀ ਦੇ ਦਾਸ ਤਾਗੇ=ਤੱਗ=ਪੰਡਤ ਭਾਵ ਗਿਆਨੀ ਹੋ ਗਏ ਹਨ ਜਾਂ ਜੀਆਂ ਮਣਕਿਆਂ ਵਿੱਚ ਹਰੀ ਨੂੰ ਧਾਗੇ ਵਰਗਾ ਮਿਲਿਆਂ ਵੇਖਦੇ ਹਨ ਜਾਂ ਤਾਗੇ=ਇਸਥਤ ਹੋ ਗਏ ਹਨ।

## ਆਸਾ ਮਹਲਾ ੫ ॥

ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥ ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥ ਕੂੜੇ ਲੁਭਾਇਆ ਧੋਹੁ ਮਾਇਆ ਕਰਹਿ ਪਾਪ ਅਮਿਤਿਆ ॥ ਤਨ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ ॥ ਮਾਲੁ ਜੋਬਨੁ ਛੋਡਿ ਵੈਸੀ ਰਹਿਓ ਪੈਨਣੁ ਖਾਇਆ ॥ ਨਾਨਕ ਕਮਾਣਾ ਸੰਗਿ ਜੁਲਿਆ ਨਹ ਜਾਇ ਕਿਰਤੁ ਮਿਟਾਇਆ ॥੧॥

ਹੇ ਜੀਵਾ ਰਾਹੀਆ ਉੱਠ ਜਾਗ ਵੰਞ=ਜਾਹ ਤੁਰ ਕੇ ਸਤ ਸੰਗ ਵਿੱਚ ਤੂੰ ਕੀ ਚਿਰ ਲਾਇਆ ਹੈ ਜਾਂ ਕਿਉਂ ਚਿਰ ਲਾਇਆ ਹੈ ਜਾਂ ਵੰਞ=ਹੋ ਤੁਰ, ਮਰ ਜਾਣ ਵਾਲਿਆ ਰਾਹੀਆ ਤੂੰ ਭਜਨ ਕਰਨ ਵਿੱਚ ਕਿਉਂ ਚਿਰ

ਲਾਇਆ ਹੈ ਤੇਰੀ ਮੁਹਲਤ ਪੁੱਜ ਗਈ ਹੈ ਤੂੰ ਝੂਠ ਵਿਚ ਕੀ ਲੋਭਾਇਆ ਹੋਇਆ ਹੈਂ।

ਝੂਠ ਵਿਚ ਲੋਭਾਇਆ ਹੋਇਆ ਮਾਇਆ ਦੇ ਛਲਾਂ ਵਿਚ ਲੱਗਾ ਹੋਇਆ ਤੂੰ ਬਹੁਤ ਸਾਰੇ ਮਰਜਾਦਾ ਜਾਂ ਮਿਣਤੀ ਤੋਂ ਬਿਨਾ ਪਾਪ ਕਰਦਾ ਹੈਂ ਅਮਿਤ=ਬਹੁਤ। ਇਕ ਦਿਨ ਤੇਰੇ ਸਰੀਰ ਦੀ ਸੁਆਹ ਦੀ ਢੇਰੀ ਬਣ ਜਾਣੀ ਹੈ ਤੇਰੀ ਉਮਰ ਨੂੰ ਜਮ ਵੇਖਦਾ ਹੈ ਕਾਲ ਵਿਚਾਰੇ ਨੇ ਤੈਨੂੰ ਜਿੱਤ ਲੈਣਾ ਹੈ ਹੇਰੀ=ਵੇਖੀ ਜਾਂ ਸ਼ਿਕਾਰੀ। ਬਪੜੇ=ਵਿਚਾਰੇ ਜਮ ਜਾਂ ਹੇ ਜੀਵ ਵਿਚਾਰੇ ਭਾਵ ਗਰੀਬ। ਜਿਤਿਆ=ਜਿੱਤ ਲਿਆ।

ਮਾਲ, ਧਨ, ਜੋਬਨ ਸਭ ਕੁਛ ਛੱਡ ਕੇ ਚਲਿਆ ਜਾਵੇਗਾ, ਪਹਨਣਾ, ਖਾਣਾ, ਸਾਰਾ ਏਥੇ ਹੀ ਰਹਿ ਜਾਵੇਗਾ ਗੁਰੂ ਜੀ ਆਖਦੇ ਹਨ ਹੇ ਜੀਆ ਜੇਹੜਾ ਤੂੰ ਕਰਮ ਕੀਤਾ ਹੈ ਉਹ ਤੇਰੇ ਨਾਲ ਚਲਿਆ ਜਾਵੇਗਾ ਕਿਰਤ= ਕੀਤਾ ਹੋਇਆ ਕੰਮ ਮਿਟਾਇਆ ਨਹੀਂ ਜਾਂਦਾ ਹੈ। ਚੁਲਿਆ=ਗਿਆ ਜਾਂ ਜਾਣਾ।

**ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ॥ ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ॥ ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ॥ ਹਰਿ ਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ॥ ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ॥ ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ॥੨॥**

ਜਿਸਤ੍ਰਾਂ ਘੰਡੇਹੇੜੇ ਦਾ ਅਵਾਜ ਸੁਣਕੇਤੇ ਚੰਦਦੀਚਾਨਣੀ ਰਾਤਨੂੰ ਵੇਖਕੇ ਹਰਨ ਫਸ ਜਾਂਦਾ ਹੈ ਇੱਕੁਰ ਹੀ ਵਿਸ਼ਿਆਂ ਦੇ ਪ੍ਰਕਾਸ਼ ਵਾਲੀ ਜੋਬਨ ਰੂਪ ਰਾਤ ਵਿੱਚ ਵਿਸ਼ਈ ਆਦਮੀ ਹਰਨ, ਇਸਤ੍ਰੀਆਂ ਦੇ ਸ਼ਬਦਾਂਨੂੰਸੁਣਕੇਫਸ ਫਸ ਜਾਂਦੇ ਹਨ ਰੋਜ ੨ ਪਾਪ ਕਰਨ ਨਾਲ ਜੇਹੜੇ ਸੁਖ ਸੀ ਓਹ ਵੀ ਦੁਖ ਰੂਪ ਹੋ ਗਏ ਹਨ।

ਜੇਹੜੇ ਬਹੁਤ ਸਾਰੇ ਪਾਪ ਕੀਤੇ ਸਨ ਓਨਾਂ ਕਰਕੇ ਜਮਦੂਤ ਛੱਡਦੇ ਨਹੀਂ ਹਨ ਅਤੇ ਗਲ ਵਿੱਚ ਸੰਗਲਾਂ ਰੱਸਿਆਂ ਨੂੰ ਪਾਕੇ ਲੈ ਚੱਲਦੇ ਹਨ ਤੂੰ ਅਕਾਸ਼ ਦੀ ਝੂਠੀ ਨਗਰੀ ਭਾਵ ਬਣੌਟੀ ਦੁਨੀਆਂ ਨੂੰ ਵੇਖਕੇ ਭੁੱਲ ਗਿਆ ਹੈਂ ਅਤੇ ਝੂਠੀ ਸੇਜਾ ਉੱਤੇ ਰਮਣ ਕਰਦਾ ਹੈਂ ਭਾਵ ਦਿਲ ਵਿੱਚ ਝੂਠ ਨੂੰ

Digitized by Panjab Digital Library | www.panjabdigilib.org

ਬੋਲਿਆ ਤੇ ਰੱਖਿਆ ਹੈ।

ਬਹੁਤ ਸਾਰਾ ਲੋਭ ਤੇ ਦੇਹ ਦੇ ਹੰਕਾਰ ਕਰਕੇ ਤੂੰ ਮੱਤਾ ਹੋਇਆ ਹੈਂ ਤੇ ਗੁਣਾਂ ਦੇ ਹੰਕਾਰ ਵਿੱਚ ਮਿਲਿਆ ਹੋਇਆ ਹੈਂ ਗੁਰੂ ਜੀ ਆਖਦੇ ਹਨ ਹਰਨ ਵਰਗਾ ਆਦਮੀ ਬੇਸਮਝੀ ਕਰਕੇ ਮਰਦਾ ਹੈ ਅਤੇ ਆਉਣਾ ਜਾਣਾ ਦੂਰ ਨਹੀਂ ਹੁੰਦਾ ਹੈ।

**ਮਿਠੈ ਮਖੁ ਮੁਆ ਕਿਉ ਲਏ ਉਡਾਰੀ ॥ ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ ॥ ਤਰਣੁ ਦੁਹੇਲਾ ਕੂਇਆ ਖਿਨ ਮਹਿ ਖਸਮੁ ਚਿਤਿ ਨ ਆਇਓ ॥ ਦੂਖਾ ਸਜਾਈ ਗਣਤ ਨਾਹੀ ਕੀਆ ਅਪਣਾ ਪਾਇਓ ॥ ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ ॥ ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ ॥ ੩ ॥**

ਜਿੱਕੁਰ ਮਿੱਠੇ ਦੇ ਸੁਆਦ ਵਿਚ ਮੱਖੀਆਂ ਦਾ ਸਾਰਾ ਟੋਲਾ ਮਰ ਗਿਆ ਹੈ ਹੁਣ ਕਿਸ ਤਰਾਂ ਉਡਾਰੀ ਲੈ ਸਕਦਾ ਹੈ ਇੱਕੁਰ ਹੀ ਆਦਮੀ ਵਿਸ਼ਿਆਂ ਵਿਚ ਫਸਿਆ ਕਿਸਤਰਾਂ ਬਾਹਰ ਜਾਵੇ ਜੇਹੜਾ ਹਾਥੀ ਟੋਇ ਵਿਚ ਡਿੱਗ ਪਿਆ ਹੈ ਓਹ ਕਿਸ ਤਰਾਂ ਤਾਰੀ ਤਰੇ ਇੱਕੁਰ ਹੀ ਆਦਮੀ ਮੋਹ ਟੋਏ ਵਿਚ ਡਿੱਗਾ ਹੈ ਸੰਸਾਰ ਨਦੀ ਤੋਂ ਕਿਕੁਰ ਤਰੇਗਾ।

ਇਕੁਰ ਜਿਸਦੇ ਮਾਲਕ ਇਕ ਛਿਨ ਵਿਚ ਵੀ ਸਿਮਰਨ ਵਿਚ ਨਹੀਂ ਆਇਆ ਹੈ ਉਸਦਾ ਸੰਸਾਰ ਸਮੁੰਦਰ ਤੋਂ ਤਰਨਾ ਬੜਾ ਔਖਾ ਹੈ ਜੇਹੜੀ ਉਸ ਨੂੰ ਸਜਾਇ ਕਰਕੇ ਦੁੱਖਾਂ ਦੀ ਗਿਣਤੀ ਨਹੀਂ ਹੈ ਉਸਨੇ ਆਪਣਾ ਕੀਤਾ ਆਪੇ ਹੀ ਪਾਇਆ ਹੈ।

ਜੇਹੜਾ ਆਪ ਉਸਨੇ ਲੁਕ ਕੇ ਕੀਤਾ ਸੀ ਓਹ ਸਾਰੇ ਸੰਸਾਰ ਵਿਚ ਪ੍ਰਗਟ ਹੋਗਿਆ ਏਧਰ ਓਧਰ ਦੋਹਾਂ ਲੋਕਾਂ ਵਿਚ ਬੜੀ ਖੁਆਰੀ ਹੋਈ ਭਾਵ ਜੀਵ ਬੜਾ ਖਰਾਬ ਹੋਇਆ ਗੁਰੂ ਜੀ ਆਖਦੇ ਹਨ ਮਨਮੁਖ ਹੰਕਾਰੀ ਸਤਿ-ਗੁਰਾਂ ਤੋਂ ਬਿਨਾ ਮੂਠਾ=ਬਲਿਆ ਜਾਂ ਲੁਟਿਆ ਗਿਆ ਹੈ।

**ਹਰਿਕੇ ਦਾਸਜੀਵੇ ਲਗਿਪ੍ਰਭ ਕੀਚਰਣੀ॥ਕੰਠਿਲਗਾਇ ਲੀਏ ਤਿਸੁ ਠਾਕੁਰ ਸਰਣੀ ॥ ਬਲਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥ ਸਾਧ ਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ॥ ਰਾਖਿ**

Digitized by Panjab Digital Library | www.panjabdigilib.org

ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥ ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥

ਪ੍ਰਮੇਸਰ ਦੇ ਦਾਸ ਮਾਲਕ ਦੇ ਚਰਨਾਂ ਨਾਲ ਲੱਗਕੇ ਜੀਂਦੇ ਹਨ ਜੇਹੜੇ ਗੁਰਾਂ ਦੀ ਸ਼ਰਨ ਵਿਚ ਪਏ ਹਨ ਓਹ ਉਸ ਠਾਕਰ ਨੇ ਗਲ ਨਾਲ ਲਾ ਲਏ ਹਨ।

ਪ੍ਰਮੇਸਰ ਨੇ ਅਪਣਾ ਨਾਮ ਆਪ ਹੀ ਜਪਾਇਆ ਹੈ ਸਾਨੂੰ ਬਲ, ਅਕਲ, ਗਿਆਨ ਧਿਆਨ ਸਭ ਕੁਛ ਦਿਤਾ ਹੈ ਆਪ ਹੀ ਸਾਧ ਸੰਗਤ ਬਨਿਆ ਹੈ ਆਪ ਹੀ ਸੰਸਾਰ ਸਮੁੰਦਰ ਤੋਂ ਭਗਤਾਂ ਨੂੰ ਤਰਾਇਆ ਹੈ।

ਚੰਗੀ ਸੁਧ ਰੋਜ ਹੀ ਕਰਨੀ ਦੇ ਕੇ ਰੱਖਣ ਵਾਲੇ ਨੇ ਰੱਖ ਲਿਆ ਹੈ ਇੱਕੁਰ ਦੇ ਪ੍ਰਮੇਸ਼ਰ ਦੀ ਸ਼ਰਨੀ ਜਾਣ ਵਾਲੇ ਪ੍ਰਮੇਸਰ ਦੇ ਸੰਤ ਨਰਕ ਨੂੰ ਕਦੀ ਨਹੀਂ ਜਾਂਦੇ ਹਨ।

## ਆਸਾ ਮਹਲਾ ੫ ॥

ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥ ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ ॥ ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ ॥ ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥ ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ ॥ ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ ॥੧॥

ਹੇ ਮੇਰੇ ਆਲਸਾ ਤੂੰ ਚਲਿਆ ਜਾਹ ਹੁਣ ਮੈਂ ਆਪਣੇ ਪਿਰੀ ਪਤੀ ਪਾਸ ਬੇਨਤੀ ਕਰਾਂਗੀ ਆਪਣੇ ਮਾਲਕ ਨਾਲ ਰਮਿਆਂ ਕਰਾਂਗੀ ਭਾਵ ਅਨੰਦ ਭੋਗਾਂਗੀ ਅਤੇ ਉਸਦੇ ਨਾਲ ਬਹਿਕੇ ਸੋਭਾ ਪਾਵਾਂਗੀ।

ਉਸ ਦੇ ਨਾਲ ਬਹਿਕੇ ਸੋਹਣੀ ਲੱਗਾਂਗੀ ਅਤੇ ਦਿਨ ਰਾਤ ਉਸ ਦੇ ਨਾਲ ਰਮਣ=ਅਨੰਦ ਕਰਾਂਗੀ। ਜੀਵ ਰੂਪ ਇਸਤ੍ਰੀ ਪਤੀ ਮਾਲਕ ਦੇ ਨਾਲ ਹੀ ਬੈਠੇ ਸੋਹਣੀ ਲੱਗਦੀ ਹੈ, ਇਸ ਲਈ ਰਾਤ ਦਿਨ ਅਨੰਦ ਭੋਗਦੀ ਹੈ, ਸਾਸ ਸਾਸ ਯਾਦ ਕਰਕੇ ਜੀਵਾਂ ਤੇ ਪ੍ਰਮੇਸਰ ਨੂੰ ਵੇਖ ੨ ਗੁਣ

Digitized by Panjab Digital Library | www.panjabdigilib.org

ਗਾਵਾਂ ਜਾਂ ਜਦੋਂ ਗੁਣ ਗਾਈਏ ਤੇ ਤਾਂ ਵੀ ਪਰਮੇਸਰ ਨੂੰ ਵੇਖੀਦਾ ਹੈ।

ਜਦੋਂ ਗੁਣਾਂ ਦੇ ਅੰਮ੍ਰਿਤ ਵਰਗੀ ਨਜ਼ਰ ਭਰ ਕੇ ਸੰਚਨ=ਕੱਠੀ ਕਰਕੇ ਪਾ ਦਿਤੀ ਭਾਵ ਬਹੁਤ ਕ੍ਰਿਪਾ ਕੀਤੀ ਤੇ ਤਾਂ ਪਤੀ ਪ੍ਰਮੇਸਰ ਦਾ ਦਰਸ਼ਨ ਪਾਇਆ ਤਾਂ ਵਿਛੋੜਾ ਲੱਜਿਆ ਵਾਲਾ ਹੋਕੇ ਦੌੜ ਗਿਆ ਗੁਰੂ ਜੀ ਆਖਦੇ ਹਨ ਹੁਣ ਮੇਰੀ ਸਾਰੀ ਆਸਾ ਪੂਰੀ ਹੋ ਗਈ ਹੈ ਜਿਸਨੂੰ ਮੈਂ ਲੱਭਦੀ ਸੀ ਓਹ ਪਤੀ ਮੈਨੂੰ ਮਿਲ ਪਿਆ ਹੈ।

**ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ॥ ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥ ਪ੍ਰਗਟੇ ਗੋਪਾਲ ਗੋਬਿੰਦ ਲਾਲਨ ਸਾਧ ਸੰਗਿ ਵਖਾਣਿਆ ॥ ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ॥ ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ ॥ ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ ॥ ੨ ॥**

ਹੇ ਮੇਰੇ ਵਡਿਓ ਛੋਟਿਓ ਸਾਰਿਓ ਪਾਸੋਂ ਦੌੜ ਕੇ ਚਲੇ ਜਾਓ ਕਿਉਂਕਿ ਮੇਰੇ ਘਰ ਰਿਦੇ ਵਿਚ ਪਤੀ ਪ੍ਰਮੇਸਰ ਆਇਆ ਹੈ ਭਾਵ ਪ੍ਰਗਟ ਦਰਸ਼ਨ ਹੋਇਆ ਹੈ, ਚੁਗਲ ਖੋਰ ਕਾਮ ਆਦਕ ਵਿਕਾਰਾਂ ਦਾ ਦਹਨ=ਸੜਨਾ ਹੋ ਗਿਆ ਹੈ ਅਤੇ ਪ੍ਰਮੇਸਰ ਪ੍ਰਗਟ ਹੋਕੇ ਆ ਮਿਲਿਆ ਹੈ ਭਾਵ ਪ੍ਰਤੱਖ ਦਰਸ਼ਨ ਹੋਇ ਹਨ।

ਜਦੋਂ ਗੋਬਿੰਦ ਪਿਆਰੇ ਦਾ ਜਸ ਸਾਧ ਸੰਗਤ ਵਿਚ ਜਾਕੇ ਆਖਿਆ ਤਾਂ ਗੋਪਾਲ ਜੀ ਪ੍ਰਗਟ ਹੋਇ ਭਾਵ ਦਰਸ਼ਨ ਦਿਤਾ।

ਮੇਰੇ ਰਿਦੇ ਵਿਚ ਨਾਮ ਅੰਮ੍ਰਤ ਵੱਸਿਆ ਤਾਂ ਅਸਚਰਜ ਰੂਪ ਪ੍ਰਮੇਸਰ ਨੂੰ ਵੇਖਿਆ ਪਰ ਗੁਰਾਂ ਦੀ ਕਿਰਪਾ ਕਰਕੇ ਜਾਣਿਆਂ ਹੈ।

ਹੁਣ ਵਧਾਈ ਵੱਜੀ ਹੈ ਤੇ ਮਨ ਨੂੰ ਸ਼ਾਂਤੀ ਆਈ ਹੈ ਹੋਰ ਕਿਸੇ ਪਾਸੋਂ ਪਿਆਰੇ ਦਾ ਅੰਤ ਨਹੀਂ ਪਾਇਆ ਜਾਂਦਾ ਹੈ।

ਗੁਰੂ ਜੀ ਆਖਦੇ ਹਨ ਜਦੋਂ ਸੁਖ ਰੂਪ ਪ੍ਰਮੇਸਰ ਨੇ ਆਪ ਹੀ ਮੇਲਾ ਬਣਾਇਆ ਤਾਂ ਸਹਜੇ ਸੁਭਾਵਕ ਹੀ ਕਿਤੇ ਮੇਲਾਪ ਹੋ ਗਿਆ।

**ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥ ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ॥ ਧਰਮ ਧੀਰਜ ਸਹਜ**

Digitized by Panjab Digital Library | www.panjabdigilib.org

**ਸੁਖੀਏ ਸਾਧ ਸੰਗਤਿ ਹਰਿ ਭਜੇ ॥ ਕਰਿ ਅਨੁਗ੍ਰਹੁ ਰਾਖਿ ਲੀਨੇ ਮੋਹ ਮਮਤਾ ਸਭ ਤਜੇ ॥ ਗਹਿ ਕੰਠਿ ਲਾਇ ਗੁਰਿ ਮਿਲਾਏ ਗੋਵਿੰਦ ਜਪਤ ਅਘਾਇਣ ॥ ਬਿਨਵੰਤਿ ਨਾਨਕ ਸਿਮਰਿ ਸੁਆਮੀ ਸਗਲ ਆਸ ਪੁਜਾਇਣ॥ ੩॥**

ਜੇਹੜੇ ਨਰੈਣ ਦਾ ਸਿਮਰਨ ਕਰਦੇ ਹਨ ਓਨਾਂ ਨੇ ਨਰਕਾਂ ਨੂੰ ਨਹੀਂ ਵੇਖਿਆ ਹੈ, ਧਰਮੀਆਂ ਆਦਮੀਆਂ ਦਾ ਧਰਮਰਾਜਾ ਜੈ ਜੈ ਕਾਰ ਕਰਦਾ ਹੈ ਤਾਂ ਸਾਰੇ ਜਮਦੂਤ ਦੌੜ ਜਾਂਦੇ ਹਨ ।

ਜੇਹੜੇ ਧਰਮ, ਧੀਰਜ ਨਾਲ ਸਾਧ ਸੰਗਤ ਵਿੱਚ ਜਾਕੇ ਪ੍ਰਮੇਸਰ ਨੂੰ ਯਾਦ ਕਰਦੇ ਹਨ ਓਹ ਸੁਭਾਵਕ ਹੀ ਸੁਖੀਏ ਹੋ ਗਏ ਹਨ ਓਹ ਦਾਸ ਕਿਰਪਾ ਕਰਕੇ ਪ੍ਰਮੇਸਰ ਨੇ ਰੱਖ ਲਏ ਹਨ ਅਤੇ ਓਨਾਂ ਨੇ ਮੋਹ ਮਮਤਾ ਆਦਕ ਵਿਕਾਰ ਸਾਰੇ ਛੱਡ ਦਿਤੇ ਹਨ ।

ਗੁਰੂ ਜੀ ਨੇ ਮਿਲਾਇ ਹਨ ਤੇ ਤਾਂ ਪ੍ਰਮੇਸਰ ਨੇ ਫੜਕੇ ਗਲ ਨਾਲ ਲਾਇ ਹਨ ਹੁਣ ਓਹ ਪ੍ਰਮੇਸਰ ਦਾ ਜਸ ਕਰਦੇ ਹੋਇ ਰੱਜੇ ਰਹਿੰਦੇ ਹਨ ।

ਗੁਰੂ ਜੀ=ਸਾਰੀਆਂ ਆਸਾ ਪੂਰੀਆਂ ਕਰਨਵਾਲੇ ਮਾਲਕ ਦਾ ਸਿਮਰਨ ਕਰ ਜਾਂ ਸਿਮਰਨ ਕਰਕੇ ਅਸਾਂ ਸਾਰੀਆਂ ਆਸਾਂ ਪੂਰੀਆਂ ਕੀਤੀਆਂ ਹਨ ।

**ਨਿਧਿ ਸਿਧਿ ਚਰਣ ਗਹੇ ਤਾ ਕੇਹਾ ਕਾੜਾ ॥ ਸਭੁ ਕਿਛੁ ਵਸਿ ਜਿਸੈ ਸੋ ਪ੍ਰਭੂ ਅਸਾੜਾ ॥ ਗਹਿ ਭੁਜਾ ਲੀਨੇ ਨਾਮ ਦੀਨੇ ਕਰੁ ਧਾਰਿ ਮਸਤਕਿ ਰਾਖਿਆ ॥ ਸੰਸਾਰ ਸਾਗਰ ਨਹ ਵਿਆਪੈ ਅਮਿਉ ਹਰਿ ਰਸੁ ਚਾਖਿਆ ॥ ਸਾਧ ਸੰਗੇ ਨਾਮ ਰੰਗੇ ਰਣੁ ਜੀਤਿ ਵਡਾ ਅਖਾੜਾ ॥ ਬਿਨ- ਵੰਤਿ ਨਾਨਕ ਸਰਣਿ ਸੁਆਮੀ ਬਹੁੜਿ ਜਮਿ ਨ ਉਪਾੜਾ ॥ ੪ ॥ ੩ ॥ ੧੨ ॥**

ਜਿਸ ਦਾ ਸਿਮਰਨ ਕਰਕੇ ਨਿਧੀਆਂ ਸਿੱਧੀਆਂ ਸਾਰੀਆਂ ਚੰਗੀਆਂ ਵਸਤੂਆਂ ਨੇ ਭਗਤਾਂ ਦੇ ਪੈਰ ਫੜੇ ਹਨ ਤਾਂ ਹੁਣ ਫਿਰ ਝੋਰਾ ਕਿਸ ਗੱਲ ਦਾ ਹੈ ਜਾਂ ਕਿਸਤਰਾਂ ਦਾ ਹੈ ਓਹ ਸਾਡਾ ਮਾਲਕ ਹੈ ਜਿਸ ਦੇ ਵੱਸ ਵਿਚ ਸਭ ਕੁਛ ਹੈ।

ਉਸ ਮਾਲਕ ਨੇ ਬਾਂਹ ਤੋਂ ਫੜਕੇ ਰਖ ਲਏ ਹਨ ਅਤੇ ਅਪਣੇ ਨਾਮ ਦਿੱਤੇ ਹਨ ਮੱਥੇ ਉੱਤੇ ਹੱਥ ਰਖਕੇ ਰੱਖਿਆ ਕੀਤੀ ਹੈ ਇਕੁਰ ਜਿਸ ਨੇ ਹਰ

Digitized by Panjab Digital Library | www.panjabdigilib.org

ਰਸ ਅੰਮ੍ਰਿਤ ਚੱਖਿਆ ਹੈ ਉਸ ਨੂੰ ਸੰਸਾਰ ਸਮੁੰਦ੍ਰ ਦਾ ਦੁਖ ਨਹੀਂ ਚੰਬੜਦਾ ਹੈ।

ਜੇਹੜਾ ਸਾਧ ਸੰਗਤ ਦੁਆਰਾ ਨਾਮ ਵਿਚ ਰੰਗੇ ਹਨ ਓਨਾਂ ਨੇ ਸੰਸਾਰ ਰੂਪ ਵਡੇ ਅਖਾੜੇ ਵਿੱਚ ਰਨ ਨੂੰ ਜਿੱਤ ਲਿਆ ਹੈ ਭਾਵ ਕਾਮ ਆਦਕਾਂ ਨੂੰ ਜਾਂ ਰਣ=ਜੰਗ ਕਰਕੇ ਅਖਾੜਾ ਜਿੱਤਿਆ ਹੈ ਗੁਰੂ ਜੀ ਆਖਦੇ ਹਨ ਮਾਲਕ ਦੀ ਸ਼ਰਨ ਲੈਣ ਨਾਲ ਫਿਰ ਜਮ ਓਨਾਂ ਨੂੰ ਉਪਾੜਾ=ਪੁੱਟਦਾ ਭਾਵ ਮਾਰਦਾ ਨਹੀਂ ਹੈ ਜਾਂ ਫਿਰ ਜਮ=ਜੰਮਦਾ ਤੇ ਉਪਾੜਾ=ਮਰਦਾ ਨਹੀਂ ਹੈ।

## ਆਸਾ ਮਹਲਾ ੫ ॥

**ਦਿਨੁ ਰਾਤਿ ਕਮਾਇਅੜੋ ਆਇਓ ਮਾਥੈ ॥ ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ॥ ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥ ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥ ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ ॥ ਭਜੁ ਸਾਧ ਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥ ੧ ॥**

ਜਿਨਾਂ ਪਾਪਾਂ ਨੂੰ ਰਾਤ ਦਿਨ ਕਮਾਂਦਾ ਸੀ ਓਨਾਂ ਦਾ ਫਲ ਹੁਣ ਪਾਪੀ ਦੇ ਮੱਥੇ ਉਤੇ ਆਇਆ ਹੈ ਭਾਵ ਪ੍ਰਗਟ ਹੋ ਆਇਆ ਹੈ ਸਜਾ ਮਿਲੇਗੀ। ਮਾਥੇ=ਅੱਗੇ । ਜਿਸ ਮਾਲਕ ਤੋਂ ਛਪਾਂਦੇ ਸੀ ਉਸ ਨੂੰ ਹੁਣ ਨਾਲ ਹੀ ਵੇਖਦਾ ਹੈ ਭਾਵ ਓਹ ਹਰ ਵੇਲੇ ਨਾਲ ਹੈ।

ਓਹ ਕਰਨ ਵਾਲਾ ਨਾਲ ਹੀ ਵੇਖਦਾ ਹੈ ਫਿਰ ਪਾਪ ਕਿਉਂ ਕਮਾਈਏ ਭਾਵ ਭਲਾ ਕੰਮ ਕਰੀਏ।

ਭਲਾ ਕੰਮ ਕਰੀਏ ਨਾਮ ਜਪੀਏ ਜਿਸ ਕਰਕੇ ਨਰਕਾਂ ਵਿਚ ਕਦੀ ਨਹੀਂ ਜਾਈਦਾ ਹੈ।

ਅਠੇ ਪਹਿਰ ਪ੍ਰਮੇਸਰ ਦਾ ਸਿਮਰਨ ਕਰ ਓਹ ਤੇਰੇ ਨਾਲ ਚੱਲੇਗਾ ਗੁਰੂ ਜੀ=ਹਰ ਵੇਲੇ ਸਾਧ ਸੰਗਤ ਦੁਆਰਾ ਭਜਨ ਕਰ ਜਿਸ ਕਰਕੇ ਕਮਾਏ ਹੋਇ ਜਾਂ ਕੱਠੇ ਕੀਤੇ ਹੋਇ ਤੇਰੇ ਸਾਰੇ ਦੁਖ ਮਿਟ ਜਾਣਗੇ।

**ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ ॥ ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ ॥ ਦਾਤਾਰੁ ਸਦਾ ਦਇਆਲੁ ਸੁਆਮੀ ਕਾਇ ਮਨਹੁ ਵਿਸਾਰੀਐ ॥**

Digitized by Panjab Digital Library | www.panjabdigilib.org

**ਮਿਲੁ ਸਾਧ ਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ ॥ ਸਿਧ ਸਾਧਿਕ ਦੇਵ ਮੁਨਿ ਜਨ ਭਗਤ ਨਾਮੁ ਅਧਾਰਾ ॥ ਬਿਨਵੰਤਿ ਨਾਨਕ ਸਦਾ ਭਜੀਐ ਪ੍ਰਭੁ ਏਕੁ ਕਰਣੈਹਾਰਾ ॥ ੨ ॥**

ਹੇ ਬਹੁਤ ਵੱਡਿਆ ਮੂਰਖਾ ਵਲ=ਵਲ ਛਲ ਤੇ ਬੰਚ=ਠੱਗੀ ਕਰਕੇ ਪੇਟ ਭਰਦਾ ਹੈਂ ਅਤੇ ਦੇਣ ਵਾਲਾ ਦਾਤਾ ਸਭ ਕੁਛ ਦੇਂਦਾ ਜਾਂਦਾ ਹੈ।

ਇੱਕੁਰ ਦਾ ਦਾਤਾ ਸਦਾ ਦਿਆਲੂ ਮਾਲਕ ਮਨ ਤੋਂ ਕਿਉਂ ਭੁਲਾਈਏ ਭਾਵ ਨ ਭੁਲਾਈਏ।

ਸਾਧੂਆਂ ਦੇ ਸੰਗ ਮਿਲਕੇ ਡਰ ਜਾਂ ਸੰਸਾ ਛੱਡਕੇ ਸੇਵਾ ਕਰੀਏ ਆਪਣੀਆਂ ਕੁਲਾਂ ਦੇ ਸਮੂਹਾਂ ਨੂੰ ਤਾਰ ਲਈਏ।

ਦੇਵਾਂ ਸਿੱਧਾਂ ਸਾਧਨਾਂ ਵਾਲਿਆਂ ਮੁਨੀਆਂ ਦਾਸਾਂ ਭਗਤਾਂ ਸਾਰਿਆਂ ਨੂੰ ਜਿਸ ਦੇ ਨਾਮ ਦਾ ਆਸਰਾ ਹੈ ਗੁਰੂ ਜੀ ਆਖਦੇ ਹਨ ਇੱਕੁਰ ਦਾ ਸਮਰੱਥ ਜੇਹੜਾ ਕਰਨ ਵਾਲਾ ਹੈ ਉਸ ਦਾ ਭਜਨ ਹਰ ਵੇਲੇ ਕਰੀਏ।

**ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ ॥ ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ ॥ ਸੰਸਾਰੁ ਸਾਗਰੁ ਤਿਨ੍ਹੀ ਤਰਿਆ ਜਿਨ੍ਹੀ ਏਕੁ ਧਿਆਇਆ ॥ ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥ ਜਲਿ ਥਲਿ ਮਹੀਅਲਿ ਰਵਿਆ ਸੁਆਮੀ ਊਚ ਅਗਮ ਅਪਾਰਾ ॥ ਬਿਨਵੰਤਿ ਨਾਨਕ ਟੇਕ ਜਨ ਕੀ ਚਰਣ ਕਮਲ ਅਧਾਰਾ ॥ ੩ ॥**

ਖੋਟ ਨ ਕਰੀਏ ਓਹ ਮਾਲਕ ਪਰਖਣ ਵਾਲਾ ਹੇ ਭਾਵ ਛਲ ਨਹੀ ਚੱਲਦਾ ਹੈ ਜੇਹੜੇ ਕਪਟ ਕਰਕੇ ਝੂਠਿਆਂ ਕਰਮਾਂ ਨੂੰ ਕਰਦੇ ਹਨ ਓਹ ਸੰਸਾਰ ਵਿਚ ਜੰਮਦੇ ਮਰਦੇ ਹਨ।

ਜਿਨਾਂ ਨੇ ਇਕ ਨੂੰ ਧਿਆਇਆ ਹੈ ਓਨਾਂ ਗੁਰਮੁਖਾਂ ਨੇ ਇਸ ਸੰਸਾਰ ਸਮੁੰਦਰ ਨੂੰ ਤਰਿਆ ਹੈ ਕਾਮ ਕਰੋਧ ਨਿੰਦਿਆ ਭਾਵ ਉਸਤਤੀ ਸਭ ਨੂੰ ਛੱਡਕੇ ਜਿਨਾਂ ਦਾ ਮਨ ਮਾਲਕ ਦੀ ਸ਼ਰਨ ਆਇਆ ਹੈ।

ਜੇਹੜਾ ਸਾਰਿਆਂ ਤੋਂ ਉਚਾ ਅਗੰਮ ਵੱਡਾ ਮਾਲਕ ਹੈ ਓਹ ਜਲਾਂ

Digitized by Panjab Digital Library | www.panjabdigilib.org

ਥਲਾਂ ਧਰਤੀ ਅਕਾਸ਼ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਹੈ ਗੁਰੂ ਜੀ ਆਖਦੇ ਹਨ ਓਹ ਮਾਲਕ ਦਾਸਾਂ ਦੇ ਸਰੀਰ ਦੀ ਓਟ ਹੈ ਅਤੇ ਮਨ ਵਿਚ ਉਸ ਦੇ ਚਰਨ ਕਮਲਾਂ ਦਾ ਆਸਰਾ ਹੈ ।

**ਪੇਖੁ ਹਰਿ ਚੰਦਉਰੜੀ ਅਸਥਿਰੁ ਕਿਛੁ ਨਾਹੀ ॥ ਮਾਇਆ ਰੰਗ ਜੇਤੇ ਸੇ ਸੰਗਿ ਨ ਜਾਹੀ ॥ ਹਰਿ ਸੰਗਿ ਸਾਥੀ ਸਦਾ ਤੇਰੈ ਦਿਨਸੁ ਰੈਣਿ ਸਮਾਲੀਐ ॥ ਹਰਿ ਏਕ ਬਿਨੁ ਕਛੁ ਅਵਰੁ ਨਾਹੀ ਭਾਉ ਦੁਤੀਆ ਜਾਲੀਐ ਮੀਤੁ ਜੋਬਨੁ ਮਾਲੁ ਸਰਬਸੁ ਪ੍ਰਭੁ ਏਕੁ ਕਰਿ ਮਨ ਮਾਹੀ॥ ਬਿਨਵੰਤਿ ਨਾਨਕੁ ਵਡਭਾਗਿ ਪਾਈਐ ਸੂਖਿ ਸਹਜਿ ਸਮਾਹੀ ॥ ੪ ॥ ੪ ॥ ੧੩ ॥**

ਇਹ ਜੇਹੜੀ ਤੂੰ ਦੁਨੀਆਂ ਵੇਖਦਾ ਹੈਂ ਇਹ ਸਵੇਰ ਦੇ ਵੇਲੇ ਦੀ ਅਕਾਸ਼ ਦੀ ਝੂਠੀ ਗੰਧਰਬਾਂ ਦੀ ਨਗਰੀ ਹੈ ਜੇਹੜੀ ਵਾ ਨਾਲਝਟ ਬਣਕੇ ਨਾਸਹੋਜਾਂਦੀ ਹੈ ਇਸ ਵਿਚ ਕੁਛ ਵੀ ਅਸਥਿਰ ਨਹੀਂ ਹੈ ਜਿਤਨੇ ਮਾਇਆ ਦੇ ਅਨੰਦ ਹਨ ਸੋ ਇਹ ਅੱਗੇ ਜੀਵ ਦੇ ਨਾਲ ਨਹੀਂ ਜਾਂਦੇ ਹਨ ।

ਤੇਰੇ ਨਾਲ ਜਾਣ ਵਾਲਾ ਸਾਥੀ ਇੱਕ ਪ੍ਰਮੇਸਰ ਹੈ ਉਸ ਦਾ ਸਿਮਰਨ ਰਾਤ ਦਿਨ ਕਰੀਏ । ਇਕ ਪ੍ਰਮੇਸਰ ਤੋਂ ਬਿਨਾਂ ਹੋਰ ਕੁਛ ਨਹੀਂ ਹੈ, ਇਸ ਲਈ ਦੂਸਰੇ ਖਿਆਲ ਨੂੰ ਸਾੜ ਦੇਈਏ ।

ਮਿੱਤ੍ਰ, ਮਾਲ, ਜੋਬਨ ਸਾਰਾ ਸਰਬੰਸ ਭਾਵ ਜਿਤਨੀ ਵਸਤੂ ਹੈ ਸਾਰਿਆਂ ਤੋਂ ਪਿਆਰਾ ਮਨ ਵਿਚ ਇਕ ਪ੍ਰਮੇਸਰ ਨੂੰ ਹੀ ਕਰ ।

ਗੁਰੂ ਜੀ ਆਖਦੇ ਹਨ ਇਹ ਅਕਲ ਵੱਡਿਆਂ ਭਾਗਾਂ ਕਰਕੇ ਪਾਈਦੀ ਹੈ ਇਸ ਕਰਕੇ ਆਦਮੀ ਸੁਭਾਵਕ ਹੀ ਸੁਖ ਵਿਚ ਸਮਾ ਜਾਂਦਾ ਹੈ।

## ਆਸਾ ਮਹਲਾ ੫ ਛੰਤ ਘਰੁ ੮

## ੧ ੴ ਸਤਿਗੁਰਪ੍ਰਸਾਦਿ ॥

{ ਇਸ ਸ਼ਬਦ ਵਿਚ ਦੋ ਦੋ ਵਾਰੀ ਜੇਹੜੇ ਸ਼ਬਦ ਆਇ ਹਨ ਇਹ ਇਕ ਛੰਦ ਦੀ ਚਾਲ ਹੈ, ਮਾਇਆ ਦੇ ਹੰਕਾਰ ਨੂੰ ਦੁੱਖ ਰੂਪ ਦੱਸਦੇ ਹਨ । (ਸਲੇਖਾਲੰਕਾਰ ਹੈ) }

Digitized by Panjab Digital Library | www.panjabdigilib.org

**ਕਮਲਾ ਭ੍ਰਮ ਭੀਤਿ ਕਮਲਾਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਥਜਾਤ ॥ ਗਹਬਰ ਬਨ ਘੋਰ ਗਹਬਰ ਬਨ ਘੋਰਹੇ ਗ੍ਰਿਹ ਮੂਸਤ ਮਨ ਚੋਰਹੇ ਦਿਨਕਰੋ ਅਨਦਿਨ ਖਾਤ ॥ ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾਪਤੇ ॥ ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ ॥ ਕੁਲ ਰੂਪ ਧੂਪ ਗਿਆਨ ਹੀਨੀ ਤੁਝ ਬਿਨਾ ਮੋਹਿ ਕਵਨ ਮਾਤ॥ ਕਰ ਜੋੜਿ ਨਾਨਕੁ ਸਰਣਿ ਆਇਓ ਪ੍ਰਿਅ ਨਾਥ ਨਰਹਰ ਕਰਹੁ ਗਾਤ ॥ ੧ ॥**

ਕਮਲਾ=ਮਾਇਆ । ਭੀਤ=ਪੜਦਾ, ਕੰਧ । ਕਮਲ=ਬੌਰਾ, ਝੱਲਾ । ਭੀਤ=ਡਰ ਵਾਲਾ । ਤੀਖਣ=ਤਿੱਖਾ । ਬਿਪਰੀਤ=ਉਲਟਾ । ਜੇਹੜਾ ਮਾਇਆ ਦੇ ਭਰਮ ਦਾ ਪੜਦਾ ਹੈ ਇਸ ਦੇ ਭਰਮ ਕਰਕੇ ਆਦਮੀ ਡਰ ਵਾਲਾ ਹੋਕੇ ਭੌਂਦਾ ਫਿਰਦਾ ਹੈ ਜੇਹੜਾ ਮਾਇਆ ਦਾ ਤਿੱਖਾ ਅਮਲ ਹੰਕਾਰ ਸੰਸਾਰ ਵਿਚ ਰਹਿਣ ਦੀ ਉਮਰ ਭਾਵ ਅਵਸਥਾ ਹੈ ਸੋ ਇਹ ਸਾਰੀ ਬਿਅਰਥ ਚਲੀ ਜਾਂਦੀ ਹੈ ।

ਗਰਬਰ=ਗਾਹੜਾ । ਘੋਰ=ਭਿਆਨਕ, ਡਰੌਣਾ । ਮੂਸਤ=ਲੁੱਟਦਾ ਦਿਨਕਰੋ=ਸੂਰਜ । ਜੇਹੜਾ ਸੰਸਾਰ ਰੂਪ ਜੰਗਲ ਬੜਾ ਭਾਰਾ ਡਰੌਣਾ ਹੈ ਆਦਮੀ ਉਸ ਵਿਚ ਜਾਕੇ ਬੜਾ ਭਾਰਾ ਡਰੌਣਾਂ ਬੇਸਮਝ ਬਣਿਆਂ ਹੋਇਆ ਹੈ ਅਤੇ ਮਨ ਹੀ ਚੋਰ ਜੀਵ ਦੇ ਘਰ ਨੂੰ ਲੁੱਟੀ ਜਾਂਦਾ ਹੈ ਮਨ ਨੂੰ ਅਰਾਮ ਨਹੀਂ ਆਉਂਦਾ, ਸੂਰਜ ਰਾਤ ਦਿਨ ਉਮਰ ਨੂੰ ਖਾਂਦਾ ਜਾਂਦਾ ਹੈ ।

ਹੇ ਕਿਰਪਾ ਕਰਨ ਵਾਲਿਆ ਮਾਲਕਾ ਤੇਰੇ ਭਜਨ ਤੋਂ ਬਿਨਾ ਮੇਰੇ ਦਿਨ ਬਿਅਰਥ ਖਾਈਦੇ ਜਾਂਦੇ ਹਨ ਭਾਵ ਗੁਜ਼ਰਦੇ ਜਾਂਦੇ ਹਨ ਇਸ ਲਈ ਮੈਨੂੰ ਮਿਲੋ ਜਾਂ ਦਿਨ ਦਾ ਮਾਲਕ ਸੂਰਜ ਖਾਂਦਾ ਜਾਂਦਾ ਹੈ ਇਸ ਕਰਕੇ ਉਮਰ ਬਿਅਰਥ ਬੀਤਦੀ ਜਾਂਦੀ ਹੈ ।

ਅਨੇਕਾਂ ਵਾਰ ਜੰਮੇ ਹਾਂ ਅਨੇਕਾਂ ਵਾਰ ਮੋਏ ਹਾਂ ਪਰ ਹੇ ਪਿਆਰੇ ਤੇਰੇ ਸੰਗ ਬਿਨਾ ਆਦਮੀ ਦੀ ਕੋਈ ਗਤੀ ਨਹੀਂ ਹੈ ।

ਚੰਗੀ ਕੁਲ, ਚੰਗਾ ਰੂਪ, ਧੂਪ=ਜਸ, ਗਿਆਨ ਭਾਵ ਸਾਧ ਸੰਗਤ, ਪ੍ਰੇਮ ਸਫਾਈ, ਜਸ ਆਤਮ ਗਿਆਨ ਇੱਕੁਰ ਦਿਆਂ ਚੰਗਿਆਂ ਕਰਮਾਂ

Digitized by Panjab Digital Library | www.panjabdigilib.org

ਤੋਂ ਹੀਣੀ ਹਾਂ ਤੇਰੇ ਬਿਨਾ ਮੇਰਾ ਮਾਂ ਵਰਗਾ ਰਾਖਾ ਕੌਣ ਹੈ ?

ਮੈਂ ਨਾਨਕ ਹੱਥ ਜੋੜ ਕੇ ਆਪ ਦੀ ਸ਼ਰਨ ਆਇਆ ਹਾਂ ਹੇ ਮਾਲਕ ਨਰਾਂ ਨੂੰ ਹਰਿਆਂ ਕਰਨ ਵਾਲਿਆ ਜਾਂ ਨਰਸਿੰਘ ਰੂਪ ਧਾਰਨ ਵਾਲਿਆ ਮੇਰੀ ਗਾਤ=ਗਤੀ ਕਰੋ ਜਾਂ ਸਰੀਰ ਨੂੰ ਸਵਾਰਨਾ ਕਰੋ ।

**ਮੀਨਾ ਜਲ ਹੀਨ ਮੀਨਾ ਜਲਹੀਨਹੇ ਓਹੁ ਬਿਛੁਰਤ ਮਨ ਤਨ ਖੀਨ ਹੇ ਕਤੁਜੀਵਨੁ ਪ੍ਰਿਅ ਬਿਨੁ ਹੇਤ ॥ ਸਨਮੁਖ ਸਾਹਿਬਾਨ ਸਨਮੁਖ ਸਾਹਿਬਾਨਹੇ ਮ੍ਰਿਗ ਅਰਪੇ ਮਨ ਤਨ ਪ੍ਰਾਨਹੇ ਓਹੁ ਬੇਧਿਓ ਸਹਜ ਸਰੋਤ ॥ ਪ੍ਰਿਅ ਪ੍ਰੀਤਿ ਲਾਗੀ ਮਿਲੁ ਬੈਰਾਗੀ ਖਿਨੁ ਰਹਨੁ ਧ੍ਰਿਗੁ ਤਨੁ ਤਿਸੁ ਬਿਨਾ ॥ਪਲਕਾ ਨ ਲਾਗੈ ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ ॥ਸ੍ਰੀ ਰੰਗ ਰਾਤੇ ਨਾਮ ਮਾਤੇ ਭੈ ਭਰਮ ਦੁਤੀਆ ਸਗਲ ਖੋਤ ॥ ਕਰਿ ਮਇਆ ਦਇਆ ਦਇਆਲ ਪੂਰਨ ਹਰਿ ਪ੍ਰੇਮ ਨਾਨਕ ਮਗਨ ਹੋਤ ॥ ੨ ॥**

ਜਿਸ ਤਰਾਂ ਮੱਛੀ ਪਾਨੀ ਤੋਂ ਹੀਨ ਹੋਈ ਹੋਈ ਵਿਛੋੜੇ ਕਰਕੇ ਮਨ ਤਨ ਤੋਂ ਖੀਨ=ਲਿੱਸੀ ਹੋ ਜਾਂਦੀ ਹੈ ਪਿਆਰੇ ਤੋਂ ਬਿਨਾ ਜੀਉਂਣਾ ਕਿਸਤਰਾਂ ਹੁੰਦਾਹੈ।

ਘੰਡੇ ਹੇੜੇ ਦੀ ਅਵਾਜ ਨੂੰ ਸੁਣਕੇ ਸੁਭਾਵਕ ਹੀ ਵਿਨ੍ਹਿਆਂ ਹੋਇਆ ਹਰਨ ਸਾਹਮਣੇ ਬਾਣਾਂ ਨੂੰ ਸਹਾਰ ਕੇ ਤਨ ਮਨ ਪ੍ਰਾਣ ਅਰਪਣ ਕਰ ਦੇਂਦਾ ਹੈ

{ ਸਹਿ=ਸਹਾਰਦਾ ਹੈ । ਬਾਨ=ਤੀਰ । ਬੇਧਕ=ਵਿੰਨਿਆਂ ਜਾਂਦਾ ਹੈ । ਸਰੋਤ=ਸੁਰ, ਅਵਾਜ । }

ਇੱਕੁਰ ਹੀ ਹੇ ਪਿਆਰੇ ਮੈਨੂੰ ਤੇਰੀ ਪ੍ਰੀਤੀ ਲੱਗੀ ਹੈ ਮੈਂ ਪ੍ਰੇਮ ਵਿਚ ਵੈਰਾਗੀ ਹੋਇਆ ੨ ਹਾਂ ਤੈਥੋਂ ਬਿਨਾ ਇਕ ਛਿਨ ਵੀ ਜੇਹੜਾ ਸਰੀਰ ਦਾ ਰਹਿਣਾ ਹੈ ਸੋ ਉਸ ਛਿਨ ਨੂੰ ਧਿਰਕਾਰ ਹੈ ।

ਅਖਾਂ ਦੀਆਂ ਪਲਕਾਂ ਨਹੀਂ ਲੱਗਦੀਆਂ ਹਨ ਰਾਤ ਦਿਨ ਮਾਲਕ ਨੂੰ ਮਨ ਵਿਚ ਯਾਦ ਕਰਦੇ ਹਨ ਪਿਆਰੇ ਦੇ ਪ੍ਰੇਮ ਵਿਚ ਪਗੇ=ਮਿਲੇ ਜਾਂ ਖੱਚਤ ਹੋਇ ੨ ਹਨ ।

ਸ੍ਰੀਰੰਗ=ਪ੍ਰਮੇਸਰ ਦੇ ਨਾਮ ਵਿਚ ਜਾਂ ਪ੍ਰੇਮ ਵਿਚ ਮਸਤ ਹੋਇ ਹਨ

ਦੂਸਰਾ ਖਿਆਲ ਭਰਮ ਡਰ ਸਾਰਾ ਨਾਸ ਕਰ ਦਿੱਤਾ ਹੈ ।

ਗੁਰੂ ਜੀ ਆਖਦੇ ਹਨ ਹੇ ਹਰੀ ਪੂਰਨ ਦਿਆਲੂ ਕਿਰਪਾ ਕਰਨ ਵਾਲਿਆ ਕਿਰਪਾ ਕਰ ਜਿਸ ਕਰਕੇ ਅਸੀਂ ਤੇਰੇ ਪਰੇਮ ਵਿਚ ਮਸਤ ਹੁੰਦੇ ਰਹੀਏ ਜਾਂ ਹੋਏ ਰਹੀਏ ।

**ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ ਰਸ ਬਾਸਨ ਮਾਤਹੇ ਪ੍ਰੀਤਿ ਕਮਲ ਬੰਧਾਵਤ ਆਪ ॥ ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸਹੇ ਘਨ ਬੂੰਦ ਬਚਿਤ੍ਰਿ ਮਨੁ ਆਸਹੇ ਅਲਪੀਵਤ ਬਿਨਸਤ ਤਾਪ॥ ਤਾਪਾ ਬਿਨਾਸਨ ਦੂਖ ਨਾਸਨ ਮਿਲੁ ਪ੍ਰੇਮ ਮਨਿ ਤਨਿ ਅਤਿ ਘਨਾ ॥ ਸੁੰਦਰੁ ਚਤੁਰੁ ਸੁਜਾਨ ਸੁਆਮੀ ਕਵਨ ਰਸਨਾ ਗੁਣ ਭਨਾ ॥ ਗਹਿ ਭੁਜਾ ਲੇਵਹੁ ਨਾਮ ਦੇਵਹੁ ਦ੍ਰਿਸਟਿ ਧਾਰਤ ਮਿਟਤ ਪਾਪ ॥ ਨਾਨਕੁ ਜੰਪੈ ਪਤਿਤ ਪਾਵਨ ਹਰਿ ਦਰਸੁ ਪੇਖਤ ਨਹ ਸੰਤਾਪ ॥ ੩ ॥**

ਅਲੀਅਲ=ਭੌਰੀਆਂ ਭੌਰੇ ਗੂੰਜਦੇ ਭਾਵ ਅਵਾਜਾਂ ਕਰਦੇ ਹਨ ਕਮਲ ਦੀ ਮਕਰੰਦ=ਫੁੱਲਾਂ ਦੀ ਧੂੜੀ ਤੇ ਰਸ, ਵਾਸ਼ਨਾਂ ਵਿਚ ਮਸਤ ਹੋਇ ਹੋਇ ਕੌਲ ਵਿਚ ਪ੍ਰੀਤੀ ਕਰਕੇ ਆਪਣੇ ਆਪਨੂੰ ਬੰਨ੍ਹਾਂ ਦੇਂਦੇ ਹਨ ।

ਪਪੀਹੇ ਦੇ ਚਿਤ ਵਿਚ ਪਿਆਸ ਬਦਲ ਦੀ ਬਚਿਤ੍ਰ=ਕਈ ਤਰਾਂਦੀ ਬੂੰਦ ਪੈਂਦੀ ਹੈ ਉਸ ਵਿਚੋਂ ਜੇਹੜੀ ਸ੍ਵਾਂਤੀ ਬੂੰਦ ਦੀ ਆਸਾ ਹੈ ਪੀਂਦੇ ਹੋਏ ਅਲ=ਰੱਜ ਜਾਂਦੇ ਹਨ ਅਤੇ ਤਪਣੇ ਨਾਸ ਹੋ ਜਾਂਦੇ ਹਨ ।

ਤਾਪਾਂ ਨੂੰ ਨਾਸ ਕਰਨ ਵਾਲਾ ਤੇ ਦੁੱਖਾਂ ਨੂੰ ਨਾਸ ਕਰਨ ਵਾਲਾ ਮੇਰੇ ਤਨ ਵਿਚ ਬਹੁਤ ਹੀ ਪ੍ਰੇਮ ਹੈ ਇਸ ਲਈ ਮੈਨੂੰ ਛੇਤੀ ਮਿਲੋ ।

ਮੇਰਾ ਮਾਲਕ ਸੁੰਦਰ ਸਿਆਣਿਆਂ ਤੋਂ ਸਿਆਣਾ ਹੈ ਇਸ ਲਈ ਮੈਂ ਜਬਾਨ ਨਾਲ ਉਸਦੇ ਕੇਹੜੇ ੨ ਗੁਣ ਆਖਾਂ ।

ਹੇ ਵਾਹਿਗੁਰੂ ਤੇਰੀ ਕਿਰਪਾ ਦ੍ਰਿਸ਼ਟੀ ਨਾਲ ਪਾਪ ਦੂਰ ਹੋ ਜਾਂਦੇ ਹਨ ਹੇ ਮਾਲਕਾ ਮੇਰੀ ਬਾਂਹ ਫੜ ਲੈ ਅਤੇ ਮੈਨੂੰ ਨਾਮ ਦਾਨ ਦੇਹ ।

ਗੁਰੂ ਜੀ ਜੰਪੈ=ਆਖਦੇ ਹਨ ਹੇ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਿਆ ਮਾਲਕਾ ਤੇਰਾ ਦਰਸ਼ਨ ਵੇਖਦਿਆਂ ਹੀ ਸੰਤਾਪ ਨਹੀਂ ਰਹਿੰਦੇ ਹਨ ।

Digitized by Panjab Digital Library | www.panjabdigilib.org

ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ ਰਖਿ ਲੇਵਹੁ ਸਰਣਿ ਅਨਾਥ ਹੇ ਮਿਲੁ ਚਾਉ ਚਾਈਲੇ ਪ੍ਰਾਨ ॥ ਸੁੰਦਰ ਤਨ ਧਿਆਨ ਸੁੰਦਰ ਤਨ ਧਿਆਨ ਹੇ ਮਨੁ ਲੁਬਧ ਗੋਪਾਲ ਗਿਆਨ ਹੇ ਜਾਚਿਕ ਜਨ ਰਾਖਤ ਮਾਨ ॥ ਪ੍ਰਭ ਮਾਨ ਪੂਰਨ ਦੁਖ ਬਿਦੀਰਨ ਸਗਲ ਇਛ ਪੁਜੰਤੀਆ ॥ ਹਰਿ ਕੰਠਿ ਲਾਗੇ ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ ॥ ਪ੍ਰਭ ਦ੍ਰਿਸਟਿ ਧਾਰੀ ਮਿਲੇ ਮੁਰਾਰੀ ਸਗਲ ਕਲਮਲ ਭਏ ਹਾਨ ॥ ਬਿਨਵੰਤਿ ਨਾਨਕ ਮੇਰੀ ਆਸ ਪੂਰਨ ਮਿਲੇ ਸ੍ਰੀਧਰ ਗੁਣ ਨਿਧਾਨ ॥ ੪ ॥ ੧ ॥ ੧੪ ॥ ੩੫ ॥

ਹੇ ਮਾਲਕਾ ਮੈਂ ਚਿੱਤ ਨਾਲ ਸਦਾ ਮੁੜ ੨ ਯਾਦ ਕਰਦਾ ਰਹਿੰਦਾ ਹਾਂ ਮੈਨੂੰ ਗਰੀਬ ਨੂੰ ਅਪਣੀ ਸ਼ਰਨ ਵਿੱਚ ਰੱਖ ਕਿਉਂਕਿ ਆਪਨੂੰ ਮਿਲਕੇ ਚਾ ਨਾਲ ਮੇਰੇ ਪ੍ਰਾਣ ਚਈਲੇ=ਉਤਸ਼ਾਹ ਵਾਲੇ ਹੋਇ ੨ ਹਨ ਭਾਵ ਹਰ ਵੇਲੇ ਚਾ ਚੜ੍ਹਿਆ ਰਹਿੰਦਾ ਹੈ ।

ਹੇ ਗੁਪਾਲ ਤੇਰੇ ਸੁੰਦਰ ਸਰੀਰ ਦੇ ਧਿਆਨ ਵਿਚ ਮੇਰਾ ਮਨ ਲੋਭਿਆ ਹੋਇਆ ਹੈ ਤੂੰ ਮੰਗਤਿਆਂ ਦਾ ਮਾਨ ਰੱਖਣ ਵਾਲਾ ਹੈ । ਮੈਨੂੰ ਤੇਰਾ ਗਿਆਨ ਹੋ ਗਿਆ ਹੈ ।

ਹੇ ਮਾਨ ਪੂਰਾ ਕਰਨ ਵਾਲਿਆ ਮਾਲਕਾ ਤੇ ਦੁੱਖਾਂ ਦੇ ਨਾਸ ਕਰਨ ਵਾਲਿਆ ਤੇਰੀ ਕਿਰਪਾ ਨਾਲ ਸਾਰੀਆਂ ਇੱਛਿਆਂ ਪੂਰੀਆਂ ਹੁੰਦੀਆਂ ਹਨ ।

ਹੇ ਮਾਲਕਾ ਅਸੀਂ ਤੇਰੇ ਗਲ ਨਾਲ ਲੱਗੇ ਹਾਂ ਹੁਣ ਸਾਡੇ ਦਿਨ ਭਾਗਾਂ ਵਾਲੇ ਹਨ ਜਾਂ ਵਿਛੋੜੇ ਦੇ ਦਿਨ ਦੌੜ ਗਏ ਹਨ ਹੇ ਮਾਲਕਾ ਤੇਰੇ ਨਾਲ ਮਿਲਕੇ ਹੀ ਅੰਤਸ਼ਕਰਣ ਰੂਪ ਸਿਹਜਾ ਸੋਹਣੀ ਹੋਈ ਹੈ ।

ਹੇ ਮੁਰਾਰੀ ਮਾਲਕਾ ਜਦੋਂ ਤੋਂ ਤੂੰ ਕਿਰਪਾ ਦਿਰਸ਼ਟੀ ਧਾਰਨ ਕੀਤੀ ਹੈ ਅਤੇ ਮੈਨੂੰ ਮਿਲੇ ਹੋ ਤਦੋਂ ਤੋਂ ਸਾਰੇ ਪਾਪ ਨਾਸ ਹੋ ਗਏ ਹਨ ।

ਗੁਰੂ ਜੀ ਆਖਦੇ ਹਨ ਗੁਣਾਂ ਦੇ ਖਜ਼ਾਨੇ ਲਛਮੀ ਨੂੰ ਆਸਰਾ ਦੇਣ ਵਾਲੇ ਪ੍ਰਮੇਸਰ ਜੀ ਮੈਨੂੰ ਆਪ ਆ ਮਿਲੇ ਹਨ ਏਸੇ ਲਈ ਮੇਰੀਆਂ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ਹਨ ।

Digitized by Panjab Digital Library | www.panjabdigilib.org

# ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

## ਆਸਾ ਮਹਲਾ ੧

## ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥

ਇਕ ਸਾਰੰਗ ਰਾਜਾ ਸੀ ਜਿਸਦੇ ੩ ਪੁਤ੍ਰ ਸਨ ੧ ਅਸਰਾਜ ੨ ਖਾਨ ੩ ਸੁਲਤਾਨ, ਅਸਰਾਜ ਵਡਾ ਅਤੇ ਪਟਰਾਣੀ ਦਾ ਪੁੱਤ੍ਰ ਸੀ ਇਸ ਲਈ ਰਾਜ ਭਾਗ ਦਾ ਹੱਕ ਇਸਦਾ ਸੀ ਭਰਾਵਾਂ ਨੇ ਈਰਖਾ ਨਾਲ ਸ਼ਿਕਾਰ ਦੇ ਬਹਾਨੇ ਅਸਰਾਜ ਦੇ ਹੱਥ ਪੈਰ ਕਟਾਕੇ ਖੂਹ ਵਿਚ ਸਿਟਾ ਦਿਤਾ ਅਤੇ ਪਿਤਾਨੂੰ ਆਖਿਆ ਸ਼ੇਰ ਮਾਰਕੇ ਖਾ ਗਿਆ ਹੈ, ਅਸਰਾਜ ਨੂੰ ਵਣਜਾਰੇ ਖੂਹ ਵਿਚੋਂ ਕੱਢਕੇ ਇਕ ਧੋਬੀ ਨੂੰ ਦੇ ਗਏ। ਬਹੁਤ ਚਿਰ ਅਸਰਾਜ ਧੋਬੀ ਪਾਸ ਰਿਹਾ, ਧੋਬੀ ਰੋਜ ਸਵੇਰੇ ਅਸਰਾਜ ਨੂੰ ਬੈਲ ਉਪਰ ਬਹਾਕੇ ਬਾਹਰ ਨੂੰ ਲੈ ਜਾਇਆ ਕਰੇ ਅਤੇ ਸ਼ਾਮ ਨੂੰ ਲੈ ਆਇਆ ਕਰੇ।ਇਕ ਦਿਨ ਜਿਸ ਸ਼ੈਹਰ ਵਿਚ ਧੋਬੀ ਰਹਿੰਦਾ ਸੀ ਉਸ ਸ਼ੈਹਰ ਦਾ ਰਾਜਾ ਬੇ ਉਲਾਦ ਮਰ ਗਿਆ, ਮੰਤ੍ਰੀਆਂ ਨੇ ਆਖਿਆ ਸਵੇਰੇ ਸ਼ੈਹਰ ਦੇ ਦਰਵਾਜ਼ੇ ਦਾ ਜੰਦਰਾ ਜਿਸਦੇ ਹੱਥ ਨਾਲ ਖੁਲ ਜਾਵੇ ਜਾਂ ਪਹਿਲੋਂ ਜੇਹੜਾ ਦਰਵਾਜੇ ਵਿਚੋਂ ਆਕੇ ਲੰਘੇ ਉਸਨੂੰ ਰਾਜ ਦੇਣਾ ਚਾਹੀਦਾ ਹੈ ਸੋ ਅੰਮ੍ਰਿਤ ਵੇਲੇ ਅਸਰਾਜ ਹੀ ਬੈਲ ਉਪਰ ਕਪੜੇ ਲੱਦਕੇ ਉਤੇ ਬਹਿਕੇ ਬਾਹਿਰ ਨੂੰ ਚਲਿਆ ਸੀ ਸੋ ਇਸਦੇ ਹੱਥ ਨਾਲ ਜੰਦ੍ਰਾ ਖੁਲ੍ਹ ਗਿਆ ਏਸੇ ਨੂੰ ਹੀ ਓਸ ਸ਼ੈਹਰ ਦਾ ਰਾਜ ਮਿਲ ਗਿਆ, ਬੜਾ ਚਿਰ ਰਾਜ ਭਾਗ ਕਰਦਾ ਰਿਹਾ। ਇਹ ਅਸਰਾਜ਼ ਧਰਮੀ ਰਾਜਾ ਸੀ ਇਸ ਲਈ ਦੂਰ ਦੂਰ ਤਕ ਮਸ਼ਹੂਰ ਹੋਗਿਆ। ਭਰਾਵਾਂ ਨੂੰ ਤੇ ਇਸਦੇ ਪਿਓ ਨੂੰ ਵੀ ਪਤਾ ਲਗ ਗਿਆ, ਪਿਤਾ ਨੇ ਅਸਰਾਜਨੂੰ ਸੱਦਿਆ ਪਰ ਭਰਾ ਈਰਖਾ ਨਾਲ ਲੜਨ ਜਾ ਡਹੇ, ਸੋ ਹਾਰ ਗਏ, ਫਤੇ ਅਸਰਾਜ ਨੇ ਪਾਈ ਪਿਤਾ ਨੇ ਰਾਜ ਭਾਗ ਅਸਰਾਜ ਨੂੰਦੇ ਦਿਤਾ।ਇਨ੍ਹਾਂ ਸੂਰਮਿਆਂ ਦੀ ਵਾਰ ਬਣਾਕੇ ਢਾਢੀਆਂ ਨੇ ਗਾਈ। ਗੁਰੂ ਹਰਿਗੋਬਿੰਦ ਸਾਹਿਬ ਜੀਨੇ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਵਿਚ ਚੜ੍ਹਾਈ ਅਤੇ ਹੁਕਮ ਕੀਤਾ ਕਿ ਅਸਰਾਜ ਦੀ ਵਾਰ ਦੀ ਧੁਨੀ ਉਪਰ ਗਾਉਣੀ।

ਪੌੜੀ ਅਸਰਾਜ ਦੀ

ਭਵਕੇ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ।
ਖਾਨ ਸੁਲਤਾਨ ਜੋ ਸੂਰਮੇ ਵਿਚ ਰਣ ਦੇ ਗੱਜੇ।

Digitized by Panjab Digital Library | www.panjabdigilib.org

ਖੱਤ ਲਿਖੇ ਟੁੱਰੇ ਅਸਰਾਜ ਨੂੰ ਪਾਤਸ਼ਾਹੀ ਅੱਜੇ ।
ਟਿਕਾ ਸਾਰੰਗ ਬਾਪ ਨੇ ਦਿਤਾ ਭਰ ਲਜੇ ।
ਫਤੇ ਪਾਇ ਅਸਰਾਜ ਜੀ ਸ਼ਾਹੀ ਪਰ ਸਜੇ ।

## *ਸਲੋਕੁ ਮਃ ੧ ॥

**†ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀਵਾਰ॥੧॥**

ਦਿਉਹਾੜੀ=ਦਿਹਾੜੀ, ਇਕ ਦਿਨ ॥ ਸਦਵਾਰ=ਸੌ ਵਾਰੀ ॥
ਮੈਂ ਆਪਣੇ ਗੁਰਾਂ ਤੋਂ ਇਕ ਦਿਨ ਵਿਚ ਸੌ ਵਾਰੀ ਬਲਿਹਾਰੇ ਜਾਂਦਾ ਹਾਂ । ਜਿਨ ਮਨੁੱਖਾਂ ਤੋਂ ਦੇਵਤੇ ਬਣਾ ਦਿਤੇ, ਦੇਵਤੇ ਬਣਾਉਂਦਿਆਂ ਦੇਰ ਨਲੱਗੀ।੧।

**ਮਹਲਾ ੨ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰਬਿਨੁ ਘੋਰ ਅੰਧਾਰ ॥ ੨ ॥**

ਜੇਕਰ ਸੌ ਚੰਦ੍ਰਮਾਂ ਚੜ੍ਹੇ ਅਤੇ ਹਜ਼ਾਰ ਸੂਰਜ ਚੜ੍ਹੇ। ਇਤਨੇ ਚਾਨਣ ਹੁੰਦਿਆਂ ਵੀ ਗੁਰਾਂ ਤੋਂ ਬਿਨਾਂ ਬੜਾ ਗਾੜ੍ਹਾ ਹਨੇਰਾ ਹੈ ਭਾਵ ਸੂਰਜ ਚੰਦ੍ਰਮਾਂ ਦੁਨੀਆਂ ਵਿਚ ਚਾਂਨਣ ਕਰਦੇ ਹਨ ਰਿਦੇ ਵਿਚ ਵਾਹਿਗੁਰੂ ਵਲ ਦਾ ਚਾਨਣ ਨਹੀਂ ਕਰਦੇ ਸੋ ਵਾਹਿਗੁਰੂ ਵਲ ਦਾ ਗੁਰੂ ਹੀ ਚਾਨਣ ਕਰਦੇ ਹਨ। ਭਾਵੇਂ ਸਾਰੇ ਇਲਮਾਂ ਦੀਆਂ ਸੈਂਕੜੇ ਹਜ਼ਾਰਾਂ ਕਤਾਬਾਂ ਪੜ੍ਹ ਲਓ ਪਰ ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਦਿਲ ਵਿਚ ਗਾੜ੍ਹਾ ਹਨੇਰਾ ਹੀ ਰਹਿੰਦਾ ਹੈ ।

**ਮਃ ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ ੩ ॥**

ਗੁਰੂ ਜੀ ਆਖਦੇ ਹਨ ਜੇਹੜੇ ਗੁਰਾਂ ਨੂੰ ਯਾਦ ਨਹੀਂ ਕਰਦੇ ਅਤੇ ਅਪਣੇ ਮਨ ਵਿਚ ਆਪ ਹੀ ਸੁਚੇਤ ਬਣਦੇ ਹਨ। ਓਹ ਈਕਣ ਸੰਸਾਰ ਵਿਚ

---

*ਆਸਾ ਦੀ ਵਾਰ ਦੀਆਂ ੯ ਪੌੜੀਆਂ ਪਾਕ ਪਟਣ ਸ਼ੈਹਰ ਵਿਚ ਸ਼ੇਖ ਬ੍ਰਹਮ ਫਰੀਦ ਜੀਦੇ ਪੋਤ੍ਰੇ ਪ੍ਰਤੀ ਉਚਾਰੀਆਂ ਹਨ। ਬਾਕੀ ੧੫ ਹੋਰ ਜਗਾ।

†ਇਕ ਸਿਖ ਗੁਰੂ ਜੀ ਪਾਸ ਜੀਵਨ ਸੁਧਾਰਨ ਲਈ ਆਇਆ ਹੈ ਸੋ ਗੁਰੂ ਜੀ ਨੇ ਉਸ ਸੂਰਮੇ ਸਿਖ ਨੂੰ ਸਿਖਿਆ ਦੇਕੇ ਸੁਧਾਰਿਆ ਹੈ ।

Digitized by Panjab Digital Library | www.panjabdigilib.org

ਭਗਤੀ ਭਾਵ ਪ੍ਰੇਮਤੋਂ ਖਾਲੀ ਰਹਿੰਦੇਹਨ ਜੀਕਣ ਬੁਆੜਤਿਲ ਖੇਤ ਵਿਚ ਸੁੰਞੇ ਛੱਡੇ ਜਾਂਦੇਹਨ,ਬੁਆੜ ਤਿਲਾਂ ਨੂੰ ਜੱਟ ਨਹੀਂ ਵੱਢਦੇ ਕਿਉਂਕਿ ਬੁਆੜ ਤਿਲਾਂ ਵਿਚ ਦਾਣਾਂ ਨਹੀਂ ਹੁੰਦਾ ਅਤੇ ਹੱਥ ਲਾਇਆਂ ਹੱਥ ਕਾਲਾ ਕਰ ਦੇਂਦੇ ਹਨ। ਗੁਰੂ ਜੀ ਆਖਦੇ ਹਨ ਓਨਾਂ ਬੁਆੜ ਤਿਲਾਂ ਦਾ ਖੇਤ ਵਿਚ ਛੁੱਟਿਆਂ ਹੋਯਾਂ ਕੋਈ ਮਾਲਕ ਨਹੀਂ ਬਣਦਾ। ਓਹ ਬੁਆੜ ਤਿਲ ਹੋਰਨਾਂ ਬੂਟਿਆਂ ਵਾਙੂੰ ਫਲਦੇ ਫੁਲਦੇ ਵੀ ਜਰੂਰ ਹਨ,ਪਰ ਓਨਾਂ ਵਿਚਾਰਿਆਂ ਦੀਆਂ ਡੋਡੀਆਂ ਵਿਚ ਸੁਆਹ ਹੀ ਹੁੰਦੀਹੈ ਈਕਣ ਹੀ ਮਨਮੁਖਾਂ ਵਿਚਾਰਿਆਂ ਦੇ ਘਰ ਸਭ ਕੁਝ ਹੁੰਦਾ ਹੈ ਧਨ ਪਦਾਰਥ ਪੁੱਤ੍ਰ ਧੀਆਂ ਪਰ ਗਿਆਨ ਭਗਤੀ ਪ੍ਰੇਮ ਗੁਰੂ ਤੋਂ ਬਿਨਾਂ ਹੋਣ ਕਰਕੇ ਸਭ ਕੁਝ ।ਬਅਰਥ ਹੁੰਦਾ ਹੈ ॥ ੩॥

**ਪਉੜੀ ॥ ਆਪੀਨ੍ਹੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥ ੧ ॥**

ਹੇ ਵਾਹਿਗੁਰੂ ਆਪਹੀ ਤੁਸਾਂ ਸੁਤੰਤ੍ਰ ਹੋਕੇ ਪੰਜਾਂ ਤੱਤਾਂ ਨੂੰ ਸਾਜਿਆ ਅਤੇ ਆਪੇ ਹੀ (ਜਗਤ ਦਾ) ਨਾਮ ਰਚਿਆ ਭਾਵ ਆਪੇ ਹੀ ਜੀਵਾਂ ਨੂੰ ਬਣਾਇਆ ਆਪੇ ਹੀ ਹਰ ਇਕ ਦਾ ਨਾਮ ਧਰਿਆ। ਦੂਜੀ ਤੂੰ ਆਪਣੀ ਸ਼ਕਤੀ ਨਾਲ ਦੁਨੀਆਂ ਬਣਾਈ ਅਤੇ ਉਸ ਦੁਨੀਆਂ ਦੇ ਤਮਾਸ਼ੇ ਨੂੰ ਅਨੰਦ ਨਾਲ ਬਹਿਕੇ ਵੇਖ ਰਿਹਾ ਹੈਂ। ਤੁਸ=ਪ੍ਰਸੰਨ ॥ ਪਸਾਉ=ਦਾਤ ॥
ਹੇ ਕਰਤਾ ਤੂੰ ਆਪ ਹੀ ਦਾਤਾ ਹੈਂ ਆਪ ਹੀ ਪ੍ਰਸੰਨ ਹੋਕੇ ਦਾਤ ਕਰਦਾ ਹੈਂ। ਕਵਾਉ=ਪੁਸ਼ਾਕਾ ॥ ਤੂੰ ਸਾਰਿਆਂ ਦੇ ਦਿਲਦੀ ਜਾਣਦਾ ਹੈਂ ਜਿੰਦ ਨੂੰ ਸਰੀਰ ਰੂਪ ਪੁਸ਼ਾਕਾ ਦੇਕੇ ਲੈ ਲੈਂਦਾ ਹੈਂ। ਇਸ ਤਮਾਸ਼ੇ ਨੂੰ ਅਨੰਦ ਨਾਲ ਬਹਿਕੇ ਵੇਖਦਾ ਹੈਂ ॥ ੧ ॥

**ਸਲੋਕੁ ਮਃ ੧ ॥ ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ**

Digitized by Panjab Digital Library | www.panjabdigilib.org

**ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ਸਚੀਤੇਰੀ ਕੁਦਰਤਿ ਸਚੇ ਪਾਤਿਸਾਹ॥ ਨਾਨਕ ਸਚੁਧਿਆਇਨਿ ਸਚੁ॥ਜੋ ਮਰਿਜੰਮੇ ਸੁ ਕਚੁ ਨਿਕਚੁ॥੧॥**

ਆਪ ਸਤਿ ਕੀਆ ਸਭਿ ਸਤਿ, ਹੇ ਵਾਹਿਗੁਰੂ ਸੱਚੇ ਹੀ ਤੇਰੇ ਖੰਡ ਅਤੇ ਸੱਚੇ ਹੀ ਤੇਰੇ ਬ੍ਰਹਮੰਡ ਹਨ। ਸੱਚੇ ਹੀ ਤੇਰੇ ਲੋਕ ਸੱਚੇ ਹੀ ਸਰੀਰ ਹਨ। ਤੇਰੇ ਸਾਰੇ ਵਿਚਾਰ ਕਰਣੇ ਵੀ ਸੱਚੇ ਹਨ। ਤੇਰਾ ਰਾਜ ਵੀ ਸੱਚਾ ਹੈ ਸਤ ਸੰਗ ਵੀ ਸੱਚਾ ਹੈ। ਤੇਰਾ ਹੁਕਮ ਵੀ ਸੱਚਾ ਹੈ ਤੇਰਾ ਪਰਵਾਨਾ ਵੀ ਸੱਚਾ ਹੈ। ਤੇਰਾ ਕੰਮ ਵੀ ਸੱਚਾ ਹੈ ਤੇਰਾ ਨੀਸ਼ਾਨਾ (ਭਾਵ ਨੀਸ਼ਾਨ ਸਾਹਿਬ ਅਥਵਾ ਪ੍ਰਗਟ ਹੋਣਾ) ਵੀ ਸੱਚਾ ਹੈ। ਹੇ ਸੱਚੇ ਲੱਖਾਂ ਕਰੋੜਾਂ ਜੀਵ ਤੈਨੂੰ ਬੜਾ (ਬਿਅੰਤ) ਆਖਦੇ ਹਨ। ਬਲ ਵੀ ਸਾਰੇ ਸੱਚੇ ਦੇ ਹਨ ਜੋਰ ਵੀ ਸਾਰੇ ਸੱਚੇ ਦੇ ਹਨ। ਤੇਰੀ ਸਿਫਤ ਵੀ ਸੱਚੀ ਹੈ ਅਤੇ ਸਿਫਤ ਦੀ ਸਲਾਘਾ ਕਰਨੀ ਵੀ ਸੱਚੀ ਹੈ। ਹੇ ਸੱਚੇ ਪਾਤਸ਼ਾਹ ਤੇਰੀ ਕੁਦਰਤ ਵੀ ਸੱਚੀ ਹੈ। ਗੁਰੂ ਜੀ ਆਖਦੇ ਹਨ ਜੋ ਸੱਚੇ ਨੂੰ ਯਾਦ ਕਰਦੇ ਹਨ ਸੋ ਸੱਚੇ ਹਨ। ਜੇਹੜੇ ਮਨਮੁਖ ਕੱਚ ਤੋਂ ਵੀ ਕੱਚੇ ਹਨ ਉਹ ਜੰਮਦੇ ਮਰਦੇ ਹਨ ॥ ੧ ॥

**ਮ: ੧ ॥ ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥ ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥ ਵਡੀ ਵਡਿਆਈ ਬੁਝੈ ਸਭਿ ਭਾਉ ॥ ਵਡੀ ਵਡਿਆਈ ਜਾ ਪੁਛਿਨ ਦਾਤਿ॥ ਵਡੀ ਵਡਿਆਈ ਜਾ ਆਪੇ ਆਪਿ॥ ਨਾਨਕ ਕਾਰ ਨ ਕਥਨੀ ਜਾਇ॥ ਕੀਤਾ ਕਰਣਾ ਸਰਬ ਰਜਾਇ ॥ ੨ ॥**

ਹੇ ਵਾਹਿਗੁਰੂ ਤੇਰੀ ਵਡਿਆਈ ਇਸੇ ਕਰਕੇ ਵੱਡੀ ਹੈ ਜੋ ਤੇਰਾ ਨਾਉਂ ਵੱਡਾ ਹੈ। ਤੇਰੀ ਵਡਿਆਈ ਇਸੇ ਕਰਕੇ ਵੱਡੀ ਹੈ ਤੂੰ ਜੋ ਸੱਚਾ ਨਿਆਂ ਕਰਦਾ ਹੈਂ। ਇਸ ਕਰਕੇ ਵੀ ਤੇਰੀ ਵਡਿਆਈ ਵੱਡੀ ਹੈ ਜੋ ਤੇਰਾ ਥਾਂ ਨਿਹਚਲ ਹੈ। ਆਲਾਉ=ਬੋਲਣਾਂ। ਇਸ ਕਰਕੇ ਵੀ ਤੇਰੀ ਵਡਿਆਈ ਵੱਡੀ ਹੈ ਜੋ ਸਾਰਿਆਂ ਦਾ ਬੋਲਿਆ ਹੋਯਾ ਜਾਣ ਜਾਂਦਾ ਹੈਂ। ਇਸ ਕਰਕੇ ਵੀ ਤੇਰੀ

Digitized by Panjab Digital Library | www.panjabdigilib.org

ਵਡਿਆਈ ਵਡੀਹੈ ਜੋ ਸਾਰਿਆਂ ਦੇ ਦਿਲਦਾ ਪ੍ਰੇਮ ਸਮਝ ਲੈਂਦਾ ਹੈਂ (ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ) ਇਸਕਰਕੇ ਵੀ ਤੇਰੀ ਵਡਿਆਈ ਵਡੀ ਹੈ ਜੋ ਤੂੰ ਪੁਛਕੇ ਦਾਤ ਨਹੀ ਦੇਂਦਾ ਭਾਵ ਤੂੰ ਕਿਸੇ ਕੋਲੋਂ ਪੁਛਕੇ ਅਥਵਾ ਮੰਗਤੇ ਕੋਲੋਂ ਹੀ ਪੁਛਕੇ ਦਾਤ ਨਹੀ ਦੇਂਦਾ ਕਿ ਮੈਂ ਤੈਨੂੰ ਕਿੰਨਾਂ ਧਾਂ ਕੀ ਦਿਆਂ ਭਾਵਬਹੁਤ ਸਾਰਾ ਬਿਨਾਂ ਮੰਗੇ ਤੋਂ ਬਖਸ਼ ਦੇਂਦਾ ਹੈਂ। ਇਸ ਕਰਕੇ ਵੀ ਤੇਰੀ ਵਡਿਆਈ ਵੱਡੀ ਹੈ ਜੋ ਤੂੰ ਆਪੇ ਆਪ ਹੈਂ ਤੇਰਾ ਸ਼ਰੀਕ ਕੋਈ ਨਹੀਂ। ਗੁਰੂ ਜੀ ਆਖਦੇ ਹਨ ਜੋਹੜੀ ਤੂੰ ਕਾਰ ਕੀਤੀ ਭਾਵ ਦੁਨੀਆਂ ਬਣਾਈ ਹੈ ਕਥਨ ਨਹੀਂ ਕੀਤੀ ਜਾਂਦੀ ਇਹ ਜਿਨ ਤੂੰ ਸੰਸਾਰ ਬਣਾਇਆ ਹੈ ਸਭ ਤੇਰੇ ਹੁਕਮ ਵਿਚ ਹੈ ॥੧॥

**ਮਹਲਾ ੨ ॥ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੈ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾਕਉ ਆਪਿ ਕਰੇ ਪਰਗਾਸੁ॥ ੩ ॥**

ਇਹ ਜਗ ਸੱਚੇ ਦੀ ਕੋਠੜੀ ਹੈ, ਸੱਚੇ ਵਾਹਿਗੁਰੂ ਦਾ ਵਿਚ ਵਾਸ ਹੈ (ਰਚਨਾ ਸਾਚ ਬਨੀ।) ਇਕਨਾਂ ਨੂੰ ਆਪਣੇ ਹੁਕਮ ਨਾਲ ਮੇਲ ਲੈਂਦਾ ਹੈਂ ਅਤੇ ਇਕ ਨਾਂ ਨੂੰ ਨਾਸ ਕਰਦਾ ਹੈਂ। ਇਕਨਾਂ ਨੂੰ ਹੁਕਮ ਮਨਾਕੇ (ਡੁਬ-ਦਿਆਂ ਨੂੰ) ਕੱਢ ਲੈਂਦਾ ਹੈਂ ਅਤੇ ਇਕਨਾਂ ਮਨਮੁਖਾਂ ਨੂੰ ਮਾਇਆ ਵਿਚ ਹੀ ਰਹਿਣ ਦੇਂਦਾ ਹੈਂ। ਇਹ ਵੀ ਕਿਹਾ ਤੇ ਜਾਂਨਿਆਂ ਨਹੀਂ ਜਾਂਦਾ ਜੋ ਵਾਹਿਗੁਰੂ ਕਿਸਦਾ ਕੀਤਾ ਕਰਤਿਆ ਰਾਸ ਲਿਆਵੇਗਾ। ਗੁਰੂ ਜੀ ਆਖਦੇ ਹਨ ਉਹ ਗੁਰਮੁਖ ਜਾਣੀਦੇ ਹਨ ਜਿਨਾਂ ਨੂੰ ਆਪ ਚਾਨਣ ਕਰਦਾ ਹੈ।

**ਪਉੜੀ॥ਨਾਨਕ ਜੀਅ ਉਪਾਇਕੈ ਲਿਖਿਨਾਵੈ ਧਰਮੁ ਬਹਾਲਿਆ॥ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥ ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ ਲਿਖਿ ਨਾਵੈ**

Digitized by Panjab Digital Library | www.panjabdigilib.org

ਧਰਮੁ ਬਹਾਲਿਆ ॥ ੨ ॥

ਗੁਰੂ ਜੀ ਆਖਦੇ ਹਨ ਜੀਆਂ ਨੂੰ ਪ੍ਰਗਟ ਕਰਕੇ ਉਨਾਂ ਦੇ ਨਾਂਵੇ ਲਿਖਣ ਨੂੰ ਧਰਮ ਰਾਜਾ ਬਹਾਲ ਦਿਤਾ ਹੈ। ਓਥੇ ਧਰਮ ਰਾਜਾ ਦੀ ਦਰ-ਗਾਹ ਵਿਚ ਸੱਚੋ ਸੱਚ ਹੀ ਨਿਬੜੇਗਾ ਭੈੜੇ ਆਦਮੀ ਚੁਣਕੇ ਵੱਖ ਕੱਢੇ ਜਾਣਗੇ। ਝੂਠੇ ਉਸ ਥਾਂ ਬਹਿਣਾਂ ਨਹੀਂ ਪਾਉਂਣਗੇ ਮੂੰਹ ਕਾਲੇ ਕਰਕੇ ਨਰਕ ਨੂੰ ਘੱਲੇ ਜਾਣਗੇ। ਜਿਣ=ਜਿਤ ॥ ਜੇਹੜੇ ਤੇਰੇ ਨਾਮ ਵਿਚ ਰੱਤੇ ਹਨ ਉਹ ਸੰਸਾਰ ਤੋਂ ਬਾਜੀ ਜਿਤ ਗਏ ਅਤੇ ਉਹ ਧਰਮ ਰਾਜਾ ਦੀ ਅਦਾਲਤ ਵਲ ਗਏ ਹੀ ਨਹੀਂ। "ਦੂਰ ਰਹੀ ਉਹ ਜਨ ਤੇ ਬਾਟ।" ਜੇਹੜੇ ਸੰਸਾਰ ਨੂੰ ਠਗਣ ਵਾਲੇ ਸਨ ਉਹ ਹਾਰ ਗਏ। ਵਾਹਿਗੁਰੂ ਨੇ ਜੀਵਾਂ ਦੇ ਨਾਵੇਂ ਲਿਖਣ ਨੂੰ ਧਰਮ ਰਾਜਾ ਨੂੰ ਬਹਾਇਆ ਹੈ॥ ੨ ॥

## ਸਲੋਕ ਮਃ ੧ ॥

ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ॥ ਵਿਸਮਾਦੁ ਰੂਪ ਵਿਸਮਾਦੁ ਰੰਗ ਵਿਸਮਾਦੁ ਨਾਗੇ ਫਿਰਹਿ ਜੰਤ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸ-ਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥ ੧ ॥

ਵਾਜਿਆਂ ਦੇ ਸ਼ਬਦ ਵੀ ਅਸਚਰਜ ਹਨ ਓਨਾਂ ਨੂੰ ਵੇਦ=ਜਾਨਣ ਵਾਲੇ ਵੀ ਅਸਚਰਜ ਹਨ। ਜੀਅ ਵੀ ਅਸਚਰਜ ਹਨ ਓਨਾਂ ਦੇ ਫਰਕ ਵੀ ਅਸਚਰਜ ਹਨ। ਰੂਪ ਵੀ ਅਸਚਰਜ ਹਨ ਰੰਗ ਵੀ ਅਸਚਰਜ ਹਨ। ਜੇਹੜੇ ਜੀਵ ਨੰਗੇ ਫਿਰਦੇ ਹਨ ਓਹ ਵੀ ਅਸਚਰਜ ਹਨ। ਪੌਣ ਵੀ

Digitized by Panjab Digital Library | www.panjabdigilib.org

ਅਸਚਰਜ ਹੈ ਪਾਣੀ ਵੀ ਅਸਚਰਜ ਹੈ। ਅੱਗ ਵੀ ਅਸਚਰਜ ਹੈ ਜੋ ਵੱਡੀਆਂ ਖੇਡਾਂ ਖੇਡਦੀ ਹੈ। ਧਰਤੀ ਵੀ ਅਸਚਰਜ ਚਾਰੇ ਖਾਣੀਆਂ ਵੀ ਅਸਚਰਜ ਹਨ। ਇਹ ਵੀ ਅਸਚਰਜ ਹੈ ਜੋ ਜੀਵ ਸੁਆਦਾਂ ਵਿਚ ਲੱਗੇ ਹੋਇ ਹਨ। ਮਿਲਨਾ ਵੀ ਅਸਚਰਜ ਵਿਛੜਨਾ ਵੀ ਅਸਚਰਜ ਹੈ। ਭੁਖ ਵੀ ਅਸਚਰਜ ਖਾਣਾ ਵੀ ਅਸਚਰਜ ਹੈ। ਸਿਫਤ ਵੀ ਅਸਚਰਜ ਸਲਾਹੁਣਾਂ ਵੀ ਅਸਚਰਜ ਹੈ। ਉਜਾੜ ਵੀ ਅਸਚਰਜ ਰਾਹ ਵੀ ਅਸਚਰਜ ਹੈ। ਇਕਨਾਂ ਗੁਰਮੁਖਾਂ ਨੂੰ ਤੂੰ ਨੇੜੇ ਹੈਂ ਇਹਵੀ ਅਸਚਰਜਹੈ ਇਕਨਾਂ ਮਨਮੁਖਾਂ ਨੂੰ ਤੂੰ ਦੂਰ ਹੈਂ ਇਹ ਵੀ ਅਸਚਰਜ ਹੈ। ਇਹ ਵੀ ਅਸ-ਚਰਜ ਹੈ ਜੋ ਪਾਸ ਤੋਂ ਪਾਸ ਆਣਕੇ ਦੇਖਦਾ ਹੈਂ। ਹੇ ਵੱਡੇ ਅਸਚਰਜ ਵਾਹਿਗੁਰੂ ਤੂੰ ਆਪਣੀ ਅਸਚਰਜ ਰਚਨਾਂ ਨੂੰ ਵੇਖ ਰਿਹਾ ਹੈਂ। ਗੁਰੂ ਜੀ ਆਖਦੇ ਹਨ ਜੇ ਪੂਰਨ ਭਾਗ ਹੋਣ ਤਾਂ ਇਸ ਅਸਚਰਜਤਾ ਦਾ ਸਮਝਣਾਂ ਹੁੰਦਾ ਹੈ॥੧॥

**ਮਹਲਾ ੧ ॥ ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰ ਕਰਤਾ ਪਾਕੀ ਨਾਈਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥**

ਵਾਹਿਗੁਰੂ ਕੁਦਰਤ ਕਰਕੇ ਦਿਸਦਾ ਹੈ,ਕੁਦਰਤ ਕਰਕੇ ਸੁਣੀਦਾਹੈ ਵਹਿਗੁਰੂ ਦੀ ਕੁਦਰਤ ਦਾ ਡਰ ਚੰਗਾ ਸੁਖ ਹੈ। ਅਕਾਸਾਂ ਪਤਾਲਾਂ ਵਿਚ ਵੀ ਕੁਦਰਤ ਹੈ ਸਾਰੇ ਆਕਾਰ ਸਰੀਰ ਵੀ ਕੁਦਰਤ ਦੇ ਹਨ। ਵੇਦ ਪੁਰਾਣ ਕਤੇਬਾਂ ਵੀ ਕੁਦਰਤ ਹਨ ਅਤੇ ਓਨਾਂ ਸਾਰਿਆਂ ਪੁਸਤਕਾਂ ਦਾ ਸਾਰਾ ਵਿਚਾਰਨਾਂ ਵੀ ਕੁਦਰਤ ਹੈ। ਖਾਣਾਂ, ਪੀਣਾਂ, ਪਹਿਨਣਾਂ ਵੀ ਕੁਦਰਤ ਹੈ ਸਾਰਿਆਂ

Digitized by Panjab Digital Library | www.panjabdigilib.org

ਨਾਲ ਪਿਆਰ ਕਰਨਾਂ ਵੀ ਕੁਦਰਤ ਹੈ । ਜਾਤਾਂ ਜਿਨਸਾਂ ਦੇ ਰੰਗ ਵੀ ਕੁਦਰਤ ਹਨ ਅਤੇ ਜਹਾਨ ਦੇ ਜੀਵ ਵੀ ਕੁਦਰਤ ਹਨ । ਨੇਕੀਆਂ ਵੀ ਕੁਦਰਤ ਬਦੀਆਂ ਵੀ ਕੁਦਰਤ, ਮਾਨ ਅਭਮਾਨ ਵੀ ਕੁਦਰਤ ਹੈ। ਪੌਣ ਪਾਣੀ ਅੱਗ ਵੀ ਕੁਦਰਤ ਹੈ ਧਰਤੀ ਜੋ ਸੁਆਹ ਹੈ ਸੋ ਵੀ ਕੁਦਰਤ ਹੈ । ਹੇ ਕਾਦਿਰ ਕਰਤਾ ਸਭ ਤੇਰੀ ਕੁਦਰਤ ਹੈ ਤੂੰ ਸਾਰਿਆਂ ਦੇ ਕਰਨ ਵਾਲਾ ਹੈਂ ਤੇਰਾ ਨਾਮ ਪਵਿਤ੍ਰ ਤੋਂ ਪਵਿਤ੍ਰ ਹੈ । ਗੁਰੂ ਜੀ ਆਖਦੇ ਹਨ ਵਾਹਿਗੁਰੂ ਆਪਣੇ ਹੁਕਮ ਵਿਚ ਵੇਖਦਾ ਹੈ ਅਤੇ ਇਕੋ ਜੇਹਾ ਵਰਤ ਰਿਹਾ ਹੈ ॥ ੨ ॥

**ਪਉੜੀ ॥ ਆਪੀਨੈ੍ ਭੋਗ ਭੋਗਿਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥ ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥ ੩ ॥**

ਜਦੋਂ ਭੌਰ ਆਪ ਭੋਗਾਂ ਨੂੰ ਭੋਗਕੇ ਚਲਾ ਗਿਆ ਤਾਂ ਸਰੀਰ ਪਿਛੋਂ ਸੜਕੇ ਸੁਆਹ ਹੋਇਆ । ਵੱਡਾ=ਬੜਾ ਵਾ ਮਰਗਿਆ ਦੀਵਾ ਵੱਡਾ ਹੋਗਿਆ ॥ ਜੇਹੜਾ ਦੁਨੀਆਂ ਦਾਰ ਆਪਣੇ ਆਪ ਵਿਚ ਵੱਡਾ ਹੋਯਾ ਹੋਯਾ ਸੀ ਜਦ ਉਹ ਮਰ ਗਿਆ ਤਾਂ ਜਮਾਂ ਨੇ ਗਲ ਵਿਚ ਸੰਗਲ ਪਾਕੇ ਅੱਗੇ ਲਾ ਲਿਆ । ਏਥੇ ਜੀਕਣ ਦੀ ਕਰਣੀ ਕੀਤੀ ਸਾਸੁ ਅੱਗੇ ਓਸੇ ਤਰਾਂ ਦੀ ਕੀਰਤੀ ਵਾਚੀ ਗਈ,ਬਹਾਕੇ ਲੇਖਾ ਕਰਕੇ ਸਮਝਾਇਆ ਗਿਆ । ਓਸ ਵੇਲੇ ਪੈਂਦੀਆਂ ਨੂੰ ਥਾਂ ਨ ਹੋਈ ਭਾਵ ਵਾਰ ਨ ਆਈ ਹੁਣ ਰੋਂਦਾ ਕੀ ਸੁਣੀਏ ਭਾਵ ਰੋਂਦੇ ਨੂੰ ਕੌਣ ਸੁਣਕੇ ਬਚਾਵੇ। ਅੰਨ੍ਹੇ ਮਨ ਨੇ ਮਨੁਖਾ ਜਨਮ ਹੀਰਾ ਕੌਡਾਂ ਦੇ ਮੁਲ ਗਵਾ ਲਿਆ ॥ ੩ ॥

**ਸਲੋਕੁ ਮ: ੧ ॥**

**ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥ ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥ ਭੈ**

Digitized by Panjab Digital Library | www.panjabdigilib.org

ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾ ਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥ ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ੧ ॥

ਹਮੇਸ਼ਾਂ ਵਗਣ ਵਾਲੀ ਹਵਾ ਵਾਹਿਗੁਰੂ ਦੇ ਭੈਵਿਚ ਵਗਦੀ ਹੈ। ਲੱਖਾਂ ਦਰਿਆ ਵਾਹਿਗੁਰੂ ਦੇ ਭੈ ਵਿਚ ਚਲਦੇਹਨ। ਅੱਗ ਬੀ ਭੈ ਵਿਚਵਗਾਰ ਕਢਦੀ ਹੈ (ਜੀਵਾਂ ਦੀ ਵਾ ਵਾਹਿਗੁਰੂ ਦੀ) ਧਰਤੀ ਵੀ ਭੈ ਵਿਚ ਭਾਰ ਨਾਲ ਦੱਬੀ ਹੋਈ ਹੈ। ਇੰਦਰ ਬੱਦਲ ਵੀ ਭੈ ਵਿਚ ਸਿਰਦੇ ਭਾਰ ਮੂਧਾ ਪਿਆ ਫਿਰਦਾ ਹੈ। ਧਰਮ ਰਾਜਾ ਵੀ ਆਪਣੇ ਵਾਹਿਗੁਰੂ ਦੇ ਬੂਹੇ ਤੇ ਬਹਿਕੇ ਭੈ ਵਿਚ ਇਨਸਾਫ ਕਰਦਾ ਹੈ। ਸੂਰਜ ਵੀ ਭੈ ਵਿਚ ਚੰਦਰਮਾਂ ਵੀ ਭੈ ਵਿਚ। ਕਰੋੜਾਂ ਕੋਹਾਂ ਚਲਦੇ ਹਨ ਪੈਂਡੇ ਦੀ ਗਿਣਤੀ ਦਾ ਅੰਤ ਨਹੀਂ ਆਉਂਦਾ। ਸਿਧ, ਬੁਧਵਾਰ, ਦੇਵਤੇ, ਨਾਥ ਵੀ ਭੈ ਵਿਚ ਹਨ। ਅਕਾਸ਼ ਚੰਦੋਆ ਵੀ ਭੈ ਵਿਚ ਤਣਿਆਂ ਹੈ। ਜੋਧੇ ਮਹਾਂ ਬਲੀ ਸੂਰਬੀਰ ਵੀ ਭੈ ਵਿਚ ਹਨ। ਕਈ ਪੂਰਾਂ ਦੇ ਪੂਰ ਭੈ ਵਿਚ ਆਉਂਦੇ ਜਾਂਦੇਹਨ। ਸਾਰਿਆਂ ਦੇ ਸਿਰਤੇ ਭੈ ਦਾ ਲੇਖਾ ਲਿਖਿਆ ਹੋਇਆ ਹੈ। ਗੁਰੂ ਜੀ ਆਖਦੇ ਹਨ ਭੈ ਤੋਂ ਬਿਨਾਂ ਇਕ ਸੱਚਾ ਨਿਰੰਕਾਰ ਹੈ ॥ ੧ ॥

ਮਃ ੧ ॥ ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥ ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ ॥ ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥ ਬਾਜਾਰੀ ਬਾਜਾਰ ਮਾਹਿ ਆਇ ਕਢਹਿ ਬਾਜਾਰ ॥ ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥ ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥ ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥ ਗਿਆਨੁ ਨ ਗਲੀਈ ਢੂਢੀਐ ਕਥਨਾ

**ਕਰੜਾ ਸਾਰੁ ॥ ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥**

ਗੁਰੂ ਜੀ ਆਖਦੇ ਹਨ ਭੈ ਤੋਂ ਬਿਨਾਂ ਵਾਹਿਗੁਰੂ ਹੈ ਹੋਰ ਕਿੰਨੇ ਹੀ ਰਾਮ ਆਦਕ ਅਵਤਾਰ ਵਾਹਿਗੁਰੂ ਦੇ ਚਰਨਾਂ ਦੀ ਧੂੜੀ ਹਨ। ਕਿੰਨੀਆਂ ਹੀ ਕ੍ਰਿਸ਼ਨ ਦੀਆਂ ਕਹਾਣੀਆਂ ਅਤੇ ਕਿੰਨੇ ਹੀ ਵੇਦਾਂ ਦੇ ਵਿਚਾਰਨ ਵਾਲੇ ਹਨ। ਕਿੰਨੇ ਹੀ ਮੰਗਤੇ ਨੱਚਦੇ ਤੇ ਭੌਂ ਭੌਂ ਕੇ ਤਾਲ ਪੂਰਦੇ ਹਨ। ਰਾਸ ਧਾਰੀਏ ਬਾਜ਼ਾਰ ਵਿਚ ਆਕੇ ਸਾਂਗ ਕਢਦੇ ਹਨ, ਭਾਵ ਰਾਸ ਪਾਉਂਦੇ ਹਨ ਕਿ ਬਜ਼ਾਰ ਵਿਚ ਦੁਕਾਨ ਕੱਢ ਲੈਂਦੇ ਹਨ ਲੋਕਾਂ ਨੂੰ ਠੱਗੀ ਜਾਂਦੇ ਹਨ। ਰਾਜੇ ਰਾਣੀਆਂ ਬਣਕੇ ਗਾਉਂਦੇ ਹਣ ਅਤੇ ਭੈੜੇ ਬੋਲ ਬੋਲਦੇ ਹਨ। ਲੱਖਾਂ ਰੁਪੱਯਾਂ ਦੇ ਛੱਲੇ ਵਾਲੇ ਅਤੇ ਲੱਖਾਂ ਰੁਪਈਆਂ ਦੇ ਹਾਰ (ਓਨਾਂ ਦੇ) ਗਲ ਵਿਚ ਪਏ ਹੋਇ ਹੁੰਦੇ ਹਨ। ਗੁਰੂ ਜੀ ਆਖਦੇ ਹਨ ਜਿਸ ਸਰੀਰ ਵਿਚ ਓਹ ਪੈਂਦੇ ਹਨ ਓਹ ਸੁਆਹ ਹੋ ਜਾਂਦੇ ਹਨ। ਗੱਲਾਂ ਨਾਲ ਗਿਆਨ ਨਹੀਂ ਲੱਭਦਾ ਗਿਆਨ ਦਾ ਕਥਨਾ ਲੋਹੇ ਵਾਂਙੂ ਕਰੜਾ ਹੈ। ਵਾਹਿਗੁਰੂ ਦੀ ਕਿਰਪਾ ਨਾਲ ਗੁਰੂ ਮਿਲੇ ਤਾਂ ਪਾਈਦਾ ਹੈ ਹੋਰ ਹਿਕਮਤਾਂ ਤੇ ਹੁਕਮ ਕਰਨੇ ਤੇ ਖੁਆਰ ਹੋਈਦਾ ਹੈ ॥ ੨ ॥

**ਪਉੜੀ ॥ ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥ ਏਹੁ ਜੀਉ ਬਹੁਤੇ ਜਨਮ ਭ੍ਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥ ਸਤਿਗੁਰੁ ਮਿਲਿਐ ਸਚੁ ਪਾਇਆ ਜਿਨ੍ੀ ਵਿਚਹੁ ਆਪੁ ਗਵਾਇਆ ॥ ਜਿਨਿ ਸਚੋ ਸਚੁ ਬੁਝਾਇਆ ॥ ੪ ॥**

ਜੇ ਵਾਹਿਗੁਰੂ ਆਪਣੀ ਕਿਰਪਾ ਕਰੇ ਤਾਂ ਕਿਰਪਾ ਕਰਨ ਵਾਲਾ ਗੁਰੂ ਪਾ ਲਈ ਦਾ ਹੈ। ਸਤਿਗੁਰਾਂ ਤਾਂ ਉਪਦੇਸ਼ ਸੁਣਾਇਆ ਹੈ ਕਿ ਇਹ ਜੀਵ ਬੜੇ ਜਨਮਾਂ ਵਿਚ ਭਰਮਿਆ ਹੈ। ਹੇ ਭਾਈ ਲੋਕੋ ਸਾਰੇ ਸੁਣੋ ਗੁਰਾਂ ਜਿੱਡਾ ਵੱਡਾ ਦਾਤਾ ਕੋਈ ਨਹੀਂ ਜੇ। ਗੁਰਾਂ ਨੂੰ ਮਿਲੀਏ ਤਾਂ ਵਾਹਿਗੁਰੂ ਨੂੰ ਪਾ ਲਈਦਾ ਹੈ ਜਿਨਾਂ ਨੇ ਵਿਚੋਂ ਹੰਕਾਰ ਨੂੰ ਦੂਰ ਕੀਤਾ। ਜਿਨਾਂ ਨੇ ਸੱਚੋ ਸਚ ਆਖਿਆ ॥ ੪ ॥

Digitized by Panjab Digital Library | www.panjabdigilib.org

## ਸਲੋਕ ਮਃ ੧ ॥

ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ॥ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥ ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥ ੧ ॥

(ਵਾਹਿਗੁਰੂ ਦੀ ਦੁਨੀਆਂ ਰੂਪ ਰਾਸ)

ਦਿਨ ਰਾਤ ਦੀਆਂ ਘੜੀਆਂ ਸਾਰੀਆਂ ਗੋਪੀਆਂ ਅਤੇ ਦਿਨ ਰਾਤ ਦੇ ਅਠ ਪਹਿਰ ਕ੍ਰਿਸ਼ਨ ਗੁਆਲੇ ਹਨ । ਪੌਣ ਪਾਣੀ ਅੱਗ ਗਹਿਣੇ ਹਨ ਚੰਦ੍ਰਮਾਂ (ਰਾਮ ਅਤੇ ਸੂਰਜ (ਕ੍ਰਿਸ਼ਨ) ਅਵਤਾਰ (ਰਾਸ ਦੇ ਲਾੜ੍ਹੇ) ਹਨ । ਸਾਰੀ ਧਰਤੀ ਮਾਲ, ਡੰਗਰ, ਦੌਲਤ, ਅਤੇ ਸਾਰੀ ਵਰਤਣ ਜੰਜਾਲ ਹੈ ਭਾਵ ਵਾਹਿਗੁਰੂ ਦੀ ਸੰਸਾਰ ਰੂਪ ਰਾਸ ਨੂੰ ਲੋਕ ਵੇਖਣ ਲਗੇ ਹੋਏ ਹਨ ਇਸ ਦੁਨੀਆਂ ਰੂਪ ਰਾਸ ਵਿਚ ਬੜੇ ਜੰਜਾਲ ਹਨ । ਗੁਰੂ ਜੀ ਆਖਦੇ ਹਨ ਗਿਆਨ ਤੋਂ ਬਿਨਾਂ ਦੁਨੀਆਂ ਲੁਟੀ ਗਈ ਹੈ ਅਤੇ ਜਮ ਕਾਲ ਖਾ ਗਿਆ ਹੈ ॥ ੧ ॥

ਮਃ ੧ ॥ ਵਾਇਨਿ ਚੇਲੇ ਨਚਨਿ ਗੁਰ॥ਪੈਰ ਹਲਾਇਨਿ੍ ਫੇਰਨਿ੍ ਸਿਰਿ ॥ ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ॥ ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ ਗਾਵਨਿ ਗੋਪੀਆ ਗਾਵਨਿ ਕਾਨ੍ਹ ॥ ਗਾਵਨਿ ਸੀਤਾ ਰਾਜੇ ਰਾਮ ॥ ਨਿਰਭਉ ਨਿਰੰਕਾਰ ਸਚੁ ਨਾਮੁ॥ ਜਾਕਾ ਕੀਆ ਸਗਲ ਜਹਾਨੁ ॥ ਸੇਵਕ ਸੇਵਹਿ ਕਰਮਿ ਚੜਾਉ॥ ਭਿੰਨੀ ਰੈਣਿ ਜਿਨ੍ਹਾ ਮਨਿ ਚਾਉ ॥ ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥ ਕੋਲੂ ਚਰਖਾ ਚਕੀ ਚਕੁ॥ ਥਲ ਵਾਰੋਲੇ ਬਹੁਤੁ ਅਨੰਤੁ । ਲਾਟੂ ਮਾਧਾਣੀਆ

Digitized by Panjab Digital Library | www.panjabdigilib.org

ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥ ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥ ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥ ਨਚਿ ਨਚਿ ਹਸਹਿ ਚਲਹਿ ਸੇ ਰੋਇ ॥ ਉਡਿ ਨ ਜਾਹੀ ਸਿਧ ਨ ਹੋਹਿ ॥ ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥ ੨ ॥

(ਸੰਸਾਰੀ ਲੋਕਾਂ ਦੀ ਰਾਸ)

ਚੇਲੇ ਵਾਜੇ ਵਜਾਉਂਦੇ ਹਨ ਅਤੇ ਸ੍ਵਾਂਗੀ ਗੁਰੂ ਨੱਚਦੇ ਹਨ। ਪੈਰ ਹਿਲਾਉਂਦੇ ਹਨ।ਸਿਰ ਫੇਰਦੇ ਹਨ। ਘੱਟਾ ਉਡ ਉਡਕੇ ਝਾਟੇ ਵਿਚ ਪੈਂਦਾ ਹੈ। ਲੋਕ ਵੇਖਕੇ ਘਰ ਜਾਕੇ ਹੱਸਦੇ ਹਨ ਅਥਵਾ ਲੋਕ ਘਰਾਂ ਤੋਂ ਜਾਕੇ ਵੇਖਦੇ ਅਤੇ ਹੱਸਦੇ ਹਨ। ਰੋਟੀਆਂ ਵਾਸਤੇ ਤਾਲ ਪੂਰਦੇ ਹਨ। ਆਪਣੇ ਆਪ ਨੂੰ ਧਰਤੀ ਨਾਲ ਪਟਕਾ ੨ ਕੇ ਮਾਰਦੇ ਹਨ। ਗੋਪੀਆਂ ਕਾਨ ਸੀਤਾ ਰਾਜੇ ਰਾਮ ਜਿੰਨੇ ਸਾਂਗੀ ਬਣੇ ਹੋਇ ਹੁੰਦੇ ਹਨ ਸਾਰੇ ਆਉਂਦੇ ਹਨ ਅਥਵਾ ਗੋਪੀਆਂ ਕਾਨ੍ ਸੀਤਾ ਰਾਜੇ ਰਾਮ, ਸਾਰੇ ਰਾਸ ਧਾਰੀਏ ਇਹਨਾਂ ਨੂੰ ਗਾਉਂਦੇ ਹਨ। ਜਿਸਦਾ ਨਾਮ ਸੱਚਾ ਹੈ ਸੋ ਨਿਰੰਕਾਰ ਨਿਰਭੌ ਹੈ। ਜਿਸਦਾ ਇਹ ਸਾਰਾ ਸੰਸਾਰ ਕੀਤਾ ਹੋਯਾ ਹੈ। ਜਿਸ ਉਤੇ ਵਾਹਿਗੁਰੂ ਦੀ ਕਿਰਪਾ ਦਾ ਰੰਗ ਚੜ੍ਹਦਾ ਹੈ ਉਹ ਵਾਹਿਗੁਰੂ ਨੂੰ ਸੇਂਵਦਾ ਹੈ। ਜਿਨਾਂ ਦੇ ਮਨ ਵਿਚ ਵਾਹਿਗੁਰੂ ਦੇ ਭਜਨ ਦਾ ਚਾਉ ਹੈ ਉਨਾਂ ਦੀ ਅਵਸਥਾ ਰੂਪ ਰਾਤ ਪ੍ਰੇਮ ਨਾਲ ਭਿੱਜੀ ਹੋਈ ਹੈ। ਜਿਨਾਂ ਨੇ ਗੁਰਾਂ ਪਾਸੋਂ ਸਿੱਖੀ ਦਾ ਵਿਚਾਰ ਕਰਨਾ ਸਿਖਿਆ ਹੈ ਅਥਵਾ ਸਿਖਿਆ ਸਿਖੀ ਹੈ। ਉਨਾਂ ਨੂੰ ਵਾਹਿਗੁਰੂ ਸੰਸਾਰ ਸਮੁੰਦ੍ਰ ਤੋਂ ਪਾਰ ਲੰਘਾਉਂਦਾ ਹੈ। ਕੋਲ੍ਹੂ, ਚਰਖਾ, ਚੱਕੀ, ਚੱਕ। ਰੇਤਲੀ ਥਾਂ ਦੇ ਵਾ ਵਰੋਲੇ ਈਕਣ ਦੇ ਜਿੰਨੇਕੁ ਬਹੁਤ ਬੇਅੰਤ ਭੌਂਣ ਵਾਲੇ ਹਨ। ਲਾਟੂ, ਮਧਾਣੀਆਂ ਅੰਨ ਨੂੰ ਗਾਹੁਣ ਵਾਲੇ ਬਲਦ ਫਲ੍ਹੇ। ਪੰਛੀਆਂ ਦੀਆਂ ਡਾਰਾਂ ਵੀ ਭੌਂਦੀਆਂ ਹੋਈਆਂ ਸਾਰ ਨਹੀਂ ਲੈਂਦੀਆਂ। ਮੇਲਿਆਂ ਵਿਚ ਭੰਗੂੜਿਆਂ ਤੇ ਚਾੜਕੇ ਆਦਮੀ ਵੀ ਭੁਆਏ ਜਾਂਦੇ ਹਨ। ਗੁਰੂ ਜੀ ਆਖਦੇ ਹਨ ਈਕਣ ਭੌਣ ਵਾਲਿਆਂ ਦੀ ਗਿਣਤੀ ਦਾ ਕੋਈ ਅੰਤ ਨਹੀਂ ਆਉਂਦਾ। ਆਪਣੇ ਕਰਮਾਂ ਰੂਪ ਬੰਨ੍ਹਣਾਂ ਵਿਚ ਬੰਨ੍ਹੇ ਹੋਏ ਸੋ ਉਪਰਲੇ ਆਦਮੀ ਭੁਆਏ ਜਾਂਦੇ ਹਨ। ਉਹ ਸਭ ਕੋਈ ਆਪੋ ਆਪਣੇ

Digitized by Panjab Digital Library | www.panjabdigilib.org

ਕੀਤੇ ਹੋਇ ਕਰਮਾਂਦੇ ਵੱਸ ਹੋਇ ਪਏ ਨੱਚਦੇ ਹਨ। ਜੇਹੜੇ ਨੱਚ ਨੱਚਕੇ ਹੱਸਦੇ ਹਨ ਓਹੋ ਚੱਲਨ ਲੱਗੇ ਰੋਂਦੇ ਹਨ। ਨਾਂ ਹੀ ਕਿਧਰੇ ਉੱਡ ਜਾਂਦੇ ਹਨ ਨਾਂ ਹੀ ਮੁਕਤਿ ਹੋ ਜਾਂਦੇ ਹਨ। ਇਹ ਨੱਚਣਾਂ ਕੁੱਦਣਾਂ ਇਕ ਮਨ ਦਾ ਚਾਉ ਹੈ। ਗੁਰੂ ਜੀ ਆਖਦੇਹਨ ਜਿਨਾਂ ਦੇ ਮਨ ਵਿੱਚ ਵਾਹਿਗੁਰੂ ਦਾ ਡਰ ਹੁੰਦਾ ਹੈ ਓਨਾਂ ਦੇ ਮਨ ਵਿੱਚ ਪ੍ਰੇਮ ਹੁੰਦਾ ਹੈ॥ ੨॥

**ਪਉੜੀ॥ ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥ਜੀਉ ਪਿੰਡੁ ਸਭੁ ਤਿਸਦਾ ਦੇ ਖਾਜੈ ਆਖਿ ਗਵਾਈਐ ॥ ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥ਜੇ ਜਰਵਾਣਾ ਪਰਹਰੈ ਜਰੁਵੇਸ ਕਰੇਦੀ ਆਈਐ ॥ ਕੋ ਰਹੈ ਨ ਭਰੀਐ ਪਾਈਐ॥ ੫ ॥**

ਹੇ ਭਾਈ ਵਾਹਿਗੁਰੂ ਦਾ ਨਾਮ ਤੇਰਾ ਉਧਾਰ ਕਰਨ ਵਾਲਾ ਹੈ ਨਾਮ ਲੈਣ ਨਾਲ ਨਰਕ ਨਹੀਂ ਜਾਈਦਾ। ਇਸ ਜੀਵ ਪਾਸ ਸਰੀਰ ਆਦਿਕ ਸਭ ਧਨ ਪਦਾਰਥ ਵਾਹਿਗੁਰੂ ਦਾ ਬਖਸ਼ਿਆ ਹੋਯਾ ਹੈ। ਇਸ ਲਈ ਉਸ ਵਾਹਿਗੁਰੂ ਦੇ ਵਾਸਤੇ ਕੁਝ ਦੇਕੇ ਖਾਣਾਂ ਚਾਹੀਦਾ ਹੈ ਅਤੇ ਇਹ ਕਹਿਣਾਂ ਕਿ ਮੈਂ ਐਨਿਆਂ ਆਦਮੀਆਂ ਨੂੰ ਵਾਹਿਗੁਰੂ ਦੇ ਨਮਿਤ ਪ੍ਰਸ਼ਾਦ ਛਕਾਇਆ ਹੈ ਇਸ ਗੱਲ ਨੂੰ ਗਵਾ ਦੇਈਏ ਕੀ ਭੁਲਾ ਦਈਏ। ਜੇ ਆਪਣਾ ਚੰਗਾ ਲੋੜੀਏ ਤਾਂ ਪੁੰਨਾਂ ਨੂੰ ਕਰਕੇ ਨੀਵੇਂ ਸਦਾਈਏ। ਜਰਵਾਣਾਂ=ਜਮ। ਜੰਰ=ਬੁਢੇਪਾ॥ ਜੇ ਜੋਰ ਵਾਲੇ ਜਮ ਨੂੰ ਪਰੇ ਹਟਾਯਾ ਚਹੁੰਦਾ ਹੈਂ ਤਾਂ ਭਜਨ ਕਰ ਕਿਉਂਕਿ ਬੁਢੇਪੇ ਵਾਲੀ ਉਮਰ ਵੇਸ ਕਰੇਂਦੀ ਆਉਂਦੀ ਹੈ ਅਥਵਾ ਜੇਹੜੇ ਸਿੱਖੀ ਤੋਂ ਪਤਤ ਬੁਢੇਪੇ ਨੂੰ ਕਲਫ ਆਦਿਕ ਲਾਕੇ ਦੂਰ ਕਰਦੇ ਜੁਆਨ ਬਣਦੇ ਹਨ ਓਨਾਂ ਨੂੰ ਇਹ ਪਤਾ ਨਹੀਂ ਕਿ ਅੰਦਰ ੨ ਸਾਡੀ ਉਮਰ ਬਦਲਦੀ ਘਟਦੀ ਜਾਂਦੀ ਹੈ ਵਿਚੋਂ ਅਸੀਂ ਬੁੱਢੇ ਹੁੰਦੇ ਜਾਂਦੇ ਹਾਂ ਅਤੇ ਉਤੋਂ ਕਿਉਂ ਮੂੰਹ ਕਾਲਾ ਕਰਦੇ ਹਾਂ ਸਗੋਂ ਵਾਹਿਗੁਰੂ ਨੇ ਸਾਡਾ ਮੂੰਹ ਉੱਜਲ ਕੀਤਾ ਹੈ ਰਹਿਣ ਦਈਏ। ਕੋਈ ਭਾਂਡਾ ਭਰਿਆ ਹੋਇਆ ਨਹੀਂ ਰਹਿੰਦਾ ਜੀਕਣ ਪੜੋਪਾ ਭਰਕੇ ਉੱਲਟਾ ਦੇਈਏ ਤਾਂ ਕੋਈ ਦਾਣਾਂ ਵਿਚ ਨਹੀਂ ਰਹਿੰਦਾ ਈਕਣ ਹੀ ਜਦ ਸੁਾਸ ਮੁੱਕ ਜਾਂਦੇ ਹਨ ਤਾਂ ਭੌਰ ਤੋਤਾ ਬਾਗ ਪਿੰਜਰੇ ਵਿਚੋਂ ਉਡ ਜਾਂਦਾ ਹੈ॥ ੫॥

**ਸਲੋਕ ਮਃ ੧ ॥**

**ਮੁਸਲਮਾਨਾਂ ਸਿਫਤਿ ਸਰੀਅਤਿ ਪੜਿ ਪੜਿ ਕਰੈ**

ਬੀਚਾਰੁ ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥ ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥ ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮ ਕਰਤਾਰੁ ॥ ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥ ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥ ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥ ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥ ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥ ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ॥ ਓਇ ਜਿ ਆਖਹਿ ਸੁ ਤੂੰ ਹੈ ਜਾਣਹਿ ਤਿਨਾ ਭਿ ਤੇਰੀ ਸਾਰ ॥ ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥ ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾਛਾਰੁ ॥ ੮ ॥

ਮੁਸਲਮਾਨਾਂ ਵਿੱਚ ਸ਼ਰਾ ਦੀ ਸਿਫ਼ਤ ਹੈ ਉਹ ਸ਼ਰਾ ਦੀਆਂ ਕਤਾਬਾਂ ਪੜ੍ਹ ੨ ਕੇ ਵਿਚਾਰ ਕਰਦੇ ਹਨ। ਪਰ ਬੰਦੇ ਉਹ ਹਨ ਜੇਹੜੇ ਵਾਹਿਗੁਰੂ ਦਾ ਦੀਦਾਰ ਕਰਨ ਨੂੰ ਬੰਦਗੀ ਵਿਚ ਪੈਣ। ਅਪਾਰ ਦਰਸਨ ਰੂਪ ਤੇ ਸਲਾਹੁਣੇ ਜੋਗ ਨੂੰ ਹਿੰਦੂ ਸਲਾਹੁੰਦੇ ਹਨ ਭਾਵ ਵਾਹਿਗੁਰੂ ਨੂੰ ਛੱਡਕੇ ਹਿੰਦੂ ਕਈਆਂ ਨੂੰ ਸਲਾਹੁਣ ਲਗ ਜਾਂਦੇ ਹਨ। ਅਰਚਾ=ਮੂਰਤੀ ਪੂਜਾ। ਅਗਰ=ਚੰਦਨ। ਬਹਕਾਰ=ਮੌਹਿਕਾਉਂਦੇ ਹਨ। ਤੀਰਥਾਂ ਤੇ ਨ੍ਹਾਉਂਦੇ ਹਮ ਮੂਰਤੀਆਂ ਦੀ ਪੂਜਾ ਕੇਸਰ ਦੇ ਛੱਟੇ ਮਾਰਕੇ ਕਰਦੇ ਹਨ, ਚੰਦਨ ਆਦਿਕ ਕਈਤਰਾਂ ਦੀਆਂ ਵਾਸ਼ਨਾਂ ਵਾਲਾ ਧੂਪ ਧੁਖਾਉਂਦੇ ਹਨ। ਜੋਗੀ ਜਿੰਨੇ ਹਨ ਉਹ ਸੁੰਞੀ ਜਗਾ ਬੈਠਕੇ ਅਲੱਖ ਵਾਹਿਗੁਰੂ ਦਾ ਨਾਮ ਧਿਆਉਂਦੇ ਹਨ ਜਿਸਦੀ ਬੜੀ ਨਿੱਕੀ ਮੂਰਤ ਤੇ ਨਾਮ ਮਾਇਆ ਤੋਂ ਰਹਿਤ ਹੈ ਉਸਨੂੰ ਕਾਇਆਂ ਦੇ ਅਕਾਰ ਵਾਲਾ ਕਰਕੇ ਧਿਆਉਂਦੇ ਹਨ। ਸੱਚਿਆਂ ਦੇ

Digitized by Panjab Digital Library | www.panjabdigilib.org

ਮਨ ਵਿਚ ਸੰਤੋਖ ਹੋਣਾ ਚਾਹੀਦਾ ਸੀ ਦਾਨ ਦੇਕੇ ਵਿਚਾਰ ਕਰਨ ਕਿ ਸਾਡੀ ਉਸਤਤਿ ਹੋਵੇ ਜਾਂ ਐਨਾਂ ਦਾਨ ਕਿਉਂ ਕੀਤਾ ਅਥਵਾ ਦਾਤਾਂ ਦਾਨ ਕਰਕੇ ਵਿਚਾਰ ਕਰਦੇ ਹਨ ਅਤੇ ਸੰਤੋਖ ਨਹੀਂ ਕਰਦੇ। ਸਗੋਂ ਦਾਨ ਕਰਕੇ ਹਜ਼ਾਰਾਂ ਗੁਣਾਂ ਵਾਹਿਗੁਰੂ ਪਾਸੋਂ ਮੰਗ ਲੈਂਦੇ ਹਨ ਅਤੇ ਨਾਲ ਹੋਰ ਭਾਰ ਸਿਰ ਤੇ ਚੜ੍ਹਾਉਂਦੇ ਹਨ ਤੇ ਮੂੰਹੋਂ ਜਾਂ ਮਨ ਵਿਚ ਆਖਦੇ ਹਨ ਸਾਡੀ ਸੰਸਾਰ ਸੋਭਾ ਕਰੇ। ਚੋਰ, ਯਾਰ, ਝੂਠੇ, ਖਰਾਬ, ਵਿਕਾਰੀ, ਲੋਕੀਂ ਬੁਰੇ ਕੰਮ ਕਰਦੇ ਹਨ। ਇਕ ਆਦਮੀ ਜੋ ਪਿਛਲੇ ਜਨਮ ਵਿੱਚ ਪੁੰਨ ਕੀਤਾ ਹੁੰਦਾ ਹੈ ਓਹ ਐਥੇ ਸੰਸਾਰ ਵਿਚ ਖਾ ਜਾਂਦੇ ਹਨ ਓਨਾਂ ਨੂੰ ਵੀ ਕੋਈ ਕਾਰ ਮਿਲੇਗੀ ਭਾਵ ਓਨਾਂ ਨੂੰ ਵੀ ਕਿਸੇ ਕਾਰ ਕੀਤੀ ਦਾ ਫਲ ਮਿਲੇਗਾ ? ਨਹੀਂ। ਜਲਾਂ, ਥਲਾਂ, ਪੁਰੀਆਂ, ਲੋਕਾਂ, ਸਰੀਰਾਂ ਦੇ ਵਿੱਚ ਜਿੰਨੇਕੁ ਜੀਆਂ ਦੇ ਅਕਾਰ ਸਰੀਰ ਹਨ ਭਾਵ ਆਦਮੀਆਂ ਦੇ ਅੰਦਰ ਜਿੰਨੇਕੁ ਜੀਵ ਹਨ। ਜੋ ਕੁਝ ਓਹ ਆਖਦੇ ਹਨ ਸੋ ਓਹ ਹੇ ਵਾਹਿਗੁਰੂ ਤੂੰਹੇਂ ਜਾਣਦਾ ਹੈਂ ਅਤੇ ਓਨਾਂ ਨੂੰ ਵੀ ਤੇਰੀ ਸਾਰ ਲੈਂਣੀ ਬਚਾਈ ਜਾਂਦੀ ਹੈ। ਗੁਰੂ ਜੀ ਆਖਦੇ ਹਨ ਹੇ ਵਾਹਿਗੁਰੂ ਭਗਤਾਂ ਨੂੰ ਤਾਂ ਤੇਰੇ ਸਲਾਹੁਣ ਦੀ ਭੁਖ ਹੈ ਅਤੇ ਤੇਰੇ ਸੱਚੇ ਨਾਮ ਦਾ ਹੀ ਆਸਰਾ ਹੈ। ਜੇਹੜੇ ਦਿਨੇ ਰਾਤ ਹਮੇਸ਼ਾਂ ਤੇਰੇ ਭਜਨ ਵਿਚ ਅਨੰਦ ਰਹਿੰਦੇ ਹਨ ਓਨਾਂ ਗੁਣਵੰਤਿਆਂ ਦੇ ਚਰਨਾਂ ਦੀ ਧੂੜ ਮੈਂ ਮੰਗਦਾ ਹਾਂ ॥ ੧ ॥

ਸ਼ੇਖ ਬ੍ਰਹਮ ਨੇ ਆਖਿਆ ਗੁਰੂ ਜੀ! ਹਿੰਦੂ ਮਰਕੇ ਸੜਦੇ ਬੜਾ ਦੁਖ ਪਾਉਂਦੇ ਹਨ ਮੁਸਲਮਾਨ ਸੜਨ ਤੋਂ ਬਚੇ ਰਹਿੰਦੇ ਹਨ ਤਿਸ ਪ੍ਰਥਾਇ ਗੁਰੂ ਜੀ ਨੇ ਉਚਾਰਿਆ:-

**ਮ: ੧॥ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥ ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥੨॥**

ਮੁਸਲਮਾਨ ਦੀ ਮਿੱਟੀ ਘੁਮਿਆਰ ਦੇ ਪੇੜੇ ਵਿੱਚ ਪਈ ਹੈ ਭਾਵ ਘੁਮਿਆਰ ਕਬਰਾਂ ਵਿਚੋਂ ਮਿਟੀ ਲਿਆਉਂਦਾ ਹੈ।* ਉਸ

*ਸਰੰਦ ਵਿਚ ਇਕ ਵਜੀਦੇ ਨੇ ਪਾਪ ਕੀਤਾ ਸੀ ਕਿ ਗੁਰੂ ਜੀ ਦੇ ਪੁਤ੍ਰ ਨੀਹਾਂ ਵਿਚ ਚਿਣੇ ਸਨ ਸੋ ਅਜੇ ਤਕ ਉਹ ਵਜੀਦੇ ਦੇ ਵਡਿਆਂ ਵਡੇਰਿਆਂ ਦੀ ਮਿੱਟੀ ਅਤੇ ਖਾਸ ਕਰਕੇ ਵਜੀਦੇ ਦੀ ਮਿੱਟੀ ਰੋੜੇ ਬਣਕੇ ਰੇਲ ਦੇ ਪਹੀਆਂ ਹੇਠਾਂ ਹਿਸਾਬ ਦੇ ਰਹੀ ਹੈ ਅਜੇ ਪਤਾ ਨਹੀਂ ਕਦੋਂ ਛੁਟਕਾਰਾ ਹੋਊ, ਪਹਾੜੀਆਂ ਵੀ ਗੁਰੂ ਜੀ ਨੂੰ ਦੁਖ ਦਿਤਾ ਸੀ. ਸੋ ਉਹ ਪਹਾੜ ਦੇ ਵੱਟੇ ਬਣਕੇ ਰੇਲ ਹੇਠਾਂ ਹਿਸਾਬ ਦੇਂਦੇ ਹਨ।

Digitized by Panjab Digital Library | www.panjabdigilib.org

ਮਿੱਟੀ ਦੇ ਕੁਝ ਭਾਂਡੇ ਘੜੇ ਕੁਝ ਇੱਟਾਂ ਕੀਤੀਆਂ ਜਦ ਉਹ ਮਿੱਟੀ ਜਿਸਦੇ ਭਾਂਡੇ ਬਰਤਨ ਬਣੇਂ ਹੋਏ ਹਨ ਆਵੀ ਵਾ ਆਵੇ ਤੇ ਧਰੀ ਤਾਂ ਸੜਦੀ ਹੋਈ ਸੂੰ ਸੂੰ ਕਰਕੇ ਪੁਕਾਰ ਕਰਦੀ ਹੈ। ਉਹ ਮੁਸਲਮਾਨਾਂ ਦੀ ਮਿੱਟੀ ਵਿਚਾਰੀ ਸੜ ਸੜ ਕੇ ਰੋਂਦੀ ਹੈ ਅਤੇ ਉਸਨਾਲੋਂ ਅੰਗਿਆਰ ਝੜ ਝੜ ਕੇ ਪੈਂਦੇ ਹਨ। ਗੁਰੂ ਜੀ ਆਖਦੇ ਹਨ ਕਿ ਜਿਸ ਕਰਤੇ ਨੇ ਇਹ ਕੰਮ ਕੀਤਾ ਕਿ ਸੰਸਾਰ ਬਣਾਇਆ ਹੈ ਓਹੋ ਹੀ ਵਾਹਿਗੁਰੂ ਜਾਣੇ ਕਿ ਖਬਰੇ ਹੁਣ ਏਸ ਮਿੱਟੀ ਨੇ ਅਜੇ ਵੀ ਕਿੰਨੀ ਵਾਰੀ ਸੜਨਾ ਹੈ ਭਾਵ ਉਹ ਭਾਂਡੇ ਭੱਜਕੇ ਫਿਰ ਮਿੱਟੀ ਬਣ ਜਾਂਦੇ ਹਨ ਅਤੇ ਮੁੜ ਮੁੜਕੇ ਸੜਦੇ ਤੇ ਦੁਖ ਪਾਉਂਦੇ ਹਨ ॥

ਪਉੜੀ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥ ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥ ਸਤਿ-ਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥ ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥ ਜਗ ਜੀਵਨੁ ਦਾਤਾ ਪਾਇਆ ॥ ੬ ॥

ਗੁਰਾਂ ਤੋਂ ਬਿਨਾਂ ਵਾਹਿਗੁਰੂ ਨੂੰ ਨ ਕਿਸੇ ਨੇ ਪਹਿਲੋਂ ਪਾਇਆ ਹੈ ਅਤੇ ਨ ਕਿਸੇ ਨੇ ਹੁਣ ਪਾਇਆ ਹੈ। ਵਾਹਿਗੁਰੂ ਨੇ ਸਤਿਗੁਰਾਂ ਵਿਚ ਆਪਣਾਂ ਆਪ ਰਖਿਆ ਹੈ ਭਾਵ ਵਾਹਿਗੁਰੂ ਗੁਰਾਂ ਦੇ ਅੰਦਰ ਰਹਿੰਦਾ ਹੈ ਇਹ ਵਾਹਿਗੁਰੂ ਨੇ ਆਪ ਪ੍ਰਗਟ ਕਰਕੇ ਆਖ ਸੁਣਾਇਆ ਹੈ। ਜਿਸਨੇ ਗੁਰਾਂ ਨੂੰ ਮਿਲਕੇ ਵਿਚੋਂ ਮੋਹ ਦੂਰ ਕਰ ਦਿਤਾ ਹੈ ਓਹ ਹਮੇਸ਼ਾਂ ਹੀ ਮੁਕਤਿ ਹੈ। ਏਹੋ ਹੀ ਉੱਤਮ ਵਿਚਾਰ ਹੈ ਜਿਸਨੇ ਸੱਚੇ ਨਾਲ ਚਿਤ ਲਾਇਆ ਹੈ। ਓਸੇ ਨੇ ਹੀ ਜਗ ਜੀਵਨ ਦਾਤਾ ਵਾਹਿਗੁਰੂ ਪਾਇਆ ਹੈ ॥ ੬ ॥

## ਸਲੋਕ ਮ: ੧ ॥

ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥ ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ

Digitized by Panjab Digital Library | www.panjabdigilib.org

**ਪਾਪ ਪੁੰਨ ਵੀਚਾਰੁ ॥ ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥ ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥ ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥ ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥ ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥ ੧ ॥**

ਹੰਕਾਰ ਵਿੱਚ ਆਇਆ ਹੰਕਾਰ ਵਿੱਚ ਗਿਆ। ਹੰਕਾਰ ਵਿਚ ਜੰਮਿਆ ਹੰਕਾਰ ਵਿਚ ਮੋਇਆ। ਹੰਕਾਰ ਵਿਚ ਹੀ ਕਿਸੇ ਨੂੰ ਕੁਝ ਦਿਤਾ ਹੰਕਾਰ ਵਿਚ ਹੀ ਕਿਸੇ ਤੋਂ ਕੁਝ ਲੀਤਾ। ਹੰਕਾਰ ਵਿਚ ਖੱਟਿਆ ਹੰਕਾਰ ਵਿਚ ਗਵਾਇਆ। ਹੰਕਾਰ ਵਿਚ ਹੀ ਕਦੀ ਸੱਚਾ ਕਦੀ ਝੂਠਾ ਹੋਯਾ। ਹੰਕਾਰ ਵਿਚ ਹੀ ਪਾਪ ਪੁੰਨ ਦਾ ਵਿਚਾਰ ਕੀਤਾ। ਹੰਕਾਰ ਵਿਚ ਹੀ ਨਰਕ ਸੁਰਗ ਵਿਚ ਪਿਆ। ਹੰਕਾਰ ਵਿਚ ਹੀ ਹਸਿਆ ਹੰਕਾਰ ਵਿਚ ਹੀ ਰੋਇਆ। ਹੰਕਾਰ ਵਿਚ ਹੀ ਪਾਪਾਂ ਨਾਲ ਭਰਿਆ ਹੰਕਾਰ ਵਿਚ ਹੀ ਮਨ ਦੀ ਮੈਲ ਧੋਣ ਲੱਗਾ। ਹੰਕਾਰ ਵਿਚ ਹੀ ਜਾਤਾਂ ਦੇ ਫਰਕਾਂ ਨੂੰ ਦੂਰ ਕੀਤਾ। ਹੰਕਾਰ ਵਿਚ ਹੀ ਚੰਗੀ ਮੁਕਤੀ ਦੀ ਸਾਰ ਨਹੀ ਜਾਣਦਾ। ਹੰਕਾਰ ਵਿਚ ਹੀ ਮਾਇਆ ਨੇ ਮੱਤ ਮਾਰੀ ਹੰਕਾਰ ਵਿਚ ਹੀ ਬੜਾ ਹਨੇਰਾ ਆਕੇ ਛਾਇਆ। ਹੰਕਾਰ ਕਰਕੇ ਹੀ ਮੁੜ ਮੁੜ ਜੀਵ ਜੂਨਾਂ ਵਿਚ ਪਰਗਟ ਹੋਇਆ। ਸਮਝ ਲਏ ਕਿ ਹੰਕਾਰ ਬੁਰਾ ਹੈ ਤਾਂ ਵਾਹਿਗੁਰੂ ਦਾ ਬੂਹਾ ਸੁਝ ਪੈਂਦਾ ਹੈ। ਗਿਆਨ ਤੋਂ ਬਿਨਾਂ ਕਥਾ ਕਰਕੇ ਝਗੜਦਾ ਹੈ। ਗੁਰੂ ਜੀ ਆਖਦੇ ਹਨ ਵਾਹਿਗੁਰੂ ਨੇ ਜੀਵ ਦਾ ਲੇਖ ਲਿਖਿਆ ਹੈ ਕਿ ਜੀਕਣ ਦਾ ਤੂੰ ਮੈਨੂੰ ਵੇਖੇਂਗਾ ਉਸ ਤਰਾਂ ਦਾ ਮੈਂ ਤੈਨੂੰ ਵੇਖਾਂਗਾ ॥ ੧ ॥

**ਮਹਲਾ ੨ ॥ ਹਉਮੈ ਏਹਾ ਜਾਤਿ ਹੈ ਹਉਮੈ ਕਰਮੁ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ**

Digitized by Panjab Digital Library | www.panjabdigilib.org

ਪਾਹਿ ॥ ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥ ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥ ੨ ॥

ਜੇਹੜੇ ਹੌਮੈਂ ਵਿਚ ਕਰਮ ਕਰਨੇ ਹਨ ਏਹੋ ਹੀ ਹੌਮੈਂ ਦੇ ਉੱਗਣ ਦੀ ਥਾਂ ਹੈ। ਏਹੋ ਹੀ ਹੌਮੈਂ ਦੇ ਬੰਨਣ ਹਨ ਜੋ ਫਿਰ ਫਿਰ ਜੂੰਨਾਂ ਵਿੱਚ ਪੈਣਾ ਹੈ। ਸਿਖ=ਹੇ ਗੁਰੂ ਅੰਗਦ ਜੀ, ਇਹੁ ਹੌਮੈਂ ਕਿੱਥੋਂ ਜੰਮਦੀ ਅਤੇ ਕੇਹੜੇ ਤਰੀਕੇ ਨਾਲ ਜਾਂਦੀ ਹੈ (ਸੋ ਇਸ ਸਵਾਲ ਦਾ ਉਤਰ ਪਹਿਲੀਆਂ ਦੋ ਸਤਰਾਂ ਹਨ।) ਹੌਮੈ ਵਾਲੇ ਨੂੰ ਏਹੋ ਹੁਕਮ ਮਿਲਦਾ ਹੈ ਕਿ ਤੂੰ ਅ ਪਣੇ ਕੀਤੇ ਹੋਇ ਕਰਮਾਂ ਦੇ ਅਨੁਸਾਰ ਜੂਨਾਂ ਵਿਚ ਪਿਆ ਫਿਰ। ਹੌਮੈ ਬੱਡਾ ਰੋਗ ਹੈ ਅਤੇ ਦਾਰੂ ਵੀ ਇਸਦੇ ਵਿਚ ਹੀ ਹੈ। ਜੇ ਵਾਹਿਗੁਰੂ ਆਪਣੀ ਕਿਰਪਾ ਕਰੇ ਤਾਂ ਗੁਰਾਂ ਦਾ ਉਪਦੇਸ਼ ਕਮਾਈਦਾ ਹੈ। ਗੁਰੂ ਜੀ ਆਖਦੇ ਹਨ ਹੇ ਭਾਈ ਸੁਣੋ ਇਸ ਤਰੀਕੇ ਨਾਲ ਇਹ ਦੁਖ ਜਾਂਦਾ ਹੈ ॥ ੨ ॥

ਪਉੜੀ ॥ ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥

ਜਿਨਾਂ ਸੰਤੋਖੀਆਂ ਨੇ ਸੇਵਾ ਕੀਤੀ ਹੈ ਅਤੇ ਠੀਕ ਨਾਮ ਨੂੰ ਧਿਆਇਆ ਭਾਵ ਸੱਚ ਬੋਲਿਆ ਹੈ। ਓਨਾਂ ਨੇ ਮੰਦੇ ਪਾਸੇ ਵਲ ਪੈਰ ਨਹੀਂ ਰੱਖਿਆ, ਪੁੰਨ ਕਰਕੇ ਧਰਮ ਕਮਾਇਆ ਹੈ। ਓਨਾਂ ਨੇ ਹੀ ਦੁਨੀਆਂ ਦੇ ਬੰਧਨ ਤੋੜੇ ਅਤ ਅੰਨ ਪਾਣੀ ਥੋੜਾ ਖਾਧਾ। ਅਗਲਾ=ਬਹੁਤ ॥ ਹੇ ਵਾਹਿਗੁਰੂ ਤੂੰ ਓਨਾਂ ਨੂੰ ਬੜੀ ਬਖਸ਼ਸ਼ ਕਰਦਾ ਹੈਂ ਅਤੇ ਰੋਜ ਵੱਧ ਤੋਂ ਵੱਧ ਚੜ੍ਹਕੇ ਦੇਂਦਾ ਹੈਂ। ਓਨਾਂ ਵੀ ਵਡਿਆਈ ਕਰਕੇ ਵੱਡਾ ਵਾਹਿਗੁਰੂ

Digitized by Panjab Digital Library | www.panjabdigilib.org

ਪਾਇਆ ਹੈ ॥ ੭ ॥

## ਸਲੋਕ ਮ: ੧ ॥

**ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ ਅੰਡਜ ਜੇਰਜ ਉਤ-ਭੁਜਾਂ ਖਾਣੀ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਂਹ ॥ ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ ॥ ਜਿਨ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ॥ ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥ ੧ ॥**

ਆਦਮੀਆਂ, ਦਰਖਤਾਂ, ਤੀਰਥਾਂ ਦੇ ਕੰਢਿਆਂ ਤੇ ਰਹਿਣ ਵਾਲਿਆਂ ਬਦਲਾਂ, ਖੇਤਾਂ ਦੀ। ਨਵਾਂ ਦੀਪਾਂ ਸੱਤਾਂ ਲੋਕਾਂ ਮੰਡਲਾਂ ਨਵਾਂ ਖੰਡਾਂ ਸਾਰੇ ਬ੍ਰਹਮੰਡਾਂ ਦੀ। ਅੰਡਿਆਂ ਦੀ ਖਾਣੀ ਜੇਉਰ ਦੀ ਖਾਣੀ ਜਮੀਨ ਵਿਚੋਂ ਜੰਮੀ ਹੋਈ ਬਨਾਸਪਤੀ ਖਾਣੀ, ਮੁੜ੍ਹਕੇ ਦੀਆਂ ਜੂਆਂ ਆਦਿਕ ਖਾਣੀ ਦੀ। ਗੁਰੂ ਜੀ ਆਖਦੇ ਹਨ ਫਿਰ ਵਾਹਿਗੁਰੂ ਸਭਨਾਂ ਦੀ ਮਰਯਾਦਾ ਜਾਣਦਾ ਹੈ ਸਮੁੰਦ੍ਰਾਂ ਪਹਾੜਾਂ ਵਿਚ ਜਿੰਨੇ ਜੀਵ ਰਹਿੰਦੇ ਹਨ। ਗੁਰੂ ਜੀ ਆਖਦੇ ਹਨ ਜੀਆਂ ਨੂੰ ਪਰਗਟ ਕਰਕੇ ਸਾਰਿਆਂ ਨੂੰ ਸੰਭਾਲਦਾ ਕੀ ਪਾਲਣਾਂ ਕਰਦਾ ਹੈ। ਭਾਵ ਜੈਸਾ ੨ ਰਿਜ਼ਕ ਚਾਹੀਦਾ ਹੈ ਤੈਸਾ ੨ ਸਭਨਾਂ ਨੂੰ ਦੇਂਦਾ ਹੈ। ਜਿਸ ਕਰਤੇ ਨੇ ਸੰਸਾਰ ਨੂੰ ਰਚਣਾਂ ਕੀਤਾ ਹੈ ਇਸਦੀ ਚਿੰਤਾ ਵੀ ਰੋਜ ਓਸੇ ਨੂੰ ਹੀ ਕਰਨੀ ਪੈਂਦੀ ਹੈ। ਜਿਸਨੇ ਜਗਤ ਨੂੰ ਪੈਦਾ ਕੀਤਾ ਹੈ ਓਹੋ ਕਰਤਾ ਚਿੰਤਾ ਕਰਦਾ ਹੈ। ਜੋਹਾਰੀ=ਨਮਸਕਾਰ ॥ ਸੁਅਸਤਿ= ਸੁਖ ॥ ਅਭਗ=ਨਾਸ ਤੋਂ ਬਿਨਾਂ ॥ ਤਿਸਨੂੰ ਨਮਸਕਾਰ ਹੈ ਤਿਸ ਨੂੰ ਸੁਖ ਹੈ ਤਿਸਦੀ ਸਭਾ ਨਾਸ ਨਹੀਂ ਹੁੰਦੀ। ਗੁਰੂ ਜੀ ਆਖਦੇ ਹਨ ਸੱਚੇ ਨਾਮ ਤੋਂ ਬਿਨਾਂ ਕੀ ਟਿੱਕਾ ਲਾਉਣਾਂ ਤੇ ਕੀ ਜੰਞੂ ਪਾਉਂਣਾ ਭਾਵ ਕਿਸੇ ਕੰਮ ਨਹੀਂ ॥ ੧ ॥

**ਮ: ੧ ॥ ਲਖ ਨੇਕੀਆ ਚੰਗਿਆਈਆਂ ਲਖ ਪੁੰਨਾ ਪਰਵਾਣੁ॥ਲਖ ਤਪ ਉਪਰਿ ਤੀਰਥਾ ਸਹਜਜੋਗ ਬੇਬਾਣ॥**

**ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥ ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥ ੨ ॥**

ਲੱਖਾਂ ਹੀ ਨੇਕੀਆਂ ਤੇ ਚੰਗਿਆਈਆਂ ਕਰੇ ਅਤੇ ਲੱਖਾਂ ਹੀ ਤਰਾਂ ਦੇ ਪੁੰਨ ਕਰਕੇ ਪਰਵਾਨ ਹੋ ਜਾਵੇ। ਲੱਖਾਂ ਹੀ ਤੀਰਥਾਂ ਉਤੇ ਤਪ ਕਰੇ ਅਤੇ ਜੰਗਲਾਂ ਵਿਚ ਸਹਿਜੇ ਹੀ ਜੋਗ ਸਾਧੇ। ਸੂਰਤਣ=ਸੂਰਮਤਾਈ। ਸੰਗਰਾਮ=ਜੰਗ ॥ ਜੰਗ ਵਿਚ ਜਾਕੇ ਲੱਖਾਂ ਹੀ ਬਹਾਦਰੀਆਂ ਕਰੇ ਅੰਤ ਨੂੰ ਰਣ ਵਿਚ ਹੀ ਪ੍ਰਾਣ ਛੁਟ ਜਾਣ। ਲੱਖਾਂ ਹੀ ਵੇਦ ਦੀਆਂ ਸੁਰਤੀਆਂ ਪੜ੍ਹੇ ਲੱਖਾਂ ਹੀ ਗਿਆਨ ਦੀਆਂ ਗੱਲਾਂ ਕਰੇ ਲੱਖਾਂ ਹੀ ਤਰਾਂ ਦਾ ਧਿਆਨ ਲਾਵੇ ਅਤੇ ਪੁਰਾਣਾਂ ਦਾ ਪਾਠ ਪੜ੍ਹੇ। ਜਿਸ ਕਰਤੇ ਨੇ ਸੰਸਾਰ ਬਣਾਯਾ ਹੈ ਅਤੇ ਆਉਂਣਾਂ ਜਾਣਾਂ ਹਰ ਇਕ ਦੇ ਮੱਥੇ ਤੇ ਲਿਖ ਦਿਤਾ ਹੈ। ਗੁਰੂ ਜੀ ਆਖਦੇ ਹਨ ਸਾਰੀਆਂ ਮੱਤਾਂ ਝੂਠੀਆਂ ਹਨ ਇਕ ਵਾਹਿਗੁਰੂ ਦੀ ਕਿਰਪਾ ਇਹ ਸੱਚਾ ਪਰਵਾਨਾ ਹੈ ਤੇ ਪਿਛਲੇ ਸਾਰੇ ਕਰਮ ਝੂਠੇ ਹਨ ॥ ੨ ॥

**ਪਉੜੀ ॥ ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥ ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨੀ ਸਚੁ ਕਮਾਇਆ ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥ ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ॥ ਵਿਚਿ ਦੁਨੀਆ ਕਾਹੇ ਆਇਆ ॥ ੮ ॥**

ਤੂੰ ਇੱਕੋ ਹੀ ਸੱਚਾ ਸਾਹਿਬ ਹੈਂ ਜਿਸ ਨੇ ਸਾਰੇ ਸੱਚੋ ਸੱਚ ਵਰਤਾਯਾ ਹੈ। ਜਿਸਨੂੰ ਤੂੰ ਦੇਂਦਾ ਹੈਂ ਓਸੇ ਨੂੰ ਹੀ ਸੱਚ ਮਿਲਦਾ ਹੈ ਤੇ ਓਹੋ ਹੀ ਸੱਚ ਨੂੰ ਕਮਾਉਂਦਾ ਕੀ ਬੋਲਦਾ ਹੈ। ਜੇਹੜਾ ਸਤਿਗੁਰਾਂ ਨਾਲ ਮਿਲਿਆ ਹੈ ਓਸ ਨੇ ਸੱਚ ਨੂੰ ਪਾਇਆ। ਸਤਿਗੁਰੂ ਉਹ ਹੈ ਜਿਸਨੇ ਆਪਣੇ ਹਿਰਦੇ ਵਿਚ ਸੱਚ ਨੂੰ ਵਸਾਇਆ ਹੈ। ਮੂਰਖ ਸੱਚ ਨੂੰ ਨਹੀਂ ਜਾਣਦੇ ਮਨਮੁਖਾਂ ਨੇ ਜਨਮ ਗਵਾ ਲਿਆ ਹੈ। ਮਨਮੁਖ ਦੁਨੀਆਂ ਵਿਚ ਕਿਉਂ ਆਯਾ ॥ ੯ ॥

Digitized by Panjab Digital Library | www.panjabdigilib.org

**ਸਲੋਕੁ ਮਃ ੧ ॥**

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਇਐ ਪੜਿਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥**

ਪੁਸਤਕਾਂ ਪੜ੍ਹ ਪੜ੍ਹ ਕੇ ਗੱਡਾਂ ਲਦ ਲਈਏ ਪੜ੍ਹ ਪੜ੍ਹ ਕੇ ਸਾਥ ਭਰ ਲਈਏ ਭਾਵ ਐਨੀਆਂ ਪੁਸਤਕਾਂ ਪੜ੍ਹ ਲਈਏ ਕਿ ਕਿਧਰੇ ਜਾਣਾਂ ਹੋਵੇ ਤਾਂ ਗੱਡਾਂ ਉਤੇ ਲੱਦ ਕੇ ਖੜਨੀਆਂ ਪੈਣ ਅਤੇ ਊਠ ਘੋੜੇ ਹਾਥੀ ਖਚਰਾਂ ਜਿੰਨੇ ਕੁ ਆਪਣੇ ਆਦਮੀ ਹੋਣ ਸਭਨੂੰ ਕਤਾਬਾਂ ਨਾਲ ਭਰ ਲਈਏ ਭਾਵ ਚੁਕਾ ਲਈਏ ਅਥਵਾ ਬੋਰੀਆਂ ਭਰਕੇ ਨਾਲ ਲੈ ਲਈਏ। ਪੜ੍ਹ ੨ ਕੇ ਬੇੜੀ ਵਿਚ ਪਾ ਦੇਈਏ ਪੜ੍ਹ ੨ ਕੇ ਟੋਇਆਂ ਵਿਚ ਨੱਪ ਦਈਏ ਭਾਵ ਐਨਾਂ ਪੜ੍ਹੀਏ ਕਿ ਇਤਨੀਆਂ ਕਤਾਬਾਂ ਪਾਸ ਹੋ ਜਾਣ ਜੇ ਕਿਧਰੇ ਜਾਣਾਂ ਹੋਵੇ ਤਾਂ ਅਗੇ ਨਦੀ ਦਰੀਆ ਆ ਜਾਵੇ ਤਾਂ ਬੇੜੀ ਵਿਚ ਧਰਕੇ ਲੰਘਾਉਂਣੀਆਂ ਪੈਣ ਅਤੇ ਜੇ ਬਹੁਤ ਪੁਸਤਕਾਂ ਹੋ ਜਾਣ ਤਾਂ ਖਾ ਆਂ ਵਿਚ ਗਡਣੀਆਂ ਪੈਣ। ਜਿੰਨੇ ਵਰ੍ਹੇ ਜੀਉਂਦੇ ਰਹੀਏ ਪੜ੍ਹਦੇ ਹੀ ਰਹੀਏ ਅਤੇ ਵਰ੍ਹੇ ਦੇ ਉਪਰ ਜਿੰਨੇ ਮਹੀਨੇ ਹੋਣ ਉਹ ਵੀ ਪੜ੍ਹਦਿਆਂ ਰਹੀਏ ਭਾਵ ਜੇ ਕਿਸੇ ਨੇ ਫਰਜ਼ ਕਰੋ ਅੱਸੀ ਵਰ੍ਹੇ ਦੇ ਹੋਕੇ ਅਤੇ ਅਗੇ ਇਕ ਜਾਂ ਦੋ ਮਹੀਨੇ ਹੋਰ ਭੋਗਕੇ ਬੜਾ ਦੁਖੀ ਹੋਕੇ ਮਰਨਾ ਹੋਵੇ ਤਾਂ ਉਹ ਵੀ ਮਹੀਨੇ ਪੜ੍ਹਦਾ ਹੀ ਰਹੇ। ਸਾਰੀ ਉਮਰ ਪੜ੍ਹਦੇ ਰਹੀਏ ਜਿੰਨੇ ਸਾਸ ਹਨ ਵਿਦਜਾ ਹੀ ਪੜ੍ਹਦੇ ਰਹੀਏ। ਭਾਵ ਸਾਸ ਸਾਸ ਪੜ੍ਹਦੇ ਰਹੀਏ। ਗੁਰੂ ਜੀ ਆਖਦੇ ਹਨ ਹੇ ਭਾਈ ਅੰਤਨੂੰ ਲੇਖੇ ਵਿਚ ਤਾਂ ਇਕੋ ਹੀ ਭਜਨ ਦੀ ਗਲ ਹੈ ਹੋਰ ਸਭ ਹੰਕਾਰ ਦੀਆਂ ਝਖਾਂ ਮਾਰਨੀਆਂ ਹਨ ॥ ੧ ॥

**ਮਃ ੧ ॥ ਲਿਖਿ ਲਿਖਿ ਪੜਿਆ ਤੇਤਾ ਕੜਿਆ ॥ ਬਹੁ ਤੀਰਥ ਭਵਿਆ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ॥ ਬਹੁ ਦੁਖੁ ਪਾਇਆ**

Digitized by Panjab Digital Library | www.panjabdigilib.org

ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ਕਿਉ ਜਾਗੈ ਗੁਰਬਿਨੁ ਸੂਤਾ ॥ ਪਗ ਉਪੇਤਾਣਾ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥ ੨ ॥

ਕੜਿਆ=ਖੁਰਦਾ ਰਿਹਾ, ਕੱਸਿਆ ਗਿਆ ॥ ਜਿੰਨਾਂ ਲਿਖ ੨ ਕੇ ਪੜ੍ਹਿਆ ਓਨਾਂ ਹੀ ਝੁਰਿਆ (ਸੜਿਆ) ਅਥਵਾ ਦੁਧ ਵਾਂਙੂ ਕੜ੍ਹਦਾ ਰਿਹਾ ਅਥਵਾ ਕਰਮਾਂ ਦੇ ਬੰਨ੍ਹਣਾਂ ਵਿਚ ਬੰਨ੍ਹਿਆਂ ਗਿਆ। ਜਿਤਨਾਂ ਬਹੁਤਾ ਜਿਤਨੇ ਬਹੁਤੇ ਤੀਰਥਾਂ ਤੇ ਭਵਿਆਂ ਓਨਾਂ ਹੀ ਬਹੁਤਾ ਕਾਂ ਵਾਂਙੂ ਲਵਿਆ (ਬੋਲਿਆ) ਜਿੰਨੇ ਬਹੁਤੇ ਭੇਖ ਕੀਤੇ ਓਨਾਂ ਹੀ ਬਹੁਤਾ ਦੇਹੀ ਨੂੰ ਦੁਖ ਦਿਤਾ। ਹੇ ਜੀਆ! ਆਪਣਾਂ ਕੀਤਾ ਸਹਾਰ। ਅੰਨ ਨ ਖਾਧਾ ਸੁਆਦ ਗੁਵਾਲਿਆ ਭਾਵ ਅੰਨ ਛੱਡ ਦਈਏ ਤੇ ਫੇਰ ਅੰਨ ਦਾ ਸੁਆਦ ਨਹੀਂ ਆਉਂਦਾ ਕਿਉਂਕਿ ਸਰੀਰ ਮਾੜਾ ਅਥਵਾ ਬੀਮਾਰ ਹੋ ਜਾਂਦਾ ਹੈ ਤਾਂ ਫਿਰ ਭਜਨ ਦਾ ਕੀ ਸੁਆਦ ਆਉਂਦਾ ਹੈ। ਦ੍ਵੈਤ ਭਾਉ ਜੋ ਤੈਨੂੰ ਚੰਗਾ ਲੱਗਾ ਇਸ ਵਿੱਚ ਬੜਾ ਦੁਖ ਪਾਯਾ। ਕਪੜੇ ਨ ਪਾਏ ਰਾਤ ਦਿਨੇ ਦੁਖੀ ਹੋਯਾ। ਚੁਪ ਕਰਨ ਵਿੱਚ ਹੀ ਖਰਾਬ ਹੋਗਿਆ ਹੈ ਗੁੰਗਾ ਬਣ ਬੈਠਾ ਹੈ ਸੁਤਾ ਹੋਯਾ ਗੁਰਾਂ ਤੋਂ ਬਿਨਾਂ ਕੀਕਣ ਜਾਗੇ। ਉਪੇਤਾਣਾ=ਨੰਗਾ। ਜੋੜਾ ਨਹੀਂ ਪਾਉਂਦਾ ਪੈਰਾਂ ਤੋਂ ਨੰਗਾ ਰਹਿੰਦਾ ਆਪਣਾ ਕੀਤਾ ਫਲ ਪਾਉਂਦਾ ਹੈ। ਬਾਮਮਾਰਗੀ ਹੋਕੇ ਅਘੋਰੀ ਬਣਕੇ ਬੜੀ ਮੈਲ ਚੰਦਰੀ ਖਾਧੀ। ਆਪ ਆਪਣੇ ਸਿਰ ਵਿਚ ਸੁਆਹ ਪਾਈ। ਮੂਰਖ ਅੰਨ੍ਹੇ ਨੇ ਆਪਣੀ ਇੱਜ਼ਤ ਆਪ ਗੁਵਾ ਲਈ। ਨਾਮ ਤੋਂ ਬਿਨਾਂ ਇਨ੍ਹਾਂ ਗੱਲਾਂ ਵਿੱਚੋਂ ਕੋਈ ਗੱਲ ਵੀ ਵਾਹਿਗੁਰੂ ਨੇ ਇਸ ਜੀਵ ਦੀ ਆਪਣੇ ਹਿਸਾਬ ਕਿਤਾਬ (ਦਫਤ੍ਰ) ਵਿਚ ਨ ਪਾਈ ਭਾਵ ਕੋਈ ਗਲ ਵੀ ਲੇਖੇ ਵਿਚ ਨਾ ਆਈ। ਉਜਾੜਾਂ ਮੜੀਆਂ ਮਸਾਣਾਂ ਵਿਚ ਰਹਿੰਦਾ ਹੈ। ਅੰਨ੍ਹਾਂ ਹੁਣ ਤਾਂ ਨਹੀਂ ਜਾਣਦਾ

Digitized by Panjab Digital Library | www.panjabdigilib.org

(ਭਾਵ ਭਜਨ ਕਰਦਾ) ਪਿਛੋਂ (ਜਦੋਂ ਉਮਰ ਬੀਤ ਗਈ) ਪਛਤਾਣੀ ਲਗੂਗੀ ਭਾਵ ਅਫਸੋਸ ਕਰੇਗਾ। ਜੇਹੜਾ ਗੁਰਾਂ ਨੂੰ ਮਲੇਗਾ ਉਹ ਸੁਖ ਪਾਇਗਾ। ਉਹ ਵਾਹਿਗੁਰੂ ਦੇ ਨਾਮ ਨੂੰ ਮਨ ਵਿਚ ਵਸਾਉਂਦਾ ਹੈ। ਗੁਰੂ ਜੀ ਆਖਦੇ ਹਨ ਜਿਸ ਤੇ ਵਾਹਿਗੁਰੂ ਕਿਰਪਾ ਕਰੇ ਉਹ ਗੁਰਾਂ ਨੂੰ ਮਿਲਦਾ ਹੈ। ਗੁਰਾਂ ਦਾ ਉਪਦੇਸ਼ ਲੈਕੇ ਹੰਕਾਰ ਨੂੰ ਸਾੜਕੇ ਸਾਰਿਆਂ ਫਿਕਰਾਂ ਤੋਂ (ਸੁਧ) ਬੇ-ਫਿਕਰ ਹੋ ਜਾਂਦਾ ਹੈ।

**ਪਉੜੀ ॥ ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ॥ਇਕਿ ਮੂਲੁ ਨ ਬੁਝਨਿ ਆਪਣਾ ਅਣ-ਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ਹ ਮੰਗਾ ਜਿ ਤੁਝੈ ਧਿਆਇਦੇ ॥ ੯ ॥**

ਜੇਹੜੇ ਤੇਰੇ ਸਤ ਸੰਗ ਦਰਵਾਜੇ ਉਤੇ ਕੀਰਤਨ ਕਰਦੇ ਸੋਭਦੇ ਹਨ ਉਹ ਭਗਤ ਤੇਰੇ ਮਨ ਵਿਚ ਭਾਉਂਦੇ ਹਨ। ਗੁਰੂ ਜੀ ਆਖਦੇ ਹਨ ਜੇਹੜੇ ਈਕਣ ਦੇ ਕੰਮਾਂ ਤੋਂ ਬਿਨਾਂ ਹਨ ਓਹ ਤੇਰੇ ਬੂਹੇ ਤੇ ਢੋਈ ਨਹੀਂ ਲੈਂਦੇ ਅਤੇ (ਸੰਸਾਰ ਵਿਚ ਜੂਨਾਂ ਵਿਚ) ਦੌੜਦੇ ਫਿਰਦੇ ਹਨ। ਇਕ ਮਨਮੁਖ ਆਪਣਾਂ ਮੁੱਢ ਵਾਹਿਗੁਰੂ ਨਹੀਂ ਸਮਝਦੇ ਅਤੇ ਅਣਹੋਂਦਾ ਹੀ ਆਪਣਾ ਆਪ ਗਿਣਾਉਂਦੇ ਹਨ। ਮੈਂ ਨੀਵੀਂ ਜਾਤ ਦਾ ਢਾਢੀ ਹਾਂ ਹੋਰ ਉੱਤਮ ਉੱਚੀਆਂ ਜਾਤਾਂ ਦੇ ਢਾਢੀ ਸਦਾਉਂਦੇ ਹਨ। ਮੈਂ ਓਨਾਂ ਦਾ ਸਤਸੰਗ ਮੰਗਦਾ ਹਾਂ ਜੋ ਤੈਨੂੰ ਯਾਦ ਕਰਦੇ ਹਨ ॥ ੯ ॥

## ਸਲੋਕੁ ਮਃ ੧ ॥

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥ ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥ ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥ਕੂੜਿ ਕੂੜੈ ਨੇਹੁ ਲਗਾ ਵਿਸਰਿਆ**

Digitized by Panjab Digital Library | www.panjabdigilib.org

ਕਰਤਾਰੁ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧ ॥

ਰਾਜਾ ਪਰਜਾ ਸਭ ਸੰਸਾਰ ਕੂੜ (ਨਾਸ ਹੋਂਣ ਵਾਲਾ)ਹੈ। ਮਹਿਲ ਮਾੜੀਆਂ ਤੇ ਬਹਿਣ ਵਾਲਾ ਵੀ ਕੂੜ (ਨਾਸ ਹੋਣ ਵਾਲਾ) ਹੈ। ਸੋਨਾਂ, ਚਾਂਦੀ ਤੇ ਪਹਿਨਣ ਵਾਲਾ ਵੀ ਕੂੜ(ਨਾਸ ਹੋਂਣ ਵਾਲਾ) ਹੈ। ਕਾਇਆਂ, ਕੱਪੜਾ ਤੇ ਸੁੰਦਰ ਰੂਪ ਵੀ ਕੂੜ (ਨਾਸ ਹੋਂਣ ਵਾਲਾ) ਹੈ। ਮੀਆਂ ਬੀਬੀ ਵੀ ਕੂੜ ਹੈ ਸੰਸਾਰ ਵਿੱਚ ਖਪਕੇ ਨਾਸ ਹੋਏ। ਝੂਠਿਆਂ ਦਾ ਉਪਰ ਵਾਲੇ ਝੂਠੇ ਪਦਾਰਥ ਨਾਲ ਪਿਆਰ ਲੱਗਾ ਤੇ ਵਾਹਿਗੁਰੂ ਵਿਸਰ ਗਿਆ। ਕਿਸ ਨਾਲ ਦੋਸਤੀ ਕਰੀਏ ਸਾਰਾ ਜੱਗ ਚੱਲਣ ਹਾਰ ਹੈ। ਮਿੱਠਾ ਵੀ ਕੂੜ ਸ਼ਹਿਤ ਵੀ ਕੂੜ, ਝੂਠ ਨੇ ਪੂਰਾਂ ਦੇ ਪੂਰ ਡੋਬ ਦਿੱਤੇ। ਗੁਰੂ ਜੀ ਆਖਦੇ ਹਨ ਹੇ ਵਾਹਿਗੁਰੂ ਤੇਰੇ ਤੋਂ ਬਿਨਾਂ ਸਭ ਕੁਝ ਝੂਠ ਹੀ ਝੂਠ ਹੈ ਅਸੀਂ ਬੇਨਤੀ ਕਰਦੇ ਹਾਂ ਕਿ ਨਾਮ ਦੇਹੁ ॥ ੧ ॥

ਮਃ ੧॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ੨॥

Digitized by Panjab Digital Library | www.panjabdigilib.org

ਜੇ ਆਦਮੀ ਰਿਦੇ ਕਰਕੇ ਸੱਚਾ ਹੋਵੇ ਤਾਂ ਚੰਗੀ ਤਰਾਂ ਸੱਚਾ ਜਾਣਿਆਂ ਜਾਂਦਾ ਹੈ। ਝੂਠ ਦੀ ਮੈਲ ਉਤਰ ਜਾਵੇ ਸਰੀਰ ਨੂੰ ਧੋਕੇ ਹੱਛਾ ਕਰੇ ਜੇ ਸੱਚ ਵਿਚ ਪਿਆਰ ਧਰੇ ਤਾਂ ਚੰਗੀ ਤਰਾਂ ਸੱਚਾ ਜਾਣਿਆਂ ਜਾਂਦਾ ਹੈ ਨਾਮ ਨੂੰ ਸੁਣਕੇ ਮਨ ਵਿਚ ਖੁਸ਼ੀ ਹੋਵੇ ਤਾਂ ਮੁਕਤੀ ਦਾ ਦਰਵਾਜਾ ਪਾ ਲਏਗਾ। ਜੇ ਵਾਹਿਗੁਰੂ ਦੇ ਮਿਲਣ ਦੀ ਜੁਗਤੀ ਜਾਣੇ ਤਾਂ ਚੰਗੀ ਤਰਾਂ ਸੱਚਾ ਜਾਣਿਆਂ ਜਾਂਦਾ ਹੈ। ਕਾਇਆਂ ਰੂਪ ਧਰਤੀ ਵਾਹਕੇ ਵਿਚ ਕਰਤਾ ਪੁਰਖ ਦਾ ਬੀਜ ਬੀਜੇ। ਜੋ ਸੱਚੀ ਸਿਖਿਆ ਲਏ ਤਾਂ ਚੰਗੀ ਤਰਾਂ ਸੱਚਾ ਜਾਣਿਆਂ ਜਾਂਦਾ ਹੈ। ਜੀਆਂ ਦੀ ਦਯਾ ਜਾਣੇ ਭਾਵ ਜੀਆਂ ਤੇ ਦਯਾ ਕਰੇ ਅਤੇ ਕੁਛ ਪੁੰਨ ਦਾਨ ਵੀ ਕਰੇ। ਆਪਣੇ ਆਤਮਾਂ ਵਿਚ ਜੋ ਵਾਹਿਗੁਰੂ ਹੈ ਏਸ ਤੀਰਥ ਉਪਰ ਨਿਵਾਸ ਕਰੇ ਤਾਂ ਚੰਗੀ ਤਰਾਂ ਸੱਚਾ ਜਾਣਿਆਂ ਜਾਂਦਾ ਹੈ। ਸਤਿਗੁਰਾਂ ਨੂੰ ਪੁਛਕੇ ਐਨ ਅਡੋਲ ਬੈਠ ਰਹੇ ਨਿਰਾ ਆਪ ਹੀ ਨਾ ਤਾੜੀਲਾਕੇ ਬਹਿ ਰਹੇ ਮਨਦਾ ਵੀ ਨਿਵਾਸ ਕਰੇ ਭਾਵ ਮਨ ਨੂੰ ਵੀ ਰੋਕੇ ਅਥਵਾ ਗੁਰਾਂ ਨੂੰ ਪੁਛਕੇ ਈਕਣ ਦਾਂ ਬਹਿ ਰਹੇ ਕਿ ਵਾਹਿਗੁਰੂ ਦੇ ਵਿਚ ਹੀ ਨਿਵਾਸ ਕਰ ਲਏ "ਤੂੰ ਤੂੰ ਕਰਤਾ ਤੂੰ ਭਇਆ" ਸੱਚ ਸਭਨਾਂ ਰੋਗਾਂ ਦਾ ਦਾਰੂ ਹੁੰਦਾ ਹੈ ਅਤੇ ਆਦਮੀ ਦੇ ਵਿਚੋਂ ਪਾਪਾਂ ਦੀ ਮੈਲ ਨੂੰ ਧੋਕੇ ਕੱਢ ਦੇਂਦਾ ਹੈ। ਗੁਰੂ ਜੀ ਆਖਦੇ ਹਨ ਜਿਨਾਂ ਦੇ ਦਿਲ ਰੂਪ ਪੱਲੇ ਵਿਚ ਸੱਚ ਹੋਵੇ ਓਨਾਂ ਅੱਗੇ ਜੀਵ ਬੇਨਤੀ ਕਰੇ ॥ ੨ ॥

**ਪਉੜੀ ॥ ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥ ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥ ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ ॥ ਮਤਿ ਥੋੜੀ ਸੇਵ ਗਵਾਈਐ॥੧੦॥**

ਮੇਰਾ ਦਾਨ "ਉਪ੍ਰੋਕਤਿ" ਸੰਤਾਂ ਦੇ ਚਰਨਾਂ ਦੀਆਂ ਤਲੀਆਂ ਦੀ ਖਾਕ ਹੈ ਜੇ ਮਿਲੇ ਤਾਂ ਮੱਥੇ ਤੇ ਲਾਈਏ ॥ ਝੂਠਾ ਲਾਲਚ ਛਡੀਏ, ਇਕ ਮਨ ਹੋਕੇ ਅਲੱਖ ਨੂੰ ਯਾਦ ਕਰੀਏ। ਜੀਕਣ ਦੀ ਕਾਰ ਕਰੀਏ ਓਸੇ ਤਰਾਂ ਦਾ ਫਲ ਪਾਈਦਾ ਹੈ। ਜੇ ਪਹਿਲੋਂ ਦਾ ਹੀ ਚੰਗਾ ਲੇਖ ਲਿਖਿਆ ਹੋਵੇ ਤਾਂ ਓਨਾਂ ਸੰਤਾਂ ਦੇ ਚਰਨਾਂ ਦੀ ਧੂੜ ਪਾਈਦੀ ਹੈ। ਸੰਤਾਂ ਦੀ ਸੇਵਾ ਕਰਕੇ ਤੁੱਛ ਬੁੱਧੀ ਦੂਰ ਕਰ ਦੇਈਦੀ ਹੈ ॥ ੧੦ ॥

ਸਿਧਾਂ ਆਖਿਆ ਗੁਰੂ ਜੀ ਮਾਤ ਲੋਕ ਦਾ ਹਾਲ ਸੁਣਾਓ।

Digitized by Panjab Digital Library | www.panjabdigilib.org

## ਸਲੋਕੁ ਮਃ ੧ ॥

ਸਚਿ ਕਾਲੁ ਕੂੜੁ ਵਰਤਿਆ ਕਲਿਕਾਲਖਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥

ਕਾਲ=ਮਹਿੰਗ ॥ ਕਲ=ਕਲਜੁਗ । ਕਾਲਖ=ਸਿਆਹੀ ॥ ਬੇਤਾਲ=ਭੂਤਨੇ ॥ ਸੱਚ ਬੋਲਣ ਦਾ ਕਾਲ ਪੈ ਗਿਆ ਹੈ ਝੂਠ ਸਾਰੇ ਵਰਤ ਰਿਹਾ ਹੈ ਕਲਜੁਗ ਵਿਚ ਪਾਪਾਂ ਦੀ ਕਾਲਖ ਕਰਕੇ ਜੀਵ ਭੂਤਨੇ ਹੋ ਰਹੇ ਹਨ । ਜਦੋਂ ਕਿਸੇ ਨੇ ਪਿੱਛੇ ਬੀਜਿਆ ਭਾਵ ਪੁੰਨ ਦਾਨ ਚੰਗਾ ਕੰਮ ਕੀਤਾ ਉਹ ਤਾਂ ਆਪਣੀ ਇੱਜ਼ਤ ਲੈ ਗਏ ਹੁਣ ਉਹ ਪੁਰਾਣੇ ਜ਼ਮਾਨਿਆਂ ਦੇ ਔਖੇ ੨ ਕਰਮ ਨਹੀਂ ਹੋ ਸਕਦੇ ਕਿਉਂਕਿ ਉਮਰ ਥੋੜੀ ਹੈ ਇਸ ਲਈ ਉਹ ਕਰਮ ਸਾਰੇ ਦਾਲ ਹੋ ਗਏਹਨ ਉਹ ਦਾਲ ਹੋਈ ਹੁਣ ਕੀਕੂੰ ਉੱਗੇ ? ਜੇ ਉਹ ਦਾਣਾਂ ਇਕ ਹੋਵੇ ਅਤੇ ਰੁੱਤ ਵਿਚੋਂ ਰੁੱਤ ਚੰਗੀ ਹੋਵੇ ਤਾਂ ਉੱਗ ਪਵੇਗਾ । ਪਾਹੈ=ਲਾਗ । ਗੁਰੂ ਜੀ ਆਖਦੇ ਹਨ ਪਾਹ ਦਿੱਤੀ ਤੋਂ ਬਿਨਾਂ ਕੋਰੇ ਕਪੜੇ ਤੇ ਰੰਗ ਚੜ੍ਹਿਆ ਸੋਭਾ ਨਹੀਂ ਪਾਉਂਦਾ । ਵਾਹਿਗੁਰੂ ਦੇ ਭੈ ਦੀ ਮਨ ਕੱਪੜੇ ਨੂੰ ਖੁੰਬ ਚੜ੍ਹਾਈਏ ਅਤੇ ਸ਼ਰਮ ਦੀ ਸਰੀਰ ਨੂੰ ਲਾਗ ਹੋਵੇ । ਰਪੈ=ਰੰਗਿਆ ॥ ਸੋਇ=ਸੋਭਾ ॥ ਲੇਸ । ਉਹ ॥ ਗੁਰੂ ਜੀ ਆਖਦੇ ਹਨ ਜੇ ਮਨ ਕੱਪੜਾ ਭਗਤੀ ਨਾਲ ਰੰਗਿਆ ਜਾਵੇ ਤਾਂ ਸੋਇ ਉਸ ਕੂੜ ਦੀ ਕੋਈ ਪੇਸ਼ ਵੀ ਨਹੀਂ ਜਾਂਦੀ ॥ ੧ ॥

ਮਃ ੧ ॥ ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥ ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥ ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ

Digitized by Panjab Digital Library | www.panjabdigilib.org

**ਕਰਹਿ ਪਿਆਰੁ ॥ ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥ ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥ ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥ ੨ ॥**

ਮਹਤਾ=ਪਟਵਾਰੀ ਵਾ ਵਜ਼ੀਰ ॥ ਸਿਕਦਾਰ=ਠਾਣੇਦਾਰ ਵਾ ਸਰਦਾਰ ॥ ਲੱਬ ਪਾਪ ਦੋਵੇਂ ਰਾਜਾ ਤੇ ਵਜ਼ੀਰ ਅਤੇ ਝੂਠ ਠਾਣੇਦਾਰ ਹੋਯਾ ਹੈ ਭਾਵ ਰਾਜੇ ਵਜ਼ੀਰ ਲੋਭੀ ਪਾਪੀ ਹੋਏ ਹਨ ਝੂਠ ਬੋਲਕੇ ਪਰਜਾ ਨੂੰ ਦੁਖ ਦੇਂਦੇ ਹਨ। ਨੇਬ=ਚੋਬਦਾਰ। ਕਾਮ ਚੋਬਦਾਰ ਨੂੰ ਸੱਦਕੇ ਸਲਾਹ ਪੁਛਦੇ ਹਨ ਅਤੇ ਚਾਰੇ ਇਹ ਬਹਿ ਬਹਿ ਕੇ ਵਿਚਾਰ ਕਰਦੇ ਹਨ ਕਿ ਦੁਨੀਆਂ ਨੂੰ ਕੀਕਣ ਲੁਟੀਏ ਭਾਵ ਚੋਬਦਾਰ ਕਾਮੀ ਹਨ। ਭਾਹਿ=ਅੱਗ। ਗਿਆਨ ਵਿਹੂਣੀ ਅੰਨ੍ਹੀ ਪਰਜਾ ਹੈ ਲੋਕ ਤ੍ਰਿਸ਼ਨਾਂ ਅੱਗ ਨਾਲ ਭਰੇ ਹੋਇ ਪਰਾਇਆ ਹੱਕ ਮੁਰਦੇ ਖਾਂਦੇ ਹਨ। ਭੰਡ ਨੱਚਦੇ ਹਨ ਵਾਜੇ ਵਜਾਉਂਦੇ ਹਨ ਅਤੇ ਬੜੇ ਸੋਹਣੇ ੨ ਸ਼ਿੰਗਾਰ ਕਰਕੇ ਸੁੰਦਰ ਰੂਪ ਵਾਲੇ ਸਾਂਗ ਬਣਾਉਂਦੇ ਹਨ। ਵਾਦਾ=ਝਗੜੇ ਵਾ ਬਿਅਰਥ। ਉੱਚੇ ਪੁਕਾਰਦੇ ਹਨ ਅਤੇ ਝਗੜਿਆਂ ਨੂੰ ਗਾਉਂਦੇ ਹਨ ਸੂਰਮਿਆਂ ਦਾ ਵਿਚਾਰ ਕਰਦੇ ਹਨ। ਸੰਜੈ=ਅਕੱਠ। ਓਹ ਪੰਡਿਤ ਮੂਰਖ ਹਨ ਜੋ ਹਿਕਮਤਾਂ ਹੁੱਜਤਾਂ ਨਾਲ ਲੋਕਾਂ ਨੂੰ ਖੁਸ਼ ਕਰਦੇ, ਧਨ ਅਕੱਠਾ ਕਰਨ ਵਿੱਚ ਪਿਆਰ ਕਰਦੇ ਹਨ। ਧਰਮੀ ਧਰਮ ਕਰਕੇ ਧਰਮ ਦਾ ਫਲ ਗਵਾ ਲੈਂਦੇ ਹਨ ਜੋ ਓਸੇ ਵੇਲੇ ਮੁਕਤੀ ਦਾ ਦਰਵਾਜਾ ਮੰਗਦੇ ਹਨ। ਆਪਣੇ ਆਪ ਨੂੰ ਜਤੀ ਸਦਾਉਂਦੇ ਹਨ ਅਤੇ ਤਿਆਗ ਦੀ ਜੁਗਤੀ ਜਾਣਦੇ ਨਹੀਂ ਐਵੇਂ ਮੂਰਖ ਭੁਲੇ ਹੋਏ ਘਰ ਬਾਰ ਨੂੰ ਛੱਡ ਬੈਠਦੇ ਹਨ। ਸਭ ਕੋਈ ਆਪਣੇ ਆਪ ਹੀ ਪੂਰਾ ਹੋ ਬੈਠਦਾ ਹੈ ਆਪਣੇ ਆਪ ਨੂੰ ਘਟ ਕੋਈ ਨਹੀਂ ਕਹਿੰਦਾ ਵਾ ਆਖਦਾ ਅਖਵਾਉਂਦਾ। ਪਰ ਗੁਰੂ ਜੀ ਆਖਦੇ ਹਨ ਜੇ ਇੱਜ਼ਤ ਰੂਪ ਵੱਟਾ ਤੱਕੜੀ ਦੇ ਪਿੱਛੇ ਪਾਈਏ ਤਾਂ ਤੋਲਿਆ ਹੋਯਾ ਜਾਪਦਾ ਹੈ ਜੋ ਪੂਰਾ ਹੈ ਯਾ ਘਟ ਹੈ। ਭਾਵ ਜੇਹੜੇ ਆਪਣੇ ਆਪਨੂੰ ਪੂਰਾ ਸਦਾਉਂਦੇ ਹਨ ਜੇ ਓਨਾਂ ਨੂੰ ਵਿਚਾਰ ਰੂਪ ਵੱਟੇ ਨਾਲ ਤੋਲੀਏ ਕੀ ਜੋ ਓਨਾਂ ਦੀ ਇੱਜ਼ਤ ਵੇਖੀਏ ਕਿ ਇਹ ਕੀ ਕਰਦੇ ਹਨ ਤਾਂ ਓਨਾਂ ਦੀ ਇੱਜ਼ਤ ਨਹੀਂ ਰਹਿੰਦੀ ਉਹ ਵਿਚੋਂ ਖੋਟੇ ਹਨ ॥ ੨ ॥

**ਮ: ੧ ॥ ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥**

Digitized by Panjab Digital Library | www.panjabdigilib.org

**ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨ ਵੇ ॥ ਜਿਨਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ ੩ ॥**

ਵਦੀ=ਕੀਤੀ, ਬਣਾਈ। ਵਜਗਿ=ਵੱਜੇ, ਪ੍ਰਗਟ ॥ ਗੁਰੂ ਜੀ ਆਖਦੇ ਹਨ ਓਹ ਸੱਚਾ ਵਾਹਿਗੁਰੂ ਵੇਖ ਰਿਹਾ ਹੈ ਜੋ ਅਸਾਂ ਸੰਸਾਰ ਵਿਚ ਕਾਰ ਕੀਤੀ ਹੈ ਅੰਤ ਨੂੰ ਓਹੋ ਹੀ ਪ੍ਰਗਟ ਹੋਵੇਗੀ। ਸਾਰਿਆਂ ਨੇ ਛਾਲਾਂ ਮਾਰੀਆਂ ਹਨ ਪਰ ਜਿਸਦੀ ਕਰਤਾ ਮਨਜ਼ੂਰ ਕਰਦਾ ਹੈ ਓਸੇ ਦੀ ਹੀ ਛਾਲ ਮਨਜ਼ੂਰ ਹੁੰਦੀ ਹੈ ਵਾ ਜੋ ਕਰਤਾ ਕਰੇਗਾ ਸੋ ਹੋਵੇਗਾ ਭਾਵ ਸਾਰਿਆਂ ਲੋਕਾਂ ਨੇ ਆਪਣੇ ਵੱਲੋਂ ਚੰਗੇ ੨ ਕੰਮ ਕੀਤੇ ਪਰ ਜੇਹੜਾ ਕਿਸੇ ਦਾ ਕੰਮ ਵਾਹਿਗੁਰੂ ਨੂੰ ਚੰਗਾ ਲਗਾ ਓਹੋ ਹੀ ਆਦਮੀ ਗਿਣਤੀ ਵਿਚ ਆ ਗਿਆ। ਅੱਗੇ ਕੋਈ ਜਾਤ ਜੋਰ ਨਹੀਂ ਅੱਗੇ ਜੀਵ ਨਵੇਂ ਹਨ ਭਾਵ ਅਗੇ ਤੇਰੀ ਕਿਸੇ ਨੇ ਪਛਾਣ ਨਹੀਂ ਕਰਨੀ ਅਥਵਾ ਅਗੇ ਜੀ. ਜੀ. ਨਹੀ ਹੋਣਾਂ, ਵੇ, ਓਇ, ਰੇ, ਈਕਣ ਤੈਨੂੰ ਬੁਲਾਉਣਗੇ। ਓਥੇ ਜਿਸ ਕਿਸੇ ਦੀ ਇੱਜ਼ਤ ਲੇਖੇ ਵਿਚ ਪਵੇਗੀ ਭਾਵ ਇਜ਼ਤ ਰਹੇਗੀ ਓਹੋ ਕੋਈ ਹੀ ਚੰਗੇ ਹੋਣਗੇ ॥ ੩ ॥

**ਪਉੜੀ ॥ ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ॥ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥ ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥ ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥ ਸਹਜੇ ਹੀ ਸਚਿ ਸਮਾਇਆ ॥ ੧੧ ॥**

ਹੇ ਵਾਹਿਗੁਰੂ ਜਿਨਾਂ ਨੂੰ ਤੂੰ ਧੁਰੋਂ ਹੀ ਕਿਰਪਾ ਕੀਤੀ ਤਾਂ ਐਥੇ ਆਣਕੇ ਵੀ ਓਨਾਂ ਨੇ ਤੈਨੂੰ ਹੀ ਯਾਦ ਕੀਤਾ। ਵੇਕੀ=ਕਈ ਤਰਾਂ ਦਾ ॥ ਇਹਨਾਂ ਜੀਆਂ ਦੇ ਵੱਸ ਕੁਝ ਨਹੀਂ ਤੂੰ ਜਗਤ ਕਈ ਤਰਾਂ ਦਾ ਪਰਗਟ ਕੀਤਾ ਹੈ। ਇਕਨਾਂ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ ਇਕਨਾਂ ਨੂੰ ਤੂੰ ਆਪੇ ਆਪਣੇ ਵੱਲੋਂ ਹੀ ਭੁਲਾ ਛਡਿਆ ਹੈ। ਗੁਰਾਂ ਦੀ ਕਿਰਪਾ ਨਾਲ ਜਾਣਿਆ ਹੈ ਜਿੱਥੇ ਕਿਤੇ ਤੁਸਾਂ ਸਤਸੰਗ ਵਿੱਚ ਆਪ ਸਮਝਾਇਆ ਹੈ। ਓਹ ਸਹਿਜੇ ਹੀ ਸਚ ਵਿਚ ਮਿਲ ਗਿਆ ਹੈ ॥ ੧੧ ॥

**ਸਲੋਕੁ ਮਃ ੧ ॥**

**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖਿ**

**ਤਾਮਿ ਨ ਹੋਈ ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥ ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ*ਅਕਲਕਲਾ ਭਰਪੂਰਿ ਰਹਿਆ ॥ ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥ ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥**

ਤਾਮਿ=ਇੱਛਾ ।ਆਦਮੀ ਨੂੰ ਕੋਈ ਨਾਕੋਈਦੁਖ ਲੱਗਾ ਹੋਯਾ ਵਾਹਿਗੁਰੂ ਨੂੰ ਮਿਲਣ ਦਾ ਦਾਰੂ ਹੈ ਅਤੇ ਹਮੇਸ਼ਾਂ ਸੁਖ ਰਹਿਣਾਂ ਇਹ ਵਾਹਿਗੁਰੂ ਦੇ ਵਿਛੋੜੇ ਦਾ ਰੋਗ ਹੈ ਭਾਵ ਦੁਖ ਵਿਚ ਵਾਹਿਗੁਰੂ ਚੇਤੇ ਰਹਿੰਦਾ ਹੈ ਤੇ ਸੁਖ ਵਿਚ ਭੁਲ ਜਾਂਦਾ ਹੈ।ਜਦੋਂ ਆਦਮੀ ਨੂੰ ਬਹੁਤਾ ਸੁਖ ਹੁੰਦਾ ਹੈ ਓਦੋਂ ਵਾਹਿਗੁਰੂ ਦੇ ਮਿਲਣ ਦੀ ਚਾਹ ਹੀ ਨਹੀਂ ਹੁੰਦੀ ਭਾਵ ਖਿਆਲ ਹੀ ਨਹੀਂ ਆਉਂਦਾ। ਹੇ ਵਾਹਿਗੁਰੂ ਤੂੰ ਸਭ ਦਾ ਕਰਤਾ ਹੈਂ ਮੈਥੋਂ ਕੁਝ ਨਹੀਂ ਕਰਣਾਂ ਹੁੰਦਾ ਭਾਵ ਮੈ ਕੁਝ ਨਹੀਂ ਕਰਨ ਜਾਣਦਾ ਮੈਂ ਕੁਝ ਨਹੀਂ ਕਰ ਸਕਦਾ "ਹਮਰਾ ਕੀਆ ਕਛੂ ਨ ਹੋਇ" ਜਾਂ ਮੈਂ ਕੁਝ ਕਰਦਾ ਵੀ ਹਾਂ ਤਾਂ ਨਹੀਂ ਹੁੰਦਾ। ਮੈਂ ਬਲਿਹਾਰੀ ਜਾਵਾਂ ਤੂੰ ਕੁਦਰਤ ਨਾਲ ਸਾਰੇ ਸੰਸਾਰ ਨੂੰ ਬਣਾਕੇ ਫਿਰ ਸੰਸਾਰ ਦੇ ਵਿਚ ਵੱਸਿਆ ਹੋਇਆ ਹੈਂ। ਤੇਰਾ ਅੰਤ ਨਹੀਂ ਲਖਿਆ ਜਾਂਦਾ। ਦੁਨੀਆਂ ਵਿਚ ਤੇਰੀ ਜੋਤਿ ਹੈ ਅਤੇ ਤੇਰੀ ਜੋਤ ਵਿਚ ਸਾਰੀ†(ਜਾਤਾ) ਦੁਨੀਆਂ

*ਅਕਲ ਦਾ ਅਰਥ ਅਕਾਲ ਕੀਤਾ ਹੈ ਪਿੰਗਲ ਵਿਚ ਲਿਖਿਆ ਹੈ ਲਘ ਗੁਰ ਗੁਰ ਲਘੁ ਹੋਤ। ਭਾਵ ਕਿਸੇ ਜਗਾ ਅਰਥ ਵਾਸਤੇ ਜਾਂ ਪਾਠ ਵਾਸਤੇ ਲਘੂਦਾ ਦੀਰਘ ਹੋ ਸਕਦਾ ਹੈ ਅਤੇ ਦੀਰਘ ਦਾ ਲਘੂ ਹੋ ਸਕਦਾ ਹੈ ਜੀਕਣ ਦੀਰਘ ਦਾ ਅਰਥ ਵਿਚ ਲਘੂ ਕਰਕੇ ਪੜ੍ਹਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਦਸਿਆ ਹੈ "ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨ। ਜੈਸੇ ਰਾਜ ਰੰਕ ਕਉ ਲਾਗੈ ਤੁਲ ਪਵਾਨ" ਇਸ ਜਗਾ ਅਰਥ ਵਿਚ "ਪਵਾਨ" ਨੂੰ ਪਵਨ ਕਰਕੇ ਪੜ੍ਹਨਾ ਹੈ।

†ਜਾਤਾ ਤੈ ਜਾਤਿ=ਦੁਨੀਆਂ ਸ੍ਰਿਸ਼ਟੀ ਅਰਥ ਕੀਤਾ ਹੈ ਸੰਪ੍ਰਦਾਈ ਗਿਆਨੀ ਖੱਤ੍ਰੀ ਬ੍ਰਾਹਮਣਾਂ ਸੂਦ੍ਰ ਵੈਸ਼ ਆਦਿਕਾਂ ਦੀਆਂ ਜਾਤਾ ਵੀ ਕਰਦੇਹਨ ਕਿ ਹੇ ਵਾਹਿਗੁਰੂ ਸਾਰੀਆਂ ਜਾਤਾਂ ਤੇਰੇ ਵਿਚ ਹਨ ਅਥਵਾ ਜਾਤਾਂ=ਜਾਣਿਆਂ ਜਾਂਦਾ ਹੈ, ਭਾਵ ਦੁਨੀਆਂ ਵਿਚ ਹੋਣ ਕਰਕੇ ਤੂੰ ਜਾਣਿਆਂ ਜਾਂਦਾ ਹੈਂ।

Digitized by Panjab Digital Library | www.panjabdigilib.org

ਹੈ । ਹੇ ਅਕਾਲ ਪੁਰਖ ਤੂੰ ਆਪਣੀ ਕਲਾ ਕਰਕੇ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈਂ । ਤੂੰ ਸਚਾ ਸਾਹਿਬ ਹੈਂ ਜਿਸਨੇ ਤੇਰੀ ਸੁੰਦਰ ਸਿਫਤ ਕੀਤੀ ਹੈ ਓਹ ਸੰਸਾਰ ਸਮੁੰਦ੍ਰ ਤੋਂ ਪਾਰ ਹੋਗਿਆ ਹੈ । ਗੁਰੂ ਨਾਨਕ ਜੀ ਆਖਦੇ ਹਨ ਹੇ ਵਾਹਿਗੁਰੂ ਅਸੀਂ ਤੇਰੀਆਂ ਹੀ ਗੱਲਾਂ ਕਰਦੇ ਹਾਂ ਕਿ ਜੋ ਕੁਝ ਤੂੰ ਕਰਣਾਂ ਹੈ ਸੋ ਕਰ ਰਿਹਾ ਹੈਂ ਅਥਵਾ ਹੇ ਜੀਵ ਕਰਤੇ ਦੀਆਂ ਬਾਤਾਂ ਕਹੁ ਕਿ ਜੋ ਕੁਝ ਉਸਨੇ ਕਰਨਾਂ ਹੈ ਸੋ ਹੋ ਰਿਹਾ ਹੈ ॥ ੨ ॥

**ਮ: ੨ ॥ ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ-ਕ੍ਰਿਤਹ ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥**

ਜੋਗ=ਜੋਗੀ ॥ ਸਬਦੰ=ਧਰਮ ਦਾ ਉਪਦੇਸ਼॥ਗਿਆਨ ਸਬਦੰ=ਵਾਹਿ-ਗੁਰੂ ਦਾ ਗਿਆਨ ॥ ਖੱਤ੍ਰੀ=ਸੂਰਮੇ॥ਸੂਰ=ਸੂਰਮਤਾਈ ॥ ਪਰਾਕ੍ਰਿਤਹ=ਪਰਾਈ ਸੇਵਾ ਕਰਨੀ ॥ ਜੋਗੀਆਂ ਦਾ ਧਰਮ ਬ੍ਰਹਮ ਦਾ ਗਿਆਨ ਹੀ ਮੁਕਤੀ ਦਾ ਕਾਰਨ ਹੈ ।ਬ੍ਰਾਹਮਣਾਂ ਦਾ ਧਰਮ ਵੇਦਾਂ ਦਾ ਪੜ੍ਹਨਾਹੀ ਮੁਕਤੀਦਾ ਕਾਰਨ ਹੈ । ਛੱਤ੍ਰੀਆਂ ਦਾ ਧਰਮ ਸੂਰਮਤਾ ਹੀ ਮੁਕਤੀ ਦਾ ਕਾਰਨ ਹੈ । ਵੈਸਾਂ ਦਾ ਧਰਮ ਖੇਤੀ ਵਾੜੀ ਕਰਨੀ ਹੀ ਮੁਕਤੀ ਦਾ ਕਾਰਨ ਹੈ । ਸੂਦਰ ਦਾ ਧਰਮ ਪਰਾਈ ਸੇਵਾ ਕਰਨੀ ਹੀ ਮੁਕਤੀ ਦਾ ਕਾਰਨ ਹੈ । ਸਾਰਿਆਂ ਧਰਮਾਂ ਵਿਚੋਂ ਏਹੋ ਇਕ ਧਰਮ ਚੰਗਾ ਹੈ ਜੋ ਇਕ ਵਾਹਿਗੁਰੂ ਨੂੰ ਜਾਨਣਾਂ ਜੇਹੜਾ ਕੋਈ ਇਸ ਭੇਤ ਨੂੰ ਜਾਣਦਾ ਹੈ । ਗੁਰੂ ਜੀ ਆਖਦੇ ਹਨ ਮੈਂ ਉਸਦਾ ਦਾਸ ਹਾਂ ਓਹੋਹੀ ਮਾਇਆ ਤੋਂ ਰਹਿਤ ਪ੍ਰਕਾਸ਼ਕ ਵਾਹਿਗੁਰੂ ਹੈ॥੩॥

**ਮ: ੨ ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ ਆਤਮਾ ਬਾਸੁ ਦੇਵਸਿ ਜੇਕੋ ਜਾਣੈ ਭੇਉ ॥ ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੪ ॥**

ਕ੍ਰਿਸ਼ਨ=ਵਾਹਿਗੁਰੂ ॥ ਦੇਵਦੇਵਾ=ਦੇਵਤੇ ਦੈਂਤ ॥ ਦੇਵਾ=ਤੇਜ ਵਾਲਾ ਬਾਸਦੇਵਸਿ=ਵਾਸ ਦੇਣ ਵਾਲਾ ਵਾਹਿਗੁਰੂ ॥ ਆਤਮਾਂ=ਦਿਲ, ਜੀਅ ॥ ਇਕ ਵਾਹਿਗੁਰੂ ਸਾਰਿਆਂ ਦੇਵਤਿਆਂ ਦੈਂਤਾਂ ਦਾ ਪ੍ਰਕਾਸ਼ਕ ਹੈ ਤੇ ਓਹੋ ਜੀਵ ਹੈ ਭਾਵ ਸਾਰਿਆਂ ਆਦਮੀਆਂ ਦੇ ਅੰਦਰ ਹੈ। ਜੇਹੜਾ ਈਕਣ ਦਾ ਵਾਹਿਗੁਰੂ ਹਰ ਇਕ ਆਦਮੀ ਦੇ ਅੰਦਰ ਜੀਅ ਰੂਪ ਹੋਕੇ ਵਾਸ ਦੇ ਰਿਹਾ ਹੈ ਕੀ ਵੱਸ ਰਿਹਾ ਹੈ, ਜੇਹੜਾ ਕੋਈ ਇਸ ਭੇਦ ਨੂੰ ਜਾਣਦਾ ਹੈ ਭਾਵ ਕਿ

Digitized by Panjab Digital Library | www.panjabdigilib.org

ਸਾਰਿਆਂ ਦੇ ਅੰਦਰ ਵਾਹਿਗੁਰੂ ਹੈ ਕਿਸੇ ਦਾ ਦਿਲ ਨਹੀਂ ਦੁਖਾਉਂਣਾ ਚਾਹੀਦਾ ਹੈ। ਗੁਰੂ ਜੀ ਆਖਦੇ ਹਨ ਮੈਂ ਉਸਦਾ ਦਾਸ ਹਾਂ ਅਤੇ ਓਹੋ ਮਾਇਆ ਤੋਂ ਰਹਿਤ ਪ੍ਰਕਾਸ਼ਕ ਹੈ ॥ ੪ ॥

**ਮ: ੧ ॥ ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥ਗਿਆਨ ਕਾ ਬਧਾ ਮਨੁ ਰਹੈ *ਗੁਰ ਬਿਨੁਗਿਆਨੁ ਨ ਹੋਇ ॥ ੫ ॥**

ਕੁੰਭੇ=ਘੜੇ ॥ ਕੁੰਭ=ਘੜਾ ॥ ਪਾਣੀ ਘੜੇ ਦਾ ਬੱਧਾ ਹੋਇਆ ਰਹਿੰਦਾ ਹੈ ਅਤੇ ਪਾਣੀ ਤੋਂ ਬਿਨਾਂ ਘੜਾ ਭੀ ਨਹੀਂ ਬਣ ਸਕਦਾ। ਗੁਰ=ਵੱਡਾ, ਮਨ ॥ ਈਕਣ ਹੀ ਗਿਆਨ ਦਾ ਬੱਧਾ ਹੋਇਆ ਮਨ ਰਹਿੰਦਾ ਹੈ ਪਰ ਮਨ ਤੋਂ ਬਿਨਾਂ ਗਿਆਨ ਵੀ ਨਹੀਂ ਹੋ ਸਕਦਾ ॥ ੫ ॥

**ਪਉੜੀ ॥ ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥ ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥ ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥ ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥ਮੁਹਿ ਚਲੈ ਸੁ ਅਗੈ ਮਾਰੀਐ ॥੧੨॥**

ਓਮੀ=ਅਣਪੜ੍ਹ ॥ ਜੇ ਪੜ੍ਹਿਆ ਹੋਇਆ ਗੁਨਹਗਾਰ ਹੋ ਜਾਵੇ ਤਾਂ ਓਸਦੀ ਥਾਂ ਅਣਪੜ੍ਹ ਵਿਚਾਰਾ ਤੇ ਨਹੀਂ ਮਾਰਿਆ ਜਾਂਦਾ ਭਾਵ ਪ੍ਰਲੋਕ ਵਿਚ ਪੜ੍ਹੇ ਹੋਇ ਦੀ ਥਾਂ ਅਣਪੜ੍ਹ ਨੂੰ ਦੁਖ ਨਹੀਂ ਭੋਗਣੇ ਪੈਂਦੇ। ਪਚਾਰੀਐ ਪ੍ਰਚਾਰ ਕਰਨਾ, ਸੱਦਣਾਂ। ਏਥੇ ਜੀਵ ਜੀਕਣ ਦੀ ਕਾਰ ਕਰਦਾ ਹੈ ਓਹੋ ਜੇਹਾ ਓਸ ਦਾ ਨਾਮ ਸੱਦਿਆ ਜਾਂਦਾ ਹੈ। ਈਕਣ ਦੀ ਬਾਜੀ ਨ ਖੇਡੀਏ ਜਿਸ ਕਰਕੇ ਦਰਗਾਹ ਵਿਚ ਗਿਆਂ ਹਾਰਨਾਂ ਪਵੇ। ਪੜ੍ਹਿਆਂ ਅਤੇ ਅਣਪੜ੍ਹਿਆਂ ਦਾ ਵਿਚਾਰ ਅੱਗੇ ਵਿਚਾਰਿਆ ਜਾਵੇਗਾ। ਪਾਪੀ ਆਦਮੀ ਅੱਗੇ ਚੱਲੇ ਤਾਂ ਸਹੀ ਓਥੇ ਓਹਦੇ ਮੂੰਹ ਤੇ ਮਾਰ ਪਵੇਗੀ ਅਥਵਾ ਮੂੰਹ ਆਈ ਬਾਤ ਬਕਣ ਵਾਲਿਆਂ ਨੂੰ ਅੱਗੇ ਮਾਰ ਪਵੇਗੀ ॥ ੧੨ ॥

---

*ਗੁਰ ਦਾ ਅਰਥ ਗੁਰੂ ਵੀ ਕਰਦੇ ਹਨ ਸੋ ਗੁਰੂ ਨਾਨਕ ਜੀ ਦੇ ਘਰ ਤੋਂ ਬਿਨਾਂ ਕਿਧਰੇ ਗਿਆਨ ਵੀ ਨਹੀਂ ਹੋ ਸਕਦਾ ਪਰ ਏਥੇ ਗੁਰ ਦਾ ਅਰਥ ਮਨ (ਜੋਹੜਾ ਸਭ ਦਾ ਵੱਡਾ ਹੈ) ਕੀਤਾ ਹੈ।

Digitized by Panjab Digital Library | www.panjabdigilib.org

## ਸਲੋਕੁ ਮ: ੧ ॥

**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥ ੧ ॥**

ਮੇਰੁ=ਮਣਕਾ, ਸੁਮੇਰ ਪਰਬਤ ਸਿਰੋਮਣੀ। ਗੁਰੂ ਜੀ ਆਖਦੇ ਹਨ ਜੇਹੜਾ ਸਰੀਰ ਦਾ ਸਿਰੋਮਣੀ ਜੀਵ ਹੈ ਇਸਦਾ ਇੱਕੋ ਹੀ ਸਰੀਰ ਰਥ ਹੈ ਅਤੇ ਇਕੋ ਹੀ ਰਥ ਚਲਾਉਣ ਵਾਲਾ ਮਨ ਹੈ। ਜੁੱਗਾਂ ਜੁੱਗਾਂ ਦੇ ਫੇਰ "ਗੇੜ" ਵਿਚ ਰਥਵਾਹੀ ਬਦਲੇ ਜਾਂਦੇ ਹਨ ਇਸ ਗਲ ਨੂੰ ਗਿਆਨੀ ਸਮਝਦੇ ਹਨ। ਜੇਹੜਾ ਸਰੀਰ ਰਥ ਹੈ ਇਹ ਸਤਜੁਗ ਵਿਚ ਸੰਤੋਖਦਾ ਸੀ ਅਤੇ ਧਰਮ ਅਗੇ ਰਥਵਾਹੀ ਸੀ ਭਾਵ ਸਭ ਆਦਮੀ ਸੰਤੋਖੀ ਧਰਮੀ ਸਨ ਅਥਵਾ ਸਤਜੁਗ ਦਾ ਸੰਤੋਖ ਰਥ ਸੀ। ਤ੍ਰੇਤੇ ਜੁਗ ਵਿਚ ਸਰੀਰ ਰਥ ਜਤ ਦਾ ਸੀ ਅਤੇ ਜੋਰ ਅਗੇ ਰਥਵਾਹੀ ਸੀ ਭਾਵ ਲੋਕੀਂ ਜਤੀ ਤੇ ਬਲੀ ਸਨ ਅਥਵਾ ਤ੍ਰੇਤੇ ਦਾ ਰਥ ਜਤ ਸੀ। ਦੁਆਪਰ ਵਿਚ ਸਰੀਰ ਰਥ ਤਪ ਦਾ ਸੀ ਅਤੇ ਸੱਚ ਅੱਗੇ ਰਥਵਾਹੀ ਸੀ ਭਾਵ ਲੋਕ ਤਪ ਕਰਦੇ ਸਨ ਅਤੇ ਸੱਚ ਬੋਲਦੇ ਸਨ ਅਥਵਾ ਦੁਆਪਰ ਦਾ ਰਥ ਤਪ ਸੀ। ਕਲਜੁਗ ਵਿਚ ਸਰੀਰ ਰਥ ਅਗਨਿ ਦਾ ਹੈ ਅਤੇ ਝੂਠ ਅਗੇ ਰਥਵਾਹੀ ਹੈ ਭਾਵ ਸਭ ਆਦਮੀ ਤ੍ਰਿਸ਼ਨਾ ਕਾਮ ਕ੍ਰੋਧ ਦੀ ਅੱਗ ਨਾਲ ਸੜਦੇ ਹਨ ਅਤੇ ਝੂਠ ਬੋਲਦੇ ਹਨ ਅਥਵਾ ਕਲਜੁਗ ਦਾ ਰਥ ਅੱਗ ਹੈ। ਇਸ ਸਲੋਕ ਵਿਚ ਇਹ ਦਸਿਆ ਹੈ ਕਿ ਪਿਛਲੇ ਜੁੱਗਾਂ ਵਿਚ ਆਦਮੀ ਸੰਤੋਖੀ ਧਰਮੀ ਜਤੀ ਬਲੀ ਤਪੀ ਸੱਚੇ ਸਨ ਅਤੇ ਹੁਣ ਸੜੇ ਹੋਏ ਝੂਠੇ ਹਨ ਪਰ ਜੇ ਨਾਮ ਜਪਣ ਤਾਂ ਛੇਤੀ ਹੀ ਉਧਾਰ ਹੋ ਸਕਦਾ ਹੈ ॥ ੧ ॥

**ਮ: ੧ ॥ ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥ ਸਭੁ ਕੋ ਸਚਿ ਸਮਾਵੈ ॥ ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ॥**

Digitized by Panjab Digital Library | www.panjabdigilib.org

ਨਾਇ ਲਇਐ ਪਰਾਛਤ ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥ ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ ॥ ਪਾਰਜਾਤੁ ਗੋਪੀ ਲੈਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥ *ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥ ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥ ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥ ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥

ਸੇਤੰਬਰ=ਚਿੱਟਾ ਕੱਪੜਾ ਵਾ ਹੰਸ ਅਵਤਾਰ ॥ ਸ਼ਾਮ ਵੇਦ ਅਤੇ ਹੰਸਾ ਅਵਤਾਰ ਮਾਲਕ ਸਾਰੇ ਰਿਖੀ ਮੁਨੀ ਸਤਿਜੁਗ ਦਾ ਪ੍ਰਧਾਨ ਕਹਿੰਦੇ ਹਨ ਜੋ ਓਦੋਂ ਦੇ ਲੋਕ ਚੰਗੀ ਤਰਾਂ ਸਚ ਵਿਚ ਸੱਚੇ ਰਹਿੰਦੇ ਸਨ ਭਾਵ ਸਚ ਬੋਲਦੇ ਸਨ ਅਥਵਾ ਸ਼ਾਮਵੇਦ ਹੰਸਾਅਵਤਾਰ ਦੀ ਉਪਮਾ ਕਹਿੰਦਾਹੈਓਦੋਂ ਹਰ ਕੋਈ ਸੱਚ ਵਿਚ ਸਮਾਉਂਦਾ ਸੀ। ਤ੍ਰੇਤੇ ਦਾ ਰਿਗ ਵੇਦ ਕਹਿੰਦਾ

*ਨਉਸਤ ਚਉਦਹ ਤੀਨਿ ਚਾਰਿ ਕਰ ਮਹਲਤਿ ਚਾਰਿ ਬਹਾਲੀ ॥ ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ॥੧॥ ਮਿਹਰਵਾਨ ਮਧੁਸੂਦਨ ਮਾਧੋ ਐਸੀ ਸਕਤਿ ਤੁਮ੍ਹਾਰੀ॥੧॥ਰਹਾਉ॥ਘਰਿ ਘਰਿ ਲਸਕਰੁ ਪਾਵਕੁਤੇਰਾਧਰਮੁਕਰੇਸਿਕਦਾਰੀ॥ਧਰਤੀ ਦੇਗ ਮਿਲੈ ਇਕ ਵੇਰਾਭਾਗੁ ਤੇਰਾ ਭੰਡਾਰੀ॥੨॥ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ॥ ਲਬੁ ਅੰਧੇਰਾ ਬੰਦੀ ਖਾਨਾ ਅਉਗਣ ਪੈਰਿ ਲੁਹਾਰੀ ॥੩॥ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ ॥੪॥ ਆਦਿ ਪੁਰਖ ਕਉ ਅਲਹੁ ਕਹੀਐ ਸੇਖਾ ਆਈ ਵਾਰੀ॥ਦੇਵਲ ਦੇਵਤਿਆ ਕਰੁਲਾਗਾ ਐਸੀਕੀਰਤਿਚਾਲੀ॥੫॥ ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥ ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥ ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥ ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿਤੁਮ੍ਹਾਰੀ॥੭॥ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥ ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮਾਲੀ ॥ ੮ ॥ ੧ ॥ ੮ ॥

ਹੈ ਕਿ ਓਹ ਸਾਰਿਆਂ ਵਿਚ ਭਰਪੂਰ ਹੋ ਰਿਹਾ ਸੀ ਜਿਸਦਾ ਰਾਮ ਨਾਮ ਅਤੇ ਦੇਵਤਿਆਂ ਵਿਚ ਸੂਰਮਾਂ ਸੀ ਉਸਦਾ ਨਾਮ ਲੈਣ ਕਰਕੇ ਪਾਪ ਦੂਰ ਹੋ ਜਾਂਦੇ ਸਨ। ਗੁਰੂ ਜੀ ਕਹਿੰਦੇ ਹਨ ਓਹ ਏਸੇ ਵਿਚ ਹੀ ਮੁਕਤੀ ਅੰਦਰ ਬੈਠੇ ਪਾ ਲੈਂਦੇ ਸਨ ਭਾਵ ਤ੍ਰੇਤੇ ਵਿਚ ਰਾਮ ਚੰਦ੍ਰ ਹੀ ਪ੍ਰਧਾਨ ਸੀ ਅਤੇ ਓਸੇ ਨੂੰ ਪੂਜਕੇ ਲੋਕ ਮੁਕਤੀ ਮੰਨਦੇ ਸਨ। ਜੁਜ=ਯਜੁਰ ਵੇਦ। ਚੰਦ੍ਰਾ ਵਲਿ=ਚੰਦ੍ਰਾਵਲੀ ਗੋਪੀ ਦਾ ਨਾਮ ਹੈ ਚੰਦ੍ਰਮਾਂ ਦੀ ਚਾਂਦਨੀ ਅਥਵਾ ਚੰਦ੍ਰ ਬੰਸੀਆਂ ਜਾਦਵਾਂ ਦੀ ਫੌਜ॥ ਦੁਆਪਰੁ ਜੁਗ ਦਾ ਜੁਜਰ ਵੇਦ ਆਖਦਾ ਹੈ ਕਿ ਜਿਸ ਕ੍ਰਿਸ਼ਨ ਨੇ ਜ਼ੋਰ ਧੱਕੇ ਨਾਲ ਗੋਪੀ ਛਲੀ ਸੀ ਓਹ ਜਾਦਵਾਂ ਦੀ ਕੁਲ ਦਾ ਕਾਨ੍ਹ ਹੋਯਾ ਹੈ। *ਪਾਰਜਾਤ=ਕਲਪ ਬ੍ਰਿਛ, ਨਦੀ ਤੋਂ ਪਾਰ ਜਾਕੇ॥

ਨਦੀ ਤੋਂ ਪਾਰ ਜਾਕੇ ਗੋਪੀ ਨੂੰ ਛਲਕੇ ਲੈ ਆਇਆ ਅਤੇ ਬ੍ਰਿੰਦਾਬਨ ਬਾਗਵਿਚ ਆਕੇ ਰਾਸ ਦਾ ਤਮਾਸ਼ਾ ਕੀਤਾ। ਕਲਜੁਗ ਦਾ ਅਥਰਬਣ ਵੇਦ ਹੋਯਾ। ਭਾਵ ਅਥਰਬਣ ਵੇਦ ਵਿਚ ਬੜੀਆਂ ਗੰਦੀਆਂ ਕਹਾਣੀਆਂ ਲਿਖੀਆਂ ਹੋਈਆਂ ਹਨ ਅਤੇ ਖੁਦਾ ਦਾ ਨਾਮ ਕੱਚਾ ਹੋ ਗਿਆਭਾਵ ਵਾਹਿਗੁਰੂ ਦੇ ਨਾਮ ਨੂੰ ਛੱਡ ਬੈਠੇ, ਅਥਵਾ ਕਲਜੁਗ ਵਿਚ ਖੁਦਾ ਅਤੇ ਅੱਲਾਹ ਇਹ ਨਾਮ ਬੜਾ ਪ੍ਰਧਾਨ ਹੋਯਾ। ਨੀਲੇ ਬਸਤ੍ਰ ਰੰਗਾਇਕੇ ਕੱਪੜੇ ਪਾਏ ਅਤੇ ਤੁਰਕਾਂ ਪਠਾਣਾਂ ਨੇ ਬੜਾ ਰਾਜ ਕੀਤਾ ਈਕਣ ਆਪੋ ਆਪਣੇ ਜੁੱਗ ਦਾ ਹਾਲ ਦੱਸਕੇ ਚਾਰੇ ਵੇਦ ਸੱਚੇ ਹੋ ਗਏ। ਜੇਹੜੇ ਪੜ੍ਹਦੇ ਗੁੜ੍ਹਦੇ ਹਨ ਓਨਾਂ ਦਾ ਕੰਮ ਸੁੰਦਰ ਵਿਚਾਰ ਕਰਨੀ ਹੈ ਭਾਵ ਉਹ ਇਹ ਵਿਚਾਰਨ ਕਿ ਵੇਦਾਂ ਵਿਚ ਕੀ ਲਿਖਿਆ ਹੋਯਾ ਹੈ। ਗੁਰੂ ਜੀ ਆਪਣਾਂ ਮੱਤ ਦਸਦੇ ਹਨ ਜੇਹੜਾ ਪ੍ਰੇਮਾ ਭਗਤੀ ਕਰਕੇ ਨੀਚ ਸਦਾਵੇ ਉਹ ਤਾਂ ਘਰ ਬੈਠਾ ਅੰਦਰ ਹੀ ਮੁਕਤੀ ਪਾ ਲੈਂਦਾ ਹੈ॥ ੨॥

**ਪਉੜੀ॥ ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥ ਸਤਿਗੁਰੂ**

---

*ਸੰਪ੍ਰਦਾਈ ਗਿਆਨੀ ਪਾਰਜਾਤਦਾ ਅਰਥ ਕਲਪ ਬ੍ਰਿਛ ਕਰਦੇ ਹਨ "ਪਾਰਜਾਤ ਇਹ ਹਰਿ ਕੋ ਨਾਮ" ਸੁਖਮਨੀ ਅਤੇ ਕੋਸ਼ ਵਿਚ ਵੀ ਪਾਰਜਾਤ ਕਲਪ ਬ੍ਰਿਛ ਹੈ ਸੋ ਸਤਭਾਮਾਂ ਵਾਸਤੇ ਕ੍ਰਿਸ਼ਨ ਮਹਾਰਾਜ ਇੰਦਰ ਨਾਲ ਜੁਧ ਕਰਕੇ ਕਲਪ ਬ੍ਰਿਛ ਲੈ ਆਇਆ, ਕਿਉਂਕਿ ਗੋਪੀ ਨੇ ਕਿਹਾ ਸੀ ਕਿ ਜੇ ਤੂੰ ਆਪਣੇ ਬਾਗਵਿਚ ਕਲਪ ਬ੍ਰਿਛ ਲਿਆਕੇ ਲਾਵੇਂ ਤੇ ਤਾਂ ਮੈਂ ਤੇਰੇਘਰ ਆਵਾਂਗੀ

Digitized by Panjab Digital Library | www.panjabdigilib.org

## ਹੈ ਬੇਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥ ੧੩ ॥

ਮੈਂ ਸਤਿਗੁਰਾਂ ਤੋਂ ਬਲਿਹਾਰ ਜਾਵਾਂ ਜਿਨ੍ਹਾਂ ਦੇ ਮਿਲਨ ਕਰਕੇ ਵਾਹਿਗੁਰੂ ਨੂੰ ਯਾਦ ਕੀਤਾ ਹੈ। ਜਿਨਾਂ ਨੇ ਉਪਦੇਸ਼ ਕਰਕੇ ਬੁੱਧੀ ਨੇਤ੍ਰਾਂ ਵਿਚ ਜਦੋਂ ਗਿਆਨ ਸੁਰਮਾਂ ਪਾ ਦਿਤਾ ਹੈ ਤਦੋਂ ਇਨ੍ਹਾਂ ਨੇਤ੍ਰਾਂ ਨਾਲ ਜਗਤ ਨੂੰ ਵਾਹਿਗੁਰੂ ਦਾ ਰੂਪ ਦੇਖਿਆ। ਖਸਮ ਨੂੰ ਛੱਡਕੇ ਜੇਹੜੇ ਦੂਜੇ ਪਾਸੇ ਵਿਹਾਰਾਂ ਵੱਲ ਲੱਗੇ ਹਨ ਉਹ ਵਣਜਾਰੇ ਆਪਣੀ [illegible] ਹਨ। ਬੇਹਿਥਾ=[illegible] ॥

ਸਰਾਇਰਾ=ਸਿੱਧਾ। ਦੀਰਘ=ਬੜਾ ਵੱਡਾ ਲੰਮਾਂ। ਮੁਚੁ=ਮੋਟਾ। ਸਿੰਮਲ ਦਾ ਰੁੱਖ ਬੜਾ ਸਿੱਧਾ ਬੜਾ ਲੰਮਾਂ ਉੱਚਾ ਅਤੇ ਬੜਾ ਮੋਟਾ ਹੁੰਦਾ ਹੈ। ਓਹ ਜੇਹੜੇ ਜਾਨਵਰ ਫਲ ਦੀ ਆਸਾ ਕਰਦੇ ਆਉਂਦੇ ਹਨ ਤੁਹਾਨੂੰ ਪਤਾ ਹੈ ਓਹ ਕਿਸ ਕਰਕੇ ਨਿਰਾਸ ਜਾਂਦੇ ਹਨ। ਫਲ ਫਿੱਕੇ ਅਤੇ ਫੁੱਲ ਬਕਬਕੇ ਹੁੰਦੇ ਹਨ ਅਤੇ ਪੱਤੇ ਵੀ ਕੰਮ ਨਹੀਂ ਔਂਦੇ। ਤਤੁ= ਸਿੱਧਾਂਤ, ਫਲ। ਗੁਰੂ ਜੀ ਆਖਦੇ ਹਨ ਬੇਰੀ ਭਾਵੇਂ ਨੀਵੀਂ ਹੈ ਪਰ ਉਸਦੀ ਮਿੱਠਤ ਦੇ ਬੜੇ ਗੁਣ ਹਨ ਅਤੇ ਫਲ ਦੀਆਂ ਬੜੀਆਂ ਚੰਗਿਆਈਆਂ ਹਨ ਸਭ ਕੋਈ ਆਪਣੇ ਆਪਨੂੰ ਹੀ ਨੀਉਂਦਾ ਹੈ ਹੋਰ ਕਿਸੇ ਦੂਜੇ ਪਰਾਏ ਨੂੰ ਕੋਈ ਨਹੀਂ ਨੀਉਂਦਾ। ਗਉਰਾ=ਭਾਰਾ। ਤਰਾਜੂ=ਤੱਕੜੀ। ਜੇ ਤੱਕੜੀ ਵਿਚ ਧਰਕੇ ਤੋਲੀਏ ਤਾਂ ਜੇਹੜਾ ਪਾਸਾ ਨਿਵੇਂਗਾ ਓਹੋ ਹੀ ਭਾਰਾ ਹੋਵੇਗਾ ਭਾਵ ਜੇ ਅਕਲ ਨਾਲ ਵਿਚਾਰੀਏ ਤਾਂ ਜੇਹੜਾ ਨਿਮ੍ਰਤਾ ਕਰੇਗਾ ਉਹ ਵੱਡਾ ਹੋਵੇਗਾ। ਹੰਤਾ=ਮਾਰਨ ਵਾਲਾ। ਮਿਰਗਾਹਿ=ਹਰਨ। ਨਿਰਾ ਨਿਉਂਣ ਨਾਲ ਵੀ ਆਦਮੀ ਚੰਗਾ ਨਹੀਂ ਬਣ ਜਾਂਦਾ ਜੀਕਣ ਹਰਨ ਨੂੰ ਮਾਰਨ ਵਾਲਾ ਸ਼ਕਾਰੀ ਦੂਣਾਂ ਕੀ ਬੜਾ ਨਿਉਂਦਾਹੈ ਉਹ ਕੁਝਚੰਗਾ ਤਾਂ ਨਹੀਂ ਬਣ ਚਲਿਆ ਉਹ ਤਾਂ ਸਗੋਂ ਬੜੇ ਅਪਰਾਧ ਦਾ ਭਾਗੀ ਹੈ। ਜੇਹੜਾ ਨਿਉਂਕੇ ਚੰਗਾ ਬਣਦਾ ਹੈ ਪਰ ਵਿਚੋਂ ਖੋਟਾ ਹੈ ਓਸ ਤੋਂ ਬਚੋ। ਜੋ ਦਿਲ ਕਰਕੇ ਉਲਟੇ ਰਸਤੇ ਜਾਂਦਾ ਹੈ ਭਾਵ ਖੋਟ ਰਖਦਾ ਹੈ ਉਸਦਾ ਸਿਰ ਨਿਵਾਇਆਂ ਕੀ ਹੋਣਾਂ ਹੈ ॥ ੧ ॥

**ਮ: ੧ ॥ ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ ਤਿਲਕੁ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥ ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥ ੨ ॥**

ਬਾਦੰ=ਝਗੜੇ ॥ ਬਿਭੂਖਣ=ਗਹਿਣਾਂ ॥ ਸਾਰੰ=ਚੰਗਾ ॥ ਤ੍ਰੈਪਾਲ=ਤਿਨ ਪਾਲਾ ਗਾਇਤ੍ਰੀ ॥ ਤਿਹਾਲ=ਤਿੰਨ ਵੇਲੇ। ਲਿਲਾਟੰ=ਮੱਥਾ। ਕਪਾਟੰ=ਛੋਟਾ ਪਰਨਾ। ਫੋਕਟ ਨਿਕੰਮੇ ॥ ਪੁਸਤਕਾਂ ਪੜ੍ਹਨੀਆਂ ਸੰਧਿਆ ਕਰਨੀਆਂ ਝਗੜੇ ਕਰਨੇ ਵੱਟਿਆਂ ਨੂੰ ਪੂਜਦੇ ਹੋ ਬਗਲਿਆਂ ਵਾਂਙੂ ਸਮਾਧੀਆਂ ਲਾਉਂਦੇ

Digitized by Panjab Digital Library | www.panjabdigilib.org

ਹੋ। ਝੂਠ ਮੂੰਹੋਂ ਬੋਲਦੇ ਹੋ ਜੋ ਠੀਕ ਹੀ ਸੱਚ ਕਰਕੇ ਵਿਖਾ ਦੇਂਦੇ ਹੋ। ਗਾਇਤ੍ਰੀ ਤਿੰਨ ਵੇਲੇ ਵਿਚਾਰਦੇ ਹੋ। ਗਲ ਵਿਚ ਮਾਲਾ ਮੱਥੇ ਉਤੇ ਟਿੱਕਾ (ਪੂਜਾ ਦੇ ਵੇਲੇ) ਦੋ ਧੋਤੀਆਂ ਸੁੱਚੇ ਕੱਪੜੇ ਮੱਥੇ ਤੇ ਪਰਨਾਂ ਰਖਦੇ ਹੋ ਜੇਹੜਾ ਵਾਹਿਗੁਰੂ ਦੇ ਮਿਲਾਪ ਦੇ ਕਰਮ ਜਾਣਦਾ ਹੈ। ਠੀਕ ਜਾਣੋ ਉਪ੍ਰੋਕਤਿ ਸਾਰੇ ਕਰਮ ਉਸਦੇ ਖਿਆਲ ਵਿਚ ਤਾਂ ਨਿਕੰਮੇ ਹਨ। ਗੁਰੂ ਜੀ ਆਖਦੇ ਹਨ ਨਿਸਚੇ ਨਾਲ ਵਾਹਿਗੁਰੂ ਨੂੰ ਯਾਦ ਕਰੋ ਕਿਉਂਕਿ ਗੁਰਾਂ ਤੋਂ ਬਿਨਾਂ ਆਦਮੀ ਰਸਤਾ ਨਹੀਂ ਲੱਭ ਸਕਦਾ ॥ ੨ ॥

**ਪਉੜੀ ॥ ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥ ੧੪ ॥**

ਇਹ ਜੇਹੜਾ ਸੁੰਦਰ ਰੂਪ ਸੁਹਾਵਣਾ ਕੱਪੜਾ ਹੈ ਇਹ ਦੁਨੀਆਂ ਵਿਚ ਹੀ ਛੱਡ ਜਾਣਾਂ ਹੈ। ਮੰਦਾ ਚੰਗਾ ਕੰਮ ਆਪਣਾਂ ਕੀਤਾ ਹੋਇਆ ਆਪੇ ਹੀ ਦੁਖ ਸੁਖ ਪਾਉਣਾ ਹੈ। ਜਿਨਾਂ ਨੇ ਏਥੇ ਮਨ ਭਾਉਂਦੇ ਹੁਕਮ ਕੀਤੇ ਹਨ ਓਨਾਂ ਨੇ ਅੱਗੇ ਭੀੜੇ ਰਾਹ ਜਾਣਾਂ ਹੈ। ਜਦੋਂ ਨੰਗਾ ਹੋਕੇ ਨਰਕ ਨੂੰ ਚੱਲੇਗਾ ਓਦੋਂ ਬੜਾ ਡਰਾਉਂਣਾ ਦਿਸੇਗਾ ਹੁਣ ਜੇਹੜਾ ਔਗੁਣ ਕਰਦਾ ਹੈ ਅੰਤ ਨੂੰ ਇਸਨੇ ਪਛਤਾਉਣਾਂ ਹੈ ॥ ੧੪ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਡਤ ਹਰਦਯਾਲ ਨੂੰ ਆਖਿਆ ਕਿ ਜੇ ਤੇਰੇ ਪਾਸ ਈਕਣ ਦਾ ਜੰਞੂ ਹਈ ਤਾਂ ਮੈਨੂੰ ਪਾ ਦੇਹ।

**ਸਲੋਕੁ ਮ: ੧ ॥**

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਇਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ**

Digitized by Panjab Digital Library | www.panjabdigilib.org

**ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥ ੧ ॥**

ਜੀਆਂ ਤੇ ਦਯਾ ਕਰਨੀ ਏਹ ਕਪਾਹ ਹੋਵੇ ਅਤੇ ਸੰਤੋਖ ਰਖਣਾਂ ਸੂਤ ਹੋਵੇ ਜਤ (ਇੰਦ੍ਰੀਆਂ ਨੂੰ ਰੋਕਣਾਂ) ਦੀਆਂ ਗੰਢਾਂ ਤੇ ਸੱਚ ਬੋਲਣਾਂ ਜਿਸ ਜਨੇਊ ਨੂੰ ਵੱਟ ਦਿਤਾ ਹੋਵੇ। ਹੇ ਪਾਂਡੇ ਇਹ ਈਕਣ ਦਾ ਸੱਚਾ ਜਨੇਊ ਜੀਅ ਦਾ ਹੈ ਜੇਕਰ ਤੇਰੇ ਪਾਸ ਹੈ ਤਾਂ ਸਾਨੂੰ ਪਾ ਦੇਹ ਅਥਵਾ ਆਪ ਪਾ। ਨ ਇਹ ਟੁਟਦਾ ਹੈ ਨ ਇਸਨੂੰ ਮੈਲ ਲਗਦੀ ਹੈ ਨ ਇਹ ਸੜਦਾ ਹੈ ਨ ਇਹ ਗੁਆਚ ਜਾਂਦਾ ਹੈ। ਗੁਰੂ ਜੀ ਆਖਦੇ ਹਨ ਉਹ ਆਦਮੀ ਧੰਨ ਹਨ ਜੇਹੜੇ ਈਕਣ ਦਾ ਜਨੇਊ ਗਲ ਵਿਚ ਪਾ ਚੱਲੇ ਹਨ ਭਾਵ ਜਗਤ ਵਿਚ ਪਾਉਂਦੇ ਹਨ ਅਥਵਾ ਪਾਕੇ ਵਾਹਿਗੁਰੂ ਕੋਲ ਚੱਲੇ ਹਨ। "ਹੁਣ ਆਪਣੇ ਜਨੇਉ ਦੀ ਗਲ ਸੁਣ" ਚਉਕੜਿ=ਜਨੇਊ।ਇਕ ਪੈਸਾ, ਚਾਰ ਕੌਡਾਂ ॥ ਸਿਖਾਂ=ਸਿੱਖਿਆ। ਅਣਾਇਆ=ਮੰਗਵਾਇਆ। ਥਿਆ=ਹੋਯਾ ॥ ਚਹੁ ਕੌਡਾਂ ਦਾ ਜਨੇਊ ਮੁਲ ਮੰਗਵਾਇਆ ਅਤੇ ਚੌਕੇ ਵਿਚ ਬਹਿਕੇ ਜੀਵ ਦੇ ਗਲ ਪਾਇਆ। ਕੰਨ ਵਿਚ ਸਿਖਿਆ ਸੁਣਾਈਆਂ ਕਿ ਗੁਰੂ ਬ੍ਰਾਹਮਣ ਹੋਗਿਆ ਜਦ ਉਹ ਆਦਮੀ ਮਰ ਗਿਆ ਤਾਂ ਉਹ ਜਨੇਊ ਵੀ ਸੜਕੇ ਸਰੀਰ ਨਾਲੋਂ ਭਾਵ ਸਰੀਰ ਦੇ ਸਮੇਤ ਹੀ ਝੜ ਪਿਆ ਭਾਵ ਸੁਆਹ ਹੋਕੇ ਜਮੀਨ ਤੇ ਡਿਗ ਪਿਆ ਅਤੇ ਉਹ ਜੀਵ ਆਤਮਾਂ ਜੰਞੂ ਤੋਂ ਬਿਨਾਂ ਹੀ ਸੰਸਾਰ ਤੋਂ ਵਾਹਿਗੁਰੂ ਕੋਲ ਗਿਆ।

**ਮ: ੧ ॥ ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥ ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥ ੨ ॥**

ਲੱਖਾਂ ਚੋਰੀਆਂ ਲੱਖਾਂ ਯਾਰੀਆਂ ਲੱਖਾਂ ਝੂਠੀਆਂ ਗੱਲਾਂ ਲੱਖਾਂ ਗਾਲੀਆਂ। ਲੱਖਾਂ ਠੱਗੀਆਂ ਬੇਈਮਾਨੀਆਂ ਈਕਣ ਦੀਆਂ ਕਈ ਹੋਰ ਭੈੜੀਆਂ ਗੱਲਾਂ ਜੇਹੜੀਆਂ ਜੀਅ ਦੇ ਨਾਲ ਦਿਨੇ ਰਾਤ ਰਹਿੰਦੀਆਂ ਹਨ। ਜੰਞੂ ਕਪਾਹ ਤੋਂ ਕਤੀਦਾ ਹੈ ਅਤੇ ਬ੍ਰਾਹਮਣ ਆਕੇ ਵੱਟਦਾ ਹੈ। ਫਿਰ

Digitized by Panjab Digital Library | www.panjabdigilib.org

ਜਦੋਂ ਬੱਕਰਾ ਮਾਰਕੇ ਰਿੰਨ੍ਹਕੇ ਖਾਧਾ ਤਾਂ ਸਭ ਕਿਸੇ ਨੇ ਆਖਿਆ ਅਮਕੇ ਨੇ ਜਨੇਊ ਪਾਇਆ ਹੈ। ਫਿਰ ਜਦ ਉਹ ਪੁਰਾਣਾ ਹੋ ਜਾਂਦਾ ਹੈ ਤਾਂ ਸੁਟ ਦੇਂਦੇ ਹਨ ਫਿਰ ਹੋਰ ਪਾਉਂਦੇ ਹਨ। ਗੁਰੂ ਜੀ ਆਖਦੇ ਹਨ ਜੇ ਜੰਞੂ ਵਿਚ ਜੋਰ ਹੁੰਦਾ ਤੌਂ ਜੰਞੂ ਨ ਟੁਟਦਾ ਭਾਵ ਪਹਿਲੇ ਪਹਿਲ ਧਾਗਾ ਗਲ ਵਿਚ ਪਾਉਂਣ ਲਗਿਆਂ ਜੀਵ ਹੱਤਿਆ ਕਰਨੀ ਅਤੇ ਜਦ ਮੁੜ ੨ ਧਾਗਾ ਟੁਟਣਾਂ ਓਦੋਂ ਕਿਸੇ ਨੂੰ ਖਬਰ ਵੀ ਨ ਕਰਨੀ ਆਪੇ ਮੁਲ ਲੈਕੇ ਪਾ ਲੈਣੇ ਅਤੇ ਲੱਖਾਂ ਹਜਾਰਾਂ ਬੁਰੇ ਕੰਮ ਕਰਦੇ ਰਹਿਣਾ ॥ ੨ ॥

**ਮ: ੧ ॥ ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥ ੩ ॥**

ਪਤਿ=ਇਜ਼ਤ। ਪੂਤ=ਪਵਿਤ੍ਰ ॥ ਜੇਹੜਾ ਵਾਹਿਗੁਰੂ ਦਾ ਨਾਮ ਮੰਨਣਾਂ ਹੈ ਅਤੇ ਮਹਾਤਮਾਂ ਦੀ ਇਜ਼ਤ ਕਰਨੀ ਹੈ ਇਹ ਕਪਾਹ ਉਗਦੀ ਜਾਂ ਕਪਾਹ ਨੂੰ ਪੱਤੇ ਲੱਗਦੇ ਹਨ ਅਤੇ ਜੇਹੜਾ ਸੱਚੇ ਨਾਮ ਦਾ ਸਲਾਹੁਣਾਂ ਹੈ ਇਹ ਸੂਤ ਹੈ। ਇੱਕਣ ਦਾ ਚੰਗਾ ਜਨੇਊ ਪਾਈਏ, ਜਦੋਂ ਦਰਗਾਹ ਵਿਚ ਜਾਈਏ ਟੁਟਦਾ ਨਹੀਂ ਅਥਵਾ ਸੰਸਾਰ ਵਿਚ ਇਹ ਜਨੇਊ ਪਾਈਏ ਅਥਵਾ ਮਹਾਤਮਾ ਦੀ ਸਭਾ ਅੰਦਰ ਬਹਿਕੇ ਪਾਈਏ ॥ ੩ ॥

**ਮ: ੧ ॥ ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥ ਵੇ ਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ ੪ ॥**

ਤੁਸਾਂ ਨ ਇੰਦ੍ਰੀ ਨੂੰ ਜਨੇਊ ਪਾਇਆ ਨ ਇਸਤ੍ਰੀ ਨੂੰ ਜਨੇਊ ਪਾਇਆ। ਰੋਜ ਤੁਹਾਡੀ ਦਾੜੀ ਤੇ ਥੁੱਕਾਂ (ਫਿਟਕਾਰਾਂ) ਪੈਂਦੀਆਂ ਹਨ। ਨ ਪੈਰਾਂ ਨੂੰ ਤੱਗ ਪਾਇਆ ਨ ਹੱਥਾਂ ਨੂੰ ਤੱਗ ਪਾਇਆ ਭਾਵ ਪੈਰਾਂ ਹੱਥਾਂ ਨੂੰ ਬੁਰੇ ਕੰਮਾਂ ਵਲੋਂ ਨ ਰੋਕਿਆ। ਨ ਰਸਨਾਂ ਨੂੰ ਤੱਗ ਪਾਇਆ ਨ ਅੱਖਾਂ ਨੂੰ ਤੱਗ ਪਾਇਆ ਭਾਵ ਜੀਭ ਨੂੰ ਨਿੰਦਿਆ ਵਲੋਂ ਨ ਰੋਕਿਆ ਅੱਖਾਂ ਨੂੰ ਪ੍ਰਰ ਇਸਤ੍ਰੀ ਦਾ ਰੂਪ ਵੇਖਣ ਵਲੋਂ ਨ ਰੋਕਿਆ। ਵੇ=ਹੇ। ਵਤੈ=ਫਿਰਦੇ।

Digitized by Panjab Digital Library | www.panjabdigilib.org

ਘੱਤੈ=ਪਾਉਂਦੇ। ਹੇ ਪੰਡਤ ਜੀ ਤੁਸੀਂ ਜੰਞੂ ਤੋਂ ਬਿਨਾਂ ਫਿਰਦੇ ਹੋ। ਧਾਗੇ ਵੱਟ ਵੱਟਕੇ ਹੋਰਨਾਂ ਦੇ ਗਲ ਵਿਚ ਪਾਉਂਦੇ ਹੋ। ਭਾੜੇ ਲੈਕੇ ਵਿਆਹ ਕਰਾਉਂਦਾ ਹੈ। ਕਾਗਲ=ਕਾਗਜ਼, ਪੱਤ੍ਰੀ। ਰਾਹੂ=ਰਾਹੁ ਕੇਤੂ, ਰਸਤਾ। ਕਾਗਜ਼ ਕੱਢਕੇ ਰਾਹ ਦਸਦਾ ਹੈਂ ਭਾਵ ਲੋਕਾਂ ਨੂੰ ਰਸਤਾ ਦੱਸਦਾ ਹੈਂ ਕਿ ਰਾਹੂ ਕੇਤੂ ਬੁਰੇ ਹੁੰਦੇ ਹਨ ਅਤੇ ਆਪ (ਕਮੌਂਦਾ ਨਹੀਂ) ਹਨੇਰੇ ਵਿਚ ਜਾਂਦਾ ਹੈਂ। ਹੇ ਲੋਕੋ ਵੇਖੋ ਸੁਣੋ ਇਹ ਕਿੱਡੀ ਅਸਚਰਜ ਦੀ ਗਲ ਹੈ। ਮਨੋਂ ਅੰਨ੍ਹਾਂ ਤੇ ਨਾਮ ਸਿਆਣਾ ਹੈ ॥ ੪ ॥

**ਪਉੜੀ ॥ ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥ ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥ ੧੫ ॥**

ਜਦੋਂ ਵਾਹਿਗੁਰੂ ਦਿਆਲੂ ਹੋਕੇ ਕਿਰਪਾ ਕਰੇਗਾ ਤਦੋਂ ਜੇਹੜੀ ਚੰਗੀ ਕਾਰ ਉਸਨੂੰ ਭਾਉਂਦੀ ਹੈ ਓਹੋ ਕਾਰ ਕਰਾਵੇਗਾ। ਸੋਈ ਸੇਵਕ ਸੇਵਾ ਕਰੇਗਾ ਜਿਸਨੂੰ ਹੁਕਮ ਮਨਾਵੇਗਾ। ਜਦੋਂ ਸੇਵਕ ਹੁਕਮ ਮੰਨਕੇ ਪਰਵਾਣ ਹੋਵੇਗਾ ਤਾਂ ਖਸਮ ਦੇ ਮਹਲ ਅੰਦਰ ਜਾਣਾ ਪਾਵੇਗਾ। ਜੋ ਕੁਝ ਵਾਹਿਗੁਰੂ ਨੂੰ ਭਾਉਂਦਾ ਹੈ ਜੇ ਸੇਵਕ ਓਹੋ ਕੁਝ ਕਰਦਾ ਹੈ ਤਾਂ ਮਨ ਭਾਉਂਦਾ ਫਲ ਪਾਉਂਦਾ ਹੈ। ਤਾਂ ਫਿਰ ਵਾਹਿਗੁਰੂ ਦੀ ਦਰਗਾਹ ਵਿੱਚ ਜਸ ਰੂਪ ਪੁਸ਼ਾਕਾ ਪਾਕੇ ਜਾਂਦਾ ਹੈ ॥ ੧੫ ॥

ਇਕ ਖੱਤ੍ਰੀ ਮਸੂਲੀਏ ਨੇ ਇਕ ਗਊ ਵਾਲੇ ਬ੍ਰਾਹਮਣ ਨੂੰ ਦਰੀਆ ਦੇ ਕੰਢੇ ਤੇ ਰੋਕ ਛੱਡਿਆ ਕਿ ਮਸੂਲ ਦੇਹ ਤਾਂ ਲੰਘਣ ਦਿਆਂਗਾ ਉਸ ਦਿਨ ਗਊ ਤੇ ਬ੍ਰਾਹਮਣ ਭੁਖੇ ਰਹੇ ਫਿਰ ਸਵੇਰੇ ਓਸੇ ਖੱਤ੍ਰੀ ਮਸੂਲੀਏ ਨੇ ਗਾਂ ਦਾ ਗੋਹਾ ਲੈਕੇ ਚੌਕਾ ਪਾਇਆ ਅਤੇ ਰਸੋਈ ਬਨਾਉਣ ਲਗਾ ਇਹ ਬੜੀ ਅਸਚਰਜ ਗਲ ਵੇਖਕੇ ਗੁਰੂ ਜੀ ਆਖਣ ਲਗੇ।

## ਸਲੋਕ ਮ: ੧ ॥

**ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥ ਧੋਤੀ ਟਿਕਾ ਤੈ ਜਪ ਮਾਲੀ ਧਾਨੁ ਮਲੇਛਾਂ**

Digitized by Panjab Digital Library | www.panjabdigilib.org

**ਖਾਈ ॥ ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥ ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥ ੧ ॥**

ਕਰ=ਡੰਡ, ਮਸੂਲ। ਗਊ ਤੇ ਬ੍ਰਾਹਮਣ ਨੂੰ ਮਸੂਲ ਲਾਉਂਦੇ ਹੋ ਗੋਹੇ ਦਾ ਪੋਚਾ ਪਾਉਣ ਨਾਲ ਤਰਿਆ ਨਹੀਂ ਜਾਵੇਗਾ। ਧੋਤੀ ਬੰਨ੍ਹਕੇ ਟਿੱਕਾ ਲਾਕੇ ਤੇ ਮਾਲਾ ਹੱਥ ਵਿਚ ਫੜਕੇ ਪੂਜਾ ਕਰਦਾ ਹੈਂ ਅਤੇ ਹੇ ਮਲੇਛਾ ਧਾਨ ਮਲੇਛਾਂ ਕੋਲੋਂ ਲੈਕੇ ਖਾਂਦਾ ਹੈਂ ਭਾਵ ਮੁਸਲਮਾਨਾਂ ਦੀ ਨੌਕਰੀ ਕਰਦਾ ਹੈਂ ਅਥਵਾ ਜੀਆਂ ਨੂੰ ਦੁਖ ਦੇਂਦਾ ਹੈਂ। ਹੇ ਭਾਈ ਅੰਦਰ ਬਹਿਕੇ ਪੂਜਾ ਕਰਦਾ ਹੈਂ ਅਤੇ ਬਾਹਰ ਸਾਰਾ ਦਿਨ ਕਤਾਬਾਂ ਪੜਦਾ ਰਹਿੰਦਾ ਹੈਂ ਇਹ ਤੇਰਾ ਤਰੀਕਾ ਮੁਸਲਮਾਨਾਂ ਵਾਲਾ ਹੈ। ਪਾਖੰਡ ਛਡ ਦੇਹ ਨਾਮ ਲੈਣ ਨਾਲ ਤਰ ਜਾਵੇਂਗਾ ॥ ੧ ॥

**ਮ: ੧ ॥ ਮਾਣਸ ਖਾਣੇ ਕਰੇ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਾਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ**

Digitized by Panjab Digital Library | www.panjabdigilib.org

ਤਾ ਸਚੁ ਪਾਈਐ ॥ ੨ ॥

ਆਦਮੀ ਖਾਣੇ ਨੁਮਾਜ ਪੜ੍ਹਦੇ ਹਨ ਭਾਵ ਜੇਹੜੇ ਜੀਆਂ ਨੂੰ ਦੁਖ ਦੇਂਦੇ ਹਨ ਵੱਢੀਆਂ ਲੈਂਦੇ ਹਨ ਉਹ ਨਮਾਜ਼ੀ ਹਨ। ਜੇਹੜੇ ਛੁਰੀਆਂ ਚਲਾਂਉਦੇ ਹਨ ਓਨਾਂ ਦੇ ਗਲ ਵਿਚ ਜੰਞੂ ਹਨ ਭਾਵ ਜੇਹੜੇ ਜੀਭ ਨਾਲ ਨਿੰਦਿਆ ਚੁਗਲੀ ਕਰਦੇ ਜਾਂ ਕਲਮ ਨਾਲ ਬੇਗੁਨਾਹਾਂ ਨੂੰ ਮਾਰਦੇ ਹਨ। ਓਨਾਂ ਦੇ ਘਰ ਜਾਕੇ ਬ੍ਰਹਮਣ ਸੰਖ ਵਜਾਉਂਦੇ ਹਨ ਓਨਾਂ ਬ੍ਰਾਹਮਣਾਂ ਨੂੰ ਵੀ ਬੁਰਾ ਧਾਨ ਖਾਣ ਨਾਲ ਓਹੋ ਜੇਹਾ ਸੁਆਦ ਆਉਂਦਾ ਹੈ। ਝੂਠੀ ਰਾਸ ਅਤੇ ਝੂਠਾ ਹੀ ਵਪਾਰ ਹੈ। ਝੂਠ ਬੋਲਕੇ ਖਾਂਦੇ ਹਨ। ਸਰਮ ਧਰਮ ਦਾ ਡੇਰਾ ਦੂਰ ਹੈ। ਗੁਰੂ ਜੀ ਆਖਦੇ ਹਨ ਸਾਰੇ ਝੂਠ ਛਾ ਰਿਹਾ ਹੈ। ਮੱਥੇ ਤੇ ਟਿੱਕਾ ਹੈ ਤੇੜ ਧੋਤੀ ਖਾਕੀ ਭਗਵੇ ਰੰਗ ਦੀ ਹੈ। ਹਥ ਵਿਚ ਛੁਰੀ ਹੈ ਈਕਣ ਦੇ ਜਗਤ ਨੂੰ ਮਾਰਨ ਵਾਲੇ ਕਸਾਈ ਹਨ। ਨੀਲੇ ਕਪੜੇ ਪਾਕੇ ਪਰਵਾਣ ਹੁੰਦੇ ਹੋ ਭਾਵ ਨੀਲੀ ਬਰਦੀ ਪਾਕੇ ਮੁਸਲਮਾਨਾਂ ਦੀ ਕਚੈਹਰੀ ਵਿਚ ਮਾਨ ਪਾਉਂਦੇ ਹੋ। ਮਲੇਛਾਂ ਦਾ ਧਾਨ ਲੈਕੇ ਪੁਰਾਣਾਂ ਦੀ ਪੂਜਾ ਕਰਦੇ ਹੋ ਭਾਵ ਵੱਢੀ ਖਾਕੇ ਦੇਵਤਿਆਂ ਨੂੰ ਪੂਜਦਾ ਹੈ। ਅਭਾਖਿਆ=ਨਾਂ ਆਖਿਆ, ਮਲੇਛ ਭਾਸ਼ਾ, ਕਲਮਾਂ ॥ ਕਲਮੇ ਦਾ ਕੋਹਿਆ ਹੋਇਆ ਬੱਕਰਾ ਖਾਣਾਂ ਭਾਵ ਕਲਮਾਂ ਪੜ੍ਹਕੇ ਹਲਾਲ ਕੀਤਾ ਹੋਇਆ। ਮੂੰਹੋਂ ਸਾਰਿਆਂ ਨੂੰ ਆਖਦਾ ਹੈ ਮੇਰੇ ਚੌਂਕੇ ਉਤੇ ਕਿਸੇ ਨੇ ਨ ਜਾਣਾਂ। ਚੌਂਕਾ ਦੇਕੇ ਲਕੀਰ ਕੱਢੀ। ਫਿਰ ਜੀਕਣ ਈਕਣ ਦੇ ਚੌਂਕੇ ਉਤੇ ਓਹ ਝੂਠਾ ਆ ਬਹੇ ਆਕੇ ਈਕਣ ਆਖਣ ਲਗਾ ਹੇ ਭਾਈ ਕਿਸੇ ਨ ਛੁਹਿਣਾ ਕਿਉਂਕਿ ਮੇਰਾ ਇਹ ਅੰਨ ਫਿਟ ਕੀ ਵਿਗੜ ਜਾਵੇਗਾ। ਫੇੜ=ਕੰਮ। ਸਰੀਰ ਨੂੰ ਫਟਾਉਣ ਵਾਲੇ ਕੰਮ ਕਰਦੇ ਹਨ। ਮਨੋ ਜੂਠੇ ਹਨ ਅਤੇ ਮੂੰਹ ਨਾਲ ਚੂਲੀਆਂ ਕਰਦੇ ਹਨ। ਗੁਰੂ ਜੀ ਆਖਦੇ ਹਨ ਸੱਚੇ ਨੂੰ ਯਾਦ ਕਰੀਏ। ਜੇ ਦਿਲ ਵਿਚ ਸੁਚ ਹੋਵੇ ਤਾਂ ਸੱਚੇ ਨੂੰ ਪਾਈਦਾ ਹੈ ॥ ੨ ॥

ਪਉੜੀ ॥ ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥ ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥ ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥ ਨਦਰਿ ਉਪਠੀ ਜੇ ਕਰੇ ਸੁਲ-ਤਾਨਾ ਘਾਹੁ ਕਰਾਇਦਾ ॥ ਦਰਿ ਮੰਗਨਿ ਭਿਖ ਨ ਪਾਇਦਾ ॥ ੧੬ ॥

Digitized by Panjab Digital Library | www.panjabdigilib.org

ਚਿਤੈ=ਚਿਤ, ਚੇਤਾ, ਚਿਤਵਣੀ, ਯਾਦਗੀਰੀ, ਦਫਤਰ। ਸਭ ਕੋਈ ਵਾਹਿਗੁਰੂ ਦੇ ਚਿਤ ਵਿਚ ਚੇਤੇ ਹੈ ਅਤੇ ਸਾਰਿਆਂ ਨੂੰ ਵੇਖਕੇ ਆਪਣੀ ਨਜ਼ਰ ਦੇ ਹੇਠੋਂ ਦੀ ਲੰਘਾਉਂਦਾ ਹੈ। ਆਪੇ ਹੀ ਵਡਿਆਈਆਂ ਦੇਂਦਾ ਹੈ ਆਪੇ ਹੀ ਕੰਮ ਕਰਾਉਂਦਾ ਹੈ। ਆਪ ਵੱਡਿਆਂ ਤੋਂ ਵੱਡਾ ਹੈ ਅਤੇ ਉਸਦੀ ਬਣਾਈ ਹੋਈ ਦੁਨੀਆਂ ਵੀ ਬੜੀ ਵੱਡੀ ਹੈ ਸਭਨਾਂ ਜੀਆਂ ਨੂੰ ਵੱਖੋ ਵੱਖ ਕੰਮਾਂ ਤੇ ਲਾਉਂਦਾ ਹੈ। ਜੇ ਪੁੱਠੀ ਨਜ਼ਰ ਕਰ ਦੇਵੇ ਤਾਂ ਪਾਤਸ਼ਾਹਾਂ ਨੂੰ ਕਤਲ ਕਰਾ ਦੇਂਦਾ ਹੈ ਅਥਵਾ ਘਾਹੀ ਬਣਾ ਦੇਂਦਾ ਹੈ ਦਰ ੨ ਮੰਗਦਿਆਂ ਨੂੰ ਖ਼ੈਰ ਕੋਈ ਨਹੀਂ ਪਾਉਂਦਾ॥ ੧੬॥

## ਸਲੋਕੁ ਮਃ ੧॥

**ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ ੧॥**

ਮੋਹਾਕਾ=ਚੋਰ॥ ਮੁਹੈ=ਲੁਟੈ॥ ਜੇ ਚੋਰ ਕਿਸੇ ਦਾ ਘਰ ਲੁਟਕੇ ਓਹੋ ਧਨ ਆਪਣੇ ਘਰ ਵਿਚ ਲਿਆਕੇ ਆਪਣੇ ਵਡਿਆਂ ਮੋਇਆਂ ਹੋਇਆਂ ਪਿਤਰਾਂ ਦੇ ਵਾਸਤੇ ਦੇਵੇ। ਉਹ ਵਸਤੂ ਧਨ ਪਦਾਰਥ ਅਗੇ ਸਿਞਾਣਿਆਂ ਜਾਵੇਗਾ ਤਾਂ ਚੋਰਦੇ ਪਿਤਰਾਂ ਨੂੰ ਓਥੋਂ ਦੇ ਲੋਕ ਚੋਰ ਬਣਾ ਦੇਣਗੇ ਅਥਵਾ ਚੋਰ ਆਪ ਤਾਂ ਚੋਰ ਹੀ ਸੀ ਆਪਣੇ ਪਿਤਰਾਂ ਨੂੰ ਵੀ ਚੋਰ ਕਰ ਦੇਂਦਾ ਹੈ। ਜਿਸ ਬ੍ਰਾਹਮਣ ਦਲਾਲ ਨੇ ਵਿਚ ਹੋਕੇ ਉਹ ਚੋਰੀ ਦਾ ਧਨ ਮਣਸਾਇਆ ਸੀ ਉਸਦੇ ਓਥੇ ਹਥ ਵੱਢੇ ਜਾਣਗੇ ਧਰਮ ਰਾਜਾ ਇਹ ਮੁਣਸਫੀ ਅਦਾਲਤ ਕਰੇਗਾ ਅਥਵਾ ਕਰਦਾ ਹੈ। ਗੁਰੂ ਜੀ ਆਖਦੇ ਹਨ ਅਗੇ ਉਹ ਧਨ ਮਿਲਦਾ ਹੈ ਜੇਹੜਾ ਕੋਈ ਖੱਟ ਕਮਾਕੇ ਦੇਵੇ ॥੧॥

**ਮਃ ੧॥ ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥ ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥ ਸੂਚੇ ਸੇਈ ਨਾਨਕਾ ਜਿਨ੍ ਮਨਿ ਵਸਿਆ ਸੋਇ॥ ੨॥**

ਜੋਰੂ=ਇਸਤ੍ਰੀ॥ ਸਿਰਨਾਵਣੀ=ਰਿਤੂ ਭਾਵ ਚੌਥੇ ਦਿਨ ਸਿਰ ਨ੍ਹਾਉਣਾਂ ਤੇ ਨ੍ਹਾ ਧੋਕੇ ਪਵਿੱਤ ਹੋਣਾਂ। ਜੀਕਣ ਔਰਤਾਂ ਨੂੰ ਵਾਰੀ ਵਾਰੀ ਹਰ ਮਹੀਨੇ

Digitized by Panjab Digital Library | www.panjabdigilib.org

ਮਗਰੋਂ ਰਿਤੂ ਆਉਂਦੀ ਹੈ ਤਾਂ ਅਪਵਿਤ੍ਰ ਹੋ ਜਾਂਦੀਆਂ ਹਨ ਚੌਥੇ ਦਿਨ ਸਿਰ ਨ੍ਹਾਕੇ ਪਵਿੱਤ੍ਰ ਹੁੰਦੀਆਂ ਹਨ। ਈਕਣ ਹੀ ਜੂਠਿਆਂ ਦੇ ਮੂੰਹ ਵਿੱਚ ਝੂਠ ਦੀ ਜੂਠ ਨਿੰਦਿਆ ਵੱਸਦੀ ਹੈ ਨਿੰਦਿਆ ਕਰਕੇ ਰੋਜ਼ ਰੋਜ਼ ਖੁਆਰ ਹੁੰਦੇ ਹਨ। ਜੇਹੜੇ ਪਿੰਡਾ ਧੋਕੇ ਬਹਿੰਦੇ ਹਨ ਇਹ ਸੁੱਚੇ ਨਹੀਂ ਆਖੀਦੇ। ਗੁਰੂ ਜੀ ਆਖਦੇ ਹਨ ਸੁੱਚੇ ਓਹ ਹਨ ਜਿਨਾਂ ਦੇ ਮਨ ਵਿਚ ਓਹ ਵਾਹਿਗੁਰੂ ਵਸਦਾ ਹੈ ॥ ੨ ॥

**ਪਉੜੀ ॥ ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥ ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ॥ ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥ ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥ ਜਰੁ ਆਈ ਜੋਬਨਿ ਹਾਰਿਆ ॥੧੭॥**

ਤੁਰੇ=ਘੋੜੇ । ਪਲਾਣੇ=ਕਾਠੀਆਂ। ਵੇਗ=ਚੱਲਣ ਵਾਲੇ ॥ ਹਰਮ=ਇਸਤ੍ਰੀਆਂ ਵ ਘਰ ॥ ਚੀਜ਼=ਤਮਾਸ਼ੇ ॥ ਮਹਲਤਿ=ਰਾਜ ਭਾਗ ਵਾ ਮਹਲਾਂ ਨੂੰ ਤਾਂ ॥ ਜਰ=ਬੁਢੇਪਾ । ਪੌਣ ਵਾਂਙੂ ਚਲਣ ਵਾਲੇ ਘੋੜੇ ਕਾਠੀਆਂ ਨਾਲ ਸਵਾਰੇ ਹੋਇ ਅਤੇ ਹਰ ਰੰਗਾਂ ਨਾਲ ਇਸਤ੍ਰੀਆਂ ਨੂੰ ਸਵਾ-ਰਿਆ ਹੋਯਾਹੈ ਅਥਵਾ ਹਰੇ ਹਰੇ ਹਰ ਇਕਰੰਗਾਂ ਨਾਲ ਮਹਿਲਾਂਨੂੰ ਸਵਾਰਿਆ ਹੋਯਾ ਹੈ। ਕੋਠੇ, ਮਹਲ, ਸਭਾ ਦੇ ਥਾਂ, ਅਟਾਰੀਆਂ, ਧਨ ਲਾਕੇ ਬੜੇ ਬੜੇ ਪਸਾਰਿਆਂ ਨੂੰ ਕਰ ਬੈਠੇ ਹਨ ਅਥਵਾ ਮਨ ਲਾਕੇ ਪਸਾਰੇ ਕਰ ਬੈਠੇ ਹਨ ਅਥਵਾ ਗਦੇਲੇ ਚੌਕੜੀਆਂ ਲਾਕੇ ਲੱਤਾਂ ਪਸਾਰਕੇ ਬੈਠੇ ਹਨ। ਕਈ ਤਰਾਂ ਦੇ ਮਨ ਭਾਉਂਦੇ ਤਮਾਸ਼ੇ ਕਰਦੇ ਹਨ ਵਾਹਿਗੁਰੂ ਨੂੰ ਨਹੀਂ ਸਮਝਦੇ ਮਨੁਖ ਜਨਮ ਹੀਰਾ ਸੰਸਾਰ ਜੂਏ ਵਿਚ ਹਾਰ ਦਿਤਾ ਹੈ ਵਾ ਹਾਰਿਆ ਗਿਆ। ਹੁਕਮ ਕਰ ਕਰਕੇ ਪਦਾਰਥਾਂ ਨੂੰ ਖਾਧਾ ਰਾਜ ਭਾਗ ਅਥਵਾ ਮਹਲਾਂ ਨੂੰ ਵੇਖਕੇ ਮਰਣਾ ਵਿਸਾਰ ਦਿਤਾ। ਬ੍ਰਿਧ ਅਵਸਥਾ ਆ ਗਈ ਜੋਬਨ ਹਾਰਿਆ ਗਿਆ ਕੀ ਢਲ ਗਿਆ ॥ ੧੭ ॥

ਦਿੱਲੀ ਦੇ ਵਿੱਚ ਇੱਕ ਸਿੱਖ ਦੇ ਘਰ ਪੋਤਰਾ ਜੰਮਿਆਂ ਉਸਨੇ ਭੰਡਾਰਾ ਕੀਤਾ ਬ੍ਰਹਮਣ ਸੂਤਕ ਸੂਤਕ ਕਰਦੇ ਨ ਗਏ ਗੁਰੂ ਜੀ ਚਲੇ ਗਏ ਤਿਸ ਪ੍ਰਥਾਏ ਉਚਾਰਿਆ।

Digitized by Panjab Digital Library | www.panjabdigilib.org

## ਸਲੋਕੁ ਮ: ੧ ॥

**ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥ ੧ ॥**

ਜੇਕਰ ਬਾਲਕ ਦੇ ਜੰਮਨ ਵੇਲੇ ਸੂਤਕ ਮੰਨੀਏਂ ਤਾਂ ਸਾਰਿਆਂ ਕੰਮਾਂ ਦੇ ਕਰਨ ਵੇਲੇ ਸਾਰੀਆਂ ਜਗਾਂ ਵਿਚ ਸੂਤਕ ਹੁੰਦਾ ਹੈ। ਗੋਹੇ ਅਤੇ ਲੱਕੜੀ ਵਿਚ ਕੀੜਾ ਹੁੰਦਾ ਹੈ ਭਾਵ ਗੋਹਾ ਲੱਕੜੀ ਬਲਨ ਦੇ ਵੇਲੇ ਇਹ ਕੀੜਾ ਮਰ ਜਾਂਦਾ ਹੈ ਦਸੋ ਖਾਂ ਸੂਤਕ ਨਹੀਂ ਹੁੰਦਾ ? ਫਿਰ ਜਿੰਨੇ ਅੰਨ ਦੇ ਦਾਣੇ ਹਨ ਜੀਆਂ ਤੋਂ ਬਿਨਾਂ ਕੋਈ ਨਹੀਂ। ਵੇਖੋ ਪਹਿਲਾਂ ਪਾਣੀ ਹੀ ਜੀਅ ਹੈ ਜਿਸ ਕਰਕੇ ਸਭ ਕੋਈ ਹਰਿਆ ਹੈ ਆਦਮੀ ਜਾਨਵਰ ਬੂਟੇ ਸਭ ਪਾਣੀ ਨਾਲ ਪ੍ਰਫੁੱਲਤ ਹੁੰਦੇ ਹਨ ਪਾਣੀ ਦੇ ਵਿਚ ਕਈ ਜੀਅ ਪੀਤੇ ਜਾਂਦੇ ਹਨ। ਈਕਣ ਦਿਆਂ ਸੂਤਕਾਂ ਅਥਵਾ ਜੀਵ ਹੱਤਿਆ ਕੋਲੋਂ ਆਪਣੇ ਆਪ ਨੂੰ ਕੀਕਣ ਬਚਾ ਰੱਖੀਏ ਈਕਣ ਦਾ ਸੂਤਕ ਤਾਂ ਹਮੇਸ਼ਾਂ ਰਸੋਈ ਵਿਚ ਪਿਆ "ਪੈਂਦਾ" ਰਹਿੰਦਾ ਹੈ। ਗੁਰੂ ਜੀ ਆਖਦੇ ਹਨ ਸੂਤਕ ਈਕਣ ਨਹੀਂ ਉਤਰਦਾ ਇਹ ਗਿਆਨ ਹੀ ਧੋਕੇ ਉਤਾਰੇ ਤਾਂ ਉਤਰ ਦਾ ਹੈ ॥ ੧ ॥

**ਮ: ੧ ॥ ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥ ੨ ॥**

ਮਨ ਦਾ ਸੂਤਕ ਲੋਭ ਹੈ ਜੀਭ ਦਾ ਸੂਤਕ ਝੂਠ ਹੈ। ਅੱਖਾਂ ਨੂੰ ਸੂਤਕ ਪਰਾਈ ਇਸਤ੍ਰੀ ਦਾ ਸੁੰਦਰ ਰੂਪ ਵੇਖਣਾਂ ਅਤੇ ਪਰਾਇਆ ਧਨ (ਹਥਾਂ ਨੂੰ ਸੂਤਕ ਲਗਾ ਹੋਯਾ) ਹੈ। ਕੰਨਾਂ ਨੂੰ ਸੂਤਕ ਇਹ ਲਗਾ ਹੋਇਆ ਹੈ ਇਹਤੜੀ ਕਿਸੇ ਦੀ ਚੁਗਲੀ ਕਿਸੇ ਪਾਸ ਜਾਕੇ ਕਰਨੀ। ਪੈ=ਪਾਸ=ਲਾ-ਇਤਬਾਰੀ=ਚੁਗਲੀ। (ਗੁਰੂ ਜੀ ਈਕਣ ਦੇ ਹੰਸ ਆਦਮੀ ਭਾਵ

Digitized by Panjab Digital Library | www.panjabdigilib.org

ਬਗਲੇ ਵਾਂਙਣ ਜੀਆਂ ਨੂੰ ਮਾਰਨ ਵਾਲੇ ਬੱਧੇ ਹੋਇ ਜਮ ਪੁਰ ਨੂੰ ਚਲੇ ਜਾਣਗੇ ॥ ੨ ॥

**ਮ: ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥ ੩ ॥**

ਸਭਨਾਂ ਸੂਤਕਾਂ ਦਾ ਵੱਡਾ ਸੂਤਕ ਭਰਮ ਹੈ ਜਿਸ ਕਰਕੇ ਆਦਮੀ ਦ੍ਵੈਤ ਭਾਵ ਵਿੱਚ ਲਗੇ ਹੋਇ ਹਨ ਅਥਵਾ ਵਾਹਿਗੁਰੂ ਨੂੰ ਛੱਡਕੇ ਦੂਜਿਆਂ ਦੇਵੀ ਦੇਵਤਿਆਂ ਦੀ ਸੇਵਾ ਕਰਦੇ ਹਨ। ਜੰਮਣਾਂ ਮਰਣਾਂ ਵਾਹਿਗੁਰੂ ਦਾ ਹੁਕਮ ਹੈ ਵਾਹਿਗੁਰੂ ਦੇ ਭਾਣੇ ਵਿੱਚ ਹੀ ਜੀਵ ਆਉਂਦਾ ਜਾਂਦਾ ਹੈ। ਜੋ ਰਿਜਕ ਵਾਹਿਗੁਰੂ ਨੇ ਪਹੁੰਚਾਇ ਦਿਤਾ ਹੈ ਇਸਦਾ ਖਾਣਾਂ ਪੀਣਾਂ ਸਭ ਪਵਿਤ੍ਰ ਹੈ ਜਿਸ ਵਕਤ ਮਰਜ਼ੀ ਹੈ ਛਕੋ ਛਕਾਓ। ਗੁਰੂ ਜੀ ਆਖਦੇ ਹਨ ਜਿਨਾਂ ਗੁਰਮੁਖਾਂ ਨੇ ਮਰਣਾਂ ਜੰਮਣਾਂ ਵਾਹਿਗੁਰੂ ਦਾ ਭਾਣਾਂ ਸਮਝਿਆ ਹੈ ਓਨਾਂ ਨੂੰ ਕੋਈ ਸੂਤਕ ਨਹੀਂ ॥ ੩ ॥

**ਪਉੜੀ ॥ ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥ ਸਹਿ ਮੇਲੇ ਤਾ ਨਦਰੀ ਆਈਆ॥ ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥ ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥ ਸਹਿ ਤੁਠੈ ਨਉਨਿਧਿ ਪਾਈਆ॥੧੮॥**

ਜਿਸ ਸਤਿਗੁਰੂ ਵਿਚ ਵੱਡੀਆਂ ਵਡਿਆਈਆਂ ਹਨ ਉਸ ਨੂੰ ਵੱਡਾ ਕਰਕੇ ਸਲਾਹੀਏ। ਜਦੋਂ ਵਾਹਿਗੁਰੂ ਗੁਰਾਂ ਨੂੰ ਮਿਲਾਵੇ ਤਾਂ ਗੁਰਾਂ ਦੀਆਂ ਵਡਿਆਈਆਂ ਨਜ਼ਰ ਆਈਆਂ। ਜਦੋਂ ਸਿਖ ਤਿਸ ਵਾਹਿਗੁਰੂ ਨੂੰ ਚੰਗਾ ਲੱਗਾ ਤਾਂ ਉਹ ਵਡਿਆਈਆਂ ਸਿਖ ਦੇ ਮਨ ਵਿਚ ਵਸਾਈਆਂ ਅਥਵਾ ਭਾਣਾਂ ਮੰਨਿਆਂ। ਜਦੋਂ ਵਾਹਿਗੁਰੂ ਨੇ ਹੁਕਮ ਕੀਤਾ ਤਦੋਂ ਗੁਰਾਂ ਸਿੱਖ ਦੇ ਮੱਥੇ ਤੇ ਹਥ ਧਰਕੇ ਰਿਦੇ ਵਿਚੋਂ ਬੁਰਿਆਈਆਂ ਮਾਰਕੇ ਕੱਢ ਦਿਤੀਆਂ। ਜਦੋਂ ਵਾਹਿਗੁਰੂ ਪ੍ਰਸੰਨ ਹੋਇਆ ਤਦੋਂ ਨੌ ਨਿਧੀਆਂ ਪਾ ਲਈਆਂ ॥ ੧੮ ॥

Digitized by Panjab Digital Library | www.panjabdigilib.org

## ਸਲੋਕੁ ਮ: ੧ ॥

**ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥ ਸੁਚਾ ਹੋਇਕੈ ਜੇਵਿਆ ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ॥ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ ੧ ॥**

ਪਹਿਲਾਂ ਆਪ ਇਸ਼ਨਾਨ ਕਰਕੇ ਸੁੱਚਾ ਹੋਕੇ ਸੁੱਚੇ ਚੌਂਕੇ ਵਿਚ ਆ ਬੈਠਾ। ਸੁੱਚੇ ਬ੍ਰਹਮਣ ਲਾਂਗਰੀ ਨੇ ਉਸ ਅੰਨ ਨੂੰ ਪੱਕਾ ਹੋਯਾ ਥਾਲ ਲਾਕੇ ਮਨਮੁਖ ਦੇ ਅੱਗੇ ਰੱਖਿਆ ਅਜੇ ਓਸ ਅੰਨ ਨੂੰ ਕਿਸੇ ਵੀ ਜਾਕੇ ਨਹੀਂ ਸੀ ਛੁਹਿਆ। ਮਨਮੁਖ ਨੇ ਆਪ ਬੜਾ ਸੁੱਚਾ ਹੋਕੇ ਅੰਨ ਖਾਧਾ ਅਤੇ ਪਿਛੋਂ ਸਲੋਕ ਪੜ੍ਹਨ ਲਗਾ ਭਾਵ ਚੁਲਾ ਪੜ੍ਹਿਆ। ਉਸ ਅਜੇਹੇ ਚੰਗੇ ਅੰਨ ਨੂੰ "ਮਨਮੁਖ ਨੇ" "ਕੁਹੱਥੀ" ਬੜੀ ਖੋਟੀ ਖਰਾਬ ਮੈਲੀ ਥਾਂ ਜਾਕੇ ਸੱਟਿਆ ਭਾਵ ਪਖਾਨੇ ਫਿਰਿਆ ਦੱਸੋ ਇਹ ਕਿਸਨੂੰ ਦੋਸ਼ ਲੱਗਾ। ਅੰਨ ਵੀ ਦੇਉਤਾ ਸੀ ਪਾਣੀ ਵੀ ਦੇਉਤਾ ਸੀ ਅੱਗ ਵੀ ਦੇਉਤਾਸੀ ਅਤੇ ਲੂਣ, ਲੌ ਹੋਰ ਦੇਖੋ ਪੰਜਵਾਂ ਵਿਚ ਘਿਓ ਪਾਇਆ ਤਾਂ ਸਾਰਾ ਅੰਨ ਪੱਕ ਕੇ ਬੜਾ ਪਵਿੱਤ੍ਰ ਹੋਯਾ। ਪਾਪੀ ਦੇ ਸਰੀਰ ਨਾਲ ਮਿਲਕੇ ਓਸ ਅੰਨ ਨੂੰ ਥੁੱਕਾਂ ਪਈਆਂ ਭਾਵ ਅੰਨ ਬੜਾ ਪਵਿੱਤ੍ਰ ਸੀ ਪਰ ਮਨਮੁਖ ਦਾ ਸੰਗ ਕਰਨ ਨਾਲ ਓਸਤੇ ਥੁੱਕਾਂ ਪਈਆਂ ਲੋਕ ਪਖਾਨੇ ਉਤੇ ਗਲਾਨੀ ਕਰਕੇ ਜਾਂਦੇ ੨ ਥੁੱਕ ਜਾਂਦੇ ਹਨ। ਜਿਸਦੇ ਮੂੰਹੋਂ ਨਾਮ ਨਹੀਂ ਨਿਕਲਦਾ ਅਤੇ ਬਿਨਾਂ ਨਾਮ ਤੋਂ (ਰਸ) ਚੰਗੇ ੨ ਸੁਆਦੀ ਭੋਜਨ ਖਾਂਦਾ ਹੈ। ਗੁਰੂ ਜੀ ਆਖਦੇ ਹਨ ਈਕਣ ਹੀ ਜਾਣੋ ਤਿਸ ਮਨਮੁਖ ਦੇ ਮੂੰਹ ਤੇ ਥੁੱਕਾਂ ਪੈਂਦੀਆਂ ਹਨ ॥ ੧ ॥

**ਮ: ੧ ॥ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**

Digitized by Panjab Digital Library | www.panjabdigilib.org

**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰ-ਬਾਰਿ ॥ ੨ ॥**

"ਇਸਤ੍ਰੀਆਂ ਦੀ ਸਲਾਘਾ"

ਹੇ ਭਾਈ ਤੁਸੀ ਗ੍ਰਹਸਤ ਦੀ ਨਿੰਦਿਆ ਕਿਉਂ ਕਰਦੇ ਹੋ ਦੇਖੋ- ਪਹਿਲੇ ਇਸਤ੍ਰੀ ਦੇ ਪੇਟ ਵਿੱਚ ਬਾਲਕ ਟਿਕਦਾ ਹੈ ਫੇਰ ਜੰਮਦਾ ਹੈ ਫੇਰ ਇਸਤ੍ਰੀ ਨਾਲ ਹੀ ਮੰਗਣਾਂ ਵਿਆਹੁਣਾਂ ਹੁੰਦਾ ਹੈ। ਇਸਤ੍ਰੀ ਨਾਲ ਪ੍ਰੀਤ ਹੁੰਦੀ ਹੈ ਇਸਤ੍ਰੀ ਕਰਕੇ ਸੰਸਾਰ ਪੁੱਤ੍ਰਾਂ ਧੀਆਂ ਦੇ ਸਾਕ ਨਾਤੇ ਦਾ ਰਾਹ ਚਲਦਾ ਹੈ। ਜਦ ਇਕ ਇਸਤ੍ਰੀ ਮਰਜਾਵੇ ਤਾਂ ਦੂਸਰੀ ਇਸਤ੍ਰੀ ਲਭੀ ਦੀ ਹੈ,ਇਸਤ੍ਰੀ ਕਰਕੇ ਹੀ ਸੰਸਾਰ ਤੇ ਸਾਰੇ "ਬੰਧਾਨ" ਬਾਨਣੂ ਬੱਝਦੇ ਹਨ। ਜਿਸਤੋਂ ਵੱਡੇ ਵੱਡੇ ਸਾਰੇ ਮਹਾਤਮਾਂ ਜੰਮਦੇ ਹਨ ਉਸਨੂੰ ਮੰਦਾ ਕਿਉਂ ਆਖੀਏ। ਇਸਤ੍ਰੀਆਂ ਤੋਂ ਇਸਤ੍ਰੀਆਂ ਜੰਮਦੀਆਂ ਹਨ ਇਸਤ੍ਰੀ ਤੋਂ ਬਿਨਾਂ ਸੰਸਾਰ ਤੇ ਕੋਈ ਵੀ ਨਹੀਂ। ਗੁਰੂ ਜੀ ਆਖਦੇ ਹਨ ਇਸਤ੍ਰੀ ਤੋਂ ਬਿਨਾਂ ਸੋਈ ਸੱਚਾ ਵਾਹਿਗੁਰੂ ਹੈ। ਜਿਸ ਮੁਖ ਕਰਕੇ ਹਮੇਸ਼ਾਂ ਵਾਹਿਗੁਰੂ ਨੂੰ ਸਲਾਹੀਦਾ ਹੈ ਉਸ ਮੂੰਹ ਤੇ ਭਾਗਾਂ ਦੀ ਸੁੰਦਰ ਰਤੀ ਹੈ ਭਾਵ ਉਸਦੇ ਚੰਗੇ ਕਰਮ ਹਨ। ਗੁਰੂ ਜੀ ਆਖਦੇ ਹਨ ਤਿਸ ਸੱਚੇ ਦਰਬਾਰ ਵਿਚ ਉਨਾਂ ਦੇ ਮੂੰਹ ਉੱਜਲੇ ਹੋਣਗੇ ॥ ੨ ॥

**ਪਉੜੀ ॥ ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥ ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥ ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥ ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥੧੯॥**

ਵਾਹਿਗੁਰੂ ਨੂੰ ਸਭ ਕੋਈ ਆਪਣਾ ਮਾਲਕ ਆਖਦਾ ਹੈ ਭਾਵ ਹਰ ਇਕ ਆਖਦਾ ਹੈ ਕਿ ਵਾਹਿਗੁਰੂ ਮੇਰਾ ਹੈ ਜਿਸਦਾ ਵਾਹਿਗੁਰੂ ਨਹੀਂ ਹੈ ਉਸਨੂੰ ਸਾਰੀ ਦੁਨੀਆਂ

Digitized by Panjab Digital Library | www.panjabdigilib.org

ਵਿਚੋਂ ਚੁਣਕੇ ਵੱਖ ਕਰੀਏ ਤਾਂ ਕੋਈ ਨਹੀਂ ਨਿਕਲਦਾ ਭਾਵ ਵਾਹਿਗੁਰੂ ਸਭ ਦਾ ਹੈ। ਸੈਵੀਐ=ਭਰੀਐ ਵਾ ਸਹਾਰੀਏ। ਆਪੇ ਆਪਣਾਂ ਚੰਗਾ ਮੰਦਾ ਕੀਤਾ ਹੋਇਆ ਆਪੇ ਹੀ ਹਿਸਾਬ ਦੇਈਦਾ ਹੈ। ਹੰਢੀਐ=ਫਿਰੀਏ। ਹੇ ਭਾਈ ਜਾਂ ਇਸ ਸੰਸਾਰ ਵਿਚ ਰਹਿਣਾਂ ਨਹੀਂ ਤਾਂ ਹੰਕਾਰ ਵਿਚ ਕਿਉਂ ਫਿਰੀਏ ਭਾਵ ਹੰਕਾਰ ਕਿਉਂ ਕਰੀਏ ? ਕਿਸੇ ਨੂੰ ਮੰਦਾ ਨ ਆਖੀਏ ਪੜ੍ਹਕੇ ਏਹੋ ਅਖਰ ਸਮਝੀਏ। ਮੂਰਖ ਨਾਲ ਨ ਝਗੜੀਏ ॥ ੧੯ ॥

## ਸਲੋਕੁ ੧ ॥

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥**

ਗੁਰੂ ਜੀ ਆਖਦੇ ਹਨ ਫਿੱਕੇ ਬਚਨ ਬੋਲਣ ਨਾਲ ਤਨ ਮਨ ਫਿੱਕਾ ਹੋ ਜਾਂਦਾ ਹੈ ਭਾਵ ਭੈੜੀਆਂ ਗੱਲਾਂ ਨਾਲ ਅਗਲੇ ਦਾ ਮਨ ਵੀ ਦੁਖ ਜਾਂਦਾ ਹੈ ਅਤੇ ਆਪਣਾ ਵੀ ਕਲੇਜਾ ਧੜਕਦਾ ਰਹਿੰਦਾ ਹੈ। ਫਿੱਕੇ ਬਚਨ ਬੋਲਣ ਵਾਲੇ ਨੂੰ ਫਿੱਕਾ ਕਿਹਾ ਜਾਂਦਾ ਹੈ। ਫਿੱਕੇ ਬਚਣ ਬੋਲਣ ਵਾਲੇ ਦੀ ਸੋਭਾ ਫਿੱਕੀ ਹੁੰਦੀ ਹੈ। ਫਿੱਕਾ ਵਾਹਿਗੁਰੂ ਦੀ ਦਰਗਾਹ ਵਿਚੋਂ ਨਰਕ ਵਿੱਚ ਸੁਟਿਆ ਜਾਂਦਾ ਹੈ, ਅਤੇ ਫਿੱਕੇ ਦੇ ਮੂੰਹ ਤੇ ਥੁਕਾਂ, ਲਾਨਤਾਂ ਫਿਟਕਾਰਾਂ ਪੈਂਦੀਆਂ ਹਨ। ਫਿੱਕੇ ਨੂੰ ਮੂਰਖ ਆਖੀਦਾ ਹੈ ਸੋ ਜੁੱਤੀਆਂ ਦੀ ਸਜਾ ਲੈਂਦਾ ਹੈ ॥ ੧ ॥

**ਮ: ੧॥ ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥ ਜਿਨ੍ਹ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ਤਿਨ੍ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ ॥ ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ॥ਦੀਬਾਨੁ ਏਕੋ ਕਲਮ ਏਕਾ**

Digitized by Panjab Digital Library | www.panjabdigilib.org

**ਹਮਾ ਤੁਮਾ ਮੈਲੁ ॥ ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥ ੨ ॥**

ਜੇਹੜੇ ਅੰਦਰੋਂ ਝੂਠੇ ਹਨ ਬਾਹਰ ਦੁਨੀਆਂ ਵਿਚ ਆਪਣੀ ਪਰਤਗਿਆ ਵਡਿਆਈ ਫੈਲਾਉਂਦੇ ਹਨ। ਉਹ ਜੇ ਅਠਾਹਠ ਤੀਰਥਾਂ ਉਤੇ ਵੀ ਨ੍ਹਾਉਨਗੇ ਤਾਂ ਵੀ ਓਨਾਂ ਦੇ ਦਿਲਦੀ ਮੈਲ ਨਹੀਂ ਉਤਰਦੀ। ਜਿਨਾਂ ਦਾ ਦਿਲ ਅੰਦਰੋਂ ਰੇਸ਼ਮ ਵਾਂਙੂ ਸਾਫ ਹੈ। ਅਤੇ ਬਾਹਰੋਂ ਭਾਵੇਂ ਗੋਦੜੀਆਂ ਵਿਚ ਲਪੇਟੇ ਹੋਇ ਹਨ ਉਹ ਸੰਸਾਰ ਵਿਚ ਭਲੇ ਚੰਗੇ ਹਨ। ਤਿਨਾਂ ਦਾ ਪ੍ਰੇਮ ਵਾਹਿਗੁਰੂ ਨਾਲ ਲੱਗਾ ਹੋਯਾ ਹੈ ਅਤੇ ਵਾਹਿਗੁਰੂ ਦੇ ਦਰਸ਼ਨ ਕਰਨ ਦਾ ਵਿਚਾਰ ਕਰਦੇ ਰਹਿੰਦੇ ਹਨ। ਵਾਹਿਗੁਰੂ ਦੇ ਪ੍ਰੇਮ ਵਿਚ ਹਸਦੇ ਹਨ ਪ੍ਰੇਮ ਵਿਚ ਰੋਂਦੇ ਹਨ ਕਦੀ ਚੁਪ ਵੀ ਕਰ ਜਾਂਦੇ ਹਨ। ਸੱਚੇ ਨਾਮ ਤੋਂ ਬਿਨਾਂ ਓਨਾਂ ਨੂੰ ਕਿਸੇ ਦੀ ਵੀ ਪਰਵਾਹ ਨਹੀਂ। ਵਾਹਿਗੁਰੂ ਦੇ ਬੂਹੇ ਤੇ ਪਹੁੰਚਨ ਦੀ ਡੰਡੀ ਭਗਤੀ ਤਿਸਦਾ ਖਰਚ ਨਾਮ ਮੰਗਦੇ ਹਨ ਕਹਿੰਦੇ ਹਨ ਹੇ ਵਾਹਿਗੁਰੂ ਜਦੋਂ ਦੇਵੇਂਗਾ ਖਾਵਾਂਗੇ ਅਥਵਾ ਜਦ ਦੇਂਦਾ ਹੈ ਤਦ ਖਾਂਦੇ ਹਨ। ਦੀਵਾਨ ਵੀ ਇਕ ਹੈ ਕਲਮ ਵੀ ਇਕ ਹੈ ਅਤੇ ਓਥੇ ਬੜਾ ਹਮਾ ਤੁਮਾ ਦਾ ਮੇਲ ਮਿਲਾਪ ਹੋਇਆ ਹੈ ਭਾਵ ਉਥੇ ਬੜੇ ਆਦਮੀ ਕੱਠੇ ਹੋਇ ਹੋਇ ਹਨ ਅਥਵਾ ਜਿਨਾਂ ਨੇ ਹੰਗਤਾ ਹੰਕਾਰ ਦਾ "ਮੈਲ" ਅਕੱਠ ਕੀਤਾ ਹੋਇਆ ਹੈ। ਓਨਾਂ ਤੋਂ ਧਰਮ ਰਾਜਾ ਆਪਣੇ ਬੂਹੇ ਤੇ ਹਿਸਾਬ ਲਏਗਾ। (ਗੁਰੂ ਜੀ)ਈਕਣ ਉਹ ਦੁਖ ਪਾਕੇ ਛੁਟਣਗੇ ਜੀਕਣ ਤਿਲਾਂ ਦਾ ਤੇਲ ਨਿਕਲ ਜਾਂਦਾ ਹੈ ਤੇ ਤਾਂ ਛੁਟਕਾਰਾ ਹੁੰਦਾ ਹੈ ॥ ੨ ॥

**ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸਕੇ ਜੀਅ ਪਰਾਣ ਹਹਿ ਕਿਉ ਸਾਹਿਬ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ ॥ ੨੦ ॥**

ਹੇ ਵਾਹਿਗੁਰੂ ਆਪ ਹੀ ਤੂੰ ਇਹ ਸੰਸਾਰ ਬਣਾਇਆ ਹੈ ਅਤੇ ਆਪੇ ਹੀ ਤੂੰ ਵਿਚ ਆਪਣੀ ਸ਼ਕਤੀ ਰੱਖੀ ਹੈ। ਨਿਗਾਹ ਧਰਕੇ ਆਪਣਾਂ ਕੀਤਾ ਹੋਇਆ ਸੰਸਾਰ ਆਪ ਦੇਖਦਾ ਹੈਂ ਕਿ ਜੋ ਜੀਵਾਂ ਰੂਪ ਕੱਚੀਆਂ ਪੱਕੀਆਂ ਨਰਦਾਂ ਹਨ ਭਾਵ ਕੇਹੜੇ ਆਦਮੀ ਸੰਸਾਰ ਬਾਜ਼ੀ ਨੂੰ ਜਿਤ ਗਏ ਹਨ ਅਤੇ

Digitized by Panjab Digital Library | www.panjabdigilib.org

ਕੋਹੜੇ ਹਾਰ ਗਏ ਹਨ। ਜੇਹੜਾ ਕੋਈ ਆਇਆ ਹੈ ਸੋ ਸਭ ਕੋਈ ਆਪੋ ਆਪਣੀ ਵਾਰੀ ਆਈ ਦੇ ਅਨੁਸਾਰ ਚਲਿਆ ਜਾਵੇਗਾ। ਜਿਸ ਵਾਹਿਗੁਰੂ ਨੇ ਜੀਆਂ ਨੂੰ ਪ੍ਰਾਣ ਦਿਤੇ ਹੋਏ ਹਨ ਉਸਨੂੰ ਮਨ ਵਿਚੋਂ ਕਿਉਂ ਵਿਸਾਰੀਏ। ਇਸ ਲਈ ਆਪਣੀ ਹੱਥੀਂ ਆਪਣਾ ਕੰਮ ਆਪੇ ਹੀ ਸਵਾਰੀਏ ਭਾਵ ਮੁਕਤੀ ਵਾਸਤੇ ਉੱਦਮ ਕਰੀਏ ॥ ੨੦ ॥

## ਸਲੋਕੁ ਮਹਲਾ ੨ ॥

**ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥ ਨਾਨਕ ਆਸਕੁ ਕਾਂਢੀਐ ਸਦਹੀ ਰਹੈ ਸਮਾਇ ॥ ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥ ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥ ੧ ॥**

ਇਹ ਆਸ਼ਕੀ ਕਿਸਤਰਾਂ ਦੀ ਹੈ ਜੋ ਵਾਹਿਗੁਰੂ ਨੂੰ ਛੱਡਕੇ ਆਦਮੀ ਦਾ ਦੂਜਿਆਂ ਲੋਕਾਂ ਨਾਲ ਪਿਆਰ ਜਾ ਲਗਦਾ ਹੈ ਅਥਵਾ ਦ੍ਵੈਤ ਭਾਵ ਵਿਚ ਮਨ ਜਾ ਲਗਦਾ ਹੈ। ਗੁਰੂ ਜੀ ਆਖਦੇ ਹਨ ਆਸ਼ਕ ਉਹ ਕਹੀਦੇ ਹਨ ਜੇਹੜੇ ਹਮੇਸ਼ਾਂ ਹੀ ਵਾਹਿਗੁਰੂ ਨਾਲ ਸਮਾ ਰਹਿੰਦੇ ਹਨ। ਚੰਗੇ ਵਾਹਿਗੁਰੂ ਦਾ ਭਾਣਾਂ ਚੰਗਾ ਕਰਕੇ ਮੰਨੇ ਅਤੇ ਆਪ ਮੰਦਿਆਂ ਤੋਂ ਮੰਦਾਬਣੇ ਭਾਵ ਨਿੰਮ੍ਰਤਾ ਕਰੇ। ਇਹ ਆਸ਼ਕ ਨਹੀਂ ਆਖੀਦੇ ਜੇਹੜੇ ਲੇਖੇ ਵਿਚ ਵਰਤਦੇ ਹਨ ਭਾਵ ਕਿ ਪਿਆਰੇ ਵਾਹਿਗੁਰੂ ਦੇ ਨਮਿਤ ਦਾਨ ਕਰਕੇ ਹਿਸਾਬ ਕਰਨ ਲਗ ਪਵੇ ਕਿ ਮੈਂ ਤੈਨੂੰ ਯਾ ਤੇਰੇ ਨਮਿਤ ਇਤਨਾਂ ਖਰਚ ਕੀਤਾ ਹੈ ॥ ੧ ॥

**ਮਹਲਾ ੨ ॥ ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ ੨ ॥**

ਜੇਹੜਾ ਮਾਲਕ ਦੇ ਸਾਹਮਣੇ ਸਲਾਮ ਜੁਵਾਬ ਦੋਵੇਂ ਕਰਦਾ ਹੈ ਉਹ ਮੁੱਢੋਂਹੀ ਭੁੱਲਿਆ ਜਾਂਦਾ ਹੈ। ਗੁਰੂ ਜੀ ਆਖਦੇ ਹਨ ਤਿਸਦੀਆਂ ਦੋਵੇਂ ਗੱਲਾਂ ਝੂਠੀਆਂ ਹਨ ਕੋਈ ਵੀ ਥਾਂ ਨਹੀਂ ਪੈਣੀ ਭਾਵ ਅਜੇਹੇ ਆਦਮੀ ਨਿਮ੍ਰਤਾ ਕਰਨ ਵਾਲੇ ਨੂੰ ਅਤੇ ਸਾਹਮਣੇ ਜਵਾਬ ਦੇਣ ਵਾਲੇ ਨੂੰ ਬਹਿਣ ਨੂੰ ਜਗਾ ਕੋਈ ਨਹੀਂ ਮਿਲਦੀ ॥ ੨ ॥

**ਪਉੜੀ ॥ ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ॥ ਜਿਤੁ ਕੀਤਾ ਪਾਈਐ ਆਪਣਾ**

Digitized by Panjab Digital Library | www.panjabdigilib.org

ਸਾ ਘਾਲ ਬੁਰੀ ਕਿਉ ਘਾਲੀਐ॥ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥ ਕਿਛੁ ਲਾਹੇ ਉਪਰਿ ਘਾਲੀਐ ॥ ੨੧ ॥

ਜਿਸਦੀ ਸੇਵਾ ਕਰਕੇ ਸੁਖ ਪਾਈਦਾ ਹੈ ਉਸ ਵਾਹਿਗੁਰੂ ਨੂੰ ਹਮੇਸ਼ਾਂ ਯਾਦ ਕਰੀਏ। ਜਿਸ ਬੁਰੀ ਘਾਲ ਕਰਨ ਨਾਲ ਆਪਣਾ ਕੀਤਾ ਆਪੇ ਹੀ ਪਾਈਦਾ ਹੈ ਉਹ ਅਜਿਹੀ ਬੁਰੀ ਕਰਨੀ ਕਿਉਂ ਕਰੀਏ। ਭੈੜਾ ਕੰਮ ਅਥਵਾ ਕਿਸੇ ਦਾ ਬੁਰਾ ਕਦੀ ਵੀ ਨ ਕਰੀਏ ਲੰਮੀਨਜ਼ਰ ਨਾਲ ਵੇਖੀਏ। ਜੀਕਣ ਸਾਹਿਬ ਦੇ ਨਾਲ ਨ ਹਾਰੀਏ ਉਸ ਤਰਾਂ ਦਾ ਪਾਸਾ ਢਾਲੀਏ ਭਾਵ ਨਾਮ ਦੀ ਸਤਰੰਜ ਖੇਡੀਏ। ਕੁਛ ਨਫੇ ਉਤੇ ਕਮਾਈ ਕਰੀਏ ਭਾਵ ਨਫੇ ਵਾਲੀ ਕਮਾਈ ॥ ੨੧ ॥

## ਸਲੋਕੁ ਮਹਲਾ ੨ ॥

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥ ਗਲਾ ਕਰੇ ਘਣੇਰੀਆ ਖਸਮੁ ਨ ਪਾਏ ਸਾਦੁ॥ ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ ਨਾਨਕ ਜਿਸਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥ ੧ ॥

ਗੁਲਾਮ ਹੋਕੇ ਸੇਵਾ ਕਰਨ ਲੱਗੇ ਨਾਲੇ ਹੰਕਾਰ ਝਗੜਾ ਕਰੇ। ਜੇਹੜਾ ਮਾਲਕ ਦੇ ਸਾਹਮਣੇ ਬੜੀਆਂ ਗੱਲਾਂ ਕਰੇ ਉਹ ਵਾਹਿਗੁਰੂ ਦਾ ਸੁਆਦ ਨਹੀਂ ਪਾਉਂਦਾ ਭਾਵ ਵਾਹਿਗੁਰੂ ਉਸਤੇ ਕਦੀ ਵੀ ਖੁਸ਼ੀ ਨਹੀਂ ਹੁੰਦਾ ਅਰ ਨਾ ਹੀ ਉਸ ਭਗਤ ਨੂੰ ਕੁਛ ਫਲ ਪ੍ਰਾਪਤ ਹੁੰਦਾ ਹੈ। ਹੰਕਾਰ ਨੂੰ ਦੂਰ ਕਰਕੇ ਸੇਵਾ ਕਰੇ ਤਾਂ ਕੁਛ ਮਾਂਨ ਪਾਉਂਦਾ ਹੈ। ਗੁਰੂ ਜੀ ਆਖਦੇ ਹਨ ਜਿਸ ਕੰਮ ਨੂੰ ਕਰਨ ਲਗਾ ਹੈ ਉਸਨੂੰ ਮਿਲ ਜਾਵੇ ਭਾਵ ਕੰਮ ਦਾ ਰੂਪ ਹੋ ਜਾਵੇ ਪਿਛਲਾ ਖਿਆਲ ਨ ਰਹੇ ਸੋ ਉਸ ਕੰਮ ਵਿਚ ਲਗਾ ਹੋਇਆ ਪਰਵਾਣ ਹੁੰਦਾ ਹੈ ॥ ੧ ॥

ਮਹਲਾ ੨ ॥ ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ ਬੀਜੇਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥ ੨ ॥

Digitized by Panjab Digital Library | www.panjabdigilib.org

ਜੋ ਜੀਅ ਵਿਚ ਹੁੰਦਾ ਹੈ ਸੋ ਪ੍ਰਗਟ ਹੋ ਜਾਂਦਾ ਹੈ ਮੂੰਹ ਦਾ ਆਖਿਆ ਵਾ ਵਾਂਙੂ ਹੈ। ਹੇ ਭਾਈ ਵੇਖੋ ਇਹ ਨਿਆਇ ਹੈ ਬੀਜੇ ਵਿਹੁ ਨੂੰ ਤੇ ਮੰਗੇ ਅੰਮ੍ਰਿਤ ਭਾਵ ਲੋਕਾਂ ਨੂੰ ਦੁਖ ਦੇਵੇ ਤੇ ਆਪ ਸੁਖ ਚਾਹੇ ਭਲਾ ਕਿਥੇ ॥ ੧ ॥

**ਮਹਲਾ ੨॥ ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥ ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥ ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥ ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥ ੩ ॥**

ਇਆਣੇ ਨਾਲ ਪ੍ਰੀਤ ਲਾਈ ਹੋਈ ਕਦੀ ਵੀ ਰਾਸ ਨਹੀਂ ਆਉਂਦੀ ਭਾਵ ਮਨ ਦੇ ਆਖੇ ਲਗਿਆਂ ਕੋਈ ਕੰਮ ਠੀਕ ਨਹੀਂ ਹੁੰਦਾ। ਬਾਲਕ ਜਾਂ ਮਨ ਜਿਸ ਤਰਾਂ ਦਾ ਜਾਣਦਾ ਕੀ, ਕੋਈ ਕੰਮ ਸਿਖਿਆ ਹੋਇਆ ਹੁੰਦਾ ਹੈ ਓਸੇ ਤਰਾਂ ਦਾ ਵਰਤਾਉ ਕਰਦਾ ਹੈ ਜਾਂ ਹਰ ਇਕ ਨਾਲ ਵਰਤਦਾ ਹੈ ਭਾਵ ਇਆਣਾ ਜੋ ਕੁਝ ਜਾਣਦਾ ਹੈ ਓਹੋ ਜੇਹਾ ਵਰਤਦਾ ਹੈ ਭਾਵੇਂ ਤੁਸੀਂ ਕੋਈ ਪਰਤਾਕੇ ਨਿਰਨਾ ਕਰਕੇ ਵੇਖ ਲਵੋ। ਅਗੇ ਜੇਹੜੀ ਭਾਂਡੇ ਵਿਚ ਵਸਤੂ ਪਈ ਹੋਈ ਹੈ ਜੇ ਇਹ ਬਾਹਰ ਲਾਂਭੇ ਵੱਖਰੀ ਹੋਵੇ ਤੇ ਤਦ ਹੀ ਹੋਰ ਵਸਤੂ ਵਿਚ ਪਵੇ ਨਾ। ਮਾਲਕ ਨਾਲ ਹੁਕਮ ਨਹੀਂ ਚਲ ਸਕਦਾ ਬੇਨਤੀ ਹੀ ਕਰਨੀ ਬਣਦੀ ਹੈ। ਝੂਠਾ ਕੰਮ ਕਰਨ ਨਾਲ ਝੂਠਾ ਹੀ ਨਾਮ ਪ੍ਰਸਿੱਧ ਹੁੰਦਾ ਹੈ ਗੁਰੂ ਜੀ ਆਖਦੇ ਹਨ ਵਾਹਿਗੁਰੂ ਦੀ ਸਿਫਤ ਕਰਕੇ ਅਨੰਦ ਹੁੰਦਾ ਹੈ॥੩॥

**ਮਹਲਾ ੨ ॥ ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸਦਾ ਥਾਉ ਨ ਥੇਹੁ ॥ ੪ ॥**

ਵਡਾਰੂ=ਇਸਤ੍ਰੀ ॥ ਨੇਹ=ਪ੍ਰੇਮ ॥ ਇਆਣੇ ਨਾਲ ਪ੍ਰੇਮ ਅਤੇ ਔਰਤ ਨਾਲ ਪ੍ਰੇਮ ਈਕਣ ਹੈ ਜੀਕਣ ਪਾਣੀ ਵਿਚ ਲੀਕ ਹੁੰਦੀ ਹੈ ਤਿਸਦਾ ਕੋਈ ਥਾਂ ਟਿਕਾਣਾਂ ਨਿਸ਼ਾਨ ਨਹੀਂ ਲਗਦਾ ॥ ੪ ॥

**ਮਹਲਾ ੨ ॥ ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥ ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥ ੫ ॥**

Digitized by Panjab Digital Library | www.panjabdigilib.org

ਜੇ ਇਆਣਾਂ ਹੋਵੇ ਤੇ ਉਹ ਕੰਮ ਕਰੇ ਉਹ ਕੰਮ ਨੂੰ ਠੀਕ ਨਹੀਂ ਕਰ ਸਕਦਾ। ਜੇ ਇਕ ਅਧ ਚੰਗੀ ਵੀ ਗਲ ਕਰੇ ਤਾਂ ਦੂਜੀ ਵਿਰਾਣ ਕਰ ਦੇਂਦਾ ਹੈ ਭਾਵ ਮਨ ਚੰਚਲ ਮੂਰਖ ਹੈ ਇਸਦੇ ਆਖੇ ਨ ਲਗੋ ॥ ੫ ॥

**ਪਉੜੀ॥ਚਾਕਰੁ ਲਗੈਚਾਕਰੀ ਜੇ ਚਲੈ ਖਸਮੈਭਾਇ॥ ਹੁਰਮਤਿ ਤਿਸਨੋ ਅਗਲੀ ਓਹੁ ਵਜਹੁ ਭਿ ਦੂਣਾਖਾਇ॥ ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥ ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ॥ਜਿਸਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥ ੨੨ ॥**

ਭਾਇ=ਭਾਣਾਂ,ਹੁਕਮ। ਹੁਰਮਤ=ਇੱਜ਼ਤ, ਚੰਗੀ, ਹੋਰ ਮਤ ॥ ਵਜਹੁ= ਤਨਖਾਹ॥ਗੈਰਤ=ਸ਼ਰਮਿੰਦਗੀਅਗਲਾ=ਬਹੁਤਾ।ਪਾਣਾ=ਜੁੱਤੀਆਂ ॥ ਜੋ ਚਾਕਰ ਚਾਕਰੀ ਵਿਚ ਲਗਦਾ ਹੋਇਆ ਮਾਲਕ ਦੇ ਹੁਕਮ ਵਿਚ ਚਲਦਾ ਹੈ। ਤਾਂ ਉਸਦੀ ਬੜੀ ਇੱਜ਼ਤ ਹੁੰਦੀ ਹੈ ਅਤੇ ਉਹ ਤਨਖਾਹ ਦਾ ਗੱਫਾ ਵੀ ਦੂਣਾਂ ਲੈਕੇ ਖਾਂਦਾ ਹੈ। ਜੇ ਮਾਲਕ ਦੀ ਬਰਾਬਰੀ ਕਰੇ ਤਾਂ ਸ਼ਰਮਿੰਦਗੀ ਵਿਚ ਪੈਂਦਾ ਹੈ। ਅਗੇ ਹੋਰ ਜੇਹੜਾ ਬਹੁਤ ਸਾਰਾ ਤਨਖਾਹ ਦਾ ਗੱਫਾ ਮਿਲਨਾਂ ਸੀ ਉਹ ਵੀ ਗਵਾ ਲੈਂਦਾ ਹੈ ਅਤੇ ਮੂੰਹੋਂ ਮੂੰਹ ਜੁਤੀਆਂ ਖਾਂਦਾ ਹੈ। ਜਿਸਦਾ ਦਿਤਾ ਹਮੇਸ਼ਾਂ ਖਾਣਾਂ ਹੈ ਉਸਨੂੰ ਸ਼ਾਬਾਸ਼ ਕਹਿਣੀ ਚਾਹੀਦੀ ਹੈ ਭਾਵ ਉਸਦਾ ਧੰਨਵਾਦ ਕਰਨਾਂ ਚਾਹੀਦਾ ਹੈ। ਗੁਰੂ ਜੀ ਆਖਦੇ ਹਨ ਮਾਲਕ ਨਾਲ ਹੁਕਮ ਕਰਨਾ ਨਹੀਂ ਚਲ ਸਕਦਾ ਬੇਨਤੀ ਹੀ ਕਰਨੀ ਬਣਦੀ ਹੈ ॥ ੨੨ ॥

**ਸਲੋਕ ਮਹਲਾ ੨ ॥**

**ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥ ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥ ੧ ॥**

ਇਹ ਦਾਤ ਕਿਸਤਰਾਂ ਦੀ ਹੈ ਜੇਹੜੀ ਆਪਣੇ ਆਪ ਹੀ ਪਾ ਲਈਦੀ ਹੈ। ਗੁਰੂ ਜੀ ਆਖਦੇ ਹਨ ਉਹ ਕਰਾਮਾਤ ਦਾਤ ਹੈ ਜੇਹੜੀ ਵਾਹਿਗੁਰੂ ਪ੍ਰਸੰਨ ਹੋਇਆਂ ਮਿਲਦੀ ਹੈ ॥ ੧ ॥

**ਮਹਲਾ ੨ ॥ ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥ ਨਾਨਕ ਸੇਵਕੁ ਕਾਢੀਐ ਜਿ ਸੇਤੀ**

Digitized by Panjab Digital Library | www.panjabdigilib.org

**ਖਸਮ ਸਮਾਇ ॥ ੨ ॥**

ਇਹ ਨੌਕਰੀ ਕਿਸ ਕੰਮ ਹੈ ਜਿਸਦੇ ਕੀਤਿਆਂ ਵਾਹਿਗੁਰੂ ਦਾ ਭਉ ਨਹੀਂ ਜਾਂਦਾ ਭਾਵ ਵਾਹਿਗੁਰੂ ਤੋਂ ਡਰਦਾ ਰਹੇ। ,ਗੁਰੂ ਜੀ ਆਖਦੇ ਹਨ ਉਹ ਸੇਵਕ ਕਹੀਦੇ ਹਨ ਜੇਹੜੇ ਮਾਲਕ ਨਾਲ ਮਿਲੇ ਰਹਿਣ ॥ ੨ ॥

**ਪਉੜੀ ॥ ਨਾਨਕ ਅੰਤ ਨ ਜਾਪਨ੍ਹੀ ਹਰਿ ਤਾਕੇ ਪਾਰਾਵਾਰ ॥ ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥ ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥ ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸਹੀ ਕਰਣੀ ਸਾਰ ॥ ੨੩ ॥**

ਗੁਰੂ ਜੀਆਖਦੇਹਨ ਉਸ ਪਾਰਾਵਾਰ ਵਾਹਿਗੁਰੂ ਦਾ ਅੰਤ ਨਹੀਂ ਜਾਣਿਆਂ ਜਾਂਦਾ ਭਾਵ ਉਰਲਾ ਬੰਨਾਂ ਪਰਲਾ ਬੰਨਾਂ ਆਦ ਅੰਤ। ਉਹ ਵਾਹਿਗੁਰੂ ਆਪੇ ਹੀ ਜੀਵ ਤੇ ਸਖਤੀਆਂ ਕਰਾਉਂਦਾ ਹੈਅਤੇਆਪੇ ਹੀ ਮਾਰ ਕਰਾਉਂਦਾ ਹੈ। ਤੁਰੀ=ਘੋੜੇ। ਬਿਸੀਅਰ=ਬਹੁਤ ॥ ਇਕਨਾਂ ਦੇ ਗਲ ਵਿਚ ਜੰਜੀਰੀਆਂ ਪੈਂਦੀਆਂ ਹਨ ਇਕ ਬੜੇ ੨ ਮੁੱਲ ਦੇ ਘੋੜਿਆਂ ਤੇ ਚੜ੍ਹਦੇ ਹਨ। ਵਾਹਿਗੁਰੂ ਆਪ ਹੀ ਜੀਵ ਰੂਪ ਹੋਕੇ ਕੰਮ ਕਰਦਾ ਹੈ ਅਤੇ ਆਪੇ ਹੀ ਜੀਵ ਪਾਸੋਂ ਕਰਾ-ਉਂਦਾ ਹੈ ਮੈਂ ਕਿਹਦੇ ਪਾਸ ਪੁਕਾਰ ਕਰਾਂ। ਗੁਰੂ ਜੀ ਆਖਦੇ ਹਨ ਜਿਸ ਵਾਹਿਗੁਰੂ ਨੇ ਸੰਸਾਰ ਬਣਾਇਆ ਓਸੇ ਨੂੰ ਹੀ ਇਸ ਦੀ ਸਾਰ ਕਰਣੀ ਬਨਦੀ ਹੈ ਭਾਵ ਸਾਰ ਲੈਂਦਾ ਹੈ ॥ ੨੩ ॥

**ਸਲੋਕੁ ਮ: ੧ ॥**

**ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ ॥ ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ ॥ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ ॥ ੧ ॥**

ਵਾਹਿਗੁਰੂ ਆਪੇ ਹੀ ਜੀਵਾਂ ਰੂਪ ਭਾਂਡੇ ਬਣਾਉਂਦਾ ਹੈ ਅਤੇ ਆਪੇ ਹੀ ਓਨਾਂ ਨੂੰ ਧਨ ਨਾਲ ਭਰ ਦੇਂਦਾ ਹੈ। ਇਕਨਾਂ ਵਿਚ ਦੁਧ ਪੈਂਦਾ ਹੈ

Digitized by Panjab Digital Library | www.panjabdigilib.org

ਇਕ ਢੁੱਲੇ ਉਤੇ ਚੜ੍ਹੇ ਰਹਿੰਦੇ ਹਨ ਭਾਵ ਇਕ ਨਾਮ ਜਪਕੇ ਸੁਖੀ ਹਨ ਅਰ ਇਕ ਚਿੰਤਾ ਨਾਲ ਦੁਖੀ ਹਨ। ਇਕ ਤੁਲਾਈਆਂ ਉਤੇ ਸਾਉਂਦੇ ਹਨ ਇਕ ਓਨਾਂ ਦੇ ਸੇਵਾਦਾਰ ਹੋਕੇ ਸਿਰਹਾਣੇ ਉਪਰ ਖੜੇ ਰਹਿੰਦੇ ਹਨ। ਗੁਰੂ ਜੀ ਆਖਦੇ ਹਨ ਜਿਨਾਂ ਤੇ ਕਿਰਪਾ ਦੀ ਨਜ਼ਰ ਕਰਦਾ ਹੈ ਓਨਾਂ ਨੂੰ ਸਵਾਰਦਾ ਹੈ ॥ ੧ ॥

**ਮਹਲਾ ੨ ॥ ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇਕੈ ਦੇਖੈ ਥਾਪਿ ਉਥਾਪਿ ॥ ਕਿਸਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥ ੨ ॥**

ਆਪੇ ਹੀ ਪੰਜਾਂ ਤਤਾਂਨੂੰ ਸਾਜਿਆ ਹੈਸ ਆਪੇ ਹੀ ਜੀਆਂਨੂੰਬਣਾਉਂਣਾ ਕਰਦਾ ਹੈ ਆਪੇ ਹੀ ਜਗਾ ਵਿਚ ਰੱਖਦਾ ਹੈ ਅਥਵਾ ਧਰਤੀ ਦੀ ਰਖਿਆ ਕਰਦਾ ਹੈ। ਤਿਸ ਧਰਤੀ ਅਥਵਾ ਤਿੰਨਾਂ ਲੋਕਾਂ ਵਿਚ ਜੀਆਂ ਨੂੰ ਪੈਦਾ ਕਰਕੇ ਅਤੇ ਪੈਦਾ ਕੀਤਿਆਂ ਨੂੰ ਮਾਰਕੇ ਦੇਖਦਾ ਹੈ। ਗੁਰੂ ਜੀ ਆਖਦੇ ਹਨ ਇਹ ਗਲ ਕਿਸਨੂੰ ਕਹੀਏ ਭਾਵ ਕਿਸ ਨਾਲ ਕਰੀਏ ਜਾਂ ਸਭ ਕੁਛ ਉਸ ਵਾਹਿਗੁਰੂ ਦਾ ਆਪਣਾ ਆਪ ਹੀ ਹੈ ॥ ੨ ॥

**ਪਉੜੀ ॥ ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥ ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁਸੰਬਾਹਿ॥ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥ ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥ ਸੋ ਕਰੇ ਜਿ ਤਿਸੈ ਰਜਾਇ ॥ ॥ ੨੪ ॥ ੧ ॥ ਸੁਧੁ ॥**

ਵੱਡੇ ਬਾਬੇ ਦੀਆਂ ਵਡਿਆਈਆਂ ਇਤਨੀਆਂ ਵੱਡੀਆਂ ਹਨ ਜੇ ਕੁਝ ਓਨਾਂ ਦਾ ਵਰਨਨ ਕਰੀਏ ਤਾਂ ਕੀਤਾ ਨਹੀਂ ਜਾਂਦਾ। ਸੰਬਾਹਿ=ਪਹੁੰਚਾਉਂਦਾ। ਉਹ ਹਰ ਇਕ ਦੇ ਕਰਨ ਵਾਲਾ ਕਰਤਾ ਕ੍ਰਿਪਾਲੂ ਸਭਨਾਂ ਜੀਆਂ ਨੂੰ ਰਿਜਕ ਦੇਂਦਾ ਹੈ। ਓਹੋ ਕਾਰ ਕਰਣੀ ਬਣਦੀ ਹੈ ਜੋ ਉਸਨੇ ਧੁਰ ਤੋਂ ਤਿਨਾਂ ਜੀਆਂ ਦੇ ਲੇਖਾਂ ਵਿਚ ਪਾ ਛੱਡੀ ਹੈ। ਗੁਰੂ ਜੀ ਆਖਦੇ ਹਨ ਇਕ ਵਾਹਿਗੁਰੂ ਤੋਂ ਬਿਨਾਂ ਹੋਰ ਦੂਜੀ ਜਗਾ ਵਾ ਗੱਲ ਕੋਈ ਨਹੀਂ ਹੈ। ਵਾਹਿਗੁਰੂ ਉਹ ਕਾਰ ਕਰਦਾ ਹੈ ਜੋ ਉਸਦੀ ਮਰਜੀ ਹੁੰਦੀ ਹੈ ਅਥਵਾ ਜੀਵ ਓਹੋ ਕਰੇ ਜੋ ਵਾਹਿਗੁਰੂ ਦੀ ਆਗਿਆ ਹੈ ॥ ੨੪ ॥ ੧ ॥

Digitized by Panjab Digital Library | www.panjabdigilib.org

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ਰਾਗੁ ਆਸਾ ਬਾਣੀ ਭਗਤਾ ਕੀ ਕਬੀਰ ਜੀਉ ਨਾਮਦੇਉ
ਜੀਉ ਰਵਿ ਦਾਸ ਜੀਉ ਆਸਾ ਸ੍ਰੀ ਕਬੀਰ ਜੀਉ ॥

ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ *ਪਾਇਆ ॥ ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥ ੧ ॥

ਗੁਰਾਂ ਦੇ ਚਰਣਾਂ ਨੂੰ ਲਗਕੇ ਮੈਂ ਬੇਨਤੀ ਕਰਕੇ ਪੁਛਦਾ ਹਾਂ ਕਿ ਇਸ ਦੇਹ ਰੂਪ ਕੈਦਖਾਨੇ ਵਿੱਚ ਇਸ ਜੀਵ ਨੂੰ ਕਿਸ ਵਾਸਤੇ ਪਾਇਆ ਹੈ ? ਅਥਵਾ ਗੁਰੂ ਜੀ ਮੈਂ ਆਪਦੇ ਚਰਨਾਂ ਨੂੰ ਲਗਕੇ ਬੇਨਤੀ ਕਰਦਾ ਹੋਇਆ ਪੁਛਦਾ ਹਾਂ ਕਿ ਇਸ ਜੀਵ ਨੂੰ ਕਿਸ ਵਾਸਤੇ ਉਪਾਇਆ ਹੈ । ਕਿਸ ਵਾਸਤੇ ਜਗ ਜੰਮਦਾ ਹੈ ਅਤੇ ਨਾਸ ਹੁੰਦਾ ਹੈ ॥ ਇਹ ਮੈਨੂੰ ਸਮਝਾਕੇ ਕਹੋ ॥

ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥ ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥ ੧ ॥ ਰਹਾਉ ॥

• ਮਾਰਗਿ=ਰਸਤਾ ॥ ਹੇ ਪ੍ਰਕਾਸ਼ਕ ਗੁਰੂ ਜੀ ! ਦਇਆ ਕਰਕੇ ਮੈਨੂੰ ਰਸਤੇ ਪਾਵੋ ਜਿਸ ਕਰਕੇ ਭੈ ਦੇਣ ਵਾਲੇ ਬੰਧਨ ਟੁਟ ਜਾਣ ॥

(ਏਹ ੩ ਪ੍ਰਸ਼ਨ) ਗੁਰੂ ਜੀ:-

ਫੇੜ=ਕੀਤੇ ॥ ਜੇਹੜਾ ਜਨਮ ਮਰਨ ਦਾ ਦੁਖ ਹੈ ਸੋ ਕੀਤੇ ਹੋਏ ਕੰਮਾਂ ਦਾ ਫਲ ਹੈ ਅਤੇ ਸੁਖ ਜੀਵ ਨੂੰ ਤਦ ਹੋਵੇ ਜੇ ਜਨਮ ਤੋਂ ਛੁਟ ਜਾਵੇ। ਵਾ ਸੁਖ ਤਾਂ ਜੀਵ ਤੋਂ ਜਨਮ ਤੋਂ ਹੀ ਛੁਟ ਗਏ ਹਨ ॥

(ਇਹ ਦੂਜੇ ਪ੍ਰਸ਼ਨ ਦਾ ਉੱਤਰ)

ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥ ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ

*ਜੀ, ਉਪਾਇਆ । ਜੀਉ, ਪਾਇਆ ਏਹ ਦੋਵੇਂ ਪਾਠ ਹਨ ।

Digitized by Panjab Digital Library | www.panjabdigilib.org

**ਬਿਧਿ ਅਭਿਉ ਨ ਚੂਕੈ ॥ ੨ ॥**

ਮਾਇਆ ਰੂਪ ਫਾਹੀ ਦੇ ਬੰਧਨਾਂ ਨੂੰ ਨਹੀਂ ਪਾੜਦਾ (ਤੋੜਦਾ) ਅਤੇ ਮਨ ਸੁੰਨ ਵਾਹਿਗੁਰੂ ਵਿਚ ਨਹੀਂ ਲੁਕਦਾ। ਚੀਨਿਆ=ਜਾਣਿਆ। ਨਿਰਬਾਣ=ਦੁਖਾਂ ਤੋਂ ਰਹਿਤ। ਆਪਣਾ ਸਰੂਪ ਦੁਖਾਂ ਤੋਂ ਰਹਿਤ ਵਾਹਿਗੁਰੂ ਨੂੰ ਨਹੀਂ ਜਾਣਿਆ ਇਸ ਰੀਤੀ ਕਰਕੇ ਡਰ ਨਹੀਂ ਚੁਕਦਾ।

(ਏਹ ੧ ਪ੍ਰਸ਼ਨ ਦਾ ਉੱਤਰ)

**ਕਹੀਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ॥ ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥ ੩ ॥**

ਗੁਰੂ ਦੀ ਸਿਖਿਆ ਕਹੀ ਹੋਈ ਤਿਸਦੇ ਰਿਦੇ ਵਿਚ ਉਪਜਦੀ ਨਹੀਂ ਅਤੇ ਆਪਣੀ ਉਪਜੀ ਹੋਈ ਮਨਮਤ ਨੂੰ ਹੱਛੀ ਜਾਣਦਾ ਹੈ, ਧਰਮ ਅਧਰਮ ਵਾ ਸਤ ਅਸਤ ਤੋਂ ਰਹਿਤ ਹੈ। ਵਾ ਗੁਰਾਂ ਵਿਚ ਭਾਉ ਕਰਨਾ ਸੀ ਅਤੇ ਜਗਤ ਨੂੰ ਅਭਾਵ ਸਮਝਣਾ ਸੀ ਸੋ ਇਸਤੋਂ ਰਹਿਤ ਹੈ।

(ਇਹ ਤੀਜੇ ਪ੍ਰਸ਼ਨ ਦਾ ਉੱਤਰ)

ਉਦੈ=ਪ੍ਰਗਟ। ਅਸਤ=ਡੁਬਣਾ॥ ਪੂਰਬ ਤੋਂ ਲੈਕੇ ਪੱਛਮ ਤਕ ਜੇਹੜੀ ਮਨ ਦੀ ਬੁੱਧੀ ਸੀ ਸੋ ਸਭ ਨਾਸ ਹੋਗਈ ਭਾਵ ਜੇਹੜੀ ਅਕਲ ਬਹੁਤ ਖਿੰਡੀ ਹੋਈ ਸੀ ਵਾ ਜਨਮ ਮਰਨ ਦੀ ਮਨ ਤੋਂ ਜਦ ਬੁੱਧ ਨਸ਼ਟ ਹੋਗਈ ਤਾਂ ਸਹਿਜੇ ਸਦਾ ਹੀ ਵਾਹਿਗੁਰੂ ਵਿਚ ਲਿਵ ਲਾਕੇ ਲੀਨ ਰਹਿੰਦਾ ਹੈ।

"ਇੱਕੁਰ"

**ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥ ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾ ॥ ੪ ॥ ੧ ॥**

ਬਿੰਬ=ਸੂਰਜ। ਉਦਕ=ਪਾਣੀ। ਕੁੰਭ=ਘੜਾ॥ ਬਿਗਰਾਨਾ=ਵਿਗੜਨਾ, ਟੁਟਣਾ॥ ਜਿੱਕੁਰ ਘੜੇ ਦੇ ਟੁਟਣ ਨਾਲ ਸੂਰਜ ਦਾ ਪ੍ਰਤਿਬਿੰਬ (ਬਿੰਬ) ਸੂਰਜ ਵਿਚ ਹੀ ਜਾ ਮਿਲਦਾ ਹੈ। ਕਬੀਰ ਜੀ ਕਹਿੰਦੇ ਹਨ ਇੱਕੁਰ ਦੇ ਗੁਣ ਵਿਚਾਰਨ ਨਾਲ ਭਰਮ ਦੌੜ ਗਿਆ ਤਾਂ ਮਨ ਸੁੰਨ ਵਾਹਿਗੁਰੂ ਵਿੱਚ ਸਮਾ ਗਿਆ॥

"ਕਾਂਸ਼ੀ ਦੇ ਨੱਗ"

**ਆਸਾ ॥ ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ**

**ਤਗ ॥ ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥ ੧ ॥**

ਤਗ=ਜਨੇਊ ॥ ਸਾਢੇ ਤਿੰਨਾਂ ਤਿੰਨਾਂ ਗਜਾਂ ਦੀਆਂ ਦੋ ਧੋਤੀਆਂ ਰਖਦੇ ਹਨ ਅਤੇ ਤਿੰਨ ੨ ਤਗਾਂ ਦੇ ਜਨੇਊ ਪਾਉਂਦੇ ਹਨ। ਬਗ=ਚਿੱਟੇ ॥ ਜਿਨ੍ਹਾਂ ਦੇ ਗਲਾਂ ਵਿਚ ਜਪ ਕਰਨ ਵਾਲੀਆਂ ਮਾਲਾ ਪਾਈਆਂ ਹੋਈਆਂ ਹਨ ਤੇ ਲੋਟੇ ਹੱਥਾਂ ਵਿੱਚ ਚਿੱਟੇ ਹਨ। ਓਹ ਵਾਹਿਗੁਰੂ ਦੇ ਸੰਤ ਨਹੀਂ ਆਖੀਦੇ ਕਾਂਸ਼ੀ ਦੇ ਠੱਗ ਹਨ।

**ਐਸੇ ਸੰਤ ਨ ਮੋਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥ ੧ ॥ ਰਹਾਉ ॥**

ਪੇਡਾ=ਦਰਖਤ ॥ ਇੱਕੁਰ ਦੇ ਸੰਤ ਮੈਨੂੰ ਨਹੀਂ ਭਾਉਂਦੇ ਕਿਉਂਕਿ ਜਿੱਕੁਰ ਤਰਖਾਨ ਡਾਲੀਆਂ ਦੇ ਸਮੇਤ ਹੀ ਦਰਖਤ ਨੂੰ ਧਰਤੀ ਉੱਤੇ ਪਟਕੌਂਦੇ ਹਨ, ਇੱਕੁਰ ਹੀ ਓਹ ਪਦਾਰਥ ਸਮੇਤ ਆਦਮੀ ਨੂੰ ਮਾਰ ਸੁਟਦੇ ਹਨ।

**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥ ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥ ੨ ॥**

ਕਾਠੀ=ਲੱਕੜ॥ ਬਰਤਨ ਮਾਂਜ ਕੇ ਚੁੱਲ੍ਹੇ ਉਤੇ ਚੜ੍ਹਾਉਂਦੇ ਹਨ ਅਤੇ ਲਕੜੀ ਨੂੰ ਧੋਕੇ ਬਾਲਦੇ ਹਨ। ਬਸੁਧਾ=ਧਰਤੀ ॥ ਧਰਤੀ ਨੂੰ ਪੁੱਟਕੇ ਦੋ ਚੁੱਲ੍ਹੇ ਬਨਾਉਂਦੇ ਹਨ(ਭਾਵ ਇਕ ਆਪਣੇ ਵਾਸਤੇ ਦੂਜਾ ਕਿਸੇ ਨੂੰ ਅੱਗ ਦੇਣ ਵਾਸਤੇ) ਅਤੇ ਸਾਰੇ ਮਨੁੱਖ ਨੂੰ ਜੀਉਂਦਿਆਂ ਨੂੰ ਹੀ ਵਾ ਸਾਰਿਆਂ ਮਨੁੱਖਾਂ (ਖੱਤ੍ਰੀ, ਬ੍ਰਾਹਮਣ, ਵੈਸ਼, ਸ਼ੂਦਰ) ਨੂੰ ਖਾ ਜਾਂਦੇ ਹਨ।

**ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥ ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥ ੩ ॥**

ਓਹ ਪਾਪੀ ਸਦਾ ਹੀ ਅਪਰਾਧਾਂ ਦੇ ਭਰੇ ਹੋਏ ਫਿਰਦੇ ਹਨ ਅਤੇ ਆਪਣੇ ਮੁਖੋਂ ਆਪਣੇ ਆਪ ਨੂੰ ਅਛੋਹ ਕਹਿੰਦੇ ਹਨ, ਭਾਵ ਅਸੀਂ ਕਿਸੇ ਨਾਲ ਨਹੀਂ ਲਗਦੇ। ਰੋਜ਼ ਰੋਜ਼ ਓਹ ਹੰਕਾਰੀ ਫਿਰਦੇ ਹਨ ਅਤੇ ਆਪਣੇ

Digitized by Panjab Digital Library | www.panjabdigilib.org

ਸਾਰੇ ਦੱਬਰ ਨੂੰ ਵੀ ਨਾਲ ਡੋਬ ਲੈਂਦੇ ਹਨ।

**ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ॥ *ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥ ੪ ॥ ੧ ॥**

ਜਿਧਰ ਕੋਈ ਵਾਹਿਗੁਰੂ ਨੇ ਲਾਇਆ ਹੈ ਓਧਰ ਹੀ ਲਗਾ ਹੈ ਅਤੇ ਤਿਕੁਰ ਦੇ ਹੀ ਕੰਮ ਕਰਦਾ ਹੈ। ਭੇਟੈ=ਮਿਲੇ। ਪੁਨਰਪਿ=ਫੇਰ॥ ਕਬੀਰ ਜੀ ਕਹਿੰਦੇ ਹਨ ਜਿਸਨੂੰ ਪੂਰੇ ਗੁਰੂ ਮਿਲਦੇ ਹਨ ਓਹ ਫੇਰ ਸੰਸਾਰ ਤੇ ਨਹੀਂ ਆਉਂਦਾ।

**ਆਸਾ ॥ ਬਾਪਿ ਦਿਲਾਸਾ ਮੇਰੋ ਕੀਨ੍ਹਾ॥ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਹਾ॥ ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥ ਆਗੈ ਗਇਆ ਨ ਬਾਜੀ ਹਾਰੀ ॥ ਮੁਈ ਮੇਰੀ ਮਾਈ ਹਉ ਖਰਾ ਸੁਖਾਲਾ ॥ ਪਹਿਰਉ ਨਹੀ ਦਗਲੀ ਲਗੈ ਨ ਪਾਲਾ ॥ ੧ ॥ ਰਹਾਉ ॥**

ਮੇਰੇ ਵਾਹਿਗੁਰੂ ਪਿਤਾ ਨੇ ਮੈਨੂੰ ਦਿਲਾਸਾ ਦੇਣਾ ਕੀਤਾ ਹੈ,ਅੰਤਸ਼ਕਰਨ ਰੂਪ ਸੇਜਾ ਸੁਖਾਲੀ ਕੀਤੀ ਹੈ ਅਤੇ ਮੁਖ ਵਿੱਚ ਨਾਮ ਅਮ੍ਰਿਤ ਦਿੱਤਾ ਹੈ॥

*ਖਿੱਚਾ ਖਿੱਚੀ ਇੱਕੁਰ ਵੀ ਕਰਦੇ ਹਨਃ—ਇਕੁਰ ਦੇ ਸੰਤ ਮੈਨੂੰ ਭਾਉਂਦੇ ਹਨ, ਜੇਹੜੇ ਸਾਰੇ ਸੰਸਾਰ ਦਾ ਮੂੰਢ ਅਵਿਦਜਾ ਖਾ ਜਾਂਦੇ ਹਨ ਅਤੇ ਸਾਢੇ ਤਿੰਨਾਂ ਮਾਤ੍ਰਾਂ ਦੇ ਓਅੰਕਾਰ ਨੂੰ ਗੱਜਕੇ ਉਚਾਰਦੇ ਹਨ, ਵਾਸ਼ਨਾਂ ਧੋ ਸੁਟਦੇ ਸਨ, ਤਿੰਨਾਂ ਗੁਣਾਂ ਨੂੰ ਤੱਗਾ ਪਾਇਆ ਹੈ, ਗੱਲਾਂ ਹੀ ਜਿਨ੍ਹਾਂ ਦੀਆਂ ਜਪ-ਮਾਲਾ ਹਨ ਅਤੇ ਹਥ ਆਦਿਕ ਇੰਦ੍ਰੇ ਵਿਸ਼ਿਆਂ ਵਲੋਂ ਲੋਟ ਗਏ ਹਨ, ਓਹ ਹਰੀ ਦੇ ਸੰਤ ਬਣੇ ਹੋਏ ਰਸ ਨੂੰ ਖਾਣ ਵਾਲੇ ਆਖੀਦੇ ਹਨ, ਵਾਸ਼ਨਾਂ ਨੂੰ ਮਾਂਜਕੇ ਵਾਹਿਗੁਰੂ ਵਲ ਬ੍ਰਿਤੀ ਚੜ੍ਹਾਉਂਦੇ ਹਨ ਅਤੇ ਦੇਹ ਨੂੰ ਭਗਤੀ ਨਾਲ ਧੋਕੇ ਰਖਦੇ ਹਨ ਅਤੇ ਹੰਕਾਰ ਨੂੰ ਸਾੜ ਦੇਂਦੇ ਹਨ ਰਾਗ ਦ੍ਵੈਖ ਮਿਟੀ ਅੰਦਰੋਂ ਕੱਢਕੇ ਵਾਹਿਗੁਰੂ ਨਾਮ ਦੇ ਚੁੱਲ੍ਹੇ ਬਣੌਂਦੇ ਹਨ ਅਤੇ ਸਾਰੇ ਮਾਣ ਨੂੰ ਖਾ ਜਾਂਦੇ ਹਨ। ਓਨਾਂਨੇ ਪੀ=ਪਤੀ ਨੂੰ ਪਾਇਆ ਹੈ ਅਤੇ (ਅਪਰ) ਹੋਰ ਹੀ ਤਰਾਂ ਦੀ ਓਹਨਾਂ ਦੀ ਧੀ=ਬੁਧੀ ਹੋ ਗਈ ਹੈ ਅਤੇ ਮੁਖੋਂ ਅਪਰਸ ਕਹੌਂਦੇ ਹਨ,ਹੰਕਾਰ ਵੱਲੋਂ ਫਿਰ ਆਏ ਹਨ। ਸਾਰੇ ਆਪਣੇ ਚੇਲਿਆਂ ਨੂੰ ਵਾਹਿਗੁਰੂ ਅਨੰਦ ਵਿਚ ਡੋਬਦੇ ਹਨ॥

Digitized by Panjab Digital Library | www.panjabdigilib.org

ਤਿਸ ਪਿਤਾ ਨੂੰ ਮਨੋਂ ਕਿਉਂ ਵਿਸਾਰੀਏ ਅਗੇ ਜਾਕੇ ਬਾਜੀ ਨਾ ਹਾਰਾਂਗਾ ॥ ਖਰਾ=ਹੱਛਾ। ਮਾਈ=ਮਾਇਆ, ਮਮਤਾ ॥ ਮੇਰੀ ਮਮਤਾ ਮਰ ਗਈ ਹੈ, ਮੈਂ ਬਹੁਤ ਸੁਖੀ ਹੋਯਾ ਹਾਂ ਮੈਂ ਸਰੀਰ ਰੂਪ (ਦਗਲੀ) ਗੋਦੜੀ ਵਾ ਖਫਨੀ ਨਹੀਂ ਪੈਹਰਾਂਗਾ ਕਿਉਂਕਿ ਜੜ੍ਹਤਾ ਰੂਪ ਪਾਲਾ ਮੈਨੂੰ ਨਹੀਂ ਲਗਦਾ ॥

**ਬਲਿ ਤਿਸੁ ਬਾਪੈ ਜਿਨਿ ਹਉ ਜਾਇਆ ॥ ਪੰਚਾ ਤੇ ਮੇਰਾ ਸੰਗੁ ਚੁਕਾਇਆ॥ ਪੰਚ ਮਾਰਿ ਪਾਵਾ ਤਲਿ ਦੀਨੇ ॥ ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥ ੨ ॥**

ਮੈਂ ਤਿਸ ਪਿਤਾ ਤੋਂ ਬਲਿਹਾਰ ਜਾਂਦਾ ਹਾਂ ਜਿਸਨੇ ਮੈਨੂੰ ਜਾਇਆ ਹੈ ਅਤੇ ਪੰਜਾਂ ਕਾਮਾਦਿਕਾਂ ਤੋਂ ਮੇਰਾ ਸੰਗ ਚੁਕਾ ਦਿਤਾ ਸੂ ॥ ਪੰਜੇ ਮਾਰਕੇ ਪੈਰਾ ਤਲੇ ਦੇ ਲਏ ਹਨ, ਵਾਹਿਗੁਰੂ ਦੇ ਸਿਮਰਨ ਵਿਚ ਮੇਰਾ ਮਨ ਤਨ ਭਿੱਜ ਗਿਆ ਹੈ ॥

**ਪਿਤਾ ਹਮਾਰੋ ਵਡ ਗੋਸਾਈ ॥ ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ ॥ ਸਤਿਗੁਰ ਮਿਲੈ ਤ ਮਾਰਗੁ ਦਿਖਾਇਆ ॥ ਜਗਤ ਪਿਤਾ ਮੇਰੈ ਮਨਿ ਭਾਇਆ॥ ੩ ॥**

ਮੇਰਾ ਪਿਤਾ ਵਡਾ ਗੁਸਾਂਈ ਹੈ ਤਿਸ ਪਿਤਾ ਪਾਸ ਮੈਂ ਕਿੱਕੁਰ ਜਾਵਾਂ ? ਸਤਿਗੁਰੂ ਮਿਲੇ ਤਿਨ੍ਹਾਂ ਰਸਤਾ ਦਸਿਆ ਹੈ ਜਗਤ ਪਿਤਾ ਮੇਰੇ ਮਨ ਭਾਇਆ॥

(ਸਨਮੁਖ ਬੇਨਤੀ)

**ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥ ਏਕੈ ਠਾਹਰ ਦੁਹਾ ਬਸੇਰਾ॥ਕਹ ਕਬੀਰ ਜਨਿ ਏਕੋ ਬੂਝਿਆ ॥ ਗੁਰਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥ ੪ ॥ ੩ ॥**

ਮੈਂ ਪੁੱਤ੍ਰ ਤੇਰਾ ਹਾਂ ਤੂੰ ਪਿਤਾ ਮੇਰਾ ਹੈਂ, ਇਕ ਜਗਾ ਦੋਹਾਂ ਦਾ ਵਸੇਰਾ ਹੈ ॥ ਕਬੀਰ ਜੀ ਕਹਿੰਦੇ ਹਨ ਦਾਸ ਨੇ ਇਕੋ ਹੀ ਪੁਛਿਆ ਹੈ ਅਤੇ ਗੁਰਾਂ ਦੀ ਕ੍ਰਿਪਾ ਨਾਲ ਮੈਨੂੰ ਸਭ ਕੁਝ ਦਿੱਸ ਆਇਆ ਹੈ ॥

"ਮਾਇਆ ਨੂੰ ਪੂਜਣ ਵਾਲੇ ਇੱਕੁਰ ਪੂਜਦੇ ਹਨ"

**ਆਸਾ ॥ ਇਕਤੁ ਪਤਰਿ ਭਰਿ ਉਰਕਟ *ਕੁਰਕਟ ਇਕਤੁ ਪਤਰਿ ਭਰਿਪਾਨੀ ॥ ਆਸਿ ਪਾਸਿ ਪੰਚ ਜੋਗੀ·**

*ਦੂਜਾ ਅਰਥ ਫਲ ਫੁਲ ਕਰਦੇ ਹਨ।

## ਆ ਬੈਠੇ ਬੀਚ ਨਕਟ ਦੇ ਰਾਨੀ ॥ ੧ ॥

ਪਤਰਿ=ਪਾਤ੍ਰ, ਭਾਂਡਾ। ਉਰਕਟ=ਰਿਦੇ ਕਟਕੇ। ਕੁਰਕਟ=ਕੁਕੜ ਆਦਿਕ ਜਾਨਵਰ ॥ ਇਕ ਭਾਂਡਾ ਜਾਨਵਰਾਂ ਦੇ ਰਿਦੇ ਕੱਟਕੇ ਭਰ ਲੈਂਦੇ ਹਨ ਅਤੇ ਇਕ ਭਾਂਡੇ ਵਿੱਚ ਪਾਣੀ ਭਰ ਲੈਂਦੇ ਹਨ ॥ ਲਾਂਭੇ ਚਾਂਥੇ ਪੰਜਾਂ ਜੋਗੀਆਂ ਵਾਕੁਰ ਬਹੁਤੇ ਆਦਮੀ ਬੈਠਦੇ ਹਨ ਅਤੇ ਵਿੱਚ ਨਕਵੱਢੀ ਰਾਣੀ ਹੁੰਦੀ ਹੈ ॥

## ਨਕਟੀ ਕੋ*ਠਨਗਨੁ †ਬਾਡਾਡੂ ॥ ਕਿਨਹਿ ਬਿਬੇਕੀ ਕਾਟੀ ਤੂੰ ॥ ੧ ॥ ਰਹਾਉ ॥

ਬਾਡਾ=ਵੱਡਾ। ਡੂ=ਦੋਹਾਂ ਲੋਕਾਂ ਵਿੱਚ ॥

ਨਕਵੱਢੀ ਦਾ ਨਖਰਾ ਦੋਹਾਂ ਲੋਕਾਂ ਵਿਚ ਬੜਾ ਵਧਿਆ ਹੋਇਆ ਹੈ ਕਿਸੇ ਵਿਚਾਰਵਾਨ ਨੇ ਹੀ ਤੈਨੂੰ ਕਟਿਆ ਹੈ ॥

## ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥ ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥ ੨ ॥

ਅਉਹਰੀ=ਵੇਖ ॥

ਸਾਰਿਆਂ ਵਿੱਚ ਨਕਵੱਢੀ ਦਾ ਵਾਸਾ ਹੈ ਅਤੇ ਸਾਰਿਆਂ ਨੂੰ ਮਾਰਨ ਵਾਲੀ ਵੇਖੀ ਦੀ ਹੈ॥ (ਮਾਇਆ) ਸਾਰਿਆਂ ਦੀ ਮਾਂ ਭੈਣ ਭਾਣਜੀ ਹਾਂ ਅਤੇ ਜਿਸ ਨੇ ਮੈਨੂੰ ਵਰਿਆ ਹੈ ਤਿਸ ਦੀ ਮੈਂ ਦਾਸੀ ਹਾਂ ॥ (ਮਾਇਆ) ਇਸ ਲਈ ਮੈਨੂੰ ਚਰਨੀ ਲਾਵੋ (ਕਬੀਰ ਜੀ) ਮੈਂ ਆਪ ਦੀ ਇਸਤ੍ਰੀ ਹਾਂ ॥

## ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ॥ ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥ ੩ ॥

ਮੇਰਾ ਪਤੀ ਬੜਾ ਬਿਬੇਕੀ ਹੈ ਆਪੇ ਹੀ ਓਹ ਸੰਤ ਕਹਾਉਂਦਾ ਹੈ ॥ (ਮਾਇਆ) ਤੈਸੇ ਦੂਜੀ ਮੋਹਿ ਕੀਜੀਏ (ਹਨੂਮਾਨ ਨਾਟਕ) ਓਹ ਮੇਰਾ ਪਤੀ ਵਾਹਿਗੁਰੂ ਜਿੰਨਾਂ ਚਿਰ ਮੇਰੇ ਮਥੇ ਤੇ ਕਾਇਮ ਹੈ ਓਨਾਂ ਚਿਰ ਹੋਰ ਇਸਤ੍ਰੀ ਮੇਰੇ ਪਾਸ ਕੋਈ ਨਹੀਂ ਆਵੇਗੀ।

---

*ਠਨਗਨ=ਚੇਲਾ, ਚਮਤਕਾਰਾ ਵੀ ਕਰਦੇ ਹਨ। ਬਾ=ਵਜਦਾ ਹੈ ॥ ਡਾ=ਡੌਰੂ ॥ †ਡੂ=ਦੋਆਂ ਲੋਕਾਂ ਵਿੱਚ, ਇਕੁਰ ਵੀ ਅਰਥ ਕਰਦੇ ਹਨ ॥

Digitized by Panjab Digital Library | www.panjabdigilib.org

**ਨਾਕਹੁ*ਕਾਟੀ ਕਾਨਹੁ ਕਾਟੀ ਕਾਟਿ ਕੂਟਿਕੈਡਾਰੀ॥ਕਹੁ ਕਬੀਰ ਸੰਤਨ ਕੀ॥ਬੈਰਨਿ ਤੀਨਿ ਲੋਕ ਕੀਪਿਆਰੀ॥੪॥੪॥**

(ਜਦ ਬਹੁਤ ਜਿਦ ਕਰਨ ਲਗੀ ਤਾਂ ਕਬੀਰ ਜੀ ਨੇ) ਨੱਕੋਂ ਕੱਟੀ ਕੰਨੋਂ ਕੱਟੀ ਕੱਟ ਕੁੱਟਕੇ ਪਰੇ ਸੁੱਟ ਦਿੱਤੀ ॥ ਕਬੀਰ ਜੀ ਕਹਿੰਦੇ ਹਨ, ਸੰਤਾਂ ਦੀ ਵੈਰਨ ਹੈ ਅਤੇ ਤਿੰਨਾਂ ਲੋਕਾਂ ਦੀ ਪਿਆਰੀ ਹੈ ॥

**ਆਸਾ ॥ ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥ ਲੁੰਜਿਤ ਮੁੰਜਿਤ ਮੋਨਿ ਜਟਾ ਧਰ ਅੰਤਿ ਤਊ ਮਰਨਾ ॥ ੧ ॥**

ਜੋਗੀ, ਜਤੀ, ਤਪੀ, ਸੰਨਿਆਸੀ ਅਤੇ ਭਾਵੇਂ ਕੋਈ ਬਾਹਲੇ ਤੀਰਥਾਂ, ਤੇ ਫਿਰਨ ਵਾਲਾ ਹੋਵੇ ॥ ਲੁੰਜਿਤ=ਸਰੇਵੜੇ। ਮੋਨਿ=ਚੁਪ ਰਹਿਣ ਵਾਲਾ ਮੁੰਜਿਤ=ਬ੍ਰਹਮਚਾਰੀ ਵਾ ਮੁੰਜ ਦੀ ਤੜਾਗੀ ਰਖਣ ਵਾਲੇ ॥ ਲੁੰਜਤ। ਮੁੰਜਤ, ਮੋਨੀ, ਜਟਾ ਧਾਰਨ ਵਾਲਾ ਭਾਵੇਂ ਕੋਈ ਹੋਵੇ ਪਰ ਅੰਤ ਨੂੰ ਫਿਰ ਵੀ ਸਭ ਨੇ ਮਰਨਾ ਹੀ ਹੈ ॥

**ਤਾਤੇ ਸੇਵੀਅਲੇ ਰਾਮਨਾ॥ ਰਸਨਾ ਰਾਮ ਨਾਮ ਹਿਤੁ ਜਾਕੈ ਕਹਾ ਕਰੈ ਜਮਨਾ ॥ ੧ ॥ ਰਹਾਉ ॥**

ਇਸ ਲਈ ਵਾਹਿਗੁਰੂ ਦੇ ਨਾਮ ਦਾ(ਸੇਵਨ)ਜਪਣਾ ਕਰੋ ਰਸਨਾ ਕਰਕੇ ਵਾਹਿਗੁਰੂ ਦੇ ਨਾਮ ਵਿੱਚ ਜਿਸਦਾ ਪ੍ਰੇਮ ਹੈ ਉਸਨੂੰ ਜਮ ਕੀ ਕਰ ਸਕਦਾ ਹੈ?

**ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥ ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥ ੨ ॥**

ਆਗਮ=ਸ਼ਾਸਤ੍ਰ। ਨਿਰਗਮ=ਵੇਦ ॥

ਸ਼ਾਸਤ੍ਰ ਵੇਦ ਜੋਤਸ਼ ਦੇ ਪੁਸਤਕ ਅਤੇ ਬਹੁਤ ਬਹੁਤ ਵਿਆਕਰਣ ਜਾਣਦਾ ਹੋਵੇ (ਭਾਵੇਂ)। ਤੰਤ੍ਰ, ਮੰਤ੍ਰ ਸਾਰੀਆਂ ਦਵਾਈਆਂ ਨੂੰ ਵੀ ਜਾਣਦਾ ਹੋਵੇ (ਭਾਵੇਂ) ਅੰਤ ਨੂੰ ਫਿਰ ਭੀ ਮਰਨਾ ਹੈ।

---

*ਨੱਕੋਂ ਕੱਨੋਂ,(ਕਾਟ=ਤੁਚਾ। ਕੂਟ=ਨੇਤ੍ਰ) ਇਤਯਾਦਿਕ ਇੰਦ੍ਰੀਆਂ ਤੋਂ ਸੰਤਾਂ ਨੇ ਤੈਨੂੰ ਨਿਰਵਰਤੀ ਕੀਤਾ ਹੈ।ਵਾ ਨਾਕ=ਸੁਰਗੋਂ ਨੌਹਖ ਰਾਜਾ ਆਦਿਕ ਦੇਵਤਿਆਂ ਨੂੰ। ਕਾਨਨ=ਜੰਗਲ ਵਿੱਚੋਂ ਸਿੰਙੀ ਰਿਖੀ ਆਦਿਕਾਂ ਨੂੰ। ਕੂਟ=ਪਹਾੜ ਦੀ ਚੋਟੀ ਤੋਂ ਸੌਰਭ ਰਿਖੀ ਆਦਿਕਾਂ ਨੂੰ ਤੈਂ ਕਟਕੇ ਸੁੱਟਦਿੱਤਾ।

Digitized by Panjab Digital Library | www.panjabdigilib.org

**ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ॥ ਪਾਨ ਕਪੂਰ ਸੁ ਬਾਸਕ ਚੰਦਨ ਅੰਤਿ ਤਊ ਮਰਨਾ॥ ੩ ॥**

ਰਮਨਾ=ਇਸਤ੍ਰੀਆਂ ॥

ਰਾਜ ਭੋਗ ਅਤੇ ਛਤ੍ਰ ਸਿੰਘਾਸਨ ਬਹੁਤ ਸੁੰਦਰ ਇਸਤ੍ਰੀਆਂ ਹੋਣ (ਭਾਵੇਂ) ॥ ਬਾਸਕ=ਵਾਸ਼ਨਾ ਕਰਨ ਵਾਲੇ ॥ ਪਾਨਬੀੜੇ, ਕਪੂਰ, ਸ੍ਰੇਸ਼ਟ ਵਾਸ਼ਨਾ ਕਰਨ ਵਾਲੇ ਚੰਦਨ ਮਲਨ ਵਾਲਿਆਂ ਭੀ ਅੰਤ ਨੂੰ ਮਰਨਾ ਹੈ ।

**ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ ॥ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥ ੪ ॥ ੫ ॥**

ਊਬਰਨਾ=ਬਚਣਾ, ਤਰਨਾ । ਬੇਦ ਪੁਰਾਨ ਸਿੰਮ੍ਰਿਤੀਆਂ ਸਭ ਸ਼ਾਸਤ੍ਰ ਖੋਜੇ ਹਨ, ਕਿਤੇ ਵੀ ਤਰਨਾ ਨਹੀਂ ਹੈ । ਕਬੀਰ ਜੀ ਕਹਿੰਦੇ ਹਨ ਵਾਹਿਗੁਰੂ ਨੂੰ ਜਪੋ ਇਹ ਜਨਮ ਮਰਨ ਮੇਟ ਦੇਵੇਗਾ ।

"ਸੰਸਾਰ ਇੱਕੁਰ ਅਤਜੰਤ ਹੀ ਝੂਠਾ ਹੈ"

**ਆਸਾ॥ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥ ੧ ॥**

ਫੀਲੁ=ਹਾਥੀ । ਪਖਾਵਜ=ਜੋੜੀ ਵਜੌਣ ਵਾਲਾ । ਤਾਲ=ਕੈਂਸੀਆਂ ਛੈਣੇ । ਜਿਕੁਰ ਕੋਈ ਕਹੇ ਕਿ ਹਾਥੀ ਰਬਾਬੀ ਹੈ ਅਤੇ ਬਲਦ ਪਖਾਵਜੀ ਹੈ ਅਤੇ ਕਾਂ ਛੈਣੇ ਵਜੌਂਦਾ ਹੈ । ਜਾਮਾ ਪਾਕੇ ਖੋਤਾ ਨੱਚਦਾ ਹੈ ਅਤੇ ਭੈਂਸਾ ਭਗਤੀ ਕਰਦਾ ਹੈ, ਭਾਵ ਬਿਸ਼ਨਪਦੇ ਗਾਉਂਦਾ ਹੈ ।

**ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥ ੧ ॥ ਰਹਾਉ ॥**

ਕਕਰੀਆ=ਅਕ ਦੀਆਂ ਖਖੜੀਆਂ । ਬਰੇ=ਪਕੌੜੇ । ਰਾਜਾ ਰਾਮ (ਨਾਮ ਵਾਲੇ) ਹਲਵਾਈ ਨੇ ਅੱਕ ਦੀਆਂ ਖਖੜੀਆਂ ਦੇ ਵੜੇ ਪਕਾਏ ਹਨ, ਓਹ ਪਕੌੜੇ ਕਿਸੇ ਪੁਛਨ ਵਾਲੇ ਸਿਆਣੇ ਨੇ ਹੀ ਖਾਧੇ ਹਨ ।

**ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲ-**

Digitized by Panjab Digital Library | www.panjabdigilib.org

**ਉਰੇ ਲਿਆਵੈ ॥ ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥ ੨ ॥**

ਗਲਉਰੇ=ਪਾਨ ਬੀੜੇ। ਘੀਸ=ਘੂਸ। ਆਪਣੇ ਘਰ ਪਹਾੜ ਦੀ ਕੰਦਰਾ ਵਾ ਜੰਗਲ ਦੀ ਗਲੀ ਵਿਚ ਸ਼ੇਰ ਵੇਚਣ ਵਾਸਤੇ ਪਾਨ ਬੀੜੇ ਲਗਾਉਂਦੇ ਹੈਨ ਅਤੇ ਘੂਸ ਪਾਨ ਬੀੜੇ ਖਰੀਦ ੨ ਕੇ ਲਿਆਵੇ ਹੈ। ਮੁਸਰੀ=ਚੂਹੀ। ਘਰਾਂ ਘਰਾਂ ਵਿਚ ਜੋਹੜੀਆਂ ਚੂਹੀਆਂ ਰਹਿੰਦੀਆਂ ਹਨ ਓਹ ਮੰਗਲ ਦੇ ਗੌਂਣ ਗੌਂਦੀਆਂ ਹਨ ਅਤੇ ਕੱਛੂ ਸੰਖ ਵਜਾਉਂਦਾ ਹੈ।

**ਬੰਸਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥ ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥ ੩ ॥**

ਮੰਡਪ=ਥਾਂਵ। ਬੰਸ=ਬਾਂਝ ਇਸਤ੍ਰੀ। ਬੰਸ ਦਾ ਪੁਤ੍ਰ ਵਿਆਹੁ ਕਰਾਉਣ ਚਲਿਆ ਹੈ ਅਤੇ ਉਸ ਦੀ ਬਰਾਤ ਨੇ ਸੁੰਨ ਅਕਾਸ ਵਿਚ ਸੋਨੇ ਦੇ(ਵਾ ਸੁੰਏ ਖਾਲੀ ਥਾਂ)ਮੰਦਰ ਬਣਾਏ ਅਤੇ ਤੰਬੂ ਕਨਾਤਾਂ ਕਰਕੇ ਛਾ ਰਹੇ ਹਨ। ਬੇਧੀ=ਵਿਆਹੀ। ਵੇਧੀ, ਵਿੰਨੀ ਗਈ। ਸੁੰਦਰ ਰੂਪ ਵਾਲੀ ਕੰਨਿਆਂ ਉਸ ਬਾਂਝ ਦੇ ਪੁਤ੍ਰ ਨੇ ਵਿਆਹੀ ਅਤੇ ਤਿਸ ਦੇ ਵਿਆਹਵਿਚ ਸਹੇ ਅਰ ਸ਼ੇਰ ਨੇ ਮਿਰਾਸੀ ਵਾਲੇ ਗੁਣ ਗਾਏ,ਭਾਵ ਬੰਸਵਾਲੀ ਉਚਾਰੀ।

**ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥ ਕਛੂਆ ਕਹੈ ਅੰਗਾਰ ਭਿਲੋਰਉ ਲੂਕੀ ਸਬਦੁ ਸੁਨਾਇਆ ॥ ੪ ॥ ੬ ॥**

ਕੀਟੀ=ਕੀੜੀ। ਕਬੀਰ ਜੀ ਆਖਦੇ ਹਨ ਹੇ ਸੰਤੋ ! ਸੁਣੋ ਓਹ ਬਰਾਤ ਜਦ ਵਾਪਸ ਆਈ ਤਾਂ ਰਾਹ ਵਿਚ ਪਹਾੜ ਡਿਗਾ ਹੋਇਆ ਸੀ, ਇਸ ਲਈ ਬਰਾਤ ਰੁਕ ਗਈ ਉਸ ਵੇਲੇ ਉਨ੍ਹਾਂ ਦੀ ਮਦਦ ਵਾਸਤੇ ਕੀੜੀ ਨੇ ਪਹਾੜ ਨੂੰ ਖਾ ਲਿਆ। ਲੂਕੀ=ਗੁੱਤੀ, ਬਹੁਤ ਬਰੀਕ ਜਾਨਵਰ। ਕੱਛੂ ਕਹੇ ਕਿ ਮੈਂ ਅੰਗਜਾਰਾਂ ਨੂੰ ਸੇਕਣ ਵਾਸਤੇ ਲੋੜਦਾ ਹਾਂ ਅਤੇ ਗੁਤੀ ਨੇ ਬੜਾ ਉੱਚੀ ਦਿਤੀ ਸ਼ਬਦ ਸੁਨਾਯਾ ਹੈ।

Digitized by Panjab Digital Library | www.panjabdigilib.org

| ਪਦ | ਸੰਤਾਂਦਾਪੁਤ੍ਰਵਿਆਹੁਣਾ | ਜਗਜਾਸੂ ਨੇ. ਵਾਹਿਗੁਰੂ ਨਾਲ ਅਭੇਦ ਹੋਣਾ | ਤਮਾਸ਼ੇਵਾਲਿਆਂ ਦੇ ਪੈਹਲੇ ਜਨਮ |
|---|---|---|---|
| ਫੀਲ | ਮਨ ਨੂੰ ਰੱਬ ਦੀ ਆਬ ਆਈ | ਹਾਥੀ ਤੇ ਚੜ੍ਹਕੇ ਨਾਲ ਇੰਦ੍ਰ ਚਲਿਆ | ਹਾਥੀ ਦੀ ਜੂਨ |
| ਬਲਦ | ਆਲਸ ਹਰੀ ਦੇ ਪੱਖ ਆਯਾ | ਬੈਲਤੇ ਚੜ੍ਹਕੇ ਸ਼ਿਵਜੀ ਚਲਿਆ | ਬੈਲ ਦੀ ਜੂਨ |
| ਕਊਆ | ਕਾਲਾ ਪਾਪੀ ਹੱਥਾਂ ਨੂੰ ਵਜਾਉਣ ਲਗਾ | ਕਾਕ ਭਸੁੰਡ ਛੈਣੇ ਵਜਾਵੇ | ਕਾਂ ਦੀ ਜੂਨ |
| ਗਦਹਾ | ਕਾਮੀ ਲੱਜਜਾ ਵਾਲਾ ਹੋਇਆ | ਖੋਤੇ ਤੇ ਚੜ੍ਹਕੇ ਦੇਵੀ ਆਈ | ਗਧੇ ਦੀ ਜੂਨ |
| ਭੈਂਸਾ | ਲੋਭ ਭਗਤ ਹੋਇਆ | ਧ੍ਰਮਰਾਜਾ ਭਗਤੀ ਕਰੇ | ਮਹੇਂ ਦੀ ਜੂਨ |
| ਰਾਜਾ ਰਾਮ | ਵਾਹਿਗੁਰੂ ਨੇ ਅੱਕਾਂਤੋਂ ਮਿਠੇ ਕੀਤੇ | | ਰਾਜੇ ਦੀ ਜੂਨ |
| ਸਿੰਘ | ਹੰਕਾਰ ਨੂੰ ਨਾਮ ਦੀ ਪਾਣਲਾਈ | ਚੰਡੀ ਸ਼ੇਰ ਤੇ ਚੜ੍ਹਕੇ ਪਾਨ ਲਗਾਵੇ | ਸ਼ੇਰ ਦੀ ਜੂਨ |
| ਘੀਸ | ਬੁਧੀ ਹੋਰ ਹੀ ਗੱਲਾਂ ਲਿਆਉਣ ਲਗੀ ਸੀ | ਗਣੇਸ਼ ਜੀ ਘੀਸ ਤੇ ਚੜ੍ਹ ਆਏ | ਗੁੱਤੀ ਦੀ ਜੂਨ |
| ਮੁਸਰੀ | ਇੰਦ੍ਰੀਆਂ ਵਾਹਿਗੁਰੂ ਦਾ ਜਸ ਗੌਣ | ਰਿੱਧੀਆਂ ਸਿੱਧੀਆਂ ਗੀਤ ਗੌਂਣ | ਚੁਹੀਆਂਦੀਜੂਨ |
| ਕਛੂਆ | ਚਿੱਤ ਨਾਮਜਪੇ | ਵਿਸ਼ਨੂੰ ਭਗਵਾਨ ਆਏ | ਕੱਛੂ ਦੀ ਜੂਨ |
| ਬੰਸ ਕੋ ਪੂਤ | ਸੰਤਾਂ ਦਾ ਪੁਤ੍ਰ ਦ੍ਵੈਤ ਨੂੰ ਨਾਸ ਕਰਕੇ ਹਰੀਨਾਲ ਮਿਲੇ | | |
| ਕੰਨਿਆਂ | ਮੁਕਤ (ਬੋਧੀ) ਮਿਲੀ | | |
| ਸਸੈ | ਗਰੀਬ ਸ਼ੇਰਹੋ ਗਿਆ | | ਸਹੇ ਦੀ ਜੂਨ |
| ਕੀਟੀ | ਬ੍ਰਿਤੀ ਨੇ ਹੰਕਾਰ ਨੂੰ ਖਾਧਾ | | ਕੀੜੀ ਦੀ ਜੂਨ |
| ਕਛੂਆ ਲੂਕੀ | ਚਿੱਤ ਵਾਹਿਗੁਰੂ ਲੁਕੀ ਹੋਈ ਤ੍ਰਿਸ਼ਨਾ ਗਈ | | ਕੱਛੂ ਦੀ ਜੂਨ |

ਇਹ ਉਪਰ ਲਿਖੇ ਤਿੰਨ ਅਰਥ ਹੋਰ ਹਨ ਜੋ ਵੱਖ ਵੱਖ ਕਰਕੇ ਲਿਖ ਦਿਤੇ ਹਨ ।

Digitized by Panjab Digital Library | www.panjabdigilib.org

(ਜੋਗੀ ਨੂੰ ਉਪਦੇਸ਼) "ਮੈਂ ਅਗੇ ਇੱਕੁਰ ਦਾ ਜੋਗੀ ਹਾਂ"

**ਆਸਾ॥ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ ॥ ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ ॥ ੧ ॥**

ਬਟੂਆ=ਸਰੀਰ ਨੂੰ ਲੌਣ ਵਾਲਾ ਸੁਆਹ ਦਾ ਗੋਲਾ।ਅਧਾਰੀ=ਝੋਲੀ । ਵਾਹਿਗੁਰੂ ਦਾ ਨਾਮ ਰੂਪ ਬਟੂਆ ਹੈ ੭੨ ਕੋਠੜੀਆਂ ਵਾਲੀ ਦੇਹ ਝੋਲੀ ਹੈ ਜਿਸਦਾ ਇਕ ਦਰਵਾਜਾ ਨਾਮ ਉਚਾਰਨ ਵਾਲਾ ਹੈ । ਨਵਾਂ ਖੰਡਾਂ ਦੀ ਧਰਤੀ ਮੰਗੇ ਕੀ, ਨਵਾਂ ਖੰਡਾਂ ਦੇ ਮਾਲਕ ਵਾਹਿਗੁਰੂ ਨੂੰ ਲੋੜੇ ਸੋ ਜੋਗੀ ਜਗਤ ਵਿੱਚ ਹੱਛਾ ਹੈ ॥

**ਐਸਾ ਜੋਗੀ ਨਉ ਨਿਧਿ ਪਾਵੈ ॥ ਤਲਕਾ ਬ੍ਰਹਮੁ ਲੈ ਗਗਨਿ ਚਰਾਵੈ ॥ ੧ ॥ ਰਹਾਉ ॥**

ਗਗਨਿ=ਅਕਾਸ ॥ ਇੱਕੁਰ ਦਾ ਜੋਗੀ ਨੌਂ "ਨਿਧੀਆਂ" ਪਾ ਲੈਂਦਾ ਹੈ, ਜੇਹੜਾ ਥੱਲਿਓਂ ਬ੍ਰਿਤੀ ਵਾਹਿਗੁਰੂ ਵੱਲ ਚੜ੍ਹਾਵੇ ਵਾ ਜੀਵ ਨੂੰ ਵਾਹਿਗੁਰੂ ਵੱਲ ਖੜੇ ॥

**ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ ॥ ਪੰਚ ਤਤੁ ਕੀ ਕਰਿ ਮਿਰਗਾਣੀ ਗੁਰਕੈ ਮਾਰਗਿ ਚਾਲੈ ॥ ੨ ॥**

ਖਿੰਥਾ=ਗੋਦੜੀ । ਮਥਿ ਘਾਲੈ=ਵਟ ਕੇ ਪਾਵੈ ॥ ਗਿਆਨ ਰੂਪ ਗੋਦੜੀ ਅਤੇ ਧਿਆਨ ਰੂਪ ਸੂਈ ਕਰੇ ਅਤੇ ਗੁਰਾਂ ਦਾਸ਼ਬਦ ਧਾਗਾ ਵੱਟਕੇ ਗਲ ਵਿੱਚ ਪਾਵੇ ॥ ਮਾਰਗਿ=ਰਸਤਾ ॥ ਪੰਜਾਂ ਤਤਾਂ ਦੀ ਰਹਤ ਮ੍ਰਿਗਛਾਲਾ ਕਰੇ ਅਤੇ ਗੁਰਾਂ ਦੇ ਰਸਤੇ ਚੱਲੇ ॥

**ਦਇਆ ਫਾਹੁਰੀ ਕਾਇਆ ਕਰਿ ਸੂਈ ਦ੍ਰਿਸਟਿਕੀ ਅਗਨਿ ਜਲਾਵੈ ॥ ਤਿਸਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ ॥ ੩ ॥**

ਦਇਆ ਰੂਪ ਫਾਹੜੀ ਅਤੇ ਕਾਇਆਂ ਨੂੰ ਵਸ ਕਰਨਾ ਸੂਈ ਕਰੇ ਅਤੇ ਮਾੜੀ ਦ੍ਰਿਸ਼ਟੀ ਨੂੰ ਰੋਕਣਾਂ ਇਹੁ ਅੱਗ ਜਲਾਵੇ ॥ ਤਿਸ ਵਾਹਿਗੁਰੂ ਦਾ ਪ੍ਰੇਮ ਰਿਦੇ ਅੰਦਰ ਲੈਕੇ ਚਾਰ ਜੁਗ ਪ੍ਰਯੰਤ ਤਾੜੀ ਲਾ ਛੱਡ ।

Digitized by Panjab Digital Library | www.panjabdigilib.org

**ਸਭ ਜੋਗਤਣ ਰਾਮ ਨਾਮੁ ਹੈ ਜਿਸਕਾ ਪਿੰਡੁਪਰਾਨਾ ॥ ਕਹੁਕਬੀਰਜੇ ਕਿਰਪਾ ਧਾਰੈ ਦੇਇ ਸਚਾਨੀਸਾਨਾ॥੪॥੭॥**

ਜੋਗਤਣ=ਜੋਗ ਦਾ ਸਾਰ । ਪਿੰਡ=ਸਰੀਰ । ਜੋਗੀ ਨਾਮ ਕਹੌਣ ਦੇ ਸਾਰਿਆਂ ਚਿਹਨਾਂ ਵਿੱਚ ਜੋਗ ਪੁਣੇ ਦਾ ਪੱਕਾ ਨਿਸ਼ਾਨ ਵਾਹਿਗੁਰੂ ਦਾ ਨਾਮ ਹੀ ਹੈ, ਜਿਸ ਨਾਮ ਦਾ ਸਰੀਰ ਨੂੰ ਪ੍ਰਾਣਾਂ ਰੂਪ ਆਸਰਾ ਹੈ । ਕਬੀਰ ਜੀ ਕਹਿੰਦੇ ਹਨ ਜੇ ਵਾਹਿਗੁਰੂ ਕਿਰਪਾ ਕਰੇ ਤਾਂ ਇਹ ਸੱਚਾ ਨਿਸ਼ਾਨਾ ਦੇਵੇ ।

**ਆਸਾ ॥ ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥ ਦਿਲ ਮਹਿ ਸੋਚਿ ਬਿਚਾਰਿ* ਕਵਾਦੇ ਭਿਸਤ ਦੋਜਕ ਕਿਨ ਪਾਈ ॥ ੧ ॥**

"ਹਿੰਦੂਆਂ ਮੁਸਲਮਾਨਾਂ ਨੂੰ ਉਪਦੇਸ਼"

ਹਿੰਦੂ ਅਤੇ ਤੁਰਕ ਕਿੱਥੋਂ ਆਏ ਹਨ ਭਾਵ ਵਾਹਿਗੁਰੂ ਪਾਸੋਂ ਅਤੇ ਇਸ ਸ਼ਰ੍ਹਾ ਦੇ ਰਸਤੇ ਕਿਸਨੇ ਸ੍ਰਿਸ਼ਟੀ ਚਲਾਈ ਹੈ ? ਦਿਲ ਵਿੱਚ ਤੂੰ ਸੋਚ ਵਿਚਾਰ ਕੇ (ਕਵਾਦੇ) ਉੱਤਰ ਦੇ ਕਿ ਕਿਸਨੇ ਨਰਕ ਸੁਰਗ ਦੀ ਜਗਾ ਪਾਈ ਹੈ ?

**ਕਾਜੀ ਤੈ ਕਵਨ ਕਤੇਬ ਬਖਾਨੀ॥ਪੜਤ ਗੁਨਤ ਐਸੇ ਸਭ ਮਾਰੇ ਕਿਨਹੰ ਖਬਰਿ ਨ ਜਾਨੀ ॥ ੧ ॥ ਰਹਾਉ ॥**

ਗੁਨਤ=ਬਿਚਾਰਨ ਵਾਲੇ । ਮੈਨੂੰ ਪੜ੍ਹਨ ਵਾਸਤੇ ਤੂੰ ਕੇਹੜੀ ਕਿਤਾਬ ਕਹੀ ਹੈ ਵਾ ਕੇਹੜੀ ਕਿਤਾਬ ਵਿਚੋਂ ਸ਼ਰਾ ਕਹੀ ਊ ਉਨ੍ਹਾਂ ਕਿਤਾਬਾਂ ਨੂੰ ਪੜ੍ਹਨ ਵਿਚਾਰਨ ਵਾਲੇ ਇੱਕੁਰ ਮਜ਼ੁਬ ਦੇ ਝਗੜਿਆਂ ਵਿੱਚ ਫਸਕੇ ਮਾਰੇ ਗਏ, ਭਾਵ ਮਰ ਗਏ ਕਿਸੇ ਨੇ ਵੀ ਵਾਹਿਗੁਰੂ ਦੀ ਖਬਰ ਨਾ ਜਾਣੀ ।

**ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈਨਬਦਉਗਾ ਭਾਈ ॥ ਜਉ ਰੇ ਖੁਦਾਇ ਮੋਹਿ ਤੁਰਕ ਕਰੈਗਾ ਆਪਨ ਹੀ ਕਟਿ ਜਾਈ ॥੨ ॥**

ਸਕਤਿ=ਇਸਤ੍ਰੀ । ਸਨੇਹ=ਪ੍ਰੇਮ । ਬਦਉਗਾ=ਮੰਨਾਂਗਾ । ਇਸਤ੍ਰੀ ਦੇ ਪ੍ਰੇਮ ਕਰਕੇ ਸੁੰਨਤ ਕੀਤੀ, ਹੇ ਭਾਈ ਮੈਂ ਤਾਂ ਇਸ ਗਲ ਨੂੰ ਨਹੀਂ ਮੰਨਾਂਗਾ ਜੇ ਖੁਦਾ ਮੈਨੂੰ ਤੁਰਕ ਕਰਨਾ ਚਾਹੇਗਾ ਤਾਂ ਆਪੇ ਹੀ ਕਟ ਜਾਵੇਗੀ ।

---

*ਅਰਬੀ ਵਿੱਚ ਰਿਦੇ ਦੇ ਦੁਖ ਦਾ ਨਾਮ ਹੈ ਅਤੇ ਫਾਰਸੀ ਵਿੱਚ ਤੀਰ ਚਲੌਣ ਵਾਲੀ ਛੋਟੀ ਕਮਾਨ ਦਾ ਨਾਮ ਹੈ ।

Digitized by Panjab Digital Library | www.panjabdigilib.org

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ਅਰਧ ਸਰੀਰੀ ਨਾਰਿ ਨ ਛੋਡੈ ਤਾਤੇ ਹਿੰਦੂ ਹੀ ਰਹੀਐ ॥ ੩ ॥**

ਜੇ ਸੁੰਨਤ ਕਰਨ ਨਾਲ ਹੀ ਤੁਰਕ ਹੁੰਦਾ ਹੈ ਤਾਂ ਔਰਤ ਦਾ ਕੀ ਕਰਦੇ ਹੋ, ਭਾਵ ਔਰਤ ਨੂੰ ਸੁੰਨਤ ਕਿੱਕੁਰ ਕਰੀਏ ? ਅਰਧੰਗੀ ਇਸਤ੍ਰੀ ਨੂੰ ਨਹੀਂ ਛਡਣਾ ਤਾਂਤੇ ਹਿੰਦੂ ਹੀ ਟਿਕੇ ਰਹੀਏ ।

**ਛਾਡਿ ਕਤੇਬ ਰਾਮ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥ ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿ ਹਾਰੀ ॥ ੪ ॥ ੮ ॥**

ਹੇ ਬੌਰੇ ! ਛੱਡ ਕਿਤਾਬ ਨੂੰ ਤੇ ਵਾਹਿਗੁਰੂ ਨੂੰ ਯਾਦ ਕਰ, ਕਾਹਨੂੰ ਲੋਕਾਂ ਤੇ ਬਾਹਲੇ ਜ਼ੁਲਮ ਕਰਦਾ ਹੈਂ। ਪਚਿਹਾਰ=ਖਪਕੇ । ਕਬੀਰ ਨੇ ਤਾਂ ਵਾਹਿਗੁਰੂ ਦੀ ਓਟ ਪਕੜੀ ਹੈ ਤੁਰਕ ਖਪਕੇ ਚੁਪ ਕਰ ਰਹੇ ।

**ਆਸਾ ॥ ਜਬ ਲਗੁ ਤੇਲੁ ਦੀਵੇ ਮੁਖ ਬਾਤੀ ਤਬ ਸੂਝੈ ਸਭੁ ਕੋਈ ॥ ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥ ੧ ॥**

"ਉਪਦੇਸ਼"

ਜਿੰਨਾਂ ਚਿਰ ਦੀਵੇ ਵਿੱਚ ਤੇਲ ਅਤੇ ਮੁਖ ਵਿੱਚ ਬਤੀ ਹੈ ਓਨਾਂ ਚਿਰ ਸਭ ਕੁਝ ਘਰ ਵਿੱਚ ਦਿਸਦਾ ਹੈ ਜਦ ਤੇਲ ਦੇ ਸੁਕ ਜਾਨ ਨਾਲ ਬੱਤੀ ਠਹਿਰ ਗਈ ਤਾਂ ਮੰਦਰ ਵਿੱਚ ਹਨੇਰਾ ਹੋਗਿਆ । ਤਿੱਕੁਰ ਹੀ ਦੇਹ ਰੂਪ ਮੰਦਰ ਵਿੱਚ ਪ੍ਰਾਣਾਂ ਰੂਪ ਦੀਵਾ ਅਤੇ ਅੰਤਹਕਰਨ ਬੱਤੀ, ਪ੍ਰਾਰਬਧ ਤੇਲ ਚਿਦਾਭਾਸ ਰੂਪ ਅਗਨੀ ਬੁੱਝ ਗਈ ਤਾਂ ਮੰਦਰ ਸੁੰਨਾ ਹੋਗਿਆ ।

**ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥ ਤੂੰ ਰਾਮ ਨਾਮੁ ਜਪਿ ਸੋਈ ॥ ੧ ॥ ਰਹਾਉ ॥**

ਹੇ ਬੌਰੇ ! ਤੈਨੂੰ ਘੜੀ ਵੀ ਕੋਈ ਨਹੀਂ ਰਖੇਗਾ, ਇਸ ਲਈ ਤੂੰ ਉਸ ਵਾਹਿਗੁਰੂ ਦਾ ਨਾਮ ਜਪ ।

**ਕਾਕੀ ਮਾਤ ਪਿਤਾ ਕਹੁ ਕਾਕੋ ਕਵਨ ਪੁਰਖ**

Digitized by Panjab Digital Library | www.panjabdigilib.org

ਕੀ ਜੋਈ ॥ ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥ ੨ ॥

ਜੋਈ=ਇਸਤ੍ਰੀ । ਘਟ=ਘੜਾ=ਸਰੀਰ ॥ ਕਿਸਦੀ ਮਾਂ, ਪਿਤਾ ਕਹੁ ਖਾਂ ਕਿਸਦਾ ਹੈ ਅਤੇ ਕਿਸ ਪੁਰਖ ਦੀ ਇਸਤ੍ਰੀ ਹੈ ? ਜਦ ਘੜੇ ਵਾਕੁਰ ਸਰੀਰ ਭਜ ਜਾਂਦਾ ਹੈ ਤਾਂ ਕੋਈ ਵੀ ਬਾਤ ਨਹੀਂ ਪੁਦਛਾ ਅਤੇ ਘਰੋਂ ਕੱਢੋ ਕੱਢੋ ਹੁੰਦੀ ਹੈ।

ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇਗਏ ਭਾਈ ॥ ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥੩॥

ਦੇਹੁਰੀ–ਦਲੀਜ । ਖਟੀਆ=ਖੱਟੀ।ਖਾਟ=ਮੰਜੀ । ਹੰਸ=ਜੀਵ। ਦਲੀਜ ਤੇ ਬੈਠੀ ਮਾਤਾ ਰੋਂਦੀ ਹੈ ਅਤੇ ਮੰਜੀ ਚਕਕੇ ਮਸਾਣ ਭੂਮਿਕਾ ਨੂੰ ਭਾਈ ਲੈ ਜਾਂਦੇ ਹਨ, ਲਿਟ (ਕੇਸ) ਖਲਾਰੀ ਇਸਤ੍ਰੀ ਰੋਂਦੀ ਹੈ ਅਤੇ ਜੀਵ ਆਤਮਾ ਇਕੱਲਾ ਹੀ ਜਾਂਦਾ ਹੈ।

ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ॥ ਇਸੁ ਬੰਦੇ ਸਿਰਿ ਜੁਲਮੁ ਹੋਤੁ ਹੈ ਜਮੁ ਨਹੀ ਹਟੈ ਗੁਸਾਈ ॥ ੪ ॥ ੯ ॥ ਦੁਤੁਕੇ

ਸਾਗਰ=ਸਮੁੰਦਰ ॥ ਕਬੀਰ ਜੀ ਕਹਿੰਦੇ ਹਨ ਕਿ ਹੇ ਸੰਤੋ ! ਸੁਣਹੁ ਇਸ ਡਰਾਉਣੇ ਸਮੁੰਦਰ ਤਾਂਈ ਜੇਹੜੇ ਜੀਵ ਪਹੁੰਚੇ ਹੋਏ ਹਨ ਭਾਵ ਜੇਹੜੇ ਸੰਸਾਰ ਤੇ ਜੀਵ ਆਏ ਹਨ, ਹੇ ਗੁਸਾਂਈ ਵਾਹਿਗੁਰੂ ! ਇਸ ਬੰਦੇ ਦੇ ਸਿਰ ਤੇ ਬੜਾ ਜੁਲਮ ਹੁੰਦਾ ਹੈ ਕਿ ਜਮ ਨਹੀਂ ਹਟਦਾ ।

ੴ ਸਤਿਗੁਰਪ੍ਰਸਾਦਿ ॥

ਆਸਾ ਸ੍ਰੀ ਕਬੀਰਜੀਉ ਕੇ ਚਉਪਦੇ ਇਕਤੁਕੇ॥

ਸਨਕ ਸਨੰਦ ਅੰਤੁ ਨਹੀ ਪਾਇਆ॥ ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥ ੧ ॥

ਸਨਕ, ਸਨੰਦਨ (ਸਨਾਤਨ,) ਸਨਤਕੁਮਾਰ ਨੇ ਵਾਹਿਗੁਰੂ ਦਾ ਅੰਤ ਨਹੀਂ ਪਾਇਆ, ਬੇਦਾਂ ਨੂੰ ਪੜ੍ਹ ਪੜ੍ਹਕੇ ਬ੍ਰਹਮਾਂ ਨੇ ਭੀ ਜਨਮ ਗਵਾ ਲਿਆ ।

Digitized by Panjab Digital Library | www.panjabdigilib.org

**ਹਰਿਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥ ੧ ॥ ਰਹਾਉ ॥**

ਬਿਲੋਵਨਾ=ਰਿੜਕਣਾ। ਤਤ=ਸਚ, ਮੱਖਣ। ਹੇ ਮੇਰੇ ਭਾਈ! ਵਾਹਿਗੁਰੂ ਰੂਪ ਦਹੀਂ ਦਾ ਰਿਕੜਣਾ ਰਿੜਕੋ ਅਤੇ ਸਹਜੇ ੨ ਰਿੜਕੋ ਜਿਸ ਕਰਕੇ ਮੱਖਣ, ਮਤਲਬ ਨਾ ਜਾਂਦਾ ਰਹੇ।

**ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥ ਇਸੁ ਮਟੁਕੀ ਮਹਿ ਸਬਦੁ ਸੰਜੋਈ ॥ ੨ ॥**

ਬਿਲੋਈ=ਮਧਾਣੀ ॥ ਸੰਜੋਈ=ਮਿਲਾਵੋ ॥ ਸਰੀਰ ਰਪੀ ਮਟਕੀ ਕਰੋ ਅਤੇ ਮਨ ਵਿਚ ਵਾਹਿਗੁਰੂ ਦਾ ਨਾਮ ਪਾਵੋ, ਅਤੇ ਮਧਾਣੀ ਲੈਕੇ ਇਸ ਮਟਕੀ ਵਿਚ ਗੁਰਾਂ ਦਾ ਸ਼ਬਦ ਸਿੰਚਣਾ ਕਰੋ, ਭਾਵ ਦੇਹ ਰੂਪ ਮਟਕੀ ਦੇ ਕੰਨਾਂ ਰੂਪ ਛੇਕਾਂ ਵਿਚ ਨਾਮ ਸੁਣਾਵੋ।

**ਹਰਿਕਾ ਬਿਲੋਵਨਾ ਮਨ ਕਾ ਬੀਚਾਰਾ॥ਗੁਰਪ੍ਰਸਾਦਿ ਪਾਵੈ ਅੰਮ੍ਰਿਤਧਾਰਾ ॥ ੩ ॥**

ਵਾਹਿਗੁਰੂ ਦਾ ਰਿੜਕਣਾ ਏਹੋ ਹੀ ਹੈ ਜੋ ਮਨ ਦਾ ਵਿਚਾਰ ਕਰਨਾਂ ਹੈ, ਗੁਰਾਂ ਦੀ ਕਿਰਪਾ ਕਰਕੇ ਨਾਮ ਅੰਮ੍ਰਿਤ ਦੀ ਧਾਰਾ ਨੂੰ ਪਾ ਲੈਂਦਾਹੈ।

**ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥ ਰਾਮ ਨਾਮ ਲਗਿ ਉਤਰੇ ਤੀਰਾ ॥ ੪ ॥ ੧ ॥ ੧੦ ॥**

ਮੀਰਾ=ਪਾਤਸ਼ਾਹ। ਤੀਰਾ=ਕਿਨਾਰਾ ॥ ਕਬੀਰ ਜੀ ਕਹਿੰਦੇ ਹਨ ਜੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰੇ ਤਾਂ ਵਾਹਿਗੁਰੂ ਦੇ ਨਾਮ ਜਹਾਜ ਨਾਲ ਲੱਗਕੇ ਸੰਸਾਰ ਸਮੁੰਦ੍ਰ ਦੇ ਕਿਨਾਰੇ ਤੋਂ ਪਾਰ ਉੱਤਰ ਜਾਈਦਾ ਹੈ ॥

**ਆਸਾ ॥ ਬਾਤੀ ਸੂਕੀ ਤੇਲੁ ਨਿਖੂਟਾ ॥ ਮੰਦਲੁ ਨ ਬਾਜੈ ਨਟੁ ਪੈ ਸੂਤਾ ॥ ੧ ॥**

ਮੰਦਲੁ=ਢੋਲ।ਨਟ=ਮਦਾਰੀ ॥ ਸੰਸਾਰਕ ਬ੍ਰਿਤੀ ਰੂਪ ਵੱਟੀ ਸੁਕ ਗਈ ਕਿਉਂਕਿ ਮੋਹ ਰੂਪ ਤੇਲ ਜੋ ਨਿਖੁਟ ਗਿਆ ਅਤੇ ਦੇਹ ਰੂਪ ਮੰਦਰ ਵਿਚ ਢੋਲ ਨਹੀਂ ਵਜਦਾ, ਭਾਵ ਵਿਹਾਰਾਂ ਵਲ ਸਰੀਰ ਨਹੀਂ ਜਾਂਦਾ ਕਿਉਂਕਿ ਮਨ ਰੂਪ ਮਦਾਰੀ ਸਤਿਸੰਗ ਵਿਚ ਸ਼ਾਂਤੀ ਨੀਂਦ ਕਰਕੇ ਸੌਂ ਗਿਆ ਹੈ।

Digitized by Panjab Digital Library | www.panjabdigilib.org

ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥ ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥ ੧ ॥ਰਹਾਉ॥

ਤ੍ਰਿਸ਼ਨਾ ਰੂਪ ਅੱਗ ਬੁਝ ਗਈ, ਸੰਕਲਪ ਵਿਕਲਪ ਧੂੰਆਂ ਨਾ ਨਿਕਲਿਆ ਅਤੇ ਇਕੁਰ ਜਾਣਿਆਂ ਕਿ ਇਕ ਵਾਹਿਗੁਰੂ ਸਾਰਿਆਂ ਵਿਚ ਰਵ ਰਿਹਾ ਹੈ ਹੋਰ ਕੋਈ ਦੂਜਾ ਨਹੀਂ ॥

ਤੂਟੀ ਤੰਤੁ ਨ ਬਜੈ ਰਬਾਬੁ ॥ ਭੂਲਿ ਬਿਗਾਰਿਓ ਅਪਨਾ ਕਾਜੁ ॥ ੨ ॥

ਤੰਤੁ=ਤਾਰ ॥ ਵਾਸ਼ਨਾਂ ਰੂਪ ਤਾਰਾਂ ਟੁਟ ਗਈਆਂ ਹਨ ਅਤੇ ਦੇਹ ਅਧਜਾਸ ਰੂਪ ਰਬਾਬ ਨਾ ਵੱਜਿਆ, ਵਾ ਹੰਕਾਰ ਨਾ ਹੋਯਾ ਅਤੇ ਜੇਹੜਾ ਹੰਕਾਰ ਨਾਲ ਮਿਲਕੇ ਆਪਣਾ ਕਾਰਜ ਮੁਕਤੀ ਰੂਪ ਭੁਲਕੇ ਵਿਗਾੜਿਆ ਹੋਯਾ ਸੀ ਸੋ ਸਵਾਰ ਲਿਆ ।

ਕਥਨੀ ਬਦਨੀ ਕਹਨੁ ਕਹਾਵਨੁ ॥ ਸਮਝਿ ਪਰੀ ਤਉ ਬਿਸਰਿਓ ਗਾਵਨੁ ॥ ੩ ॥

ਕਥਾ, ਕਵਿਤਾ, ਕਹਿਣਾ, ਕਹੌਣਾ, ਗੌਣਾ, ਜਦ ਵਾਹਿਗੁਰੂ ਦੀ ਸਮਝ ਪਈ ਤਾਂ ਸਭ ਭੁਲ ਗਿਆ ।

ਕਹਤ ਕਬੀਰ ਪੰਚ ਜੋ ਚੂਰੇ ॥ ਤਿਨ੍ ਤੇ ਨਾਹਿ ਪਰਮ ਪਦੁ ਦੂਰੇ ॥ ੪ ॥ ੨ ॥ ੧੧ ॥

ਚੂਰੇ=ਚੂਰਨ ਕਰੇ । ਕਬੀਰ ਜੀ ਕਹਿੰਦੇ ਹਨ, ਜੇਹੜਾ ਪੰਜਾਂ ਕਾਮਾਦਿਕਾਂ ਨੂੰ ਚੂਰਨ ਕਰੇ ਤਿਸਤੋਂ ਪਰਮਪਦ ਵਾਹਿਗੁਰੂ ਦੂਰ ਨਹੀਂ ਹੈ ।

ਆਸਾ ॥ ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥ ੧

"ਬੇਨਤੀ"

ਜਨਨੀ=ਮਾਤਾ । ਪੁਤ੍ਰ ਜਿਤਨੇ ਅਪਰਾਧ ਕਰਦਾ ਹੈ ਤਿਤਨੇ ਮਾਂ ਚਿਤ ਨਹੀਂ ਰਖਦੀ ।

ਰਮਈਆ ਹਉ ਬਾਰਿਕੁ ਤੇਰਾ ॥ ਕਾਹੇ ਨ ਖੰਡਸਿ ਅਵਗਨੁ ਮੇਰਾ ॥ ੧ ॥ ਰਹਾਉ ॥

ਖੰਡਸਿ=ਨਾਸ । ਹੇ ਵਾਹਿਗੁਰੂ ਮੈਂ ਤੇਰਾ ਬਾਲਕ ਹਾਂ, ਮੇਰੇ

Digitized by Panjab Digital Library | www.panjabdigilib.org

ਔਗਣਾਂ ਨੂੰ ਦੂਰ ਕਿਉਂ ਨਹੀਂ ਕਰਦਾ ?

**ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥ ਤਾ ਭੀ ਚੀਤਿ ਨ ਰਾਖਸਿ ਮਾਇਆ ॥ ੨ ॥**

ਜੇ ਅਤਿਅੰਤ ਕਰੋਧ ਕਰਕੇ, ਦੌੜਕੇ ਬਾਲਕ ਕੁਝ ਕੰਮ ਵਿਗਾੜ ਦੇਂਦਾ ਹੈ ਤਾਂ ਫਿਰ ਵੀ ਮਾਂ ਚਿੱਤ ਵਿਚ ਨਹੀਂ ਰਖਦੀ ।

**ਚਿੰਤ ਭਵਨਿ ਮਨੁ ਪਰਿਓ ਹਮਾਰਾ ॥ ਨਾਮ ਬਿਨਾ ਕੈਸੇ ਉਤਰਸਿ ਪਾਰਾ ॥ ੩ ॥**

ਭਵਨ=ਘਰ । ਦਰੀਆ ਦੀ ਘੁੰਮਣ ਘੇਰੀ ਚਿੰਤਾ ਰੂਪ ਘਰ ਵਿਚ ਮੇਰਾ ਮਨ ਪਿਆ ਹੋਇਆ ਹੈ, ਤੇਰੇ ਨਾਮ ਤੋਂ ਬਿਨਾਂ ਕਿੱਕੁਰ ਪਾਰ ਉਤਰਾਂਗਾ ?

**ਦੇਹਿ ਬਿਮਲ ਮਤਿ ਸਦਾ ਸਰੀਰਾ ॥ ਸਹਜਿ ਸਹਜਿ ਗੁਨ ਰਵੈ ਕਬੀਰਾ ॥ ੪ ॥ ੩ ॥ ੧੨ ॥**

ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ! ਮੈਨੂੰ ਨਿਰਮਲ ਅਕਲ ਸਰੀਰ ਵਿਚ ਸਦਾ ਹੀ ਦੇਹ ਜਿਸ ਕਰਕੇ ਤੇਰੇ ਸਹਿਜੇ ਸਹਿਜੇ ਗੁਣ ਉਚਾਰਨ ਕਰਾਂ । "ਉਪਦੇਸ਼"

**ਆਸਾ ॥ ਹਜ ਹਮਾਰੀ ਗੋਮਤੀ ਤੀਰ ॥ ਜਹਾ ਬਸਹਿ ਪੀਤੰਬਰ ਪੀਰ ॥ ੧ ॥ ਰਹਾਉ ॥**

ਗੋਮਤੀ=ਨਦੀ । ਤੀਰ=ਪਾਸ । ਪੀਤੰਬਰ=ਪੀਲਾ ਕੱਪੜਾ । ਹਮਾਰੀ ਹੱਜ ਇਸ ਨਦੀ ਪਾਸ ਹੀ ਹੈ, ਭਾਵ ਘਰ ਵਿਚ ਹੀ ਸੁਖ ਹੈ ਜਿਸ ਰਿਦੇ ਰੂਪ ਘਰ ਵਿਚ ਪੀਰ ਵਾਹਿਗੁਰੂ ਸਾਰਿਆਂ ਦਾ ਵੱਡਾ ਵੱਸ ਰਿਹਾ ਹੈ ।

**ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥ ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥ ੧ ॥ ਰਹਾਉ ॥**

ਵਾਹੁ ਵਾਹੁ ਕਿਆ ਸੋਹਣਾ ਗਾਉਂਦਾ ਹੈ, ਵਾਹਿਗੁਰੂ ਦਾ ਨਾਮ ਮੇਰੇ ਮਨ ਨੂੰ ਭਾਉਂਦਾ ਹੈ ।

**ਨਾਰਦ ਸਾਰਦ ਕਰਹਿ ਖਵਾਸੀ ॥ ਪਾਸਿ ਬੈਠੀ ਬੀਬੀ ਕਵਲਾ ਦਾਸੀ ॥ ੨ ॥**

ਸਾਰਦਾ=ਦੇਵੀ, ਬ੍ਰਹਮਾ । ਖਵਾਸੀ=ਚੌਰੀ ਬਰਦਾਰ । ਕਵਲਾ=

Digitized by Panjab Digital Library | www.panjabdigilib.org

ਲਖਮੀ। ਨਾਰਦ ਸਾਰਦ ਚੌਰੀ ਕਰਦੇ ਹਨ, ਪਾਸ ਬੀਬੀ ਲਖਮੀ ਦਾਸੀ ਬੈਠੀ ਹੋਈ ਹੈ।

**ਕੰਠੇ ਮਾਲਾ ਜਿਹਵਾ ਰਾਮੁ ॥ ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥ ੨ ॥**

ਸਹੰਸ=ਹਜ਼ਾਰ। ਮੇਰੇ ਗਲ ਵਿਚ ਮਾਲਾ ਏਹੋ ਹੀ ਹੈ ਜੋ ਰਸਨਾ ਤੇ ਵਾਹਿਗੁਰੂ ਵਾਹਿਗੁਰੂ ਨਾਮ ਹਜ਼ਾਰਾਂ ਹੀ ਵਾਰ ਲੈ ਲੈਕੇ ਵਾਹਿਗੁਰੂ ਨੂੰ ਸਲਾਮ ਕਰਦਾ ਹਾਂ।

**ਕਹਤ ਕਬੀਰ ਰਾਮ ਗੁਨ ਗਾਵਉ ॥ ਹਿੰਦੂ ਤੁਰਕ ਦੋਉ ਸਮਝਾਵਉ ॥ ੪ ॥ ੪ ॥ ੧੩ ॥**

ਕਬੀਰ ਜੀ ਕਹਿੰਦੇ ਹਨ, ਮੈਂ ਵਾਹਿਗੁਰੂ ਦੇ ਗੁਣ ਗੌਂਦਾ ਹਾਂ ਅਤੇ ਹਿੰਦੂ ਤੁਰਕ ਦੋਹਾਂ ਨੂੰ ਸਮਝੌਂਦਾ ਹਾਂ।

## ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ

## ੧ ਓ ਸਤਿਗੁਰਪ੍ਰਸਾਦਿ ॥

**ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥ ੧ ॥**

"ਪੱਥਰ ਪੂਜ ਬ੍ਰਾਹਮਣ ਰੂਪ ਮਾਲਣ ਨੂੰ ਅੰਨਯੋਕਤੀ ਉਪਦੇਸ਼"

ਪਾਹਨ=ਪੱਥਰ। ਨਿਰਜੀਉ=ਮੋਇਆ ਹੋਯਾ। ਹੇ ਮਾਲਣੀ! ਤੂੰ ਜੋ ਪੱਤੇ ਤੋੜਦੀ ਹੈਂ ਪੱਤਿਆਂ ਪੱਤਿਆਂ ਵਿੱਚ ਜੀ ਹੈ, ਜਿਸ ਪੱਥਰ ਵਾਸਤੇ ਤੂੰ ਪੱਤੇ ਤੋੜਦੀ ਹੈਂ ਸੋ ਪੱਥਰ ਜੜ੍ਹ ਹੈ।

**ਭੂਲੀ ਮਾਲਿਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥ ੧ ॥ ਰਹਾਉ ॥**

(ਸੱਚ ਹੈ ਏਹੁ ਮਾਲਣਿ ਭੁਲੀ ਹੋਈ ਹੈ) ਅਤੇ ਸਤਿਗੁਰ ਦੇਵ ਜਾਗਦਾ ਹੈ, ਭਾਵ ਪੱਥਰਾਂ ਨੂੰ ਛੱਡਕੇ ਹੇ ਪੰਡਤ ਵਾਹਿਗੁਰੂ ਦਾ ਨਾਮ ਜਪ।

**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ ॥ ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥ ੨ ॥**

Digitized by Panjab Digital Library | www.panjabdigilib.org

ਬ੍ਰਹਮਾ ਪਤ੍ਰ ਹੈ, ਬਿਸ਼ਨ ਡਾਲੀ ਹੈ, ਸ਼ੰਕਰ ਦੇਵ ਫੁੱਲ ਹੈ, ਤਿੰਨ ਦੇਵਤੇ ਤੂੰ ਪਰਤੱਖ ਹੀ ਤੋੜਦੀ ਹੈਂ ਅਤੇ ਸੇਵਾ ਕਿਸਦੀ ਕਰੇਂਗੀ ਵਾ ਕਰਨੀ ਹੈਂ ?

**ਪਾਖਾਨ ਗਢਿਕੈ ਮੂਰਤਿ ਕੀਨ੍ਹੀ ਦੇਕੈ ਛਾਤੀ ਪਾਉ ॥ ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣ ਹਾਰੇ ਖਾਉ ॥ ੩ ॥**

ਗਢਿਕੈ=ਗੱਡਕੇ ਵਾ ਘੜਕੇ। ਪੱਥਰ ਗੱਡਕੇ ਅਤੇ ਛਾਤੀ ਤੇ ਪੈਰ ਰਖਕੇ ਕਾਰੀਗਰ ਨੇ ਮੂਰਤ ਘੜਕੇ ਤਿਆਰ ਕੀਤੀ ਜੇ ਇਹ ਮੂਰਤਿ ਸੱਚੀ ਹੈ ਤਾਂ ਘੜਨ ਵਾਲੇ ਨੂੰ ਖਾਵੇ।

**ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥ ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖਿ ਛਾਰੁ ॥ ੪ ॥**

ਭਾਤੁ=ਭਤ ਚੌਲ। ਪਹਿਤਿ=ਦਾਲ। ਲਾਪਸੀ=ਮਿਠੀ ਕੜ੍ਹੀ। ਕਰਕਰਾ=ਖਰੜਾ। ਕਾਸਾਰੁ=ਮਣੁੰਡੇ, ਪੰਜੀਰੀ ਦੇ ਲੱਡੂ। ਭਤ, ਚੌਲ ਅਤੇ ਲੱਸੀ ਕਰਕਰਾ ਕਸਾਰ ਖਾਣ ਵਾਲੇ ਨੇ ਖਾਧਾ ਅਤੇ ਇਸ ਮੂਰਤਿ ਦੇ ਮੂੰਹ ਵਿਚ ਸੁਆਹੁ।

**ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥ ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥ ੫ ॥ ੧ ॥੧੪ ॥**

ਮਾਲਣੀ ਵੀ ਭੁਲੀ, ਜੱਗ ਵੀ ਭੁੱਲਾ ਅਸੀ ਨਾ ਭੁਲੇ। ਕਬੀਰ ਜੀ ਕਹਿੰਦੇ ਹਨ, ਸਾਨੂੰ ਵਾਹਿਗੁਰੂ ਹਰਿ ਰਾਇ ਨੇ ਕਿਰਪਾ ਕਰਕੇ ਰਖਲਿਆ।

**ਆਸਾ ॥ ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ ॥ ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ ॥ ੧ ॥**

ਬਾਰਾਂ ਵਰ੍ਹੇ ਬਾਲਪਣੇ ਵਿੱਚ ਬੀਤ ਗਏ ਅਤੇ ਵੀਹਾਂ ਵਰਿਆਂ ਦੇ ਹੋਕੇ ਵੀ ਕੁਝ ਤਪ ਨਾ ਕੀਤਾ। ਦੇਵ=ਪ੍ਰਕਾਸ਼ਕ। ਤੀਹਾਂ ਵਰ੍ਹਿਆਂ ਦੇ ਹੋਕੇ ਵੀ ਵਾਹਿਗੁਰੂ ਦੀ ਪੂਜਾ ਨਾ ਕੀਤੀ, ਫਿਰ ਅਫਸੋਸ ਕਰਨ ਲਗਾ ਜਦ ਬੁੱਢਾ ਹੋਗਿਆ।

**ਮੇਰੀ ਮੇਰੀ ਕਰਤੇ ਜਨਮੁ ਗਇਓ॥ਸਾਇਰੁ ਸੋਖਿ ਭੁਜੰਬ**

Digitized by Panjab Digital Library | www.panjabdigilib.org

## ਲਇਓ ॥ ੧ ॥ ਰਹਾਉ ॥

ਸਾਇਰੁ=ਸਮੁੰਦਰ। ਭੁਜੰਬ ਲਇਓ=ਬਾਹਾਂ ਦਾ ਬਲ ਓਹੁ। ਮੇਰੀ ਮੇਰ ਕਰਦਿਆਂ ਜਨਮ ਗੁਜਰ ਗਿਆ ਉਸ ਬਾਹਵਾਂ ਦੇ ਬਲ ਰੂਪ ਸਮੁੰਦਰ ਨੂੰ ਬੁਢੇਪੇ ਰੂਪ ਅਗਸਤ ਮੁਨੀ ਨੇ ਸੁਕਾ ਲਿਆ।

## ਸੂਕੇ ਸਰਵਰਿ ਪਾਲ ਬੰਧਾਵੈ ਲੂਣੇ ਖੇਤਿ ਹਥ ਵਾਰਿ ਕਰੈ ॥ ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ ॥ ੨ ॥

ਸਰਵਰਿ=ਤਾਲ। ਪਾਲਿ=ਵਟ। ਲੂਣੇ=ਵੱਢੇ ਹੋਏ। ਜਿੱਕੁਰ ਕੋਈ ਆਦਮੀ ਸੁੱਕੇ ਹੋਏ ਤਾਲ ਨੂੰ ਪਾਣੀ ਵਾਸਤੇ ਵੱਟ ਬੰਨੇ ਅਤੇ ਵਡੇ ਹੋਏ ਖੇਤ ਨੂੰ ਹੱਥਾਂ ਨਾਲ ਵਾੜ ਕਰੇ, ਇੱਕੁਰ ਹੀ ਬੁਢ੍ਹੇਪੇ ਵਿੱਚ ਭਜਨ ਕੀ ਹੈ। ਮੇਰੀ ਮੇਰੀ ਕਰਕੇ ਮੂਰਖ ਦੇਹ ਵਾ ਦੌਲਤ ਨੂੰ ਰਖਦਾ ਸੀ ਜਮ ਰੂਪ ਚੋਰ ਆਨਕੇ ਛੇਤੀ ਹੀ ਲੈ ਗਿਆ।

## ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ ॥ ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ ॥

ਕਰ=ਹੱਥ। ਅਸਾਰ=ਬਹੁਤ। ਬਹੈ=ਵਗੇ। ਨੀਰ=ਪਾਣੀ। ਚਰਨ, ਸਿਰ, ਹੱਥ ਕੰਬਣ ਲਗੇ ਅਤੇ ਨੇਤ੍ਰਾਂ ਤੋਂ ਬਾਹਲਾ ਜਲ ਵਗਣ ਲੱਗਾ। ਜਦ ਰਸਨਾ ਕਰਕੇ ਸੁੱਧ ਬਚਨ ਨਹੀਂ ਨਿਕਲੇਗਾ ਤਦ ਧਰਮ ਦੀ ਆਸ ਕਰੇਗਾ। (ਵੇਖੋ ਸੋਰਠ ਵਿਚੋਂ ਭੀਖਮ ਜੀ ਦਾ ਸ਼ਬਦ)

## ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ ਨਾਮੁ ਲੀਓ ॥ ਗੁਰਪਰਸਾਦੀ ਹਰਿ ਧਨੁ ਪਾਇਓ ਅੰਤੇ ਚਲਦਿਆ ਨਾਲਿ ਚਲਿਓ ॥ ੪ ॥

ਜਿਸਤੇ ਵਾਹਿਗੁਰੂ ਕਿਰਪਾ ਕਰਦਾ ਹੈ ਓਹੋ ਹੀ ਨਾਮ ਵਿੱਚ ਬ੍ਰਿਤੀ ਲਾਉਂਦਾ ਹੈ ਅਤੇ ਹਰਿ ਹਰਿ ਨਾਮ ਦਾ ਲਾਭ ਲੈਂਦਾ ਹੈ। ਗੁਰਾਂ ਦੀ ਕਿਰਪਾ ਕਰਕੇ ਵਾਹਿਗੁਰੂ ਰੂਪ ਧਨ ਪਾਇਆ ਹੈ ਅਤੇ ਅੰਤ ਨੂੰ ਚਲਦਿਆਂ ਦੇ ਨਾਲ ਚਲਿਆ ਹੈ।

## ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ

Digitized by Panjab Digital Library | www.panjabdigilib.org

**ਗਇਓ ॥ ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥ ੫ ॥ ੨ ॥ ੧੫ ॥**

ਅਨੁ=ਹੋਰ ਵਾ ਅੰਨ ॥ ਹੇ ਸੰਤੋ ! ਕਬੀਰ ਜੀ ਕਹਿੰਦੇ ਹਨ ਅੰਨ ਧਨ ਜੀਵ ਹੋਰ ਅੰਤ ਨੂੰ ਕੁਝ ਨਹੀਂ ਲੈ ਜਾਂਦਾ ਵਾ ਨਾਮ ਧਨ ਤੇ ਬਿਨਾਂ ਕੁਝ ਨਹੀਂ ਜਾਂਦਾ । ਤਲਬ=ਬੁਲਾਵਾ । ਜਦ ਵਾਹਿਗੁਰੂ ਪ੍ਰਕਾਸ਼ਕ ਦੀ ਤਲਬ ਆਈ ਤਾਂ ਮਾਇਆ ਮੰਦਰ ਸਭ ਛਡਕੇ ਚਲਿਆ ਗਿਆ ।

**ਆਸਾ ॥ ਕਾਹੂ ਦੀਨੑੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥ ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥ ੧ ॥**

"ਸੰਤੋਖ"

ਪਾਟ=ਬਸਤ੍ਰ । ਪਟੰਬਰ=ਰੇਸ਼ਮੀ ਬਸਤ੍ਰ । ਹੇ ਵਾਹਿਗੁਰੂ ! ਕਿਸੇ ਨੂੰ ਤੂੰ ਰੇਸ਼ਮੀ ਬਸਤ੍ਰ ਦਿਤੇ ਹਨ ਅਤੇ ਕਿਸੇ ਨੂੰ ਨਵਾਰ ਦੇ ਪਲੰਘ । ਗਰੀ=ਗਲੀ ਹੋਈ । ਖਾਨ=ਖਾਣਾ ਵਾ ਖਾਨਾ । ਪਰਾਰਾ=ਪਰਾਲੀ ਵਾ ਆਟੇ ਦਾ ਛਾਣ ਵਾ ਪਰਾਏ ਆਸਰੇ । ਕਿਸੇ ਨੂੰ ਫਟੀ ਹੋਈ ਗੋਦੜੀ ਵੀ ਨਹੀਂ ਅਤੇ ਕਿਸੇ ਨੂੰ ਖਾਨ ਪਰਾਰਾ ।

**ਅਹਿਰਖਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥ ੧ ॥ ਰਹਾਉ ॥**

ਅਹਿਰਖਵਾਦੁ=ਈਰਖਾ, ਝਗੜਾ । ਸੁਕ੍ਰਿਤੁ=ਪੁੰਨ । , ਹੇ ਮਨ ਈਰਖਾ ਝਗੜਾ ਨਾ ਕਰ, ਹੇ ਮਨ ਪੁੰਨ ਕਰਕੇ ਲੈ ।

**ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥ ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥ ੨ ॥**

ਬਾਨੀ=ਰੰਗਤ । ਗੂੰਧੀ=ਗੁੱਧੀ । ਮੁਕਤਾਹਲ=ਵੱਡੇ ਮੋਤੀ । ਬ੍ਰਹਮਾ ਰੂਪ ਘੁਮਿਆਰ ਨੇ ਇਕੋ ਹੀ ਤਰਾਂ ਦੀ ਪੰਜਾਂ ਤੱਤਾਂ ਕਰਕੇ ਜੀਵਾਂ ਰੂਪ ਮਿੱਟੀ ਗੁੱਧੀ ਹੈ ਅਤੇ ਬਹੁਤ ਤਰਾਂ ਦੀ ਰੰਗਤ ਲਾ ਦਿੱਤੀ ਹੈ, ਭਾਵ ਕੋਈ ਰਾਜਾ ਕੋਈ ਰੰਕ ਕਿਸੇ ਵਿੱਚ ਛੋਟੇ ਵੱਡੇ ਗੁਣਾਂ ਰੂਪ ਮੋਤੀ ਪਾਏ ਹਨ (ਵਾ ਮੁਕਤ ਪ) ਅਤੇ ਕਿਸੇ ਨੂੰ ਚੋਰੀ ਰੂਪ ਬਿਆਧੀ ਲਾ ਦਿੱਤੀ ਹੈ (ਵਾ ਚੁਰਾਸੀ ਰੂਪ)।

Digitized by Panjab Digital Library | www.panjabdigilib.org

**ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥ ੩ ॥**

ਧਨੁ=ਸ੍ਵਾਸ ਰੂਪ। ਸ਼ੂਮ ਨੂੰ ਧਨ ਰੱਖਣ ਵਾਸਤੇ ਦਿੱਤਾ ਹੈ ਅਤੇ ਮੂਰਖ ਕਹਿੰਦਾ ਹੈ ਧਨ ਹੀ ਮੇਰਾ ਹੈ। ਡੰਡੁ=ਡੰਡਾ। ਮੂੰਡ=ਸਿਰ। ਉਸ ਸਰੀਰ ਰੂਪ ਭਾਂਡੇ ਦੇ ਸਿਰ ਵਿੱਚ ਜਦ ਜਮ ਦਾ ਡੰਡਾ ਲਗਦਾ ਹੈ ਤਾਂ ਛਿਨ ਵਿੱਚ ਨਿਬੇੜਾ ਕਰ ਦੇਂਦਾ ਹੈ।

**ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥ ਜੋ ਤਿਸੁ ਭਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥ ੪ ॥**

ਵਾਹਿਗੁਰੂ ਦੇ ਦਾਸ ਉਤਮ ਭਗਤ ਸਦੌਂਦੇ ਹਨ ਅਤੇ ਆਗਿਆ ਮੰਨਕੇ ਸੁਖ ਪਦਵੀ ਪਾਉਂਦੇ ਹਨ ਜੇ ਤਿਸਨੂੰ ਭਾਉਂਦਾ ਹੈ ਸੋ ਸੱਚ ਕਰਕੇ ਮੰਨਦੇ ਹਨ ਅਤੇ ਭਾਣਾ ਮਨ ਵਿੱਚ ਵਸੌਂਦੇ ਹਨ।

**ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ ॥ ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ ॥੫॥ ੩ ॥ ੧੬ ॥**

ਚਿਰਗਟ=ਪਿੰਜਰਾ। ਚਟਾਰਾ=ਚਿੜਾ ਵਾ ਤੋਤਾ। ਤਰੀਤਾਗੜੀ=ਪਾਣੀ ਚੋਗੇ ਵਾਲੀ ਕੁੱਜੀ ਠੂਠੀ ਵਾ ਤਣੀਆਂ ਹੋਈਆਂ ਤਣੀਆਂ। ਕਬੀਰ ਜੀ ਕਹਿੰਦੇ ਹਨ ਹੇ ਸੰਤੋ। ਸੁਣੋ ਮੇਰੀ ਮੇਰੀ ਕਰਨੀ ਝੂਠੀ ਹੈ, ਦੇਹ ਰੂਪ ਪਿੰਜਰੇ ਨੂੰ ਪਾੜਕੇ ਜੀਵ ਰੂਪ ਚਿੜੇ ਨੂੰ ਜਮ ਰੂਪ ਬਿੱਲਾ ਲੈ ਗਿਆ ਅਤੇ ਚੋਗੇ ਵਾਲੀ ਕੁੱਜੀ ਠੂਠੀ ਛੁੱਟ ਗਈ।

**ਆਸਾ ॥ ਹਮ ਮਸਕੀਨ ਖੁਦਾਈ ਬੰਦੇ ਤੁਮਰਾ*ਜਸੁ ਮਨਿ ਭਾਵੈ ॥ ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ ॥ ੧ ॥**

*ਤੁਮ, ਰਾਜਸੁ=ਤੁਸੀ ਗੁਸੇ ਵਾਲੇ ਅਤੇ ਅਸੀ ਗਰੀਬ ਖੁਦਾ ਦੇ ਬੰਦੇ, ਇਕੁਰ ਵੀ ਅਰਥ ਕਰਦੇ ਹਨ।

Digitized by Panjab Digital Library | www.panjabdigilib.org

ਕਾਜੀ ਬੋਲਿਆ ਬਨਿ ਨਹੀ ਆਵੈ ॥ ੧ ॥ ਰਹਾਉ ॥

"ਉਪਦੇਸ਼"

ਅਸੀਂ ਗਰੀਬ, ਖੁਦਾ ਦੇ ਬੰਦੇ ਹਾਂ ਅਤੇ ਹੇ ਵਾਹਿਗੁਰੂ ਤੇਰਾ ਜੱਸ ਹੀ ਸਾਡੇ ਮਨ ਵਿੱਚ ਭਾਉਂਦਾ ਹੈ, ਪਹਿਲੇ ਤੋਂ ਜੇਹੜਾ ਵਾਹਿਗੁਰੂ ਹੈ ਓਹ ਸਾਰਿਆਂ ਦੀਨਾਂ ਦਾ ਸਾਹਿਬ ਹੈ ਅਤੇ ਜ਼ੋਰ ਕਰਨਾ ਕਿਸੇ ਤੇ ਨਹੀਂ ਫੁਰਮਾਉਂਦਾ। ਹੇ ਕਾਜੀ ! ਤੇਰੇ ਨਾਲ ਸਾਡਾ ਬੋਲਿਆ ਨਹੀਂ ਬਣ ਔਂਦਾ (ਵਾ ਬੋਲਣਾ ਨਹੀਂ ਬਣਿਆਂ)।

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥ ਸਤਰਿ ਕਾਬਾ ਘਟਹੀ ਭੀਤਰਿ ਜੇ ਕਰਿ ਜਾਨੈ ਕੋਈ॥੨॥

ਸਤਰਿ=੭੦, ਲੁਕਿਆ, ਸਚ, ਨਿਸਚਾ। ਹੇ ਕਾਜੀ ! ਰੋਜੇ ਰਖਦੇ ਹੋ ਨਿਮਾਜ ਪੜ੍ਹਦੇ ਹੋ ਇਤਿਆਦਿਕ ਕਲਮੇ ਕਰਨੇ ਤੇ ਬਹਿਸ਼ਤ ਨਹੀਂ ਪ੍ਰਾਪਤ ਹੁੰਦਾ। ਸੱਤਰ ਵੇਰੀ ਕਾਬੇ ਜਾਣ ਦਾ ਮਹਾਤਮ ਰਿਦੇ ਦੇ ਅੰਦਰ ਹੀ ਹੈ, ਭਾਵ ਵਾਹਿਗੁਰੂ ਅੰਦਰ ਹੀ ਹੈ ਪਰ ਜੇਕਰ ਕੋਈ ਜਾਣੇ।

ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥ ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥ ੩ ॥

ਅਕਲਹਿ=ਕਲੇਸ਼ਾਂ ਤੋਂ ਬਿਨਾ ਵਾਹਿਗੁਰੂ ਵਾ ਅਕਲ। ਮੁਸਿ=ਲੁਟਕੇ। ਨਿਮਾਜ ਓਹੀ ਹੈ ਜੋ ਨਿਆਉਂ ਕਰਨਾ ਹੈ ਅਤੇ ਕਲਮਾ ਸੋਈ ਹੈ ਜੋ ਦੁਖਾਂ ਤੋਂ ਰਹਿਤ ਵਾਹਿਗੁਰੂ ਨੂੰ ਅਕਲ ਕਰਕੇ ਜਾਨਣਾ ਹੈ ਪੰਜਾਂ ਕਾਮਾਦਿਕਾਂ ਨੂੰ ਲੁਟੇ ਸੋ ਏਹੋ ਹੀ ਮੁਸੱਲਾ ਆਸਣ ਵਿਛਾਵੇ ਤਾਂ ਠੀਕ ਦੀਨ ਪਛਾਣ ਸਕਦਾਹੈ।

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥ ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥ ੪ ॥

ਮਣੀ=ਮਣੌਤਾ। ਵਾਹਿਗੁਰੂ ਨੂੰ ਪਛਾਣ, ਜੀਅ ਵਿੱਚ ਤਰਸ ਕਰ ਮਮਤਾ ਨੂੰ ਮਾਰਕੇ ਫੀਕੀ ਕਰ ਆਪ ਵਾਹਿਗੁਰੂ ਨੂੰ ਜਾਣੇ ਅਤੇ ਹੋਰਨਾਂ ਨੂੰ ਜਣਾਵੇ ਤਾਂ ਭਿਸ਼ਤ ਦਾ ਸ਼ਰੀਕੀ ਹੋਵੇ।

ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ॥

Digitized by Panjab Digital Library | www.panjabdigilib.org

**ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ ॥ ੫ ॥ ੪ ॥ ੧੭ ॥**

ਇਕ ਮਿੱਟੀ ਨੇ ਬਹੁਤ ਤਰਾਂ ਦਾ ਭੇਖ ਧਾਰਿਆ ਹੋਯਾਹੈ ਉਸ ਵਿੱਚ ਮੈਂ ਵਾਹਿਗੁਰੂ ਨੂੰ ਜਾਣਿਆ ਹੈ (ਵਾ ਤੂੰ ਜਾਣ) ਕਬੀਰ ਜੀ ਕਹਿੰਦੇ ਹਨ ਹੇ ਕਾਜੀ! ਤੂੰ ਭਿਸਤ ਨੂੰ ਛਡ ਦਿਤਾ ਹੈ ਅਤੇ ਦੋਜਕ ਨਾਲ ਤੇਰਾ ਮਨ ਮੰਨਿਆਂ ਹੈ।

**ਆਸਾ ॥ ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ ਪਾਰਬ੍ਰਹਮ ਪਰਮੇਸਰ ਮਾਧੋ ਪਰਮ ਹੰਸੁ ਲੇ ਸਿਧਾਨਾ ॥ ੧ ॥**

"ਜੋਗੀ ਪ੍ਰਥਾਇ"

ਗਗਨ=ਅਕਾਸ। ਨਾਦ=ਸਬਦ। ਮਾਧੋ=ਲੱਖਮੀ ਦਾ ਪਤੀ। ਹੰਸ=ਜੀਵ ਆਤਮਾਂ। ਸਿਧਾਨਾ=ਗਿਆ। ਅਕਾਸ ਰੂਪ ਦਸਵੇਂ ਦੁਆਰ ਪਿੰਡ ਵਿਚੋਂ ਇਕ ਬੂੰਦ ਪਾਣੀ ਦੀ ਵੀ ਨਹੀਂ ਵਰ੍ਹਦੀ, ਭਾਵ ਜੇਹੜਾ ਓਥੇ ਸ੍ਵਾਸਾਂ ਨੂੰ ਰੋਕਕੇ ਅਨੰਦ ਲੈਂਦਾ ਸੀ ਉਹ ਦੂਰ ਹੋਗਿਆ, ਉਹ ਜੇਹੜਾ ਅਗੇ ਬੋਲਦਾ ਸੀ ਉਹ ਬੋਲ ਹੀ ਕਿਥੇ ਜਾ ਸਮਾਯਾ, ਪਰਮੇਸ਼ਰ ਮਾਧੋ ਪਾਰਬ੍ਰਹਮ ਵਾਹਿਗੁਰੂ ਵਿੱਚ ਪਰਮ ਹੰਸ ਜੋਗੀ ਆਪਨੇ ਜੀਵ ਆਤਮਾ ਨੂੰ ਲੈਕੇ ਚਲਿਆ ਗਿਆ।

**ਬਾਬਾ ਬੋਲਤੇ ਤੇ ਕਹਾ ਗਏ॥ ਦੇਹੀ ਕੇ ਸੰਗਿ ਰਹਤੇ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥ ੧ ॥ ਰਹਾਉ ॥**

ਹੇ ਭਾਈ! ਜੋ ਜੋਗੀ ਹੋਰੀ ਬੋਲਦੇ ਹੁੰਦੇ ਸੀ, ਹੁਣ ਕਿਥੇ ਚਲੇ ਗਏ? ਇਸ ਦੇਹ ਦੇ ਨਾਲ ਰਹਿੰਦੇ ਸੀ। ਆਪਣੀ ਸੁਰਤੀ ਵਿੱਚ ਨਿਰਤਕਾਰੀ ਕਰਦੇ ਸੀ ਅਤੇ ਕਥਾ ਬਾਰਤਾ ਕਹਿੰਦੇ ਸੀ।

**ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨਾ॥ ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨਾ॥ ੨ ॥**

ਇਸ ਕਿੰਗ ਨੂੰ ਮਨ ਰੂਪ ਜੋਗੀ ਵਜੌਣ ਵਾਲਾ ਕਿਥੇ ਚਲਿਆ ਗਿਆ ਜਿਸਨੇ ਇਹ ਪਰਤੱਖ (ਵਾ ਸਰੀਰ ਰੂਪ) ਮੰਦਰ ਬਨਾਇਆ

Digitized by Panjab Digital Library | www.panjabdigilib.org

ਹੋਯਾ ਸੀ । ਜਦ ਕਾਲ ਨੇ ਪ੍ਰਾਣਾਂ ਰੂਪ ਤੇਜ ਸਾਰਾ ਖਿਚ ਲਿਆ ਤਾਂ (ਸਾਖੀ) ਪ੍ਰਗਟ ਹੀ ਸਬਦ ਜੇਹੜੇ ਸੁਰਤੀ ਨਾਲ ਕਰਦਾ ਸੀ ਓਹ ਨਹੀਂ ਉਪਜਦੇ ।

**ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥ ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥ ੩ ॥**

ਸ੍ਰਵਨ=ਕੰਨ । ਕਰ=ਹੱਥ । ਹੇ ਜੋਗੀ ! ਜੋ ਤੇਰੇ ਸਰੀਰ ਨਾਲ ਕੰਨ ਸੀ ਸੋ ਵੀ ਬਿਆਕੁਲ ਹੋ ਗਏ ਅਤੇ ਇੰਦ੍ਰੀਆਂ ਦਾ ਬਲ ਵੀ ਥਕ ਗਿਆ, ਪੈਰ ਵੀ ਤੁਰਨੋਂ ਰੈਹ ਚੁਕੇ, ਹਥ ਵੀ ਢਲਕ ਪਏ, ਮੁਖੋਂ ਗੱਲ ਨਹੀਂ ਨਿਕਲਦੀ ।

**ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥ ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿਰਮਤੇ॥੪॥**

ਤਸਕਰ=ਚੋਰ । ਕੁੰਚਰ=ਹਾਥੀ । ਉਰੁ=ਰਿਦਾ । ਰਮਤੇ=ਫਿਰਦੇ । ਪੰਜ ਕਾਮਾਦਿਕ ਚੋਰ ਚੁਗਲ ਖੋਰ ਵੀ ਥਕ ਗਏ ਜੇਹੜੇ ਸਾਰੇ ਆਪ ਹੀ ਆਪਣੇ ਆਪ ਵਿੱਚ ਭਰਮਦੇ ਫਿਰਦੇ ਸੀ, ਰਿਦੇ ਥਾਂ ਦਾ ਨਿਵਾਸੀ ਮਨ ਰੂਪ ਹਾਥੀ ਵੀ ਥਕ ਗਿਆ ਜਿਸਦੇ ਤੇਜ ਰੂਪ ਸੂਤ੍ਰ ਨੂੰ ਧਾਰਕੇ ਇੰਦਰੇ ਫਿਰਦੇ ਸੀ।

**ਮਿਰਤਕ* ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥ ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥ ੫ ॥ ੫ ॥ ੧੮ ॥**

ਜਦ ਜੋਗੀ ਮੋਯਾ ਤਾਂ ਦਸੇ ਬੰਦ ਪ੍ਰਾਣ ਰੂਪ ਖੁਲ੍ਹ ਗਏ, ਮਿੱਤ੍ਰ ਭਾਈ ਸਭ ਛਡ ਦਿਤੇ, ਕਬੀਰ ਜੀ ਕਹਿੰਦੇ ਹਨ ਜੇਹੜਾ ਵਾਹਿਗੁਰੂ ਨੂੰ ਯਾਦ ਕਰੇ ਉਹ ਜੀਉਂਦਾ ਹੀ ਬੰਧਨ ਤੋੜ ਦੇਂਦਾ ਹੈ ।

## ਆਸਾ ਇਕਤੁਕੇ ੪ ॥

**ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾ ਦੇਉ ਛਲੀਆ ॥ ੧ ॥**

*ਜਦ ਜੀਵ ਆਪਣੇ ਆਪ ਨੂੰ ਪਛਾਣ ਲੈਂਦਾ ਹੈ, ਤਿਸਤੇ ਵੀ ਅਰਥ ਘਟਦਾ ਹੈ ਸੋ ਅਕਲ ਅਨੁਸਾਰ ਕਰੋ ।

Digitized by Panjab Digital Library | www.panjabdigilib.org

(ਹੇ ਭਾਈ) ਮਾਇਆ ਰੂਪ ਸਰਪਨੀ ਦੇ ਉਤੇ ਕੋਈ ਬਲੀ ਨਹੀਂ, ਜਿਸਨੇ ਬ੍ਰਹਮਾ, ਬਿਸ਼ਨ, ਮਹਾਂਦੇਉ ਨੂੰ ਛਲ ਲਿਆ ਹੈ।

**ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰਪ੍ਰਸਾਦਿ ਡੀਠੀ ॥ ੧ ॥ ਰਹਾਉ॥**

ਪੈਠੀ=ਪ੍ਰਵੇਸ਼ ਕਰ ਗਈ। ਇਹ ਸਰਪਨੀ ਸੰਸਾਰੀ ਜਾਵਾਂ ਨੂੰ ਮਾਰ ਮਾਰਕੇ ਨਿਰਮਲ ਜਲ ਵਿੱਚ ਵੜ ਗਈ ਹੈ, ਜਿਸਨੇ ਤਿੰਨਾਂ ਭਵਣਾਂ ਨੂੰ ਡੰਗਿਆ ਹੈ, ਓਹ ਮੈਂ ਗੁਰਾਂ ਦੀ ਕਿਰਪਾ ਨਾਲ ਦੇਖੀ ਹੈ।

**ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥ ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥ ੨ ॥**

ਹੇ ਭਾਈ! ਸਰਪਨੀ ਸਰਪਨੀ ਕੀ ਕਹਿੰਦੇ ਹੋ ਜਿਨ੍ਹਾਂ ਨੇ ਸੱਚੇ ਵਾਹਿਗੁਰੂ ਨੂੰ ਪਛਾਣਿਆਂ ਹੈ ਓਨਾਂ ਨੇ ਇਹ ਸਰਪਨੀ ਖਾ ਲਈ ਹੈ।

**ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥ ੩ ॥**

ਆਨ=ਹੋਰ ਥਾਂ। ਛੂਛ=ਤੁੱਛ। ਮਾਯਾ ਰੂਪ ਸਰਪਨੀ ਤੇ ਹੋਰ ਜਗਾ ਵਿੱਚ ਹੋਰ ਕੋਈ ਅਜੇਹਾ ਤੁੱਛ ਨਹੀਂ ਹੈਗਾ, ਭਾਵ ਏਹ ਸਭ ਨਾਲੋਂ ਬਲੀ ਹੈ ਅਤੇ ਜਦ ਇਹ ਜਿਤ ਲਈ ਤਾਂ ਜਮ ਰਾਜਾ ਕੀ ਕਰੇਗਾ ?

**ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥ ਬਲੁ ਅਬਲੁ ਕਿਆ ਇਸਤੇ ਹੋਈ ॥ ੪ ॥**

ਇਹ ਸਰਪਨੀ ਤਿਸਦੀ ਕੀਤੀ ਹੋਈ ਹੈ ਬਲ ਵਾ ਅਬਲ ਇਸਤੋਂ ਕੀ ਹੋ ਸਕਦਾ ਹੈ ਵਾ ਇਸ ਅਬਲਾ (ਇਸਤ੍ਰੀ) ਤੋਂ ਸਾਡੇ ਉਤੇ ਬਲ ਕੀ ਹੋ ਸਕਦਾ ਹੈ, ਭਾਵ ਏਹ ਵਾਹਿਗੁਰੂ ਦੇ ਵੱਸ ਹੈ।

**ਇਹ ਬਸਤੀ ਤਾ ਬਸਤ ਸਰੀਰਾ ॥ ਗੁਰਪ੍ਰਸਾਦਿ ਸਹਜਿ ਤਰੇ ਕਬੀਰਾ ॥ ੫ ॥ ੬ ॥ ੧੯ ॥**

ਜਿੰਨਾਂ ਚਿਰ ਏਹੁ ਰਿਦੇ ਵਿੱਚ ਵਸਦੀ ਹੈ ਉਤਨਾਂ ਚਿਰ ਸ਼ਰੀਰਾਂ ਵਿੱਚ ਜੀਵ ਵਸਦਾ ਹੈ ਵਾ ਜਦ ਏਹ ਵੱਸ ਹੋ ਗਈ ਤਾਂ ਚੁਰਾਸੀ ਦੇ ਫੇਰੇ ਵਲੋਂ ਜੀਵ ਬੱਸ ਹੋ ਗਿਆ, ਗੁਰਾਂ ਦੀ ਕ੍ਰਿਪਾ ਕਰਕੇ ਸਹਿਜੇ ਹੀ ਕਬੀਰ ਜੀ ਤਰ ਗਏ ਹਨ।

Digitized by Panjab Digital Library | www.panjabdigilib.org

**ਆਸਾ ॥ ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥ ਕਹਾ ਸਾਕਤ ਪਹਿ ਹਰਿ ਗੁਨ ਗਾਏ ॥ ੧ ॥**

"ਨਾਸਤਕ ਪ੍ਰਤਿ ਉਪਦੇਸ਼ ਨਿਸਫਲ ਹੈ"

ਸੁਆਨ=ਕੁੱਤਾ। ਕੀ ਕੁੱਤੇ ਨੂੰ ਸਿਮ੍ਰਿਤੀਆਂ ਸੁਨਾਈਏ, ਕੀ ਕਰੜੇ ਰਿਦੇ ਵਾਲੇ ਪਾਸ ਵਾਹਿਗੁਰੂ ਦੇ ਗੁਣ ਗਾਈਏ ?

**ਰਾਮ ਰਾਮ ਰਾਮ ਰਮੇ ਰਮਿ ਰਹੀਐ॥ਸਾਕਤ ਸਿਉ ਭੂਲਿ ਨਹੀ ਕਹੀਐ ॥ ੧ ॥ ਰਹਾਉ ॥**

ਰਮੇ=ਉਚਾਰਨਾ। ਰਮਿ=ਮਿਲਨਾ। ਮਨ ਬਾਣੀ ਸਰੀਰ ਕਰਕੇ ਵਾਹਿ-ਗੁਰੂ ਵਾਹਿਗੁਰੂ ਵਾਹਿਗੁਰੂ ਉਚਾਰਦੇ ਹੋਏ ਨਾਲ ਹੀ ਮਿਲ ਰਹੀਏ, ਸਾਕਤ ਨੂੰ ਭੁੱਲਕੇ ਵੀ ਕੁਝ ਨਾ ਕਹੀਏ।

**ਕਊਆ ਕਹਾ ਕਪੂਰ ਚਰਾਏ ॥ ਕਹ ਬਿਸੀਅਰ ਕਉ ਦੂਧੁ ਪੀਆਏ ॥ ੨ ॥**

ਬਿਸੀਅਰ=ਸੱਪ। ਕਾਂ ਨੂੰ ਕੀ ਕਪੂਰ ਦੀ ਵਾਸ਼ਨਾ ਚੜ੍ਹਾਈਏ ਸੱਪ ਨੂੰ ਦੁੱਧ ਕੀ ਪਿਆਈਏ, ਭਾਵ ਕੁਝ ਫਾਇਦਾ ਨਹੀਂ ਹੋਣਾ।

**ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥ ੩ ॥**

ਜਿਕੁਰ ਪਾਰਸ ਨੂੰ ਛੋਹ ਕੇ ਸੋਈ ਲਹਾ ਸੋਨਾ ਹੋ ਜਾਂਦਾ ਹੈ, ਇੱਕੁਰ ਹੀ ਸਤਸੰਗਤ ਨਾਲ ਮਿਲਕੇ ਬਿਬੇਕ ਵਾਲੀ ਬੁੱਧੀ ਹੁੰਦੀ ਹੈ।

**ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥ ਜੋ ਧੁਰਿ ਲਿਖਿਆ ਸੁ ਕਰਮੁ ਕਮਾਇਆ ॥ ੪ ॥**

ਸੁਆਨ=ਕੁੱਤਾ। ਸਾਕਤ ਰੂਪ ਸੁਆਨ ਸਭ ਪਿਛਲੇ ਕੀਤੇ ਹੋਏ ਕਰਮਾਂ ਦੇ ਕੰਮ ਅਨੁਸਾਰ ਕਰਦੇ ਹਨ, ਜੋ ਪਹਿਲੇ ਧੁਰੋਂ ਹੀ ਲਿਖਿਆ ਗਿਆ ਹੈ ਸੋ ਹੀ ਕਰਮ ਸਾਕਤਾਂ ਨੇ ਕਮਾਇਆ ਹੈ।

**ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥ ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥ ੫ ॥ ੭ ॥ ੨੦ ॥**

ਜਿੱਕੁਰ ਅੰਮ੍ਰਿਤਨੂੰ ਲੈ ਲੈਕੇ ਮਨਮੁਖ ਰੂਪ ਨਿੰਮ ਵਿੱਚ ਸਿੰਜੀਏ ਤਾਂ ਵੀ

Digitized by Panjab Digital Library | www.panjabdigilib.org

ਵੀ (ਕਬੀਰ ਜੀ ਕਹਿੰਦੇ ਹਨ) ਉਸ ਨਿੰਮ ਦਾ ਸਹਿਜੇ ਹੀ ਜੋ ਕੌੜਾ ਸੁਭਾਵ ਹੈ ਸੋ ਨਹੀਂ ਜਾਂਦਾ ।

"ਉਪਦੇਸ਼"

**ਆਸਾ ॥ ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥ ਤਿਹ ਰਾਵਨ ਘਰ ਖਬਰਿ ਨ ਪਾਈ ॥ ੧ ॥**

ਜਿਸਦੇ ਘਰ ਲੰਕਾ ਵਰਗਾ ਕਿਲਾ ਸੀ ਅਤੇ ਸਮੁੰਦਰ ਹੀ ਖਾਈ ਸੀ ਤਿਸ ਰਾਵਣ ਦੇ ਘਰ ਰਾਵਣ ਦੇ ਮਰਨ ਦੀ ਕਿਸੇ ਨੂੰ ਖਬਰ ਵੀ ਨਾ ਪਾਈ ਭਾਵ ਪਹੁੰਚਾਈ ।

**ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥ ਦੇਖਤ ਨੈਨ ਚਲਿਓ ਜਗੁ ਜਾਈ ॥ ੧ ॥ ਰਹਾਉ ॥**

(ਹੇ ਸੁਆਮੀ ਜੀ) ਮੈਂ ਕੀ ਮੰਗਾਂ ਕੁਝ ਥਿਰ ਨਹੀਂ ਰਹਿੰਦਾ ਦਿਸਦਾ, ਨੇਤ੍ਰਾਂ ਦੇ ਦੇਖਦਿਆਂ ਹੀ ਜਗਤ ਚਲਿਆ ਜਾਂਦਾ ਹੈ ।

**ਇਕੁ ਲਖੁ ਪੂਤ ਸਵਾ ਲਖੁ ਨਾਤੀ ॥ ਤਿਹ ਰਾਵਨ ਘਰ ਦੀਆ ਨ ਬਾਤੀ ॥ ੨ ॥**

ਨਾਤੀ=ਪੋਤਰਾ । ਜਿਸ ਰਾਵਣ ਦੇ ਘਰ ਇਕ ਲੱਖ ਪੁਤ੍ਰ ਸੀ ਅਤੇ ਸਵਾ ਲੱਖ ਪੋਤ੍ਰਾ ਸੀ ਉਸ ਰਾਵਣ ਦੇ ਘਰ ਦੀਵਾ ਬੱਤੀ ਬੀ ਨਾ ਹੋਇਆ ।

**ਚੰਦੁ ਸੂਰਜੁ ਜਾਕੇ ਤਪਤ ਰਸੋਈ ॥ ਬੈਸੰਤਰੁ ਜਾਕੇ ਕਪਰੇ ਧੋਈ ॥ ੩ ॥**

ਚੰਦ੍ਰਮਾ, ਸੂਰਜ ਜਿਸਦੇ ਘਰ ਰਸੋਈ (ਤਪਤ) ਕਰਦੇ ਸਨ ਅਤੇ ਬੈਸੰਤ੍ਰ ਜਿਸਦੇ ਕਪੜੇ ਧੋਂਦਾ ਸੀ ਵਾ ਬੈਸੰਤ੍ਰ ਰਸੋਈ ਕਰਦਾ ਸੀ ਅਤੇ ਚੰਦ੍ਰਮਾ ਸੂਰਜ ਕਪੜੇ ਧੋਂਦੇ ਸੀ ।

**ਗੁਰਮਤਿ ਰਾਮੈ ਨਾਮਿ ਬਸਾਈ ॥ ਅਸਥਿਰੁ ਰਹੈ ਨ ਕਤਹੂੰ ਜਾਈ ॥ ੪ ॥**

ਗੁਰਮਤ ਕਰਕੇ ਜਿਨ੍ਹਾਂ ਨੇ ਵਾਹਿਗੁਰੂ ਦੇ ਨਾਮ ਦੀ ਪ੍ਰੀਤੀ ਰਿਦੇ ਵਿੱਚ ਵਸਾਈ ਹੈ ਉਹ ਅਸਥਿਰ ਰਹਿੰਦੇ ਹਨ ਅਤੇ ਕਿਧਰੇ ਜਾਂਦੇ ਨਹੀਂ ।

**ਕਹਤ ਕਬੀਰ ਸੁਨਹੁ ਰੇ ਲੋਈ ॥ ਰਾਮ ਨਾਮ ਬਿਨੁ ਮੁਕਤਿ**

Digitized by Panjab Digital Library | www.panjabdigilib.org

ਨ ਹੋਈ ॥ ੫ ॥ ੮ ॥ ੨੧ ॥

ਲੋਈ=ਕਬੀਰ ਜੀ ਦੀ ਇਸਤ੍ਰੀ ਵਾ ਲੁਕਾਈ, ਸ੍ਰਿਸ਼ਟੀ। ਕਬੀਰ ਜੀ ਕਹਿੰਦੇ ਹਨ ਹੇ ਲੋਈ! ਸੁਣੋ ਵਾਹਿਗੁਰੂ ਦੇ ਨਾਮ ਤੋਂ ਬਿਨਾ ਮੁਕਤੀ ਨਹੀਂ ਹੁੰਦੀ।

"ਇੱਕੁਰ ਏਹ ਸੰਸਾਰ ਅਤਿਅੰਤ ਹੀ ਝੂਠਾ ਹੈ"

ਆਸਾ ॥ ਪਹਿਲਾ ਪੂਤੁ ਪਿਛੈਰੀ ਮਾਈ ॥ ਗੁਰੁ ਲਾਗੋ ਚੇਲੇ ਕੀਪਾਈ ॥ ੧ ॥

ਜਿੱਕੁਰ ਪਹਿਲੇ ਪੁਤ੍ਰ ਦਾ ਜੰਮਣਾ ਅਤੇ ਪਿਛੋਂ ਮਾਤਾ ਦਾ ਹੋਣਾ ਅਤੇ ਗੁਰੂ ਨੇ ਚੇਲੇ ਦੀ ਪੈਰੀਂ ਲਗਣਾ ਅਤਯੰਤ ਹੀ ਅਸੰਭਵ ਹੈ।

(ਜਿੱਕੁਰ ਏਹ ਬੜੀ ਅਚੰਭਾ ਬਾਤ ਹੈ)

ਏਕੁ ਅਚੰਭਉ ਸੁਨਹੁ ਤੁਮ ਭਾਈ ॥ ਦੇਖਤਿ ਸਿੰਘੁ ਚਰਾਵਤਿ ਗਾਈ ॥ ੧ ॥ ਰਹਾਉ ॥

(ਹੇ ਭਾਈ) ਇੱਕੁਰ ਇਕ ਹੋਰ ਵੀ ਅਚੰਭਾ ਬਾਤ ਤੁਸੀ ਸੁਣੋ, ਜਿੱਕੁਰ ਕਿਸੇ ਨੇ ਕਿਹਾ ਕਿ ਮੈਂ ਗਾਈਆਂ ਚਰਾਉਂਦਾ ਸ਼ੇਰ ਵੇਖਿਆ ਹੈ।

ਜਲਕੀ ਮਛੁਲੀ ਤਰਵਰਿ ਬਿਆਈ ॥ ਦੇਖਤ ਕੁਤਰਾ ਲੈਗਈ ਬਿਲਾਈ ॥ ੨ ॥

ਤਰਵਰਿ=ਬ੍ਰਿਛ। ਬਿਆਈ=ਪ੍ਰਸੂਤਾ ਹੋਈ। ਕੁਤਰਾ=ਕੁਤਾ। ਬਿਲਾਈ=ਲੈ ਗਈ,ਚਲੀ ਗਈ। ਜਲ ਦੀ ਮੱਛੀ ਨੇ ਬ੍ਰਿਛ ਉਤੇ ਜਾਕੇ ਪ੍ਰਸੂਤਾ ਹੋਈ ਭਾਵ ਜਲ ਤੋਂ ਬਾਹਰ ਰਹਿਣ ਵਾਲੀ ਮੱਛੀ ਬ੍ਰਿਛ ਉਤੇ ਜਾਕੇ ਬਚੇ ਦਿਤੇ ਆਪਣੇ ਬਚਿਆਂ ਦੇ ਖਾਣ ਵਾਸਤੇ ਵਡਾ ਮੋਟਾ ਤਾਜ਼ਾ ਕੁਤਾ ਚੁਕਕੇ ਲੈ ਗਈ ਵਾ ਵੇਖਦਿਆਂ ੨ ਕੁਤੇ ਨੂੰ ਬਿਲੀ ਲੈ ਗਈ।

ਤਲੇ ਰੇ ਬੈਸਾ ਊਪਰਿ ਸੂਲਾ ॥ ਤਿਸਕੇ ਪੇਡਿ ਲਗੇ ਫਲ ਫੂਲਾ ॥ ੩ ॥

ਬੈਸਾ=ਟਾਹਣੀਆਂ। ਸੂਲਾ=ਮੁੰਢ। ਪੇਡਿ=ਬ੍ਰਿਛ। ਹੇਠਾਂ ਟਾਹਣੀਆਂ ਉਪਰ ਮੁੰਢ, ਤਿਸ ਬ੍ਰਿਛ ਦੇ ਨਾਲ ਫਲ ਫੁਲ ਲਗੇ ਦੇਖੇ ਹਨ।

(ਹੋਰ ਅਚੰਭਾ)

ਘੋਰੈ ਚਰਿ ਭੈਸ ਚਰਾਵਨ ਜਾਈ ॥ ਬਾਹਰਿ ਬੈਲੁ ਗੋਨਿ ਘਰਿ ਆਈ ॥ ੪ ॥

Digitized by Panjab Digital Library | www.panjabdigilib.org

ਘੋੜੇ ਉਤੇ ਚੜ੍ਹਕੇ ਭੈਂਸ ਘੋੜੀਆਂ ਨੂੰ ਚਰਾਉਂਣ ਜਾਂਦੀ ਦੇਖੀ, ਬੈਲ ਬਾਹਰ ਹੀ ਰਿਹਾ ਅਤੇ ਛੱਟ ਘਰ ਆ ਗਈ ॥

## ਕਹਤ ਕਬੀਰ ਜੁ ਇਸ ਪਦ ਬੂਝੈ ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ* ॥ ੫ ॥ ੯ ॥ ੨੨ ॥

## ਬਾਈਸ ਚਉਪਦੇ ਤਥਾ ਪੰਚਪਦੇ

(ਜੱਕੁਰ ਉਪਰੋਕਤ ਗੱਲਾਂ ਅਸੰਭਵ ਹਨ ਇੱਕੁਰ ਜਗਤ ਅਸੰਭਵ ਹੈ)

---

*ਪਹਿਲੇ ਜੀਵ (ਪੁਤ) ਪਵਿਤ੍ਰ ਸੀ ਪਰ ਇਸਦੇ ਮਗਰ ਮਾਇਆ ਲਗ ਪਈ, ਨਾਲੇ ਏਹ (ਗੁਰੁ) ਵੱਡਾ ਸੀ ਪਰ ਚੇਲੇ ਮਨ ਦੀ ਪੈਰੀ ਲਗ ਪਿਆ ਹੇ ਭਾਈ ! ਇਕ ਹੋਰ ਤੁਸੀਂ ਅਸਚਰਜ ਬਾਤ ਸੁਣੋ, ਜੋ ਏਹ ਜੀਵ ਸ਼ੇਰ ਵਤ ਸੀ, ਪਰ ਸੰਸਾਰ ਬਨ ਵਿਚ ਇੰਦ੍ਰੀਆਂ ਗਾਈਆਂ ਨੂੰ ਵਿਸ਼ੇ ਪਰਾਇਣ ਕਰਕੇ ਚਰਾਉਣ ਲਗ ਪਿਆ ਅਤੇ ਜੇਹੜੀ ਬੁੱਧੀ ਰੂਪ ਮੱਛੀ ਨਾਮ ਜਲ ਪਾਸ ਰਹਿੰਦੀ ਸੀ ਪਰ ਅਫਸੋਸ ਉਹ ਕੁਸੰਗ ਬ੍ਰਿਛ ਉਤੇ ਪ੍ਰਸੂਤਾ ਹੋਈ ਅਤੇ ਸੰਤੋਖ ਰੂਪ ਕੁੱਤੇ ਦਾ ਕੁਤਰਾ ਕਰਕੇ ਤ੍ਰਿਸ਼ਨਾਂ ਰੂਪ ਬਿੱਲੀ ਲੈ ਗਈ ਅਤੇ ਗੁਣਾਂ ਨੂੰ ਤਲੇ ਲੈ ਬੈਠਾ ਉੱਪਰ ਸੂਲਾਂ ਕਰ ਲਈਆਂ ਭਾਵ ਲੋਕਾਂ ਵਿਚ ਦੋਸ਼ ਅਰੋਪਣ ਲਗਾ ਤਿਸ ਸਰੀਰ ਰੂਪ ਬ੍ਰਿਖ ਨੂੰ ਕਰਮਾਨੁਸਾਰ ਦੁਖ ਸੁਖ ਫਲ ਫੁਲ ਲਗੇ, ਮਨ ਰੂਪ ਘੋੜੇ ਤੇ ਬੁੱਧੀ ਰੂਪ ਭੈਂਸ ਚੜ੍ਹਕੇ ਹੋਰਨਾਂ ਇੰਦ੍ਰੀਆਂ ਨੂੰ ਵਿਸ਼ੇ ਵਿਕਾਰ ਘਾਹ ਚਰਾਉਂਣ ਜਾਂਦੀ ਹੈ ਜੀਵ ਦੇ ਅੰਦਰੋਂ (ਬੈਲ) ਧਰਮ ਬਾਹਰ ਹੋਗਿਆ ਅਤੇ ਮਾੜੇ ਕੰਮਾਂ ਰੂਪ ਛੱਟ ਰਿਦੇ ਵਿਚ ਆ ਪਈ ॥

ਅਥਵਾ ਜਦ ਏਹ ਜੀਵ ਪਹਿਲੇ (ਪੂਤ) ਪਵਿਤ੍ਰ ਹੋਵੇ ਤਾਂ ਮਾਇਆ ਇਸਦੇ ਪਿਛੇ ਲੱਗ ਤੁਰਦੀ ਹੈ ਕਿਆ ਵਸ ਹੋ ਜਾਂਦੀ ਹੈ ਅਤੇ ਗੁਰਾਂ ਵਤ ਬੜਾ ਵੱਡਾ ਦਿੱਸਣ ਲਗ ਪੈਂਦਾ ਹੈ ਅਤੇ ਫਿਰ ਲੇ ਮਨ ਦੀ ਪੈਰੀਂ ਨਹੀਂ ਲਗਦਾ ਇਕ ਹੋਰ ਬੜੀ ਅਸਚਰਜ ਬਾਤ ਹੋ ਜਾਂਦੀ ਹੈ ਜੋ ਸ਼ੇਰ ਹੰਕਾਰ ਨੂੰ ਹੱਛਾ। ਵਾਸ਼ਨਾਂ(ਗਾਈਆਂ)ਚਰ ਜਾਂਦੀਆਂ ਹਨ ਅਤੇ ਪਦਾਰਥਾਂ ਵਿਚ ਰਹਿਣ ਵਾਲੀ ਬੁੱਧੀ ਸਤਸੰਗ ਵਿਚ ਪ੍ਰਸੂਤਾ ਹੁੰਦੀ ਹੈ ਅਤੇ ਲੋਭ ਰੂਪ ਕੁੱਤੇ ਵਾ ਕੁਤਰਕਾਂ ਨੂੰ ਖੋਟੀ ਤਰਾਂ ਸ਼ਾਂਤੀ ਰੂਪ ਬਿੱਲੀ ਲੈ ਜਾਂਦੀ ਹੈ ਅਤੇ ਜੇਹੜਾ ਬਾਰ ਬਾਰ ਚੁਰਾਸੀ ਵਿਚ ਫਿਰਦਾ ਹੋਇਆ ਨਰਕ ਰੂਪ ਟੋਏ ਵਿਚ ਪੈਂਦਾ ਸੀ ਉਹ ਉੱਪਰ ਮੂਲ ਰੂਪ ਵਾਹਿਗੁਰੂ ਵੱਲ ਜਾਣ ਵਾਲਾ ਹੋਯਾ ਅਤੇ ਤਿਸ ਜਗਿਆਸੂ ਦੇ ਸਰੀਰ ਨੂੰ ਗਿਆਨ ਵੈਰਾਗ ਪੁੰਨ ਰੂਪ ਫਲ ਫਲੇ ਭਾਵ ਫੁਲ ਫੁੱਲੇ ਅਤੇ ਪ੍ਰਾਣਾਂ ਰੂਪੀ ਘੋੜੇ ਤੇ ਚੜ੍ਹਕੇ ਦਸਵੇਂ ਦੁਆਰ ਵਿੱਚ ਵਿਚਰਦਾ ਹੈ ਵਾ ਮਨ ਘੋੜੇ ਤੇ ਚੜ੍ਹਕੇ (ਭੈਂਸ) ਭੈ ਦੇ ਸਹਿਤ ਫਿਰਤਾ ਹੈ ਅੰਤ ਨੂੰ ਆਲਸ ਦੂਰ ਹੋਗਿਆ ਅਤੇ ਮੁਕਤਿ ਘਰ ਵਿਚ ਹੀ ਆ ਗਈ, ਭਾਵ ਗ੍ਰਹਿਸਤ ਵਿਚ ਹੀ ਉਧਾਰ ਹੋਗਿਆ ॥

Digitized by Panjab Digital Library | www.panjabdigilib.org

ਕਬੀਰ ਜੀ ਕਹਿੰਦੇ ਹਨ ਜੇਹੜਾ ਇਸ ਪਦ ਨੂੰ ਬੁੱਝਦਾ ਹੈ, ਵਾਹਿਗੁਰੂ ਵਾਹਿਗੁਰੂ ਉਚਾਰਦਿਆਂ ਹੋਇਆ ਉਸਨੂੰ ਸਭ ਕੁਝ ਸੁੱਝ ਆਉਂਦਾ ਹੈ।

## ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧

## ੧ ਓ ਸਤਿਗੁਰ ਪ੍ਰਸਾਦਿ ॥

**ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ॥ ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ ॥ ੧ ॥**

ਬਿੰਦੁ=ਬੀਰਜ। ਪਿੰਡ=ਸਰੀਰ। (ਹੇ ਜੀਵ) ਜਿਸ ਵਾਹਿਗੁਰੂ ਨੇ ਜਲ ਦੀ ਛਿੱਟ ਤੋਂ ਤੇਰਾ ਸਰੀਰ ਕੀਤਾ ਅਤੇ ਅਗਨੀ ਦੇ ਕੁੰਡ ਮਾਤਾ ਦੇ ਗਰਭ ਵਿਚ ਰਖਕੇ ਤੇਰੀ ਰਖਿਆ ਕੀਤੀ। ਉਦਰਿ=ਪੇਟ॥ ਦਸ ਮਹੀਨੇ ਮਾਤਾ ਦੇ ਪੇਟ ਵਿਚ ਰਖਿਆ ਕੀਤੀ ਅਤੇ ਜਦ ਬਾਹਰ ਆਇਆ ਤਾਂ ਫਿਰ ਮਗਰ ਮਾਇਆ ਲਗ ਪਈ॥

**ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥ ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥ ੧॥ਰਹਾਉ ॥**

ਬੋਇਆ=ਬੀਜਿਆ॥ ਹੇ ਪ੍ਰਾਣੀ! ਕਿਸ ਵਾਸਤੇ ਤੂੰ ਲੋਭ ਵਿਚ ਲੱਗਕੇ ਰਤਨ ਜਨਮ ਨੂੰ ਖੋਇਆ ਹੈ, ਪਿਛਲੇ ਜਨਮ ਦੇ ਕਰਮਾਂ ਕਰਕੇ ਮਿਲੀ ਹੋਈ ਧਰਤੀ ਭਾਵ ਜਨਮ ਵਿਚ ਹਾਛੇ ਕਰਮਾਂ ਰੂਪ ਬੀਜ ਨਹੀਂ ਬੀਜਿਆ, ਭਾਵ ਇਸ ਜਨਮ ਵਿਚ ਹਛੇ ਕੰਮ ਨ ਕੀਤੇ॥

**ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ ॥ ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥ ੨ ॥**

ਝੋਟ=ਝਾਟਿਓਂ ਵਾ ਝੋਟ ਮਾਰਕੇ। ਬਾਲਿਕ ਤੇ ਬੁੱਢਾ ਹੋਗਿਆ, ਜੋ ਹੋਣਾਂ ਸੀ ਹੋਗਿਆ, ਭਾਵ ਮਰਨਾ ਨੇੜੇ ਆ ਗਿਆ, ਜਮ ਆਕੇ ਝਾਟਿਓਂ ਫੜੇਗਾ ਤਦ ਤੂੰ ਰੋਂਵੇਗਾ ਅਤੇ ਜਮ ਕਹੇਗਾ ਹੁਣ ਤੂੰ ਕਿਸ ਵਾਸਤੇ ਰੋਂਦਾ ਹੈਂ

Digitized by Panjab Digital Library | www.panjabdigilib.org

ਓਦੋਂ ਕਿਉਂ ਨਾ ਰੋਇਓਂ, ਭਾਵ ਪਹਿਲੇ ਕਿਉਂ ਨਾਂ ਵਾਹਿਗੁਰੂ ਦਾ ਭਜਨ ਕੀਤਾ ॥

**ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥ ਬਾਜੀਗਰੀ ਸੰਸਾਰ ਕਬੀਰਾ ਚੇਤਿ ਢਾਲਿਪਾਸਾ ॥ ੩॥੧॥੨੩ ॥**

ਨਿਹਾਰੇ=ਵੇਖੇ ॥ ਤੂੰ ਜੀਉਂਨ ਦੀ ਆਸਾ ਕਰਦਾ ਹੈਂ ਅਤੇ ਜਮ ਤੇਰੇ ਸੁਾਸਾਂ ਨੂੰ ਦੇਖਦਾ ਹੈ ਕਿ ਕਦ ਪੂਰੇ ਹੁੰਦੇ ਹਨ। ਇਹ ਸੰਸਾਰ ਬਾਜੀਗਰੀ,ਭਾਵ ਝੂਠਾ ਹੈ ਅਤੇ ਕਬੀਰ ਜੀ ਆਖਦੇ ਹਨਹੇ ਜੀਵ!ਤੂੰ ਵਾਹਿਗੁਰੂ ਨੂੰ ਯਾਦ ਕਰਨ ਰੂਪ ਪਾਸਾ ਢਾਲ ॥

**ਆਸਾ॥ ਤਨੁ ਰੈਨੀ ਮਨੁ ਪੁਨਰਪਿ ਕਰਿਹਉ ਪਾਚਉ ਤਤ ਬਰਾਤੀ ॥ ਰਾਮਰਾਇ ਸਿਉ ਭਾਵਰਿ ਲੈਹਉ ਆਤਮ ਤਿਹਰੰਗ ਰਾਤੀ ॥ ੧ ॥**

"ਵਾਹਿਗੁਰੂ ਨਾਲ ਅਭੇਦਤਾ ਰੂਪ ਅਨੰਦ ਵਿਆਹੁ"

ਰੈਨੀ=ਮਟੀ। ਪੁਨਰਪਿ=ਫੇਰ। ਭਾਵਰਿ=ਫੇਰੇ ॥ ਸਰੀਰ ਨੂੰ ਰੰਗਣ ਵਾਲੀ ਮੱਟੀ ਕਰਕੇ ਮਨ ਨੂੰ ਫੇਰ ਰੰਗਣਾ ਕੀਤਾ ਹੈ ਅਤੇ ਪੰਜਾਂ ਤੱਤਾਂ ਦਾ ਸਰੀਰ ਝੂਠਾ ਸਮਝਣਾਂ। (ਵਾ ਪੰਚ) ਸੰਤ ਪੈਂਚ ਜੋ (ਤੱਤ) ਸਚ ਝੂਠ ਦਾ ਵਿਚਾਰ ਕਰਨ ਵਾਲੇ ਹਨ, ਏਹ ਬਰਾਤੀ ਹਨ, ਵਾਹਿਗੁਰੂ ਨਾਲ ਲਾਵਾਂ ਫੇਰੇ ਲਵਾਂਗੀ ਹੁਣ (ਆਤਮ) ਬੁਧੀ ਉਸ ਪਤੀ ਪ੍ਰਮਾਤਮਾ ਦੇ ਪ੍ਰੇਮ ਵਿਚ ਰਤੀ ਹੀ ਰਤੀ ਹੈ ॥

**ਗਾਉ ਗਾਉ ਰੀ ਦੁਲਹਨੀ ਮੰਗਲ ਚਾਰਾ ॥ ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥ ੧ ॥ ਰਹਾਉ ॥**

ਗ੍ਰਿਹ=ਘਰ ॥ ਹੇ ਸੰਤ ਰੂਪ ਦੁਲਹਨੀਓ=ਇਸਤ੍ਰੀਓ! ਤੁਸੀਂ ਸੁੰਦਰ ਮੰਗਲਾਚਾਰ ਗਾਓ ਕਿਉਂਕਿ ਮੇਰੇ ਘਰ ਪ੍ਰਕਾਸ਼ਕ ਵਾਹਿਗੁਰੂ ਰੂਪ ਪਤੀ ਆਏ ਹਨ ॥

**ਨਾਭਿ ਕਮਲ ਮਹਿ ਬੇਦੀ ਰਚਿਲੇ ਬ੍ਰਹਮ ਗਿਆਨ ਉਚਾਰਾ ॥ ਰਾਮਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥ ੨ ॥**

ਰਿਦੇ ਕਮਲ ਵਿਚ ਸਾਧਨਾਂ ਰੂਪ ਬੇਦੀ ਰਚੀ ਹੈ ਅਤੇ ਵਾਹਿਗੁਰੂ ਦੇ ਮਿਲਾਉਣ ਦਾ ਕਾਰਨ ਗਿਆਨ ਮਨ ਉਚਾਰਿਆ ਹੈ। ਵਾਹਿਗੁਰੂ ਵਰਗਾ

Digitized by Panjab Digital Library | www.panjabdigilib.org

ਵਡਾ ਪਤੀ ਪਾਇਆ ਹੈ ਇਕੁਰ ਸਾਡਾ ਵੱਡਾ ਭਾਗ ਹੈ।

**ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ* ਤੇਤੀ ਸਉਜਾਨਾਂ॥ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ ॥ ੩ ॥ ੨ ॥ ੨੪ ॥**

ਤੇਤੀਸਉ=ਤੇਤੀ। ਜਾਨਾਂ=ਪਾਲਕੀਆਂ ਵਾਂ ਜਾਣਿਆਂ।ਸੁਰਿ=ਦੇਵਤੇ ॥ ਦੇਵਤੇ, ਆਦਮੀ ਮੁਨੀ, ਜਨ ਕੌਤੁਕ ਦੇਖਣ ਵਾਸਤੇ ਤੇਤੀ ਕਰੋੜ ਦੇਵਤਿਆਂ ਦੇ ਸੰਜੁਕਤ ਸਭ ਪਾਲਕੀਆਂ ਤੇ ਚੜ੍ਹਕੇ ਆਏ ਹਨ, ਕਬੀਰ ਜੀ ਕਹਿੰਦੇ ਹਨ ਮੈਨੂੰ ਵਿਆਹਕੇ ਲੈ ਚਲੇ ਹਨ ਇਕ ਜੋ ਵਾਹਿਗੁਰੂ ਅਕਾਲ ਪੁਰਖ ਜੀ ਹਨ ॥

**ਆਸਾ ॥ ਸਾਸ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉਰੇ ॥ ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ ॥ ੧ ॥**

ਅਵਿਦਯਾ ਰੂਪੀ ਸੱਸ ਦੀ ਮੈਂ ਦੁਖੀ ਕੀਤੀ ਹੋਈ ਹਾਂ ਕਿਉਂਕਿ ਦੇਹ ਅਧਿਆਸ ਰੂਪ ਸਹੁਰੇ ਦੀ ਮੈਂ ਪਿਆਰੀ ਹੋ ਰਹੀ ਹਾਂ ਅਤੇ ਵੱਡੇ ਜੇਠ ਧਰਮ ਰਾਜਾ ਦਾ ਮੈਂ ਨਾਮ ਸੁਣਕੇ ਡਰਦੀ ਹਾਂ। ਨਨਦ=ਨਿਣਾਨ। ਗਹੇਲੀ=ਗ੍ਰਸੀ ਹੋਈ ਦੁਖੀ ॥ ਹੇ ਸਖੀਓ ਸਹੇਲੀਓ ਸੰਤੋ! ਇੰਦ੍ਰੀਆਂ ਰੂਪ ਨਿਣਾਨਾਂ ਦੀ ਮੈਂ ਗ੍ਰਸੀ ਹੋਈ ਹਾਂ, ਇਸ ਲਈ ਦੁਖੀ ਹਾਂ ਅਤੇ ਛੋਟੇ ਦੇਵਰ ਵੈਰਾਗ ਰੂਪ ਦੇ (ਬਿਰਹਿ) ਵਿਛੋੜੇ ਕਰਕੇ ਸੜਦੀ ਹਾਂ ॥

**ਮੇਰੀ ਮਤਿ ਬਉਰੀ ਮੈ ਰਾਮ ਬਿਸਾਰਿਓ ॥ ਕਿਨਿ ਬਿਧਿ ਰਹਨ ਰਹਉਰੇ ॥ ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾਸਉ ਕਹਉਰੇ ॥ ੧ ॥ ਰਹਾਉ ॥**

ਮੈਂ ਵਾਹਿਗੁਰੂ ਨੂੰ ਭੁਲਾ ਦਿਤਾ ਹੈ, ਇਸ ਲਈ ਮੇਰੀ ਮਤ ਬੌਰੀ ਹੋਗਈ ਹੈ। ਹੁਣ ਕਿਸ ਰੀਤੀ ਨਾਲ ਰਹਿਣ ਰਹਾਂ। ਭਾਵ ਵਾਹਿਗੁਰੂ ਦੀਆਂ ਧਾਰਨਾਂ ਵਿਚ ਕਿੱਕੁਰ ਰਹਾਂ ? ਰਮਤ=ਅਭੇਦ ਹੋਣਾਂ ॥ ਪੇਖਉ=ਵੇਖਾਂ॥ ਰਿਦੇ ਰੂਪ ਸੇਜ ਉਤੇ ਵਾਹਿਗੁਰੂ ਰੂਪ ਪਤੀ ਅਭੇਦ ਹੋਇਆ ਹੋਇਆ ਹੈ ਪਰ ਬੁੱਧੀ ਰੂਪ ਨੇਤ੍ਰਾਂ ਕਰਕੇ ਨਹੀਂ ਦੇਖ ਸਕਦੀ ਇਸ ਲਈ ਏਹ ਦੁਖ ਕਿਸਨੂੰ ਕਹਾਂ ?

*ਤੇਤੀਸ, ਉਜਾਨਾ=ਤੇਤੀ ਕਰੋੜ (ਉਜਾਨਾ)ਦੇਵਤੇ ਇਕੁਰ ਵੀ ਪਾਠ ਨੂੰ ਛੇਦ ਕੇ ਕਰਦੇ ਹਨ ॥

Digitized by Panjab Digital Library | www.panjabdigilib.org

**ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ॥ਬਡੇ ਭਾਈ ਕੈ ਜਬ ਸੰਗਿ ਹੋਤੀ ਤਬ ਹਉਨਾਹ ਪਿਆਰੀ ॥ ੨ ॥**

ਸਾਵਕਾ=ਸਕਾ ਵਾ ਮਤ੍ਰੇਇਆ ਵਾ ਪਹਿਲੇ ਸਮੇਂ ਦਾ ॥ ਸਰੀਰ ਰੂਪ ਸੱਕਾ ਪਿਤਾ ਖਾਨ ਪਹਿਰਾਨ ਮੰਗਦਾ ਹੈ ਇਹ ਬਾਹਲੀ ਲੜਾਈ ਕਰਦਾ ਹੈ ਅਤੇ ਮਾਇਆ ਨੇ ਤਾਂ ਮੇਰੀ ਸਦਾ ਹੀ ਮੱਤ ਮਾਰ ਛੱਡੀ ਹੈ। ਨਾਹ=ਪਤੀ। ਜਦ ਮੈਂ ਵਡੇ ਭਾਈ ਗਿਆਨ ਦੇ ਨਾਲ ਹੁੰਦੀ ਸਾਂ ਤੇ ਤਦ ਪਤੀ ਪ੍ਰਮਾਤਮਾ ਨੂੰ ਪਿਆਰੀ ਲਗਦੀ ਸਾਂ ॥

**ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ ॥ ਝੂਠੀ ਮਾਇਆ ਸਭੁ ਜਗੁ ਬਾਧਿਆ ਮੈ ਰਾਮ ਰਮਤ ਸੁਖੁ ਪਾਇਆ ॥ ੩ ॥ ੩ ॥ ੨੫ ॥**

ਰਮਤ=ਉਚਾਰ। ਕਬੀਰ ਜੀ ਕਹਿੰਦੇ ਹਨ ਪੰਜਾਂ ਕਾਮਾਦਿਕਾਂ ਦਾ ਏਹ ਝਗੜਾ ਹੈ,ਇਸ ਝਗੜੇ ਨੂੰ ਝਗੜਦਿਆਂ ਹੀ ਸੰਸਾਰ ਵਿੱਚ ਜੀਵਾਂ ਨੇ ਜਨਮ ਗਵਾਇਆ ਹੈ, ਝੂਠੀ ਮਾਇਆ ਨੇ ਸਾਰੇ ਜਗਤ ਨੂੰ ਬੰਨ੍ਹਿਆਂ ਹੋਇਆ ਹੈ, ਮੈਂ ਵਾਹਿਗੁਰੂ ਨੂੰ ਉਚਾਰਕੇ ਸੁਖ ਪਾਇਆ ਹੈ।

**ਆਸਾ ॥ ਹਮ ਘਰਿ ਸੂਤ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥ ਤੁਮ੍ਹ ਤਉ. ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥ ੧ ॥**

ਕੰਠਿ=ਗਲ। (ਹੇ ਮੁਕੰਦ ਪਾਂਡੇ !) ਸਾਡੇ ਘਰ ਵਿੱਚ ਤਾਂ ਰੋਜ ਹੀ ਸੂਤ ਦਾ ਤਾਣਾ ਤਣਿਆਂ ਜਾਂਦਾ ਹੈ ਅਤੇ ਗਲ ਵਿੱਚ ਜਨੇਊ ਹੈ, ਭਾਵ ਤੇਰੇ ਪਾਸ ਤਾਂ ਥੋੜਾ ਜੇਹਾ ਸੂਤ ਹੈ ਤੇ ਸਾਡੇ ਪਾਸ ਬਹੁਤ ਸਾਰਾ ਹੈ ਅਤੇ ਤੁਸੀ ਤਾਂ ਵੇਦ ਪੜ੍ਹਦੇ ਹੋ, ਗਾਇਤ੍ਰੀ ਦਾ ਜਾਪ ਜਪਦੇ ਹੋ ਅਤੇ ਸਾਡੇ ਰਿਦੇ ਵਿੱਚ ਵਾਹਿਗੁਰੂ ਹੈ, ਭਾਵ ਵੇਦਾਂ ਗਾਇਤ੍ਰੀਆਂ ਦਾ ਵੱਡਾ ਸਾਡੇ ਰਿਦੇ ਵਿਚ ਹੈ।

**ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ ॥ ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਮੇਰੀ ਰਸਨਾ ਤੇ ਵਾਹਿਗੁਰੂ, ਨੇਤ੍ਰਾਂ ਵਿੱਚ ਵਾਹਿਗੁਰੂ ਅਤੇ ਰਿਦੇ ਵਿੱਚ ਵੀ ਵਾਹਿਗੁਰੂ ਵਸਦਾ ਹੈ, ਹੇ ਬੈਰੇ ਮੁਕੰਦੇ! ਤੈਨੂੰ ਜਦ ਜਮ ਦੇ ਬੂਹੇ ਤੇ ਪੁਛਿਆ ਜਾਵੇਗਾ ਤਦ ਤੂੰ ਕੀ ਕਹੇਂਗਾ ?

**ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ॥ਕਬਹੂੰ ਨ ਪਾਰ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ ॥ ੨ ॥**

ਗੋਰੂ=ਗਾਈਆਂ। ਅਸੀ ਭਗਤ ਲੋਕ ਗਾਈਆਂ ਹਾਂ ਤੁਸੀ ਗੁਸਾਂਈ ਮਾਲਕ ਗੁਵਾਲੇ ਹੋ, ਭਾਵ ਸਾਡੀ ਰਖਿਆ ਕਰਨ ਵਾਲੇ ਜਨਮ ੨ ਤੋਂ ਰਖਵਾਲੇ ਚਲੇ ਆਏ ਹੋ ਪਰ ਅਫਸੋਸ ਨਦੀ ਤੋਂ ਪਾਰ ਉਤਾਰਕੇ ਕਦੀ ਵੀ ਸਾਨੂੰ ਵਾਹਿਗੁਰੂ ਦਾ ਨਾਮ ਰੂਪ ਘਾਹ ਨਾ ਚਰਾਇਆ, ਭਾਵ ਸਾਡਾ ਉਧਾਰ ਨਾ ਕੀਤਾ ਤੇ ਕੀਕਣ ਦੇ ਤੁਸੀ ਸਾਡੇ ਖਸਮ ਹੋ ?

**ਤੂੰ ਬਾਮ੍ਹਨੁ ਮੈ ਕਾਸੀ ਕ ਜੁਲਹਾ ਬੂਝਹੁ ਮੋਰ ਗਿਆਨਾ॥ ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ ॥ ੩ ॥ ੪ ॥ ੨੬ ॥**

ਤੂੰ ਬਾਹਮਨ ਹੈਂ ਮੈਂ ਕਾਂਸ਼ੀ ਦੇ ਰਹਿਣ ਵਾਲਾ ਜੁਲਾਹਾ ਹਾਂ। ਭਾਵ ਤੂੰ ਟੇਢੇ ਮਨ ਵਾਲਾ ਹੈਂ ਅਤੇ ਮੈਂ ਵਾਹਿਗੁਰੂ ਦੇ ਨਾਮ ਦਾ ਲਾਭ ਲੈਣ ਵਾਲਾ ਹਾਂ, ਇਕ ਮੇਰਾ ਗਿਆਨ ਬੁਝ ਖਾਂ ਤੂੰ ਤਾਂ ਧਰਤੀ ਦੇ ਪਤੀ ਰਾਜੇ ਮੰਗੇ। ਭਾਵ ਮੰਗਕੇ ਖਾਂਦਾ ਹੈਂ ਅਤੇ ਮੇਰਾ ਇਕ ਵਾਹਿਗੁਰੂ ਵਲ ਧਿਆਨ ਹੈ, ਭਾਵ ਮੈਂ ਕਿਰਤ ਕਰਕੇ ਖਾਂਦਾ ਹਾਂ ਅਤੇ ਹੋਰਨਾਂ ਨੂੰ ਖੁਆਉਂਦਾ ਹਾਂ ਅਤੇ ਨਾਮ ਜਪਦਾ ਹਾਂ ਅਤੇ ਤੂੰ ਝੂਠ ਬੋਲਦਾ ਹੈਂ ਅਤੇ ਮੰਗਕੇ ਖਾਂਦਾ ਹੈਂ।

**ਆਸਾ ॥ ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥ ਸਾਚੁ ਕਰਿ ਹਮ *ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥ ੧ ॥**

ਜਗ ਜੀਵਨ ਰੂਪ ਵਾਹਿਗੁਰੂ ਜੋ ਹੈ ਸੋ ਐਸਾ ਜੀਵਾਂ ਨੇ ਸਮਝਿਆ ਹੈ ਜੈਸਾ ਸੁਪਨਾ ਹੁੰਦਾ ਹੈ, ਭਾਵ ਜਗਤ ਦੇ ਜੀਵਾਉਣ ਵਾਲਾ ਵਾਹਿਗੁਰੂ ਇਕੁਰ ਦਾ ਜਗਤ ਦੇ ਜੀਵਾਂ ਨੇ ਸਮਝਿਆ ਹੋਇਆ ਹੈ ਜਿਕੁਰ ਦਾ ਸੁਪਨਾ ਝੂਠਾ

*ਜਦ ਕਿਸੇ ਨੂੰ ਕਿਸੇ ਗੱਲ ਦਾ ਚੇਤਾ ਨਾ ਰਹੇ ਤਾਂ ਓਹ ਯਾਦ ਰਖਣ ਵਾਸਤੇ ਪੱਲੇ ਨੂੰ ਗੰਢ ਦੇ ਲੈਂਦਾ ਹੈ।

Digitized by Panjab Digital Library | www.panjabdigilib.org

ਹੁੰਦਾ ਹੈ ਅਤੇ ਜੇਹੜਾ ਜੀਉਣਾ ਸੀ ਸੋ ਸੁਪਨੇ ਦੇ ਸਮਾਨ ਤੁਛ ਨਾਸਵੰਤ ਸੀ (ਪਰ ਤਿਸ ਨੂੰ ਅਸਾਂ) ਸੱਚ ਜਾਣ ਕਰਕੇ ਅਸਾਂ ਗੰਢ ਦੇ ਰਖੀ ਹੈ ਅਤੇ ਛੱਡ ਦਿੱਤਾ ਹੈ ਪਰਮ ਨਿਧੀਆਂ ਦਾ ਖਜਾਨਾ ਵਾਹਿਗੁਰੂ।

**ਬਾਬਾ ਮਾਇਆ ਮੋਹ ਹਿਤ ਕੀਨ੍ਹ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ਹ॥ ੧॥ ਰਹਾਉ॥**

ਹਿਰਿ=ਨਾਸ। ਮੋਹ=ਵਿੱਚ ਵਾ ਮੋਹੁ ਪਿਆਰ। ਹੇ ਭਾਈ! ਜੀਵ ਨ ਮੋਹਤ ਹੋਕੇ ਮਾਇਆ ਵਿੱਚ ਹਿਤ ਕੀਤਾ ਹੈ, ਜਿਸ ਮਾਇਆ ਦੇ ਮੋਹ ਨੇ ਗਿਆਨ ਰਤਨ ਨੂੰ ਚੁਰਾ ਲਿਆ ਹੈ।

**ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ॥ ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਨਿ ਲਾਗਿ॥੨॥**

ਕਨਿਕ—ਸੋਨਾ। ਕਾਮਿਨਿ= ਇਸਤ੍ਰੀ। ਜਿੱਕੁਰ ਨੇਤਰੀਂ ਦੇਖਕੇ ਪਤੰਗਾ ਉਲਝ ਪੈਂਦਾ ਹੈ ਤੇ ਪਸ਼ੂ ਅੱਗ ਨੂੰ ਨਹੀਂ ਵੇਖਦਾ ਇਕੁਰ ਹੀ ਮੂਰਖ ਜੀਵ ਵਾਹਿਗੁਰੂ ਨੂੰ ਨਹੀਂ ਯਾਦ ਕਰਦਾ ਅਤੇ ਸੋਨੇ ਇਸਤ੍ਰੀ ਆਦਿਕ ਵੱਲ ਲੱਗਾ ਹੋਯਾ ਹੈ ਕਿਸੇ ਦਿਨ ਉਸ ਪਤੰਗੇ ਵਾਕੁਰ ਕਾਲ ਦੀ ਫਾਹੀ ਆ ਪਵੇਗੀ ਵਾ ਕਾਲ ਫਾਸ ਨੂੰ ਨਹੀਂ ਯਾਦ ਕਰਦਾ॥

**ਕਰਿ ਬਿਚਾਰੁ ਬਿਕਾਰ ਪਰਹਰਿ ਤਰਨਤਾਰਨ ਸੋਇ॥ ਕਹਿ ਕਬੀਰ ਜਗ ਜੀਵਨੁ ਐਸਾ ਦੁਤੀਅ ਨਾਹੀ ਕੋਇ॥ ੩॥ ੫॥ ੨੭॥**

ਪਰਹਰਿ=ਤਿਆਗ। ਵਾਹਿਗੁਰੂ ਦੀ ਵਿਚਾਰ ਕਰ ਅਤੇ ਵਿਕਾਰਾਂ ਨੂੰ ਛੱਡ ਕਿਉਂਕਿ ਸੰਸਾਰ ਸਮੁੰਦਰ ਤੋਂ ਤਾਰਨ ਨੂੰ ਜਹਾਜ ਓਹੋ ਵਾਹਿਗੁਰੂ ਹੈ, ਕਬੀਰ ਜੀ ਕਹਿੰਦੇ ਹਨ ਜਗ ਜੀਵਨ ਇੱਕੁਰ ਦਾ ਹੈ ਜਿਸਦੇ ਬਰਾਬਰ ਦੂਜਾ ਕੋਈ ਨਹੀਂ ਹੈ।

"ਜਿੱਕੁਰ ਨਕਲੀਆ ਬਹੁਤੇ ਰੂਪ ਬਣੌਂਦਾ ਹੈ ਤਿਕੁਰ ਹੀ ਜੀਵ ਜੂਨੀਆਂ ਵਿੱਚ ਪੈਕੇ ਬਹੁਤੇ ਰੂਪ ਧਾਰਦਾ ਹੈ"

**ਆਸਾ॥ ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ॥ ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ॥ ੧॥**

ਫੁਨਿ=ਫੇਰ। ਜਦ ਮੈਂ ਵਾਹਿਗੁਰੂ ਵਲੋਂ ਬੇਮੁਖ ਸੀ ਤਾਂ ਮੈਂ ਬਹੁਤ

Digitized by Panjab Digital Library | www.panjabdigilib.org

ਸਾਰੇ ਰੂਪ ਕੀਤੇ ਸਨ ਭਾਵ ਬਹੁਤ ਜਨਮ ਲੀਤੇ ਸਨ ਹੁਣ ਫੇਰ ਇਕ ਰੂਪ ਵੀ ਨਹੀਂ ਹੁੰਦਾ ਭਾਵ ਹੁਣ ਵਾਹਿਗੁਰੂ ਨਾਲ ਮਿਲ ਗਏ ਹਾਂ ।

ਤੰਤੁ=ਤੰਤ, ਤਾਰ । ਮੋਹ ਰੂਪ ਧਾਗਾ, ਵਾਸ਼ਨਾਂ ਰੂਪ ਤਾਰਾਂ, ਇਤਯਾਦਿਕ ਹੋਰ ਜੇਹੜਾ ਸਾਜ ਸੀ ਸੋ ਸਭ ਥਕ ਗਿਆ ਭਾਵ ਟੁੱਟ ਗਿਆ ਵਾ ਮੈਂ ਉਨ੍ਹਾਂ ਦੇ ਵਜੌਣ ਵੱਲੋਂ ਥਕ ਗਿਆ ਹਾਂ ਕਿਉਂਕਿ ਵਾਹਿਗੁਰੂ ਦੇ ਨਾਮ ਦੇ ਵੱਸ ਮੇਰੀ ਅਕਲ ਹੋਗਈ ਹੈ ਵਾ ਵਾਹਿਗੁਰੂ ਵਿੱਚ ਵੱਸੀ ਹੋਈ ਹੈ ।

**ਅਬ ਮੋਹਿ ਨਾਚਨੋ ਨ ਆਵੈ॥ ਮੇਰਾ ਮਨੁ ਮੰਦਰੀਆ ਨ ਬਜਾਵੈ ॥ ੧ ॥ ਰਹਾਉ ॥**

ਮੰਦਰੀਆ=ਮ੍ਰਦੰਗ ਵਾ ਢੋਲ । ਹੁਣ ਮੈਨੂੰ ਨੱਚਣਾ ਨਹੀਂ ਔਂਦਾ, ਭਾਵ ਜੂਨਾਂ ਵਿੱਚ ਪੈਣਾ ਨਹੀਂ ਆਉਂਦਾ ਅਤੇ ਨਾ ਹੀ ਮੇਰਾ ਮਨ ਦ੍ਵੈਤ ਰੂਪ ਢੋਲਕੀ ਬਜੌਂਦਾ ਹੈ ।

**ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥ ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ॥ ੨ ॥**

ਕਾਮ ਕ੍ਰੋਧ ਮਾਇਆ ਫੜਕੇ ਸਾੜ ਦਿੱਤੀ ਹੈ ਅਤੇ ਤ੍ਰਿਸ਼ਨਾ ਗਾਗਰ ਵੀ ਫੁੱਟ ਗਈ ਹੈ ਅਤੇ ਕਾਮ ਰੂਪ ਚੋਲਣਾ ਵੀ ਪੁਰਾਣਾ ਹੋ ਗਿਆ ਹੈ ਅਤੇ ਭਰਮ ਵੀ ਸਾਰਾ ਛੁਟ ਗਿਆ ਹੈ ਵਾ ਅਸੀ ਭਰਮ ਤੋਂ ਛੁਟ ਗਏ ਹਾਂ ।

**ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ॥ ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ ॥ ੩ ॥ ੬ ॥ ੨੮ ॥**

ਭੂਤ=ਜੀ ਪੰਜਾਂ ਭੂਤਾਂਦੇ । ਬਾਦ=ਬਿਅਰਥ । ਬਿਬਾਦਾ=ਝਗੜਾ । ਸਾਰਿਆਂ ਜੀਵਾਂ ਵਿੱਚ ਇਕ ਵਾਹਿਗੁਰੂ ਜਾਨਣਾ ਕੀਤਾ ਹੈ ਅਤੇ ਬਿਅਰਥ ਝਗੜੇ ਚੁਕ ਗਏ ਹੁਣ ਕਬੀਰ ਜੀ ਕਹਿੰਦੇ ਹਨ ਵਾਹਿਗੁਰੂ ਦੀ ਕਿਰਪਾ ਹੋਣ ਕਰਕੇ ਮੈਂ ਪੂਰਾ ਗਿਆਨ ਪਾ ਲਿਆ ਹੈ ।

"ਉਪਦੇਸ਼"

**ਆਸਾ ॥ ਰੋਜਾਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥ ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ**

Digitized by Panjab Digital Library | www.panjabdigilib.org

***ਝਖ ਮਾਰੈ ॥ ੧ ॥**

ਸੰਘਾਰੈ=ਮਾਰੇ। ਰੋਜ਼ਿਆਂ ਨੂੰ ਧਾਰਦਾ ਹੈਂ ਅੱਲਾ ਨੂੰ ਮਨਾਉਂਦਾ ਹੈਂ ਅਤੇ ਸੁਆਦ ਵਾਸਤੇ ਜੀਆਂ ਨੂੰ ਮਾਰਦਾ ਹੈਂ, ਆਪਣੇ ਵਲ ਦੇਖਦਾ ਹੈਂ ਅਤੇ ਹੋਰਨਾਂ ਵਲ ਨਹੀਂ ਭਾਵ ਜਿਹਾਕੁ ਤੂੰ ਆਪਣੀ ਪਿਆਰੀ ਜਾਨ ਸਮਝਦਾ ਹੈਂ ਏਹੋ ਜੇਹੀ ਹੋਰਨਾਂ ਦੀ ਹੈ, ਇਸ ਲਈ ਜੀਆਂ ਨੂੰ ਮਾਰਕੇ ਕਿਉਂ ਝਖਾਂ ਮਾਰਦਾ ਹੈਂ ਏਹ ਨਿਮਾਜ ਰੋਜ਼ੇ ਐਵੇਂ ਝਖਾਂ ਮਾਰਨੀਆਂ ਹਨ।

**ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰ ਨ ਦੇਖੈ ॥ ਖਬਰਿ ਨ ਕਰਹਿ ਦੀਨ ਕੇ ਬਉਰੇ ਤਾਂਤੇ ਜਨਮੁ ਅਲੇਖੈ ॥ ੧ ॥ ਰਹਾਉ ॥**

ਹੇ ਕਾਜ਼ੀ! ਵਾਹਿਗੁਰੂ ਇਕ ਤੇਰੇ ਵਿਚ ਹੀ ਅਤੇ ਤੇਰਾ ਹੀ ਹੈ ਇਹ ਸੋਚ ਵਿਚਾਰਕੇ ਤੂੰ ਨਹੀਂ ਦੇਖਦਾ ਵਾ ਸਾਨੂੰ ਇਸਦੀ ਬੜੀ ਸੋਚ ਹੈ ਪਰ ਤੂੰ ਵਿਚਾਰ ਕੇ ਨਹੀਂ ਦੇਖਦਾ, ਹੇ ਦੀਨ ਦੇ ਬੌਰੇ ਤੂੰ ਕਿਸੇ ਨੂੰ ਅੱਲਾ ਦੀ ਖਬਰ ਨਹੀਂ ਕਰਦਾ ਭਾਵ ਉਪਦੇਸ਼ ਨਹੀਂ ਦੇਂਦਾ, ਇਸ ਲਈ ਤੇਰਾ ਜਨਮ ਲੇਖੇ ਤੋਂ ਬਿਨਾ ਬਿਅਰਥ ਹੈ।

**ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁਨਹੀਕੋਈ॥ ਪਢੇ ਗੁਨੇਨਾਹੀ ਕਛੂ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥ ੨ ॥**

ਗੁਨੇ=ਵਿਚਾਰੇ। ਕਿਤਾਬ ਨੂੰ ਸੱਚੀ ਆਖਦਾ ਹੈਂ ਵਾ ਸੱਚੇ ਵਾਹਿਗੁਰੂ ਨੂੰ ਕੁਰਾਨ ਸ਼ਰੀਫ ਕਤੇਬ ਕੈਂਹਦੀ ਹੈ ਕਿ ਓਹ ਨਾਰਿ ਪੁਰਖ ਤੇ ਕੋਈ ਨਹੀਂ ਭਾਵ ਵਾਹਿਗੁਰੂ ਨਾ ਇਸਤ੍ਰੀ ਹੈ ਨਾ ਪੁਰਖ ਹੈ ਵਾ ਸਭ ਕਿਤਾਬਾਂ ਏਹ ਸੱਚ ਆਖਦੀਆਂ ਹਨ ਕਿ ਇਕ ਵਾਹਿਗੁਰੁ ਸੱਚਾ ਹੈ ਅਤੇ ਹੋਰ ਇਸਤ੍ਰੀ ਪੁਰਖ ਸਭ ਝੂਠੇ ਹਨ ਇਸਥਿਤ ਰਹਿਣ ਵਾਲਾ ਕੋਈ ਨਹੀਂ। ਹੇ ਬੌਰੇ! ਜੇ ਦਿਲ ਵਿਚ ਅੱਲਾ ਦੀ ਖਬਰ ਨਹੀਂ ਤਾਂ ਪੜ੍ਹਿਆਂ ਸੁਣਿਆਂ ਕੁਝ ਨਹੀਂ ਹੁੰਦਾ।

**ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥ ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥ ੩ ॥ ੭ ॥ ੨੯ ॥**

*ਝਖ=ਮੱਛੀ ਨੂੰ ਵੀ ਭਾਸ਼ਾ ਵਿਚ ਆਖਦੇ ਹਨ।

Digitized by Panjab Digital Library | www.panjabdigilib.org

ਗੈਬੁ=ਛੁਪਿਆ ਹੋਯਾ । ਭੀਤਰਿ=ਅੰਦਰ। ਅੱਲਾ ਸਾਰਿਆਂ ਵਿਚ ਛੁਪਿਆ ਹੋਯਾ ਹੈ ਤੂੰ ਆਪ ਆਪਨੇ ਰਿਦੇ ਵਿਚ ਵਿਚਾਰਕੇ ਦੇਖ ਲੈ। ਹਿੰਦੂ ਅਤੇ ਤੁਰਕ ਦੋਹਾਂ ਵਿਚ ਇਕੋ ਹੀ ਹੈ, ਕਬੀਰ ਜੀ ਪੁਕਾਰ ਕੇ ਆਖਦੇ ਹਨ।

**ਆਸਾ॥ਤਿਪਦਾ॥ਇਕ ਤੁਕਾ॥ਕੀਓ ਸਿੰਗਾਰੁਮਿਲਨ ਕੇ ਤਾਈ॥ਹਰਿ ਨ ਮਿਲੇ ਜਗ ਜੀਵਨ ਗੁਸਾਈ ॥ ੧ ॥**

ਮੈਂ ਵਾਹਿਗੁਰੂ ਦੇ ਮਿਲਨ ਵਾਸਤੇ ਸ਼ਿੰਗਾਰ ਕੀਤਾ ਭਾਵ ਸਾਧਨ ਕੀਤੇ ਪਰ ਜਗ ਜੀਵਨ ਗੁਸਾਂਈ ਵਾਹਿਗੁਰੂ ਮੈਨੂੰ ਨਹੀਂ ਮਿਲਦਾ।

**ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥ ਰਾਮ ਬਡੇ ਮੈ ਤਨਕ ਲਹੁਰੀਆ ॥ ੧ ॥ ਰਹਾਉ ॥**

ਬਹੁਰੀਆ=ਇਸਤ੍ਰੀ ।. ਤਨਕ=ਥੋੜਾ । ਲਹੁਰੀਆ=ਛੋਟੀ । ਵਾਹਿਗੁਰੂ ਮੇਰਾ ਪਤੀ ਹੈ ਅਤੇ ਮੈਂ ਵਾਹਿਗੁਰੂ ਦੀ ਇਸਤ੍ਰੀ ਹਾਂ ਕੇਵਲ ਫਰਕ ਏਹ ਹੈ ਕਿ ਵਾਹਿਗੁਰੂ ਵਡੇ ਹਨ ਮੈਂ ਬਹੁਤ ਹੀ ਛੋਟਾ (ਸਾਗਰ ਬੂੰਦ ਵਾਂਙੂ) ਹਾਂ।

**ਧਨ ਪਿਰ ਏਕੈ ਸੰਗਿ ਬਸੇਰਾ॥ਸੇਜ ਏਕ ਪੈ ਮਿਲਨੁ ਦੁਹੇਰਾ ॥ ੨ ॥**

ਧਨ=ਇਸਤ੍ਰੀ । ਦੁਹੇਰਾ=ਔਖਾ । ਜੀਵ ਰੂਪ ਇਸਤ੍ਰੀ ਅਤੇ ਵਾਹਿਗੁਰੂ ਰੂਪ ਪਤੀ ਦਾ ਵੀ ਇਕ ਸਰੀਰ ਨਾਲ ਹੀ ਵਾਸਾ ਹੈ, ਰਿਦੇ ਰੂਪ ਸੇਜਾ ਵੀ ਇਕ ਹੈ ਪਰ ਮਿਲਣਾ ਬੜਾ ਔਖਾ ਹੈ।

**ਧੰਨਿ ਸੁਹਾਗਨਿ ਜੋ ਪੀਅ ਭਾਵੈ॥ਕਹਿ ਕਬੀਰਫਿਰਿ ਜਨਮਿ ਨ ਆਵੈ ॥ ੩ ॥ ੮ ॥ ੩੦ ॥**

ਸੋ ਸੁਹਾਗਣਿ ਧੰਨ ਹੈ ਜੇਹੜੀ ਵਾਹਿਗੁਰੂ ਪਿਆਰੇ ਨੂੰ ਭਾਉਂਦੀ ਹੈ, ਕਬੀਰ ਜੀ ਕਹਿੰਦੇ ਹਨ ਫਿਰ ਉਹ ਜਨਮ ਵਿਚ ਨਹੀਂ ਔਂਦੀ।

## ਆਸ਼ਾ ਸ੍ਰੀ ਕਬੀਰ ਜੀਉਕੇ ਦੁਪਦੇ

## ੧ ੴ ਸਤਿਗੁਰਪ੍ਰਸਾਦਿ ॥

**ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ**

Digitized by Panjab Digital Library | www.panjabdigilib.org

**ਸਮਾਈ ॥ ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥ ੧ ॥**

ਬੇਧਿ=ਵਿੰਨ੍ਹਿਆਂ। ਜਿੱਕਰ ਹੀਰੇ ਨਾਲ ਹੀਰਾ ਵਿੰਨ੍ਹਿਆਂ ਜਾਂਦਾ ਹੈ ਤਾਂ ਉਹ ਮਣਕੇ ਪਰੋਏ ਜਾਂਦੇ ਹਨ। ਇੱਕੁਰ ਹੀ (ਜਦ ਸੁਆਸਾਂ ਨੂੰ ਰੋਕਿਆ ਅਤੇ) ਹੀਰੇ ਵਾਹਿਗੁਰੂ ਨਾਲ ਹੀਰਾ ਜੀਵ ਮਿਲਿਆ ਤਾਂ ਪਵਨ ਵਤ ਮਨ ਉੱਡਣ ਵਾਲਾ ਸਹਿਜੇ ਹੀ ਵਾਹਿਗੁਰੂ ਵਿੱਚ ਸਮਾ ਰਿਹਾ। ਸਾਰੇ ਚੰਦ੍ਰਮਾਂ ਸੂਰਜ ਆਦਿਕ ਦੀ ਜੋਤਿ ਇਸ ਵਾਹਿਗੁਰੂ ਰੂਪ ਹੀਰੇ ਨੇ ਵਿੰਨ੍ਹੀ ਹੋਈ ਹੈ। (ਵਾ ਇਸ ਵਿੱਚ ਮਿਲੀ ਹੋਈ ਹੈ) ਸਭ ਵਾਹਿਗੁਰੂ ਦੇ ਹੁਕਮ ਅਨੁਸਾਰ ਪ੍ਰਕਾਸ਼ ਕਰਦੇ ਹਨ ਏਹ ਗਲ ਮੈਂ ਗੁਰਾਂ ਦੇ ਬਚਨਾਂ ਦੁਆਰਾ ਪਾਈ ਹੈ।

**ਹਰਿ ਕੀ ਕਥਾ ਅਨਾਹਦ ਬਾਨੀ ॥ ਹੰਸੁ ਹੋਇ ਹੀਰਾ ਲੇਇ ਪਛਾਨੀ ॥ ੧ ॥ ਰਹਾਉ ॥**

ਅਨਾਹਦ=ਇਕ ਰਸ। ਬਾਨੀ=ਬਣ ਰਹੀ ਹੈ। ਵਾਹਿਗੁਰੂ ਦੀ ਕਥਾ ਇਕ ਰਸ ਬਣ ਰਹੀ ਹੈ, ਮਨ ਸਰੋਵਰ ਰੂਪ ਸਤਸੰਗ ਵਿਚ ਜਾਕੇ ਜੇਹੜਾ ਅੰਦਰੋਂ ਬਾਹਰੋਂ ਹੰਸ ਵਤ ਨਿਰਮਲ ਹੈ ਉਹ ਹੀਰਾ ਗਯਾਨ, ਨਾਮ, ਪਛਾਣ ਲੈਂਦਾ ਹੈ।

**ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹਿ ਰਹਾ ਸਮਾਈ ॥ ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ ॥ ੨ ॥ ੧ ॥ ੩੧ ॥**

ਗਮ=ਪਹੁੰਚਣਾ। ਕਬੀਰ ਜੀ ਕਹਿੰਦੇ ਹਨ ਅਸਾਂ ਇਕੁਰ ਦਾ ਹੀਰਾ ਵੇਖਿਆ ਹੈ ਜੇਹੜਾ ਸਾਰੇ ਜੱਗ ਵਿੱਚ ਸਮਾ ਰਿਹਾ ਹੈ, ਛੁਪਿਆ ਹੋਇਆ ਹੀਰਾ ਪ੍ਰਗਟ ਹੋਇਆ ਹੈ ਜਦੋਂ ਪਹੁੰਚਿਆਂ ਹੋਇਆਂ ਗੁਰਾਂ ਨੇ ਦਿਖਾ ਦਿੱਤਾ।

"ਬੁਧੀ ਰੂਪ ਇਸਤ੍ਰੀ"

**ਆਸਾ ॥ ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ ॥ ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ ॥ ੧ ॥**

ਉਦਰਿ=ਪੇਟ। ਪਹਿਲੀ ਕਰੂਪਣਿ, ਕੁਜਾਤਣਿ ਕੁਲਖਣੀ

Digitized by Panjab Digital Library | www.panjabdigilib.org

ਸੁਹੁਰੇ ਪੇਕੇ ਬੁਰੀ ਸੀ, ਹੁਣ ਦੀ ਸਰੂਪਨਿ ਸੁਜਾਨਿ ਸੁਲਖਨੀ ਸਹਿਜੇ ਹੀ ਪੇਟ ਤੇ ਰਖੀ ਹੈ।

**ਭਲੀ ਸਰੀ ਮੁਈ ਮੇਰੀ ਪਹਿਲੀ ਬਰੀ॥ ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ॥੧॥ ਰਹਾਉ॥**

ਭਲੀ ਹੋਈ ਜੋ ਮੇਰੀ ਪਹਿਲੀ ਬਰੀ ਹੋਈ ਮਰ ਗਈ, ਜੁਗ ਜੁਗ ਜੀਵੇ ਮੇਰੀ ਹੁਣ ਦੀ (ਧਰੀ) ਧਾਰਨ ਕੀਤੀ ਹੋਈ।

**ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ॥ ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ॥੨॥੨॥੩੨॥**

ਲਹੁਰੀ=ਛੋਟੀ। ਜੇਠੀ=ਵੱਡੀ। ਕਬੀਰ ਜੀ ਕਹਿੰਦੇ ਹਨ ਜਦ ਛੋਟੀ ਆਈ ਤਾਂ ਵੱਡੀ (ਵਿਸ਼ੇ ਧਰਾਇਣ ਬੁੱਧੀ ਰੂਪ) ਇਸਤ੍ਰੀ ਦਾ ਸੁਹਾਗ ਦੂਰ ਹੋਗਿਆ ਭਾਵ ਮਰ ਗਈ, ਛੋਟੀ ਹੁਣ ਮੇਰੇ ਨਾਲ ਹੋ ਗਈ ਹੈ ਤੇ ਵੱਡੀ ਨੇ ਹੋਰ ਪਤੀ ਧਾਰਨ ਕਰ ਲਿਆ ਹੈ, ਭਾਵ ਇਹ ਬੁਰੀ ਹੋਰ ਕਿਸੇ ਮਨਮੁਖ ਪਾਸ ਚਲੀ ਗਈ ਹੈ।

"ਕਬੀਰ ਜੀ ਦੀ ਮਾਈ"

**ਆਸਾ॥ ਮੇਰੀ ਬਹੁਰੀਆ ਕੋ ਧਨੀਆ ਨਾਉ॥ ਲੇ ਰਾਖਿਓ ਰਾਮ*ਜਨੀਆ ਨਾਉ॥੧॥**

ਬਹੁਰੀਆ=ਬਹੂ, ਨੂੰਹ। ਮੇਰੀ ਨੂੰਹ ਦਾ ਧਨਵੰਤੀ ਨਾਮ ਸੀ ਏਹਨਾਂ ਸੰਤਾਂ ਨੇ ਰਾਮ ਜਨੀਆ ਨਾਮ ਲੈ ਰਖਿਆ ਹੈ।

**ਇਨ੍ਹ ਮੁੰਡੀਅਨ ਮੇਰਾ ਘਰੁ ਧੁੰਧਰਾਵਾ॥ ਬਿਟਵਹਿ ਰਾਮ ਰਮਊਆ ਲਾਵਾ॥੧॥ ਰਹਾਉ॥**

ਧੁੰਧਰਾਵਾ=ਧੂੜ ਨਾਲ ਮਿਲਾ ਦਿਤਾ। ਬਿਟਵਹਿ=ਪੁਤ। ਏਨਾਂ ਸੰਤਾਂ ਮੁੰਡਿਆਂ ਨੇ ਮੇਰਾ ਘਰ ਧੂੜ ਨਾਲ ਮਿਲਾ ਦਿੱਤਾ ਹੈ ਮੇਰੇ ਪੁਤ੍ਰ ਨੂੰ ਵੀ ਨਾਲ ਰਾਮ ਰਾਮ ਸਿਮਰ ਲਾ ਰਖਿਆ ਹੈ ਵਾ ਪੁਤ੍ਰ ਨੇ ਉਹਨਾਂ ਨਾਲ ਮਿਲਕੇ ਰਾਮ ਰਾਮ ਲਾਇਆ।

**ਕਹਤੁ ਕਬੀਰ ਸੁਨਹੁ ਮੇਰੀ ਮਾਈ॥ ਇਨ ਮੁੰਡੀਅਨ**

*ਰਾਮਜਨੀਆ=ਵਾਹਿਗੁਰੂ ਦੀ ਦਾਸੀ ਦਾ ਨਾਮ ਹੈ ਅਤੇ ਪੂਰਬ ਵੱਲ ਵੇਸਵਾ ਨੂੰ ਵੀ ਆਖਦੇ ਹਨ।

Digitized by Panjab Digital Library | www.panjabdigilib.org

**ਮੇਰੀ ਜਾਤਿ ਗਵਾਈ ॥ ੨ ॥ ੩ ॥ ੩੩ ॥**

ਕਬੀਰ ਜੀ ਕਹਿੰਦੇ ਹਨ ਹੇ ਮੇਰੀ ਮਾਈ ਸੁਣੋਂ ! ਏਹਨਾਂ ਮੁੰਡਿਆਂ ਨੇ ਮੇਰੀ ਜ਼ਾਤ ਗਵਾ ਦਿਤੀ ਹੈ ਭਾਵ ਮੈਨੂੰ ਉੱਚਾ ਬਣਾ ਦਿਤਾ ਹੈ।

"ਗੁਰੂ ਘਰ ਵਿਚ ਸਿੰਘਣੀਆਂ ਨੂੰ ਘੁੰਡ ਕਢਣਾ ਨਹੀਂ ਚਾਹੀਦਾ"

**ਆਸਾ ॥ ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥ ਅੰਤ ਕੀ ਬਾਰ ਲਹੈਗੀ ਨ ਆਢੈ॥੧॥ਰਹਾਉ ॥**

ਬਹੁਰੀਆ=ਬਹੂ, ਨੂੰਹ। ਆਢੈ=ਅੱਧੀ ਕੌਡੀ। ਜਿਨਿ=ਮਤਿ, ਨਹੀਂ। ਰਹੁ ਰਹੁ ਰੀ ਬਹੂ ਘੁੰਡ ਮਤ ਕੱਢ, ਅੰਤ ਦੇ ਵੇਲੇ ਅੱਧੀ ਕੌਡੀ ਵੀ ਨਾ ਲਏਂਗੀ।

**ਘੂੰਘਟੁ ਕਾਢਿ ਗਈ ਤੇਰੀ ਆਗੈ ॥ ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥ ੧ ॥**

ਗੈਲਿ=ਰਸਤਾ। ਜਿਨਿ=ਮਤ, ਨਾ। ਅਗੇ ਤੇਰੀ ਇਕ ਸੌਂਕਣ ਘੁੰਡ ਕਢ ਗਈ ਹੈ,ਭਾਵ ਮਰ ਗਈ ਹੈ ਉਸਦੀ ਪਟੜੀ ਤੂੰ ਮਤ ਲਗ।

**ਘੂੰਘਟੁ ਕਾਢੇ ਕੀ ਇਹੈ ਬਡਾਈ ॥ ਦਿਨ ਦਸ ਪਾਂਚ ਬਹੂ ਭਲੇ ਆਈ ॥ ੨ ॥**

ਘੁੰਡ ਕੱਢਣ ਦੀ ਏਹ ਵਡਿਆਈ ਹੋਇਆ ਕਰਦੀ ਹੈ ਕਿ ਪੰਜ ਦਸ ਦਿਨ ਬਹੂ ਭਲੀ ਬਣ ਆਉਂਦੀ ਹੈ ਭਾਵ ਥੋੜ੍ਹਾ ਚਿਰ ਹੀ ਲੋਕ ਉਸਨੂੰ ਹੱਛੀ ਆਖਦੇ ਹਨ।

**ਘੂੰਘਟੁ ਤੇਰੋ ਤਉ ਪਰਿ ਸਾਚੈ ॥ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥ ੩ ॥**

ਤਾਂ ਪਰ ਤੇਰਾ ਘੁੰਡ ਅਸੀ ਸੱਚਾ ਸਮਝਾਂਗੇ ਕਿ ਵਾਹਿਗੁਰੂ ਦੇ ਗੁਣ ਗਾਵੇਂ ਅਤੇ ਕੁੱਦੇਂ ਨੱਚੇਂ।

**ਕਹਤ ਕਬੀਰ ਬਹੂ ਤਬ ਜੀਤੈ ॥ ਹਰਿ ਗੁਨ ਗਾਵਤ ਜਨਮੁ ॥ ੪ ॥ ੧ ॥ ੩੪ ॥**

ਕਬੀਰ ਜੀ ਕਹਿੰਦੇ ਹਨ ਬੁੱਧੀ ਰੂਪ ਬਹੂ ਤਦ ਆਪਣੇ ਜਨਮ ਨੂੰ ਜਿੱਤ ਜਾਂਦੀ ਹੈ ਜੇ ਵਾਹਿਗੁਰੂ ਦੇ ਗੁਣ ਗਾਉਂਦਿਆਂ ਜਨਮ ਨੂੰ ਬਿਤੀਤ ਕਰੇ।

Digitized by Panjab Digital Library | www.panjabdigilib.org

{ਜਿੱਕੁਰ ਲੋਈ ਆਪਣੀ ਅਵਗਜਾ ਬਖਸ਼ਾਉਂਦੀ ਹੈ ਤਿੱਕੁਰ ਅੰਨਜੋਕਤੀ ਵਰਨਨ}

**ਆਸਾ ॥*ਕਰਵਤੁ ਭਲਾ ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ੧ ॥**

ਕਰਵਤੁ=ਕਾਂਸ਼ੀ ਦਾ ਕਰਵਤ=ਆਰਾ । ਕਰਵਟ=ਪਿਠ ਫੇਰਨੀ। ਕਰਵਤ ਹੱਛਾ ਹੈ ਪਰ ਕਰਵਟ ਤੇਰੀ ਹੱਛੀ ਨਹੀਂ, ਗਲ ਲਗਾਕੇ ਮੇਰੀ ਬੇਨਤੀ ਸੁਣ।

**ਹਉ ਵਾਰੀ ਮੁਖ ਫੇਰਿ ਪਿਆਰੇ॥ ਕਰਵਟੁ ਦੇ ਮੋਕਉ ਕਾਹੇ ਕਉ ਮਾਰੇ ॥ ੧ ॥ ਰਹਾਉ ॥**

ਹੇ ਪਿਆਰੇ ਮੈਂ ਵਾਰੀ ਜਾਵਾਂ ਮੇਰੀ ਵਲ ਮੂੰਹ ਕਰੋ ! ਪਿੱਠ ਦੇਕੇ ਮੈਨੂੰ ਕਿਉਂ ਮਾਰਦੇ ਹੋ ?

**ਜਉ ਤਨੁ ਚੀਰਹਿ ਅੰਗਿ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥ ੨ ॥**

ਪਿੰਡੁ=ਸਰੀਰ। ਪਰੈ=ਪਰੇ ਹੋ ਜਾਵੇ, ਡਿਗ ਪਵੇ ਭਾਵ ਮਰ ਜਾਵੇ। ਸਰੀਰ ਨੂੰ (ਆਰੇ ਨਾਲ ਵੀ) ਚੀਰੋ ਤੇ ਤਾਂ ਵੀ ਅੰਗ ਨਾ ਮੋੜਾਂਗੀ, ਸਰੀਰ ਨਾਸ ਹੋ ਜਾਵੇ ਪਰ ਪ੍ਰੀਤੀ ਫੇਰ ਵੀ ਨਾ ਤੋੜਾਂਗੀ।

**ਹਮ ਤੁਮ ਬੀਚੁ ਭਇਓ ਨਹੀ ਕੋਈ ॥ ਤੁਮਹਿ ਸੁ ਕੰਤ ਨਾਰਿ ਹਮ ਸੋਈ ॥ ੩ ॥**

ਹਮਾਰੇ ਤੁਮਾਰੇ ਵਿੱਚ ਕੋਈ ਭੇਦ ਨਹੀਂ ਪਿਆ, ਤੁਸੀ ਸੋਈ ਕੰਤ ਹੋ ਮੈਂ ਸੋਈ ਨਾਰੀ ਹਾਂ।

**ਕਹਤੁ † ਕਬੀਰ ਸੁਨਹੁ ਰੇ ਲੋਈ॥ਅਬ ਤੁਮਰੀ ਪ੍ਰਤੀਤਿ ਨ ਹੋਈ ॥ ੪ ॥ ੨ ॥ ੩੫ ॥**

ਕਬੀਰ ਜੀ ਕਹਿੰਦੇ ਹਨ ਹੇ ਲੋਈ ਸੁਣ ! ਹੁਣ ਤੇਰੀ ਸਾਨੂੰ ਪਰਤੀਤ ਨਹੀਂ ਹੁੰਦੀ।

---

*ਪਿਛਲੇ ਸਮੇਂ ਵਿੱਚ ਪਾਂਡਿਆਂ ਨੇ ਲੋਕਾਂ ਨੂੰ ਮਾਰਕੇ ਪੈਸਾ ਖੋਹਣ ਦਾ ਪਾਖੰਡ ਬਣਾਇਆ ਹੋਯਾ ਸੀ, ਆਖਦੇ ਸੀ ਇਸ ਆਰੇ ਦੁਆਰਾ ਸ਼ਿਵਜੀ ਮੁਕਤੀ ਕਰਦੇ ਹਨ। †ਬ੍ਰਹਮਗਜਾਨੀ ਨੂੰ ਮੁਕਤੀ ਆਖਦੀ ਹੈ। ਏਹ ਮਹਾਨ ਆਸ਼ਾ ਕਬੀਰ ਜੀ ਦਾ ਗੁਪਤ ਹੈ।

Digitized by Panjab Digital Library | www.panjabdigilib.org

"ਵਾਹਿਗੁਰੂ ਰੂਪ ਜੁਲਾਹਾ ਵਰਨਨ"

**ਆਸਾ ॥ ਕੋਰੀ ਕੋ ਕਾਹੂ ਮਰਮੁ ਨ ਜਾਨਾਂ ॥ ਸਭੁ ਜਗੁ ਆਨਿ ਤਨਾਇਓ ਤਾਨਾਂ ॥ ੧ ॥ ਰਹਾਉ ॥**

ਕੋਰੀ=ਜੁਲਾਹਾ। ਮਰਮੁ=ਭੇਦ। ਜੁਲਾਹੇ ਦਾ ਭੇਦ ਕਿਸੇ ਨਹੀਂ ਜਾਣਿਆਂ, ਸਾਰਾ ਹੀ ਜੱਗ ਜਿਸ ਨੇ ਆਣਕੇ ਤਾਣਾਂ ਤਣਿਆ ਵਾ ਸ਼ਕਤੀ ਨਾਲ ਮਿਲ ਕੇ ਤਣਾਇਆ ਹੈ।

**ਜਬ ਤੁਮ ਸੁਨਿ ਲੇ ਬੇਦ ਪੁਰਾਨਾਂ ॥ ਤਬ ਹਮ ਇਤਨਕੁ ਪਸਰਿਓ ਤਾਨਾਂ ॥ ੧ ॥**

ਜਦ ਤੂੰ ਸੁਣ ਲਵੇਂ ਵੇਦ ਪੁਰਾਣ ( ਭਾਵ ਤੂੰ ਵੇਦਾਂ ਪੁਰਾਨਾਂ ਦੇ ਖਪਤ ਵਿੱਚ ਪਿਆ ਰਹਿੰਦਾ ਹੈਂ ਅਤੇ ਉਸ ਵਾਹਿਗੁਰੂ ਦੇ ਭਾਣੇ ਦਾ ਭੇਦ ਨਹੀਂ ਜਾਣਦਾ) ਤਦ ਅਸਾਂ ਇਤਨਾਕੁ ਤਾਣਾਂ ਪਸਾਰਿਆ ਹੈ (ਭਾਵ ਸੰਤਾਂ ਕਰਕੇ ਤਾਣਾ ਪਸਾਰਨ ਵਾਲੇ ਨੂੰ ਜਾਣਿਆਂ ਹੈ)। ਵਾ ਤੇਰਾ ਕੰਮ ਵੇਦ ਪੁਰਾਨ ਪੜ੍ਹਕੇ ਲੋਕਾਂ ਨੂੰ ਲੁਟਣਾ, ਸਾਡਾ ਕੰਮ ਦਸਾਂ ਨਵਾਂ ਦੀ ਕਮਾਈ ਕਰਕੇ ਵੰਡ ਛਕਣਾ।

**ਧਰਨਿ ਅਕਾਸ ਕੀ ਕਰਗਹ ਬਨਾਈ ॥ ਚੰਦੁ ਸੂਰਜੁ ਦੁਇ ਸਾਥ ਚਲਾਈ ॥ ੨ ॥**

ਕਰਗਹ=ਕੰਘੀ। ਧਰਤੀ ਅਕਾਸ ਦੀ ਵਾਹਿਗੁਰੂ ਨੇ ਕੰਘੀ ਬਨਾਈ ਹੈ ਅਤੇ ਇਸ ਸ੍ਰਿਸ਼ਟੀ ਰੂਪ ਤਾਣੀ ਵਿੱਚ ਚੰਦ੍ਰਮਾਂ ਸੂਰਜ ਦੋ ਨਾਲਾਂ ਨਾਲ ਚਲਾਈਆਂ ਹਨ।

**ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ ॥ ਜੋਲਾਹੇ ਘਰੁ ਅਪਨਾ ਚੀਨਾਂ ਘਟ ਹੀ ਰਾਮੁ ਪਛਾਨਾਂ ॥ ੩ ॥**

ਚੀਨਾ=ਜਾਣਿਆਂ ਹੈ। ਪਾਈ=ਪੈਰਾਂ ਦੀ ਖੜਾਉਂ। ਤਾਂਤੀ=ਜੁਲਾਹਾ। ਸਾਰਿਆਂ ਦੀ ਗੱਲ ਆਪਣੇ ਵਸ ਵਿੱਚ ਕੀਤੀ ਹੈ ਏਹੋ ਹੀ ਉਸ ਵਾਹਿਗੁਰੂ ਨੇ ਪਊਵਿਆਂ ਦੀ ਜੋੜੀ ਪੈਰਾਂ ਥੱਲੇ ਜੋੜੀ ਹੈ ਤਿਸ ਜੁਲਾਹੇ ਨਾਲ ਮੇਰਾ ਮਨ ਮੰਨਿਆਂ ਮੈਂ ਜੁਲਾਹੇ (ਲਾਭ ਲੈਣ ਵਾਲੇ) ਨੇ ਘਰ ਸਰੂਪ ਨੂੰ ਜਾਣ ਲਿਆ ਹੈ ਕਿ ਹਿਰਦੇ ਦੇ ਅੰਦਰ ਹੀ ਵਾਹਿਗੁਰੂ ਨੂੰ ਪਛਾਣ ਲਿਆ ਹੈ।

Digitized by Panjab Digital Library | www.panjabdigilib.org

ਕਹਤੁ ਕਬੀਰੁ ਕਾਰਗਹ ਤੋਰੀ॥ ਸੂਤੈ ਸੂਤ ਮਿਲਾਏ ਕੋਰੀ ॥ ੪ ॥ ੩ ॥ ੩੬ ॥

ਕਾਰਗਹ=ਕੰਘੀ। ਕੋਰੀ=ਜੁਲਾਹਾ। ਕਬੀਰ ਜੀ ਕਹਿੰਦੇ ਹਨ ਜਦ ਵਾਹਿਗੁਰੂ ਜੁਲਾਹੇ ਨੇ ਕੰਘੀ ਤੋੜ ਦਿੱਤੀ ਤਾਂ ਸੂਤ ਨਾਲ ਸੂਤ ਮਿਲਾ ਲਿਆ ਭਾਵ ਜਦ ਸ੍ਰਿਸ਼ਟੀ ਰੂਪ ਕੰਘੀ ਤਾਣੀ ਤੋੜੀ=ਪ੍ਰਲੈ ਕੀਤੀ ਤਾਂ ਆਪਣੀ ਸੱਤਾ ਨਾਲ ਜੀਵ ਦੀ ਸੱਤਾ ਮਿਲਾ ਲੈਂਦਾ ਹੈ।

"ਪਾਖੰਡੀਆਂ ਨੂੰ ਉਪਦੇਸ਼"

ਆਸਾ ॥ ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥ ੧ ॥

ਅਪਨੇ ਅੰਦਰ ਤਰਾਂ ਤਰਾਂ ਦੀ ਮੈਲ ਹੈ ਤਾਂ ਜੇ ਤੀਰਥਾਂ ਤੇ ਇਸ਼ਨਾਨ ਕਰਦਾ ਫਿਰੇ ਤਾਂ ਤਿਸਨੂੰ ਵੈਕੁੰਠ ਨਹੀਂ ਜਾਣਾ ਮਿਲਦਾ ਭਾਵ ਓਹ ਵਾਹਿਗੁਰੂ ਨੂੰ ਨਹੀਂ ਮਿਲ ਸਕਦਾ। ਤੀਰਥਾਂ ਦੇ ਨ੍ਹਾਉਣ ਕਰਕੇ ਲੋਕ ਤੇ ਪਤੀਣੇ ਜਾਣਗੇ ਪਰ ਲੋਕਾਂ ਦੇ ਪਤੀਣਿਆਂ ਕੁਛ ਨਹੀਂ ਹੁੰਦਾ ਕਿਉਂਕਿ ਵਾਹਿਗੁਰੂ ਅਣਜਾਣ ਤਾਂ ਨਹੀਂ।

ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥ ੧ ॥ ਰਹਾਉ ॥

ਇਕ ਪ੍ਰਕਾਸ਼ਕ ਵਾਹਿਗੁਰੂ ਨੂੰ ਹੀ ਪੂਜੋ, ਗੁਰਾਂ ਦੀ ਸੇਵਾ ਹੀ ਸੱਚਾ ਨ੍ਹਾਵਣ ਹੈ।

ਜਲਕੈ ਮਜਨਿ ਜੇਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥ ੨ ॥

ਮਜਨਿ=ਨ੍ਹਾਉਣ ਨਾਲ। ਮੇਂਡੁਕ=ਡੱਡੂ। ਜਲ ਦੇ ਨ੍ਹਾਤਿਆਂ ਜੇ ਮੁਕਤੀ ਹੋਵੇ ਤਾਂ ਨਿਤ ਨਿਤ ਡੱਡੂ ਨ੍ਹਾਉਂਦੇ ਰਹਿੰਦੇ ਹਨ, ਜਿੱਕੁਰ ਦੇ ਡੱਡੂ ਹਨ ਤਿੱਕੁਰ ਦੇ ਓਹ ਨਰ ਹਨ ਫਿਰ ਫਿਰ ਕੇ ਜੂਨੀਆਂ ਵਿੱਚ ਆਉਂਦੇ ਹਨ।

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥ ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ

ਤਰਾਈ ॥ ੩ ॥

ਬਾਨਾਰਸਿ=ਕਾਂਸ਼ੀ ॥ ਬਾਂਚਿਆ=ਬਚਿਆ, ਵਾਚਿਆ ॥
ਹਾੜੰਬੈ=ਮਘਾ ਦੇਸ ॥ ਸੈਨ=ਸ੍ਰਿਸ਼ਟੀ, ਸੰਗਤ ॥

ਜੇ ਮਨੋਂ ਕਠੋਰ ਹੋਕੇ ਕਾਂਸ਼ੀ ਵਿੱਚ ਮਰੇ ਤਾਂ ਉਹ ਨਰਕੋਂ ਤਾਂ ਨਹੀਂ ਬਚ ਜਾਂਦਾ, ਵਾਹਿਗੁਰੂ ਦਾ ਸੰਤ ਜੇ ਮਗਹਰ ਦੇਸ ਵਿੱਚ ਵੀ ਮਰ ਜਾਵੇ ਤਾਂ ਆਪ ਤਾਂ ਕਿਧਰੇ ਰਿਹਾ ਸ੍ਰਿਸ਼ਟੀ ਨੂੰ ਨਾਲ ਤਾਰ ਲੈਂਦਾ ਹੈ।

**ਦਿਨਸੁ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰ॥ ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥ ੪ ॥ ੪ ॥ ੩੭ ॥**

ਰੈਨਿ=ਰਾਤ। ਦਿਨ, ਰਾਤ, ਵੇਦ, ਸ਼ਾਸਤ੍ਰ, ਜਿਥੇ ਕੋਈ ਨਹੀਂ ਪਹੁੰਚ ਸਕਦਾ ਓਥੇ ਵਾਹਿਗੁਰੂ ਵਸਦਾ ਹੈ, ਕਬੀਰ ਜੀ ਕਹਿੰਦੇ ਹਨ ਹੇ ਸੰਸਾਰ ਭੋਲਿਆ ! ਤਿਸਨੂੰ ਯਾਦ ਕਰ ਭਾਵ ਹੇ ਲੋਕੋ ! ਉਸ ਨੂੰ ਜਪੋ।

## ੴ ਸਤਿਗੁਰਪ੍ਰਸਾਦਿ ॥

## ਆਸਾ ਬਾਣੀ ਸ੍ਰੀ ਨਾਮ ਦੇਉ ਜੀ ਕੀ ॥

**ਏਕ ਅਨੇਕ ਬਿਆਪਕ*ਪੂਰਕ ਜਤ ਦੇਖਉ ਤਤ ਸੋਈ ॥ ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥੧॥**

ਇੱਕ ਹੀ ਵਾਹਿਗੁਰੂ ਅਨੇਕਾਂ ਰੂਪ ਹੋਕੇ ਵਿਆਪਕ ਅਤੇ ਪੂਰਕ ਹੋ ਰਿਹਾ ਹੈ ਜਿੱਧਰ ਦੇਖਾਂ ਓਹ ਓਧਰ ਹੀ ਹੈ।

ਚਿਤ੍ਰ=ਸੁੰਦਰ, ਚਿਤ੍ਰਕਾਰੀ। ਬਚਿਤ੍ਰ=ਬਹੁਤ ਤਰਾਂ। ਮਾਇਆ ਦੇ ਨਾਨਾ ਤਰਾਂ ਦੇ ਸੁੰਦਰ ਤਮਾਸ਼ੇ ਵਿਚ ਮੋਹਿਆ ਹੋਯਾ ਕੋਈ ਵਿਰਲਾ ਹੀ ਉਸਨੂੰ ਬੁੱਝਦਾ ਹੈ।

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦੁ ਬਿਨੁ ਨਹੀ ਕੋਈ ॥ ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥**

*ਖਾਨ ਪਾਨ ਦੇਕੇ ਸਭ ਨੂੰ ਪੂਰਨ ਕਰਨ ਵਾਲਾ।

Digitized by Panjab Digital Library | www.panjabdigilib.org

ਮਣਿ=ਮਣੀਆਂ, ਮਣਕੇ। ਸਤ=੧੦੦। ਸਹੰਸ=ਹਜ਼ਾਰਾਂ। ਓਤਿ ਪੋਤਿ=ਤਾਣਾ ਪੇਟਾ, ਅੰਦਰ ਬਾਹਰ। ਸਭ ਵਾਹਿਗੁਰੂ ਹੈ ਸਭ ਵਾਹਿਗੁਰੂ ਹੈ ਵਾਹਿਗੁਰੂ ਤੋਂ ਬਿਨਾ ਕੋਈ ਨਹੀਂ ਜਿੱਕੁਰ ਸੂਤ ਇੱਕ ਹੁੰਦਾ ਹੈ ਅਤੇ ਮਣਕੇ ਭਾਵੇਂ ਸੌ ਭਾਵੇਂ ਹਜਾਰ ਹੋਣ ਸਾਰੇ ਓਸੇ ਵਿੱਚ ਹੀ ਪਰੋਏ ਜਾਂਦੇ ਹਨ ਤਿਕੁਰ ਹੀ ਤਾਣੇ ਪੇਟੇ ਵਾਕੁਰ ਅੰਦਰ ਬਾਹਰ ਵਾਹਿਗੁਰੂ ਆਪ ਹੀ ਹੈ।

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥ ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥ ੨ ॥**

ਫੇਨ=ਝੱਗ। ਆਨ=ਹੋਰ। ਪਰਪੰਚ=ਸੰਸਾਰ। ਜਿੱਕੁਰ ਜਲ ਦੇ ਤਰੰਗ ਅਤੇ ਝੱਗ, ਬੁਦਬੁਦੇ ਜਲ ਤੋਂ ਵਖਰੇ ਨਹੀਂ ਹੁੰਦੇ ਤਿੱਕੁਰ ਹੀ ਏਹ ਸੰਸਾਰ ਵਾਹਿਗੁਰੂ ਦੀ ਲੀਲ੍ਹਾ ਹੈ।

"ਵਿਚਾਰ ਕਰਨ ਨਾਲ ਹੋਰ ਕੋਈ ਨਹੀਂ ਜਾਪਦਾ"

**ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥ ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥ ੩ ॥**

ਸੁਕ੍ਰਿਤ=ਪੁੰਨ। ਮਨਸਾ=ਬੁਧੀ। ਜੇਹੜੇ ਪਦਾਰਥ ਸੁਪਨੇ ਅਤੇ ਮਨ ਦੇ ਸੰਕਲਪਾਂ ਵਤ ਮਿਥਿਆ ਹਨ ਉਨ੍ਹਾਂ ਨੂੰ ਅਸਾਂ ਭਰਮ ਕਰਕੇ ਸੱਚੇ ਜਾਣਿਆਂ ਹੈ। ਜਿਨ੍ਹਾਂ ਦੀ ਹਛੀ ਪੁੰਨਾਂ ਵਾਲੀ ਅਕਲ ਹੈ ਉਸ ਗੁਰ ਉਪਦੇਸ਼ੀ ਦਾ ਅਵਿਦਜਾ ਤੋਂ ਜਾਗਦਿਆਂ ਹੀ ਵਾਹਿਗੁਰੂ ਵਿੱਚ ਮਨ ਮੰਨ ਜਾਂਦਾ ਹੈ।

**ਕਹਤ ਨਾਮ ਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬਿਚਾਰੀ ॥ ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥ ੪ ॥ ੧ ॥**

ਨਿਰੰਤਰਿ=ਇਕ ਰਸ। ਨਾਮਦੇਵ ਜੀ ਕਹਿੰਦੇ ਹਨ ਇਕ ਵਾਹਿਗੁਰੂ ਦੀ ਰਚਨਾ ਹੈ ਤੁਸੀ ਰਿਦੇ ਵਿਚ ਵਿਚਾਰ ਕੇ ਦੇਖੋ। ਕੇਵਲ ਇਹ ਵਾਹਿਗੁਰੂ ਘਟਾਂ ਘਟਾਂ ਸਾਰਿਆਂ ਦੇ ਅੰਦਰ ਇਕ ਰਸ ਹੈ।

**ਆਸਾ ॥ ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥ ਬਇਆਲੀਸ ਲਖ ਜੀਅ ਜਲ**

Digitized by Panjab Digital Library | www.panjabdigilib.org

**ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥ ੧ ॥**

ਕੁੰਭ=ਘੜਾ । ਉਦਕ=ਪਾਣੀ । ਭੈਲਾ=ਮਿਲਿਆ ਵਾ ਭਾਈ । ਪਹਿਲੇ ਸਲਾਹ ਹੋਈ ਕਿ ਘੜਾ ਪਾਣੀ ਦਾ ਭਰਕੇ ਲਿਆਵਾਂ ਅਤੇ ਠਾਕੁਰ ਨੂੰ ਇਸਨਾਨ ਕਰਾਵਾਂ ਪਰ ਫਿਰ ਵਿਚਾਰਿਆ ਕਿ ਬੈਤਾਲੀ (੪੨) ਲਖ ਜੀਵ ਜਲ ਵਿੱਚ ਹੁੰਦੇ ਹਨ ਉਹ ਵਿਚੇ ਹੀ ਮਰਦੇ, ਖਾਂਦੇ ਪੀਂਦੇ ਹਨ ਇਸ ਲਈ ਪਜਾਰੇ ਬੀਠਲ ਭਾਈ ਨੂੰ ਇਸ਼ਨਾਨ ਕੈਸੇ ਕਰਾਵਾਂ ਵਾ ਜੂਠੇ ਗੰਦੇ ਪਾਣੀ ਨਾਲ ਕੀ ਕਰਾਂ ।

**ਜਤ੍ਰ ਜਾਉ ਤਤ*ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥ ੧ ॥ ਰਹਾਉ ॥**

ਜਿਧਰ ਜਾਵਾਂ ਉਧਰ ਹੀ ਪਿਆਰਾ ਬੀਠਲ ਭਾਈ ਮਹਾਂ ਅਨੰਦ ਸੰਜੁਗਤ ਸਦਾ ਕੇਲ ਕਰ ਰਿਹਾ ਹੈ ।

**ਆਨੀਲੇ ਫੂਲ ਪਰੋਈ ਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥ ਪਹਿਲੇ ਬਾਸੁ ਲਈ ਹੈ ਭਵਰਹ ਬੀਠਲੁ ਭੈਲਾ ਕਾਇ ਕਰਉ ॥ ੨ ॥**

ਫਿਰ ਸੰਕਲਪ ਉਠਿਆ ਕਿ ਮੈਂ ਫੁਲ ਲਿਆਕੇ ਮਾਲਾ ਪਰੋਵਾਂ ਅਤੇ ਠਾਕੁਰ ਜੀ ਦੀ ਪੂਜਾ ਕਰਾਂ, ਪਰ ਫਿਰ ਵਿਚਾਰਿਆ ਕਿ ਪਹਿਲੇ ਭੌਰੇ ਨੇ ਫੁਲਾਂ ਦੀ ਵਾਸ਼ਨਾ ਲਈ ਹੈ ਇਸ ਲਈ ਫੁਲ ਜੂਠੇ ਹੋਗਏ ਹਨ ਅਤੇ ਮੈਂ ਪਿਆਰੇ ਬੀਠਲ ਭਾਈ ਨੂੰ ਪੂਜਨ ਕੀਕੁਰ ਕਰਾਂ ਓਹ ਤਾਂ ਸਾਰੇ ਹੀ ਫੁਲਾਂ ਵਿਚ ਮਿਲ ਰਿਹਾ ਹੈ ।

**ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥ ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥ ੩ ॥**

ਫਿਰ ਦਲੀਲ ਹੋਈ ਕਿ ਦੁਧ ਲਿਆਕੇ ਖੀਰ ਰਿੰਨ੍ਹਾਂ ਅਤੇ ਠਾਕੁਰ ਜੀ ਨੂੰ ਨਈਵੇਦ ਕਰਾਂ, ਪਰ ਫਿਰ ਵਿਚਾਰਿਆ ਕਿ ਪਹਿਲੇ ਵੱਛੇ ਨੇ ਦੁਧ ਨੂੰ (ਬਿਟਾਰਿਓ) ਜੂਠਾ ਕਰਕੇ ਨਾਸ ਕਰ ਦਿਤਾ ਹੈ ਇਸ ਲਈ ਪਿਆਰੇ ਬੀਠਲ ਭਾਈ ਨੂੰ ਨਈਵੇਦ ਕਿਆ ਕਰਾਂ ? (ਵਾ ਕਿਸਤਰਾਂ ਕਰਾਂ ਵਾ ਕਿਸ ਵਾਸਤੇ ਕਰਾਂ ) ।

*ਪੂਰਬ ਵਿੱਚ ਇਕ ਮੂਰਤੀ ਦਾ ਨਾਮ ਹੈ ।

Digitized by Panjab Digital Library | www.panjabdigilib.org

**ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥ ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥ ੪ ॥ ੨ ॥**

ਈਭੈ=ਨੀਵੇਂ, ਇਸ ਲੋਕ ਵਿੱਚ। ਊਭੈ=ਉਚੇ, ਉਸ ਲੋਕ ਵਿਚ। ਇਧਰ ਵੀ ਵਾਹਿਗੁਰੂ ਉਧਰ ਵੀ ਵਾਹਿਗੁਰੂ, ਵਾਹਿਗੁਰੂ ਤੋਂ ਬਿਨਾਂ ਸੰਸਾਰ ਨਹੀਂ, ਥਾਨਾਂ ਵਿਚ ਅਤੇ ਥਾਨਾਂ ਦੇ ਅੰਦਰ ਰਹਿਨ ਵਾਲਿਆਂ ਵਿੱਚ ਵੀ ਵਾਹਿਗੁਰੂ ਹੈ, ਨਾਮਦੇਵ ਜੀ ਤਿਸਨੂੰ ਨਮਸਕਾਰ ਕਰਦੇ ਹਨ ਕਿਉਂਕਿ ਹੇ ਵਾਹਿਗੁਰੂ ਤੂੰ ਸਾਰਿਆਂ ਦੇ (ਮਹੀ) ਵਿਚ ਵਾ ਸਾਰੀ ਧਰਤੀ ਵਿੱਚ ਪੂਰਨ ਹੋ ਰਿਹਾ ਹੈਂ।

**ਆਸਾ ॥ ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ ॥ ੧ ॥**

ਕਾਤੀ=ਕੈਂਚੀ। ਮਪਿ ਮਪਿ=ਮਿਣ ਮਿਣਕੇ। ਮਨ ਮੇਰਾ ਗਜੁ ਹੈ, ਰਸਨਾ ਮੇਰੀ ਕੈਂਚੀ ਹੈ, ਮਿਣ ਮਿਣਕੇ ਜਮ ਦੀ ਫਾਹੀ ਕਟਦਾ ਹਾਂ।

**ਕਹਾ ਕਰਉ ਜਾਤੀ ਕਹਾ ਕਰਉ ਪਾਤੀ ॥ ਰਾਮ ਕੋ ਨਾਮੁ ਜਪਉ ਦਿਨ ਰਾਤੀ ॥ ੧ ॥ ਰਹਾਉ ॥**

ਕੀ ਕਰਾਂ ਜਾਤੀ ਨੂੰ ਅਤੇ ਕੀ ਕਰਾਂ ਜਾਤੀ ਦੀ ਪੰਕਤੀ ਨੂੰ, ਮੈਂ ਤਾਂ ਵਾਹਿਗੁਰੂ ਦਾ ਨਾਮ ਦਿਨ ਰਾਤ ਜਪਦਾ ਹਾਂ।

**ਰਾਂਗਨਿ ਰਾਂਗਉ ਸੀਵਨਿ ਸੀਵਉ॥ਰਾਮ ਨਾਮ ਬਿਨੁ ਘਰੀਅ ਨ ਜੀਵਉ ॥ ੨ ॥**

ਰਾਂਗਨਿ=ਮੱਟੀ। ਸੀਵਨਿ=ਸੂਈ। ਮਨ ਰੂਪ ਚਮੜੇ ਨੂੰ ਨਾਮ ਰੂਪ ਮੱਟੀ ਵਿੱਚ ਰੰਗਦਾ ਹਾਂ ਅਤੇ ਬ੍ਰਿਤੀ ਰੂਪ ਸੂਈ ਨੂੰ ਵਾਹਿਗੁਰੂ ਨਾਲ ਸੀਉਂਦਾ ਹਾਂ ਭਾਵ ਮੇਰਾ ਏਹੋ ਹੀ ਰੰਗਣਾ ਸੀਉਣਾ ਹੈ ਜੋ ਵਾਹਿਗੁਰੂ ਦੇ ਨਾਮ ਤੋਂ ਬਿਨਾ ਮੈਂ ਘੜੀ ਵੀ ਨਹੀਂ ਜੀਊ ਸਕਦਾ।

**ਭਗਤਿ ਕਰਉ ਹਰਿ ਕੇ ਗੁਨ ਗਾਵਉ ॥ਆਠ ਪਹਰ ਅਪਨਾ ਖਸਮੁ ਧਿਆਵਉ ॥ ੩ ॥**

ਭਗਤੀ ਕਰਦਾ ਹਾਂ, ਵਾਹਿਗੁਰੂ ਦੇ ਗੁਣ ਗਾਉਂਦਾ ਹਾਂ, ਅਠ ਪਹਰ ਅਪਣੇ ਵਾਹਿਗੁਰੂ ਨੂੰ ਧਿਆਉਂਦਾ ਹਾਂ।

Digitized by Panjab Digital Library | www.panjabdigilib.org

**ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥ ਨਾਮੇ ਕਾ ਚਿਤੁ ਹਰਿ ਸਿਉ ਲਾਗਾ ॥ ੪ ॥੩ ॥**

ਵਾਹਿਗੁਰੂ ਵੱਲ ਬ੍ਰਿਤੀ ਲਾਈ ਹੋਈ ਹੈ ਏਹੋ ਹੀ ਸੋਨੇ ਦੀ ਸੂਈ ਹੈ ਅਤੇ ਗੁਰਾਂ ਦਾ ਉਪਦੇਸ਼ ਸੁਣਨਾ ਏਹੋ ਹੀ ਰੁਪੇ ਦਾ ਧਾਗਾ ਹੈ, ਨਾਮਦੇਵ ਦਾ ਚਿਤ ਹਰੀ ਨਾਲ ਲੱਗਾ ਹੈ।

"ਬਗਲੇ ਭਗਤ ਨੂੰ ਉਪਦੇਸ਼"

**ਆਸਾ ॥ ਸਾਪੁ ਕੁੰਚੁ ਛੋਡੈ ਬਿਖੁ ਨਹੀ ਛਾਡੈ ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥ ੧ ॥**

ਉਦਕ=ਜਲ। ਬਗ=ਬਗਲਾ। ਮਾਡੈ=ਲਾਉਂਦਾ ਹੈ। ਸੱਪ ਕੁੰਜ ਛੱਡ ਦੇਂਦਾ ਹੈ ਪਰ ਵਿਹੁ ਨਹੀਂ ਛਡਦਾ, ਜਿੱਕੁਰ ਪਾਣੀ ਵਿੱਚ ਬਗਲਾ ਧਿਆਨ ਲਾਉਂਦਾ ਹੈ।

"ਹੇ ਪਖੰਡੀ ਪਾਂਡੇ"

**ਕਾਹੇ ਕਉ ਕੀਜੈ ਧਿਆਨੁ ਜਪੰਨਾ॥ਜਬ ਤੇ ਸੁਧੁ ਨਾਹੀ ਮਨੁ ਅਪਨਾ ॥ ੧ ॥ ਰਹਾਉ ॥**

ਕਿਸ ਵਾਸਤੇ ਧਿਆਨ ਲਾਉਨਾ ਹੈਂ ਅਤੇ ਜਾਪ ਜਪਦਾ ਹੈਂ ਜਦ ਕਿ ਤੇਰਾ ਮਨ ਹੀ ਸੁੱਧ ਨਹੀਂ ਹੈ।

**ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥ ੨ ॥**

ਸਿੰਘਚ=ਸ਼ੇਰਵਾਂਗੂ ਪੁਨਾ ਵਾ ਤਿੱਤਰ ਜੇਹੜਾ ਸੁਬਹਾਨ ਤੇਰੀ ਕੁਦਰਤ ਕਹਿੰਦਾ ਹੈ (ਵਾ ਇਕ ਜਾਨਵਰ ਜੰਗਲ ਵਿੱਚ ਹੁੰਦਾ ਹੈ ਓਹ ਆਪ ਕਹਿੰਦਾ ਹੈ ਕਾਹਲੀ ਮਤ ਕਰ ਅਤੇ ਆਪ ਹੀ ਜਦ ਸ਼ੇਰ ਉਬਾਸੀ ਲੈਂਦਾ ਹੈ ਤਾਂ ਉਸਦੀਆਂ ਦਾੜ੍ਹਾਂ ਵਿੱਚੋਂ ਮਾਸ ਲੈ ਜਾਂਦਾ ਹੈ)। ਜੇਹੜਾ ਆਦਮੀ ਸ਼ੇਰ ਵਾਂਗੂ ਜੀਵ ਮਾਰਕੇ ਅੰਨ ਖਾਣਾ ਜਾਣਦਾ ਹੈ ਓਹ ਇੱਕੁਰ ਹੀ ਠੱਗਾਂ ਦਾ ਗੁਰੂ ਕਿਹਾ ਜਾਂਦਾਹੈ।

**ਨਾਮੇ ਕੇ ਸੁਆਮੀ ਲਾਹਿ ਲੇ ਝਗਰਾ॥ਰਾਮਿ ਰਸਾਇਨ ਪੀਉ ਰੇ ਦਗਰਾ ॥ ੩ ॥ ੪ ॥**

ਦਗਰਾ=ਹੇ ਦਗੇ ਬਾਜ ਵਾ ਰਸਤਾ। ਨਾਮੇ ਦੇ ਸੁਆਮੀ ਨੇ

Digitized by Panjab Digital Library | www.panjabdigilib.org

ਮੇਰੇ ਗਲੋਂ ਝਗੜਾ ਲਾਹਿਆ ਹੈ ਵਾ ਹੇ ਵਾਹਿਗੁਰੂ ਇਸ ਪਾਂਡੇ ਦੇ ਗਲੋਂ ਝਗੜਾ ਲਾਹ ਲੈ ਗਰੀਬ ਮਾਰਿਆ ਜਾਏਗਾ। ਵਾ ਨਾਮਦੇਵ ਜੀ ਕਹਿੰਦੇ ਹਨ ਹੇ ਸੁਆਮੀ ਪਾਂਡੇ! ਦਗੇਬਾਜ ਝਗੜੇ ਦੂਰ ਕਰ ਅਤੇ ਵਾਹਿਗੁਰੂ ਦਾ ਨਾਮ ਰੂਪ ਅੰਮ੍ਰਤ ਦਾ ਘਰ ਪੀ ਇਹ ਹਛਾ ਰਸਤਾ ਵਾਹਿਗੁਰੂ ਨੂੰ ਮਿਲਨ ਦਾ ਹੈ।

**ਆਸਾ ॥ ਪਾਰਬ੍ਰਹਮ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥ ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥ ੧ ॥**

ਚੀਨਸੀ=ਜਾਣੇ। ਵਾਹਿਗੁਰੂ ਨੂੰ ਜੇਹੜੇ ਜਾਨਣਗੇ ਓਹ ਆਸਾ ਰੂਪ ਸੰਸਾਰ ਵਿੱਚ ਨਾ ਭੌਣਗੇ ਵਾ ਉਨ੍ਹਾਂ ਨੂੰ ਪਦਾਰਥਾਂ ਦੀ ਆਸਾ ਨਹੀਂ ਭਾਉਂਦੀ ਕਿਉਂਕਿ ਓਹ ਵਾਹਿਗੁਰੂ ਨੂੰ ਯਾਦ ਕਰਦੇ ਹਨ ਇਸ ਲਈ ਵਾਹਿਗੁਰੂ ਓਹਨਾਂ ਦੇ ਮਨ ਨੂੰ ਚਿੰਤਾ ਤੋਂ ਰਹਿਤ ਰਖਦਾ ਹੈ (ਵਾ ਰਖੇਗਾ)।

**ਕੈਸੇ ਮਨ ਤਰਹਿਗਾ ਰੇ ਸੰਸਾਰ ਸਾਗਰੁ ਬਿਖੈਕੋਬਨਾ॥ ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥ ੧ ॥ ਰਹਾਉ॥**

ਸਾਗਰੁ=ਸਮੁੰਦਰ । ਬਨਾ=ਜਲ ਵਾ ਬਣਿਆਂ ਹੋਇਆ ਬਣ । ਸੰਸਾਰ ਸਮੁੰਦਰ ਵਿਸ਼ਿਆਂ ਰੂਪ ਜਲ ਦਾ ਭਰਿਆ ਹੋਇਆ ਹੇ ਮਨ! ਕਿੱਕੁਰ ਤਰੇਂਗਾ? ਹੇ ਮਨਾ ਝੂਠੀ ਮਾਇਆ ਵੇਖਕੇ ਭੁਲ ਗਿਆ ਹੈਂ।

**ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ॥ ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥ ੨ ॥ ੫ ॥**

ਦੈਲਾ=ਦਿਤਾ ਹੋਇਆ। ਭੈਲਾ=ਮਿਲਿਆ ਹੋਯਾ। ਵਾਹਿਗੁਰੂ ਨੇ ਛੀਂਬੇ ਦੇ ਘਰ ਮੈਨੂੰ ਜਨਮ ਦਿਤਾ ਹੈ ਪਰ ਗੁਰਾਂ ਦਾ ਉਪਦੇਸ਼ ਮੈਨੂੰ ਮਿਲ ਗਿਆ ਹੈ, ਸੰਤਾਂ ਦੀ ਕਿਰਪਾ ਕਰਕੇ ਨਾਮੇ ਨੂੰ ਵਾਹਿਗੁਰੂ ਮਿਲ ਗਿਆ ਹੈ।

## ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

## ੧ ਓ ਸਤਿਗੁਰਪ੍ਰਸਾਦਿ ॥

**ਮ੍ਰਿਗ ਮੀਨਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾਮਹਿ ਤਾਕੀ ਕੇਤਕ ਆਸ ॥ ੧ ॥**

Digitized by Panjab Digital Library | www.panjabdigilib.org

ਮ੍ਰਿਗ=ਹਰਨ । ਮੀਨ=ਮੱਛੀ । ਭ੍ਰਿੰਗ=ਭੌਰਾ । ਕੁੰਚਰ=ਹਾਥੀ । ਮ੍ਰਿਗ, ਮੀਨ, ਭ੍ਰਿੰਗ, ਪਤੰਗਾ,ਹਾਥੀ ਇਹ ਸਾਰੇ ਇੱਕ ਇੱਕ ਵਿਸ਼ੇ ਦੇ ਦੋਸ਼ (ਰਸ) ਕਰਕੇ ਮਰ ਜਾਂਦੇ ਹਨ ।

ਅਤੇ ਜਿਸ ਆਦਮੀ ਵਿੱਚ ਪੰਜ ਦੋਸ਼ ਕਾਮਾਦਿਕ ਅਸਹ ਹਨ ਓਹਦੀ ਕਿੰਨਾਂਕੁ ਚਿਰ ਜੀਉਣ ਦੀ ਆਸ਼ਾ ਹੈ, ਭਾਵ ਛੇਤੀ ਹੀ ਮਰ ਜਾਏਗਾ ।

**ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥ ੧ ॥ਰਹਾਉ ॥**

ਮਾਧੋ=ਵਾਹਿਗੁਰੂ । ਹਿਤ=ਪ੍ਰੇਮ । ਬਿਬੇਕ=ਗਿਆਨ । ਦੀਪ=ਦੀਵਾ । ਹੇ ਵਾਹਿਗੁਰੂ ! ਸਭ ਸੰਸਾਰ ਨੇ ਅਵਿਦਯਾ ਵਿਚ ਪ੍ਰੇਮ ਕੀਤਾ ਹੈ ਜਿਸ ਕਰਕੇ ਗਿਆਨ ਰੂਪ ਦੀਵਾ ਮੈਲਾ ਹੋ ਰਿਹਾ ਹੈ ।

**ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥ ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥ ੨ ॥**

ਸੰਭਵ=ਹੋਈਆਂ । ਟੇਢੀਆਂ ਜੂਨਾਂ ਸੱਪ ਆਦੀ ਅਗਿਆਤ ਪ੍ਰਗਟ ਹੋਈਆਂ ਹਨ ਉਨ੍ਹਾਂ ਨੂੰ ਪੁੰਨ ਪਾਪ ਦੀ ਸੋਚ ਕੋਈ ਨਹੀਂ ਹੈ, ਇਹ ਮਨੁੱਖਾ ਅਵਤਾਰ ਦੁਰਲੱਭ ਹੈ ਪਰ ਕਾਮਾਦਿਕਾਂ (ਪੋਚ) ਨੀਚਾਂ ਦੀ ਸੰਗਤ ਕਰਕੇ ਤਿਨ੍ਹਾਂ ਨਾਲ ਰਲ ਰਿਹਾ ਹੈ ਵਾ ਅਜੇਹੇ ਉੱਤਮ ਸਰੀਰ ਵਿੱਚ ਕਾਮਾਦਿਕਾਂ ਦੀ ਸੰਗਤ ਹੋ ਰਹੀ ਹੈ ।

**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸ ਜਾਇ॥ ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥ ੩ ॥**

ਅਬਧ=ਜੋ ਨਾ ਕੱਟੀ ਜਾਵੇ । ਕਰਮਾਂ ਦੇ ਵੱਸ ਹੋਕੇ ਜਿਸ ਜਿਸ ਜਗ੍ਹਾ ਤਾਈਂ ਏਹ ਛੋਟੇ ਵੱਡੇ ਜੀਵ ਜਾਂਦੇ ਹਨ ਓਥੇ ਓਥੇ ਏਨਾਂ ਨੂੰ ਕਾਲ ਦੀ ਫਾਹੀ ਜੇਹੜੀ ਨਾ ਕੱਟੀ ਜਾਵੇ (ਲਾਗੇ) ਪੈਂਦੀ ਹੈ ਅਤੇ ਤਿਸ ਅੱਗੇ ਕੁਝ ਉਪਾਉ ਨਹੀਂ ਚਲਦਾ ।

**ਰਵਿਦਾਸ ਦਾਸ ਉਦਾਸ ਤਜੁ ਭ੍ਰਮ ਤਪਨ ਤਪੁ ਗੁਰ ਗਿਆਨ ॥ ਭਗਤ ਜਨ ਭੈਹਰਨ ਪਰਮਾਨੰਦ ਕਰਹੁ ਨਿਦਾਨ ॥ ੪ ॥ ੧ ॥**

ਰਵਿਦਾਸ ਦਾਸ ਉਦਾਸ ਹੋਕੇ ਅਤੇ ਭਰਮ ਨੂੰ ਤਜਕੇ ਹੱਛੇ ਤਪਾਂ ਵਿਚੋਂ ਹੱਛਾ ਤਪ ਗੁਰਾਂ ਦਾ ਗਯਾਨ ਹੀ ਸਮਝਦਾ ਹੈ,ਹੇ ਭਗਤ ਜਨਾਂ ਦਾ ਡਰ ਦੂਰਾ

Digitized by Panjab Digital Library | www.panjabdigilib.org

ਕਰਨ ਵਾਲੇ ! ਮੈਨੂੰ ਓੜਕ ਦੇ ਵੇਲੇ ਪਰਮ ਅਨੰਦ (ਵਾਹਿਗੁਰੂ) ਦੀ ਪ੍ਰਾਪਤੀ ਕਰੋ ।

(ਬੇਨਤੀ)

**ਆਸਾ ॥ ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥ ੧ ॥**

ਤੁਝੀ=ਤੇਰੇ । ਤਨੁ=ਸਰੀਰ । ਹੇ ਵਾਹਿਗੁਰੂ ਤੇਰੇ ਸਰੀਰ ਦਾ ਸਰੂਪ ਜੋਹੜੇ ਸੰਤ ਹਨ ਉਨ੍ਹਾਂ ਦੀ ਸੰਗਤਿ ਮੇਰੇ ਪ੍ਰਾਣਾਂ ਦਾ ਜੀਵਣ ਹੈ ਭਾਵ ਤੇਰਾ ਰੂਪ ਜੇਹੜੇ ਸੰਤ ਹਨ ਉਨ੍ਹਾਂ ਦੀ ਸੰਗਤਿ ਮੈਨੂੰ ਪ੍ਰਾਣਾਂ ਵਾਂਙੂ ਪਜਾਰੀ ਹੈ, ਸਤਿਗੁਰਾਂ ਦੇ ਗਿਆਨ ਕਰਕੇ ਮੈਂ ਜਾਣਿਆਂ ਹੈ ਕਿ ਸੰਤ ਦੇਵਤਿਆਂ ਦੇ ਵੀ ਦੇਵਤੇ ਹਨ ।

**ਸੰਤ ਚੀ ਸੰਗਤਿ ਸੰਤ ਕਥਾ ਰਸੁ ॥ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥ ੧ ॥ ਰਹਾਉ ॥**

ਹੇ ਦੇਵਤਿਆਂ ਦੇ ਪ੍ਰਕਾਸ਼ਕ ਵਾਹਿਗੁਰੂ ! ਸੰਤਾਂ ਦੀ ਸੰਗਤ ਅਤੇ ਸੰਤਾਂ ਦੀ ਕਥਾ ਦਾ ਸੁਆਦ ਅਤੇ ਸੰਤਾਂ ਵਿੱਚ ਹੀ ਪ੍ਰੇਮ ਕਰਨਾ ਮੈਨੂੰ ਦਿਓ ।

**ਸੰਤ ਆਚਰਣ ਸੰਤਚੋ ਮਾਰਗੁ ਸੰਤਚ *ਓਲ੍ਹਗ ਓਲ੍ਹਗਣੀ ॥ ੨॥**

ਆਚਰਣ=ਕੰਮ । ਚੋ, ਚ=ਪੁਨਾ ਦਾ ਵਾਚਕ ਹੈ । ਮਾਰਗ=ਰਸਤਾ । ਸੰਤਾਂ ਦੇ ਹੀ ਦਾਸਾਂ ਦਾ ਦਾਸ ਹੋਣਾ ਮੈਨੂੰ ਦਿਓ ।

**ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥ ਜਣੀ ਲਖਾਵਹੁ ਅਸੰਤ ਪਾਪੀਸਣਿ ॥ ੩ ॥**

ਜਣੀ=ਮਤ । ਪਾਪੀਸਣਿ=ਪਾਪੀ ਹਨ ਵਾ ਪਾਪੀ ਇਸ਼ਟ । ਹੋਰ ਇਕ ਚਿੰਤਾਮਣੀ ਰੂਪ ਭਗਤੀ ਮੰਗਦਾ ਹਾਂ ਅਤੇ ਜੋ ਖੋਟੇ ਅਸੰਤ ਪਾਪੀ ਹਨ ਓਹਨਾਂ ਦੇ (ਸਣਿ) ਸਹਿਤ (ਨਾਲ) ਰਹਿਣਾ ਨਹੀਂ ਮੰਗਦਾ, ਏਹ ਦਾਸਾਂਨੂੰ ਮਤ ਲਖਾਵੇ ਭਾਵ ਏਨਾਂ ਪਾਪੀਆਂ ਦਾ ਦਰਸ਼ਨ ਨਾ ਕਰਾਵੋ ।

**ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹਿ ਅੰਤਰੁ ਨਾਹੀ ॥ ੪ ॥ ੨ ॥**

*ਦੋਵੇਂ ਪਦ ਦਾਸ ਵਾਚਕ ਵਾ ਲਗਨ ਲਗਣੀ ਵੀ ਕਰਦੇ ਹਨ ।

Digitized by Panjab Digital Library | www.panjabdigilib.org

ਭਣੈ=ਕਹੇ। ਰਵਿਦਾਸ ਜੀ ਕਹਿੰਦੇ ਹਨ ਜੇਹੜਾ ਗੁਰਾਂ ਨਾਲ ਮਿਲਕੇ ਵਾਹਿਗੁਰੂ ਨੂੰ ਜਾਣਦਾ ਹੈ ਸੋ ਚਤਰ ਜਾਣਿਆਂ ਜਾਂਦਾ ਹੈ ਵਾ ਤੁਸੀ ਜਿੱਕੁਰ ਜਾਣ ਸਕਦੇ ਹੋ ਤਿੱਕੁਰ ਹੀ ਜਾਣੋ, ਪਰ ਮੇਰੇ ਜਾਨਣ ਵਿੱਚ ਸੰਤ ਅਤੇ ਅਨੰਤਹਿ ਵਾਹਿਗੁਰੂ ਵਿੱਚ ਭੇਦ ਕੋਈ ਨਹੀਂ।

(ਨਿੰਮ੍ਰਤਾ ਸਹਿਤ ਬੇਨਤੀ)

**ਆਸਾ ॥ ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥ ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥ ੧ ॥**

ਬਾਪੁਰੇ=ਵਿਚਾਰੇ। ਤੁਸੀ ਚੰਦਨ ਵਤ ਹੋ ਅਸੀ ਹਰਿੰਡ ਵਤ ਵਿਚਾਰੇ ਬਪੜੇ ਹਾਂ ਪਰ ਤੁਹਾਡੇ ਸੰਗ ਹੀ ਵਾਸਾ ਹੈ। ਨੀਵੇਂ ਰੁੱਖ ਤੋਂ ਉੱਚੇ ਹੋ ਗਏ ਹਾਂ ਅਤੇ ਸ੍ਰੇਸ਼ਟ ਭਗਤੀ ਰੂਪ ਸੁਗੰਧੀ ਨੇ ਸਾਡੇ ਵਿੱਚ ਨਿਵਾਸ ਕੀਤਾ ਹੈ ਭਾਵ ਅਸੀ ਨੀਚ ਤੋਂ ਊਚ ਤੁਸਾਡੇ ਨਾਲ ਲਗਕੇ ਹੋ ਗਏ ਹਾਂ।

**ਮਾਧਉ ਸਤ ਸੰਗਤਿ ਸਰਨਿ ਤੁਮ੍ਹਾਰੀ॥ਹਮ ਅਉਗਨ ਤੁਮ ਉਪਕਾਰੀ ॥ ੧ ॥ ਰਹਾਉ ॥**

ਹੇ ਵਾਹਿਗੁਰੂ ਮੈਂ ਤੇਰੀ ਸਤਸੰਗਤ ਦੀ ਸਰਨ ਲਈ ਹੈ,ਅਸੀ ਔਗਣਾਂ ਦੇ ਭਰੇ ਹਾਂ ਤੁਸੀ ਉਪਕਾਰੀ ਹੋ।

**ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥ ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥ ੨ ॥**

ਸਖਤੂਲ=ਰੇਸ਼ਮ। ਸਪੇਦ=ਚਿੱਟਾ। ਸਪੀਅਲ=ਪੀਲਾ ਜਸ= ਜੈਸੇ। ਬਪੁਰੇ=ਵਿਚਾਰੇ। ਤੁਸੀ ਚਿੱਟੇ ਪੀਲੇ ਰੇਸ਼ਮ ਦੇ ਦੁਸ਼ਾਲੇ ਵਤ ਹੋ ਅਤੇ ਅਸੀ ਵਿਚਾਰੇ ਇੱਕੁਰ ਦੇ ਹਾਂ ਜਿੱਕੁਰ ਦਾ ਕੀੜਾ ਹੁੰਦਾ ਹੈ। ਭਾਵ ਭਾਵੇਂ ਕੀੜਾ ਦੁਸ਼ਾਲੇ ਟੁੱਕਦਾ ਹੈ ਪਰ ਫਿਰ ਵੀ ਦੁਸ਼ਾਲਾ ਕੀੜੇ ਦੀ ਰੱਖਿਆ ਕਰਦਾ ਹੈ, ਇੱਕੁਰ ਹੀ ਤੁਸੀ ਅਸੀ ਹਾਂ, ਹੇ ਵਾਹਿਗੁਰੂ ਅਸੀ ਏਹ ਬੇਨਤੀ ਕਰਦੇ ਹਾਂ ਕਿ ਤੇਰੀ ਸਤਸੰਗਤ ਨਾਲ ਹੀ ਮਿਲ ਰਹੀਏ ਜਿੱਕੁਰ (ਮਧਪ) ਮੱਖੀਆਂ (ਮਖੀਰਾ) ਸ਼ਹਿਤ ਨਾਲ ਮਿਲ ਰਹਿੰਦੀਆਂ ਹਨ।

**ਜਾਤੀਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥ਰਾਜਾ**

Digitized by Panjab Digital Library | www.panjabdigilib.org

**ਰਾਮਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰ॥੩॥੩॥**

ਪਾਤੀ=ਪੰਗਤਿ। ਜਾਤੀ ਕਰਕੇ ਵੀ ਹੋਛਾ, ਪਾਤੀ ਕਰਕੇ ਵੀ ਹੋਛਾ ਅਤੇ ਹੋਛੇ ਹੀ ਘਰ ਦਾ ਜਨਮ ਮੇਰਾ।ਪ੍ਰਕਾਸ਼ਕ ਵਾਹਿਗੁਰੂ ਦੀ ਸੇਵਾ ਨਹੀਂ ਕੀਤੀ ਰਵਿਦਾਸ ਚਮਿਆਰ ਕਹਿੰਦਾ ਹੈ।

(ਸਨਮੁਖ ਬੇਨਤੀ)

**ਆਸਾ॥ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥ ਪ੍ਰੇਮ ਜਾਇ ਤਉ ਡਰਪੈ ਤੇਰੋ ਜਨੁ ॥ ੧ ॥**

ਕੀ ਹੋਇਆ ਜੇ ਸਰੀਰ ਟੁਕੜੇ ਟੁਕੜੇ ਹੋਗਿਆ ਹੈ ਭਾਵ ਭਾਵੇਂ ਹੋ ਜਾਵੇ ਪ੍ਰੇਮ ਚਲਿਆ ਜਾਵੇ ਤੇ ਤਾਂ ਤੇਰਾ ਦਾਸ ਡਰ ਪਵੇ।

**ਤੁਝਹਿ ਚਰਨ ਅਰਬਿੰਦ ਭਵਨ ਮਨੁ॥ ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥ ੧ ॥ ਰਹਾਉ ॥**

ਅਰਬਿੰਦ=ਕਮਲ। ਭਵਨ=ਘਰ। ਪਾਨ=ਪੀਣਾ। ਤੇਰੇ ਚਰਨਾਂ ਕਮਲਾਂ ਵਿੱਚ ਮੇਰੇ ਮਨ ਨੇ ਘਰ ਕੀਤਾ ਹੈ। ਵਾ ਚਰਨ ਕਮਲ ਰੂਪ ਘਰ ਪਾਇਆ ਹੈ ਉਥੋਂ ਭੌਰੇ ਵਾਂਙੂ ਅੰਮ੍ਰਿਤ ਪੀਂਦਾ ਹੈ, ਅਤੇ ਤੇਰਾ ਨਾਮ ਰੂਪ ਹੇ ਵਾਹਿਗੁਰੂ ਧਨ ਪਾਇਆ ਹੈ।

**ਸੰਪਤਿ ਬਿਪਤ ਪਟਲ ਮਾਇਆ ਧਨੁ ॥ ਤਾਮਹਿ ਮਗਨ ਹੋਤ ਨ ਤੇਰੋ ਜਨੁ ॥ ੨ ॥**

ਪਟਲ=ਪੜਦਾ। ਮਗਨ=ਮਸਤ। ਰਾਜ ਭਾਗ, ਬਿਪਤਾ ਏਹ ਮਾਇਆ ਦਾ ਪੜਦਾ ਹੈ ਸੋ ਇਸ ਧਨ ਵਿੱਚ ਤੇਰਾ ਦਾਸ ਮਸਤ ਨਹੀਂ ਹੁੰਦਾ।

**ਪ੍ਰੇਮਕੀ ਜੇਵਰੀ ਬਾਧਿਓ ਤੇਰੋ ਜਨ॥ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥ ੩ ॥ ੪ ॥**

ਤੇਰੇ ਦਾਸਾਂ ਨੇ ਤੈਨੂੰ ਪ੍ਰੇਮ ਦੀ ਰੱਸੀ ਨਾਲ ਬੰਨ੍ਹ ਲਿਆ ਹੈ, ਰਵਿਦਾਸ ਜੀ ਕਹਿੰਦੇ ਹਨ ਭਲਾ ਵਿਚਾਰ ਤਾਂ ਸਹੀ ਕਿੱਕਰ ਛੁੱਟੇਂਗਾ।

**ਆਸਾ ॥ ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥ ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥੧॥ ਰਹਾਉ॥**

ਹਰੇ=ਬੂਟਿਆਂ ਵਾਂਗੂ ਹਰੇ ਭਰੇ। ਨਿਸਤਰੇ=ਤਰ ਗਏ। ਛੀ ਵਾਰੀ ਜਿਨ੍ਹਾਂ ਨੇ ਮਨ ਬਾਣੀ ਕਰਕੇ ਵਾਹਿਗੁਰੂ ਨੂੰ ਉਚਾਰਿਆ ਹੈ, ਓਹ

Digitized by Panjab Digital Library | www.panjabdigilib.org

ਹਰੇ ਭਰੇ ਹੋ ਗਏ ਹਨ ਵਾਹਿਗੁਰੂ ਨੂੰ ਯਾਦ ਕਰਦੇ ਹੋਏ ਜੇਹੜੇ ਕਦੀ ਵੀ ਤਰ ਨਹੀਂ ਸੀ ਸਕਦੇ ਓਹ ਤਰ ਗਏ।

**ਹਰਿ ਕੇ ਨਾਮ ਕਬੀਰ ਉਜਾਗਰ॥ ਜਨਮ ਜਨਮ ਕੇ ਕਾਟੇ ਕਾਗਰ ॥ ੧ ॥**

ਕਾਗਰ=ਕਾਗਜ। ਵਾਹਿਗੁਰੂ ਦੇ ਨਾਮ ਕਰਕੇ ਕਬੀਰ ਜੀ ਸਾਰੇ ਸੰਸਾਰ ਵਿੱਚ ਉਜਾਗਰ ਹੋਏ ਹਨ ਅਤੇ ਜਨਮ ਜਨਮ ਦੇ ਹਿਸਾਬ ਵਾਲੇ ਕਾਗਜ਼ ਫਟ ਗਏ ਹਨ।

**ਨਿਮਤ ਨਾਮ ਦੇਉ ਦੂਧੁ ਪੀਆਇਆ ॥ ਤਉ ਜਗ ਜਨਮ ਸੰਕਟ ਨਹੀ ਆਇਆ ॥ ੨ ॥**

ਨਿਮਤ=ਕਾਰਨ। ਸੰਕਟ=ਦੁਖ। ਨਾਨੇ ਦੇ ਕਿਧਰੇ ਜਾਣ ਕਰਕੇ ਨਾਮਦੇਵ ਜੀ ਨੇ ਨਾਨੇ ਦੇ (ਵਾਸਤੇ) ਥਾਂ ਆਪ ਠਾਕਰਾਂ ਨੂੰ ਦੁਧ ਪਿਆਇਆ ਉਸ ਕਰਕੇ ਜਗ ਵਿੱਚ ਜਨਮ ਦੇ ਦੁਖ ਵਿੱਚ ਨਹੀਂ ਆਇਆ।

**ਜਨ ਰਵਿਦਾਸ ਰਾਮ ਰੰਗਿ ਰਾਤਾ ॥ ਇਉ ਗੁਰ· ਪਰਸਾਦਿ ਨਰਕ ਨਹੀ ਜਾਤਾ ॥ ੩ ॥ ੫ ॥**

ਗੁਰਾਂ ਦੀ ਕਿਰਪਾ ਨਾਲ ਦਾਸ ਰਵਿਦਾਸ ਵਾਹਿਗੁਰੂ ਦੇ ਪ੍ਰੇਮ ਵਿਚ ਰੱਤਾ ਹੈ, ਇਸ ਕਰਕੇ ਨਰਕ ਨਹੀਂ ਜਾਂਦਾ।

(ਸੰਸਾਰ ਬਾਜੀਗਰੀ)

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥ ੧ ॥ ਰਹਾਉ ॥**

(ਹੇ ਸੰਤੋ) ਮਿਟੀ ਦਾ ਪੁਤਲਾ ਕਿੱਕੁਰ ਨੱਚਦਾ ਹੈ, ਨੇਤਰਾਂ ਨਾਲ ਦੇਖਦਾ ਹੈ, ਸੁਣਦਾ ਹੈ, ਬੋਲਦਾ ਹੈ ਕਿਆ ਦੌੜਿਆ ਫਿਰਦਾ ਹੈ।

**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥ ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧ ॥**

ਜਦ ਕੁਝ ਪਾਉਂਦਾ ਹੈ ਤਾਂ ਹੰਕਾਰ ਕਰਦਾ ਹੈ, ਮਾਯਾ ਜਾਂਦੀ ਹੈ ਤਾਂ ਰੋਣ ਲਗਦਾ ਹੈ।

**ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥ ਬਿਨਸਿ**

Digitized by Panjab Digital Library | www.panjabdigilib.org

**ਗਇਆ ਜਾਇ ਕਹੂੰ ਸਮਾਨਾ ॥ ੨ ॥**

ਬਚ=ਬਾਣੀ । ਕ੍ਰਮ=ਸਰੀਰ । ਮਨ ਬਾਣੀ ਸਰੀਰ ਕਰਕੇ ਰਸਾਂ ਕਸਾਂ ਵਿਚ ਲੁਭਾਇਆ ਹੈ, ਜਦ ਮਰ ਗਿਆ ਤਾਂ ਕਿਤੇ ਦਾ ਕਿਤੇ ਜਾ ਸਮਾਇਆ ।

**ਕਹਿ ਰਵਿਦਾਸ ਬਾਜੀ ਜਗ ਭਾਈ॥ ਬਾਜੀਗਰ ਸਉ ਮੋਹਿ ਪ੍ਰੀਤਿ ਬਨਿਆਈ ॥ ੩ ॥ ੬ ॥**

ਰਵਿਦਾਸ ਜੀ ਕਹਿੰਦੇ ਹਨ ਹੇ ਭਾਈ! ਏਹ ਜਗਤ ਬਾਜੀਗਰ ਦੀ ਖੇਲ ਹੈ, ਵਾਹਿਗੁਰੂ ਨਾਲ ਮੇਰੀ ਪ੍ਰੀਤਿ ਬਣ ਆਈ ਹੈ ।

## ਆਸਾ ਬਾਣੀ ਭਗਤ ਧੰਨੇ ਜੀ ਕੀ

### ੧ ਓ ਸਤਿਗੁਰਪ੍ਰਸਾਦਿ ॥

**ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥ ੧ ॥ਰਹਾਉ॥**

ਬਿਲਾਨੇ=ਬੀਤੇ । ਧੀਰੇ=ਧੀਰਜ ਵਾਲਾ ਹੋਵੇ । ਭ੍ਰਮ ਕਰਕੇ ਫਿਰਦਿਆਂ ਹੋਇਆਂ ਬਹੁਤ ਜਨਮ ਬੀਤ ਗਏ ਹਨ ਏਹ ਸਰੀਰ ਵਿੱਚ ਜੇਹੜਾ ਛੋਟਾ ਜੇਹਾ ਮਨ ਹੈ ਏਹਨੂੰ ਧਨ ਕਰਕੇ ਧੀਰਜ ਨਹੀਂ ਆਈ ।

ਬਿਖ=ਵਿਸ਼ੇ, ਵਿਹੁ । ਲੁਬਧ=ਫੰਦਕ, ਲੋਭਿਆ । ਵਿਹੁ ਵਾਂਗੂ ਦੁਖ ਦੇਣ ਵਾਲੇ ਵਿਸ਼ਿਆਂ ਕਾਮਾਦਿਕਾਂ ਵਿੱਚ ਲਾਲਚ ਕਰਕੇ ਫੰਧਕ ਵਾਂਗੂ ਮਨ ਨੂੰ (ਰਾਤਾ) ਮਸਤ ਕੀਤਾ ਭਾਵ ਲਾਯਾ ਅਤੇ ਹੀਰੇ ਵਾਂਗੂ ਜੇਹੜਾ ਵਾਹਿਗੁਰੂ ਸੀ ਉਹ ਮਨੋਂ ਵਿਸਾਰ ਦਿੱਤਾ ।

**ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ ਗੁਨ ਤੇ ਪ੍ਰੀਤਿ ਬਢੀ ਅਨ ਭਾਤੀ ਜਨਮ ਮਰਨ ਫਿਰਿ ਤਾਨਿਆ ॥ ੧ ॥**

ਜਿਨ੍ਹਾਂ ਉਪ੍ਰੋਕਤ ਵਿਸ਼ਿਆਂ ਦਾ ਵਿਹੁ ਵਾਂਗੂ ਫਲ ਹੈ ਓਹ ਇਸ ਮਨ ਬੌਰੇ ਨੂੰ ਮਿਠੇ ਲਗੇ ਹਨ ਅਤੇ (ਚਾਰ) ਸੁੰਦਰ ਵਿਚਾਰ ਕਰਕੇ ਨਾ ਜਾਣਿਆਂ

Digitized by Panjab Digital Library | www.panjabdigilib.org

ਉਨ੍ਹਾਂ ਗੁਣ ਰੂਪ ਵਿਸ਼ਿਆਂ ਤੋਂ (ਅਨ) ਹੋਰ ਭਾਂਤ ਦੀ ਬੜੀ ਪ੍ਰੀਤਿ ਵਧੀ ਇਸ ਕਰਕੇ ਫਿਰ ਜਨਮ ਮਰਨ ਵਿੱਚ ਤਾਣਿਆ ਗਿਆ।

## ਜੁਗਤਿ ਜਾਨਿ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥ ੨ ॥

ਸੰਚਿ=ਕੱਠਾ। ਜਾਲ=ਬਹੁਤੇ ਵਾ ਜਾਲੀ! ਵਾਹਿਗੁਰੂ ਦੇ ਜਾਨਣ ਦੀ ਯੁਕਤੀ ਰਿਦੇ ਵਿੱਚ ਨਹੀਂ ਟਿਕੀ, ਇਸ ਲਈ ਸੜਦਿਆਂ ਨੂੰ ਜਮਾਂ ਦੇ ਬਹੁਤੇ ਫਾਹ ਪਏ, ਵਿਹੁ ਰੂਪ ਵਿਸ਼ਿਆਂ ਨੂੰ ਕੱਠਾ ਕਰਕੇ ਮਨ ਭਰਿਆ, ਹੱਛੇ ਪੁਰਖ ਪ੍ਰਭੂ ਵਾਹਿਗੁਰੂ ਮਨੋਂ ਭੁੱਲ ਗਏ।

## ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥ ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥ ੩ ॥

ਮਏ=ਰੂਪ। ਅਘਾਨੇ=ਰੱਜੇ। ਜਿਨ੍ਹਾਂ ਦੇ ਰਿਦੇ ਵਿੱਚ ਗੁਰਾਂ ਨੇ ਗਿਆਨ ਧਨ ਪ੍ਰਵੇਸ਼ ਕਰ ਦਿੱਤਾ ਹੈ ਉਹ ਧਿਆਨ ਲਾਕੇ ਅਤੇ ਮਨ ਕਰਕੇ ਮੰਨਕੇ ਇੱਕ ਵਾਹਿਗੁਰੂ ਦਾ ਰੂਪ ਹੀ ਹੋ ਗਏ ਹਨ। ਪ੍ਰੇਮਾ ਭਗਤੀ ਮੰਨੀ ਇਸ ਲਈ ਸੁਖ ਜਾਣਿਆਂ ਅਤੇ ਇਸ ਸੰਸਾਰ ਵੱਲੋਂ ਰੱਜਕੇ ਤ੍ਰਿਪਤ ਹੋਏ ਅਤੇ ਅੰਤ ਨੂੰ ਮੁਕਤ ਹੋ ਗਏ।

## ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥ ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥ ੪ ॥ ੧ ॥

ਅਛਲੀ=ਛਲ ਤੇ ਰਹਿਤ। ਪਹਿਚਾਨਿਆ=ਜਾਣਿਆਂ। ਧਰਨੀ-ਧਰ=ਧਰਤੀ ਚੁੱਕਣ ਵਾਲਾ। ਸਮੌਣ ਵਾਲੀ ਜੋਤਿ ਹੋਕੇ ਜਾ ਸਮਾਈ ਵਾ ਜਿਸਦੇ ਅੰਦਰ ਇਕੋ ਜੇਹੀ ਜੋਤਿ ਸਮਾਈ ਹੈ ਉਸਨੇ ਅਛਲੀ ਵਾਹਿਗੁਰੂ ਨੂੰ ਜਾਣਿਆਂ। ਧੰਨੇ ਭਗਤ ਨੇ ਵਾਹਿਗੁਰੂ ਰੂਪ ਧਨ ਪਾ ਲਿਆ ਹੈ ਪਰ ਦਾਸ ਹੋਕੇ ਇੱਕੋ ਜੇਹਿਆਂ ਸੰਤਾਂ ਸਮਾਨ ਦੇਖਣ ਵਾਲਿਆਂ ਵਿਚ ਮਿਲਕੇ।

Digitized by Panjab Digital Library | www.panjabdigilib.org

## ਮਹਲਾ ੫ ॥

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮ ਦੇਉ ਮਨੁ ਲੀਣਾ ॥ ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥**

ਆਢ ਦਾਮ=ਅੱਧੀਕੌਡੀ । ਛੀਪਰੋ=ਛੀਂਬਾ । ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਨਾਲ ਨਾਮ ਦੇਉ ਮਨ ਕਰਕੇ ਲੀਨ ਹੋਇਆ, ਇਸ ਲਈ ਅਧੀ ਕੌਡੀ ਦਾ ਆਦਮੀ ਛੀਂਬਾ ਲੱਖਾਂ ਰੁਪੈਯਾਂ (ਭਾਵ ਵਾਹਿਗੁਰੂ ਨੂੰ ਮਿਲਨ) ਵਾਲਾ ਹੋਯਾ ।

**ਬੁਨਨਾ ਤਨਨਾ ਤਿਆਗਿਕੈ ਪ੍ਰੀਤਿ ਚਰਨ ਕਬੀਰਾ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ੧ ॥**

ਗਹੀਰਾ=ਸਮੁੰਦਰ=ਖਜਾਨਾ । ਕਬੀਰ ਨੇ ਬੁਣਨਾ ਤਨਨਾ ਛੱਡਕੇ ਵਾਹਿਗੁਰੂ ਦੇ ਚਰਨਾਂ ਨਾਲ ਪ੍ਰੀਤ ਕੀਤੀ, ਇਸ ਲਈ ਨੀਚ ਕੁਲ ਦਾ ਜੁਲਾਹਾ ਗੁਣਾਂ ਦਾ ਖਜਾਨਾ ਹੋਯਾ ।

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ॥ ੨ ॥**

ਢੋਰ=ਮੋਏ ਹੋਏ ਪਸ਼ੂ । ਰਵਿਦਾਸ ਰੋਜ ਹੀ ਮੋਏ ਹੋਏ ਡੰਗਰ ਢੋਂਦਾ ਹੁੰਦਾ ਸੀ ਤਿਸਨੇ ਮਾਯਾ ਛੱਡੀ। ਸਾਧ ਸੰਗਤ ਵਿੱਚ ਪ੍ਰਗਟ ਹੋਇਆ, ਵਾਹਿਗੁਰੂ ਦਾ ਦਰਸ਼ਨ ਪਾ ਲਿਆ ।

**ਸੈਨ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥**

ਸੈਨ ਨਾਈ ਹਰ ਇਕ ਦੀਆਂ ਬੁਤੀਆਂ ਕਰਨ ਵਾਲਾ ਸੀ ਓਹ ਘਰ ਘਰ ਵਿੱਚ ਸੁਣਿਆਂ ਗਿਆ ਕਿਉਂਕਿ ਉਸਦੇ ਰਿਦੇ ਵਿੱਚ ਵਾਹਿਗੁਰੂ ਵਸਿਆ ਸੀ ਇਸ ਲਈ ਭਗਤਾਂ ਵਿੱਚ ਗਿਣਿਆਂ ਗਿਆ ।

**ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ॥**

---

*ਇਹੁ ਬਾਣੀ ਗੁਰੂ ਸਾਹਿਬ ਜੀ ਦੀ ਹੈ ।

Digitized by Panjab Digital Library | www.panjabdigilib.org

**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ੪ ॥੨॥**

ਇਹ ਰੀਤੀ ਸੁਨਕੇ ਜੱਟ ਵੀ ਉਠ ਭਗਤੀ ਨੂੰ ਲਗਾ, ਪਰਤੱਖ ਹੀ ਵਾਹਿਗੁਰੂ ਮਿਲਿਆ ਇਸ ਲਈ ਧੰਨਾ ਵੱਡੇ ਭਾਗਾਂ ਵਾਲਾ ਹੋਯਾ।

**ਰੇ ਚਿਤ ਚੇਤਸਿ ਕੀਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ॥ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥ ੧ ॥ ਰਹਾਉ ॥**

ਦਮੋਦਰ=ਮਾਯਾ ਰੂਪ ਦਾਮ ਜਿਦ੍ਹੇ ਪੇਟ ਨਾਲ ਹੈ। ਬਿਬਹਿ=ਦੂਜਾ। ਹੇ ਮਨ! ਦਯਾਲੂ ਦਮੋਦਰ ਵਾਹਿਗੁਰੂ ਨੂੰ ਕਿਉਂ ਨਹੀਂ ਯਾਦ ਕਰਦਾ (ਤੇਰੀ ਰੱਖਿਆ ਕਰਨ ਵਾਲਾ ਵੱਡਾ) ਇਸ ਤੋਂ ਬਿਨਾ ਹੋਰ ਦੂਜਾ ਕੋਈ ਨ ਜਾਣ। ਜੇ ਤੂੰ ਬ੍ਰਹਮੰਡ ਖੰਡਾਂ ਨੂੰ ਵੀ ਦੌੜੇਂ ਤਾਂ ਵੀ ਜੋ ਵਾਹਿਗੁਰੂ ਨੇ ਕਰਨਾ ਹੈ ਸੋ ਹੋਣਾ ਹੈ।

**ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥ ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥ ੧ ॥**

ਜਨਨੀ=ਮਾਤਾ। ਉਦਰ=ਪੇਟ। ਉਦਕ=ਪਾਣੀ ਦਾ ਜਾਲ। ਪਿੰਡ=ਸਰੀਰ। ਆਹਾਰ=ਖਾਣਾ। ਮਾਤਾ ਦੇ ਪੇਟ ਜਲ ਵਿਚ ਜਿਸ ਵਾਹਿਗੁਰੂ ਨੇ ਦਸਾਂ ਦੁਆਰਿਆਂ ਵਾਲਾ ਸਰੀਰ ਕੀਤਾ ਹੈ, ਖਾਣਾ ਦੇਕੇ ਅਗਨੀ ਵਿਚ ਰੱਖਿਆ ਹੈ ਇਕੁਰ ਦਾ ਸਾਡਾ ਵਾਹਿਗੁਰੂ ਹੈ, ਇਸਦਾ ਸਿੱਟਾ ਇਹ ਹੈ ਕਿ ਮਾਤਾ ਦੇ ਪੇਟ ਵਿੱਚ ਵੀ ਵਾਹਿਗੁਰੂ ਰੱਖਿਆ ਕਰਕੇ ਅੰਨ ਦੇਂਦਾ ਹੈ।

**ਕੂੰਮੀ ਜਲ ਮਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ੍ ਨਾਹੀ ॥ ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥ ੨ ॥**

ਕੂੰਮੀ=ਕੱਛੂ। ਤਨ=ਪੁਤ੍ਰ। ਖੀਰੁ=ਦੁਧ। ਕੱਛੂ ਪਾਣੀ ਵਿਚ ਰਹਿੰਦਾ ਹੈ ਅਤੇ ਪੁਤ੍ਰ ਤਿਸਦੇ ਬਾਹਰ ਹੁੰਦੇ ਹਨ, ਨਾ ਤੇ ਕੱਛੂ ਦੀ ਇਸਤ੍ਰੀ ਨੂੰ ਦੁੱਧ ਹੁੰਦਾ ਹੈ ਅਤੇ ਨਾ ਬੱਚਿਆਂ ਨੂੰ ਖੰਭ ਹੁੰਦੇ ਹਨ ਜੋ ਉਡਕੇ ਉਦਰ ਪੂਰਨਾ ਕਰ ਲੈਣ। ਪੂਰਨ ਪਰਮਾਨੰਦ ਸੁੰਦਰ ਵਾਹਿਗੁਰੂ ਮਨ ਦੇ ਹਰਨ ਵਾਲਾ ਸਮਝ ਦੇਖ ਮਨ ਵਿੱਚ ਉਨ੍ਹਾਂ ਦੀ ਉਥੇ ਵੀ ਪਾਲਣਾ ਕਰਦਾ ਹੈ

Digitized by Panjab Digital Library | www.panjabdigilib.org

**ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾਚੋ ਮਾਰਗੁ ਨਾਹੀ ॥ ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥ ੩ ॥ ੩ ॥**

ਪਾਖਣਿ=ਪੱਥਰ । ਮਾਰਗ=ਰਸਤਾ । ਪੱਥਰ ਵਿੱਚ ਛੁਪਿਆ ਕੀੜਾ ਰਹਿੰਦਾ ਹੈ, ਪੁਨਾ ਤਿਸਨੂੰ ਅੰਦਰ ਬਾਹਰ ਨਿਕਲਨ ਨੂੰ ਕੋਈ ਰਸਤਾ ਨਹੀਂ ਹੁੰਦਾ, ਧੰਨਾ ਜੀ ਕਹਿੰਦੇ ਹਨ ਤਿਸ ਨੂੰ ਓਥੇ ਹੀ ਪੂਰਨ ਕਰਦਾ ਹੈ, ਇਸ ਲਈ ਹੇ ਜੀਅ ! ਤੂੰ ਮਤ ਡਰ ਕਿ ਮੈਨੂੰ ਕੌਣ ਦੇਵੇਗਾ ।

## ਆਸਾ ਸੇਖ ਫਰੀਦ ਜੀਉ ਕੀ ਬਾਣੀ

### ੴ ਸਤਿਗੁਰਪ੍ਰਸਾਦਿ ॥

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥**

ਕਾਂਢੇ=ਕਹੀਦੇ । ਜਿਨ੍ਹਾਂ ਦੇ ਦਿਲੋਂ ਪ੍ਰੇਮ ਹੈ ਸੋ ਸਚੇ ਹਨ, ਜਿਨ੍ਹਾਂ ਦੇ ਮਨ ਵਿੱਚ ਹੋਰ ਅਤੇ ਮੁੱਖ ਵਿੱਚ ਹੋਰ ਹੈ ਸੋ ਕੱਚੇ ਕਹੀਦੇ ਹਨ ।

**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥ ੧ ॥ ਰਹਾਉ ॥**

(ਓਹ) ਖੁਦਾ ਦੇ ਪ੍ਰੇਮ ਦੀਦਾਰ ਦੇ ਇਸ਼ਕ ਵਿੱਚ ਰੱਤੇ ਹੋਏ ਹਨ ਅਤੇ ਜਿਨ੍ਹਾਂ ਨੂੰ ਓਹਦਾ ਨਾਮ ਭੁਲ ਗਿਆ ਹੈ ਓਹ ਧਰਤੀ ਤੇ ਭਾਰ ਹੋਏ ਹਨ ਭਾਵ ਬਿਅਰਥ ਹਨ (ਵੇਖੋ ਭਾਈ ਗੁਰਦਾਸ ਜੀ ਦੀ ਵਾਰ ੩੫ ਪੌੜੀ ੮) ॥

**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ ਤਿਨ੍ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ੨ ॥**

ਆਪ ਵਾਹਿਗੁਰੂ ਨੇ ਜੇਹੜੇ ਲੜ ਲਾ ਲਏ ਹਨ ਓਹੁ ਦਰਵਾਜੇ ਦੇ ਦਰਵੇਸ਼ ਹਨ ਤਿਨ੍ਹਾਂ ਨੂੰ ਜਣਨ੍ਹ ਵਾਲੀ ਮਾਂ ਵੀ ਧੰਨ ਹੈ ਅਤੇ ਓਹੁ ਆਏ ਵੀ ਸੰਸਾਰ ਤੇ ਸਫਲ ਹਨ ।

**ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ ਜਿਨਾ**

Digitized by Panjab Digital Library | www.panjabdigilib.org

**ਪਛਾਤਾ ਸਚੁ ਚੁੰਮਾ ਪੈਰ ਮੂੰ ॥ ੩ ॥**

ਮੂੰ=ਮੈਂ। ਹੇ ਪਰਵਦਗਾਰ ਵਾਹਿਗੁਰੂ! ਤੂੰ ਅਪਾਰ ਅਗਮ ਬੇਅੰਤ ਹੈਂ,ਜਿਨ੍ਹਾਂ ਤੈਨੂੰ ਸਚ ਸਰੂਪ ਨੂੰ ਪਛਾਣਿਆਂ ਹੈ ਮੈਂ ਉਨ੍ਹਾਂ ਦੇ ਪੈਰ ਚੁੰਮਦਾ ਹਾਂ।

**ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥ ੪ ॥ ੧ ॥**

ਪਨਹ=ਪਨਾਹ, ਹੇ ਵਾਹਿਗੁਰੂ ਮੈਂ ਤੇਰੀ ਸ਼ਰਨ ਆਯਾ ਹਾਂ ਤੂੰ ਮੈਨੂੰ ਬਖਸ਼ਸ਼ ਕਰ (ਕੀ ਬਖਸ਼ਸ਼ ਕਰ) 'ਸੇਖ ਫਰੀਦੈ ਖੈਰ ਦੀਜੈ ਬੰਦਗੀ'।

**ਆਸਾ ॥ ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥ ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥ ੧ ॥**

ਸ਼ੇਖ ਫਰੀਦ ਜੀ ਕਹਿੰਦੇ ਹਨ, ਹੇ ਪਜਾਰੇ! ਵਾਹਿਗੁਰੂ ਦੇ ਨਾਮ ਨਾਲ ਲਗੇ ਰਹਿਣਾ ਚਾਹੀਦਾ ਹੈ ਕਿਉਂਕਿ ਏਹ ਸਰੀਰ ਨੀਵੀਂ ਕਬਰ ਰੂਪ ਘਰ ਵਿਚ ਖਾਕ ਹੋਵੇਗਾ।

**ਅਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ॥ ਮਨਹੁ ਮਚਿੰਦੜੀਆ ॥ ੧ ॥ ਰਹਾਉ॥**

ਟਾਕਿਮ=ਰੋਕੋ, ਮੋੜੋ। ਵਾ ਟਹਕ ਆਈਆਂ। ਕੂੰਜੜੀਆਂ=ਕੂੰਜਾਂ ਵਾਸ਼ਨਾਂ, ਇੰਦ੍ਰੀਆਂ। ਮਚਿੰਦੜੀਆਂ=ਆਪਨੂੰ ਮਚੌਣ ਵਾਲੀਆਂ। ਸ਼ੇਖ ਫਰੀਦ ਜੀ ਕਹਿੰਦੇ ਹਨ, ਅੱਜ ਮਨੁਖਾ ਜਨਮ ਵਿਚ ਵਾਹਿਗੁਰੂ ਨਾਲ ਮਿਲਾਪ ਹੋ ਸਕਦਾ ਹੈ ਜੇ ਮਨ ਨੂੰ ਮਚੌਣ ਵਾਲੀਆਂ ਵਾਸ਼ਨਾਂ ਨੂੰ ਰੋਕੇਂ ਵਾ ਮੇਰੀਆਂ ਇੰਦ੍ਰੀਆਂ ਭਲੇ ਬੰਨੇ ਵਲ ਟਹਕ ਆਈਆਂ, ਪਦਾਰਥਾਂ ਕਰਕੇ ਰੱਜ ਗਈਆਂ ਹਨ। ਜੋ ਮਨ ਨੂੰ ਮਚੌਣ ਵਾਲੀਆਂ ਸਨ, ਸੋ ਇਸ ਲਈ ਮੇਰਾ ਅੱਜ ਵਾਹਿਗੁਰੂ ਨਾਲ ਮਿਲਾਪ ਹੋਣ ਲਗਾ ਹੈ।

**ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ॥ਝੂਠੀ ਦੁਨੀਆ ਲਗਿ ਨ ਆਪੁ ਵੰਞਾਈਐ ॥ ੨ ॥**

ਜੇ ਮੈਂ ਏਹ ਨਿਸਚੇ ਕਰਕੇ ਜਾਣ ਲਵਾਂ ਕਿ ਮਰ ਜਾਣਾ ਹੈ ਅਤੇ ਫਿਰ ਸੰਸਾਰ ਉਤੇ ਨਹੀਂ ਆਉਣਾ ਤਾਂ ਫੇਰ ਹੇ ਭਾਈ! ਝੂਠੀ ਦੁਨੀਆਂ ਵਿਚ ਲਗਕੇ ਆਪਣਾ ਆਪ ਨ ਵੰਞਾਈਏ, ਭਾਵ ਆਪਣੇ ਆਪ ਦਾ ਨਾਸ ਨ ਕਰ ਲਈਏ ਸਗੋਂ ਸਫਲ ਕਰੀਏ।

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥ਜੋ ਗੁਰੁ ਦਸੈ ਵਾਟ**

Digitized by Panjab Digital Library | www.panjabdigilib.org

**ਮੁਰੀਦਾ ਜੋਲੀਐ ॥ ੩ ॥**

ਧਰਮ ਨਾਲ ਸੱਚਾ ਬਚਨ ਬੋਲੀਏ ਅਤੇ ਝੂਠਾ ਨਾ ਬੋਲੀਏ ਜੇਹੜਾ ਗੁਰੂ ਰਸਤਾ ਦਸਣ ਉਸ ਤੇ ਮੁਰੀਦਾਂ ਵਾਂਗੂ ਚਲੀਏ ।

**ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥ ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥ ੪ ॥**

ਛੈਲ=ਸੁੰਦਰ । ਗੋਰੀ=ਇਸਤ੍ਰੀ । ਕੰਚਨ=ਸੋਨਾ। ਵੰਨੇ=ਰੰਗ, ਵਾ ਵੰਨੇ=ਫਲਾਣੇ ਬੰਨੇ, ਫਲਾਣੀ ਤਰਫ ਵਾ ਵੰਨੀ ਅੱਗ ਮਾਇਆ ਦੀ। ਕਲਵਤਿ=ਕਾਸ਼ੀ ਦਾ ਕਰਵਤੁ। ਸੁੰਦਰ ਵਾਹਿਗੁਰੂ ਦੇ ਪਜਾਰੇ ਸੰਸਾਰ ਸਮੁੰਦਰ ਤੋਂ ਪਾਰ ਲੰਘਦੇ ਹੋਏ ਦੇਖਕੇ ਜੀਵ ਰੂਪ ਇਸਤ੍ਰੀ ਦਾ ਮਨ ਵੀ ਧੀਰਜ ਵਾਲਾ ਹੋਇਆ ਭਾਵ ਏਨੇ ਵੀ ਜਾਣਿਆਂ ਕਿ ਮੈਂ ਵੀ ਲੰਘ ਜਾਵਾਂਗੀ ਅਤੇ ਜੇਹੜੇ ਸੋਨੇ ਦੇ ਰੰਗ ਵਰਗੀ ਮਾਇਆ ਅਗਨੀ ਦੇ ਪਾਸੇ ਲਗੇ ਹਨ ਉਨ੍ਹਾਂ ਦੇ ਪਾਸੇ ਆਰੇ ਨਾਲ ਚੀਰੇ ਗਏ*।

**ਸੇਖ ਹਯਾਤੀ ਜਗਿ ਨ ਕੋਈ ਥਿਰੁ ਰਹਿਆ ॥ ਜਿਸੁ ਆਸਣਿ ਹਮ ਬੈਸੇ ਕੇਤੇ ਬੈਸਿ ਗਇਆ ॥ ੫ ॥**

ਹਯਾਤੀ=ਅਮਰ। ਸ਼ੇਖ ਫਰੀਦ ਜੀ ਕਹਿੰਦੇ ਹਨ ਕੋਈ ਵੀ ਜੱਗ ਵਿਚ ਥਿਰ ਨਹੀਂ ਰਿਹਾ, ਜਿਸ ਧਰਤੀ ਤੇ ਆਸਣ ਲਾਕੇ ਅਸੀ ਬੈਠੇ ਹਾਂ ਏਸ ਧਰਤੀ ਤੇ ਅਗੇ ਕਈ ਬੈਠ ਗਏ ਹਨ ।

**ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥ ਸੀਆਲੇ ਸੋਹੰਦੀਆ ਪਿਰ ਗਲਿ ਬਾਹੜੀਆਂ॥ ੬ ॥**

ਡਉ=ਅੱਗ (੧) ਜਿੱਕਰ ਕੱਤੇ ਦੇ ਮਹੀਨੇ ਕੂੰਜਾਂ ਆਉਂਦੀਆਂ ਹਨ, (੨) ਜਿੱਕੁਨ ਚੇਤ ਦੇ ਮਹੀਨੇ ਬਨ ਨੂੰ ਜਰੂਰ ਅੱਗ ਲਗਦੀ ਹੈ, (੩) ਜਿੱਕੁਰ ਸਾਵਣ ਦੇ ਮਹੀਨੇ ਬਿਜਲੀਆਂ ਜਰੂਰ ਚਮਕਦੀਆਂ ਹਨ, (੪) ਜਿੱਕੁਰ ਸਿਆਲ ਵਿਚ ਪਤੀ ਦੇ ਗਲ ਨਾਲ ਲਗੀਆਂ ਹੋਈਆਂ ਇਸਤ੍ਰੀਆਂ ਦੀਆਂ ਬਾਹਾਂ ਜਰੂਰ ਸੋਭਦੀਆਂ ਹਨ, ਇੱਕੁਰ ਹੀ ਸਮਾਂ ਪਾਕੇ ਜਰੂਰ ਮਰਨਾ ਹੈ ।

**ਚਲੇ ਚਲਣਹਾਰ ਵਿਚਾਰਾ ਲੇਇ ਮਨੋ॥ ਗੰਢੇਦਿਆਂ**

---

*ਭਾਵ ਜਿਨ੍ਹਾਂ ਨੇ ਮਾਇਆ ਨੂੰ ਹੱਛੀ ਸਮਝਿਆ ਓਹਨਾਂ ਨੂੰ ਜਮਦੂਤਾਂ ਨੇ ਦੁਖ ਦਿੱਤਾ।

Digitized by Panjab Digital Library | www.panjabdigilib.org

**ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥ ੭ ॥**

ਤਿੱਕੁਰ ਹੀ ਚੱਲਣ ਵਾਲੇ ਜੀਵ ਚਲੇ ਜਾਣਗੇ ਤੁਸੀ ਮਨ ਵਿਚ ਵਿਚਾਰ ਲਓ ਜਿੱਕੁਰ ਮਾਤਾ ਦੇ ਪੇਟ ਵਿੱਚ ਇਸ ਜੀਵ ਨੂੰ ਗੰਢਦਿਆਂ ਛੇ ਮਹੀਨੇ ਲਗਦੇ ਹਨ ਅਤੇ (ਤੋੜਨ) ਮਾਰਨ ਲਗਿਆਂ (ਹਿਕ) ਇਕ ਛਿਨ, ਭਾਵ ਛੇਤੀ ਹੀ ਮਰ ਜਾਂਦਾ ਹੈ।

**ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥**
**ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥ ੮ ॥ ੨ ॥**

ਖੇਵਟ=ਮਲਾਹ। ਕਿਨਿ=ਕਿਥੇ। ਜਾਲਣ=ਬਤੀਤ ਕਰਨ ਵਾ ਸੜਨਾ। (ਸ਼ੰਕਾ) ਫਰੀਦ ਜੀ ਕਹਿੰਦੇ ਹਨ ਜ਼ਿਮੀ ਅਸਮਾਨ ਨੂੰ ਪੁਛਦੀ ਹੈ ਕਿ ਜੇਹੜੇ ਧਰਤੀ ਦੇ ਰਾਜੇ ਵੱਡੇ ਮਲਾਹਾਂ ਵਤ ਚਲੌਣ ਵਾਲੇ ਸਨ ਓਹ ਕਿਥੇ ਗਏ ਹਨ ? (ਉੱਤਰ) ਉਹ ਕਬਰਾਂ ਦੇ ਨਾਲ ਸਮਾਂ ਬਤੀਤ ਕਰ ਰਹੇ ਹਨ ਭਾਵ ਕਬਰਾਂ ਵਿੱਚ ਪਏ ਹੋਏ ਹਨ ਅਤੇ ਓਨਾਂ ਦੇ ਜੀਅ ਉਲਾਮੇ ਸਹਾਰ ਰਹੇ ਹਨ ਭਾਵ ਪ੍ਰਲੋਕ ਵਿੱਚ ਦੁਖ ਪਾ ਰਹੇ ਹਨ।

# ਟੀਕਾ ਰਾਗ ਆਸਾ ਸਮਾਪਤ

ਟੀਕਾ ਕਾਰ

## ਬਿਸ਼ਨ ਸਿੰਘ ਗਿਆਨੀ

ਖਾਲਸਾ ਕਾਲਜ ਅੰਮ੍ਰਿਤਸਰ

Digitized by Panjab Digital Library | www.panjabdigilib.org

# ਰਾਗ ਗੂਜਰੀ

—o—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥

**ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥ ੧ ॥**

ਉਰਸਾ=ਚੰਨਣ ਰਗੜਨ ਵਾਲਾ ਪੱਥਰ ਜਾਂ ਮਨ ਦਾ ਟਿਕਣਾ ਜੇ ਮਨ ਟਿਕ ਜਾਵੇ ਤੇ ਤਾਂ ਤੇਰਾ ਨਾਮ ਜਪਣ ਰੂਪ ਚੰਨਣ ਲੱਕੜ ਦੇ ਟੁਕੜੇ ਬਣਾਈਏ ਜੇ ਚੰਗੀ ਕਰਨੀ ਰੂਪ ਕੇਸਰ ਮਿਲ ਜਾਵੇ ਤੇ ਤਾਂ ਅੰਤਸ਼-ਕਰਨ ਵਿੱਚ ਤੇਰੀ ਪੂਜਾ ਹੋ ਜਾਵੇ।

**ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥ ੧ ॥ ਰਹਾਉ ॥**

ਨਾਮ ਧਿਆਈਏ ਏਹੋ ਹੀ ਤੇਰੀ ਪੂਜਾ ਕਰੀਏ ਕਿਉਂਕਿ ਨਾਮ ਜਪਿਆਂ ਬਿਨਾ ਪੂਜਾ ਪੂਰੀ ਫਲ ਦੇਣ ਵਾਲੀ ਨਹੀਂ ਹੁੰਦੀ ਹੈ ਜਾਂ ਆਦਮੀ ਹੀ ਪੂਜਣ ਵਾਲਾ ਨਹੀਂ ਹੁੰਦਾ ਹੈ ।

**ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥ ੨ ॥**

ਭਾਵੇਂ ਬਾਹਰੋਂ ਦੇਵ=ਦੇਹੀ ਨੂੰ ਧੋਈਏ ਪਰ ਇਸ ਨਾਲ ਕੁਛ ਨਹੀਂ ਹੁੰਦਾ ਹੈ ਜੇਕਰ ਕੋਈ ਮਨ ਨੂੰ ਧੋਵੇ ਭਾਵ ਮਨ ਨੂੰ ਉਪਾਸ਼ਨਾਂ ਕਰਕੇ ਸਾਫ ਕਰੇ ਅਤੇ ਜੀਉ=ਅੰਤਸ਼ਕਰਨ ਦੇ ਮਾਂਜਣ ਨਾਲ ਮੈਲ ਰੂਪ ਜੂਠ ਦੂਰ ਹੋ ਜਾਵੇ ਤੇ ਤਾਂ ਮੁਕਤੀ ਦੇ ਰਸਤੇ ਵਿੱਚ ਪਇਆਣਾ=ਚੱਲਣਾ ਚੰਗਾ ਹੁੰਦਾ ਹੈ ।

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ**

Digitized by Panjab Digital Library | www.panjabdigilib.org

**ਦੇਹਿ ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥ ੩ ॥**

ਪਸੂਆਂ ਨੂੰ ਸ਼ਾਬਾਸ਼ੇ ਮਿਲਦੀ ਹੈ ਕਿਉਂ ਕਿ ਖੜ=ਘਾਹ ਖਾਂਦੇ ਹਨ ਅਤੇ ਦੁਧ ਦੇਂਦੇ ਹਨ, ਨਾਮ ਵਿਹੂਣਿਆਂ ਆਦਮੀਆਂ ਨੂੰ ਧਿਰਕਾਰ ਹੈ ਕਿਉਂਕਿ ਓਹ ਚੰਗੇ ੨ ਖਾਣੇ ਖਾਕੇ ਗੰਦ ਕਰਦੇਂਦੇ ਹਨ ਇਹ ਮਾੜਾ ਕਰਮ ਕਰਦੇ ਹਨ ਇਸ ਲਈ ਮਨਮੁਖਾਂ ਦੇ ਜੀਵਣ ਨੂੰ ਧਿਰਕਾਰ ਹੈ ।

**ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥ ੪ ॥ ੧ ॥**

ਵਾਹਿਗੁਰੂ ਨੇੜੇ ਹੈ ਉਸ ਨੂੰ ਦੂਰ ਨਾ ਜਾਣੋ ਸਾਰਿਆਂ ਥਾਵਾਂ ਵਿਚ ਜੀਆਂ ਦੀ ਖਾਣ ਪੀਣ ਦੀ ਖਬਰ ਰੋਜ ਲੈਂਦਾ ਹੈ, ਗੁਰੂ ਜੀ ਆਖਦੇ ਹਨ ਓਹ ਜੇਹੜਾ ਸੱਚਾ ਅਕਾਲਪੁਰਖ ਹੈ ਓਹ ਜੋ ਕੁਛ ਦੇਂਦਾ ਹੈ ਸੋ ਅਸੀਂ ਖਾਂਦੇ ਹਾਂ ਭਾਵ ਉਸ ਦਾ ਦਿੱਤਾ ਖਾਂਦੇ ਹਾਂ ।

## ਗੂਜਰੀ ਮਹਲਾ ੧ ॥

**ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥ ਤਾਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥ ੧ ॥**

< ਪ੍ਰਮੇਸਰ ਦਾ ਅੰਤ ਉਸ ਦੇ ਸਰੂਪ ਨੂੰ ਪੁੱਜਣਾ ਇੱਕੁਰ ਦੀ ਪ੍ਰਸ਼ਨੋਤ੍ਰੀ ਹੈ। >

ਜਿਸ ਭਗਵਾਨ ਦੀ ਧੁੰਨੀ ਤੋਂ ਕੌਲ ਫੁੱਲ ਹੋਇਆ ਹੈ ਅਤੇ ਉਸ ਕੌਲ ਤੋਂ ਬ੍ਰਹਮਾ ਜੰਮਿਆਂ ਹੈ ਅਤੇ ਓਹ ਬ੍ਰਹਮਾ ਪ੍ਰਮੇਸਰ ਦੇ ਜਸ ਨੂੰ ਚਹੁੰਆਂ ਬੇਦਾਂ ਦੁਆਰੇ ਮੂੰਹ ਨਾਲ ਗਲ ਨੂੰ ਸਵਾਰਨ ਦੇ ਭਾਵ ਚੰਗੀਆਂ ਸੁਰਾਂ ਨਾਲ ਪੜ੍ਹਦਾ ਹੈ ਪਰ ਉਸ ਬ੍ਰਹਮਾ ਤੋਂ ਪ੍ਰਮੇਸਰ ਦਾ ਅੰਤ ਨਹੀਂ ਵੇਖਿਆ ਗਿਆ ਹੈ,ਆਉਂਦਾ ਜਾਂਦਾ ਹੀ ਰਿਹਾ ਕੌਲ ਦੀ ਨਾਲੀ ਵਿੱਚ ਗਾਹੜਾ ਹਨੇਰਾ ਹੀ ਰਿਹਾ ਕੁਛ ਪਤਾ ਨ ਲਗਾ ਕਿ ਇਹ ਨਾਲੀ ਕਿਥੋਂ ਤਕ ਹੈ ਇਸ ਲਈ ਪ੍ਰਮੇਸਰ ਬਿਅੰਤ ਹੈ ।

**ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ॥ ਜਾਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ**

Digitized by Panjab Digital Library | www.panjabdigilib.org

**ਵੀਚਾਰਿ ॥ ੧ ॥ ਰਹਾਉ ॥**

ਜੇਹੜਾ ਪ੍ਰੀਤਮ ਮੇਰੇ ਪ੍ਰਾਣਾਂ ਦਾ ਆਸਰਾ ਹੈ ਓਹ ਮੈਨੂੰ ਕਿਉਂ ਭੁੱਲੇ ਭਾਵ ਨਹੀਂ ਭੁਲਦਾ ਹੈ ਜਿਸ ਪੂਰਨ ਦੀ ਮੁਨੀ ਜਨ ਤੇ ਭਗਤ ਜਨ ਸਰੀਰ ਕਰਕੇ ਸੇਵਾ ਕਰਦੇ ਹਨ ਅਤੇ ਗੁਰਾਂ ਦੁਆਰੇ ਵਿਚਾਰਕੇ ਮਨ ਨਾਲ ਸੇਵਾ ਕਰਦੇ ਹਨ ਜਾਂ ਪੂਰੇ ਭਗਤ ਸੇਵਾ ਕਰਦੇ ਹਨ।

**ਰਵਿ ਸਸਿ ਦੀਪਕ ਜਾਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ॥ ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥ ੨ ॥**

ਜਿਸ ਵਾਹਿਗੁਰੂ ਦੇ ਚੰਦ ਸੂਰਜ ਤਿੰਨਾਂ ਲੋਕਾਂ ਵਿੱਚ ਦੀਵੇ ਚਾਨਣ ਕਰਦੇ ਹਨ ਓਸੇ ਹੰਕਾਰ ਨੂੰ ਨਾਸ ਕਰਨ ਵਾਲੇ ਪ੍ਰਮੇਸਰ ਦੀ ਤਾਕਤ ਤਿੰਨਾਂ ਲੋਕਾਂ ਵਿੱਚ ਫੈਲੀ ਹੋਈ ਹੈ, ਜੇਹੜੇ ਗੁਰਮੁਖ ਹੁੰਦੇ ਹਨ ਓਹ ਰਾਤ ਦਿਨ ਨਿਰਮਲ ਜੋਤ ਵਾਲੇ ਵਾਹਿਗੁਰੂ ਨੂੰ ਵੇਖਦੇ ਹਨ ਅਤੇ ਮਨਮੁਖਾਂ ਨੂੰ ਹਨੇਰੀ ਰਾਤ ਭਾਵ ਅਵਿਦਯਾ ਘੇਰੀ ਹੋਈ ਹੈ।

**ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥ ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥ ੩ ॥**

ਜੇਹੜੇ ਸਿਧ ਸਮਾਧੀਆਂ ਲੌਣ ਵਾਲੇ ਹਨ ਓਹ ਰੋਜ ਹੀ ਆਪੋ ਆਪਣੇ ਮੱਤ ਦੀ ਖਿੱਚਾ ਖਿੱਚੀ ਵਿੱਚ ਝਗੜਾ ਕਰਦੇ ਰਹਿੰਦੇ ਹਨ ਦੋਹਾਂ ਅੱਖਾਂ ਦੇ ਨਾਲ ਕੀ ਵੇਖਦੇ ਹਨ ਭਾਵ ਦੂਸਰੇ ਖਿਆਲ ਨੂੰ ਹੀ ਵੇਖਦੇ ਹਨ ਭਾਵ ਬੁੱਧੀ ਨਾਲ ਜੀਵ ਨੂੰ ਪ੍ਰਮੇਸਰ ਤੋਂ ਵੱਖਰਾ ਮੰਨਦੇ ਹਨ, ਜੇਹੜੇ ਸਤਿਗੁਰੂ ਦੇ ਸਬਦ=ਉਪਦੇਸ਼ ਨੂੰ ਧੁਨਿ=ਉਚਾਰ ਕੇ ਅਤੇ ਦਿਲ ਅੰਦਰ ਪ੍ਰਮੇਸਰ ਦੀ ਜੋਤ ਨੂੰ ਜਾਣ ਕੇ ਗਿਆਨ ਜਾਗਣ ਵਿੱਚ ਜਾਗਦੇ ਹਨ ਸਤਿਗੁਰੂ ਓਨਾਂ ਦਾ ਝਗੜਾ ਦੂਰ ਕਰ ਦੇਂਦੇ ਹਨ ਭਾਵ ਅਸਲੀ ਗੱਲ ਦਾ ਓਨਾਂ ਨੂੰ ਪਤਾ ਲਗ ਜਾਂਦਾ ਹੈ।

**ਸੁਰਿਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥ ਨਾਨਕ ਸਹਜਿ ਮਿਲੇ ਜਗ ਜੀਵਨ ਨਦਰਿ ਕਰਹੁ ਨਿਸਤਾਰਾ॥ ੪ ॥ ੨ ॥**

Digitized by Panjab Digital Library | www.panjabdigilib.org

ਜੇਹੜਾ ਦੇਵਤਿਆਂ ਆਦਮੀਆਂ ਦਾ ਮਾਲਕ ਬਿਅੰਤ ਜਪਨ ਤੋ ਰਹਿਤ ਹੈ ਉਸ ਸੱਚੇ ਪ੍ਰਮੇਸਰ ਦਾ ਮਹਿਲ=ਸਰੂਪ ਬੜਾ ਵੱਡਾ ਹੈ ਗੁਰੂ ਜੀ= ਜਗ ਦਾ ਜੀਵਣ ਵਾਹਿਗੁਰੂ ਗਿਆਨ ਨਾਲ ਮਿਲਦਾ ਹੈ ਅਤੇ ਅਪਣੀ ਕਿਰਪਾ ਨਾਲ ਜੀਆਂ ਦਾ ਨਿਸਤਾਰਾ ਕਰ ਦੇਂਦਾ ਹੈ।

## ਰਾਗੁ ਗੂਜਰੀ ਮਹਲਾ ੩ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

**ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨਪਾਇ॥ ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ ॥ ੧ ॥**

ਜਿਸ ਵਿੱਚ ਵਾਹਿਗੁਰੂ ਨੂੰ ਨਹੀਂ ਪਾਇਆ ਹੈ ਇੱਕੁਰ ਦੇ ਜੀਵਣ ਨੂੰ ਧਿਰਕਾਰ ਹੈ ਜਿਸ ਕੰਮ ਨਾਲ ਪ੍ਰਮੇਸਰ ਭੁੱਲ ਜਾਵੇ ਤੇ ਦੂਸਰੇ ਖਿਆਲ ਵੱਲ ਚਿੱਤ ਲਗ ਜਾਵੇ ਓਨਾਂ ਕੰਮਾਂ ਨੂੰ ਵੀ ਧਿਰਕਾਰ ਹੈ।

**ਐਸਾ ਸਤਿਗੁਰੁ ਸੇਵੀਐ ਮਨਾ ਜਿਤੁਸੇਵਿਐ ਗੋਵਿਦ ਪ੍ਰੀਤਿ ਊਪਜੈ ਅਵਰ ਵਿਸਰਿ ਸਭ ਜਾਇ॥ ਹਰਿ ਸੇਤੀ ਚਿਤੁ ਗਹਿ ਰਹੈ ਜਰਾ ਕਾ ਭਉ ਨ ਹੋਵਈ ਜੀਵਨ ਪਦਵੀ ਪਾਇ ॥ ੧ ॥ ਰਹਾਉ ॥**

ਹੇ ਮਨ ਇੱਕੁਰ ਦੇ ਸਤਿਗੁਰੂ ਨੂੰ ਸੇਵੀਏ ਜਿਸ ਦੀ ਸੇਵਾ ਨਾਲ ਪ੍ਰਮੇਸਰ ਵਿੱਚ ਪ੍ਰੀਤੀ ਲਗ ਜਾਵੇ ਜਾਂ ਪੈਦਾ ਹੋਵੇ ਅਤੇ ਹੋਰ ਸਾਰੀ ਪ੍ਰੀਤੀ ਭੁੱਲ ਜਾਵੇ ਅਤੇ ਪ੍ਰਮੇਸਰ ਦੇ ਨਾਲ ਚਿਤ ਦੀ ਫੜਾ ਫੜੀ ਰਹੇ ਅਤੇ ਫਿਰ ਬੁਢੇਪੇ ਦਾ ਡਰ ਨਹੀਂ ਹੋਵੇਗਾ ਤੇ ਜੀਵਣ ਮੁਕਤੀ ਦੀ ਪਦਵੀ ਮਿਲ ਜਾਵੇਗੀ।

**ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ ਵੇਖੁ ਜੈਸੀ ਭਗਤਿ ਬਨੀ ॥ ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਾਈ ॥ ੨ ॥**

ਪ੍ਰਮੇਸਰ ਦੀ ਪ੍ਰੀਤੀ ਨਾਲ ਗੁਰਮੁਖਾਂ ਨੂੰ ਏਕਤਾ ਦਾ ਗਿਆਨ ਪੈਦਾ ਹੋਇਆ ਹੈ ਹੇ ਭਰਾ ਵੇਖ ਜਿਸਤਰਾਂ ਦੀ ਹੁਣ ਭਗਤੀ ਬਣੀ ਹੋਈ ਹੈ ਭਾਵ ਜਿਸਤਰਾਂ ਦੀ ਹੁਣ ਗਿਆਨ ਨਾਲ ਭਗਤੀ ਸੋਭਾ ਪਾਂਦੀ ਹੈ, ਅਪਣੇ

Digitized by Panjab Digital Library | www.panjabdigilib.org

ਸਰੂਪ ਦੇ ਖਿਆਲ ਨਾਲ ਦੂਸਰੇ ਸਰੂਪ ਖਿਆਲ ਹੰਕਾਰ ਨੂੰ ਖਾਧਾ ਹੈ ਤਾਂ ਮਨ ਸਾਫ ਹੋਇਆ ਹੈ ਤੇ ਪ੍ਰਮੇਸਰ ਦੀ ਜੋਤ ਨਾਲ ਜੋਤ ਮਿਲ ਗਈਹੈ।

**ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭੁ ਕੋਇ ॥ ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ ॥ ੩ ॥**

ਜੇ ਭਾਵੇਂ ਹਰ ਕੋਈ ਚਾਹੇ ਫਿਰ ਵੀ ਭਾਗਾਂ ਤੋਂ ਬਿਨਾਂ ਇੱਕੁਰ ਦਾ ਸਤਿਗੁਰੂ ਨਹੀਂ ਪਾਈਦਾ ਹੈ ਜੇਹੜੀ ਝੂਠ ਅਗਜਾਨ ਦੀ ਵਿੱਚ ਵੱਟ ਜਾਂ ਪੜਦਾ ਪਿਆ ਹੋਇਆ ਹੈ ਜਦੋਂ ਓਹ ਗੁਰਾਂ ਦੀ ਕਿਰਪਾ ਨਾਲ ਅੰਦਰੋਂ ਨਿਕਲ ਜਾਂਦਾ ਹੈ ਤਾਂ ਇਸ ਜੀਵ ਨੂੰ ਸਦਾ ਸੁਖ ਹੁੰਦਾ ਹੈ।

**ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ ॥ ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥੧॥੩॥**

ਗੁਰੂ ਜੀ=ਜੇਹੜੇ ਇੱਕੁਰ ਦੇ ਸਤਿਗੁਰੂ ਹਨ ਓਨਾਂ ਦੀ ਉਹ ਸੇਵਾਦਾਰ ਜਿਸ ਉਤੇ ਕਿਰਪਾ ਹੋਈ ਹੈ ਕੀ ਸੇਵਾ ਕਰ ਸਕਦਾ ਹੈ? ਭਾਵ ਕੁਛ ਨਹੀਂ ਕਰ ਸਕਦਾ ਹੈ, ਸਿਰਫ ਇਕ ਜੀਅ ਹੀ ਗੁਰਾਂ ਨੂੰ ਦੇ ਦੇਵੇ ਗੁਰਾਂ ਅੱਗੇ ਭੇਟਾ ਕਰ ਦੇਵੇ ਅਤੇ ਗੁਰਾਂ ਦੀ ਆਗਿਆ ਨੂੰ ਚਿਤ ਵਿਚ ਮੰਨੇ ਤਾਂ ਸਤਿਗੁਰੂ ਆਪਣੀ ਕਿਰਪਾ ਕਰਦੇ ਹਨ।

## ਗੂਜਰੀ ਮਹਲਾ ੩ ॥

**ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥ ਹਰਿਕੀ ਸੇਵਾਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥ ੧ ॥**

ਹੇ ਭਰਾਓ ਤੁਸੀਂ ਪ੍ਰਮੇਸ਼ਰ ਦੀ ਸੇਵਾ ਕਰੋ, ਹੋਰ ਦੇਵੀ ਦੇਵਤਿਆਂ ਦੀ ਸੇਵਾ ਨ ਕਰੋ। ਪ੍ਰਮਸਰ ਦੀ ਸੇਵਾ ਨਾਲ ਮਨ ਭਾਂਦਾ ਫਲ ਪਾਈਦਾ ਹੈ ਹੋਰਨਾਂ ਦੀ ਦੂਸਰੀ ਸੇਵਾ ਨਾਲ ਮਨੁਖ ਜਨਮ ਐਵੇਂ ਚਲਿਆ ਜਾਂਦਾ ਹੈ।

**ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿਮੇਰੀ ਕਥਾ ਕਹਾਨੀ ਜੀ ॥ ਗੁਰ ਪ੍ਰਸਾਦਿ ਮੇਰਾ ਮਨੁ ਭੀਜੈ**

Digitized by Panjab Digital Library | www.panjabdigilib.org

**ਏਹਾ ਸੇਵ ਬਨੀ ਜੀਉ ॥ ੧ ॥ ਰਹਾਉ ॥**

ਪ੍ਰਮੇਸਰ ਨਾਲ ਹੀ ਮੇਰੀ ਪ੍ਰੀਤੀ ਹੈ ਅਤੇ ਪ੍ਰਮੇਸਰ ਨਾਲ ਹੀ ਮੇਰੀ ਮਿਰਯਾਦਾ ਹੈ । ਪ੍ਰਮੇਸਰ ਹੀ ਮੇਰੀ ਕਥਾ ਕਹਾਣੀ ਭਾਵ ਕਥਾ ਦੇ ਪ੍ਰਸੰਗ ਹਨ ।

ਗੁਰਾਂ ਦੀ ਕ੍ਰਿਪਾ ਨਾਲ ਮੇਰਾ ਮਨ ਭਾਵ ਅੰਤਸ਼ਕਰਨ ਪ੍ਰਮੇਸਰ ਦੇ ਪ੍ਰੇਮ ਵਿਚ ਭਿੱਜਿਆ ਹੈ ਮੇਰੇ ਵੱਲੋਂ ਏਹੋ ਹੀ ਸੇਵਾ ਹੱਛੀ ਹੋਈ ਹੈ ਭਾਵ ਇੱਕੁਰ ਦੀ ਸੇਵਾ ਚੰਗੀ ਹੈ ।

**ਹਰਿ ਮੇਰਾ ਸਿੰਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ॥ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ ॥ ੨ ॥**

ਪ੍ਰਮੇਸਰ ਹੀ ਮੇਰਾ ਸਿੰਮ੍ਰਤੀਆਂ ਰੂਪ ਹੈ ਪ੍ਰਮੇਸਰ ਹੀ ਮੇਰਾ ਛੇ ਸ਼ਸਤ੍ਰ ਹੈ ਅਤੇ ਪ੍ਰਮੇਸਰ ਹੀ ਮੇਰਾ ਭਰਾ ਸਾਕ ਸਰਬੰਧੀ ਹੈ । ਪ੍ਰਮੇਸਰ ਹੀ ਮੇਰਾ ਸਕਾ ਭਰਾ ਹੈ, ਪ੍ਰਮੇਸਰ ਦੇ ਨਾਮ ਦੀ ਹੀ ਮੈਨੂੰ ਭੁੱਖ ਲੱਗਦੀ ਹੈ ਪ੍ਰਮੇਸਰ ਦਾ ਨਾਮ ਜਪਕੇ ਹੀ ਮੇਰਾ ਮਨ ਰੱਜ ਜਾਂਦਾ ਹੈ ਪ੍ਰਮੇਸਰ ਹੀ ਮੇਰਾ ਸਾਕ ਹੈ ਜੇਹੜਾ ਅੰਤ ਨੂੰ ਸਹਾਈ ਹੁੰਦਾ ਹੈ ਜਾਂ ਹੋਵੇਗਾ ।

**ਹਰਿ ਬਿਨੁ ਹੋਰ ਰਾਸਿ ਕੂੜੀ ਹੈ ਚਲਦਿਆ ਨਾਲਿ ਨ ਜਾਈ ॥ ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ ਜਹਾ ਹਉ ਜਾਉ ਤਹ ਜਾਈ ॥ ੩ ॥**

ਪ੍ਰਮੇਸਰ ਦੇ ਨਾਮ ਤੋਂ ਬਿਨਾਂ ਜੇਹੜੀ ਹੋਰ ਰਾਸ ਹੈ ਉਹ ਸਾਰੀ ਝੂਠੀ ਹੈ ਉਹ ਮਰਨ ਦੇ ਵੇਲੇ ਨਾਲ ਨਹੀਂ ਜਾਂਦੀ ਹੈ । ਪ੍ਰਮੇਸਰ ਹੀ ਮੇਰਾ ਧਨ ਹੈ ਜੇਹੜਾ ਅੱਗੇ ਮੇਰੇ ਨਾਲ ਚੱਲੇਗਾ ਹੁਣ ਵੀ ਮੈਂ ਜਿੱਥੇ ਜਾਂਦਾ ਹਾਂ ਮੇਰੇ ਨਾਲ ਜਾਂਦਾ ਹੈ ।

**ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ॥ ਕਹੈ ਨਾਨਕੁ ਹਰਿਕਾ ਭਾਣਾ ਹੋਆ ਕਹਣਾ ਕਛੂ ਨ ਜਾਈ ॥ ੪ ॥ ੨ ॥ ੪ ॥**

ਜੇਹੜਾ ਝੂਠੇ ਸੰਸਾਰ ਵਿਚ ਲਗਾ ਹੈ ਓਹ ਮਨਮੁਖ ਹੈ ਅਤੇ

Digitized by Panjab Digital Library | www.panjabdigilib.org

ਝੂਠਿਆਂ ਹੀ ਕਰਮਾਂ ਨੂੰ ਕਮਾਂਦਾ ਹੈ ਗੁਰੂ ਜੀ ਆਖਦੇ ਹਨ ਜੇਹੜਾ ਪ੍ਰਮੇਸਰ ਦਾ ਹੁਕਮ ਹੈ ਸੋ ਜਰੂਰ ਹੁੰਦਾ ਜਾਂ ਹੋਵੇਗਾ। ਸਾਡੇ ਪਾਸੋਂ ਕੁਛ ਆਖਿਆ ਨਹੀਂ ਜਾਂਦਾ ਹੈ ਭਾਵ ਜਿੱਥੇ ਕੋਈ ਲਾਇਆ ਹੈ ਓਸੇ ਕੰਮ ਵਿਚ ਉਹ ਲੱਗਾ ਹੈ।

## ਗੂਜਰੀ ਮਹਲਾ ੩ ॥

## ਜੁਗ ਮਾਹਿ ਨਾਮੁ ਦੁਲੰਭੁ ਹੈ ਗੁਰਮੁਖਿ ਪਾਇਆ ਜਾਇ ॥ ਬਿਨੁ ਨਾਵੈ ਮੁਕਤਿ ਨ ਹੋਵਈ ਵੇਖਹੁ ਕੋ ਵਿਉਪਾਇ ॥ ੧ ॥

ਕਲਜੁਗ ਵਿਚ ਨਾਮ ਬੜਾ ਦੁਰਲੱਭ ਹੈ ਸੋ ਇਹ ਗੁਰਾਂ ਦੀ ਕ੍ਰਿਪਾ ਨਾਲ ਹੀ ਪਾਇਆ ਜਾਂਦਾ ਹੈ ਨਾਮ ਤੋਂ ਬਿਨਾਂ ਹੋਰ ਜੱਗ ਤਪ ਆਦਿਕ ਕੰਮਾਂ ਨਾਲ ਮੁਕਤੀ ਨਹੀਂ ਹੁੰਦੀ ਹੈ ਜਿਸਨੂੰ ਸ਼ੱਕ ਹੋਵੇ ਉਹ ਕੋਈ ਵਿਉਪਾਇ=ਵਿਸ਼ੇਸ਼ ਕਰਕੇ ਨਿਰਨੇ ਕਰਕੇ ਭਾਵ ਚੰਗੀ ਤਰਾਂ ਖੋਜ ਭਾਲ ਕਰਕੇ ਵੇਖ ਲਵੇ। ਵਿਉਪਾਇ=ਜੈ ਪੁਰਦੀ ਬੋਲੀ ਜਾਂ ਕੋਈ ਵੀ ਜਤਨ ਕਰਕੇ।

## ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥ ਸਤਿਗੁਰ ਮਿਲਿਐ ਹਰਿ ਮਨਿ ਵਸੈ ਸਹਜੇ ਰਹੈ ਸਮਾਇ ॥ ੧ ॥ ਰਹਾਉ ॥

ਮੈਂ ਆਪਣੇ ਗੁਰਾਂ ਤੋਂ ਮਨ ਤਨ ਕਰਕੇ ਸਦਾ ਬਲਿਹਾਰ ਜਾਂਦਾ ਹਾਂ। ਸਤਿਗੁਰਾਂ ਨੂੰ ਮਿਲਨ ਨਾਲ ਪ੍ਰਮੇਸਰ ਮਨ ਵਿਚ ਵੱਸਦਾ ਹੈ ਅਤੇ ਜੀਵ ਸੁਭਾਵਕ ਹੀ ਪ੍ਰਮੇਸਰ ਨਾਲ ਮਿਲਿਆ ਰਹਿੰਦਾ ਹੈ।

## ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥ ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥ ੨ ॥

ਜਦੋਂ ਜੀਵ ਦੇ ਮਨ ਵਿਚ ਵਾਹਿਗੁਰੂ ਅਪਣਾ ਡਰ ਪਾਂਦਾ ਹੈ ਜਾਂ ਮਨ ਵਿਚ ਵੈਰਾਗ ਪੈਦਾ ਹੁੰਦਾ ਹੈ ਭਾਵ ਪ੍ਰੇਮ ਹੁੰਦਾ ਹੈ ਪ੍ਰੇਮ ਤੋਂ ਹੀ ਪ੍ਰਮੇਸਰ ਨੂੰ ਪਾਈਦਾ ਹੈ ਤੇ ਫਿਰ ਜੀਵ ਪ੍ਰਮੇਸਰ ਦੇ ਨਾਲ ਹੀ ਮਿਲਿਆ ਰਹਿੰਦਾ ਹੈ।

## ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ

Digitized by Panjab Digital Library | www.panjabdigilib.org

**ਆਇ ॥ ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥ ੩ ॥**

ਜੇਹੜੇ ਮਨ ਨੂੰ ਜਿੱਤਦੇ ਹਨ ਉਹ ਜੀਵਣ ਮੁਕਤ ਹਨ ਓਨਾਂ ਦਾ ਮਨ ਜਿੱਤਿਆ ਹੋਇਆ ਫਿਰ ਮਾਇਆ ਵਿਚ ਆਕੇ ਨਹੀਂ ਲੱਗਦਾ ਹੈ ਤਾਂ ਫਿਰ ਇਹ ਦਸਵੇਂ ਦੁਆਰ ਵਿਚ ਬ੍ਰਿਤੀ ਨੂੰ ਰੋਕਣਾਂ ਕਰਦੇ ਹਨ ਫਿਰ ਓਨਾਂ ਨੂੰ ਤਿੰਨਾਂ ਲੋਕਾਂ ਦੀ ਸੋਝੀ ਪੈ ਜਾਂਦੀ ਹੈ ਭਾਵ ਮਨ ਰੋਕਣ ਨਾਲ ਸਭ ਖਬਰ ਹੋ ਜਾਂਦੀ ਹੈ, ਜਾਂ ਨਵਾਂ ਰਸਤਿਆਂ ਤੋਂ ਕੱਢਕੇ ਮਨ ਨੂੰ ਇਕ ਥਾਂ ਟਿਕਾਵੇ ਤਾਂ ਦੁਨੀਆਂ ਨੂੰ ਝੂਠਿਆਂ ਸਮਝਦਾ ਹੈ ।

**ਨਾਨਕ ਗੁਰਤੇ ਗੁਰੁ ਹੋਇਆ ਵੇਖਹੁ ਤਿਸਕੀ ਰਜਾਇ॥ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥ ੪ ॥ ੩ ॥ ੫ ॥**

ਗੁਰੂ ਜੀ ਤੋਂ ਉਪਦੇਸ਼ ਲੈਕੇ ਫਿਰ ਸਿਖ ਗੁਰੂ ਭਾਵ ਹੋਰਨਾਂ ਨੂੰ ਤਾਰਨ ਵਾਲਾ ਹੋ ਗਿਆ ਹੈ । ਹੇ ਭਰਾਓ ਵੇਖੋ ਉਸ ਪ੍ਰਮੇਸਰ ਦੀ ਰਜਾਇ=ਆਗਿਆ ਕਿੱਡੀ ਜੋਰਾਵਰ ਹੈ ਉਹ ਕਰਤਾ ਪ੍ਰਮੇਸਰ ਹੀ ਇਸ ਕੰਮ ਨੂੰ ਕਰਦਾ ਹੈ। ਜਿਸਦੇ ਉਤੇ ਕਿਰਪਾ ਕਰਦਾ ਹੈ ਉਸਦੀ ਜੋਤ ਆਪਣੀ ਜੋਤ ਵਿਚ ਮਿਲਾ ਲੈਂਦਾ ਹੈ ।

## ਗੂਜਰੀ ਮਹਲਾ ੩ ॥

**ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈਕੋਇ॥੧॥**

{ਗੁਰੂ ਤੋਂ ਗੁਰੂ ਤੇ ਹੋ ਜਾਂਦਾ ਹੈ ਪਰ ਰਾਮ ਨਾਮ ਆਪ ਹੁਦਰਿਆਂ ਹੋਕੇ ਨਹੀਂ ਜਪਿਆ ਜਾਂਦਾ ਇਕੁਰ ਪ੍ਰਸ਼ੋਤਰੀ ਹੈ।}

ਸਿੱਧਾ ਐਵੇਂ ਤਾਂ ਰਾਮ ਰਾਮ ਹਰ ਕੋਈ ਆਖਦਾ ਹੈ ਪਰ ਉਸ ਆਖਣ ਨਾਲ ਰਾਮ=ਅਰਾਮ ਨਹੀਂ ਹੁੰਦਾ ਹੈ ਜਾਂ ਮਨ ਨਾਲ ਪ੍ਰੇਮ ਨਾਲ ਪ੍ਰਮੇਸਰ ਨੂੰ ਆਖਿਆਂ ਬਿਨਾਂ ਪ੍ਰਮੇਸਰ ਦਾ ਨਾਮ ਰਿਦੇ ਵਿਚ ਨਹੀਂ ਵੱਸਦਾ ਹੈ ਤੇ ਨਾ ਹੀ ਸੁਖ ਹੁੰਦਾ ਹੈ ਜਦੋਂ ਗੁਰਾਂ ਦੀ ਕਿਰਪਾ ਨਾਲ ਰਾਮ ਮਨ ਵਿਚ ਵੱਸ ਜਾਂਦਾ ਹੈ ਤਾਂ ਕੋਈ ਰਾਮ ਸਿਮਰਨ ਦਾ ਫਲ ਖਾਂਦਾ ਹੈ ਭਾਵ ਜਰੂਰ ਫਲ ਮਿਲਦਾ ਹੈ ।

**ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ**

Digitized by Panjab Digital Library | www.panjabdigilib.org

॥ ੧ ॥ ਰਹਾਉ ॥

ਜਿਸਦੇ ਦਿਲ ਅੰਦਰ ਗੋਬਿੰਦ ਦੀ ਪ੍ਰੀਤੀ ਲਗਦੀ ਹੈ ਉਸਨੂੰ ਪ੍ਰਮੇਸਰ ਕਦੀ ਭੁਲਦਾ ਨਹੀਂ ਹੈ ਮਨ ਚਿਤ ਨੂੰ ਰੋਕਕੇ ਹਰਿ ਹਰਿ ਕਰਦਾ ਰਹਿੰਦਾ ਹੈ ਜਾਂ ਮਨ ਵਿਚ ਪ੍ਰਮੇਸਰ ਨੂੰ ਚੇਤੇ ਕਰਦਾ ਰਹਿੰਦਾ ਹੈ।

**ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥ ੨॥**

ਜਿਨਾਂ ਆਦਮੀਆਂ ਦੇ ਦਿਲ ਅੰਦਰ ਛਲ ਵੱਸਦਾ ਹੈ ਅਤੇ ਬਾਹਰੋਂ ਪਖੰਡ ਨਾਲ ਸੰਤ ਕਹਾਂਦੇ ਹਨ ਓਨਾਂ ਦੀ ਤ੍ਰਿਸ਼ਨਾਂ ਕਦੀ ਨਹੀਂ ਦੂਰ ਹੁੰਦੀ ਹੈ ਅੰਤ ਨੂੰ ਜਮ ਲੋਕ ਜਾਕੇ ਪਛਤਾਂਦੇ ਹਨ।

**ਅਨੇਕ ਤੀਰਥ ਜੇ ਜਤਨ ਕਰੈ ਤਾਂ ਅੰਤਰ ਕੀ ਹਉਮੈ ਕਦੇ ਨ ਜਾਇ ॥ ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥ ੩ ॥**

ਜੇਕਰ ਬੜਿਆਂ ਜਤਨਾਂ ਨਾਲ ਅਨੇਕਾਂ ਤੀਰਥਾਂ ਦਾ ਅਸ਼ਨਾਨ ਵੀ ਕਰ ਲੈਣ ਤਾਂ ਵੀ ਦਿਲ ਅੰਦਰ ਦੀ ਹੰਗਤਾ ਮੈਲ ਕਦੀ ਨਹੀਂ ਜਾਂਦੀ ਹੈ ਜਿਸ ਆਦਮੀ ਦੀ ਦੁਬਿਧਾ ਨਹੀਂ ਜਾਂਦੀ ਹੈ ਉਸਨੂੰ ਧਰਮ ਰਾਜਾ ਸਜਾ ਦੇਂਦਾ ਹੈ।

**ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥ ੪ ॥ ੪ ॥ ੬ ॥**

ਜਿਸਦੇ ਉਤੇ ਕਿਰਪਾ ਹੁੰਦੀ ਹੈ ਉਹ ਭਗਤ ਗੁਰਾਂ ਨੂੰ ਪਾਂਦਾ ਹੈ ਫਿਰ ਗੁਰਾਂ ਦੁਆਰੇ ਪ੍ਰਮੇਸਰ ਨੂੰ ਕੋਈ ਵਿਰਲਾ ਹੀ ਸਮਝਦਾ ਹੈ। ਗੁਰੂ ਜੀ=ਜੇਹੜਾ ਕੋਈ ਦਿਲ ਅੰਦਰੋਂ ਹੰਗਤਾ ਮਮਤਾ ਨੂੰ ਮਾਰੇ ਉਹ ਆਦਮੀ ਪ੍ਰਮੇਸਰ ਨੂੰ ਮਿਲਦਾ ਹੈ।

## ਗੂਜਰੀ ਮਹਲਾ ੩ ॥

**ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ ਜਿਸ ਕਾ ਅਭਿਮਾਨੁ ਗਵਾਏ ॥ ਸੋ ਜਨੁ ਨਿਰਮਲੁ ਜਿ ਗੁਰਮੁਖਿ ਬੂਝੈ ਹਰਿ ਚਰਣੀ ਚਿਤੁ ਲਾਏ ॥ ੧ ॥**

Digitized by Panjab Digital Library | www.panjabdigilib.org

ਜਿਸਦਾ ਹੰਕਾਰ ਮਾਲਕ ਦੂਰ ਕਰਦਾ ਹੈ ਉਸ ਨੂੰ ਸ਼ਾਂਤੀ ਆ ਜਾਂਦੀਹੈ ਅਤੇ ਸਦਾ ਹੀ ਅਕਲ ਟਿਕ ਜਾਂਦੀ ਹੈ। ਜੇਹੜਾ ਗੁਰਾਂ ਦੁਆਰੇ ਪ੍ਰਮੇਸਰ ਦੇ ਚਰਨਾਂ ਵਿਚ ਚਿਤ ਲਾਂਦਾ ਹੈ ਅਤੇ ਪ੍ਰਮੇਸਰ ਨੂੰ ਜਾਣਦਾ ਹੈ ਉਹ ਦਾਸ ਵਿਕਾਰਾਂ ਦੀ ਮੈਲ ਤੋਂ ਬਚਕੇ ਨਿਰਮਲ ਹੁੰਦਾ ਹੈ ਤੇ ਓਹੋ ਹੀ ਸਮਝਦਾ ਹੈ।

**ਹਰਿ ਚੇਤਿ ਅਚੇਤ ਮਨਾ ਜੋ ਇਛਹਿ ਸੋ ਫਲੁ ਹੋਈ॥ ਗੁਰਪਰਸਾਦੀ ਹਰਿ ਰਸੁ ਪਾਵਹਿ ਪੀਵਤ ਰਹਹਿ ਸਦਾ ਸੁਖੁ ਹੋਈ ॥ ੧ ॥ ਰਹਾਉ ॥**

ਹੇ ਬੇਸਮਝ ਮਨਾ ਵਾਹਿਗੁਰੂ ਨੂੰ ਯਾਦ ਕਰ ਜੋ ਇਛਿਆ ਕਰੇਂਗਾ ਸੋ ਉਹ ਫਲ ਪ੍ਰਾਪਤ ਹੋ ਜਾਵੇਗਾ ਗੁਰਾਂ ਦੀ ਕਿਰਪਾ ਨਾਲ ਪ੍ਰਮੇਸਰ ਦੇ ਨਾਮ ਦਾ ਰਸ ਪਾਵੇਂਗਾ ਉਸ ਰਸ ਨੂੰ ਜੇ ਸਦਾ ਪੀਂਦਾ ਰਹੇਂਗਾ ਤਾਂ ਸਦਾ ਸੁਖਹੋਵੇਗਾ।

**ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥ ਜੋ ਉਸੁ ਪੂਜੇ ਸੋ ਫਲੁ ਪਾਏ ਦੀਖਿਆ ਦੇਵੈ ਸਾਚੁ ਬੁਝਾਏ ॥ ੨ ॥**

ਜੇ ਪਾਰਸ=ਗੁਰੂ ਮਿਲੇ ਤੇ ਤਾਂ ਪਾਰਸ=ਗੁਰੂ ਹੋ ਜਾਂਦਾ ਹੈ ਜਦੋਂ ਪਾਰਸ ਹੋਵੇ ਤੇ ਤਾਂ ਓਹ ਅਪਣੀ ਪੂਜਾ ਕਰਾਂਦਾ ਹੈ ਜੇਹੜਾ ਉਸ ਦੀ ਪੂਜਾ ਕਰਦਾ ਹੈ ਸੋ ਓਹੋ ਹੀ ਮਨ ਭਾਂਦਾ ਫਲ ਪਾਂਦਾ ਹੈ ਕਿਉਂਕਿ ਓਹ ਜਿਸ ਨੂੰ ਸਤ ਨਾਮ ਦਾ ਮੰਤ੍ਰ ਦੇਂਦਾ ਹੈ ਉਸ ਨੂੰ ਸੱਚਾ ਰਸਤਾ ਦੱਸ ਦੇਂਦਾ ਹੈ।

**ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥ ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥ ੩ ॥**

ਪਾਰਸ ਰੂਪ ਗੁਰੂ ਨੂੰ ਮਿਲਿਆਂ ਬਿਨਾਂ ਪੂਜਾ ਨਹੀਂ ਹੁੰਦੀ ਹੈ ਅਪਣਾ ਮਨ ਪ੍ਰਮੇਸਰ ਵਿੱਚ ਲਾਇਆਂ ਬਿਨਾ ਜੇਹੜਾ ਹੋਰਨਾਂ ਨੂੰ ਸਮਝਾਂਦਾ ਹੈ ਓਹ ਅੰਨ੍ਹਾ ਗੁਰੂ ਕਹਾਂਦਾ ਹੈ ਇੱਕੁਰ ਦਾ ਜਿਸ ਨੂੰ ਰਸਤੇ ਪਾਵੇਗਾ ਭਾਵ ਜੇਹੜਾ ਉਸ ਤੋਂ ਉਪਦੇਸ਼ ਲਏਗਾ ਓਹ ਘਰ ਦੇ ਭਰਮ ਹਨੇਰੇ ਵਿੱਚ ਪਿਆ ਰਹੇਗਾ। ਪਰਚੇ=ਪਰਚਣਾ ਜਾਂ ਉਪਦੇਸ਼। ਮਾਰਗ=ਰਸਤਾ।

**ਨਾਨਕ ਵਿਣੁ ਨਦਰੀ ਕਿਛੂ ਨ ਪਾਈਐ ਜਿਸੁ ਨਦਰਿ ਕਰੇ ਸੋ ਪਾਏ ॥ ਗੁਰਪਰਸਾਦੀ ਦੇ ਵਡਿਆਈ ਅਪਣਾ**

Digitized by Panjab Digital Library | www.panjabdigilib.org

**ਸਬਦੁ ਵਰਤਾਏ ॥ ੪ ॥ ੫ ॥ ੭ ॥**

ਗੁਰੂ ਜੀ ਆਖਦੇ ਹਨ ਪ੍ਰਮੇਸਰ ਦੀ ਕਿਰਪਾ ਤੋਂ ਬਿਨਾ ਕੁਛ ਨਹੀਂ ਪਾਈਦਾ ਹੈ ਜਿਸ ਦੇ ਉਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹ ਗੁਰੂ ਨੂੰ ਪਾਂਦਾ ਹੈ ਅਗੇ ਪ੍ਰਮੇਸਰ ਗੁਰਾਂ ਦੀ ਕਿਰਪਾ ਨਾਲ ਅਪਣੇ ਸੇਵਕ ਦੇ ਰਿਦੇ ਵਿੱਚ ਅਪਨਾ ਸਬਦ=ਹੁਕਮ ਵਰਤਾਂਦਾ ਹੈ ਅਤੇ ਵਡਿਆਈ ਦੇਂਦਾ ਹੈ।

## ਗੂਜਰੀ ਮਹਲਾ ੩ ਪੰਚਪਦੇ ॥

**ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥ ੧ ॥**

{ਕਾਂਸ਼ੀ ਵਿੱਚ ਰਹਿੰਦਾ ਜਾਂ ਕਾਂਸ਼ੀ ਵਿੱਚ ਜਾਕੇ ਅਕਲ ਚੰਗੀ ਨਹੀਂ ਹੁੰਦੀ ਹੈ ਅਤੇ ਨਾ ਹੀ ਭਰਮ ਜਾਂਦਾ ਹੈ ਇਹ ਪ੍ਰਸ਼ਨੋਤ੍ਰੀ ਹੈ।}

ਨ ਕਾਂਸ਼ੀ ਵਿੱਚ ਰਹਿਣ ਨਾਲ ਚੰਗੀ ਅਕਲ ਜੰਮਦੀ ਹੈ ਨ ਕਾਸ਼ੀ ਵਿੱਚ ਰਹਿਣ ਨਾਲ ਮਾੜੀ ਅਕਲ ਨਾਸ ਹੁੰਦੀ ਹੈ ਸਤਿਗੁਰਾਂ ਦੇ ਮਿਲਨ ਨਾਲ ਚੰਗੀ ਅਕਲ ਪੈਦਾ ਹੁੰਦੀ ਹੈ ਅਤੇ ਖੋਟੀ ਅਕਲ ਚਲੀ ਜਾਂਦੀ ਹੈ ਤਾਂ ਇਸ ਆਦਮੀ ਨੂੰ ਸੋਝੀ ਪੈ ਜਾਂਦੀ ਹੈ।

**ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ॥ ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥ ੧ ॥ ਰਹਾਉ ॥**

ਹੇ ਮਨ ਹਰੀ ਦੀ ਕਥਾ ਸੁਣ ਤੇ ਹਰੀ ਦੀ ਕਥਾ ਹੀ ਮਨ ਵਿੱਚ ਵਸਾ ਤਾਂ ਇਹ ਸਿਮਰਨ ਵਾਲੀ ਅਕਲ ਤੇਰੀ ਟਿਕੀ ਰਹੇਗੀ ਅਤੇ ਰਿਦੇ ਤੋਂ ਭਰਮ ਜਾਂਦਾ ਰਹੇਗਾ।

**ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ॥ ਪੰਚ ਭੂਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥ ੨ ॥**

ਤੂੰ ਪ੍ਰਮੇਸਰ ਦੇ ਚਰਨਾਂ ਨੂੰ ਰਿਦੇ ਵਿੱਚ ਵਸਾ ਤਾਂ ਤੇਰੇ ਪਾਪ ਨਾਸ ਹੋਣਗੇ ਜੇਹੜਾ ਮਨ ਪੰਜਾਂ ਤੱਤਾਂ ਦੀ ਸਤੋ ਅੰਸ ਹੈ ਜਦੋਂ ਇਸ ਨੂੰ ਵੱਸ ਕਰੇਂਗਾ ਤਾਂ ਤੀਰਥ ਵਿੱਚ ਇਸ਼ਨਾਨ ਕਰੇਂਗਾ ਭਾਵ ਫਿਰ ਜਿੱਥੇ ਰਹੇਂਗਾ ਓਥੇ ਹੀ

Digitized by Panjab Digital Library | www.panjabdigilib.org

ਕਾਸ਼ੀ ਆਦਕ ਤੀਰਥ ਹੋਵੇਗਾ ।

**ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ॥ ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ॥੩॥**

ਮਨਮੁਖਾਂ ਦਾ ਇਹ ਮਨ ਮੂਰਖ ਹੈ ਓਨਾਂ ਨੂੰ ਕੁਛ ਸੋਝੀ ਨਹੀਂ ਪੈਂਦੀ ਹੈ ਭਾਵ ਸਮਝ ਨਹੀਂ ਆਉਂਦੀ ਹੈ ਕਿਉਂਕਿ ਓਹ ਪ੍ਰਮੇਸਰ ਦਾ ਨਾਮ ਸਮਝਦੇ ਨਹੀਂ ਹਨ ਅੰਤ ਨੂੰ ਜਮ ਦੇ ਪਿੰਡ ਜਾਕੇ ਪਛਤਾਉਣਗੇ ।

**ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥ ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥ ੪ ॥**

ਜਿਨਾਂ ਨੂੰ ਗੁਰਾਂ ਨੇ ਅਪਣਾ ਉਪਦੇਸ਼ ਸਮਝਾ ਦਿੱਤਾ ਹੈ ਓਹਨਾਂ ਦਾ ਇਹ ਮਨ ਭਾਵ ਅੰਤਸ਼ਕਰਨ ਹੀ ਕਾਸ਼ੀ ਆਦਕ ਸਾਰੇ ਤੀਰਥ ਅਤੇ ਸਾਰੀਆਂ ਸਿਮ੍ਰਤੀਆਂ ਵਰਗਾ ਹੈ ਜਿਸ ਦੇ ਰਿਦੇ ਵਿੱਚ ਪ੍ਰਮੇਸਰ ਮਿਲਿਆ ਹੋਇਆ ਹੈ ਅਠਾਹਠ ਤੀਰਥ ਉਸ ਦੇ ਨਾਲ ਰਹਿੰਦੇ ਹਨ ਭਾਵ ਸਾਰਿਆਂ ਤੀਰਥਾਂ ਦਾ ਫਲ ਉਸ ਨੂੰ ਘਰ ਬੈਠਿਆਂ ਹੀ ਮਿਲਦਾ ਹੈ ।

**ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥ ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥ ੫ ॥ ੬ ॥ ੮ ॥**

ਗੁਰੂ ਜੀ ਆਖਦੇ ਹਨ ਜਿਸ ਨੇ ਸਤਿਗੁਰਾਂ ਨਾਲ ਮਿਲਕੇ ਪ੍ਰਮੇਸਰ ਦਾ ਹੁਕਮ ਸਮਝਿਆ ਹੈ ਉਸ ਦੇ ਰਿਦੇ ਵਿੱਚ ਇਕ ਪ੍ਰਮੇਸਰ ਆ ਵੱਸਿਆ ਹੈ ਓਹ ਫਿਰ ਇੱਕੁਰ ਬੇਨਤੀ ਕਰਦਾ ਹੈ ਹੇ ਪ੍ਰਮੇਸਰਾ ਜੋ ਤੈਨੂੰ ਭਾਂਦਾ ਹੈ ਓਹ ਸਾਰਾ ਸੱਚ ਹੀ ਹੈ ਹੇ ਸੱਚਿਆ ਇੱਕੁਰ ਜਾਨਣ ਵਾਲੇ ਤੇਰੇ ਨਾਲ ਮਿਲੇ ਰਹਿੰਦੇ ਹਨ ।

## ਗੂਜਰੀ ਮਹਲਾ ੩ ਤੀਜਾ

**ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ॥੧॥**

ਹੇ ਪੰਡਤ ਜੇਹੜਾ ਇਕ ਨਾਮ ਰੂਪ ਖਜਾਨਾ ਹੈ ਏਹੋ ਹੀ ਤੂੰ ਸੁਣ ਅਤੇ ਸਿਖਿਆ ਨੂੰ ਰਿਦੇ ਵਿੱਚ ਧਾਰ ਲੈ ਸੋਈ ਏਹੋ ਗੱਲ ਸੱਚੀ ਹੈ ਦੂਸਰੇ ਖਿਆਲ

Digitized by Panjab Digital Library | www.panjabdigilib.org

ਵੱਲ ਲੱਗਕੇ ਜਿਤਨਾਂ ਕੁਛ ਪੜ੍ਹੇਂਗਾ ਉਸ ਨੂੰ ਪੜ੍ਹਨ ਵਿਚਾਰਨ ਨਾਲ ਤੈਨੂੰ ਸਦਾ ਹੀ ਦੁਖ ਹੋਵੇਗਾ।

**ਹਰਿ ਚਰਣੀ ਤੂੰ ਲਾਗਿ ਰਹੁ ਗੁਰਸਬਦਿ ਸੋਝੀ ਹੋਈ ॥ ਹਰਿ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥ ੧ ॥ ਰਹਾਉ ॥**

ਹੇ ਪੰਡਤ ਤੂੰ ਪ੍ਰਮੇਸਰ ਦੇ ਚਰਨਾਂ ਵਿੱਚ ਲੱਗਾ ਰਹੋ ਤਾਂ ਗੁਰੂ ਉਪਦੇਸ਼ ਕਰਕੇ ਤੈਨੂੰ ਸੱਚ ਝੂਠ ਦੀ ਸੋਝੀ ਪੈ ਜਾਵੇਗੀ ਭਾਵ ਖਬਰ ਹੋਵੇਗੀ, ਪ੍ਰਮੇਸਰ ਦੇ ਸਿਮਰਨ ਰੂਪ ਰਸ ਨੂੰ ਰਸਨਾ ਨਾਲ ਚੱਖ ਭਾਵ ਪੀ ਤਾਂ ਤੇਰਾ ਮਨ ਸਾਫ ਹੋਵੇਗਾ।

**ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ॥ ਨਾਮੁ ਨਿਧਾਨੁ ਪਾਇਆ ਪਰ· ਘਰਿ ਜਾਇ ਨ ਕੋਇ ॥ ੨ ॥**

ਸਤਿਗੁਰਾਂ ਨੂੰ ਮਿਲਨ ਨਾਲ ਮਨ ਨੂੰ ਸੰਤੋਖ ਹੁੰਦਾ ਹੈ ਤਾਂ ਫਿਰ ਤ੍ਰਿਸ਼ਨਾ ਰੂਪ ਭੁੱਖ ਨਹੀਂ ਹੁੰਦੀ ਹੈ ਹੇ ਪੰਡਤ ਜਿਸ ਨੇ ਨਾਮ ਖਜ਼ਾਨਾ ਪਾਇਆਂ ਹੈ ਓਹ ਕੋਈ ਫਿਰ ਪਰਾਏ ਘਰ ਨਹੀਂ ਜਾਂਦਾ ਹੈ ਭਾਵ ਦੇਵੀ ਦੇਵਤਿਆ ਨੂੰ ਨਹੀਂ ਸੇਂਵਦਾ ਹੈ।

**ਕਥਨੀ ਬਦਨੀ ਜੇ ਕਰੈ ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥ ੩ ॥**

ਭਾਵੇਂ ਕਥਾ ਕਵੀਸ਼ਰੀਆਂ ਭੀ ਕਰ ਲਵੇ ਪਰ ਮਨਮੁਖਤਾ ਕਰਕੇ ਪ੍ਰਮੇਸਰ ਦੀ ਸਮਝ ਨਹੀਂ ਪੈਂਦੀ ਹੈ ਓਹ ਗੁਰਾਂ ਦੀ ਸਿਖਿਆ ਨੂੰ ਧਾਰਨ ਵਾਲੇ ਹੋਇ ਹਨ ਜਿਨਾਂ ਦੇ ਦਿਲ ਅੰਦਰ ਚਾਨਣਾ ਹੋਇਆ ਹੈ ਵਿਚਾਰ ਦਾ ਗਿਆਨ ਅਤੇ ਉਹੋ ਹੀ ਹਰਿ ਨਾਮ ਨੂੰ ਪਾਂਦੇ ਹਨ।

**ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ॥ ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥ ੪ ॥**

ਤੂੰ ਸ਼ਾਸਤ੍ਰਾਂ ਨੂੰ ਸੁਣਦਾ ਤੇ ਹੈਂ ਪਰ ਅਪਣੇ ਅਸਲੀ ਸਰੂਪ ਨੂੰ ਨਹੀਂ ਸਮਝਦਾ ਹੈਂ ਤਾਂ ਹੀ ਤਾਂ ਮੁੜ ੨ ਕੇ ਜਾਂ ਬੂਹੇ ਬੂਹੇ ਟੱਕਰਾਂ ਮਾਰਦਾ ਭੌਂਦਾ

Digitized by Panjab Digital Library | www.panjabdigilib.org

ਫਿਰਦਾ ਹੈਂ ਜਿਸਨੇ ਅਪਣੇ ਸਰੂਪ ਨੂੰ ਨਹੀਂ ਸਮਝਿਆ ਤੇ ਸੱਚ ਨੂੰ ਰਿਦੇ ਵਿੱਚ ਨਹੀਂ ਧਾਰਿਆ ਜਾਂ ਸੱਚ ਵਿੱਚ ਪ੍ਰੇਮ ਨਹੀਂ ਕੀਤਾ ਓਹ ਭਾਵੇਂ ਪੰਡਤ ਵੀ ਹੈ ਪਰ ਅਸਲ ਵਿੱਚ ਮੂਰਖ ਹੈ।

**ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ ॥ ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸਕੀ ਰਜਾਇ॥ ੫ ॥ ੭ ॥ ੯ ॥**

ਸੱਚੇ ਪ੍ਰਮੇਸਰ ਨੇ ਸੰਸਾਰ ਨੂੰ ਭਰਮਾਇਆ ਹੈ ਕੁਛ ਆਖਿਆ ਨਹੀਂ ਜਾਂਦਾ ਹੈ ਗੁਰੂ ਜੀ=ਹੇ ਪੰਡਤ ਜੋ ਕੁਛ ਉਸ ਪ੍ਰਮੇਸਰ ਨੂੰ ਭਾਂਦਾ ਹੈ ਓਹ ਹੁਣ ਕਰਦਾ ਹੈ ਅਤੇ ਜਿਸ ਤਰਾਂ ਉਸ ਦੀ ਆਗਿਆ ਹੋਵੇਗੀ ਸੋ ਅੱਗੇ ਨੂੰ ਕਰੇਗਾ

## ੧ ਓ ਸਤਿਗੁਰਪ੍ਰਸਾਦਿ ॥

## ਰਾਗੁ ਗੂਜਰੀ ਮਹਲਾ ੪ ਚਉਪਦੇ ਘਰੁ ੧ ॥

{ਜਦੋਂ ਬੀਬੀ ਭਾਨੀ ਨਾਲ ਗੁਰੂ ਰਾਮਦਾਸ ਜੀਦਾ ਵਿਆਹ ਹੋਣ ਲੱਗਾ ਤਾਂ ਅਪਣੀ ਕੁਲ ਦੀ ਮਰਯਾਦਾ ਅਨੁਸਾਰ ਸ੍ਰੀ ਗੁਰੂ ਅਮਰ ਦਾਸ ਜੀ ਨੇ ਆਖਿਆ ਸਾਡੀ ਇਹ ਰੀਤੀ ਹੈ ਜੋ ਵਿਆਹ ਵੇਲੇ ਜਵਾਈ ਮੰਗਦਾ ਹੈ ਸੋ ਦਿੱਤਾ ਜਾਂਦਾ ਹੈ ਇਸ ਲਈ ਤੁਸੀ ਵੀ ਜੋ ਲੋੜ ਹੋਵੇ ਸੋ ਮੰਗੋ ਤਾਂ ਗੁਰੂ ਰਾਮਦਾਸ ਜੀ ਆਖਿਆ।}

**ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰਪਾਸਿ ॥ ਹਮ ਕੀਰੇ ਕਿਰਮ ਸਤਿਗੁਰ ਸਰ- ਣਾਈ ਕਰਿ ਦਇਆ ਨਾਮੁ ਪਰਗਾਸਿ ॥ ੧ ॥**

ਪ੍ਰਮੇਸਰ ਦੇ ਪਿਆਰੇ ਸੱਚੇ ਪੁਰਖ ਪੂਜਨੀਕ ਸਤਿਗੁਰੂ ਮੈਂ ਤੁਹਾਡੇ ਪਾਸ ਬੇਨਤੀ ਕਰਦਾ ਹਾਂ।

ਕੀਰੇ=ਕੀੜੇ, ਦਾਸ।।ਕਿਰਮ=ਕੀੜੇ ਦਾਸਾਂ ਦੇ ਦਾਸ॥ ਪ੍ਰਗਾਸ=ਚਾਨਣ ਰਹਿਰਾਸ=ਰਹੁਰੀਤੀ। ਤਿਪਤਾਸਹਿ=ਰਜਜਾਣਾਂ। ਪਾਸਿ=ਫਾਹੀ ਜਾਂ ਕੋਲ। ਜੀਵਾਸ=ਜੀਵਣ ਦੀ ਆਸ। ਲਿਖਾਸ=ਲਿਖਿਆ ਹੈ ਜਾਂ ਲੇਖ ਲਿਖਿਆ ਹੈ। ਇਸਦਾ ਅਰਥ ਰਹਿਰਾਸ ਪਹਿਲੀ ਜਿਲਦ ਵਿਚ ਹੋ ਚੁਕਾ ਹੈ।

**ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ॥**

Digitized by Panjab Digital Library | www.panjabdigilib.org

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥ ੧ ॥ ਰਹਾਉ ॥

ਹਰਿ ਜਨਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ ਹਰਿ ਹਰਿ ਨਾਮੁ ਮਿਲੈ ਤ੍ਰਿਪ-ਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥ ੨ ॥

ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥ ੩ ॥

ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ੍ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧੰਨੁ ਧੰਨੁ ਸਤ-ਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਨਾਨਕ ਨਾਮੁ ਪਰਗਾਸਿ ॥ ੪ ॥ ੧ ॥

## ਗੂਜਰੀ ਮਹਲਾ ੪ ॥

ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤ-ਸੰਗਤਿ ਸਬਦਿ ਮਨ ਮੋਹੈ ॥ ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ ॥ ੧ ॥

ਗੋਬਿੰਦ ਹੀ ਮਨ ਦਾ ਪਿਆਰਾ ਹੈ ਗੋਬਿੰਦ ਹੀ ਸਰੀਰ ਦਾ ਪਿਆਰਾ ਹੈ। ਸਤ ਸੰਗਤਾਂ ਵਿਚ ਮਿਲੀਏ ਤੇ ਗੁਰੂ ਦੇ ਉਪਦੇਸ਼ ਵਿਚ ਮਨ ਮੋਹਿਆ ਜਾਂਦਾ ਹੈ। ਗੋਬਿੰਦ ਦਾ ਹੀ ਜਾਪ ਕਰੀਏ ਗੋਬਿੰਦ ਦਾ ਹੀ ਨਾਮ ਧਿਆਈਏ ਉਹੋ ਮਾਲਕ ਸਾਰਿਆਂ ਨੂੰ ਦਾਨ ਦੇਣ ਵਾਲਾ ਹੈ।

ਮੇਰੇ ਭਾਈ ਜਨਾ ਮੋਕਉ ਗੋਵਿੰਦੁ ਗੋਵਿੰਦੁ ਗੋਵਿੰਦੁ ਮਨੁ ਮੋਹੈ ॥ ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ

Digitized by Panjab Digital Library | www.panjabdigilib.org

**ਗੁਰ ਸਾਧ ਸੰਗਤਿ ਜਨੁ ਸੋਹੈ ॥ ੧ ॥ ਰਹਾਉ ॥**

ਹੇ ਭਰਾਓ ਮੇਰੇ ਮਨ ਨੂੰ ਗੋਬਿੰਦ ਦਾ ਨਾਮ ਮਨ ਤਨ ਬਾਣੀ ਕਰਕੇ ਮੋਂਹਦਾ ਜਾਂਦਾ ਹੈ ਭਾਵ ਵੱਸ ਕਰਦਾ ਹੈ ਜਾਂ ਖਿੱਚਦਾ ਜਾਂਦਾ ਹੈ, ਇਸ ਲਈ ਮੈਂ ਤਨ ਮਨ ਬਾਣੀ ਨਾਲ ਗੋਬਿੰਦ ਦੇ ਗੁਣਾਂ ਨੂੰ ਗਾਂਦਾ ਹਾਂ ਗੁਰੂ ਜੀ=ਸਾਧ ਸੰਗਤ ਵਿਚ ਮਿਲਕੇ ਆਦਮੀ ਸੋਹਣਾ ਲਗਦਾ ਹੈ ।

**ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥ ਜਨ ਕਉ ਰਾਮਨਾਮੁ ਆਧਾਰਾ ਹਰਿ ਨਾਮੁ ਜਪਤ ਹਰਿ ਨਾਮੇ ਸੋਹੈ ॥ ੨ ॥**

ਜਿਨ੍ਹਾਂ ਨੇ ਗੁਰ ਸਿਖਿਆ ਲੈਕੇ ਸੁਖਾਂ ਦੇ ਸਮੁੰਦਰ ਪ੍ਰਮੇਸਰ ਦੀ ਭਗਤੀ ਕੀਤੀ ਹੈ ਕਉਲਾ=ਲੱਛਮੀਆਂ ਰਿੱਧੀਆਂ ਸਿੱਧੀਆਂ ਸਾਰੀਆਂ ਓਹੈ=ਓਨਾਂ ਭਗਤਾਂ ਦੇ ਚਰਨਾਂ ਉਤੇ ਲੱਗੀਆਂ ਫਿਰਦੀਆਂ ਹਨ ਪਰ ਦਾਸਾਂ ਨੂੰ ਰਾਮ ਨਾਮ ਦਾ ਹੀ ਆਸਰਾ ਹੈ, ਉਹ ਰਿਧੀਆਂ ਸਿਧੀਆਂ ਵਲ ਨਹੀਂ ਵੇਖਦੇ ਹਨ। ਹਰੀ ਨਾਮ ਹੀ ਜਪਦੇ ਹਨ ਤੇ ਹਰਿ ਨਾਮ ਕਰਦੇ ਹੀ ਸੋਹਣੇ ਲੱਗਦੇ ਹਨ ।

**ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥ ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥ ੩ ॥**

ਜੇਹੜੇ ਖੋਟੀ ਅਕਲ ਵਾਲੇ ਮਨਮੁਖ ਮੰਦਿਆਂ ਭਾਗਾਂ ਵਾਲੇ ਤੇ ਫਿਕੀ ਅਕਲ ਵਾਲੇ ਹਨ ਓਨਾਂ ਨੂੰ ਨਾਮ ਦੇ ਸੁਣਦਿਆਂ ਹੀ ਮਨ ਵਿਚ ਗੁੱਸਾ ਆ ਜਾਂਦਾ ਹੈ ਜਿਸਤਰਾਂ ਦੇਸੀ। ਤੇ ਪਹਾੜੀ ਕਾਂਉ ਕਾਂ ਕਾਂ ਕਰਨ ਵਾਲੇ ਕਾਂਵਾਂ ਨੂੰ ਮਿਠੇ ਵਰਗੀ ਕੋਈ ਸੁਆਦੀ ਚੀਜ਼ਪਾਈ ਭਾਵ ਅੱਗੇ ਰੱਖ ਦੇਈਏ ਪਰ ਉਹ ਉਸਨੂੰ ਛੱਡਕੇ ਵਿਸ਼ਟਾਖਾਕੇ ਰੱਜਦੇਹਨ ਜਾਂ ਗੋਹੇ=ਗੰਦ ਮੰਦ ਗੋਹਾ ਆਦਿ ਖਾਕੇ ਰੱਜਦੇ ਹਨ। ਉਹਨਾਂ ਦਾ ਮੂੰਹ ਗੰਦ ਵਿਚ ਹੀ ਰਹਿੰਦਾ ਹੈ।

**ਅੰਮ੍ਰਿਤਸਰੁ ਸਤਿਗੁਰੁਸਤਿਵਾਦੀ ਜਿਤੁ ਨਾਤੈਕਊਆ ਹੰਸੁ ਹੋਹੈ॥ ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥ ੪ ॥ ੨ ॥**

ਸਤਿਗੁਰੂ ਸਚ ਬੋਲਣ ਵਾਲਾ ਅੰਮ੍ਰਿਤ ਦਾ ਤਾਲ ਹੈ ਜਿਸ ਵਿਚ

Digitized by Panjab Digital Library | www.panjabdigilib.org

ਨਾਉਂਣ ਨਾਲ ਕਾਂ ਵੀ ਹੰਸ ਹੋ ਜਾਂਦਾ ਹੈ ਭਾਵ ਮਨਮੁਖ ਗੁਰਮੁਖ ਹੋ ਜਾਂਦਾ ਹੈ। ਗੁਰੂ ਜੀ=ਉਹ ਧੰਨ ਧੰਨ ਵੱਡਿਆਂ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਗੁਰਾਂ ਦੀ ਸਿਖਿਆ ਨਾਲ ਨਾਮ ਜਪਕੇ ਦਿਲ ਦੀ ਮੈਲ ਧੋਤੀ ਹੈ।

## ਗੂਜਰੀ ਮਹਲਾ ੪ ॥

**ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥ ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥ ੧ ॥**

ਉਤਮ ਪਰਮੇਸਰ ਪਿਆਰਿਆਂ ਦੀ ਬਾਣੀ ਉਤਮ ਹੈ, ਜੇਹੜੇ ਮੂੰਹ ਤੋਂ ਬਚਨ ਬੋਲਦੇ ਹਨ ਉਹ ਪਰਉਪਕਾਰ ਦੇ ਹੀ ਬੋਲਦੇ ਹਨ।

ਓਨਾਂ ਬਚਨਾਂ ਨੂੰ ਜੇਹੜਾ ਕੋਈ ਭਗਤੀ ਸਰਧਾ ਨਾਲ ਸੁਣਦਾ ਹੈ ਉਸਦੇ ਉਤੇ ਪਰਮੇਸਰ ਕਿਰਪਾ ਕਰਕੇ ਸੰਸਾਰ ਸਮੁੰਦਰ ਤੋਂ ਉਸਨੂੰ ਪਾਰ ਕਰ ਦੇਂਦਾ ਹੈ।

**ਰਾਮ ਮੋਕਉ ਹਰਿ ਜਨ ਮੇਲਿ ਪਿਆਰੇ॥ ਮੇਰੇਪ੍ਰੀਤਮ ਪ੍ਰਾਨ ਸਤਿਗੁਰੁ ਗੁਰੁ ਪੂਰਾ ਹਮ ਪਾਪੀ ਗੁਰਿ ਨਿਸਤਾਰੇ ॥ ੧ ॥ ਰਹਾਉ ॥**

ਹੇ ਹਰ ਥਾਂ ਮਿਲੇ ਹੋਏ ਰਾਮ ਮੈਨੂੰ ਅਪਣੇ ਪਿਆਰੇ ਭਗਤਾਂ ਦੇ ਨਾਲ ਮਿਲਾ ਦੇਹ । ਮੇਰੇ ਪ੍ਰਾਣ ਪਿਆਰੇ ਜੇਹੜੇ ਪੂਜਨੀਕ ਵੱਡੇ ਸਤਿਗੁਰੂ ਪੂਰੇ ਹਨ ਇਹ ਗੁਰੂ ਮੈਨੂੰ ਪਾਪੀ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਦੇਣਗੇ।

**ਗੁਰਮੁਖਿ ਵਡਭਾਗੀ ਵਡਭਾਗੇ ਜਿਨ ਹਰਿ ਹਰਿ ਨਾਮ ਅਧਾਰੇ ॥ ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ ਗੁਰਮਤਿ ਭਗਤਿ ਭੰਡਾਰੇ ॥ ੨ ॥**

ਓਨਾਂ ਵੱਡਿਆਂ ਭਾਗਾਂ ਵਾਲਿਆਂ ਗੁਰਮੁਖਾਂ ਦੇ ਬੜੇ ਵੱਡੇ ਭਾਗ ਹਨ, ਜਿਨ੍ਹਾਂ ਨੇ ਹਰਿ ਹਰਿ ਨਾਮ ਦਾ ਆਸਰਾ ਲਿਆ ਹੈ ਜਾਂ ਵੱਡਿਆਂ ਭਾਗਾਂ ਵਾਲਿਆਂਤੋਂ ਵੀ ਵਡੇ ਭਾਗ ਹਨ।ਜੇਹੜੇ ਮਨ ਬਾਣੀ ਕਰਕੇ ਹਰਿਨਾਮ ਨੂੰ ਜਪਦੇ ਹਨ ਉਹ ਗੁਰਮੁਖ ਅੰਮ੍ਰਿਤ ਰੂਪ ਰਸ ਨੂੰ ਪਾਂਦੇ ਹਨ, ਗੁਰ ਸਿਖਿਆ ਨੂੰ ਧਾਰਨ ਕਰਨ ਨਾਲ ਓਨਾਂ ਨੂੰ ਭਗਤੀ ਦੇ ਖਜਾਨੇ ਮਿਲ ਜਾਂਦੇ ਹਨ।

**ਜਿਨ ਦਰਸਨੁ ਸਤਿਗੁਰ ਸਤਿਪੁਰਖ ਨ ਪਾਇਆ**

Digitized by Panjab Digital Library | www.panjabdigilib.org

# ਤੇ ਭਾਗਹੀਣ ਜਮਿ ਮਾਰੇ ॥ ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ ॥੩॥

ਜਿਨ੍ਹਾਂ ਮਨਮੁਖਾਂ ਨੇ ਸਚੇ ਪੁਰਖ ਸਤਿਗੁਰਾਂ ਦਾ ਦਰਸ਼ਨ ਨਹੀਂ ਪਾਇਆ ਹੈ ਉਹ ਖੋਟਿਆਂ ਭਾਗਾਂ ਵਾਲੇ ਹਨ ਉਨਾਂ ਨੂੰ ਜਮ ਵੀ ਮਾਰਦਾ ਹੈ। ਹੇ ਪਰਮੇਸਰਾ ਸਾਰੇ ਵੱਡੇ ੨ ਹਤਿਆਰੇ ਪਾਪੀ ਤੇਰੇ ਮਾਰੇ ਹੋਏ ਉਹ ਕੁੱਤਿਆਂ, ਸੂਰਾਂ, ਖੋਤਿਆਂ ਆਦਕਾਂ ਦੀਆਂ ਜੂਨੀਆਂ ਵਿਚ ਪੈਂਦੇ ਹਨ।

# ਦੀਨ ਦਇਆਲ ਹੋਹੁ ਜਨ ਊਪਰਿ ਕਰਿ ਕਿਰਪਾ ਲੇਹੁ ਉਬਾਰੇ ॥ ਨਾਨਕ ਜਨ ਹਰਿ ਕੀ ਸਰਣਾਈ ਹਰਿ ਭਾਵੈ ਹਰਿ ਨਿਸਤਾਰੇ ॥ ੪ ॥ ੩ ॥

ਹੇ ਮਾਲਕਾ ਮੈਂ ਗਰੀਬ ਉਤੇ ਦਿਆਲੂ ਹੋ ਜਾਹ ਅਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਮੈਨੂੰ ਜੂਨੀਆਂ ਤੋਂ ਬਚਾ ਲੈ ਮੈਂ ਨਾਨਕ ਦਾਸ ਨੇ ਤੇਰੀ ਸ਼ਰਨ ਲਈ ਹੈ।ਜਿਸ ਦਾ ਪਰੇਮ ਤੈਨੂੰ ਚੰਗਾ ਲਗਦਾ ਹੈ ਉਸਨੂੰ ਤੂੰ ਤਾਰ ਦੇਂਦਾ ਹੈਂ।

# ਗੂਜਰੀ ਮਹਲਾ ੪ ॥

# ਹੋਹੁ ਦਇਆਲ ਮੇਰਾ ਮਨੁ ਲਾਵਹੁ ਹਉ ਅਨਦਿਨੁ ਰਾਮ ਨਾਮੁ ਨਿਤ ਧਿਆਈ ॥ ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ ॥ ੧ ॥

ਹੇ ਮਾਲਕਾ ਮੇਰੇ ਉਤੇ ਦਿਆਲੂ ਹੋ ਜਾਹ ਤੇ ਮੇਰਾ ਮਨ ਇੱਕੁਰ ਦਾ ਅਪਣੇ ਨਾਮ ਵਿਚ ਲਾ ਲੈ ਜੋ ਮੈਂ ਰਾਤ ਦਿਨ ਸਦਾ ਤੇਰੇ ਨਾਮ ਨੂੰ ਹੀ ਜਪਦਾ ਰਹਾਂ, ਹੇ ਪਰਮੇਸਰਾ ਤੇਰਾ ਨਾਮ ਸਾਰੇ ਸੁਖ ਸਾਰੇ ਗੁਣ ਅਤੇ ਸਾਰਿਆਂ ਖਜ਼ਾਨਿਆਂ ਵਰਗਾ ਹੈ ਜਿਸਦੇ ਜਪਦਿਆਂ ਹੋਇਆਂ ਦੁਖ ਭੁਖ ਸਾਰੀ ਲਹਿ ਜਾਂਦੀ ਹੈ।

# ਮਨ ਮੇਰੇ ਮੇਰਾ ਰਾਮ ਨਾਮੁ ਸਖਾ ਹਰਿ ਭਾਈ ॥ ਗੁਰਮਤਿ ਰਾਮ ਨਾਮੁ ਜਸੁ ਗਾਵਾ ਅੰਤਿ ਬੇਲੀ ਦਰਗਹ ਲਏ ਛਡਾਈ ॥ ੧ ॥ ਰਹਾਉ ॥

ਹੇ ਪਰਮਾਤਮਾਂ ਮੇਰੇ ਮਨ ਨੇ ਹੁਣ ਇਹ ਜਾਣ ਲਿਆ ਹੈ ਕਿ ਮੇਰਾ

Digitized by Panjab Digital Library | www.panjabdigilib.org

ਮਿਤਰ ਭਰਾ ਰਾਮ ਨਾਮ ਹੀ ਹੈ ਮੈਂ ਗੁਰ ਸਿਖਿਆ ਲੈਕੇ ਤੇਰੇ ਰਾਮ ਨਾਮ ਦਾ ਜਸ ਗਾਂਦਾ ਹਾਂ ਜੋ ਅੰਤ ਨੂੰ ਦਰਗਾਹ ਵਿਚ ਮੇਰਾ ਬੇਲੀ ਹੋਕੇ ਮੈਨੂੰ ਪਾਪਾਂ ਦੁਖਾਂ ਤੋਂ ਛੁਡਾ ਲਏਗਾ ਜਾਂ ਉਹ ਸਾਰਿਆਂ ਜੀਆਂ ਨੂੰ ਓਸੇ ਵੇਲੇ ਛੁਡਾ ਲੈਂਦਾ ਹੈ।

**ਤੂੰ ਆਪੇ ਦਾਤਾ ਪ੍ਰਭੁ ਅੰਤਰਜਾਮੀ ਕਰਿ ਕਿਰਪਾ ਲੋਚ ਮੇਰੈ ਮਨਿ ਲਾਈ ॥ ਮੈ ਮਨਿ ਤਨਿ ਲੋਚ ਲਗੀ ਹਰਿ ਸੇਤੀ ਪ੍ਰਭਿ ਲੋਚਿ ਪੂਰੀ ਸਤਿਗੁਰ ਸਰਣਾਈ॥੨॥**

ਹੇ ਮਾਲਕ ਅੰਤਰ ਜਾਮੀ ਤੂ ਆਪ ਹੀ ਦਾਤਾ ਹੈਂ ਤੂੰ ਆਪ ਹੀ ਕ੍ਰਿਪਾ ਕਰਕੇ ਮੇਰੇ ਮਨ ਨੂੰ ਨਾਮ ਦੀ ਲੋਚਾ ਭਾਵ ਚਾਹ ਲਾਈ ਹੈ। ਹੇ ਮਾਲਕਾ ਮੇਰੇ ਮਨ ਤਨ ਨੂੰ ਤੇਰੇ ਨਾਮ ਦੀ ਲੋਚਾ ਲਗੀ ਹੋਈ ਸੀ ਤੂੰ ਸਤਿਗੁਰਾਂ ਦੀ ਸ਼ਰਨ ਦੇਕੇ ਮੇਰੀ ਲੋੜ ਪੂਰੀ ਕੀਤੀ ਹੈ।

**ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ॥ਨਾਮ ਬਿਨਾ ਰਸ ਕਸ ਦੁਖੁ ਖਾਵੈ ਮੁਖੁ ਫੀਕਾ ਥੁਕਥੂਕ ਮੁਖਿ ਪਾਈ ॥ ੩ ॥**

ਇਹ ਮਨੁਖ ਜਨਮ ਵੱਡਿਆਂ ਪੁੰਨਾਂ ਕਰਕੇ ਪਾਇਆ ਹੈ ਪਰ ਨਾਮ ਤੋਂ ਬਿਨਾਂ ਬਿਰਥਾ ਜਾਂਦਾ ਹੈ, ਇਸ ਲਈ ਇੱਕੁਰ ਦੇ ਜਨਮ ਨੂੰ ਧਿਰਕਾਰ ਹੈ ਧਿਰਕਾਰ ਹੈ। ਨਾਮ ਤੋਂ ਬਿਨਾਂ ਜੇਹੜੇ ਰਸ ਕਸ ਭਾਵ ਬੜੇ ੨ ਸੁਆਦੀ ਖਾਣੇ ਮੇਵੇ ਆਦਿਕ ਖਾਂਦੇ ਹਨ ਉਹ ਦੁਖ ਪਾਂਦੇ ਹਨ ਓਨਾਂ ਵਿਸ਼ਈਆਂ ਆਦਮੀਆਂ ਦੇ ਮੂੰਹ ਵਿਚੋਂ ਫਿੱਕਾ ਬਚਨ ਨਿਕਲਦਾ ਹੈ ਅਤੇ ਉਨ੍ਹਾਂ ਦੇ ਮੂੰਹ ਵਿਚ ਥੁਕ ਹੀ ਥੁਕ ਪੈਂਦੀ ਹੈ ਭਾਵ ਸਾਰੇ ਲੋਕ ਧਿਰਕਾਰਾਂ ਦੇਂਦੇ ਹਨ।

**ਜੋਜਨ ਹਰਿ ਪ੍ਰਭ ਹਰਿ ਹਰਿ ਸਰਣਾ ਤਿਨ ਦਰਗਹ ਹਰਿ ਹਰਿ ਦੇ ਵਡਿਆਈ ॥ ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ ॥ ੪ ॥ ੪ ॥**

ਜੇਹੜੇ ਆਦਮੀ ਸਾਰਿਆਂ ਨੂੰ ਹਰਿਆਂ ਕਰਨ ਵਾਲੇ ਪਰਮੇਸਰ ਮਾਲਕ ਦੀ ਸ਼ਰਨ ਆਏ ਪਰਮੇਸਰ ਓਨਾਂ ਨੂੰ ਹਰ ਤਰਾਂ ਨਾਲ ਆਪਣੀ ਦਰਗਾਹ ਵਿਚ ਵਡਿਆਈ ਦੇਂਦਾ ਹੈ। ਗੁਰੂ ਜੀ ਆਖਦੇ ਹਨ ਮਾਲਕ ਆਪਣਿਆਂ ਦਾਸਾਂ ਨੂੰ ਧੰਨ ਧੰਨ ਸ਼ਾਬਾਸ਼ੇ ਆਖਦਾ ਹੈ ਅਤੇ ਗਲ ਨਾਲ ਲਾਕੇ ਮੇਲ ਲੈਂਦਾ ਹੈ।

Digitized by Panjab Digital Library | www.panjabdigilib.org

## ਗੂਜਰੀ ਮਹਲਾ ੪ ॥

**ਗੁਰਮੁਖਿ ਸਖੀ ਸਹੇਲੀ ਮੇਰੀ ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ ॥ ਹਮ ਹੋਵਹੁ ਲਾਲੇ ਗੋਲੇ ਗੁਰਸਿਖਾ ਕੇ ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥ ੧ ॥**

ਹੇ ਮੇਰੀ ਸਖੀ ਸਹੇਲੀ ਰੂਪ ਗੁਰਮੁਖ ਪਿਆਰਿਓ ਮੈਨੂੰ ਇੱਕੁਰ ਦਾ ਹਰੀ ਸਿਮਰਨ ਦਾ ਦਾਨ ਦਿਓ ਜੇਹੜਾ ਮੇਰੇ ਪ੍ਰਾਣਾਂ ਨੂੰ ਜਿਵਾਇਆ ਕਰੇ ਭਾਵ ਸਫਲਾ ਕਰੇ ਜਿਨ੍ਹਾਂ ਨੇ ਰਾਤ ਦਿਨ ਪ੍ਰਮੇਸਰ ਮਾਲਕ ਅਕਾਲ ਪੁਰਖ ਨੂੰ ਧਿਆਇਆ ਹੈ ਓਨਾਂ ਗੁਰਮੁਖਾਂ ਦੇ ਅਸੀਂ ਦਾਸਾਂ ਦੇ ਦਾਸ ਹੋਵਾਂਗੇ ਜਾਂ ਹੁੰਦੇ ਹਾਂ।

**ਮੇਰੈ ਮਨਿ ਤਨਿ ਬਿਰਹੁ ਗੁਰ ਸਿਖ ਪਗਲਾਇਆ॥ ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ ॥ ੧ ॥ ਰਹਾਉ ॥**

ਹੇ ਗੁਰਸਿਖੋ ਮੇਰੇ ਮਨ ਤਨ ਵਿਚ ਮਾਲਕ ਨੇ ਆਪਣੇ ਚਰਨਾਂ ਦਾ ਬਿਰਹੁ=ਪ੍ਰੇਮ ਲਾਇਆ ਹੈ ਅਤੇ ਤੁਸੀਂ ਹੀ ਮੇਰੇ ਪ੍ਰਾਣਾਂ ਦੇ ਪਿਆਰੇ ਮਿੱਤਰ ਹੋ। ਹੇ ਗੁਰੂ ਕੇ ਸਿਖੋ ਪਿਆਰਿਓ ਭਰਾਓ ਤੁਹਾਡਾ ਮਿਲਾਇਆ ਹੋਇਆ ਪਰਮੇਸਰ ਮਿਲਦਾ ਹੈ ਸੋ ਤੁਸੀਂ ਸਾਨੂੰ ਉਪਦੇਸ਼ ਕਰੋ।

**ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ ਜਿਨ ਬਚਨ ਗੁਰੂ ਸਤਿਗੁਰ ਮਨਿ ਭਾਇਆ॥ ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥ ੨ ॥**

ਜਦੋਂ ਪਰਮੇਸਰ ਮਾਲਕਨੂੰ ਭਾਂਦਾ ਹੈ ਤਾਂ ਓਨਾਂ ਗੁਰਮੁਖ ਸਿਖਾਂ ਨੂੰ ਮੇਲਦਾ ਹੈ ਜਿਨ੍ਹਾਂ ਦੇ ਮਨ ਵਿਚ ਪੂਜਨੀਕ ਸਤਿਗੁਰਾਂ ਦਾ ਬਚਨ ਚੰਗਾ ਲਗਾ ਹੈ।

ਇੱਕੁਰ ਦੇ ਗੁਰੂ ਦੇ ਸਿਖ ਪਿਆਰੇ ਜੇਹੜੇ ਵੱਡਿਆਂ ਭਾਗਾਂ ਵਾਲੇ ਹਨ ਓਨਾਂ ਨੇ ਪ੍ਰਮੇਸਰ ਨਿਰਬਾਣੀ ਭਾਵ ਜਿਸ ਵਿਚ ਕੋਈ ਕਿਸੇ ਤਰਾਂ ਦੀ ਮਾੜੀ ਆਦਤ ਵਾਦੀ ਨਹੀਂ ਹੈ ਜਾਂ ਦੁਖ ਨਹੀਂ ਹੈ ਉਸ ਦਾ ਨਿਰਬਾਣ=ਦੁਖਾਂ ਤੋਂ ਬਿਨਾਂ ਪਦ ਪਾਇਆ ਹੈ।

Digitized by Panjab Digital Library | www.panjabdigilib.org

## ਸਤਸੰਗਤਿ ਗੁਰਕੀ ਹਰਿ ਪਿਆਰੀ ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥ ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ ਸੇ ਭਾਗਹੀਣ ਪਾਪੀ ਜਮਿ ਖਾਇਆ ॥ ੩ ॥

ਜਿਨ੍ਹਾਂ ਦੇ ਮਨ ਤਨ ਨੂੰ ਹਰੀ ਦਾ ਨਾਮ ਮਿੱਠਾ ਲੱਗਾ ਹੈ ਓਨਾਂ ਸਤਿ-ਗੁਰਾਂ ਦੀ ਜੇਹੜੀ ਸਤਸੰਗਤ ਹੈ ਸੋ ਉਹ ਪਰਮੇਸਰ ਨੂੰ ਪਿਆਰੀ ਹੈ ਪਰ ਓਨਾਂ ਗੁਰੂ ਦੇ ਸੰਗੀਆਂ ਉਤੇ ਪਰਮੇਸਰ ਪ੍ਰਸੰਨ ਹੁੰਦਾ ਹੈ।

ਜਿਨ੍ਹਾਂ ਨੇ ਸਤਿਗੁਰਾਂ ਦੀ ਸੰਗਤ ਦਾ ਸੰਗ=ਮਿਲਾਪ ਨਹੀਂ ਪਾਇਆ ਹੈ ਓਨਾਂ ਭਾਗ ਹੀਣਿਆਂ ਪਾਪੀਆਂ ਨੂੰ ਜਮ ਨੇ ਖਾਇਆ ਹੈ।

## ਆਪਿ ਕ੍ਰਿਪਾਲੁ ਕ੍ਰਿਪਾ ਪ੍ਰਭੁ ਧਾਰੇ ਹਰਿ ਆਪੇ ਗੁਰ-ਮੁਖਿ ਮਿਲੈ ਮਿਲਾਇਆ ॥ ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ ॥ ੪ ॥ ੫ ॥

ਜਦੋਂ ਪ੍ਰਮੇਸਰ ਕਿਰਪਾਲੂ ਮਾਲਕ ਆਪ ਹੀ ਕਿਰਪਾ ਧਾਰਨ ਕਰਦਾ ਹੈ ਤਾਂ ਗੁਰਮੁਖਾਂ ਦਾ ਮਿਲਾਇਆ ਹੋਇਆ ਪ੍ਰਮੇਸਰ ਆਪ ਹੀ ਆ ਮਿਲਦਾ ਹੈ ਗੁਰੂ ਜੀ=ਜੇਹੜਾ ਪ੍ਰਮੇਸਰ ਦੇ ਗੁਣਾਂ ਵਾਲੀ ਬਾਣੀ ਬੋਲਦਾ ਹੈ ਓਹ ਗੁਰਬਾਣੀ ਦੁਆਰਾ ਪ੍ਰਮੇਸਰ ਨਾਮੀ ਵਿਚ ਸਮਾ ਜਾਂਦਾ ਹੈ।

## ਗੂਜਰੀ ਮਹਲਾ ੪ ॥

## ਜਿਨ੍ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ ਮੋਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥ ਮਨੁ ਤਨੁ ਸੀਤਲੁ ਸਭ ਹਰਿਆ ਹੋਆ ਵਡਭਾਗੀ ਹਰਿ ਨਾਮੁ ਧਿਆਵੈ ॥ ੧ ॥

ਸਤਿਗੁਰਾਂ ਦੁਆਰੇ ਜਿਨਾਂ ਜਿਨਾਂ ਆਦਮੀਆਂ ਨੇ ਪ੍ਰਮੇਸਰ ਮਾਲਕ ਨੂੰ ਪਾਇਆ ਹੈ ਓਹ ਮੈਨੂੰ ਉਪਦੇਸ਼ ਕਰਕੇ ਪ੍ਰਮੇਸਰ ਨੂੰ ਮਿੱਠਾ ਲਗਾ ਦੇਣ ਭਾਵ ਓਨਾਂ ਦੀ ਕਿਰਪਾ ਨਾਲ ਪ੍ਰਮੇਸਰ ਮਨ ਨੂੰ ਮਿੱਠਾ ਲੱਗੇਗਾ ਜੇਹੜੇ ਵੱਡਿਆਂ ਭਾਗਾਂ ਵਾਲੇ ਹਰਿਨਾਮ ਨੂੰ ਧਿਆਉਂਦੇ ਹਨ ਓਨਾਂ ਦਾ ਸਰੀਰ ਤੇ ਅੰਤਸ਼-ਕਰਨ ਸਾਰਾ ਹਰਿਆ ਅਤੇ ਸੀਤਲ ਹੋਇਆ ਹੈ ਭਾਵ ਤਨ ਸਫਲ ਤੇ ਮਨ ਠੰਢਾ ਹੋਇਆ ਹੈ।

Digitized by Panjab Digital Library | www.panjabdigilib.org

**ਭਾਈ ਰੇ ਮੋਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ ॥ ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥ ੧ ॥ ਰਹਾਉ ॥**

ਹੇ ਭਰਾਓ ਕੋਈ ਇੱਕੁਰ ਦਾ ਪਿਆਰਾ ਮੈਨੂੰ ਆਕੇ ਮਿਲ ਜਾਵੇ ਜੇਹੜਾ ਪ੍ਰਮੇਸਰ ਦਾ ਨਾਮ ਪੱਕਾ ਕਰਾ ਦੇਵੇ ਹੇ ਮੇਰੇ ਪ੍ਰੀਤਮਾਂ ਜੇਹੜਾ ਹਰੀ ਮਾਲਕ ਦੀ ਹਰਤਰਾਂ ਕਰਕੇ ਕਥਾ ਸੁਣਾਂਦਾ ਹੈ ਉਸ ਨੂੰ ਮੈਂ ਅਪਣੇ ਪ੍ਰਾਣ ਤੇ ਤਨ ਮਨ ਦੇ ਦਿਆਂ ।

**ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥ ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥ ੨ ॥**

ਜਿਨਾਂ ਨੇ ਗੁਰ ਸਿਖਿਆ ਲੈਕੇ ਪ੍ਰਮੇਸਰ ਤੋਂ ਧਰਮ ਧੀਰਜ ਪਾਇਆ ਹੈ ਉਹ ਹਰਿ ਹਰਿ ਨਾਮ ਦੇ ਨਾਲ ਰੋਜ ਹੀ ਚਿਤ ਨੂੰ ਲਾਂਦੇ ਹਨ । ਸਤਿਗੁਰਾਂ ਦੇ ਬਚਨ ਅੰਮ੍ਰਿਤ ਰੂਪ ਬਾਣੀ ਹੈ ਜੋ ਬੋਲਦੇ ਹਨ ਸੋ ਮੂੰਹ ਵਿਚ ਅੰਮ੍ਰਿਤ ਹੀ ਪਾਂਦੇ ਜਾਂਦੇ ਹਨ ।

**ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵਲਾਵੈ ॥ ਨਾਮ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗਹੀਣ ਮੁਏ ਮਰਿ ਜਾਵੈ ॥ ੩ ॥**

ਪ੍ਰਮੇਸਰ ਦਾ ਨਾਮ ਸਾਫ ਸੁੱਧ ਹੈ ਜਿਸ ਦੇ ਨਾਲ ਕਦੀ ਮੈਲ ਨਹੀਂ ਲੱਗਦੀ ਹੈ ਗੁਰ ਸਿਖਿਆ ਲੈਕੇ ਓਹ ਨਾਮ ਜਪਦੇ ਹਨ ਅਤੇ ਚਿਤ ਬ੍ਰਿਤੀ ਨੂੰ ਲਾਂਦੇ ਹਨ । ਜਿਨਾਂ ਮਨਮੁਖਾਂ ਆਦਮੀਆਂ ਨੇ ਨਾਮ ਪਦਾਰਥ ਨਹੀਂ ਪਾਇਆ ਹੈ ਓਹ ਮੰਦਿਆਂ ਭਾਗਾਂ ਵਾਲੇ ਪਿਛੇ ਮਰਦੇ ਜੰਮਦੇ ਰਹੇ ਹਨ ਹੁਣ ਮਰਦੇ ਫਿਰ ਜੰਮਣਗੇ ਜਾਂ ਪਹਿਲੇ ਜੀਂਵਦੇ ਵੀ ਮਰੇ ਹੋਇ ਸਨ ਫਿਰ ਹੁਣ ਅੱਗੇ ਨੂੰ ਪ੍ਰਾਣਾਂ ਦੇ ਅੰਤ ਹੋਣੇ ਵੇਲੇ ਮਰਕੇ ਗਰਭ ਨਰਕ ਵਿਚ ਪੈਕੇ ਜੰਮਣਗੇ ਇੱਕੁਰ ਹੀ ਮਰਦੇ ਰਹਿਣਗੇ ।

**ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥ ਤੂੰ ਦਾਤਾ ਜੀਅ ਸਭਿ ਤੇਰੇ ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥ ੪ ॥ ੬ ॥**

Digitized by Panjab Digital Library | www.panjabdigilib.org

ਜੇਹੜੇ ਇੱਕੁਰ ਗੁਰਾਂ ਦੁਆਰੇ ਪ੍ਰਮੇਸਰ ਨੂੰ ਧਿਆਉਂਦੇ ਹਨ ਓਨਾਂ ਸਾਰਿਆਂ ਆਦਮੀਆਂ ਨੂੰ ਅਨੰਦ ਦਾ ਮੁੱਢ ਜਗਤ ਨੂੰ ਜਿਵਾਉਣ ਵਾਲਾ ਅਕਾਲ ਪੁਰਖ ਦਾਤਾ ਅਨੰਦ (ਕਰਹੁ) ਕਰਦਾ ਹੈ ਅਤੇ ਬਖਸ਼ਸ਼ ਭਾਵ ਕਿਰਪਾ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ ਗੁਰੂ ਜੀ ਆਖਦੇ ਹਨ ਹੇ ਅਕਾਲ ਪੁਰਖਾ ਤੂੰ ਮਾਲਕ ਹੈਂ ਅਤੇ ਸਾਰੇ ਜੀਵ ਤੇਰੇ ਦਾਸ ਮੰਗਤੇ ਹਨ ।

## ੧ ਓ ਸਤਿਗੁਰਪ੍ਰਸਾਦਿ ॥

## ਗੂਜਰੀ ਮਹਲਾ ੪ ਘਰੁ ੩ ॥

**ਮਾਈ ਬਾਪ ਪੁਤ੍ਰ ਸਭਿ ਹਰਿਕੇ ਕੀਏ॥ ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥ ੧ ॥**

ਮਾਂ, ਪਿਓ, ਪੁੱਤਰ ਆਦਕ ਸਾਰੇ ਪ੍ਰਮੇਸਰ ਦੇ ਪੈਦਾ ਕੀਤੇ ਹੋਇ ਹਨ ਇਹਨਾਂ ਸਾਰਿਆਂ ਨੂੰ ਪੈਦਾ ਕਰਕੇ ਨਾਲ ਮੇਲ ਕੀਤਾ ਹੈ ਫੇਰ ਪਰਮੇਸਰ ਨੇ ਸਾਰਿਆਂ ਜੀਆਂ ਦੇ ਸਿਰ ਉਤੇ ਹੱਥ ਰੱਖ ਦਿੱਤਾ ਹੈ ਭਾਵ ਬਹੁਤ ਕਿਰਪਾ ਕਰਕੇ ਮਾਲਕ ਪਾਲਣਾ ਕਰਦਾ ਹੈ ।

**ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥ਹਰਿ ਕਾ ਤਨੁ ਮਨੁ ਸਭੁ ਹਰਿਕੈ ਵਸਿ ਹੈ ਸਰੀਰ ॥ ੧ ॥ ਰਹਾਉ ॥**

ਹੇ ਮੇਰੇ ਭਰਾ ਸਾਡਾ ਸਾਰਾ ਜ਼ੋਰ ਰਹਿ ਚੁੱਕਾ ਭਾਵ ਮੁੱਕ ਗਿਆ ਹੈ ਅਸੀਂ ਥੱਕ ਗਏ ਹਾਂ ਜਿੰਦਾਂ ਵੱਡਾ ਸਰੀਰ ਅਤੇ ਮਨ ਵੀ ਪਰਮੇਸਰ ਦੇ ਵੱਸ ਹੈ । ਤਨ=ਸੂਖਮ ਸਰੀਰ ।

**ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥ ਵਿਚੇ ਗ੍ਰਿਸਤ ਉਦਾਸ ਰਹਾਈ ॥ ੨ ॥**

ਜੇਹੜੇ ਪਰਮੇਸਰ ਦੇ ਭਗਤ ਹਨ ਓਨਾਂ ਨੂੰ ਨਾਮ ਦੇ ਸਿਮਰਨ ਦੀ ਸਰਧਾ ਆਪ ਪਰਮੇਸਰ ਨੇ ਲਾਈ ਹੈ ਓਹ ਭਗਤ ਗ੍ਰਹਸਤ ਦੇ ਵਿਚ ਹੀ ਉਦਾਸ ਭਾਵ ਪਦਾਰਥਾਂ ਨੂੰ ਝੂਠਿਆਂ ਸਮਝਕੇ ਪਰਮੇਸਰ ਦਾ ਨਾਮ ਜਪਦੇ ਰਹਿੰਦੇ ਹਨ ।

**ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿਆਈ ॥ ਤਬ ਜੋ ਕਿਛੁ ਕਰੇ ਸੁ ਮੇਰੇ ਹਰਿ ਪ੍ਰਭ ਭਾਈ ॥ ੩ ॥**

Digitized by Panjab Digital Library | www.panjabdigilib.org

ਜਦੋਂ ਦਿਲ ਅੰਦਰ ਪਰੀਤੀ ਪਰਮੇਸਰ ਨਾਲ ਬਣ ਆਈ ਹੈ ਭਾਵ ਲੱਗ ਪਈ ਹੈ ਤਾਂ ਓਹ ਮੇਰੇ ਮਾਲਕ ਨੂੰ ਭਾਂਦੀ ਹੈ।

**ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥ ਸੋ ਹਮ ਕਰਹ ਜੁ ਆਪਿ ਕਰਾਇ ॥ ੪ ॥**

ਜਿਸ ਕਾਰ ਤੇ ਕੰਮ ਵਿਚ ਪਰਮੇਸਰ ਨੇ ਸਾਨੂੰ ਲਾਇਆ ਹੈ ਓਹੋ ਹੀ ਕੰਮ ਅਸੀਂ ਕਰਦੇ ਹਾਂ ਅਤੇ ਜੋ ਕੁਛ ਅੱਗੇ ਪਰਮੇਸਰ ਕਰਾਵੇਗਾ ਕਰਾਂਗੇ।

**ਜਿਨਕੀ ਭਗਤਿ ਮੇਰੇ ਪ੍ਰਭ ਭਾਈ ॥ ਤੇ ਜਨ ਨਾਨਕ ਰਾਮ ਨਾਮ ਲਿਵਲਾਈ ॥ ੫ ॥ ੧ ॥ ੭ ॥ ੧੬ ॥**

ਜਿਨਾਂ ਦਾਸਾਂ ਦੀ ਸੇਵਾ ਮੇਰੇ ਮਾਲਕ ਨੂੰ ਚੰਗੀ ਲੱਗੀ ਹੈ ਗੁਰੂ ਜੀ ਆਖਦੇ ਹਨ ਓਨਾਂ ਦਾਸਾਂ ਨੇ ਰਾਮ ਨਾਮ ਸਿਮਰਨ ਵਿਚ ਚਿਤ ਬ੍ਰਿਤੀ ਲਗਾਈ ਹੈ।

## ਗੂਜਰੀ ਮਹਲਾ ੫ ਚਉਪਦੇ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

{ਇਸ ਸ਼ਬਦ ਦੀ ਉਥਾਨਕਾ ਰਹਿਰਾਸ ਪਹਿਲੀ ਜਿਲਦ ਵਿਚ ਅਰਥਾਂ ਸਹਿਤ ਆ ਚੁਕੀ ਹੈ।}

ਆਹਰ=ਫਿਕਰ। ਪਰਿਆ=ਪਿਆ। ਸੈਲ ਪੱਥਰ=ਪਹਾੜ ਦੇ ਪੱਥਰ ਜਾਂ ਖੁਸ਼ਕ ਪੱਥਰ। ਕਾਸਟ=ਲੱਕੜ ਭਾਵ ਦਿਲ ਵੀ ਹਰਿਆ ਹੋ ਜਾਂਦਾ ਹੈ। ਜਨਨਿ=ਮਾਂ। ਬਨਿਤਾ=ਇਸਤਰੀ। ਧਰਿਆ=ਧਿਰ, ਓਟ, ਆਸਰਾ। ਸੰਬਾਹੇ=ਪੁਚਾਂਦਾ ਹੈ। ਊਡੇ=ਕੂੰਜਾਂ। ਸੈ ਕੋਸਾ=ਸੈਂਕੜੇ ਕੋਹਾਂ। ਛਰਿਆ=ਛੱਡ ਆਉਂਦੀਆਂ ਹਨ। ਨਿਧਾਨ=ਖਜਾਨੇ। ਅਸਟ=ਅੱਠ। ਕਰਤਲ=ਹੱਥਦੀ ਤਲੀ।

**ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ ॥ ੧ ॥**

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ ॥**

Digitized by Panjab Digital Library | www.panjabdigilib.org

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥ ੧ ॥ ਰਹਾਉ ॥

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸਕੀ ਧਰਿਆ ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥ ੨ ॥

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿ-ਆ ॥ ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨਮਹਿ ਸਿਮਰਨੁ ਕਰਿਆ ॥ ੩ ॥

ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰਤਲ ਧਰਿਆ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥ ੪ ॥ ੧ ॥

## ਗੂਜਰੀ ਮਹਲਾ ੫ ਚਉਪਦੇ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

ਕਿਰਿਆ ਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥ ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥ ੧ ॥

ਜੇਹੜੇ ਚਹੁੰਆਂ ਵੇਦਾਂ ਦੇ ਅਨੁਸਾਰ ਜੱਗ ਆਦਕ ਕਿਰਿਆ ਕਰਦੇ ਹਨ ਅਤੇ ਛੇ ਤਰਾਂ ਦੇ ਕੰਮ ਕਰਦੇ ਹਨ ਇਤਿਆਦਕ ਜਾਂ ਇੱਕੁਰ ਦੇ ਕੰਮਾਂ ਵਿਚ ਜੇਹੜੇ ਸਦਾ ਰੱਤੇ ਰਹਿੰਦੇ ਹਨ ਓਹ ਸੰਸਾਰੀ ਜਨਮ ਮਰਨ ਦੇ ਵਿਚ ਪਏ ਰਹਿੰਦੇ ਹਨ। ਚਾਰ=ਕੰਮ, ਕਰਤੱਬ । ਖਟ=ਛੇ ਕਰਮ ਭਾਵ ਦਾਨ ਦੇਣਾ ਲੈਂਣਾ । ਜੱਗ ਕਰਨਾ ਕਰੋਣਾਂ । ਵਿਦਜਾ ਪੜ੍ਹਨੀ ਪੜ੍ਹਾਉਣੀ। ਰਿਦੇ ਅੰਦਰੋ: ਹੰਕਾਰ ਰੂਪ ਮੈਲ ਨਹੀਂ ਉਤਰਦੀ ਹੈ ਆਦਮੀ ਨੇ ਗੁਰਾਂਦੇ ਮਿਲਿਆਂ ਬਿਨਾਂ

Digitized by Panjab Digital Library | www.panjabdigilib.org

ਜਨਮ ਰੂਪ ਬਾਜੀ ਹਾਰ ਦਿਤੀ ਹੈ ਭਾਵ ਅਮੋਲਕ ਮਨੁੱਖਾ ਜਨਮ ਬਿਅਰਥ ਗਵਾਇਆ ਹੈ ।

**ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥ ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥੧॥ ਰਹਾਉ॥**

ਹੇ ਮੇਰੇ ਮਾਲਕਾਂ ਕਿਰਪਾ ਧਾਰਕੇ ਰੱਖ ਲੈ, ਕਰੋੜਾਂ ਵਿਚੋਂ ਸੇਵਕ ਕੋਈ ਵਿਰਲਾ ਹੀ ਹੈ ਹੋਰ ਸਾਰੇ ਲੋਕ ਵਿਹਾਰੀ ਹਨ ਭਾਵ ਸਦਾ ਕੰਮਾਂ ਨੂੰ ਕਰਦੇ ਫਲ ਮੰਗਦੇ ਹਨ ।

**ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥ ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥**

ਸ਼ਾਸਤ੍ਰ ਵੇਦ ਸਿੰਮ੍ਰਤੀਆਂ ਪੁਰਾਣ ਅਸਾਂ ਸਾਰੇ ਵੀਚਾਰੇ ਹਨ ਸਾਰੇ ਹੀ ਇੱਕ ਗੱਲ ਨੂੰ ਪੁਕਾਰਦੇ ਹਨ ਭਾਵ ਨਾਮ ਬਿਨਾ ਛੁਟਕਾਰਾ ਨਹੀਂ ਹੈ । ਤੁਸੀ ਮਨ ਵਿਚ ਵਿਚਾਰ ਕਰਕੇ ਦੇਖ ਲਓ ਗੁਰੂ ਤੋਂ ਬਿਨਾ ਮੁਕਤੀ ਕੋਈ ਨਹੀਂ ਪਾਵੇਗਾ ।

**ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥ ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥ ੩ ॥**

ਇਕ ਆਦਮੀ ਅਠਾਹਠ ਤੀਰਥਾਂ ਦੇ ਪੁਰਬਾਂ ਦੇ ਇਸ਼ਨਾਨ ਕਰਦੇ ਹਨ ਅਤੇ ਸਾਰੀ ਧਰਤੀ ਉਤੇ ਭੌਂਦੇ ਹਨ ਭਾਵ ਧਰਤੀ ਦੀ ਪਰਕਰਮਾਂ ਕਰਦੇ ਹਨ ਅਤੇ ਰਾਤ ਦਿਨ ਅਨੇਕ ਤਰਾਂ ਦੀ ਪਵਿਤ੍ਰਤਾ ਕਰਦੇ ਹਨ ਪਰ ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾ ਅੰਤਸ਼ਕਰਨ ਵਿਚ ਹਨੇਰੀ ਰਾਤ ਰੂਪ ਮੈਲ ਹੀ ਬਣੀ ਰਹਿੰਦੀ ਹੈ ।

**ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥ ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥ ੪ ॥ ੧ ॥ ੨ ॥**

ਦੌੜਦੇ ੨ ਸਾਰੇ ਸੰਸਾਰ ਵਿਚ ਦੌੜੇ ਪਰ ਕੁਛ ਨ ਮਿਲਿਆ ਸੋ ਹੁਣ ਅਸੀ ਹਰੀ ਦੇ ਦਰਵਾਜੇ ਭਾਵ ਸਾਧ ਸੰਗਤ ਵਿਚ ਆਇ ਪਏ ਹਾਂ ਤਾਂ

Digitized by Panjab Digital Library | www.panjabdigilib.org

ਹੁਣ ਗੁਰਾਂ ਨੇ ਖੋਟੀ ਅਕਲ ਦੂਰ ਕਰਕੇ ਚੰਗੀ ਅਕਲ ਪ੍ਰਕਾਸ਼ੀ ਹੈ ਭਾਵ ਚਾਨਣ ਕੀਤਾ ਹੈ ਚੰਗੀ ਅਕਲ ਬਖਸ਼ ਦਿਤੀ ਹੈ ਗੁਰੂ ਜੀ ਆਖਦੇ ਹਨ ਓਨਾਂ ਗੁਰਮੁਖਾਂ ਦੀ ਸੰਗਤ ਤਾਰੀ=ਤਾਰਨ ਵਾਲੀ ਬੇੜੀ ਹੈ।

## ਗੂਜਰੀ ਮਹਲਾ ੫

{ ਇਕ ਵੇਰ ਗੋਇੰਦਵਾਲ ਸ੍ਰੀ ਗੁਰੂ ਅਮਰਦਾਸ ਜੀ ਪਲੰਘ ਉਤੇ ਬਿਰਾਜਮਾਨ ਸਨ ਗੁਰੂ ਅਰਜਨ ਦੇਵ ਜੀ ਨਿੱਕੇ ਜਹੇ ਬਾਲਕ ਸਨ ਖੇਡਦੇ੨ ਪਲੰਘ ਦੀ ਹੀਆਂ ਨੂੰ ਫੜਕੇ ਉਤ੍ਹਾਂ ਚੜ ਗਏ। ਨਾਨਾ ਜੀ ਦੀ ਗੋਦ ਵਿਚ ਜਾ ਬੈਠੇ ਗੁਰੂ ਜੀ ਬਹੁਤ ਹੀ ਖੁਸ਼ੀ ਹੋਕੇ ਗਲ ਨਾਲ ਲਾਕੇ ਲਾਡ ਕਰਨ ਲੱਗੇ ਅਜੇ ਬੀਬੀ ਭਾਨੀ ਜੀਪਾਸ ਖੜੇ ਸਨ ਤਾਂ ਗੁਰੂ ਜੀ ਪ੍ਰਸੰਨ ਹੋਕੇ ਆਖਿਆ "ਇਹ ਦੋਹਤਾ ਬਾਣੀ ਦਾ ਬੋਹਿਥਾ ਹੋਵੇਗਾ" ਇਹ ਵਰ ਦਾਨ ਦਿਤਾ ਤੇ ਆਖਿਆ ਕਾਹਲਾ ਨ ਹੋ ਤੂੰ ਆਪਣੇ ਪਿਤਾ ਪਾਸੋਂ ਗੱਦੀ ਲਈਂ। ਇਹ ਵਰ ਸੁਣ ਬੀਬੀ ਜੀ ਬੜੇ ਖੁਸ਼ੀ ਹੋਏ ਫਿਰ ਜਦੋਂ ਸ੍ਰੀ ਗੁਰੂ ਜੀ ਗੱਦੀ ਪਾਕੇ ਮਾਤਾ ਜੀ ਨੂੰ ਮੱਥਾ ਟੇਕਣ ਗਏ ਤਾਂ ਮਾਈ ਜੀ ਨੇ ਪੁਛਿਆ ਬੱਚਾ ਕੀ ਖੱਟਕੇ ਆਏ ਹੋ ਤਾਂ ਗੁਰੂ ਜੀ ਨੇ ਆਖਿਆ ਹੈ। }

**ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥ ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧ ਸੰਗਤਿ ਮਹਿ ਪਾਇਆ ॥ ੧ ॥**

ਹੇ ਮਾਤਾ ਜੀ ਹਰੀ ਧਨ ਦਾ ਹੀ ਜਾਪ ਹੈ, ਹਰੀ ਧਨ ਦਾ ਹੀ ਤਪ ਹੈ ਹੁਣ ਮੈਨੂੰ ਭੋਜਨ ਵੀ ਹਰੀ ਧਨ ਦਾ ਹੀ ਚੰਗਾ ਲੱਗਾ ਹੈ ਇਸ ਲਈ ਇੱਕੁਰ ਦਾ ਜੇਹੜਾ ਮੈਂ ਹਰੀ ਧਨ ਸਾਧ ਸੰਗਤ ਵਿਚ ਜਾਕੇ ਪਾਇਆ ਹੈ ਸੋ ਇਕ ਨਿਮਖ ਵੀ ਮੇਰੇ ਮਨ ਤੋਂ ਨ ਭੁੱਲ ਜਾਵੇ।

**ਮਾਈ ਖਾਟਿ ਆਇਓ ਘਰਿ ਪੂਤਾ ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥ ੧ ॥ ਰਹਾਉ ॥**

ਹੇ ਮਾਤਾ ਜੀ ਮੈਂ ਤੇਰਾ ਪੁੱਤ ਬੜੀ ਵੱਡੀ ਖੱਟੀ ਖੱਟ ਕੇ ਘਰ ਵਿੱਚ ਆਇਆ ਹਾਂ "ਪ੍ਰਸ਼ਨੋਤ੍ਰੀ ਹੈ ਕੇਹੜੀ ਖੱਟੀ" ਨ ਮੁੱਕਣ ਵਾਲਾ ਧਨ ਮਿਲਿਆ ਹੈ ਜੇਹੜਾ ਚਲਦਿਆਂ ਵੀ ਹਰੀ ਧਨ ਨਾਲ ਹੀ ਹੈ ਤੇ ਬੈਠਦਿਆਂ ਵੀ ਹਰੀ ਧਨ ਨਾਲ ਹੀ ਹੈ ਜਾਗਦਿਆਂ ਸੌਂਦਿਆਂ ਵੀ ਹਰੀ ਧਨ ਨਾਲ ਹੀ ਹੈ।

Digitized by Panjab Digital Library | www.panjabdigilib.org

**ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿਸੰਗਿ ਲਾਇਆ ਧਿਆਨਾ ॥ ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥ ੨ ॥**

ਇਹ ਹਰੀ ਧਨ ਹੀ ਇਸਨਾਨ ਹੈ ਹਰੀ ਧਨ ਹੀ ਗਿਆਨ ਹੈ ਹਰੀ ਦੇ ਨਾਲ ਹੀ ਮੈਂ ਧਿਆਨ ਲਾਇਆ ਹੈ। ਹਰੀ ਧਨ ਹੀ ਕੱਖਾਂ ਦਾ ਪੂਲਾ ਦਰਿਆ ਤੋਂ ਪਾਰ ਹੋਣ ਵਾਲਾ ਹੈ ਹਰੀ ਧਨ ਹੀ ਬੇੜੀ ਹੈ ਹਰੀ ਧਨ ਹੀ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਪਰਾਨਾ=ਜਹਾਜ ਹੈ।

**ਹਰਿ ਧਨੁ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥ ਹਰਿ ਧਨ ਤੇ ਮੈ ਨਵਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥ ੩ ॥**

ਹਰੀ ਧਨ ਨੇ ਮੇਰੀ ਸਾਰੀ ਚਿੰਤਾ ਦੂਰ ਕਰ ਦਿਤੀ ਹੈ ਕਿਉਂਕਿ ਚਿੰਤਾ ਗਰੀਬ ਨੂੰ ਹੁੰਦੀ ਹੈ ਅਤੇ ਹਰੀ ਧਨ ਨੇ ਹੀ ਮੇਰਾ ਸਾਰਾ ਸੰਸਾ ਦੂਰ ਕਰ ਦਿਤਾ ਹੈ ਮੈਂ ਹਰੀ ਨਾਮ ਧਨ ਤੋਂ ਨੌ ਨਧੀ ਰਿਧੀ ਸਿਧੀ ਪਾਈ ਹੈ ਹਰੀ ਨਾਮ ਧਨ ਥੋਕ=ਬਹੁਤਾ ਪਦਾਰਥ ਮੇਰੇ ਹੱਥ ਉੱਤੇ ਚੜ੍ਹਿਆ ਭਾਵ ਆਕੇ ਮਿਲਿਆ ਹੈ ਭਾਵ ਮਨ ਨਾਮ ਵਿਚ ਲੱਗਾ ਹੈ।

**ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥ ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥ ੪ ॥ ੨ ॥ ੩ ॥**

ਹੁਣ ਇਸ ਨਾਮ ਧਨ ਨੂੰ ਖਾਂਦਾ ਖਰਚਦਾ ਭਾਵ ਜਪਦਾ ਜਪਾਂਦਾ ਹਾਂ ਕਿਸੇਤਰਾਂ ਦਾ ਘਾਟਾ ਨਹੀਂ ਆਉਂਦਾ ਹੈ ਅਤੇ ਇਹੋ ਹੀ ਹਰੀ ਧਨ ਪ੍ਰਲੋਕ ਵਿੱਚ ਨਾਲ ਜਾਂਦਾ ਹੈ ਸੋ ਇੱਕਰ ਦੇ ਹਰੀ ਧਨ ਦਾ ਖਜਾਨਾ ਲੱਦਕੇ, ਭਰ ਭਰਕੇ ਗੁਰੂ ਰਾਮ ਦਾਸ ਜੀ ਨੇ ਮੈਂ "ਨਾਨਕ" ਨੂੰ ਦਿਤਾ ਹੈ' ਹੁਣ ਇਹ ਮਨ ਬੁੱਧੀ ਆਦਕ ਸਾਰੇ ਇੰਦ੍ਰੇ ਪ੍ਰਮੇਸਰ ਦੇ ਪ੍ਰੇਮ ਵਿੱਚ ਰੰਗੇ ਗਏ ਹਨ।

## ਗੂਜਰੀ ਮਹਲਾ ੫

**ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ ਸੋ ਹਰਿ ਹਰਿ ਤੁਮ ਸਦਹੀ ਜਾਪਹੁ**

Digitized by Panjab Digital Library | www.panjabdigilib.org

**ਜਾਕਾ ਅੰਤੁ ਨ ਪਾਰੋ ॥ ੧ ॥**

ਜਿਸ ਹਰੀ ਦੇ ਸਿਮਰਨ ਨਾਲ ਸਾਰਿਆਂ ਪਾਪਾਂ ਦਾ ਨਾਸ ਹੁੰਦਾ ਹੈ ਅਤੇ ਸਾਰਿਆਂ ਵੱਡਿਆਂ ਵਡੇਰਿਆਂ ਪਿਤਰਾਂ ਦਾ ਉਧਾਰ ਹੁੰਦਾ ਹੈ, ਜਿਸ ਦੇ ਅੰਤ ਦਾ ਪਾਰਾਵਾਰ ਨਹੀਂ ਹੈ ਹੇ ਪੁਤ ਇਕੁਰ ਦਾ ਹਰਿ ਹਰਿ ਨਾਮ ਤੁਸੀ ਮਨ ਬਾਣੀ ਕਰਕੇ ਰੋਜ਼ ਹੀ ਜਪਿਆ ਕਰੋ।

***ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥ ੧ ॥ ਰਹਾਉ ॥**

ਹੇ ਪੁਤ ਤੈਨੂੰ ਮੈਂ ਮਾਂ ਦੀ ਇਹ ਅਸੀਸ ਹੈ ਕਿ ਅੱਖਾਂ ਦਾ ਫਰਕਣ ਜਿਤਨਾਂ ਚਿਰ ਵੀ ਹਰਿ ਹਰਿ ਨਾਮ ਤੈਨੂੰ ਨਾ ਭੁੱਲੇ ਹਰ ਵੇਲੇ ਜਗਦੀਸ ਦਾ ਭਜਨ ਕਰਦੇ ਰਹੋ।

**ਸਤਿਗੁਰ ਤੁਮ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥ ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥ ੨ ॥**

ਗੁਰੂ ਰਾਮ ਦਾਸ ਜੀ ਕਿਰਪਾਲੂ ਹੋਕੇ ਤੇਰੇ ਉਤੇ ਖੁਸ਼ੀ ਰਹਿਣ ਅਤੇ ਸਾਧ ਸੰਗਤ ਵਿੱਚ ਤੇਰੀ ਪ੍ਰੀਤੀ ਬਣੀ ਰਹੇ, ਪ੍ਰਮੇਸਰ ਤੇਰਾ ਇੱਜ਼ਤ ਰੂਪ ਕਪੜਾ ਬਣਾਈ ਰੱਖੇ, ਰੋਜ ਹੀ ਹਰੀ ਨਾਮ ਕੀਰਤ ਨ ਦਾ ਭੋਜਨ ਕਰਦੇ ਰਹੋ।

**ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥ ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥ ੩ ॥**

ਨਾਮ ਅੰਮ੍ਰਿਤ ਨੂੰ ਪੀਓ ਸਦਾ ਚਿਰੰਜੀਵੀ ਬਣੇ ਰਹੋ ਹਰੀ ਅਨੰਤ= ਬਿਅੰਤ ਨੂੰ ਸਿਮਰਦੇ ਰਹੋ ਅਤੇ ਅਨੰਦ ਪਾਂਦੇ ਰਹੋ, ਹਰ ਤਰਾਂ ਦੇ ਰੰਗਾਂ ਦਾ ਤਮਾਸ਼ਾ ਤੁਸੀ ਇਹੋ ਹੀ ਵੇਖੋ ਜੋ ਸਾਰੀਆਂ ਆਸਾਂ ਤੁਹਾਡੀਆਂ ਪੂਰੀਆਂ ਹੋਣ ਅਤੇ ਚਿੰਤਾ ਕਿਸੇ ਤਰਾਂ ਦੀ ਤੁਹਾਨੂੰ ਕਦੀ ਨ ਆਕੇ ਲੱਗੇ।

**ਭਵਰੁ ਤੁਮਾਰਾ ਇਹੁ ਮਨੁ ਹੋਵਹੁ ਹਰਿ ਚਰਣਾ ਹੋਹੁ**

*ਜਦੋਂ ਗੁਰਿਆਈ ਪਾਕੇ ਮੱਥਾ ਟੇਕਿਆ ਤਾਂ ਮਾਈ ਨੇ ਅਸੀਸ ਦਿਤੀ ਅਤੇ ਇਹ ਅੱਗੇ ਲਿਖਿਆ ਵਾਕ ਆਖਿਆ ਸੋ ਸਿਖਾਂ ਨੂੰ ਸੁਣਾਂਦੇ ਹਨ।

Digitized by Panjab Digital Library | www.panjabdigilib.org

## ਕਉਲਾ ॥ ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥ ੪ ॥ ੩ ॥ ੪ ॥

ਹਰੀਦੇ ਚਰਨ ਕਵਲ ਹੋਣ ਅਤੇ ਉਸਉੱਤੇ ਤੇਰਾ ਮਨਭੌਰਾਹੋਵੇ,ਜਿਸਤਰਾਂ ਸ਼ਾਂਤੀ ਬੂੰਦ ਨਾਲ ਪਪੀਹਾ ਮਉਲਾ=ਮਿਲਦਾ ਹੈ ਜਾਂ ਬੂੰਦ ਮਿਲਕੇ ਖੁਸ਼ੀ ਹੁੰਦਾ ਹੈ ਗੁਰੂਜੀ ਆਖਦੇਹਨ ਉਸ ਅਸੀਸ ਕਰਕੇ ਇੱਕੁਰ ਹੀ ਮੈਂ ਦਾਸ ਉਹਨਾਂ ਚਰਨਾਂ ਕਮਲਾਂ ਦੇ ਨਾਲ ਲੱਗਾ ਹੋਇਆ ਹਾਂ।

## ਗੂਜਰੀ ਮਹਲਾ ੫

## ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥ ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ ॥ ੧ ॥

( ਸਾਰੇ ਜੀਵ ਪ੍ਰਮੇਸਰ ਦੇ ਵੱਸ ਹਨ। )

ਜੀਵ ਲਹਿੰਦੇ ਨੂੰ ਜਾਣ ਦੀ ਸਲਾਹ ਕਰਦਾ ਹੈ ਪਰ ਪ੍ਰਮੇਸਰ ਉਸ ਨੂੰ ਚੜ੍ਹਦੇ ਵੱਲ ਲੈ ਜਾਂਦਾ ਹੈ, ਇਕ ਪਲ ਵਿੱਚ ਬਣਾਂਦਾ ਹੈ ਪਲ ਵਿੱਚ ਨਾਸ ਕਰਦਾ ਹੈ ਹਰ ਤਰਾਂ ਦੇ ਮਤਾਤ=ਮਤੇ ਜਾਂ ਸਲਾਹਾਂ ਅਪਣੇ ਹੱਥ ਵਿੱਚ ਰੱਖੀਆਂ ਹਨ।

## ਸਿਆਨਪ ਕਾਹੂ ਕਾਮਿ ਨ ਆਤ ॥ ਜੋ ਅਨਰੂਪਿਓ ਠਾਕੁਰਿ ਮੇਰੇ ਹੋਇ ਰਹੀ ਉਹ ਬਾਤ ॥ ੧ ॥ ਰਹਾਉ ॥

ਅਪਣੀ ਸਿਆਣਪ ਕਿਸੇ ਕੰਮ ਨਹੀਂ ਆਉਂਦੀ ਹੈ ਜੇਹੜਾ ਖਿਆਲ ਮੇਰੇ ਮਾਲਕ ਨੇ ਅਨਰੂਪਿਓ=ਠਟਿਆ ਭਾਵ ਅਰੰਭ ਕੀਤਾ ਜਾਂ ਬਣਾਇਆ ਹੈ ਓਹੋ ਹੀ ਗੱਲ ਹੋ ਰਹੀ ਹੈ ਜਾਂ ਹੁੰਦੀ ਜਾਂਦੀ ਹੈ।

## ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ ॥ ਲਸਕਰ ਨੇਬ ਖਵਾਸ ਸਭ ਤਿਆਗੇ ਜਮ ਪੁਰਿ ਊਠਿ ਸਿਧਾਸ ॥ ੨ ॥

ਜੀਵ ਇੱਛਿਆ ਕਰਦਾ ਹੈ ਕਿ ਮੈਂ ਫਲਾਣੇ ਦੇਸ ਨੂੰ ਖੱਟ ਲਵਾਂ ਭਾਵ ਅਪਣੇ ਵੱਸ ਕਰ ਲਵਾਂ ਓਥੋਂ ਦਾ ਰਾਜਾ ਬਣ ਜਾਵਾਂ ਜਾਂ ਖੱਟੀ ਖੱਟਕੇ ਲਿਆਵਾਂਧਨ ਕੱਠਾ ਕਰਾਂ ਪਰ ਇਕੁਰ ਕਰਦਿਆਂ ਵਿਚੇ ਹੀ ਸਾਸਨਿਕਲ ਜਾਂਦੇ ਹਨ ਇਹ ਵਾਸ਼ਨਾ ਅਕਲ ਦੀਆਂ ਵਿੱਚੇ ਹੀ ਰਹਿ ਜਾਂਦੀਆਂ ਹਨ, ਸੈਨਾ;

ਚੋਬਦਾਰ, ਨੌਕਰ ਚੋਰੀ ਵਾਲੇ ਇੱਕੁਰ ਦੇ ਅੰਤ ਨੂੰ ਸਾਰੇ ਛੱਡੇ ਜਾਂਦੇ ਹਨ ਜਮ ਲੋਕ ਨੂੰ ਉਠਕੇ ਚਲਿਆ ਜਾਂਦਾ ਹੈ।

**ਹੋਇ ਅਨੰਨਿ ਮਨ ਹਠ ਕੀ ਦ੍ਰਿੜਤਾ ਆਪਸ ਕਉ ਜਾਨਾਤ ॥ ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ ॥ ੩ ॥**

ਬੜਾ ਪਿਆਰਾ ਮਾਇਆ ਤੋਂ ਰਹਿਤ ਹੋਕੇ ਮਨ ਦੇ ਹਠ ਦੀ ਗੱਲ ਦ੍ਰਿੜਤਾ ਪੱਕੀ ਕਰਦਾ ਹੈ ਅਪਣੇ ਆਪ ਨੂੰ ਬੜਾ ਵੱਡਾ ਜਾਣਦਾ ਹੈ, ਹੋਛੇ ਭਗਤ ਅਪਣੇ ਘਰ ਦੇ ਜਿਨਾਂ ਪੁਤਰ ਇਸਤ੍ਰੀ ਆਦਕ ਪਦਾਰਥਾਂ ਨੂੰ ਨਾ ਨਿੰਦਿਆਂ ਕਰਨ ਵਾਲੇ ਆਖਦੇ ਹਨ ਉਨ੍ਹ ਨੂੰ ਫਿਰ ਨਿੰਦਿਆ ਕਰਕੇ ਛੱਡ ਦੇਂਦੇ ਹਨ ਫਿਰ ਬੇਸ਼ਰਮ ਓਨਾਂ ਨੂੰ ਹੀ ਮੁੜ ਮੁੜ ਖਾਂਦੇ ਹਨ ਜਾਂ ਖਾਂਦਾ ਹੈ ਜਾਂ ਜੇਹੜੇ ਸੰਤ ਅਨਿੰਦ ਹਨ ਜਿਨ੍ਹਾਂ ਦੀ ਕੋਈ ਨਿੰਦਿਆ ਨਹੀਂ ਕਰਦਾ ਹੈ ਉਹਨਾਂ ਨੇ ਜੇਹੜੇ ਪਦਾਰਥ ਨਿੰਦ ਛੱਡੇ ਹਨ ਇਹ ਆਦਮੀ ਉਨ੍ਹਾਂ ਨੂੰ ਹੀ ਮੁੜ ਮੁੜ ਖਾਂਦਾ ਹੈ।

**ਸਹਜ ਸੁਭਾਇ ਭਏ ਕਿਰਪਾਲਾ ਤਿਸੁ ਜਨਕੀ ਕਾਟੀ ਫਾਸ ॥ ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ ॥ ੪ ॥ ੪ ॥ ੫ ॥**

ਜਿਸ ਦੇ ਉਤੇ ਸਹਿਜ ਸੁਭਾਵ ਹੀ ਅਕਾਲ ਪੁਰਖ ਕਿਰਪਾਲੂ ਹੁੰਦੇ ਹਨ ਉਸ ਦਾਸ ਦੀ ਜਨਮ ਮਰਨ ਰੂਪ ਫਾਹੀ ਕੱਟੀ ਜਾਂਦੀ ਹੈ, ਗੁਰੂ ਜੀ ਆਖਦੇ ਹਨ ਜਿਸ ਨੂੰ ਪੂਰਾ ਗੁਰੂਮਿਲਿਆ ਹੈ ਉਸ ਦਾ ਗ੍ਰਹਸਤ ਵੀ ਪਰਮਾਣ ਹੈ ਅਤੇ ਉਦਾਸ ਭਾਵ ਛੱਡ ਦੇਣਾ ਵੀ ਪਰਮਾਣ ਹੈ।

## ਗੂਜਰੀ ਮਹਲਾ ੫ ॥

**ਨਾਮੁ ਨਿਧਾਨੁ ਜਿਨਿ ਜਨਿ ਜਪਿਓ ਤਿਨ੍ਕੇ ਬੰਧਨ ਕਾਟੇ॥ ਕਾਮ ਕ੍ਰੋਧ ਮਾਇਆ ਬਿਖੁ ਮਮਤਾ ਇਹਬਿਆਧਿ ਤੇ ਹਾਟੇ ॥ ੧ ॥**

ਜਿਨਾਂ ਭਗਤਾਂ ਨੇ ਨਾਮ ਖਜ਼ਾਨਾ ਜਪਿਆ ਹੈ ਓਨਾਂ ਦੇ ਸੰਸਾਰ ਦੇ ਬੰਧਨ ਕੱਟੇ ਗਏ ਹਨ, ਕਾਮ ਕ੍ਰੋਧ ਮਾਇਆ ਮਮਤਾ ਵਿਹੁ ਰੂਪ ਇੱਕੁਰ ਦੀਆਂ ਵਿਆਧੀਆਂ ਤੋਂ ਹਟ ਗਏ ਹਨ।

**ਹਰਿ ਜਸੁ ਸਾਧ ਸੰਗਿ ਮਿਲਿ ਗਾਇਓ ॥ ਗੁਰ ਪਰ-**

Digitized by Panjab Digital Library | www.panjabdigilib.org

**ਸਾਦਿ ਭਇਓ ਮਨੁ ਨਿਰਮਲੁ ਸਰਬ ਸੁਖਾ ਸੁਖ ਪਾਇਅਉ ॥ ੧ ॥ ਰਹਾਉ ॥**

ਗੁਰਮੁਖਾਂ ਨੇ ਸਾਧ ਸੰਗਤ ਵਿੱਚ ਮਿਲਕੇ ਹਰੀ ਦਾ ਜਸ ਗਾਇਆ ਹੈ। ਗੁਰਾਂ ਦੀ ਕਿਰਪਾ ਨਾਲ ਉਨ੍ਹਾਂ ਦਾ ਮਨ ਮੈਲ ਤੋਂ ਬਿਨਾ ਹੋਇਆ ਹੈ ਅਤੇ ਸਾਰਿਆਂ ਸੁਖਾਂ ਦਾ ਸੁਖ ਭਾਵ ਪਰਮੇਸਰ ਅਨੰਦ ਮਨ ਵਿੱਚ ਪਾਇਆ ਹੈ।

**ਜੋ ਕਿਛੁ ਕੀਓ ਸੋਈ ਭਲੁ ਮਾਨੈ ਐਸੀ ਭਗਤਿ ਕਮਾਨੀ ॥ ਮਿਤ੍ਰ ਸਤ੍ਰੁ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥ ੨ ॥**

ਓਨਾਂ ਗੁਰਮੁਖਾਂ ਨੇ ਇੱਕੁਰ ਦੀ ਭਗਤੀ ਕਮਾਈ ਹੈ ਕਿ ਜੋ ਵਾਹਿਗੁਰੂ ਕਰਦਾ ਹੈ ਉਸੇ ਨੂੰ ਹੀ ਭਲਾ ਮੰਨਦੇ ਹਨ ਭਾਵ ਭਾਣੇ ਵਿਚ ਖੁਸ਼ੀ ਰਹਿੰਦੇ ਹਨ, ਮਿੱਤ੍ਰਾਂ ਵੈਰੀਆਂ ਵਿਚ ਇਕ ਸਮਾਨ ਨਜ਼ਰ ਰੱਖਦੇ ਹਨ ਅਤੇ ਜੋਗ ਅਭਜਾਸ ਭਾਵ ਮਨ ਨੂੰ ਪਰਮੇਸਰ ਵੱਲ ਜੋੜਨ ਦੀ ਜੁਗਤੀ ਵਿਚ ਜੁੜੇ ਰਹਿੰਦੇ ਹਨ ਇਹ ਓਨਾਂ ਦ ਪਛਾਨਣ ਦੀ ਪੱਕੀ ਨਿਸ਼ਾਨੀ ਹੈ।

**ਪੂਰਨ ਪੂਰਿ ਰਹਿਓ ਸ੍ਰਬ ਥਾਈ ਆਨ ਨ ਕਤਹੂੰ ਜਾਤਾ ॥ ਘਟ ਘਟ ਅੰਤਰਿ ਸਰਬ ਨਿਰੰਤਰਿ ਰੰਗਿ ਰਵਿਓ ਰੰਗਿ ਰਾਤਾ ॥ ੩ ॥**

ਪੂਰਨ ਪਰਮੇਸਰ ਸਾਰਿਆਂ ਥਾਵਾਂ ਵਿਚ ਪੂਰਨ ਹੋਇਆ ੨ ਜਾਣਿਆਂ ਹੈ ਪਰਮੇਸਰ ਤੋਂ ਬਿਨਾ ਦੂਸਰਾ ਹੋਰ ਓਨਾਂ ਨੇ ਕਿਤੇ ਨਹੀਂ ਜਾਣਿਆ ਹੈ ਜਾਂ ਓਨਾਂ ਦਾ ਮਨ ਹੋਰ ਕਿਤੇ ਨਹੀਂ ਜਾਂਦਾ ਹੈ, ਸਾਰਿਆਂ ਘਟਾਂ ਘਟਾਂ ਦੇ ਅੰਦਰ ਲਗਾਤਾਰ ਜਿਸ ਦਾ ਰੰਗ ਰਮਿਆਂ ਹੋਇਆ ਹੈ ਭਾਵ ਪਰਮੇਸਰ ਮਿਲਿਆ ਹੋਇਆ ਹੈ ਉਸ ਦੇ ਪ੍ਰੇਮ ਵਿਚ ਗੁਰਮੁਖ ਰੱਤਾ ਰਹਿੰਦਾ ਹੈ।

**ਭਏ ਕ੍ਰਿਪਾਲ ਦਇਆਲ ਗੁਪਾਲਾ ਤਾ ਨਿਰਭੈ ਕੈ ਘਰਿ ਆਇਆ ॥ ਕਲਿ ਕਲੇਸ ਮਿਟੇ ਖਿਨ ਭੀਤਰਿ ਨਾਨਕ ਸਹਜਿ ਸਮਾਇਆ ॥ ੪ ॥ ੫ ॥ ੬ ॥**

ਜਦੋਂ ਦਿਆਲੂ ਮਾਲਕ ਕਿਰਪਾਲੂ ਹੋਇਆ ਹੈ ਤਾਂ ਡਰ ਤੋਂ ਰਹਿਤ ਹੋਕੇ ਆਪਣੇ ਅਸਲੀ ਘਰ ਵਿਚ ਆਇਆ ਹੈ ਜਾਂ ਨਿਰਭੌ ਪਰਮੇਸਰ ਦੇ ਨਾਲ ਮਿਲ ਗਿਆ ਹੈ, ਓਨਾਂ ਗੁਰਮੁਖਾਂ ਦੇ ਇਕ ਛਿਨ ਵਿਚ ਕਲਜੁਗ ਦੇ

Digitized by Panjab Digital Library | www.panjabdigilib.org

ਕਲੇਸ਼ ਜਾਂ ਕਲਪਣਾਂ ਤੇ ਕਲੇਸ਼ ਦੁਖ ਦੂਰ ਹੋ ਗਏ ਹਨ ਗੁਰੂ ਜੀ ਆਖਦੇ ਹਨ ਓਨਾਂ ਦਾ ਮਨ ਗਿਆਨ ਕਰਕੇ ਪਰਮੇਸਰ ਵਿਚ ਮਿਲ ਗਿਆ ਹੈ।

## ਗੂਜਰੀ ਮਹਲਾ ੫ ॥

**ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ॥ ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ ॥ ੧ ॥**

ਜਿਸ ਮਨੁੱਖ ਦੇ ਪਾਸ ਮੈਂ ਅਪਣੀ ਬੇਨਤੀ ਕਰਦਾ ਹਾਂ ਭਾਵ ਦੁਖ ਦੱਸਦਾ ਹਾਂ ਸੋ ਓਹ ਅੱਗੇ ਆਪ ਹੀ ਦੁੱਖਾਂ ਦਾ ਭਰਿਆ ਹੋਇਆ ਹੈ ਭਾਵ ਉਸ ਵਿਚ ਬੜੇ ਦੁੱਖ ਦੀਹਦੇ ਹਨ ।

ਜਿਸ ਨੇ ਰਿਦੇ ਵਿਚ ਪਰਮੇਸਰ ਨੂੰ ਅਰਾਧਿਆ ਹੈ ਓਹ ਸੰਸਾਰ ਸਮੁੰਦਰ ਤੋਂ ਤਰਿਆ ਹੈ ।

**ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖ ਕਾਟੈ॥ ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈ ਹੈ ਤਿਤੁ ਮਾਨੁ ਮਹਤੁ ਜਸੁ ਘਾਟੈ ॥ ੧ ॥ ਰਹਾਉ ॥**

ਪਰਮੇਸਰ ਗੁਰੂ ਤੋਂ ਬਿਨਾਂ ਦੁੱਖਾਂ ਦੀ ਬ੍ਰਿਥਾ=ਪੀੜਾ ਕੋਈ ਨਹੀਂ ਕੱਟਦਾ ਹੈ ਜੇਹੜਾ ਮਾਲਕ ਨੂੰ ਛੱਡਕੇ ਹੋਰ ਕਿਸੇ ਦਾ ਸੇਵਕ ਜਾ ਬਣਦਾ ਹੈ ਭਾਵ ਪ੍ਰਮੇਸਰ ਨੂੰ ਛੱਡਕੇ ਦੇਵੀ ਦੇਵਤਿਆਂ ਨੂੰ ਮੰਨਦਾ ਹੈ ਉਸ ਸੇਵਕ ਦਾ ਉਸ ਦੀ ਸੇਵਾ ਕਰਕੇ ਆਦਰ ਵਡਿਆਈ ਜਸ ਘਟ ਜਾਂਦਾ ਹੈ ਅਪਣਾ ਆਪ ਹੀ ਨੁਕਸਾਨ ਕਰਦਾ ਹੈ ।

**ਮਾਇਆ ਕੇ ਸਨਬੰਧ ਸੈਨ ਸਾਕ ਕਿਤਹੀ ਕਾਮਿ ਨ ਆਇਆ ॥ ਹਰਿ ਕਾ ਦਾਸੁ ਨੀਚ ਕੁਲੁ ਊਚਾ ਤਿਸੁ ਸੰਗਿ ਮਨ ਬਾਂਛਤ ਫਲ ਪਾਇਆ ॥ ੨ ॥**

ਮਾਇਆ ਦੇ ਮੇਲ ਜੋਲ ਕਰਕੇ ਸੈਨ=ਸਾਥੀ ਜਾਂ ਸਕੇ ਸਾਕ ਜਿਤਨੇ ਹਨ ਸੋ ਓਨਾਂ ਵਿਚੋਂ ਕੋਈ ਕਿਸੇ ਦੇ ਕਿਸੇ ਕੰਮ ਨਹੀਂ ਆਇਆ ਹੈ ਭਾਵੇਂ ਪਰਮੇਸਰ ਦਾ ਦਾਸ ਨੀਵੀਂ ਹੀ ਕੁਲ ਦਾ ਹੋਵੇ ਤਾਂ ਵੀ ਉੱਚਾ ਹੈ ਕਿਉਂਕਿ ਉਸ ਦੇ ਨਾਲ ਰਲ ਕੇ ਜੀਆਂ ਨੇ ਮਨ ਭਾਂਦਾ ਫਲ ਪਾਇਆ ਹੈ ।

**ਲਾਖ ਕੋਟਿ ਬਿਖਿਆ ਕੇ ਬਿੰਜਨ ਤਾ ਮਹਿ ਤ੍ਰਿਸਨ**

Digitized by Panjab Digital Library | www.panjabdigilib.org

**ਨ ਬੂਝੀ ॥ ਸਿਮਰਤ ਨਾਮੁ ਕੋਟਿ ਉਜੀਆਰਾ ਬਸਤੁ ਅਗੋਚਰ ਸੂਝੀ ॥੩॥**

ਭਾਵੇਂ ਵਿਸ਼ਿਆਂ ਦੇ ਸਾਧਨ ਬਿੰਜਨ=ਭੋਜਨ ਲੱਖਾਂ ਕਰੋੜਾਂ ਵੀ ਮਿਲ ਜਾਣ ਪਰ ਉਨਾਂ ਵਿਚ ਲੱਗਣ ਨਾਲ ਕਿਸੇ ਦੀ ਤ੍ਰਿਸ਼ਨਾ ਅੱਗ ਨਹੀਂ ਬੁਝੀ ਹੈ ਜੇਹੜਾ ਨਾਮ ਨੂੰ ਜਪਦਾ ਹੈ ਉਸ ਨੂੰ ਕਰੋੜਾਂ ਸੂਰਜਾਂ ਵਰਗਾ ਗਿਆਨ ਦਾ ਚਾਨਣ ਹੁੰਦਾ ਹੈ ਅਤੇ ਉਸ ਤੋਂ ਜੇਹੜੀ ਉਹਲੇ ਵਸਤੂ ਹੈ ਓਹ ਸੁੱਝ ਪੈਂਦੀ ਹੈ ਭਾਵ ਪਰਮੇਸਰ ਲੱਭ ਪੈਂਦਾ ਹੈ ।

**ਫਿਰਤ ਫਿਰਤ ਤੁਮ੍ਰੈ ਦੁਆਰਿ ਆਇਆ ਭੈ ਭੰਜਨ ਹਰਿ ਰਾਇਆ ॥ ਸਾਧਕੇ ਚਰਨ ਧੂਰਿ ਜਨ ਬਾਛੈ ਸੁਖੁ ਨਾਨਕ ਇਹੁ ਪਾਇਆ ॥ ੪ ॥ ੬ ॥ ੭ ॥**

(ਬਿਨਤੀ) ਹੇ ਡਰ ਦੇ ਦੂਰ ਕਰਨ ਵਾਲੇ ਪ੍ਰਕਾਸ਼ਕ ਮਾਲਕ ! ਮੈਂ ਚੁਰਾਸੀ ਲੱਖ ਜੂਨ ਵਿਚ ਫਿਰਦਾ ੨ ਹੁਣ ਹਾਰਕੇ ਆਪਦੇ ਬੂਹੇ ਉਤੇ ਆਇਆ ਹਾਂ ।

ਗੁਰੂ ਜੀ=ਮੈਂ ਸਾਧੂਆਂ ਦੀ ਚਰਨ ਧੂੜ ਚਾਹੁੰਦਾ ਹਾਂ ਹੁਣ ਮੈਨੂੰ ਇਹ ਸੁਖ ਮਿਲਿਆ ਹੈ ।

## ਗੂਜਰੀ ਮਹਲਾ ੫ ਪੰਚਪਦਾ ਘਰੁ ੨

### ੧ ਓ ਸਤਿਗੁਰਪ੍ਰਸਾਦਿ ॥

**ਪ੍ਰਥਮੇ ਗਰਭ ਮਾਤਾ ਕੈ ਵਾਸਾ ਊਹਾ ਛੋਡਿ ਧਰਨਿ ਮਹਿ ਆਇਆ ॥ ਚਿਤ੍ਰ ਸਾਲ ਸੁੰਦਰ ਬਾਗ ਮੰਦਰ ਸੰਗਿ ਨ ਕਛਹੂ ਜਾਇਆ ॥ ੧ ॥**

〈 ਸੰਸਾਰਕ ਪਦਾਰਥ ਨਾਸਵੰਤ ਹਨ ਵੈਰਾਗ ਵਾਲਾ ਉਪਦੇਸ਼ ਹੈ 〉

ਹੇ ਜੀਵ ਵੇਖ ਪਹਿਲੇ ਤੂੰ ਮਾਂ ਦੇ ਪੇਟ ਵਿੱਚ ਵੱਸਦਾ ਸੀ ਉਸ ਥਾਂ ਨੂੰ ਛੱਡਕੇ ਹੁਣ ਤੂੰ ਧਰਤੀ ਵਿੱਚ ਆਇਆ ਹੈਂ ਇਹ ਚਿੱਤ੍ਰਕਾਰੀ ਵਾਲੇ ਮਹਿਲ ਅਤੇ ਸੁੰਦਰ ਬਗੀਚੇ ਜੇਹੜੇ ੨ ਪਦਾਰਥ ਨਜ਼ਰ ਆਉਂਦੇ ਹਨ ਸੋ ਇਹਨਾਂ ਵਿਚੋਂ ਕੁਛ ਵੀ ਨਾਲ ਨਹੀਂ ਜਾਇਆ ਕਰਦਾ ਹੈ ।

**ਅਵਰ ਸਭ ਮਿਥਿਆ ਲੋਭ ਲਬੀ ॥ ਗੁਰਿ ਪੂਰੈ**

Digitized by Panjab Digital Library | www.panjabdigilib.org

**ਦੀਓ ਹਰਿ ਨਾਮਾ ਜੀਅ ਕਉ ਏਹਾ ਵਸਤੁ ਫਬੀ ॥ ੧॥ ਰਹਾਉ ॥**

ਲੋਭ ਕਰਕੇ ਜਿੰਨਿਆਂ ਪਦਾਰਥਾਂ ਦਾ ਤੂੰ ਲਬੀ ਭਾਵ ਲਾਲਚੀ ਬਣਿਆਂ ਹੋਇਆ ਹੈਂ ਸੋ ਪ੍ਰਮੇਸਰ ਤੋਂ ਬਿਨਾਂ ਜਿਤਨੇ ਹੋਰ ਪਦਾਰਥ ਹਨ ਸੋ ਸਾਰੇ ਹੀ ਝੂਠੇ ਹਨ ਜੇਹੜਾ ਗੁਰਾਂ ਨੇ ਹਰ ਨਾਮ ਉਪਦੇਸ਼ ਦਿਤਾ ਹੈ ਇਹ ਸੱਚਾ ਪਦਾਰਥ ਹੈ ਇਹੋ ਹੀ ਵਸਤੂ ਜੀਵ ਨੂੰ ਫੱਬੀ ਭਾਵ ਚੰਗੀ ਲੱਗੀ ਹੈ ਏਸ ਕਰਕੇ ਜਨਮ ਸਫਲਾ ਹੋਇਆ ਹੈ।

**ਇਸਟ ਮੀਤ ਬੰਧਪ ਸੁਤ ਭਾਈ ਸੰਗਿ ਬਨਿਤਾ ਰਚਿ ਹਸਿਆ ॥ ਜਬ ਅੰਤੀ ਅਉਸਰੁ ਆਇ ਬਨਿਓ ਹੈ ਉਨ੍ ਪੇਖਤ ਹੀ ਕਾਲਿ ਗ੍ਰਸਿਆ ॥ ੨ ॥**

ਪਿਆਰੇ ਮਿੱਤ੍ਰ, ਸਰਬੰਧੀ, ਪੁਤ, ਭਰਾ, ਇਸਤ੍ਰੀ ਦੇ ਨਾਲ ਰਚਕੇ ਭਾਵ ਬਹੁਤ ਪ੍ਰੇਮ ਕਰਕੇ ਇਹ ਆਦਮੀ ਹੱਸਿਆ ਭਾਵ ਬਹੁਤ ਖੁਸ਼ੀਆਂ ਕਰਦਾ ਹੈ ਜਦੋਂ ਓੜਕ ਮਰਨ ਦਾ ਵੇਲਾ ਆ ਬਣਦਾ ਹੈ ਤਾਂ ਓਹਨਾਂ ਸਰਬੰਧੀਆਂ ਦੇ ਵੇਖਦਿਆਂ ਹੀ ਕਾਲ ਨੇ ਫੜ੍ਹਲਿਆ ਜਾਂ ਓਹਨਾਂ ਨੂੰ ਵੇਖਦਾ ਹੀ ਰਹਿ ਜਾਂਦਾ ਹੈ ਤੇ ਕਾਲ ਗਲ ਘੁਟ ਲੈਂਦਾ ਹੈ ਭਾਵ ਓਹ ਕੁਛ ਸਹੈਤਾ ਨਹੀਂ ਕਰ ਸਕਦੇ ਹਨ।

**ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ॥ ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ ॥ ੩ ॥**

ਜੇਹੜੀ ਸੋਨਾ ਚਾਂਦੀ ਰੁਪੱਯਾਂ ਰੂਪ ਮਾਇਆ ਬੜੇ ੨ ਜ਼ੁਲਮ ਕਰਕੇ ਖਰੀਦੀ ਸੀ ਭਾਵ ਕੱਠੀ ਕੀਤੀ ਸੀ ਸੋ ਭਾੜਾ ਵਾਹੁਣ ਵਾਲੇ ਮਜੂਰ ਆਦਮੀ ਨੂੰ ਓਹ ਭਾੜਾ ਹੀ ਮਿਲਿਆ ਜੇਹੜਾ ਖਾ ਪੀ ਲਿਆ ਓਹ ਇਸ ਦਾ ਹੋਇਆ ਸੀ ਹੋਰ ਸਾਰਾ ਧਨ ਦੂਸਰੇ ਦਾ ਹੋਗਿਆ।

**ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ ॥ ਜਬਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ ਪੈਰੇ॥੪॥**

ਸੁੰਦਰ ਘੋੜੇ, ਸੁੰਦਰ ਹਾਥੀ, ਰਥ ਸੰਬਾਹੇ=ਕੱਠੇ ਕੀਤੇ ਜਾਂ ਸਾਰੇ ਹੀ ਗਹੁ=ਗੌਰ ਨਾਲ ਜਾਂ ਬੜੇ ੨ ਹਠ ਨਾਲ ਆਖਦਾ ਹੈ ਇਹ ਮੇਰੇ ਹਨ ਜਾਂ ਮੋਹ ਕਰਕੇ ਆਖਦਾ ਹੈ ਪਰ ਜਦੋਂ ਲੰਮੀ ਧਾਈ ਹੋਈ ਜਿਸ ਪਾਸੇ ਨੂੰ ,ਗਿਆ

Digitized by Panjab Digital Library | www.panjabdigilib.org

ਹੋਇਆ ਕੋਈ ਮੁੜਕੇ ਨਹੀਂ ਆਇਆ ਹੈ ਨ ਕਿਸੇ ਰਾਜੀ ਖੁਸ਼ੀ ਦਾ ਸੁਨੇਹਾ ਘੱਲਿਆ ਹੈ ਤਾਂ ਇਕ ਪੈਰ ਵੀ ਇਹ ਪਦਾਰਥ ਨਾਲ ਨਹੀਂ ਚੱਲਦੇ ਹਨ।

**ਨਾਮੁ ਧਨੁ ਨਾਮੁ ਸੁਖ ਰਾਜਾ ਨਾਮੁ ਕੁਟੰਬ ਸਹਾਈ ॥ ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ ਓਹ ਮਰੈ ਨ ਆਵੈ ਜਾਈ ॥ ੫ ॥ ੧ ॥ ੮ ॥**

ਮੇਰਾ ਤਾਂ ਨਾਮ ਹੀ ਧਨ ਹੈ ਨਾਮ ਹੀ ਸੁਖ ਹੈ ਨਾਮ ਹੀ ਰਾਜਾ ਹੈ ਜਾਂ ਮਨ ਰੱਜਿਆ ਹੈ ਨਾਮ ਹੀ ਟੱਬਰ ਤੇ ਸਹਾਇਕ ਹੈ, ਗੁਰੂ ਜੀ ਆਖਦੇ ਹਨ ਮੈਨੂੰ ਗੁਰਾਂ ਨੇ ਹਰਤਰਾਂ ਦੀ ਸਮੱਗਰੀ ਦੌਲਤ ਨਾਮ ਹੀ ਦਿਤਾ ਹੈ ਇਸ ਕਰਕੇ ਅਸੀਂ ਮਰਦੇ ਜਾਂਦੇ ਨਹੀਂ ਹਾਂ ਤੇ ਜੰਮਦੇ ਆਉਂਦੇ ਨਹੀਂ ਹਾਂ, ਜਾਂ ਇਹ ਨਾਮ ਧਨ ਨਹੀਂ ਜਾਂਦਾ ਹੈ।

## ਗੂਜਰੀ ਮਹਲਾ ੫ ਤਿਪਦੇ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

**ਦੁਖ ਬਿਨਸੇ ਸੁਖ ਕੀਆ ਨਿਵਾਸਾ ਤ੍ਰਿਸਨਾ ਜਲਨਿ ਬੁਝਾਈ॥ ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ ਬਿਨਸਿ ਨ ਆਵੈ ਜਾਈ ॥ ੧ ॥**

ਗੁਰਮੁਖਾਂ ਦੇ ਦੁਖ ਨਾਸ ਹੋ ਗਏ ਹਨ ਅਤੇ ਮਨ ਵਿੱਚ ਸੁਖਾਂ ਨੇ ਵਾਸਾ ਕੀਤਾ ਹੈ ਤੇ ਓਨਾਂ ਨੇ ਮਨ ਤੋਂ ਤ੍ਰਿਸ਼ਨਾ ਅੱਗ ਬੁਝਾ ਦਿਤੀ ਹੈ ਤੇ ਸਤਿਗੁਰਾਂ ਨੇ ਨਾਮ ਦਾ ਖਜਾਨਾ ਦ੍ਰਿੜ ਕਰਵਾਇਆ ਹੈ ਗੁਰਮੁਖ ਨ ਮਰਕੇ ਜਾਂਦੇ ਹਨ ਨ ਜੰਮਕੇ ਆਉਂਦੇ ਹਨ ਭਾਵ ਨਾਮ ਧਨ ਵਿਛੜਦਾ ਨਹੀਂਹੈ ਗੁਰਮੁਖ ਦੁਖ ਨਹੀਂ ਪਾਂਦੇ ਹਨ।

**ਹਰਿ ਜਪਿ ਮਾਇਆ ਬੰਧਨ ਤੂਟੇ ॥ ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ ਸਾਧ ਸੰਗਤਿ ਮਿਲਿ ਛੂਟੇ ॥ ੧ ॥ ਰਹਾਉ ॥**

ਪਰਮੇਸਰ ਦਾ ਨਾਮ ਜਪਣ ਨਾਲ ਮਾਇਆ ਦੇ ਬੰਧਨ ਟੁੱਟ ਗਏ ਹਨ ਮੇਰੇ ਦਿਆਲੂ ਮਾਲਕ ਜਿਸਦੇ ਉਤੇ ਦਿਆਲੂ ਹੋਏ ਹਨ ਉਹ ਸਾਧ ਸੰਗਤ ਵਿਚ ਮਿਲਕੇ ਛੁਟ ਗਏ ਹਨ।

Digitized by Panjab Digital Library | www.panjabdigilib.org

**ਆਠ ਪਹਰ ਹਰਿਕੇ ਗੁਨ ਗਾਵੈ ਭਗਤਿ ਪ੍ਰੇਮ ਰਸਿ ਮਾਤਾ ॥ ਹਰਖ ਸੋਗ ਦੁਹੁ ਮਾਹਿ ਨਿਰਾਲਾ ਕਰਣੈਹਾਰ ਪਛਾਤਾ ॥ ੨ ॥**

ਜੇਹੜਾ ਪ੍ਰੇਮਾਂ ਭਗਤੀ ਦੇ ਰਸ ਵਿਚ ਮਸਤ ਹੋਇਆ ੨ ਅੱਠੇ ਪਹਿਰ ਵਾਹਿਗੁਰੂ ਦੇ ਗੁਣ ਗਾਂਦਾ ਹੈ ਅਤੇ ਹਰਖ ਸੋਗ ਦੋਹਾਂ ਤੋਂ ਵੱਖਰਾ ਰਹਿੰਦਾ ਹੈ ਉਸਨੇ ਕਰਨ ਵਾਲੇ ਕਰਤਾ ਅਕਾਲ ਪੁਰਖ ਨੂੰ ਪਛਾਣ ਲਿਆ ਭਾਵ ਲੱਭ ਲਿਆ ਹੈ।

**ਜਿਸਕਾ ਸਾ ਤਿਨਹੀ ਰਖਿ ਲੀਆ ਸਗਲ ਜੁਗਤਿ ਬਣਿਆਈ ॥ ਕਹੁ ਨਾਨਕ ਪ੍ਰਭ ਪੁਰਖ ਦਇਆਲਾ ਕੀਮਤਿ ਕਹਣੁ ਨ ਜਾਈ ॥ ੩ ॥ ੧ ॥ ੯ ॥**

ਜਿਸਦਾ ਦਾਸ ਸੀ ਉਸਨੇ ਸਾਰਿਆਂ ਵਿਘਣਾਂ ਤੋਂ ਉਸਨੂੰ ਬਚਾ ਲਿਆ ਹੈ ਅਤੇ ਹਰ ਤਰਾਂ ਦੀ ਉਸਦੀ ਲੋਕ ਪ੍ਰਲੋਕ ਵਿਚ ਚੰਗੀ ਜੁਗਤੀ ਬਣ ਆਈ ਹੈ। ਭਾਵ ਦੋਹਾਂ ਲੋਕਾਂ ਵਿਚ ਸੁਖੀ ਅਨੰਦ ਮਾਣਦਾ ਹੈ। ਗੁਰੂ ਜੀ ਆਖਦੇ ਹਨ ਇੱਕੁਰ ਦਾ ਮੇਰਾ ਮਾਲਕ ਜੇਹੜਾ ਦਿਆਲੂ ਹੈ ਉਸਦੀ ਕੀਮਤ ਆਖੀ ਨਹੀਂ ਜਾਂਦੀ ਹੈ।

## ਗੂਜਰੀ ਮਹਲਾ ੫ ਦੁਪਦੇ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

**ਪਤਿਤ ਪਵਿਤ੍ਰ ਲੀਏ ਕਰਿ ਅਪਨੇ ਸਗਲ ਕਰਤ ਨਮਸਕਾਰੋ ॥ ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥ ੧ ॥**

ਜੇਹੜੇ ਬੜੇ ੨ ਪਾਪੀ ਸਨ ਉਹ ਪਰਮੇਸਰ ਨੇ ਅਪਨੇ ਦਾਸ ਬਣਾ ਕੇ ਪਵਿੱਤ੍ਰ ਕਰ ਲਏ ਹਨ ਹੁਣ ਓਨਾਂ ਨੂੰ ਸਾਰਾ ਸੰਸਾਰ ਮੱਥਾ ਟੇਕਦਾ ਹੈ।

ਚਾਰ ਵਰਨ ਤੇ ਵਰਨਾਂ ਦੇ ਅੰਦਰ ਜੇਹੜੀਆਂ ਜਾਤਾਂ ਬਣ ਗਈਆਂ ਹਨ ਓਨਾਂ ਦੀ ਕੋਈ ਨਹੀਂ ਪੁੱਛਦਾ ਹੈ ਸਾਰੇ ਹੀ ਲੋਕ ਓਨਾਂ ਦੇ ਚਰਨਾਂ ਦੀ ਧੂੜ ਨੂੰ ਲੋਚਦੇ ਹਨ । ਜਾਂ ਭਗਤਾਂ ਦਾ ਵਰਨ ਜਾਤੀ ਕੋਈ ਨਹੀਂ ਪੁੱਛਦਾ।

Digitized by Panjab Digital Library | www.panjabdigilib.org

**ਠਾਕੁਰ ਐਸੋ ਨਾਮੁ ਤੁਮਾਰੋ ॥ ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨਕੋ ਅੰਗੁ ਨਿਰਾਰੋ ॥ ੧ ॥ ਰਹਾਉ ॥**

ਹੇ ਮਾਲਕਾ ਤੇਰਾ ਨਾਮ ਇੱਕੁਰ ਦਾ ਹੈ ਸਾਰੀ ਦੁਨੀਆਂਦਾ ਮਾਲਕ ਤੈਨੂੰ ਆਖਦੇ ਹਨ ਪਰ ਤੂੰ ਆਪਣਿਆਂ ਦਾਸਾਂ ਦਾ ਅੰਗ=ਪੱਖ ਸਾਰੀ ਦੁਨੀਆਂ ਤੋਂ ਵੱਖਰਾ ਹੀ ਕਰਦਾ ਹੈਂ ਭਾਵ ਦੁਨੀਆਂ ਦੇ ਇਨਸਾਫ ਤੋਂਵਖਰਾ ਜੋ ਭਗਤਾਂ ਦੀ ਰੱਖਿਆ ਛੇਤੀ ਤੇ ਪਹਿਲੇ ਕਰਦਾ ਹੈਂ।

**ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥ ਨਾਮ ਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ ॥ ੨ ॥ ੧ ॥ ੧੦ ॥**

ਗੁਰੂ ਜੀ ਆਖਦੇ ਹਨ ਜਿਨ੍ਹਾਂ ਨੇ ਸਾਧ ਸੰਗਤ ਦੁਆਰੇ ਚੰਗੀ ਅਕਲ ਪਾਈ ਹੈ ਉਨਾਂ ਨੂੰ ਹਰੀ ਦੀ ਸਰਨ ਦਾ ਹੀ ਆਸਰਾ ਹੈ। ਨਾਮਦੇਓ ਛੀਂਬਾ, ਕਬੀਰ ਦਾਸਰੋ=ਦਾਸ ਤਿਰਲੋਚਨ ਬਾਣੀਆਂ; ਰਵਦਾਸ ਚਮਿਆਰ, ਇਨ੍ਹਾਂ ਸਾਰਿਆਂ ਦੀ ਸੰਸਾਰੀ, ਚਰਨ ਧੂੜ ਮੰਗਦੇ ਹਨ। ਇਨ੍ਹਾਂ ਸਾਰਿਆਂ ਭਗਤਾਂ ਦਾ ਟੋਲਾ ਮੁਕਤ ਹੀ ਹੋ ਗਿਆ ਹੈ ਭਾਵ ਸਾਰਾ ਨਾਮ ਦਾ ਪਰਤਾਪ ਦੱਸਿਆ ਹੈ।

## ਗੂਜਰੀ ਮਹਲਾ ੫ ॥

**ਹੈ ਨਾਹੀ ਕੋਊ ਬੂਝਨਹਾਰੋ ਜਾਨੈ ਕਵਨੁ ਭਤਾ ॥ ਸਿਵ ਬਿਰੰਚਿ ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ ॥ ੧ ॥**

ਹੇ ਭਰਾ ਕੋਈ ਪਰਮੇਸਰ ਨੂੰ ਠੀਕ ਸਮਝਣ ਵਾਲਾ ਨਹੀਂ ਹੈ ਇਸ ਲਈ ਉਸਨੂੰ ਕਿਸ ਤਰਾਂ ਜਾਣਿਆਂ ਜਾਵੇ ਭਾਵ ਜਾਨਣਾਂ ਔਖਾ ਹੈ ਭਤਾ=ਤਰਾਂ। ਸ਼ਿਵਜੀ ਬ੍ਰਹਮਾਂ ਹੋਰ ਸਾਰੇ ਮੁਨੀ ਜਨਵੀ ਉਸਦੀ ਗਤਾ=ਗਤੀ ਨੂੰ ਗਹਿ=ਫੜ ਨਹੀਂ ਸੱਕਦੇ ਹਨ ਭਾਵ ਐਡੀ ਔਖੀ ਹੈ।

**ਪ੍ਰਭ ਕੀ ਅਗਮ ਅਗਾਧਿ ਕਥਾ ॥ ਸੁਨੀਐ ਅਵਰ ਅਵਰ ਬਿਧਿ ਬੁਝੀਐ ਬਕਨ ਕਥਨ ਰਹਤਾ ॥੧॥ਰਹਾਉ॥**

ਇਸ ਲਈ ਇੱਕੁਰ ਦੇ ਮਾਲਕ ਦੀ ਬਿਅੰਤ ਤੇ ਬੜੀ ਔਖੀ ਕਥਾ ਹੈ ਭਾਵ ਆਖੀ ਸੁਣੀ ਨਹੀਂ ਜਾਂਦੀ ਹੈ ਓਹ ਕਥਾ ਸੁਣੀ ਦੀ ਹੋਰ ਤਰਾਂ ਦੀ ਹੈ ਅਤੇ ਸਮਝੀ ਦੀ ਹੋਰ ਤਰਾਂ ਦੀ ਹੈ ਭਾਵ ਪੁਸਤਕਾਂ ਤੋਂ ਸੁਣੀਦਾ ਹੈ ਕਿ

Digitized by Panjab Digital Library | www.panjabdigilib.org

ਪ੍ਰਮੇਸਰ ਅਵਤਾਰ ਧਾਰਕੇ ਪਾਪੀਆਂ ਦਾ ਨਾਸ ਕਰਦਾ ਹੈ ਅਤੇ ਭਗਤਾਂ ਦੀ ਰੱਖਿਆ ਕਰਦਾ ਹੈ ਭਾਵ ਅਸਲ ਵੇਖੀਏ ਤੇ ਤਾਂ ਉਸ ਦਾ ਰੂਪ ਬੋਲਨ ਤੇ ਕਥਨ ਤੋਂ ਬਾਹਰ ਹੈ ਭਾਵ ਨਿਰਗੁਣ ਸਰਗੁਣ ਕੁਛ ਨਹੀਂ ਆਖਿਆ ਜਾਂਦਾ ਹੈ।

**ਆਪੇ ਭਗਤਾ ਆਪਿ ਸੁਆਮੀ ਆਪਨ ਸੰਗਿ ਰਤਾ॥ ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ ਪੇਖਿਓ ਜਤ੍ਰ ਕਤਾ॥ ੨॥੨॥੧੧॥**

ਸਿੱਟਾ ਇਹ ਕੱਢਿਆ ਹੈ ਕਿ ਪ੍ਰਮੇਸਰ ਆਪ ਹੀ ਭਗਤ ਰੂਪ ਹੈ ਅਤੇ ਆਪ ਹੀਮਾਲਕ ਰੂਪ ਹੈ ਆਪ ਹੀ ਆਪਣੇ ਨਾਲ ਰੱਤਾ ਭਾਵ ਪ੍ਰੇਮ ਕਰਨ ਵਾਲਾ ਬਣਿਆਂ ਹੋਇਆ ਹੈ, ਗੁਰੂ ਜੀ ਆਖਦੇ ਹਨ ਮੇਰੇ ਮਾਲਕ ਨੂੰ ਜਿੱਥੇ ਕਿਤੇ ਹਰ ਥਾਵਾਂ ਵਿੱਚ ਹਰ ਇਕ ਨੇ ਵੇਖਿਆ ਹੈ ਜਾਂ ਮੈਂ ਹਰ ਥਾਵਾਂ ਵਿੱਚ ਵੇਖਿਆ ਹੈ ਮੇਰਾ ਮਾਲਕ ਸਾਰੇ ਹੀ ਪੂਰਿਆ ਹੋਇਆ ਹੈ ਇਹ ਮੈਂ ਵੇਖਿਆ ਹੈ ਜਾਂ ਸਾਰਿਆਂ ਵੇਖਿਆ ਹੈ।

## ਗੂਜਰੀ ਮਹਲਾ ੫ ॥

**ਮਤਾ ਮਸੂਰਤਿ ਅਵਰ ਸਿਆਨਪ ਜਨ ਕਉ ਕਛੂ ਨ ਆਇਓ ॥ ਜਹ ਜਹ ਅਉਸਰੁ ਆਇ ਬਨਿਓ ਹੈ ਤਹਾ ਤਹਾ ਹਰਿ ਧਿਆਇਓ ॥੧॥**

ਮਤਾ=ਦੋ ਜਣਿਆਂ ਨੇ ਸਲਾਹ ਕਰਨੀ। ਮਸੂਰਤ=ਬਹੁਤਿਆਂ ਨੇ ਮਿਲਕੇ ਸਲਾਹ ਕਰਨੀ ਅਤੇ ਹੋਰ ਕਈ ਤਰਾਂ ਦੀ ਸਿਆਣਪ=ਚਤਰਾਈ ਇਹ ਸਾਰੀਆਂ ਹੀ,ਦਾਸ ਨੂੰ ਕੁਛ ਵੀ ਉਪਾਉ ਕਰਨਾ ਯਾਦ ਨਹੀਂ ਆਇਆ ਹੈ, ਜਿਥੇ ੨ ਕੋਈ ਔਕੜ ਵਾਲਾ ਔਖਾ ਸਮਾਂ ਆ ਢੁੱਕਿਆ ਹੈ ਓਥੇ ੨ ਹਰ ਥਾਂ ਵਿੱਚ ਪ੍ਰਮੇਸਰ ਨੂੰ ਹੀ ਧਿਆਇਆ ਹੈ।

**ਪ੍ਰਭਕੋ ਭਗਤਿ ਵਛਲੁ ਬਿਰਦਾਇਓ॥ਕਰੇ ਪ੍ਰਤਿਪਾਲ ਬਾਰਿਕ ਕੀ ਨਿਆਈ ਜਨ ਕਉ ਲਾਡ ਲਡਾਇਓ ॥੧॥ ਰਹਾਉ ॥**

ਮਾਲਕ ਦਾ ਭਗਤਾਂ ਦਾ ਪਿਆਰਾ ਧਰਮ ਜਾਂ ਪ੍ਰਣ ਹੈ ਜਿਸਤਰਾਂ ਮਾਤਾ ਪਿਤਾ ਬਾਲਕ ਦੀ ਪਾਲਣਾ ਕਰਦੇ ਹਨ ਇੱਕੁਰ ਹੀ ਪਾਲਣਾਂ ਕਰਦਾ ਹੈ ਅਪਣਿਆਂ ਦਾਸਾਂ ਨੂੰ ਲਾਡ ਨਾਲ ਲਡਾਉਂਦਾ ਹੈ ਭਾਵ ਪ੍ਰੇਮ ਕਰਦਾ ਹੈ।

Digitized by Panjab Digital Library | www.panjabdigilib.org

**ਜਪ ਤਪ ਸੰਜਮ ਕਰਮ ਧਰਮ ਹਰਿ ਕੀਰਤਨੁ ਜਨਿ ਗਾਇਓ ॥ ਸਰਨਿ ਪਰਿਓ ਨਾਨਕ ਠਾਕੁਰ ਕੀ ਅਭੈ ਦਾਨੁ ਸੁਖੁ ਪਾਇਓ ॥ ੨ ॥ ੩ ॥ ੧੨ ॥**

ਜਪ ਤਪ ਕਰਨਾ ਇੰਦ੍ਰੀਆਂ ਦਾ ਰੋਕਣਾ ਚੰਗਾ ਕੰਮ ਕਰਨਾ ਧਰਮ ਕਰਨਾ ਇਹਨਾਂ ਸਾਰਿਆਂ ਕੰਮਾਂ ਦੀ ਥਾਂ ਭਗਤਾਂ ਨੇ ਹਰੀ ਦਾ ਕੀਰਤਨ ਹੀ ਗਾਇਆ ਹੈ ਭਵ ਪ੍ਰਮੇਸਰ ਦੇ ਕੀਰਤਨ ਵਿੱਚ ਓਹ ਸਾਰੇ ਕੰਮ ਆ ਜਾਂਦੇ ਹਨ ਗੁਰੂ ਜੀ=ਜੇਹੜਾ ਠਾਕੁਰ ਦੇ ਮਾਲਕ ਦੀ ਸ਼ਰਨੀ ਪਿਆ ਹੈ ਉਸ ਦਾਸ ਨੇ ਅਭੈ ਦਾਨਾ ਨਾਲ ਸੁਖ ਪਾਇਆ ਹੈ ।

## ਗੂਜਰੀ ਮਹਲਾ ੫ ॥

**ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥ ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ ॥ ੧ ॥**

< ਅਭੈ ਦਾਨ ਨਾਲ ਸੁਖ ਪਾਣ ਵਾਲੇ ਦਾ ਅਰਾਧਣਾ ਸੂਚਕ ਹੈ । >

ਹੇ ਭਰਾ ਠਾਕੁਰ ਦੇ ਮੋਹਨ ਪਿਆਰੇ ਨੂੰ ਰਾਤ ਦਿਨ ਧਿਆਓ ਢਿੱਲ ਇਕ ਨਿਮਖ ਵੀ ਨ ਕਰੋ ਪਹਿਲੇ ਸੰਤਾਂ ਦੀ ਸੇਵਾ ਕਰੀਏ ਫਿਰ ਉਸੇ ਵਿੱਚ ਅਪਣੀ ਸਰਧਾ ਲਾਈਏ ਅਤੇ ਹਠ ਤੇ ਹੰਕਾਰ ਨੂੰ ਛੱਡ ਦੇਈਏ ।

**ਮੋਹਨੁ ਪ੍ਰਾਨ ਮਾਨ ਰਾਗੀਲਾ॥ਬਾਸਿ ਰਹਿਓ ਹੀਅਰੈ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ ॥ ੧ ॥ ਰਹਾਉ ॥**

ਮੇਰਾ ਪ੍ਰਾਣ ਪਿਆਰਾ ਮੋਹਨ ਆਦਰ ਦੇਣ ਵਾਲਾ ਤੇ ਰੰਗੀਲਾ ਹੈ ਅਤੇ ਦਿਲ ਦੇ ਨਾਲ ਹੀ ਵੱਸਦਾ ਹੈ ਦੂਰ ਨਹੀਂ ਹੈ ਉਸ ਦੀ ਬਹੁਤ ਹੀ ਤਰਾਂ ਦੀ ਲੀਲ੍ਹਾ ਵੇਖਕੇ ਮਨ ਮੋਹਿਆ ਗਿਆ ਹੈ ।

**ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ॥ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥ ੨ ॥ ੪ ॥ ੧੩ ॥**

ਜਿਸ ਮੋਹਨ ਪਿਆਰੇ ਦੇ ਸਿਮਰਨ ਨਾਲ ਮਨ ਵਿੱਚ ਅਨੰਦ ਹੁੰਦਾ ਹੈ ਅਤੇ ਜੰਗੀਲਾ=ਮਨ ਤੋਂ ਜੰਗਾਲ ਭਾਵ ਪਾਪਾਂ ਰੂਪ ਮੈਲ ਉਤਰ ਜਾਂਦੀ ਹੈ ਗੁਰੂ ਜੀ ਆਖਦੇ ਹਨ ਉਸ ਪਰਮੇਸਰ ਦੇ ਨਾਲ ਮਿਲਨ ਦੀ ਮਹਿਮਾਂ ਮੈਂ

Digitized by Panjab Digital Library | www.panjabdigilib.org

ਵਰਨਨ ਨਹੀ ਕਰ ਸੱਕਦਾ ਹਾਂ ਪਰੇ ਤੋਂ ਪਰੇ ਭਾਵ ਬਹੁਤ ਹੀ ਬਿਅੰਤ ਹੈ।

## ਗੂਜਰੀ ਮਹਲਾ ੫ ॥

**ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ ॥ ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨਕੀ ਹੈਰਤਿ ਕਛੁ ਨ ਰਹੀ ॥ ੧ ॥**

ਵੱਡੇ ੨ ਮੁਨੀ ਅਤੇ ਵੱਡੇ੨ ਜੋਗੀ ਹੋਰ ਵੱਡੇ ੨ ਪੰਡਤ ਜੋਹੜੇ ਸ਼ਾਸਤਰਾਂ ਨੂੰ ਜਾਨਣ ਵਾਲੇ ਕਹਾਂਦੇ ਹਨ ਸਾਰੇ ਹੀ ਆਪਣੇ ਵੱਸ ਕਰ ਰੱਖੇ ਹਨ। ਤਿੰਨੇ ਦੇਵਤੇ ਬ੍ਰਹਮਾਂ ਬਿਸ਼ਨ ਮਹੇਸ਼ ਅਤੇ ਤੇਤੀਕ੍ਰੋੜ ਦੇਵਤੇ ਉਨਾਂਦੀ ਹੈਰਤ=ਅਕਲ ਇਸਦੇ ਅੱਗੇ ਕੁਝ ਨਹੀਂ ਰਹੀ ਹੈ ਜਾਂ ਹੈਰਾਨ ਹੋ ਗਏ ਹਨ।

**ਬਲਵੰਤਿ ਬਿਆਪਿ ਰਹੀ ਸਭ ਮਹੀ ॥ ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥੧॥ਰਹਾਉ॥**

ਇਹ ਮਾਇਆ ਇੱਕੁਰ ਦੀ ਜੋਰ ਵਾਲੀ ਹੈ ਕਿ ਸਾਰੀ ਹੀ ਮਹੀ=ਧਰਤੀ ਭਾਵ ਦੁਨੀਆਂ ਦੇ ਵਿੱਚ ਵਿਆਪ ਰਹੀ ਭਾਵ ਚੰਬੜੀ ਹੋਈ ਹੈ ਭਾਵ ਹਰ ਇਕ ਆਦਮੀ ਨੂੰ ਚੰਬੜੀ ਹੋਈ ਹੈ ਮਗਰੋਂ ਲਹਿੰਦੀ ਨਹੀਂ ਹੈ, ਗੁਰਾਂ ਤੋਂ ਬਿਨਾਂ ਹੋਰ ਕੋਈ ਇਸ ਦੇ ਮਰਮਾ=ਭੇਦ ਨੂੰ ਨਹੀਂ ਜਾਣਦਾ ਹੈ ਇਹ ਮਾਇਆ ਛਲ ਵਾਲੀ ਗੁਰਾਂ ਦੀ ਕਿਰਪਾ ਨਾਲ ਗੁਰੂ ਦੇ ਸਿਖਾਂ ਨੇ ਲਹੀ=ਜਾਣ ਲਈ ਹੈ।

**ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥ ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥ ੨ ॥ ੫ ॥ ੧੪ ॥**

ਤਿੰਨਾਂ ਦੇਵਤਿਆਂ ਨੂੰ ਜਿੱਤ ਕੇ ਸਾਰਿਆਂ ਰਿਖੀਆਂ ਮੁਨੀਆਂ ਨੂੰ ਜਿੱਤਕੇ ਸਾਰਿਆਂ ਚੰਗਿਆਂ ੨ ਥਾਵਾਂ ਨੂੰ ਜਿੱਤ ਲਿਆ ਹੈ ਫਿਰ ਸਾਰਿਆਂ ਚੌਦਾਂ ਲੋਕਾਂ ਵਿਚ ਚੰਮੜੀ ਹੋਈ ਹੈ ਭਾਵ ਸਾਰਿਆਂ ਲੋਕਾਂ ਦੇ ਵੱਸਣ ਵਾਲਿਆਂ ਜੀਆਂ ਨੂੰ ਵੱਸ ਕੀਤਾ ਹੋਇਆ ਹੈ।

ਗੁਰੂ ਜੀ ਮਨ ਨੂੰ ਵੱਸ ਕਰਨ ਵਾਲਿਆਂ ਸਾਧੂਆਂ ਤੋਂ ਦੌੜ ਗਈ ਹੈ ਉਹਨਾਂ ਦੀ ਦਾਸੀ ਹੋਕੇ ਉਹਨਾਂ ਦੇ ਚਰਨਾਂ ਨੂੰ ਫੜੀ ਰੱਖਦੀ ਹੈ ਭਾਵ ਭਗਤ ਮਾਇਆ ਦੇ ਵੱਸ ਨਹੀਂ ਹੁੰਦੇ ਹਨ ਸਗੋਂ ਮਾਇਆ ਉਹਨਾਂ ਦੇ ਪੈਰਾਂ ਹੇਠ ਰੁਲਦੀ ਹੈ।

Digitized by Panjab Digital Library | www.panjabdigilib.org

## ਗੂਜਰੀ ਮਹਲਾ ੫ ॥

**ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ ॥ ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥ ੧ ॥**

ਦਾਸਾਂ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਹੈ ਅਤੇ ਅਪਨਾ ਮਾਲਕ ਧਿਆਇਆ ਹੈ ਪ੍ਰਮੇਸਰ ਨੇ ਦਾਸ ਹੱਥ ਦੇਕੇ ਦੁੱਖਾਂ ਤੋਂ ਰੱਖ ਲਏ ਹਨ ਅਤੇ ਸਾਰਿਆਂ ਪਾਪਾਂ ਦਾ ਜੋਰ ਮਿਟਾ ਦਿੱਤਾ ਹੈ।

**ਠਾਕੁਰ ਹੋਏ ਆਪਿ ਦਇਆਲ ॥ ਭਈ ਕਲਿਆਣ ਆਨੰਦ ਰੂਪ ਹੁਈਹੈ ਉਬਰੇ ਬਾਲ ਗੁਪਾਲ ॥ ੧ ॥ਰਹਾਉ॥**

ਜਦੋਂ ਮਾਲਕ ਜੀ ਆਪ ਦਿਆਲੂ ਹੋਇ ਤਾਂ ਕਲਿਆਣ ਹੋਈ ਤੇ ਦਾਸਾਂ ਨੂੰ ਅਨੰਦ ਰੂਪ ਪ੍ਰਮੇਸਰ ਦੀ ਪ੍ਰਾਪਤੀ ਹੋਈ ਅਤੇ ਪ੍ਰਮੇਸਰ ਦੀ ਹੀ ਕਿਰਪਾ ਨਾਲ ਬਾਲਕ ਰੂਪ ਜੀਅ ਉਧਰ ਗਏ ਹਨ।

**ਮਿਲਿ ਵਰਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ ॥ ੨ ॥ ੬ ॥ ੧੫ ॥**

ਚੰਗੀਆਂ ਇਸਤ੍ਰੀਆਂ ਭਾਵ ਭਗਤਾਂ ਨਾਲ ਮਿਲਕੇ ਮੰਗਲ ਰੂਪ ਮਾਲਕ ਦਾ ਜਸ ਗਾਇਆ ਹੈ ਇਸੇ ਕਰਕੇ ਭਗਤਾਂ ਦਾ ਜੈ ਜੈਕਾਰ ਹੋਇਆ ਹੈ। ਗੁਰੂ ਜੀ=ਮੈਂ ਉਸ ਇੱਕੁਰ ਦੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਸਨੇ ਸਾਰਿਆਂ ਦਾ ਉਧਾਰ ਕੀਤਾ ਹੈ।

## ਗੂਜਰੀ ਮਹਲਾ ੫ ॥

**ਮਾਤ ਪਿਤਾ ਭਾਈ ਸੁਤ ਬੰਧਪ ਤਿਨ੍ ਕਾ ਬਲੁ ਹੈਥੋਰਾ॥ ਅਨਿਕ ਰੰਗ ਮਾਇਆ ਕੇ ਪੇਖੇ ਕਿਛੁ ਸਾਥਿ ਨ ਚਾਲੈ ਭੋਰਾ ॥ ੧ ॥**

"ਸਰਬੰਧੀਆਂ ਦੀ ਕਮਜ਼ੋਰੀ, ਪ੍ਰਮੇਸਰ ਦੇ ਅੱਗੇ ਬੇਨਤੀ" ਮਾਂ, ਪਿਓ, ਭਰਾ, ਪੁੱਤ ਹੋਰ ਜਿਤਨੇ ਸਰਬੰਧੀ ਹਨ ਉਨ੍ਹਾਂ ਸਾਰਿਆਂ ਦਾ ਜੋਰ ਪ੍ਰਲੋਕ ਵਿੱਚ ਥੋੜਾ ਭਾਵ ਚੱਲ ਨਹੀਂ ਸੱਕਦਾ ਹੈ ਕੋਈ ਸਫਾਰਸ਼ ਦਾ ਜੋਰ ਨਹੀਂ ਹੈ,

Digitized by Panjab Digital Library | www.panjabdigilib.org

ਮਾਇਆ ਦੇ ਅਨੇਕਾਂ ਤਰਾਂ ਦੇ ਤਮਾਸ਼ੇ, ਅਨੰਦ, ਵਿਖਾਵੇ, ਵੇਖੇ ਹਨ ਪਰ ਭੋਰਾ=ਥੋੜਾ ਜੇਹਾ ਵੀ ਕੋਈ ਨਾਲ ਨਹੀਂ ਚੱਲ ਸੱਕਦਾ ਹੈ।

**ਠਾਕੁਰ ਤੁਝ ਬਿਨੁ ਆਹਿ ਨ ਮੋਰਾ॥ਮੋਹਿਅਨਾਥ ਨਿਰਗੁਨ ਗੁਣੁ ਨਾਹੀ ਮੈ ਆਹਿਓ ਤੁਮ੍ਰਾਧੋਰਾ ॥੧॥ਰਹਾਉ॥**

ਹੇ ਮਾਲਕਾ ਤੈਥੋਂ ਬਿਨਾ ਮੇਰਾ ਰਾਖਾ ਕੋਈ ਨਹੀਂ ਹੈ ਮੈਂ ਗਰੀਬ ਨਿਰਗੁਣੀ ਹਾਂ ਮੇਰੇ ਵਿੱਚ ਕੋਈ ਗੁਣ ਨਹੀਂ ਹੈ ਤੁਹਾਡਾ ਹੀ ਧੋਰਾ=ਆਸਰਾ ਆਹਿਓ=ਚਾਹਿਆ ਹੈ ਜਾਂ ਆਇਆ ਹਾਂ।

**ਬਲਿ ਬਲਿ ਬਲਿ ਬਲਿ ਚਰਣ ਤੁਮ੍ਾਰੇ ਈਹਾ ਊਹਾ ਤੁਮ੍ਾਰਾ ਜੋਰਾ ॥ ਸਾਧ ਸੰਗਿ ਨਾਨਕ ਦਰਸੁ ਪਾਇਓ ਬਿਨਸਿਓ ਸਗਲ ਨਿਹੋਰਾ ॥ ੨ ॥ ੭ ॥ ੧੬ ॥**

ਹੇ ਮਾਲਕਾ ਤੇਰੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ, ਮੈਨੂੰ ਏਧਰ ਓਧਰ ਦੋਹਾਂ ਲੋਕਾਂ ਵਿਚ ਤੇਰਾ ਹੀ ਜ਼ੋਰ ਹੈ, ਗੁਰੂ ਜੀ=ਜਦੋਂ ਤੋਂ ਸਾਧ ਸੰਗਤ ਦੀ ਕਿਰਪਾ ਨਾਲ ਆਪ ਦਾ ਦਰਸ਼ਨ ਪਾਇਆ ਹੈ ਤਦ ਤੋਂ ਸਾਰਾ ਨਿਹੋਰਾ—ਅਹਿਸਾਨ, ਕੁਸ਼ਾਮਤ, ਮਿੰਨਤ ਤਰਲਾ ਕਰਨਾ ਨਾਸ ਹੋ ਗਿਆ ਹੈ ਭਾਵ ਮੈਂ ਕਿਸੇ ਅਗੇ ਜਾਕੇ ਤਰਲਾ ਨਹੀਂ ਕਰਦਾ ਹਾਂ।

## ਗੂਜਰੀ ਮਹਲਾ ੫ ॥

**ਆਲ ਜਾਲ ਭ੍ਰਮ ਮੋਹ ਤਜਾਵੈ ਪ੍ਰਭ ਸੇਤੀ ਰੰਗੁ ਲਾਈ॥ਮਨ ਕਉ ਇਹ ਉਪਦੇਸੁ ਦ੍ਰਿੜਾਵੈ ਸਹਜਿ ਸਹਜਿ ਗੁਣ ਗਾਈ ॥ ੧ ॥**

ਸੰਤ, ਸਤਸੰਗ ਭਗਤੀ ਦੀ ਮਹਿਮਾ ਹੈ, ਆਲ=ਘਰਦੇ ਜਿਤਨੇ ਭਰਮ ਅਤੇ ਮੋਹ ਦੇ ਵਸ ਹੋਣੇ ਕਰਕੇ ਜਾਲ ਪੈਂਦੇ ਜਾਂਦੇ ਹਨ ਓਨਾਂ ਦਾ ਤਿਆਗ ਕਰਾ ਦਿਓ ਅਤੇ ਮਾਲਕ ਪ੍ਰਮੇਸਰ ਦੇ ਨਾਲ ਪ੍ਰੇਮ ਲਾ ਦਿਓ।

ਮੇਰੇ ਮਨ ਨੂੰ ਇੱਕੁਰ ਦਾ ਉਪਦੇਸ਼ ਪੱਕਾ ਕਰਾ ਦਿਓ ਜਿਸ ਕਰਕੇ ਸਹਿਜੇ ਸਹਿਜੇ ਗੁਣ ਗਾਈ ਜਾਵਾਂ।

**ਸਾਜਨ ਐਸੋ ਸੰਤੁ ਸਹਾਈ॥ ਜਿਸੁ ਭੇਟੇ ਤੂਟਹਿ ਮਾਇਆ ਬੰਧ ਬਿਸਰਿ ਨ ਕਬਹੂੰ ਜਾਈ ॥੧ ॥ਰਹਾਉ॥**

ਹੇ ਸੱਜਣੋਂ ਕੋਈ ਇੱਕੁਰ ਦਾ ਸੰਤ ਸਹਾਈ ਹੋਵੇ ਜਿਸਦੇ ਮਿਲਣ ਨਾਲ

Digitized by Panjab Digital Library | www.panjabdigilib.org

ਮਾਇਆ ਦੇ ਬੰਧਨ ਟੁੱਟ ਜਾਣ ਅਤੇ ਪ੍ਰਮੇਸਰ ਨਾ ਕਦੀ ਭੁਲ ਜਾਵੇ।

**ਕਰਤ ਕਰਤ ਅਨਿਕ ਬਹੁ ਭਾਤੀ ਨੀਕੀ ਇਹ ਠਹਰਾਈ॥ ਮਿਲਿ ਸਾਧੂ ਹਰਿ ਜਸੁ ਗਾਵੈ ਨਾਨਕ ਭਵਜਲੁ ਪਾਰਿ ਪਰਾਈ ॥ ੨ ॥ ੮ ॥ ੧੭ ॥**

ਬਹੁਤ ਤਰਾਂ ਦੀਆਂ ਅਨੇਕਾਂ ਸਲਾਹਾਂ ਕਰਦਿਆਂ ੨ ਇਹ ਵਾਰਤਾ ਚੰਗੀ ਠਹਿਰਾਈ=ਪੱਕੀ ਕੀਤੀ ਹੈ। ਗੁਰੂ ਜੀ=ਜੇਹੜਾ ਸਾਧੂਆਂ ਨਾਲ ਮਿਲਕੇ ਹਰੀ ਦਾ ਜਸ ਗਾਵੇਗਾ ਉਹ ਸੰਸਾਰ ਸਮੁੰਦ੍ਰ ਤੋਂ ਪਾਰ ਪੈ ਜਾਵੇਗਾ।

## ਗੂਜਰੀ ਮਹਲਾ ੫ ॥

**ਖਿਨ ਮਹਿ ਥਾਪਿ ਉਥਾਪਨਹਾਰਾ ਕੀਮਤਿ ਜਾਇ ਨ ਕਰੀ ॥ ਰਾਜਾ ਰੰਕੁ ਕਰੈ ਖਿਨ ਭੀਤਰਿ ਨੀਚਹ ਜੋਤਿ ਧਰੀ ॥ ੧ ॥**

ਪ੍ਰਮੇਸਰ ਬੜਾ ਜੋਰਾਵਰ ਹੈ ਕਿ ਇਕ ਛਿਨ ਵਿਚ ਜਗਤ ਨੂੰ ਬਣਾਕੇ ਫਿਰ ਉਠਾ ਦੇਣ ਵਾਲਾ ਭਾਵ ਨਾਸ ਕਰਨ ਵਾਲਾ ਹੈ ਉਸਦੀ ਕੀਮਤ ਨਹੀਂ ਆਖੀ ਜਾਂਦੀ ਹੈ।

ਇਕ ਪਲ ਵਿਚ ਰਾਜੇ ਨੂੰ ਕੰਗਾਲ ਕਰ ਦੇਂਦਾ ਹੈ, ਨੀਚ ਕੰਗਾਲ ਵਿਚ ਅਪਣੀ ਜੋਤ ਭਾਵ ਤਾਕਤ ਰੱਖਕੇ ਪਲ ਵਿਚ ਰਾਜਾ ਕਰ ਦੇਂਦਾ ਹੈ।

**ਧਿਆਈਐ ਅਪਨੋ ਸਦਾ ਹਰੀ॥ਸੋਚ ਅੰਦੇਸਾ ਤਾਕਾ ਕਹਾ ਕਰੀਐ ਜਾ ਮਹਿ ਏਕ ਘਰੀ ॥ ੧ ॥ ਰਹਾਉ ॥**

ਜੇਹੜਾ ਆਪਣਾ ਮਾਲਕ ਪ੍ਰਮੇਸਰ ਹੈ ਉਸਨੂੰ ਸਦਾ ਯਾਦ ਕਰੀਏ। ਚਿੰਤਾ ਤੇ ਸ਼ੱਕ ਉਸ ਚੀਜ਼ ਦਾ ਕੀ ਕਰਨਾ ਚਾਹੀਦਾ ਹੈ ਜਿਸ ਵਿਚ ਜੀਆਂ ਨੂੰ ਨਾਸ ਹੁੰਦਿਆਂ ਇਕ ਘੜੀ ਭਰ ਵੀ ਦੇਰ ਨਹੀਂ ਲੱਗਦੀ ਹੈ।

**ਤੁਮਰੀ ਟੇਕ ਪੂਰੇ ਮੇਰੇ ਸਤਿਗੁਰ ਮਨ ਸਰਨਿ ਤੁਮਾਰੈ ਪਰੀ ॥ ਅਚੇਤ ਇਆਨੇ ਬਾਰਿਕ ਨਾਨਕ ਹਮ ਤੁਮ ਰਾਖਹੁ ਧਾਰਿ ਕਰੀ ॥ ੨ ॥ ੯ ॥ ੧੮ ॥**

ਹੇ ਮੇਰੇ ਪੂਰੇ ਸਤਿਗੁਰੂ ਜੀ ਮੈਨੂੰ ਤਾਂ ਸਰੀਰ ਕਰਕੇ ਤੇਰੀ ਹੀ ਓਟ ਹੈ। ਅਤੇ ਮੇਰੇ ਮਨ ਦੀ ਬ੍ਰਿਤੀ ਵੀ ਤੇਰੇ ਚਰਨਾਂ ਦੀ ਸ਼ਰਨ ਵਿਚ ਪਈ ਹੋਈ ਹੈ।

ਗੁਰੂ ਜੀ=ਅਸੀਂ ਛੋਟੇ ਵੱਡੇ ਸਾਰੇ ਜੀਵ ਮੂਰਖ ਬਾਲਕ ਹਾਂ। ਤੁਸੀਂ

Digitized by Panjab Digital Library | www.panjabdigilib.org

ਆਪਣੀ ਬਾਹਾਂ ਦੇਕੇ ਸਾਡੀ ਰਖਿਆ ਕਰੋ ਜਾਂ ਤੁਸੀਂ ਕਰੀ=ਹਾਥੀ ਵਰਗੀ ਕਈਆਂ ਜੀਆਂ ਦੀ ਰੱਖਿਆ ਕੀਤੀ ਹੈ, ਇਸ ਲਈ ਸਾਡੀ ਵੀ ਰਖਿਆ ਕਰੋਗੇ।

## ਗੂਜਰੀ ਮਹਲਾ ੫ ॥

**ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ॥ ਚਰਨ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥ ੧ ॥**

ਹੇ ਮਾਲਕਾ ਤੂੰ ਸਾਰਿਆਂ ਜੀਆਂ ਦਾ ਦਾਤਾ ਹੈਂ ਤੇ ਮੇਰੇ ਮਨ ਵਿਚ ਵੱਸਦਾ ਹੈਂ ਜਾਂ ਵੱਸਿਆ ਕਰ। ਜਿਸਦੇ ਰਿਦੇ ਵਿਚ ਆਪਦੇ ਚਰਨ ਕਮਲ ਵੱਸ ਗਏ ਹਨ ਉਸਦੇ ਅੰਦਰ ਭਰਮ ਰੂਪ ਹਨੇਰਾ ਨਹੀਂ ਰਿਹਾ ਹੈ ।

**ਠਾਕੁਰ ਜਾ ਸਿਮਰਾ ਤੂੰ ਤਾਹੀ॥ ਕਰਿ ਕਿਰਪਾ ਸਰਬ ਪ੍ਰਤਿਪਾਲਕ ਪ੍ਰਭ ਕਉ ਸਦਾ ਸਲਾਹੀ ॥ ੧ ॥ ਰਹਾਉ ॥**

ਹੇ ਮਾਲਕਾ ਮੈਂ ਜਿੱਥੇ ਤੈਨੂੰ ਯਾਦ ਕਰਦਾ ਹਾਂ ਤੂੰ ਉਥੇ ਹੀ ਹਾਜਰ ਹੋ ਜਾਂਦਾ ਹੈਂ ਭਾਵ ਹਰ ਇਕ ਥਾਂ ਵਿਚ ਰਹਿੰਦਾ ਹੈਂ। ਹੇ ਸਾਰਿਆਂ ਨੂੰ ਪਾਲਣ ਵਾਲਿਆ ਮਾਲਕਾ ਮੇਰੇ ਉਤੇ ਇੱਕੁਰ ਦੀ ਕਿਰਪਾ ਕਰੋ ਜੋ ਮੈਂ ਆਪ ਦੀ ਸਲਾਘਾ ਕਰਨ ਵਾਲਾ ਬਣਿਆਂ ਰਹਾਂ।

**ਸਾਸਿ ਸਾਸਿ ਤੇਰਾ ਨਾਮੁ ਸਮਾਰਉ ਤੁਮਹੀ ਕਉ ਪ੍ਰਭ ਆਹੀ ॥ ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥ ੨ ॥੧੦॥੧੯॥**

ਹੇ ਮਾਲਕਾ ਸਾਸ ਸਾਸ ਤੇਰਾ ਨਾਮ ਯਾਦ ਕਰਾਂ ਮੈਂ ਆਪਦਾ ਦਾਸ ਹਾਂ ਜਾਂ ਤੁਹਾਨੂੰ ਹੀ ਆਹੀ=ਚਾਹੁੰਦਾ ਹਾਂ। ਗੁਰੂ ਜੀ=ਹੇ ਕਰਤਿਆ ਜਦੋਂ ਤੋਂ ਆਪਦੀ ਓਟ ਲਈ ਹੈ ਤਦੋਂ ਤੋਂ ਹੋਰ ਬਗਾਨੀ ਆਸਾ ਰਿਦੇ ਤੋਂ ਉਤਾਰ ਦਿੱਤੀ ਹੈ।

## ਗੂਜਰੀ ਮਹਲਾ ੫ ॥

**ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ ਭੋਰ ॥ ਕੇਸ ਸੰਗਿ ਦਾਸ ਪਗ ਝਾਰਉ ਇਹੈ**

Digitized by Panjab Digital Library | www.panjabdigilib.org

ਮਨੋਰਥ ਮੋਰ ॥ ੧ ॥

ਹੇ ਮਾਲਕਾ ਕਿਰਪਾ ਕਰਕੇ ਆਪਣਾ ਦਰਸ਼ਨ ਦੇਹ ਜਿਸ ਕਰਕੇ ਮੈਂ ਦਿਨੇ ਰਾਤ ਆਪਦਾ ਜਸ ਗਾਂਦਾ ਰਹਾਂ । ਭੋਰ=ਦਿਨ । ਮੇਰੇ ਦਿਲ ਦਾ ਇਹ ਖਿਆਲ ਹੈ ਕਿ ਮੈਂ ਆਪਣਿਆਂ ਕੇਸਾਂ ਨਾਲ ਆਪ ਦਿਆਂ ਦਾਸਾਂ ਦੇ ਪੈਰ ਝਾੜਾਂ ।

ਠਾਕੁਰ ਤੁਝ ਬਿਨੁ ਬੀਆ ਨ ਹੋਰ॥ਚਿਤਿ ਚਿਤਵਉ ਹਰਿ ਰਸਨ ਅਰਾਧਉ ਨਿਰਖਉ ਤੁਮਰੀ ਓਰ ॥ ੧ ॥ ਰਹਾਉ ॥

ਹੇ ਮਾਲਕਾ ਮੈਂ ਤੈਥੋਂ ਬਿਨਾਂ ਦੂਸਰਾ ਹੋਰ ਕੋਈ ਨਹੀਂ ਜਾਣਦਾ ਹਾਂ । ਹੇ ਹਰੀ ਚਿਤ ਕਰਕੇ ਤੈਨੂੰ ਹੀ ਯਾਦ ਕਰਦਾ ਰਹਿੰਦਾ ਹਾਂ ਜ਼ਬਾਨ ਨਾਲ ਅਰਾਧਦਾ ਭਾਵ ਜਪਦਾ ਹਾਂ ਨੈਣਾਂ ਨਾਲ ਤੇਰੇ ਹੀ ਵੱਲ ਵੇਖਦਾ ਰਹਿੰਦਾ ਹਾਂ।

ਦਇਆਲ ਪੁਰਖ ਸਰਬ ਕੇ ਠਾਕੁਰ ਬਿਨਉ ਕਰਉ ਕਰ ਜੋਰਿ ॥ ਨਾਮੁ ਜਪੈ ਨਾਨਕੁ ਦਾਸੁ ਤੁਮਰੋ ਉਧਰਸਿ ਆਖੀ ਫੋਰ ॥ ੨ ॥ ੧੧ ॥ ੨੦ ॥

ਹੇ ਦਿਆਲੂ ਪੁਰਖ ਸਾਰਿਆਂ ਦੇ ਮਾਲਕ ਮੈਂ ਹੱਥ ਜੋੜਕੇ ਇਹ ਬੇਨਤੀ ਕਰਦਾ ਹਾਂ । ਗੁਰੂ ਜੀ=ਮੈਂ ਦਾਸ ਤੇਰਾ ਨਾਮ ਜਪਦਾ ਰਹਾਂ, ਕਿਉਂਕਿ ਇਸ ਨਾਮ ਦੇ ਜਪਣ ਨਾਲ ਸਾਰੇ ਪਾਪੀ ਇੱਕਵਾਰ ਅੱਖੀਆਂ ਦੇ ਫੋਰ=ਫਰਕਣ ਨਾਲ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ ਭਾਵ ਮੈਂ ਵੀ ਪਾਰ ਹੋਜਾਵਾਂਗਾ।

ਗੂਜਰੀ ਮਹਲਾ ੫ ॥

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥ ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥ ੧ ॥

[ਮਾਇਆ ਅੱਗ ਹੈ]

ਬ੍ਰਹਮਾਂ ਦੇ ਲੋਕ, ਸ਼ਿਵਜੀ ਦੇ ਲੋਕ, ਇੰਦਰ ਦੇ ਲੋਕ ਨੂੰ ਜਾਂ ਹੋਰਨਾਂ ਸਾਰਿਆਂ ਨੂੰ ਹੀ ਸਾੜਦੀ ਹੋਈ ਭੱਜੀ ਆਈ ਹੈ, ਪਰ ਸਾਧ ਸੰਗਤ ਵੱਲ ਨਹੀਂ ਵੇਖ ਸੱਕਦੀ ਹੈ ਸਗੋਂ ਮਲ ੨ ਕੇ ਪੈਰਾਂ ਨੂੰ ਧੋਂਦੀ ਹੈ ।

ਅਬ ਮੋਹਿ ਆਇਪਰਿਓ ਸਰਨਾਇ॥ ਗੁਹਜ ਪਾਵਕੋ

Digitized by Panjab Digital Library | www.panjabdigilib.org

**ਬਹੁਤੁ ਪ੍ਰਜਾਰੈ ਮੋਕਉ ਸਤਿਗੁਰ ਦੀਓ ਹੈ ਬਤਾਇ ॥ ੧ ॥ ਰਹਾਉ ॥**

ਹੁਣ ਮੈਂ ਸਤਿਗੁਰਾਂ ਦੀ ਸ਼ਰਨ ਵਿਚ ਆ ਪਿਆ ਹਾਂ ਛੁਪੀ ਹੋਈ ਮਾਇਆ ਰੂਪ ਅੱਗ ਨੇ ਬਹੁਤ ਸਾਰੇ ਆਦਮੀ ਸਾੜ ਦਿਤੇ ਹਨ ਸੋ ਸਤਿਗੁਰਾਂ ਨੇ ਮੈਨੂੰ ਮਾਇਆ ਤੋਂ ਬਚਣ ਦਾ ਉਪਾਉ ਦਸਿਆ ਹੈ। ਪਾਵਕੋ=ਅੱਗ। ਪਰਜਾਰੈ=ਵਿਸ਼ੇਸ਼ ਕਰਕੇ ਬਹੁਤ ਸਾੜੇ ॥

**ਸਿਧ ਸਾਧਿਕ ਅਰੁ ਜਖ੍ਹ ਕਿੰਨਰ ਨਰ ਰਹੀ ਕੰਠਿ ਉਰਝਾਇ ॥ ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ ॥ ੨ ॥ ੧੨ ॥ ੨੧ ॥**

ਸਿੱਧਾਂ, ਸਾਧਨ ਕਰਨ ਵਾਲਿਆਂ, ਦੇਵਤਿਆਂ ਦੇ ਛੋਟਿਆਂ ਵਡਿਆਂ ਰਾਗੀਆਂ, ਹੋਰ ਸਾਰਿਆਂ ਆਦਮੀਆਂ ਦੇ ਗਲ ਨਾਲ ਚੰਬੜੀ ਹੋਈ ਹੈ।

ਗੁਰੂ ਜੀ=ਜਿਸ ਪ੍ਰਮੇਸਰ ਦੀਆਂ ਕਰੋੜਾਂ ਭਾਵ ਬਿਅੰਤ ਇੱਕੁਰ ਦੀਆਂ ਦਾਸੀਆਂ ਹਨ ਉਸ ਮਾਲਕ ਕਰਤੇ ਨੇ ਮੇਰਾ ਅੰਗ=ਪੱਖ ਕੀਤਾ ਹੈ ਭਾਵ ਰਖਿਆ ਕੀਤੀ ਹੈ।

## ਗੂਜਰੀ ਮਹਲਾ ੫ ॥

**ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ ॥ ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ ਸੁਖ ਅਨਦ ਸੇਤੀ ਘਰਿ ਜਾਈਐ ॥ ੧ ॥**

"ਪ੍ਰਮੇਸਰ ਦੇ ਸਿਮਰਨ ਦਾ ਫਲ"

ਜਿਸ ਨਾਲ ਅਪਜਸ ਦੂਰ ਹੋ ਜਾਵੇ ਸਾਰੇ ਸੰਸਾਰ ਵਿਚ ਕੀਰਤੀ ਹੋ ਜਾਵੇ ਅਤੇ ਤੇਰੇ ਦਰਬਾਰ ਵਿਚ ਬਹਿਣ ਦੀ ਥਾਂ ਪਾ ਲਈਏ। ਜਮ ਦਾ ਡਰ ਇਕ ਛਿਨ ਵਿਚ ਨਾਸ ਹੋ ਜਾਵੇ ਅਤੇ ਸੁਖ ਅਨੰਦ ਦੇ ਨਾਲ ਅਪਣੇ ਅਸਲੀ ਘਰ ਵਿਚ ਪੁੱਜ ਜਾਈਏ ਭਾਵ ਵਾਹਿਗੁਰੂ ਨੂੰ ਮਿਲ ਪਈਏ।

**ਜਾਤੇ ਘਾਲ ਨ ਬਿਰਥੀ ਜਾਈਐ ॥ ਆਠ ਪਹਰ ਸਿਮਰਹੁ ਪ੍ਰਭੁ ਅਪਨਾ ਮਨਿ ਤਨਿ ਸਦਾ ਧਿਆਈਐ ॥ ੧ ॥ ਰਹਾਉ ॥**

ਹੇ ਮਾਲਕਾ ਜਿਸ ਕਰਕੇ ਘਾਲ=ਸੇਵਾ ਬਿਅਰਥ ਨ ਹੋ ਜਾਵੇ ਇੱਕੁਰ

Digitized by Panjab Digital Library | www.panjabdigilib.org

ਦਾ ਆਪਦਾ ਸਿਮਰਨ ਮਨ ਤਨ ਕਰਕੇ ਸਦਾ ਯਾਦ ਕਰਦਾ ਰਹਾਂ ਅੱਠਾਂ ਪਹਿਰਾਂ ਵਿਚ ਕਦੀ ਨ ਬੈਠਾਂ ।

**ਮੋਹਿ ਸਰਨਿ ਦੀਨ ਦੁਖ ਭੰਜਨ ਤੂੰ ਦੇਹਿ ਸੋਈ ਪ੍ਰਭ ਪਾਈਐ ॥ ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹ ਪੈਜ ਰਖਾਈਐ ॥ ੨ ॥ ੧੩ ॥ ੨੨ ॥**

ਹੇ ਗਰੀਬਾਂ ਦਾ ਦੁੱਖ ਦੂਰ ਕਰਨ ਵਾਲਿਆ ਮੈਂ ਤੇਰੀ ਸ਼ਰਨ ਆਇਆ ਹਾਂ ਹੇ ਮਾਲਕਾ ਜੋ ਤੂੰ ਦੇਂਦਾ ਹੈ ਓਹੋ ਹੀ ਅਸੀਂ ਜੀਵ ਪਾਂਦੇ ਹਾਂ ।

ਹੇ ਮਾਲਕਾ ਆਪਦੇ,ਚਰਨਾਂ ਕਮਲਾਂ ਨਾਲ ਰੱਤੇ ਹਾਂ ਸਾਡੀ ਦਾਸਾਂ ਦੀ ਲਾਜ ਰੱਖਣੀ ।

## ਗੂਜਰੀ ਮਹਲਾ ੫ ॥

**ਬਿਸ੍ੰਭਰ ਜੀਅਨ ਕੋ ਦਾਤਾ ਭਗਤਿ ਭਰੇ ਭੰਡਾਰ ॥ ਜਾਕੀ ਸੇਵਾ ਨਿਫਲ ਨ ਹੋਵਤ ਖਿਨ ਮਹਿ ਕਰੇ ਉਧਾਰ ॥ ੧ ॥**

ਓਹ ਪ੍ਰਮੇਸਰ ਸਾਰੇ ਸੰਸਾਰ ਨੂੰ ਭਰਨ ਵਾਲਾ ਭਾਵ ਪਾਲਣ ਵਾਲਾ ਹੈ ਅਤੇ ਸਾਰਿਆਂ ਜੀਆਂ ਨੂੰ ਸਾਰੀਆਂ ਵਸਤੂਆਂ ਦੇਣ ਵਾਲਾ ਹੈ ਅਤੇ ਉਸਦੇ ਪਾਸ ਭਗਤੀ ਦੇ ਖਜ਼ਾਨੇ ਭਰੇ ਰਹਿੰਦੇ ਹਨ ।

ਜਿਸ ਦੀ ਸੇਵਾ ਨਿਹਫਲ ਨਹੀਂ ਹੁੰਦੀ ਹੈ ਓਹ ਪ੍ਰਮੇਸਰ ਇਕ ਛਿਨ ਵਿਚ ਉਧਾਰ ਕਰ ਦੇਂਦਾ ਹੈ ।

**ਮਨ ਮੇਰੇ ਚਰਨ ਕਮਲ ਸੰਗਿ ਰਾਚੁ॥ ਸਗਲ ਜੀਅ ਜਾਕਉ ਆਰਾਧਹਿ ਤਾਹੂ ਕਉ ਤੂੰ ਜਾਚੁ ॥ ੧ ॥ ਰਹਾਉ॥**

ਹੇ ਮੇਰੇ ਮਨ ਪ੍ਰਮੇਸਰ ਦੇ ਚਰਨਾਂ ਕਮਲਾਂ ਨਾਲ ਰਾਚੁ=ਪ੍ਰੇਮ ਕਰ ਜਾਂ ਲੱਗ ਜਾਹ ਜਿਸ ਨੂੰ ਸਾਰੇ ਆਦਮੀ ਯਾਦ ਕਰਦੇ ਹਨ ਓਸੇ ਮਾਲਕ ਪਾਸੋਂ ਤੂੰ ਵੀ ਨਾਮ ਦਾਨ ਮੰਗ ।

**ਨਾਨਕ ਸਰਣਿ ਤੁਮਾਰੀ ਕਰਤੇ ਤੂੰ ਪ੍ਰਭ ਪ੍ਰਾਨਅਧਾਰ॥ ਹੋਇ ਸਹਾਈ ਜਿਸੁ ਤੂੰ ਰਾਖਹਿ ਤਿਸੁ ਕਹਾ ਕਰੇ ਸੰਸਾਰੁ ॥ ੨ ॥ ੧੪ ॥ ੨੩ ॥**

Digitized by Panjab Digital Library | www.panjabdigilib.org

ਗੁਰੂ ਜੀ=ਇਹ ਬੇਨਤੀ ਕਰ ਕਿ ਹੇ ਮਾਲਕਾ ਮੈਂ ਤੇਰੀ ਸ਼ਰਨ ਹਾਂ ਤੂੰ ਮੇਰੇ ਪ੍ਰਾਣਾਂ ਦਾ ਆਸਰਾ ਹੈਂ।

ਜਿਸ ਨੂੰ ਤੂੰ ਸਹਾਈ ਹੋਕੇ ਰੱਖਿਆ ਕਰਨ ਵਾਲਾ ਹੁੰਦਾ ਹੈ ਉਸ ਦਾ ਸੰਸਾਰ ਕੀ ਕਰ ਸੱਕਦਾ ਹੈ।

## ਗੂਜਰੀ ਮਹਲਾ ੫ ॥

**ਜਨਕੀ ਪੈਜ ਸਵਾਰੀ ਆਪ ॥ ਹਰਿ ਹਰਿਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ ॥੧॥ ਰਹਾਉ॥**

(ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤਾਪ ਲੱਥ ਗਿਆ)

ਮਾਲਕ ਨੇ ਅਪਣੇ ਦਾਸ ਦੀ ਲਾਜ ਸਵਾਰੀ ਭਾਵ ਰੱਖੀ ਹੈ ਗੁਰੂ ਨਾਨਕ ਜੀ ਨੇ ਪ੍ਰਸੰਨਤਾ ਨਾਲ ਦਵਾਈ ਦਿੱਤੀ ਹੈ ਜਿਸ ਕਰਕੇ ਸਾਰਾ ਤਾਪ ਲਹਿ ਗਿਆ ਹੈ।

**ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪਨੀ ਕਿਰਪਾ ਧਾਰਿ॥ਮਿਟੀ ਬਿਆਧਿ ਸਰਬ ਸੁਖ ਹੋਇ ਹਰਿ ਗੁਣ ਸਦਾ ਬੀਚਾਰਿ ॥ ੧ ॥**

ਹਰ ਗੋਬਿੰਦ ਜੀ ਨੂੰ ਪ੍ਰਮੇਸਰ ਨੇ ਅਪਣੀ ਕਿਰਪਾ ਧਾਰਕੇ ਰੱਖ ਲਿਆ ਹੈ,ਹੁਣ ਬਿਆਧੀ ਦੂਰ ਹੋ ਗਈ ਹੈ ਹਰ ਤਰਾਂ ਦੇ ਸੁਖ ਹੀ ਸੁਖ ਹੋਏ ਹਨ ਅਤੇ ਸਦਾ ਹੀ ਹਰੀ ਦੇ ਗੁਣਾਂ ਦਾ ਵਿਚਾਰ ਕਰਦੇ ਹਾਂ।

**ਅੰਗੀਕਾਰੁ ਕੀਓਮੇਰੈ ਕਰਤੈ ਗੁਰਪੂਰੇ ਕੀਵਡਿਆਈ। ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥ ੨ ॥ ੧੫ ॥ ੨੪ ॥**

ਪੂਰਿਆਂ ਗੁਰਾਂ ਦੀ ਵਡਿਆਈ ਕਰਕੇ ਮੇਰੀ ਸੇਵਾ ਨੂੰ ਮੇਰੇ ਕਰਤੇ ਮਾਲਕ ਨੇ ਅੰਗੀਕਾਰ=ਫੜ ਲਿਆ ਹੈ ਜਾਂ ਮੇਰਾ ਪੱਖ ਕੀਤਾ ਹੈ, ਗੁਰੂ ਨਾਨਕ ਜੀ ਨੇ ਸੋਢੀਆਂ ਦੀ ਬੰਸ ਦੀ ਜਾਂ ਭਗਤੀ ਕਰਨ ਵਾਲਿਆਂ ਦੀ ਇੱਕੁਰ ਦੀ ਟਿਕੀ ਰਹਿਣ ਵਾਲੀ ਨੀਂਹ ਰੱਖੀ ਹੈ ਜੋ ਰੋਜ ਰੋਜ ਦੂਣੀ ਚੌਣੀ ਸਵਾਈ ਚੜ੍ਹਦੀ ਰਹਿੰਦੀ ਹੈ ਜਾਂ ਚੜ੍ਹਦੀ ਰਹੇਗੀ।

## ਗੂਜਰੀ ਮਹਲਾ ੫ ॥

**ਕਬਹੂ ਹਰਿ ਸਿਉ ਚੀਤੁ ਨ ਲਾਇਓ ॥ ਧੰਧਾ ਕਰਤ**

Digitized by Panjab Digital Library | www.panjabdigilib.org

ਬਿਹਾਨੀ ਅਉਧਹਿ ਗੁਣ ਨਿਧਿ ਨਾਮੁ ਨ ਗਾਇਓ ॥ ੧ ॥ ਰਹਾਉ ॥

ਹੇ ਗੁਣਾਂ ਦਿਆ ਖਜ਼ਾਨਿਆਂ ਪ੍ਰਮੇਸਰਾ ਮੈਂ ਕਦੀ ਤੇਰੇ ਸਿਮਰਨ ਵਿਚ ਚਿਤ ਨਹੀਂ ਲਾਇਆ ਹੈ ਸਗੋਂ ਸਾਰੀ ਉਮਰ ਸੰਸਾਰ ਦੇ ਧੰਧਿਆਂ ਦੇ ਕਰਨ ਵਿਚ ਬੀਤ ਗਈ ਹੈ ਤੇਰਾ ਨਾਮ ਨਹੀਂ ਗਾਇਆ ਹੈ।

ਕਉਡੀ ਕਉਡੀ ਜੋਰਤ ਕਪਟੇ ਅਨਿਕ ਜੁਗਤਿ ਕਰਿ ਧਾਇਓ ॥ ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ ਮਹਾ ਮੋਹਨੀ ਖਾਇਓ ॥ ੧ ॥

ਅਨੇਕਾਂ ਜੁਗਤੀਆਂ ਕਪਟਾਂ ਦੀਆਂ ਕਰਕੇ ਅਨੇਕਾਂ ਥਾਵਾਂ ਵਿੱਚ ਦੌੜ ੨ ਕੇ ਕੌਡੀ ੨ ਜੋੜੀ ਹੈ।

ਜੇਹੜਾ ਮੈਂ ਅਪਣੇ ਮਾਲਕ ਨੂੰ ਭੁੱਲ ਗਿਆ ਹਾਂ ਹੁਣ ਮੈਂ ਆਪਣੇ ਆਪਨੂੰ ਦੁੱਖਾਂ ਵਿਚ ਫਸਿਆ ਹੋਇਆ ਕਿੰਨੇ ਕੁ ਦੁੱਖਾਂ ਵਾਲਾ ਗਿਣਾਂ ਭਾਵ ਬਹੁਤ ਦੁਖ ਹੋ ਗਏ ਹਨ ਅਤੇ ਮਹਾ ਮੋਹਣੀ ਮਾਇਆ ਨੇ ਮੈਨੂੰ ਖਾ ਲਿਆ ਹੈ।

ਕਰਹੁ ਅਨੁਗ੍ਰਹੁ ਸੁਆਮੀ ਮੇਰੇ ਗਨਹੁ ਨ ਮੋਹਿ ਕਮਾਇਓ ॥ ਗੋਬਿੰਦ ਦਇਆਲ ਕ੍ਰਿਪਾਲ ਸੁਖਸਾਗਰ ਨਾਨਕ ਹਰਿ ਸਰਣਾਇਓ ॥ ੨ ॥ ੧੬ ॥ ੨੫ ॥

ਹੇ ਮੇਰੇ ਮਾਲਕ ਜੀ ਮੇਰੇ ਉਤੇ ਕਿਰਪਾ ਕਰੋ ਹੁਣ ਮੇਰਾ ਕੀਤਾ ਹੋਇਆ ਕੋਈ ਵੀ ਔਗੁਣ ਨ ਗਿਣੋਂ।

ਗੁਰੂ ਜੀ=ਹੇ ਗੋਬਿੰਦ ਦਿਆਲ ਕਿਰਪਾ ਕਰਨ ਵਾਲਿਆ ਸੁਖਾਂ ਦਿਆ ਸਮੁੰਦ੍ਰਾ ਪ੍ਰਮੇਸਰਾ ਮੈ ਤੇਰੀ ਸ਼ਰਨ ਆਇਆ ਹਾਂ।

## ਗੂਜਰੀ ਮਹਲਾ ੫ ॥

ਰਸਨਾ ਰਾਮ ਰਾਮ ਰਵੰਤ ॥ ਛੋਡਿ ਆਨ ਬਿਉਹਾਰ ਮਿਥਿਆ ਭਜੁ ਸਦਾ ਭਗਵੰਤ ॥ ੧ ॥ ਰਹਾਉ ॥

ਹੇ ਭਰਾ ਜ਼ਬਾਨ ਨਾਲ ਰਾਮ ਰਾਮ ਬੋਲਦਾ ਰਹੋ ਹੋਰ ਝੂਠਿਆਂ ਵਿਹਾਰਾਂ ਨੂੰ ਛੱਡਕੇ ਹਰ ਵੇਲੇ ਪ੍ਰਮੇਸਰ ਦਾ ਭਜਨ ਕਰ।

ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥ ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥੧॥

Digitized by Panjab Digital Library | www.panjabdigilib.org

ਭਗਤਾਂ ਨੂੰ ਇਕ ਨਾਮ ਦਾ ਹੀ ਆਸਰਾ ਹੈ ਏਧਰ ਓਧਰ ਅੱਗੇ ਪਿੱਛੇ ਦੋਹਾਂ ਲੋਕਾਂ ਵਿਚ ਵੀ ਨਾਮ ਦੀ ਹੀ ਓਟ ਹੈ ਪ੍ਰਮੇਸਰ ਦੀ ਕਿਰਪਾ ਨਾਲ ਗੁਰੂ ਜੀ ਨੇ ਅਕਲ ਵਿਚ ਬਿਬੇਕ ਗਿਆਨ ਦੀਆਂ ਜਾਂ ਦੋ ਤੋਂ ਇੱਕ ਭਾਵ ਜੀਵ ਈਸ੍ਵਰ ਦੀ ਏਕਤਾ ਦਾ ਗਿਆਨ ਦਿਤਾ ਹੈ।

**ਕਰਣ ਕਾਰਣ ਸਮਰਥ ਸ੍ਰੀ ਧਰ ਸਰਣਿ ਤਾਕੀ ਗਹੀ ॥ ਮੁਕਤਿ ਜੁਗਤਿ ਰਵਾਲ ਸਾਧੂ ਨਾਨਕ ਹਰਿ ਨਿਧ ਲਹੀ ॥ ੨ ॥ ੧੭ ॥ ੨੬ ॥**

ਜੇਹੜਾ ਮਾਇਆ ਨੂੰ ਆਸਰਾ ਦੇਣ ਵਾਲਾ ਹਰ ਇਕ ਕੰਮ ਦੇ ਕਰਨ ਨੂੰ ਸਮਰੱਥ ਹੈ ਅਸਾਂ ਉਸਦੀ ਸ਼ਰਨ ਫੜੀ ਹੈ ਗੁਰੂ ਜੀ=ਇਕ ਸਾਧੂਆਂ ਦੀ ਜੇਹੜੀ ਚਰਨ ਧੂੜ ਹੈ ਓਹ ਮੁਕਤੀ ਦੀ ਜੁਗਤੀ ਰੂਪ ਅਸਾਂ ਨਿਧੀ ਪਾਈ ਹੈ।

## ਗੂਜਰੀ ਮਹਲਾ ੫ ਘਰੁ ੪ ਚਉਪਦੇ

## ੧ ਓ ਸਤਿਗੁਰਪ੍ਰਸਾਦਿ ॥

**ਛਾਡਿ ਸਗਲ ਸਿਆਣਪਾ ਸਾਧ ਸਰਣੀ ਆਉ ॥ ਪਾਰ-ਬ੍ਰਹਮ ਪਰਮੇਸਰੋ ਪ੍ਰਭੂ ਕੇ ਗੁਣ ਗਾਉ ॥ ੧ ॥**

ਹੇ ਮਨ ਸਾਰੀਆਂ ਸਿਆਣਪਾਂ ਛੱਡਕੇ ਸਾਧਾਂ ਦੀ ਸ਼ਰਨ ਆ, ਪਰੇ ਰਹਿਣ ਵਾਲੇ ਤੇ ਹਰ ਥਾਂ ਫੈਲੇ ਹੋਏ ਮਾਲਕ ਦੇ ਗੁਣਾਂ ਨੂੰ ਗਾ।

**ਰੇ ਚਿਤ ਚਰਣ ਕਮਲ ਅਰਾਧਿ ॥ ਸਰਬ ਸੂਖ ਕਲਿਆਣ ਪਾਵਹਿ ਮਿਟੈ ਸਗਲ ਉਪਾਧਿ॥੧॥ਰਹਾਉ॥**

ਹੇ ਚਿਤ ਤੂੰ ਮਾਲਕ ਦੇ ਚਰਨਾਂ ਕਮਲਾਂ ਦਾ ਅਰਾਧਣਾ ਕਰ ਜਿਸ ਕਰਕੇ ਹਰ ਤਰਾਂ ਦੇ ਸੁਖ ਦੇ ਕਲਿਆਣਾਂ ਭਾਵ ਮੁਕਤੀਆਂ ਪ੍ਰਾਪਤ ਹੋ ਜਾਣਗੀਆਂ ਅਤੇ ਸਾਰੀਆਂ ਸੰਸਾਰਕ ਉਪਾਧੀਆਂ ਮਿਟ ਜਾਣਗੀਆਂ।

**ਮਾਤ ਪਿਤਾ ਸੁਤ ਮੀਤ ਭਾਈ ਤਿਸੁ ਬਿਨਾ ਨਹੀ ਕੋਇ॥ ਈਤ ਊਤ ਜੀਅ ਨਾਲਿ ਸੰਗੀ ਸਰਬ ਰਵਿਆ ਸੋਇ॥੨॥**

ਮਾਂ, ਪਿਓ, ਪੁਤ, ਭਰਾ, ਉਸ ਮਾਲਕ ਤੋਂ ਬਿਨਾਂ ਦੂਸਰਾ ਹੋਰ ਕੋਈ ਰਾਖਾ ਨਹੀਂ ਹੈ। ਪਰਮੇਸਰ ਇਧਰ ਉਧਰ ਦੋਹਾਂ ਲੋਕਾਂ ਵਿਚ ਸਾਰਿਆਂ ਜੀਆਂ ਦੇ ਨਾਲ ਸੰਗੀ ਬਣਿਆਂ ਰਹਿੰਦਾ ਹੈ ਸਾਰਿਆਂ ਵਿਚ ਓਹੋ ਹੀ

Digitized by Panjab Digital Library | www.panjabdigilib.org

ਪਰਮੇਸਰ ਫੈਲਿਆ ਜਾਂ ਮਿਲਿਆ ਹੋਇਆ ਹੈ।

**ਕੋਟਿ ਜਤਨ ਉਪਾਵ ਮਿਥਿਆ ਕਛੁ ਨ ਆਵੈ ਕਾਮਿ॥ ਸਰਣਿ ਸਾਧੂ ਨਿਰਮਲਾ ਗਤਿ ਹੋਇ ਪ੍ਰਭ ਕੈ ਨਾਮਿ॥੩॥**

ਮਨ ਬਾਣੀ ਦੇ ਕਰੋੜਾਂ ਉਪਾਉ ਅਤੇ ਜਤਨ ਝੂਠੇ ਹਨ ਇਹਨਾਂ ਵਿਚੋਂ ਕਿਸੇ ਨੇ ਵੀ ਕੰਮ ਨਹੀਂ ਆਉਣਾ ਹੈ ਇਕ ਸਾਧੂਆਂ ਦੀ ਸ਼ਰਨ ਵਿਚ ਆਉਣ ਨਾਲ ਆਦਮੀ ਸਾਫ ਸੁੱਧ ਹੁੰਦਾ ਹੈ ਅਤੇ ਮਾਲਕ ਦੇ ਨਾਮ ਵਿਚ ਗਤਿ=ਮੁਕਤੀ ਪਰਾਪਤ ਹੁੰਦੀ ਹੈ।

**ਅਗਮ ਦਇਆਲ ਪ੍ਰਭੂ ਊਚਾ ਸਰਣਿ ਸਾਧੂ ਜੋਗੁ॥ ਤਿਸੁ ਪਰਾਪਤਿ ਨਾਨਕਾ ਜਿਸੁ ਲਿਖਿਆ ਧੁਰਿ ਸੰਜੋਗੁ ॥੪॥੧॥੨੭॥**

ਜੇਹੜਾ ਮਾਲਕ ਅਗੰਮ ਦਿਆਲ ਸਾਰਿਆਂ ਤੋਂ ਉਚਾ ਹੈ ਉਹੋ ਹੀ ਸਾਧੂਆਂ ਨੂੰ ਸ਼ਰਨ ਦੇਣ ਯੋਗ ਹੈ।

ਗੁਰੂ ਜੀ=ਜਿਸ ਦੇ ਮੱਥੇ ਉਤੇ ਆਦ ਤੋਂ ਸੰਜੋਗ ਲਿਖਿਆ ਹੈ ਉਸ ਨੂੰ ਪਰਾਪਤ ਹੁੰਦਾ ਹੈ।

## ਗੂਜਰੀ ਮਹਲਾ ੫॥

**ਅਪਨਾ ਗੁਰੁ ਸੇਵਿ ਸਦਹੀ ਰਮਹੁ ਗੁਣ ਗੋਬਿੰਦ॥ ਸਾਸਿ ਸਾਸਿ ਅਰਾਧਿ ਹਰਿ ਹਰਿ ਲਹਿ ਜਾਇ ਮਨਕੀ ਚਿੰਦ॥੧॥**

ਅਪਣੇ ਗੁਰੂ ਦਾ ਰੋਜ ਹੀ ਸਿਮਰਨ ਕਰੋ ਅਤੇ ਪ੍ਰਮੇਸ਼ਰ ਦੇ ਗੁਣਾਂ ਨੂੰ ਬੋਲੋ ਜਾਂ ਰਮਣ=ਪ੍ਰਵੇਸ਼ ਕਰੋ ਭਾਵ ਨਾਲ ਮਿਲ ਜਾਓ। ਸਾਸ ਸਾਸ ਅਰਾਧਣਾ ਕਰੋ ਜੋ ਮਨ ਦੀਆਂ ਸਾਰੀਆਂ ਚਿੰਤਾਂ ਦੂਰ ਹੋ ਜਾਨਗੀਆਂ।

**ਮੇਰੇ ਮਨ ਜਾਪਿ ਪ੍ਰਭ ਕਾ ਨਾਉ॥ ਸੂਖ ਸਹਜ ਅਨੰਦ ਪਾਵਹਿ ਮਿਲੀ ਨਿਰਮਲ ਥਾਉ॥੧॥ ਰਹਾਉ॥**

ਹੇ ਮੇਰੇ ਮਨਾ ਮਾਲਕ ਦਾ ਨਾਮ ਜਪ ਨਾਮ ਨੂੰ ਜਪਕੇ ਆਤਮ ਸੁਖ ਰੂਪ ਅਨੰਦ ਨੂੰ ਪਾਵੇਂਗਾ ਅਤੇ ਪਵਿਤ੍ਰ ਥਾਂ ਮਿਲੇਗਾ।

**ਸਾਧ ਸੰਗਿ ਉਧਾਰਿ ਇਹੁ ਮਨੁ ਆਠ ਪਹਰ**

Digitized by Panjab Digital Library | www.panjabdigilib.org

**ਆਰਾਧਿ ॥ ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ ॥ ੨ ॥**

ਸਾਧ ਸੰਗ ਨਾਲ ਇਸ ਮਨ ਦਾ ਉਧਾਰ ਕਰ ਅੱਠ ਪਹਿਰ ਮਾਲਕ ਨੂੰ ਯਾਦ ਕਰ ਜਾਂ ਤੇਰੇ ਕਾਮ ਕ੍ਰੋਧ ਨਾਸ ਹੋ ਜਾਣਗੇ ਤੇ ਸਾਰੀਆਂ ਉਪਾਧੀਆਂ ਵੀ ਮਿਟ ਜਾਣਗੀਆਂ ।

**ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾਕੀ ਆਉ॥ ਚਰਣ ਕਮਲ ਅਰਾਧਿ ਹਿਰਦੈ ਏਕ ਸਿਉ ਲਿਵ ਲਾਉ ॥ ੩ ॥**

ਜੇਹੜਾ ਟਲਦਾ ਨਹੀਂ ਹੈ ਜਿਸ ਨੂੰ ਕੋਈ ਹਥਿਆਰ ਛੇਦ ਨਹੀਂ ਸੱਕਦਾ, ਜਿਸਦਾ ਕੋਈ ਭੇਦ ਨਹੀਂ ਪਾ ਸੱਕਦਾ ਹੈ ਉਸਦੀ ਸ਼ਰਣ ਵਿਚਆਓ।

ਉਸ ਮਾਲਕ ਦੇ ਚਰਨਾਂ ਕਮਲਾਂਨੂੰ ਰਿਦੇ ਵਿਚ ਅਰਾਧਕੇ ਓਸੇ ਇਕ ਨਾਲ ਚਿਤ ਬ੍ਰਿਤੀ ਨੂੰ ਲਾਓ ।

**ਪਾਰਬ੍ਰਹਮਿ ਪ੍ਰਭਿ ਦਇਆ ਧਾਰੀ ਬਖਸਿ ਲੀਨੇ ਆਪਿ ॥ ਸਰਬ ਸੁਖ ਹਰਿਨਾਮੁ ਦੀਆ ਨਾਨਕ ਸੋ ਪ੍ਰਭੁ ਜਾਪਿ ॥ ੪ ॥ ੨ ॥ ੨੮ ॥**

ਜਦੋਂ ਮਾਲਕ ਪ੍ਰਮੇਸ਼ਰ ਨੇ ਦਯਾ ਧਾਰਨ ਕੀਤੀ ਤਾਂ ਅਪ ਹੀ ਜੀਆਂ ਦੇ ਔਗੁਣ ਬਖਸ਼ ਲਏ ।

ਗੁਰੂ ਜੀ=ਜਿਸ ਪ੍ਰਮੇਸਰ ਨੇ ਸਾਰੇ ਸੁਖ ਤੇ ਆਪਣਾ ਨਾਮ ਦਿਤਾ ਹੈ ਸੋ ਓਸ ਮਾਲਕ ਦੇ ਜਾਪ ਨੂੰ ਜਪੋ ।

## ਗੂਜਰੀ ਮਹਲਾ ੫ ॥

**ਗੁਰ ਪ੍ਰਸਾਦੀ ਪ੍ਰਭੁ ਧਿਆਇਆ ਗਈ ਸੰਕਾ ਤੂਟਿ ॥ ਦੁਖ ਅਨੇਰਾ ਭੈ ਬਿਨਾਸੇ ਪਾਪ ਗਏ ਨਿਖੂਟਿ ॥ ੧ ॥**

ਗੁਰਾਂ ਦੀ ਕਿਰਪਾ ਨਾਲ ਮਾਲਕ ਨੂੰ ਯਾਦ ਕੀਤਾ ਤਾਂ ਸਾਰੀ ਸੰਕਾ ਟੁੱਟ ਗਈ, ਦੁਖ,ਅਗਿਆਨ ਹਨੇਰਾ,ਡਰ, ਪਾਪ ਸਾਰੇ ਮੁੱਕ ਕੇ ਨਾਸ ਹੋ ਗਏ ।

**ਹਰਿ ਹਰਿ ਨਾਮੁ ਕੀ ਮਨਿ ਪ੍ਰੀਤਿ ॥ ਮਿਲਿ ਸਾਧ ਬਚਨ ਗੋਬਿੰਦ ਧਿਆਏ ਮਹਾ ਨਿਰਮਲ ਰੀਤਿ ॥ ੧ ॥ ਰਹਾਉ॥**

Digitized by Panjab Digital Library | www.panjabdigilib.org

ਮੇਰੇ ਮਨ ਵਿਚ ਪ੍ਰਮੇਸਰ ਦੇ ਨਾਮ ਦੀ ਪ੍ਰੀਤੀ ਲੱਗੀ ਹੈ ਸਾਂਧੂਆਂ ਦੇ ਬਚਨਾਂ ਨਾਲ ਮਿਲਕੇ ਅਸਾਂ ਪ੍ਰਮੇਸਰ ਨੂੰ ਧਿਆਇਆ ਹੈ,ਇਸ ਕਰਕੇ ਸਾਡੀ ਵੱਡੀ ਨਿਰਮਲ ਰੀਤੀ ਹੋ ਗਈ ਹੈ ।

**ਜਾਪ ਤਾਪ ਅਨੇਕ ਕਰਣੀ ਸਫਲ ਸਿਮਰਤ ਨਾਮ ॥ ਕਰਿ ਅਨੁਗ੍ਰਹੁ ਆਪਿ ਰਾਖੇ ਭਏ ਪੂਰਨ ਕਾਮ ॥ ੨ ॥**

ਜੇਹੜੀ ਜਪ ਤਪ ਆਦਿਕ ਅਨੇਕਾਂ ਤਰਾਂ ਦੀ ਚੰਗੀ ਕਰਣੀ ਹੈ ਸੋ ਓਹ ਨਾਮ ਨੂੰ ਯਾਦ ਕਰਨ ਨਾਲ ਹੀ ਸਫਲ ਹੁੰਦੀ ਹੈ ਓਹ ਸਿਮਰਨ ਕਿਰਪਾ ਕਰਕੇ ਆਪ ਹੀ ਦਿੱਤਾ ਹੈ ਅਤੇ ਵਿਕਾਰਾਂ ਤੋਂ ਰੱਖ ਲਿਆ ਹੈ ਹੁਣ ਸਾਰੇ ਕੰਮ ਪੂਰੇ ਹੋ ਗਏ ਹਨ ।

**ਸਾਸਿ ਸਾਸਿ ਨ ਬਿਸਰੁ ਕਬਹੂੰ ਬ੍ਰਹਮ ਪ੍ਰਭ ਸਮਰਥ॥ ਗੁਣ ਅਨਿਕ ਰਸਨਾ ਕਿਆ ਬਖਾਨੈ ਅਗਨਤ ਸਦਾ ਅਕਥ ॥ ੩ ॥**

ਇਸ ਲਈ ਹੁਣ ਫਿਰ ਬੇਨਤੀ ਕਰਦੇ ਹਾਂ ਕਿ ਹੇ ਸਮਰੱਥ ਪ੍ਰਮੇਸ਼ਰ ਮਾਲਕ ਤੂੰ ਸਾਸ ਸਾਸ ਸਾਨੂੰ ਯਾਦ ਆ ਤੇ ਕਦੀ ਨਾ ਭੁੱਲ । ਜਿਸ ਪ੍ਰਮੇਸ਼ਰ ਦੇ ਗੁਣ ਨ ਗਿਣੇ ਜਾਣ ਵਾਲੇ ਤੇ ਨ ਕਥੇ ਜਾਣ ਵਾਲੇ ਤੇ ਰੋਜ ਹੀ ਹਨ ਓਨ੍ਹਾਂ ਗੁਣਾਂ ਨੂੰ ਜਬਾਨ ਨਾਲ ਕੋਈ ਕੀ ਬਖਾਨ ਕਰ ਸੱਕਦਾ ਹੈ ।

**ਦੀਨ ਦਰਦ ਨਿਵਾਰ ਤਾਰਨ ਦਇਆਲ ਕਿਰਪਾ ਕਰਣ ॥ ਅਟਲ ਪਦਵੀ ਨਾਮ ਸਿਮਰਣ ਦ੍ਰਿੜੁ ਨਾਨਕ ਹਰਿ ਹਰਿ ਸਰਣ ॥ ੪ ॥ ੩ ॥ ੨੯ ॥**

ਗਰੀਬਾਂ ਦੇ ਦਰਦ ਨੂੰ ਦੂਰ ਕਰਕੇ ਸੰਸਾਰ ਸਮੁੰਦ੍ਰ ਤੋਂ ਤਾਰਨ ਵਾਲਾ ਕਿਰਪਾ ਕਰਨ ਵਾਲਾ ਦਿਆਲੂ ਮਾਲਕ ਹੈ ।

ਗੁਰੂ ਜੀ=ਹੇ ਪ੍ਰਮੇਸਰਾ ਤੇਰੀ ਸ਼ਰਨ ਨਾਲ ਅਬਚਲ ਪਦਵੀ ਮਿਲਦੀ ਹੈ ਸੋ ਓਹ ਮੈਂ ਪੱਕੀ ਕਰਕੇ ਫੜੀ ਹੈ ਹੇ ਪ੍ਰਮੇਸਰਾ ਤੇਰਾ ਹੀ ਨਾਮ ਜਪਦਾ ਹਾਂ।

## ਗੂਜਰੀ ਮਹਲਾ ੫ ॥

**ਅਹੰਬੁਧਿ ਬਹੁ ਸਘਨ ਮਾਇਆਮਹਾ ਦੀਰਘ ਰੋਗੁ ॥ ਹਰਿਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥ ੧ ॥**

Digitized by Panjab Digital Library | www.panjabdigilib.org

ਹੰਕਾਰ ਵਾਲੀ ਅਕਲ ਵਾਲਿਆਂ ਆਦਮੀਆਂ ਨੂੰ ਬਹੁਤ ਹੀ ਗਾਹੜੇ ਮਾਇਆ ਦੇ ਖਿਆਲਾਂ ਵਾਲੇ ਬੜੇ ਭਾਰੇ ੨ ਰੋਗ ਲੱਗੇ ਰਹਿੰਦੇ ਹਨ ਜਿਸਨੂੰ ਕਰਨ ਕਾਰਨ ਯੋਗ ਸਤਿਗੁਰਾਂ ਨੇ ਪ੍ਰਮੇਸ਼ਰ ਦਾ ਨਾਮ ਦਵਾਈ ਦਿੱਤੀ ਹੈ ਇੱਕੁਰ ਓਹ ਰੋਗ ਦੂਰ ਹੁੰਦੇ ਹਨ ।

**ਮਨਿ ਤਨਿ ਬਾਛੀਐ ਜਨ ਧੂਰਿ ॥ ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ ॥੧॥ਰਹਾਉ॥**

ਭਗਤਾਂ ਦੀ ਚਰਨ ਧੂੜ ਨੂੰ ਮਨ ਤਨ ਕਰਕੇ ਲੋੜੀਏ ਇਸ ਕਰਕੇ ਕਰੋੜਾਂ ੨ ਜਨਮਾਂ ਦੇ ਪਾਪ ਲਹਿ ਜਾਣਗੇ ਅਤੇ ਸਾਰੀਆਂ ਲੋੜਾਂ ਪ੍ਰਮੇਸਰ ਪੂਰੀਆਂ ਕਰੇਗਾ ।

**ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥ ੨ ॥**

ਤਿੰਨਾਂ ਸਮਿਆਂ ਭਾਵ ਬਾਲ, ਬ੍ਰਿਧ, ਜਵਾਨੰ ਉਮਰ ਵਿਚ ਆਸਾ ਰੂਪ ਕੁਤੀ ਡਰੌਣੀ ਮਗਰ ੨ ਲੱਗੀ ਭੌਂਕਦੀ ਆਈ ਹੈ।

ਗੁਰੂ ਜੀ ਦਾ ਗਿਆਨ ਪਾਕ ਪ੍ਰਮੇਸਰਦਾ ਕੀਰਤਨ ਰਮਣੰ=ਗਾਕੇ ਜਦੋਂ ਜਮ ਦੇ ਫਾਹ ਨੂੰ ਵੱਢ ਦੇਈਏ ਤਾਂ ਇਹ ਮਗਰੋਂ ਲਹਿੰਦੀ ਹੈ।

**ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾਗਵਣ॥ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ॥੩॥**

ਜੇਹੜੇ ਆਦਮੀ ਕਾਮ, ਕ੍ਰੋਧ, ਲੋਭ, ਮੋਹ ਆਦਕ ਠੱਗਾਂ ਦੇ ਠੱਗੇ ਹੋਇ ਹਨ ਓਨਾਂ ਨੂੰ ਸਦਾ ਜੰਮਣਾ ਮਰਣਾ ਬਣਿਆਂ ਰਹਿੰਦਾ ਹੈ।

ਜੇਹੜੇ ਪ੍ਰੇਮੀ ਭਗਤੀ ਕਰਕੇ ਮਾਲਕ ਗੁਪਾਲ ਦਾ ਸਿਮਰਨ ਕਰਦੇ ਹਨ ਓਨਾਂ ਦਾ ਜੂਨੀਆਂ ਵਿਚੋਂ ਭਵਣਾ ਦੂਰ ਹੋ ਜਾਂਦਾ ਹੈ।

**ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ ਤੀਨਿ ਤਾਪ ਜਲੰਤ ॥ ਜਪਿ ਰਾਮ ਰਾਮਾ ਦੁਖ ਨਿਵਾਰੇ ਮਿਲੈ ਹਰਿ ਜਨ ਸੰਤ ॥ ੪ ॥**

ਮਿੱਤ੍ਰ, ਪੁੱਤ੍ਰ, ਇਸਤ੍ਰੀ, ਦੇਵਤਾ ਜਦੋਂ ਇਹਨਾਂ ਸਾਰਿਆਂ ਦਾ ਰਿਦਾ ਆਪ ਹੀ ਤਿੰਨਾਂ ਤਾਪਾਂ ਨਾਲ ਸੜਦਾ ਹੈ ਤਾਂ ਹੋਰਨਾਂ ਦੇ ਦੁੱਖਾਂ ਨੂੰ ਕਿੱਕੁਣ ਮਿਟਾਊਣ । ਜਿਨਾਂ ਨੂੰ ਪ੍ਰਮੇਸਰ ਦੇ ਦਾਸ ਸੰਤ ਮਿਲੇ ਹਨ ਓਨ੍ਹਾਂ ਨੇ ਫੈਲੇ

Digitized by Panjab Digital Library | www.panjabdigilib.org

ਹੋਇ ਰਾਮ ਨੂੰ ਜਪਕੇ ਦੁਖ ਦੂਰ ਕਰ ਲਏ ਹਨ।

**ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ॥ ਹਰਿ ਚਰਣ ਸਰਣ ਅਪਾਰ ਪ੍ਰਭ ਕੇ ਦ੍ਰਿੜੁ ਗਹੀ ਨਾਨਕ ਓਟ ॥ ੫ ॥ ੪ ॥ ੩੦ ॥**

ਜੀਵ ਹਰ ਤਰਾਂ ਨਾਲ ਭੌਂਦੇ ਹੋਇ ਪੁਕਾਰ ਕਰਦੇ ਫਿਰਦੇ ਹਨ ਅਤੇ ਹੁਣ ਕਿਸੇ ਤਰਾਂ ਵੀ ਛੁਟ ਨਹੀਂ ਸੱਕਦੇ ਹਨ।

ਗੁਰੂ ਜੀ=ਅਪਾਰ ਮਾਲਕ ਪ੍ਰਮੇਸ਼ਰ ਦੇ ਚਰਨਾਂ ਦੀ ਜੋਹੜੀ ਸ਼ਰਨ ਹੈ ਸੋ ਸੰਤਾਂ ਭਗਤਾਂ ਨੇ ਓਨਾਂ ਦੀ ਓਟ ਚੰਗੀ ਤਰਾਂ ਪੱਕੀ ਕਰਕੇ ਫੜੀ ਹੈ।

## ਗੂਜਰੀ ਮਹਲਾ ੫ ਘਰੁ ੪ ਦੁਪਦੇ ॥

## ੧ ਓ ਸਤਿਗੁਰ ਪ੍ਰਸਾਦਿ ॥

**ਆਰਾਧਿ ਸ੍ਰੀਧਰ ਸਫਲ ਮੂਰਤਿ ਕਰਣ ਕਾਰਣ ਜੋਗੁ ॥ ਗੁਣ ਰਮਣ ਸ੍ਰਵਣ ਅਪਾਰ ਮਹਿਮਾ ਫਿਰਿ ਨ ਹੋਤ ਬਿਓਗੁ ॥ ੧ ॥**

ਲੱਛਮੀ ਭਾਵ ਕੁਦਰਤ ਨੂੰ ਆਸਰਾ ਦੇਣ ਵਾਲਾ ਜਿਸਦੀ ਮੂਰਤੀ ਦਾ ਦਰਸ਼ਨ ਸਫਲ ਹੈ ਜੋਹੜਾ ਹਰ ਇਕ ਕੰਮ ਦੇ ਕਰਨ ਨੂੰ ਯੋਗ ਹੈ ਉਸ ਨੂੰ ਯਾਦ ਕਰ।

ਜਿਸ ਅਕਾਲ ਪੁਰਖ ਦੀ ਮਹਿਮਾ ਅਪਾਰ ਹੈ ਉਸ ਦੇ ਗੁਣਾਂ ਨੂੰ ਰਮਣ=ਬੋਲਣ ਤੇ ਕੰਨਾਂ ਨਾਲ ਸੁਣਨ ਨਾਲ ਫਿਰ ਪ੍ਰਮੇਸ਼ਰ ਤੋਂ ਵਿਛੋੜਾ ਨਹੀਂ ਹੋਵੇਗਾ।

**ਮਨ ਚਰਣਾਰਬਿੰਦ ਉਪਾਸ ॥ ਕਲਿ ਕਲੇਸ ਮਿਟੰਤ ਸਿਮਰਣਿ ਕਾਟਿ ਜਮਦੂਤ ਫਾਸ ॥ ੧ ॥ ਰਹਾਉ ॥**

ਹੇ ਮਨਾ ਪ੍ਰਮੇਸ਼ਰ ਦੇ ਚਰਨਾਂ ਕਮਲਾਂ ਦੀ ਉਪਾਸ਼ਨਾ ਕਰ, ਸਿਮਰਨ ਉਪਾਸ਼ਨਾ ਨਾਲ ਕਲ ਕਲੇਸ਼ ਮਿਟ ਜਾਂਦੇ ਹਨ ਅਤੇ ਜਮਾਂ ਦੀ ਫਾਂਸੀ ਕੱਟੀ ਜਾਂਦੀ ਹੈ।

**ਸਤ੍ਰੁ ਦਹਨ ਹਰਿਨਾਮੁ ਕਹਨ ਅਵਰ ਕਛੁ ਨ ਉਪਾਉ ॥ ਕਰਿ ਅਨੁਗ੍ਰਹੁ ਪ੍ਰਭੂ ਮੇਰੇ ਨਾਨਕ ਨਾਮ ਸੁਆਉ ॥ ੨ ॥ ੫ ॥ ੩੧ ॥**

Digitized by Panjab Digital Library | www.panjabdigilib.org

ਕਾਮ ਆਦਕ ਵੈਰੀਆਂ ਦੇ ਸਾੜਨ ਵਾਲਾ ਇਕ ਪ੍ਰਮੇਸਰ ਦਾ ਨਾਮ ਹੀ ਆਖਣਾ ਭਲਾ ਹੈ ਹੋਰ ਕੋਈ ਕੁਛ ਦੂਸਰਾ ਜਤਨ ਨਹੀਂ ਹੈ। ਗੁਰੂ ਜੀ=ਹੇ ਮੇਰੇ ਮਾਲਕਾ ਮੇਰੇ ਉੱਤੇ ਕਿਰਪਾ ਕਰਕੇ ਮੈਨੂੰ ਨਾਮ ਦਾ ਹੀ ਸੁਆਉ=ਲਾਭ ਦੇਹ।

## ਗੂਜਰੀ ਮਹਲਾ ੫ ॥

**ਤੂੰ ਸਮਰਥੁ ਸਰਨਿਕੋ ਦਾਤਾ ਦੁਖ ਭੰਜਨ ਸੁਖਰਾਇ॥ ਜਾਹਿ ਕਲੇਸ ਮਿਟੇ ਭੈ ਭਰਮਾ ਨਿਰਮਲ ਗੁਣ ਪ੍ਰਭ ਗਾਇ ॥ ੧ ॥**

ਹੇ ਸਰਧ ਆਇਆਂ ਨੂੰ ਸੁਖ ਦੇਣ ਵਾਲਿਆ ਦੁੱਖਾਂ ਦੇ ਨਾਸ ਕਰਨ ਵਾਲਿਆ ਸੁੱਖਾਂ ਨੂੰ ਦੇਣ ਵਾਲਿਆ ਸਾਰਿਆਂ ਦਾ ਤੂੰ ਸਮਰੱਥ ਰਾਜਾ ਹੈਂ ਮਾਲਕਾ ਤੇਰੇ ਨਿਰਮਲ ਗੁਣਾਂ ਨੂੰ ਗਾਕੇ ਸਾਰੇ ਕਲੇਸ਼, ਸਾਰੇ ਭਰਮ, ਸਾਰੇ ਡਰ ਨਾਸ ਹੋ ਜਾਂਦੇ ਹਨ।

**ਗੋਵਿੰਦ ਤੁਝ ਬਿਨੁ ਅਵਰੁ ਨ ਠਾਉ ॥ ਕਰਿ ਕਿਰਪਾ ਪਾਰਬ੍ਰਹਮ ਸੁਆਮੀ ਜਪੀ ਤੁਮਾਰਾ ਨਾਉ ॥੧॥ ਰਹਾਉ ॥**

ਹੇ ਮਾਲਕਾ ਤੇਰੇ ਬਿਨਾ ਸਾਨੂੰ ਸਾਰਿਆਂ ਜੀਆਂ ਨੂੰ ਦੂਸਰਾ ਹੋਰ ਕੋਈ ਥਾਂ ਨਹੀਂ ਹੈ, ਇਸ ਲਈ ਹੇ ਪਾਰਬ੍ਰਹਮ ਮਾਲਕਾ ਮੇਰੇ ਉੱਤੇ ਇੱਕੁਰ ਦੀ ਕਿਰਪਾ ਕਰ ਜੋ ਮੈਂ ਤੇਰਾ ਹੀ ਨਾਮ ਜਪਦਾ ਰਹਾਂ।

**ਸਤਿਗੁਰ ਸੇਵਿ ਲਗੇ ਹਰਿ ਚਰਨੀ ਵਡੈਭਾਗਿ ਲਿਵ ਲਾਗੀ ॥ ਕਵਲ ਪ੍ਰਗਾਸ ਭਏ ਸਾਧ ਸੰਗੇ ਦੁਰਮਤਿ ਬੁਧਿ ਤਿਆਗੀ ॥ ੨ ॥**

ਹੇ ਪ੍ਰਮੇਸਰਾ ਓਨਾਂ ਦੇ ਬੜੇ ਵੱਡੇ ਭਾਗ ਹਨ ਜਿਨਾਂ ਨੂੰ ਗੁਰੂ ਦੀ ਸੇਵਾ ਕਰਕੇ ਤੇਰੇ ਚਰਨਾਂ ਦੀ ਪ੍ਰੀਤੀ ਲੱਗੀ ਹੋਈ ਹੈ, ਜਿਨਾਂ ਨੇ ਖੋਟੀ ਅਕਲ ਛੱਡ ਦਿੱਤੀ ਹੈ ਤੇ ਸਾਧ ਸੰਗਤ ਕੀਤੀ ਹੈ ਓਨਾਂ ਦੇ ਦਿਲ ਕੌਲ ਵਿੱਚ ਚਾਨਣ ਹੋਇਆ ਹੈ।

**ਆਠ ਪਹਰ ਹਰਿਕੇ ਗੁਣ ਗਾਵੈ ਸਿਮਰੈ ਦੀਨ ਦੈਆਲਾ ॥ ਆਪਿ ਤਰੈ ਸੰਗਤਿ ਸਭ ਉਧਰੈ ਬਿਨਸੇ ਸਗਲ ਜੰਜਾਲਾ ॥ ੩ ॥**

Digitized by Panjab Digital Library | www.panjabdigilib.org

ਓਹ ਅੱਠੇ ਪਹਿਰ ਪ੍ਰਮੇਸਰ ਦੇ ਗੁਣ ਗਾਂਦੇ ਹਨ ਅਤੇ ਗਰੀਬਾਂ ਉੱਤੇ ਦਿਆਲਤਾ ਕਰਨ ਵਾਲੇ ਨੂੰ ਸਿਮਰਦੇ ਹਨ।

ਓਹ ਭਗਤ ਆਪ ਵੀ ਤਰੇ ਹੋਇ ਹਨ ਉਨ੍ਹਾਂ ਦੀ ਸਾਰੀ ਸੰਗਤ ਦੇ ਲੋਕ ਵੀ ਤਰ ਜਾਂਦੇ ਹਨ ਅਤੇ ਉਨ੍ਹਾਂ ਦੇ ਸਾਰੇ ਜੰਜਾਲ ਨਾਸ ਹੋ ਜਾਂਦੇ ਹਨ।

**ਚਰਣ ਅਧਾਰੁ ਤੇਰਾ ਪ੍ਰਭ ਸੁਆਮੀ ਓਤਿ ਪੋਤਿ ਪ੍ਰਭੁ ਸਾਥਿ॥ਸਰਨਿ ਪਰਿਓ ਨਾਨਕ ਪ੍ਰਭ ਤੁਮਰੀ ਦੇ ਰਾਖਿਓ ਹਰਿ ਹਾਥ॥ ੪ ॥ ੬ ॥ ੩੨ ॥**

ਹੇ ਮਾਲਕਾ ਮੈਂ ਤੇਰਾ ਦਾਸ ਹਾਂ ਤੇਰੇ ਚਰਨਾਂ ਦਾ ਆਸਰਾ ਰੱਖਦਾ ਹਾਂ ਹੇ ਮਾਲਕਾ ਤੂੰ ਤਾਣੇ ਪੇਟੇ ਵਾਂਗ ਜੀਆਂ ਦੇ ਨਾਲ ਰਲਿਆ ਮਿਲਿਆ ਹੋਇਆ ਹੈਂ, ਗੁਰੂ ਜੀ=ਹੇ ਮਾਲਕਾ ਮੈ ਤੇਰੀ ਸ਼ਰਨ ਪਿਆ ਹਾਂ ਤੂੰ ਸਾਡੇ ਸਿਰ ਉੱਤੇ ਹੱਥ ਦੇ ਰੱਖਿਆ ਹੈ।

## ਗੂਜਰੀ ਅਸਟਪਦੀਆ ਮਹਲਾ ੧ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

**ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ॥ ਤ੍ਰਿਹ ਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥ ੧ ॥**

ਦੇਹ ਰੂਪ ਇਕ ਨਗਰੀ ਹੈ ਇਸ ਵਿੱਚ ਪੰਜ ਚੋਰ ਕਾਮ ਆਦਕ ਵੱਸਦੇ ਹਨ ਅਤੇ ਉਹ ਹਟਾਇਆਂ ਹਟਦੇ ਨਹੀਂ ਹਨ ਭਾਵ ਵਰਜਦਿਆਂ੨ਹੀ ਚੋਰੀ ਕਰਨ ਨੂੰ ਦੌੜ ਜਾਂਦੇ ਹਨ । ਗੁਰੂ ਜੀ ਆਖਦੇ ਹਨ,ਜੇਹੜੇ ਆਦਮੀ ਤਿੰਨਾਂ ਤੇ ਦਸਾਂ ਡਾਕੂਆਂ ਤੋਂ ਚੰਗੇ ਗੁਣਾਂ ਦਾ ਮਾਲ ਬਚਾ ਰੱਖਦੇ ਹਨ ਭਾਵ ਵਿਸ਼ਿਆਂ ਤੋਂ ਬਚਦੇ ਹਨ ਚੰਗੀ ਮੁਕਤੀ ਨੂੰ ਪਾਉਂਣਗੇ । ਤ੍ਰਿਹ=ਤਿੰਨ ਗੁਣ ਰਜੋ, ਤਮੋ, ਸਤੋ, । ਦਸ=ਨੌ ਇੰਦ੍ਰੀਆਂ ਤੇ ਇਕ ਮਨ ।

**ਚੇਤਹੁ ਬਾਸੁ ਦੇਉ ਬਨਵਾਲੀ ॥ ਰਾਮੁ ਰਿਦੈ ਜਪ ਮਾਲੀ॥ ੧ ॥ ਰਹਾਉ ॥**

ਹੇ ਭਰਾਓ ਵਾਸ ਦੇਣ ਵਾਲੇ ਜੰਗਲਾਂ ਦੇ ਮਾਲੀ ਨੂੰ ਰਿਦੇ ਵਿੱਚ ਯਾਦ ਕਰੋ ਜੇਹੜਾ ਰਿਦੇ ਵਿੱਚ ਰਾਮ ਨਾਮ ਦਾ ਧਿਆਨ ਕਰਨਾ ਹੈ

Digitized by Panjab Digital Library | www.panjabdigilib.org

ਏਹੋ ਹੀ ਮਾਲਾ ਕਰਕੇ ਜਪਣਾ ਹੈ।

**ਉਰਧ ਮੂਲੁ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥ ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥**

{ਉਰਧ=ਉੱਚਾ। ਮੂਲ=ਮੁੱਢ। ਸਾਖ=ਟਾਹਣੀਆਂ ਜਾਂ ਸਾਖਤ ਹੀ ਟਾਹਣੀਆਂ ਹਨ। ਲਾਹਾ=ਲਾਭ ਜਾਂ ਲੱਗੀਆਂ ਹੋਈਆਂ ਹਨ ਜਾਂ ਤਲਾਹਾ=ਥੱਲੇ ਲਮਕੀਆਂ ਹੋਈਆਂ ਹਨ।}

ਜਿਸ ਬ੍ਰਹਮੰਡ ਸਾਰੇ ਵੱਡੇ ਸਾਰੇ ਸੰਸਾਰ ਰੂਪ ਬ੍ਰਿਛ ਦਾ ਮੁੱਢ ਬੜਾ ਉਰਧ=ਉੱਚਾ ਪੱਕਾ ਹੈ ਜਾਂ ਮੂਲ ਸਾਰਿਆਂ ਦਾ ਬੀਜ ਹੈ ਮਾਇਆ ਰੂਪ ਪ੍ਰਮੇਸਰ ਹੀ ਬਣਿਆਂ ਹੋਇਆ ਹੈ ਅਤੇ ਜਿਸ ਦੀਆਂ ਵੱਡੇ ੨ ਧਰਮੀ ਆਦਮੀ ਟਾਹਣੀਆਂ ਹਨ ਜਾਂ ਤਿੰਨ ਦੇਵਤੇ ਬ੍ਰਹਮਾਂ ਆਦਕ ਅਤੇ ਚਾਰ ਵੇਦ ਜਿਸ ਦੇ ਪੱਤੇ ਲੱਗੇ ਹਨ ਭਾਵ ਧਾਰਮਕ ਪੁਸਤਕਾਂ ਨਾਲ ਗਿਆਨ ਹੁੰਦਾ ਹੈ।

ਗੁਰੂ ਜੀ=ਅਸੀਂ ਉਸ ਪ੍ਰਮੇਸਰ ਵਿੱਚ ਬ੍ਰਿਤੀ ਲਾਉਣ ਨਾਲ ਮੋਹ ਨੀਂਦ ਤੋਂ ਜਾਗੇ ਹਾਂ ਤੇ ਸ਼ਾਂਤੀ ਸੁਭਾਵ ਜਾਇਤੇ=ਜੰਮਿਆਂ ਭਾਵ ਪੈਦਾ ਹੋਇਆ ਹੈ ਜਾਂ ਸ਼ਾਂਤੀ ਪ੍ਰੇਮ ਵਾਲੇ ਪਾਸੇ ਜਾਣ ਨਾਲ।

**ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥ ੩ ॥**

ਫਿਰ ਮੁੜ ਉਸੇ ਗੱਲ ਨੂੰ ਦੁਹਰਾਂਦੇ ਹਨ ਹੇ ਭਰਾ ਮੇਰੇ ਖਿਆਲ ਵਿੱਚ ਤਾਂ ਇਕੁਰ ਹੈ ਕਿ ਪਾਰਜਾਤ=ਕਲਪ ਬ੍ਰਿਛ ਰੂਪ ਵੱਡਾ ਰੁਖ ਮੇਰੇ ਘਰ=ਸਰੀਰ ਦੇ ਰਿਦੇ ਰੂਪ ਵੇਹੜੇ ਵਿੱਚ ਲੱਗਾ ਹੋਇਆ ਹੈ "ਤਤ" ਤਿਸ ਵਿੱਚ ਡਾਲੀਆਂ ਨੀਵੇਂ ਲੋਕ ਅਤੇ ਪੱਤੇ ਗਿਆਨ ਆਦਕ, ਫੁਲ ਕਰਮ, ਸੁਖ ਦੁਖ ਫਲ ਜਾਂ ਫੁਲ ਧਰਮ, ਫਲ ਗਿਆਨ ਵੈਰਾਗ ਇੱਕੁਰਦੇ ਬ੍ਰਿਛ ਦਾ ਧਿਆਨ ਕਰਦਿਆਂ ਹੋਇਆਂ ਸਾਰਿਆਂ ਜੰਜਾਲਾਂ ਨੂੰ ਛੱਡਦਿਓ ਓਹ ਸਾਰਿਆਂ ਦਾ ਪ੍ਰਕਾਸ਼ਕ ਮਾਇਆ ਤੋਂ ਰਹਿਤ ਆਪੇ ਹੀ ਪੈਦਾ ਹੋਇਆ ੨ ਹੈ।

**ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥ ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥ ੪ ॥**

Digitized by Panjab Digital Library | www.panjabdigilib.org

ਗੁਰੂ ਜੀ ਆਖਦੇ ਹਨ ਹੇ ਸਿੱਖਿਆ ਸੁਣਨ ਵਾਲਿਓ ਸਿਖੋ ! ਝੂਠੀ ਮਾਇਆ ਦਾ ਜੰਜਾਲ ਛੱਡ ਦਿਓ, ਮਨ ਵਿੱਚ ਵਿਚਾਰ ਕਰਨ ਨਾਲ ਜਿਨਾਂ ਦੀ ਪ੍ਰੀਤੀ ਜਾਂ ਬ੍ਰਿਤੀ ਇਕ ਪ੍ਰਮੇਸਰ ਨਾਲ ਲੱਗੀ ਹੈ ਫਿਰ ਠੀਕ ਪੱਕਾ ਸਮਝੋ ਉਨਾਂ ਨੂੰ ਜੰਮਣਾ ਮਰਨਾ ਨਹੀਂ ਹੁੰਦਾ ਹੈ।

**ਸੋ ਗੁਰੂ ਸੋ ਸਿਖ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥ ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥**

ਓਹ ਗੁਰੂ ਹੈ ਜੇਹੜਾ ਸਿਖ ਦਾ ਭਰਮ ਦੂਰ ਕਰਦਾ ਹੈ ਓਹ ਸਿਖ ਹੈ ਜੇਹੜਾ ਗੁਰ ਉਪਦੇਸ਼ ਨੂੰ ਮੰਨਦਾ ਤੇ ਭਰੋਸਾ ਰੱਖਦਾ ਹੈ ਉਹ ਵੈਦ ਹੈ ਜੇਹੜਾ ਰੋਗ ਨੂੰ ਦੂਰ ਕਰਨਾ ਜਾਣਦਾ ਹੈ ਓਹ ਰੋਗੀ ਹੈ ਜੇਹੜਾ ਵੈਦ ਉੱਤੇ ਭਰੋਸਾ ਰੱਖੇ ਭਾਵ ਉਸ ਦਾ ਬਚਨ ਮੰਨੇ ਤੇ ਮਾੜੀ ਚੀਜ਼ ਜੇਹੜੀ ਉਸਨੇ ਵਰਜੀ ਹੈ ਨ ਖਾਵੇ ਪੱਥ ਵਿੱਚ ਰਹੇ।

ਉਸ ਗੁਰੂ ਨੂੰ ਸੰਸਾਰ ਦਾ ਕੋਈ ਕੰਮ ਨਹੀਂ ਹੈ ਭਾਵ ਕੋਈ ਕੰਮ ਵੀ ਸੰਸਾਰ ਪ੍ਰਾਪਤੀ ਦਾ ਕਾਰਨ ਨਹੀਂ ਹੈ ਅਤੇ ਉਸ ਸਿਖ ਨੂੰ ਵੀ ਕੋਈ ਧੰਧਾ ਸੰਸਾਰ ਪ੍ਰਾਪਤੀ ਦਾ ਕਾਰਨ ਨਹੀਂ ਹੈ ਭਾਵੇਂ ਓਹ ਗੁਰੂ ਤੇ ਸਿਖ ਸੰਸਾਰਕ ਧੰਧਿਆਂ ਵਿੱਚ ਫਸੇ ਹੋਇ ਗੁਰਸਤੀ ਦੀਹਦੇ ਹਨ ਪਰ ਓਹ ਜਲ ਵਿੱਚ ਕੌਲ ਵਾਂਗ ਨਿਰਲੇਪ ਤੇ ਮਾਲਕ ਨਾਲ ਜੋਗੀ=ਜੁੜੇ ਹੋਇ ਹਨ ਓਨਾਂ ਨੇ ਕੀ ਛੱਡਿਆ ਹੈ ਸੋ ਆਖਦੇ ਹਨ।

**ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥ ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥**

ਓਨਾਂ ਨੇ ਕਾਮ, ਕ੍ਰੋਧ, ਹੰਕਾਰ ਲੋਭ, ਮੋਹ, ਨੂੰ ਛੱਡਿਆ ਹੈ ਅਤੇ ਓਨਾਂ ਨੇ ਮਾਇਆ ਦੀ ਤਿਸ=ਤ੍ਰਿਸ਼ਨਾ, ਲੋੜ ਵੀ ਨਹੀਂ ਰੱਖੀ ਹੈ, ਗੁਰਾਂ ਦੀ ਕਿਰਪਾ ਨਾਲ ਤਤ=ਤਿਸ ਜਾਂ ਅਸਲ ਸਿੱਟਾ, ਨਚੋੜ, ਰੂਪ ਅਵਗਤ=ਔਖੇ ਪੁੱਜਣ ਵਾਲੇ ਪ੍ਰਮੇਸਰ ਨੂੰ ਧਿਆਇਆ ਹੈ ਅਤੇ ਮਨ ਵਿੱਚ ਹੀ ਪਾ ਲਿਆ ਹੈ।

**ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥ ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥**

ਸਤਿਗੁਰੂ ਸਿਖਾਂ ਨੂੰ ਗਿਆਨ ਧਿਆਨ ਦੀ ਹਰ ਤਰਾਂ ਦੀ ਦਾਤ ਦੇਂਦੇ ਹਨ ਇੱਕੁਰ ਭਗਤਾਂ ਨੇ ਆਖਿਆ ਹੈ ਅਤੇ ਕਾਮ ਆਦਕ ਦੂਤਾਂ ਦਾ

Digitized by Panjab Digital Library | www.panjabdigilib.org

ਸੇਤ=ਚਿੱਟਾ ਬਰਨ=ਰੰਗ ਹੋਗਿਆ ਹੈ ਭਾਵ ਗੁਰ ਸਿਖ ਤੋਂ ਡਰਦੇ ਹਨ ਰਿਦੇ ਰੂਪ ਕੌਲ ਵਿੱਚ ਪ੍ਰਮੇਸਰ ਰੂਪ ਸਾਖੀ ਚੇਤਨ ਹੈ ਉਸ ਦੇ ਰਸ=ਅਨੰਦ ਨੂੰ ਸ੍ਵਾਦ ਨਾਲ ਚੱਖਦਾ ਹੈ ਅਤੇ ਗਿਆਨ ਜਾਗਣ ਵਿੱਚ ਜਾਗਦਾ ਹੈ ਅਵਿਦਯਾ ਨੀਂਦ ਵਿੱਚ ਸੌਂਦਾ ਨਹੀਂ ਹੈ। ਮਧੁ=ਸ਼ਹਿਤ, ਮਿੱਠਾ, ਅੰਮ੍ਰਿਤ। ਤਾਸ=ਉਸ ਨੂੰ ਰਸਾਦੰ=ਰਸ ਨੂੰ। ਜਾਂ ਤਾਸੁਰ=ਉਸ ਅਤੇ ਸਾਦੰ=ਸ੍ਵਾਦ ਜਾਂ ਤਾ, ਤਿਸ, ਸੁਰ=ਦੇਵਤਿਆਂ ਵਾਂਗ ਸ੍ਵਾਦ ਨੂੰ।

**ਮਹਾ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁਆਇਆ॥ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ॥੮॥੧॥**

ਵੱਡਾ ਗੰਭੀਰ ਜੇਹੜਾ ਵੈਰਾਟ ਬ੍ਰਿਛ ਹੈ ਜਿਸਦੇ ਵੱਡੇ੨ ਪੱਤੇ ਗਿਆਨ ਹਨ ਪਤਾਲ ਲੋਕ ਜਿਸਦੇ ਟਾਹਣ ਹਨ ਗੁਰੂ ਜੀ=ਓਹ ਵੈਰਾਟ ਬ੍ਰਿਛ ਪਰਮੇਸਰ ਸਾਰਿਆਂ ਦੇ ਵਿੱਚ ਆਇਆ ਹੋਇਆ ਭਾਵ ਮਿਲਿਆ, ਉਸ ਪ੍ਰਮੇਸਰ ਦਾ ਉਪਦੇਸ਼ ਮੈਨੂੰ ਗੁਰੂ ਜੀਨੇ ਦਿੱਤਾ ਹੈ ਤਾਂ ਵਿਸ਼ਿਆਂ ਦੀਆਂ ਵਾਸ਼ਨਾਂ ਵਿਹੁ ਨੂੰ ਛੱਡਕੇ ਪਰਮੇਸਰ ਦੇ ਅਨੰਦ ਰੂਪ ਅੰਮ੍ਰਿਤ ਨੂੰ ਪੀਤਾ ਹੈ, ਏਸੇ ਲਈ ਫਿਰ ਮੈਨੂੰ ਜਨਮ ਨਹੀਂ ਹੋਵੇਗਾ। ਗਰਭੰ=ਮਾਂ ਦਾ ਪੇਟ ਭਾਵ ਜੂਨੀਆਂ।

## ਗੂਜਰੀ ਮਹਲਾ ੧॥

**ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾਕੇ ਅੰਤ ਨ ਪਰਹਿ ਸੁਮਾਰ॥ ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ॥੧॥**

ਹੇ ਸਮਰੱਥ ਦਾਤੇ ਤੇਰੇ ਪਾਸੋਂ ਕੇਹੜੇ੨ ਮੰਗਦੇ ਹਨ ਜੇ ਇੱਕੁਰ ਸ਼ੁਮਾਰ= ਗਿਣਤੀ ਕਰੀਏ ਤੇ ਤਾਂ ਓਨਾਂ ਮੰਗਣ ਵਾਲਿਆਂ ਦੇ ਅੰਤ ਨਹੀਂ ਪਾਇ ਜਾਂਦੇ ਹਨ।

ਹੇ ਸਮਰੱਥ ਦਾਤਿਆ ਜਿਸਤਰਾਂ ਦੀ ਓਨ੍ਹਾਂ ਦੇ ਰਿਦੇ ਅੰਦਰ ਭੁੱਖ ਹੁੰਦੀ ਹੈ ਓਸੇ ਤਰਾਂ ਦੀ ਤੂੰ ਦਾਤ ਦੇਕੇ ਓਨ੍ਹਾਂ ਦਾ ਸਚ=ਨਿਸਚਾ ਪੂਰਾ ਕਰਦਾ ਹੈਂ ਜਾਂ ਹੇ ਸੱਚਿਆ। ਅਭ=ਰਿਦਾ।

**ਐਜੀ ਜਪੁ ਤਪੁ ਸੰਜਮੁ ਸਚੁ ਆਧਾਰ॥ ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ ਤੇਰੀ ਭਗਤਿ ਭਰੇ ਭੰਡਾਰ॥੧॥ਰਹਾਉ॥**

ਹੇ ਸੱਚਿਆ ਜੇਹੜਾ ਤੇਰਾ ਆਸਰਾ ਲੈਣਾ ਹੈ ਮੈਂ ਏਹੋ ਹੀ ਜਪ ਤਪ

Digitized by Panjab Digital Library | www.panjabdigilib.org

ਸੰਜਮ ਜਾਣਿਆਂ ਹੈ। ਹੇ ਹਰੀ ਹਰ ਤਰ੍ਹਾਂ ਨਾਲ ਅਪਣਾ ਨਾਮ ਹੀ ਦਿਓ ਤੇ ਤਾਂ ਸੁਖ ਪਾਈਦਾ ਹੈ ਅਤੇ ਤੇਰੀ ਭਗਤੀ ਦੇ ਖਜ਼ਾਨੇ ਸੰਤਾਂ ਦੇ ਰਿਦੇ ਭਰੇ ਹੋਇ ਹਨ।

**ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾਏਕੀ ਸਬਦੁ ਬੀਚਾਰ ॥ ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥ ੨ ॥**

ਜੇਹੜੇ ਇੱਕ ਇੱਕ ਮਨ ਹੋਕੇ ਗੁਰਸ਼ਬਦ ਦਾ ਵਿਚਾਰ ਕਰਦੇਹਨ ਸੋ ਓਹ ਬਿਰਤੀ ਲਾਕੇ ਸੁੰਨ=ਨਿਰਵਿਕਲਪ ਜਿਸ ਥਾਂ ਕੋਈ ਫੁਰਨਾ ਖਿਆਲ ਨ ਫੁਰੇ ਉਸ ਇੱਕੁਰ ਦੀ ਸਮਾਧੀ ਵਿਚ ਟਿਕੇ ਰਹਿੰਦੇ ਹਨ।

ਉਸ ਸਮਾਧੀ ਵਿਚ ਜਾਂ ਉਸ ਸਰੂਪ ਵਿਚ ਜਾਂ ਓਨਾਂ ਦੀ ਨਜ਼ਰ ਵਿਚ ਜਲ, ਥਲ, ਧਰਤੀ, ਅਕਾਸ਼, ਕੁਛ ਨਹੀਂ ਹੈ ਜਾਂ ਸੀ। ਜਦੋਂ ਪ੍ਰਮੇਸ਼ਰ ਨੇ ਅਪਣੇ ਆਪ ਹੀ ਇਹ ਖੇਲ ਜਾਂ ਅਪਣਾ ਆਪ ਹੀ ਕੀਤਾ ਹੋਇਆ ਸੀ ਭਾਵ ਉਸ ਵਰਗਾ ਹੋਰ ਕੋਈ ਨਹੀਂ ਸੀ ਉਸ ਸਮਾਧੀ ਵਾਲੇ ਨੇ ਅਪਣਾ ਆਪ ਹੀ ਕਰਤਾਰ ਰੂਪ ਬਣਾਇਆ ਹੋਇਆ ਹੈ।

**ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰੁ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥ ੩ ॥**

ਓਹੋ ਹੀ ਪਕਾ ਕਰਾਂਦੇ ਹਨ ਜਦੋਂ ਵੱਡੀ ਪ੍ਰਲੇ ਦਾ ਵੇਲਾ ਸੀ ਤਦੋਂ ਨਾ ਤਾਂ ਮਾਇਆ ਦੀ ਮਗਨਤਾ ਸੀ ਅਤੇ ਨ ਛਾਯਾ=ਅਵਿਦਯਾ ਦੀ ਛਾਂ ਭਾਵ ਮਗਨਤਾ ਸੀ ਜਾਂ ਛਾਂ, ਧੁਪ ਨਹੀਂ ਸੀ ਨ ਸੂਰਜ ਨ ਚੰਦ ਸੀ ਇਕ ਅਪਾਰ ਜੋਤ ਪ੍ਰਮੇਸਰ ਹੀ ਸੀ ਜਾਂ ਤਦੋਂ ਤਤਵੇਤਾ ਕਰਤਾਰ ਰੂਪ ਦੀ ਨਜ਼ਰ ਵਿਚ ਮਾਇਆ ਆਦਕ ਛਲ ਕੁਛ ਨਹੀਂ ਹੈ ਅਪਰ ਪ੍ਰਮੇਸ਼ਰ ਹੀ ਹੈ।

ਜੇਹੜਾ ਅੱਖਾਂ ਦੇ ਅੱਗੇ ਸਾਰਿਆਂ ਨਾਮਾਂ ਰੂਪ ਸੰਸਾਰ ਦ੍ਰਿਸ਼ਟੀ ਵਿਚ ਆਉਂਦਾ ਹੈ ਓਹ ਸਾਰਾ ਉਸਦੇ ਰਿਦੇ ਦੇ ਅੰਦਰ ਹੀ ਸੀ ਭਾਵ ਸਾਰਾ ਸੰਸਾਰ ਮਾਇਆ ਵਿਚ ਢੱਕਿਆ ਹੋਇਆ ਸੀ ਮਾਇਆ ਇਸ ਵਿੱਚ ਮਿਲੀ ਹੋਈ ਸੀ।

ਸਾਰਿਆਂ ਤਿੰਨਾਂ ਲੋਕਾਂ ਦਾ ਸਾਰ=ਤਤ, ਅਸਲ ਰੂਪ ਸੀ ਨਦਰੀ=ਦੇਖਣ ਵਾਲਾ ਇਕ ਸੀ ਜਾਂ ਇਕ ਨਦਰੀ ਜੇਹੜਾ ਤਿੰਨਾਂ ਲੋਕਾਂ ਦਾ ਸਾਰ ਰੂਪ ਹੈ ਇਹ ਭਗਤ ਉਸਨੂੰ ਜੇਹੜਾ ਰਿਦੇ ਵਿਚ ਗਿਆਨ ਨੇਤ੍ਰ ਹੈ ਉਸ ਨਾਲ ਸਾਰੇ ਰੂਪ ਵੇਖਦੇ ਹਨ।

**ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ**

Digitized by Panjab Digital Library | www.panjabdigilib.org

**ਮਹੇਸ ਅਕ੍ਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ॥ ੪ ॥**

ਉਸ ਪ੍ਰਮੇਸ਼ਰ ਨੇ ਪੌਣ ਪਾਣੀ ਅੱਗ ਆਦਕ ਤੱਤਾਂ ਨੂੰ ਪੈਦਾ ਕੀਤਾ ਹੈ, ਬ੍ਰਹਮਾਂ ਵਿਸ਼ਨ ਸ਼ਿਵਜੀ ਤਿੰਨੇ ਦੇਵਤੇ ਬਣਾਇ ਹਨ ਫਿਰ ਇਹਨਾਂ ਦੀ ਰਾਹੀਂ ਸਾਰੇ ਸੰਸਾਰ ਦੇ ਅਕਾਰ=ਸਰੀਰ ਬਣਾਏ ਹਨ।

ਹੇ ਮਾਲਕਾ ਸਾਰੇ ਜੀਵ ਤੇਰੇ ਮੰਗਤੇ ਹਨ ਅਤੇ ਤੂੰ ਦਾਤਾ ਹੈਂ ਅਪਣੇ ਵਿਚਾਰ ਦੁਆਰਾ ਤੂੰ ਦਾਤਾਂ ਕਰਦਾ ਹੈਂ।

**ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇ ਦੇ ਤੋਟਿ ਨਾਹੀ ਭੰਡਾਰੁ ॥ ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥ ੫ ॥**

ਹੇ ਸਮਰੱਥ ਦਇਆਲ ਤੇਤੀ ਕਰੋੜ ਦੇਵਤੇ ਤੇਰੇ ਪਾਸੋਂ ਮੰਗਦੇ ਹਨ ਪਰ ਸਾਰਿਆਂ ਨੂੰ ਦੇਂਦਿਆਂ ਹੋਇਆਂ ਵੀ ਤੇਰੇ ਖਜ਼ਾਨੇ ਵਿਚ ਘਾਟਾ ਨਹੀਂ ਪੈਂਦਾ ਹੈ। ਨਾਇਕ=ਮਾਲਕ।

ਊਂਧੈ=ਉਲਟਾ,ਪੁੱਠਾ ਹੋਇਆ ੨ ਭਾਵ ਮੂਧਾ ਪਿਆ ਹੋਇਆ। ਜਿਨ੍ਹਾਂ ਦਾ ਰਿਦਾ ਕੌਲ ਅਗਯਾਨ ਨਾਲ ਮੂਧਾ ਪਿਆ ਹੋਇਆ ਹੈ ਭਾਵ ਮੈਲਾ ਹੈ ਉਸ ਵਿਚ ਕੁਛ ਨਹੀਂ ਪੈਂਦਾਹੈ ਭਾਵ ਚੰਗੇ ਗੁਣ ਨਹੀ ਆਉਂਦੇਹਨ ਜਿਨਾਂ ਦਾ ਰਿਦਾ ਸਿੱਧਾ ਭਾਵ ਸਾਫ ਹੈ ਉਸ ਵਿਚ ਨਾਮ ਜਾਂ ਪ੍ਰੇਮ ਰੂਪ ਅੰਮ੍ਰਿਤ ਪੈਂਦਾ ਦੀਂਹਦਾ ਹੈ।

**ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥ ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ ॥ ੬ ॥**

ਸਿਧ ਲੋਕ ਸਮਾਧੀਆਂ ਦੇ ਅੰਦਰ ਰਿੱਧੀਆਂ ਸਿੱਧੀਆਂ ਮੰਗਦੇ ਹਨ ਜਦੋਂ ਤੂੰ ਓਨਾਂ ਨੂੰ ਦੇਂਦਾ ਹੈਂ ਤਦੋਂ ਓਹ ਉਸ ਜਾਚਨਾ ਨੂੰ ਲੈਕੇ ਪਿਛੋਂ ਤੇਰੀ ਜੈ ਜੈ ਕਾਰ ਕਰਦੇ ਹਨ। ਓਨਾਂ ਦੇ ਮਨ ਅੰਦਰ ਜਿਕੂਰ ਦੀ ਤੇਹ ਹੁੰਦੀ ਹੈ ਤੂੰ ਓਸੇ ਤਰ੍ਹਾਂ ਹੀ ਬਣ ਕੇ ਓਨਾਂ ਨੂੰ ਪਦਾਰਥ ਰੂਪ ਪਾਣੀ ਦੇਂਦਾ ਹੈਂ। ਪਰਕਾਰ=ਤਰਾਂ।

**ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥ ਤਾਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ**

Digitized by Panjab Digital Library | www.panjabdigilib.org

ਸਬਦੁ ਬੀਚਾਰ ॥ ੭ ॥

ਜੇਹੜੇ ਵੱਡਿਆਂ ਭਾਗਾਂ ਵਾਲੇ ਗੁਰਮੁਖ ਹਨ ਓਹ ਆਪਣਾ ਮਨ ਨੀਵਾਂ ਕਰਕੇ ਗੁਰੂ ਦੀ ਸੇਵਾ ਕਰਦੇ ਹਨ ਅਤ ਗੁਰੂ ਪ੍ਰਮੇਸਰ ਵਿਚ ਕੋਈ ਫਰਕ ਨਹੀਂ ਜਾਣਦੇ ਹਨ, ਜੇਹੜੇ ਦਿਲ ਵਿਚ ਵਿਚਾਰਕੇ ਸ਼ਬਦ=ਪ੍ਰਮੇਸ਼ਰ ਨੂੰ ਸਮਝਦੇ ਹਨ ਓਨਾਂ ਨੂੰ ਜਮ ਕਾਲ ਨਹੀਂ ਵੇਖ ਸੱਕਦ ਹੈ ਜਾਂ ਨ ਓਨਾਂ ਨੂੰ ਮੌਤ ਹੈ ਨ ਜੇਮ ਵੇਖਦਾ ਹੈ।

ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ ॥ ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾਧਾਰਿ ॥ ੮ ॥ ੨ ॥

ਹੇ ਪ੍ਰਮੇਸ਼ਰਾ ਮੈਂ ਹੁਣ ਵੀ ਤੇਰੇ ਪਾਸੋਂ ਹੋਰ ਕਛ ਨਹੀਂ ਮੰਗਦਾ ਹਾਂ ਫਿਰ ਤਬ=ਅੱਗੇ ਨੂੰ ਵੀ ਤੇਰੇ ਪਾਸੋਂ ਕੁਛ ਨਹੀਂ ਮੰਗਾਗਾਂ ਹੇ ਨਿਰੰਜਨ! ਇਕ ਅਪਣੇ ਨਾਮ ਵਿਚ ਹੀ ਪ੍ਰੇਮ ਪਿਆਰ ਦੇਹ, ਗੁਰੂ ਜੀ=ਮੈਂ ਪਪੀਹਾ ਤੇਰਾ ਜਸ ਰੂਪ ਅੰਮ੍ਰਿਤ ਪਾਣੀ ਮੰਗਦਾ ਹਾਂ ਸੋ ਕਿਰਪਾ ਕਰਕੇ ਦੇਹ।

ਗੂਜਰੀ ਮਹਲਾ ੧ ॥

ਐਜੀ ਜਨਮਿ ਮਰੈ ਆਵੈ ਫੁਨਿ ਜਾਵੈ ਬਿਨੁ ਗੁਰ ਗਤਿ ਨਹੀ ਕਾਈ ॥ ਗੁਰਮੁਖਿ ਪ੍ਰਾਣੀ ਨਾਮੇ ਰਾਤੇ ਨਾਮੇ ਗਤਿ ਪਤਿ ਪਾਈ ॥ ੧ ॥

ਹੇ ਭਰਾ ਜੀ ਜੀਵ ਗੁਰੂ ਤੋਂ ਬਿਨਾਂ ਜੰਮ ਕੇ ਆਉਂਦਾ ਹੈ ਮਰਕੇ ਜਾਂਦਾ ਹੈ ਇਸਦੀ ਕੋਈ ਚੰਗੀ ਗਤੀ ਨਹੀਂ ਹੁੰਦੀ ਹੈ, ਜੇਹੜੇ ਆਦਮੀ ਗੁਰਮੁਖ ਬਣਕੇ ਨਾਮ ਵਿੱਚ ਰੱਤੇ ਹਨ ਓਨ੍ਹਾਂ ਨੇ ਨਾਮ ਨੂੰ ਯਾਦ ਕਰਕੇ ਮੁਕਤੀ ਅਤੇ ਇੱਜ਼ਤ ਪਾਈ ਹੈ।

ਭਾਈ ਰੇ ਰਾਮ ਨਾਮਿ ਚਿਤੁ ਲਾਈ॥ਗੁਰ ਪਰਸਾਦੀ ਹਰਿ ਪ੍ਰਭ ਜਾਚੇ ਐਸੀ ਨਾਮ ਬਡਾਈ ॥ ੧ ॥ ਰਹਾਉ ॥

ਹੇ ਭਰਾ ਤੂੰ ਰਾਮਨਾਮ ਵਿਚ ਚਿੱਤ ਨੂੰ ਲਾਈ ਰੱਖ ਜਦੋਂ ਤੂੰ ਗੁਰਾਂ ਦੀ ਕਿਰਪਾ ਨਾਲ ਮਾਲਕ ਤੋਂ ਨਾਮ ਮੰਗੇਂਗਾ ਤਾਂ ਇੱਕੁਰ ਦੀ ਰੀਤੀ ਨਾਲ ਨਾਮ ਮੰਗਿਆ ਹੋਇਆ ਤੈਨੂੰ ਵਡਿਆਈ ਦੇਵੇਗਾ ਜਿਨਾਂ ਨਾਮ ਨਹੀਂ ਮੰਗਿਆ ਓਨਾਂ ਦੀ ਕੀ ਗੱਲ ਹੈ ਸੋ ਅਗੇ ਵਰਨਨ ਹੈ।

Digitized by Panjab Digital Library | www.panjabdigilib.org

**ਐਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰ ਭਰਨ ਕੈ ਤਾਈ ॥ ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ ਬਿਨੁ ਗੁਰ ਗਰਬੁ ਨ ਜਾਈ ॥ ੨ ॥**

ਹੇ ਭਰਾ ਕਿਤਨੇ ਹੀ ਆਦਮੀ ਪੇਟ ਭਰਨ ਵਾਸਤੇ ਬਹੁਤੇ ਭੇਖ ਧਾਰਨ ਕਰਕੇ ਭਿਖਿਆ ਨੂੰ ਮੰਗਦੇ ਹਨ,ਪਰ ਪ੍ਰਮੇਸ਼ਰ ਦੀ ਭਗਤੀ ਤੋਂ ਬਿਨਾਂ ਆਦਮੀ ਨੂੰ ਸੁਖ ਨਹੀਂ ਹੁੰਦਾ ਹੈ ਅਤੇ ਗੁਰ ਉਪਦੇਸ਼ ਕਮਾਇਆਂ ਬਿਨਾਂ ਹੰਕਾਰ ਨਹੀਂ ਜਾਂਦਾ ਹੈ।

**ਐਜੀ ਕਾਲੁ ਸਦਾ ਸਿਰਊਪਰਿ ਠਾਢੇ ਜਨਮਿ ਜਨਮਿ ਵੈਰਾਈ ॥ ਸਾਚੈ ਸਬਦਿ ਰਤੇ ਸੇ ਬਾਚੇ ਸਤਿਗੁਰ ਬੂਝ ਬੁਝਾਈ ॥ ੩ ॥**

ਹੇ ਭਰਾ ਜਨਮਾਂ ੨ ਦੇ ਵੈਰੀ ਕਾਲ ਭਗਵਾਨ ਜੀ ਸਿਰ ਉਤੇ ਖੜੋਤੇ ਹਨ ਜਾਂ ਸਦਾ ਹਰ ਵੇਲੇ ਮਾਰਨ ਵਾਲੇ ਜਮਦੂਤ ਹਨ,ਜਿਨਾਂ ਨੂੰ ਸਤਿਗੁਰਾਂ ਨੇ ਸਮਝ ਸਮਝਾਈ ਹੈ ਓਹ ਸਚੇ ਸ਼ਬਦ ਵਿਚ ਰੱਤੇ ਹੋਇ ਇਸਕਾਲ ਤੋਂ ਬਚੇ ਹਨ

**ਗੁਰ ਸਰਨਾਈ ਜੋਹਿ ਨ ਸਾਕੈ ਦੂਤੁ ਨ ਸਕੈ ਸੰਤਾਈ॥ ਅਵਿਗਤ ਨਾਥ ਨਿਰੰਜਨਿ ਰਾਤੇ ਨਿਰਭਉ ਸਿਉ ਲਿਵ ਲਾਈ ॥ ੪ ॥**

ਜਿਨ੍ਹਾਂ ਨੇ ਗੁਰਾਂ ਦੀ ਸਰਨ ਲਈ ਹੈ ਓਨਾਂ ਨੂੰ ਜਮ ਦੇ ਦੂਤ ਨਾ ਦੁਖ ਦੇ ਸੱਕਦੇ ਹਨ ਨਾ ਵੇਖ ਸੱਕਦੇ ਹਨ ਗੁਰਮੁਖ ਔਖੀ ਪੁੱਜ ਵਾਲੇ ਪ੍ਰਮੇਸਰ ਨਾਲ ਰੱਤੇ ਹਨ ਜਦੋਂ ਓਨ੍ਹਾਂ ਉਸ ਪ੍ਰਮੇਸਰ ਵਿਚ ਬ੍ਰਿਤੀ ਲਾਈ ਹੈ ਜਾਂ ਨਿਰਭੈ ਹੋਗਏਹਨ ।

**ਐ ਜੀਉ ਨਾਮੁ ਦ੍ਰਿੜਹੁ ਨਾਮੇ ਲਿਵ ਲਾਵਹੁ ਸਤਿਗੁਰ ਟੇਕ ਟਿਕਾਈ ॥ ਜੋ ਤਿਸੁ ਭਾਵੈ ਸੋਈ ਕਰਸੀ ਕਿਰਤੁ ਨ ਮੇਟਿਆ ਜਾਈ ॥ ੫ ॥**

ਹੇ ਭਰਾ ਨਾਮ ਨੂੰ ਪੱਕਾ ਕਰੋ ਨਾਮ ਨਾਲ ਹੀ ਬ੍ਰਿਤੀ ਲਾਓ ਸਤਿਗੁਰਾਂ ਦੀ ਟੇਕ=ਸ਼ਰਨ ਵਿੱਚ ਮਨ ਨੂੰ ਟਿਕਾਈ ਰੱਖੋ ਜੋ ਉਸ ਨੂੰ ਚੰਗਾ ਲੱਗੇਗਾ ਓਹੋ ਹੀ ਕੰਮ ਕਰੇਗਾ ਤੇ ਕਰਦਾ ਵੀ ਹੈ ਉਸ ਦਾ ਦਿੱਤਾ ਹੋਇਆ ਕਰਮ ਫਲ ਕਿਸੇ ਪਾਸੋਂ ਮਿਟਾਇਆ ਨਹੀਂ ਜਾਂਦਾ ਹੈ ਜਾਂ ਉਸ ਦਾ ਕੀਤਾ ਹੋਇਆ ਹਟਾਇਆ ਨਹੀਂ ਜਾਂਦਾ ਹੈ ।

Digitized by Panjab Digital Library | www.panjabdigilib.org

**ਐ ਜੀ ਭਾਗਿ ਪਰੇਗੁਰ ਸਰਣਿ ਤੁਮਾਰੀ ਮੈ ਅਵਰ ਨ ਦੂਜੀ ਭਾਈ ॥ ਅਬ ਤਬ ਏਕੋ ਏਕੁ ਪੁਕਾਰਉ ਆਦਿ ਜੁਗਾਦਿ ਸਖਾਈ ॥ ੬ ॥**

ਹੇ ਗੁਰੂ ਜੀ ਅਸੀਂ ਜੀਵ ਸੰਸਾਰ ਤੋਂ ਦੌੜ ਕੇ ਆਪ ਦੀ ਸ਼ਰਨ ਆ ਪਏ ਹਾਂ, ਹੋਰ ਦੂਸਰੀ ਸ਼ਰਨ ਸਾਨੂੰ ਚੰਗੀ ਨਹੀਂ ਲੱਗੀ ਹੈ, ਹੁਣ ਅਤੇ ਫਿਰ ਅੱਗੇ ਨੂੰ ਇਕ ਹੀ ਇਕ ਪ੍ਰਮੇਸਰ ਨੂੰ ਪੁਕਾਰਦਾ ਹਾਂ ਤੇ ਪੁਕਾਰਾਂਗਾ ਜੇਹੜਾ ਧੁਰ ਤੇ ਜੁੱਗਾਂ ਦੇ ਆਦ ਤੋਂ ਸਹਾਈ ਹੋਇਆ ਆਇਆ ਹੈ ਉਸ ਅੱਗੇ ਇੱਕੁਰ ਬੇਨਤੀ ਕਰਦਾ ਹਾਂ।

**ਐਜੀ ਰਾਖਹੁ ਪੈਜ ਨਾਮੁ ਅਪੁਨੇ ਕੀ ਤੁਝਹੀ ਸਿਉ ਬਨਿਆਈ ॥ ਕਰਿ ਕਿਰਪਾ ਗੁਰ ਦਰਸੁ ਦਿਖਾਵਹੁ ਹਉਮੈ ਸਬਦਿ ਜਲਾਈ ॥ ੭ ॥**

ਹੇ ਮਾਲਕ ਤੁਸੀ ਆਪ ਹੀ ਅਪਣੇ ਨਾਮ ਦੀ ਲਜਾ ਰਖੋ ਸਾਡੀ ਭਗਤਾਂ ਦੀ ਪ੍ਰੀਤੀ ਤਾਂ ਆਪਦੇ ਨਾਮ ਨਾਲ ਹੀ ਬਣਆਈ ਹੈ, ਕਿਰਪਾ ਦ੍ਰਿਸ਼ਟੀ ਕਰਕੇ ਦਰਸ਼ਨ ਦਿਖਾਓ ਜਿਨਾਂ ਨੂੰ ਦਰਸ਼ਨ ਦਿਖਾਇਆ ਹੈ ਓਨਾਂ ਦੀ ਹੰਗਤਾ ਮਮਤਾ ਗੁਰਾਂ ਨੇ ਸਾੜ ਦਿੱਤੀ ਹੈ।

**ਐਜੀ ਕਿਆਮਾਗਉ ਕਿਛੁ ਰਹੈ ਨ ਦੀਸੈ ਇਸੁ ਜਗ ਮਹਿ ਆਇਆ ਜਾਈ ॥ ਨਾਨਕ ਨਾਮੁ ਪਦਾਰਥੁ ਦੀਜੈ ਹਿਰਦੈ ਕੰਠਿ ਬਣਾਈ ॥ ੮ ॥ ੩ ॥**

ਹੇ ਪ੍ਰਮੇਸਰ ਮੈਂ ਹੋਰ ਚੀਜ਼ ਕੀਕੁਛ ਮੰਗਾਂ?ਕੁਛ ਟਿਕਿਆ ਨਹੀਂ ਰਹਿੰਦਾ ਦਿਸਦਾ ਹੈ,ਜੇਹੜਾ ਇਸ ਸੰਸਾਰ ਵਿੱਚ ਆਇਆ ਹੈ ਸੋ ਜਰੂਰ ਹੀ ਜਾਵੇਗਾ ਭਾਵ ਜਗਤ ਨਾਸਵੰਤ ਹੈ। ਗੁਰੂ ਜੀ=ਇਸ ਲਈ ਕਿਰਪਾ ਕਰਕੇ ਮੈਨੂੰ ਨਾਮ ਪਦਾਰਥ ਹੀ ਦਿਓ ਜੋ ਹਿਦੇ ਵਿੱਚ ਧਾਰਨ ਕਰਾਂ ਅਤੇ ਗਲ ਨਾਲ ਵੀ ਬਨਾਈ ਰੱਖਾਂ ਭਾਵ ਬੰਨ੍ਹਕੇ ਜਪਾਂ।

## ਗੂਜਰੀ ਮਹਲਾ ੧ ॥

**ਐਜੀ ਨਾ ਹਮ ਉਤਮ ਨੀਚ ਨ ਮਧਿਮਹਰਿ ਸਰਣਾਗਤਿ ਹਰਿ ਕੇ ਲੋਗ॥ ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ**

Digitized by Panjab Digital Library | www.panjabdigilib.org

**ਬਿਸਰਜਿਤ ਰੋਗ ॥ ੧ ॥**

ਹੇ ਭਰਾ ਨ ਅਸੀ ਅਪਣੇ ਆਪ ਨੂੰ ਉੱਤਮ ਹੀ ਮੰਨਦੇ ਹਾਂ ਨ ਵਿਚਕਾਰਲੇ ਨ ਨੀਵੇਂ ਹੀ ਜਾਣਦੇ ਹਾਂ ਜੇਹੜੇ ਪ੍ਰਮੇਸਰਦੇਲੋਕ ਸੰਤ ਹਨ ਅਸੀਂ ਹਰ ਤਰਾਂ ਨਾਲ ਉਨਾਂ ਦੀ ਸ਼ਰਨ ਵਿੱਚ ਆਏ ਹਾਂ ਸਾਡੇ ਵਰਗੇ ਦਾਸ ਸੰਤ ਨਾਮ ਵਿੱਚ ਰੱਤੇ ਹੋਇ ਬੜੇ ਸੁਧ ਵੈਰਾਗ ਵਾਲੇ ਹਨ, ਸੋਗ, ਵਿਛੋੜਾ, ਰੋਗ ਇੱਕੁਰ ਦਿਆਂ ਦੁੱਖਾਂ ਨੂੰ ਰੋਕਿਆ ਹੋਇਆ ਹੈ।

**ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥ਸਤਿ-ਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥ ੧ ॥ ਰਹਾਉ॥**

ਹੇ ਭਰਾ ਗੁਰੂ ਜੀ ਦੀ ਕਿਰਪਾ ਨਾਲ ਮਾਲਕ ਦੀ ਭਗਤੀ ਮਿਲੀ ਹੈ ਸਤਿਗੁਰਾਂ ਦੇ ਨਿਰਮਲ ਬਚਨਾਂ ਕਰਕੇ ਰਿਦੇ ਵਿੱਚ ਪ੍ਰਮੇਸਰ ਪ੍ਰਗਟ ਹੋਇਆ ਹੈ ਹੁਣ ਸਾਨੂੰ ਨ ਤਾਂ ਜਮ ਦੀ ਕੁਸ਼ਾਮਤ ਹੈ ਅਤੇ ਨ ਕੁਛ ਸਾਡੇ ਵੱਲ ਜਮ ਦਾ ਬਾਕੀ ਕਰਜਾ ਹੀ ਹੈ ਭਾਵ ਪਾਪਾਂ ਤੋਂ ਰਹਿਤ ਹਾਂ।

**ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ ॥ ਬਿਨੁ ਹਰਿ ਨਾਮੁ ਬ੍ਰਿਥਾ ਜਗ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ ॥ ੨ ॥**

ਜ਼ਬਾਨ ਨਾਲ ਪ੍ਰਮੇਸਰ ਦੇ ਗੁਣਾਂ ਨੂੰ ਉਚਾਰਦੇ ਹਾਂ ਅਤੇ ਮਾਲਕ ਦੇ ਨਾਲ ਰਹਿੰਦੇ ਹਾਂ ਭਾਵ ਮਾਲਕ ਨਾਲ ਮਿਲੇ ਹੋਇ ਹਾਂ ਤੇ ਭਰੋਸਾ ਇਹ ਹੈ ਕਿ ਜੋ ਉਸਨੂੰ ਭਾਂਦਾ ਹੈ ਓਹ ਸਹਿਜੇ ਹੀ ਹੁੰਦਾ ਹੈ। ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਜਗਤ ਵਿਚ ਜੀਉਣਾ ਬਿਅਰਥ ਹੈ ਤੇ ਪ੍ਰਮੇਸ਼ਰ ਦੇ ਸਿਮਰਨ ਬਿਨਾਂ ਇਕ ਘੜੀ ਵੀ ਨਿਸਫਲ ਹੈ। ਮੇਕ=ਇੱਕ।

**ਐਜੀ ਖੋਟੇਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ॥ ਰੋਸੁਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ ॥ ੩ ॥**

ਹੇ ਭਰਾ ਖੋਟਿਆਂ ਵਿਸ਼ਈਆਂ ਆਦਮੀਆਂ ਨਿੰਦਕਾਂ ਨੂੰ ਘਰ=ਪਰਲੋਕ ਤੇ ਬਾਹਰ ਇਸ ਲੋਕ ਵਿਚ ਜਾਂ ਪ੍ਰਮੇਸ਼ਰ ਕੋਲ ਥਾਂ ਨਹੀਂ ਬਾਹਰ ਚੁਰਾਸੀ ਲੱਖ ਜੂਨਾਂ ਵਿੱਚ ਹੀ ਭੌਂਦੇ ਹਨ,ਕੋਈ ਚੰਗੀ ਗਤੀ ਨਹੀਂ ਹੁੰਦੀ ਹੈ ਨ ਕੋਈ ਚੰਗਾ ਥਾਂ ਹੀ ਮਿਲਦਾ ਹੈ ਪਰ ਜੇਹੜੇ ਗੁਰੂ ਪ੍ਰਮੇਸਰ ਦੀ ਬਖਸ਼ਸ਼ ਕੀਤੀ ਹੋਈ

Digitized by Panjab Digital Library | www.panjabdigilib.org

ਵੇਖਕੇ ਸੜਦੇ ਹਨ ਉਨ੍ਹਾਂ ਦੇ ਪ੍ਰਥਾਇ ਆਖਦੇ ਹਨ।

ਜੇਕਰ ਓਹ ਕੋਈ ਖੋਟਾ ਆਦਮੀ ਭਗਤਾਂ ਉਤੇ ਗੁੱਸਾ ਕਰਦਾ ਹੈ ਤਾਂ ਓਸ ਦੇ ਗੁੱਸਾ ਕੀਤਿਆਂ ਮਾਲਕ ਅਪਣੀ ਦਾਤ ਨਹੀਂ ਮੋੜ ਲੈਂਦਾ ਹੈ ਸਗੋਂ ਓਹ ਦਾਤ ਰੋਜ ੨ ਸਵਾਈ ਹੁੰਦੀ ਭਾਵ ਵਧਦੀ ਜਾਂਦੀ ਹੈ।

**ਐਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੇ ਠਾਕੁਰਿ ਆਪਿ ਦਿਵਾਈ॥ ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ ਗੁਰ ਕੀ ਦਾਤਿ ਨ ਭਾਈ॥ ੪॥**

ਹੇ ਭਰਾ ਜੇਹੜੀ ਮੇਰੇ ਮਾਲਕ ਨੇ ਆਪ ਦਿਵਾਈ ਹੈ ਸੋ ਇੱਕੁਰ ਦੀ ਗੁਰਾਂ ਦੀ ਦਾਤ ਨੂੰ ਕੋਈ ਵੀ ਮੇਟ ਨਹੀਂ ਸੱਕਦਾ ਹੈ, ਜਿਨਾਂ ਮਨਮੁਖਾਂ ਨੂੰ ਗੁਰਾਂ ਦੀ ਦਾਤ ਚੰਗੀ ਨਹੀਂ ਲੱਗੀ ਹੈ ਓਹ ਮੂੰਹ ਕਾਲੇ ਨਿੰਦਕ ਆਦਮੀ ਨਿੰਦਿਆ ਕਰਦੇ ਹਨ ਜਾਂ ਨਿੰਦਿਆ ਕਰਦੇ ਓਨਾਂ ਦੇ ਮੂੰਹ ਕਾਲੇ ਹਨ।

**ਐਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ॥ ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰ ਮੇਲਿ ਮਿਲਾਈ॥ ੫॥**

ਹੇ ਭਰਾ ਜੇਹੜੇ ਵਾਹਿਗੁਰੂ ਦੀ ਸ਼ਰਨ ਪਏ ਹਨ ਓਨ੍ਹਾਂ ਦੇ ਸਾਰੇ ਗੁਨਾਹ ਮਾਫ ਕਰਕੇ ਮਾਲਕ ਅਪਣੇ ਨਾਲ ਮਿਲਾ ਲੈਂਦਾ ਹੈ ਅਤੇ ਅਧੂਆ=ਅੱਧੀ ਰਾਈ=ਰੱਤੀ ਜਾਂ ਰਤਾ ਭਰ ਵੀ ਦੇਰੀ ਨਹੀਂ ਕਰਦਾ ਹੈ ਭਾਵ ਛੇਤੀ ਮਿਲਾਂਦਾ ਹੈ, ਜੇਹੜਾ ਪ੍ਰਮੇਸਰ ਅਨੰਦਾਂ ਦਾ ਮੁੱਢ ਅਤੇ ਨਵਾਂ ਨਾਥਾਂ ਜਾਂ ਦੁਨੀਆਂ ਦੇ ਵਡਿਆਂ ੨ ਮਾਲਕਾਂ ਦਾ ਵੀ ਸਿਰੋਮਣੀ ਨਾਥ ਹੈ ਉਸਦੇ ਮੇਲ=ਸਤਸੰਗ ਵਿਚ ਸਤਿਗੁਰਾਂ ਨੇ ਮੇਰੀ ਬੁਧੀ ਮਿਲਾਈ ਹੈ।

**ਐਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ॥ ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥ ੬॥**

ਹੇ ਭਰਾ ਪ੍ਰਮੇਸਰ ਸਦਾ ਦਿਆਲੂ ਹੈ ਜਿਨ੍ਹਾਂ ਨੇ ਗੁਰਾਂ ਦੀ ਕਿਰਪਾ ਕਰਕੇ ਰਵਿਆ=ਜਪਿਆ ਹੈ ਓਨ੍ਹਾਂ ਨੇ ਗੁਰ ਸਿੱਖਿਆ ਪਾਕੇ ਭ੍ਰਮਨ=ਭ੍ਰਾਂਤੀ ਚੁਕਾ ਦਿੱਤੀ ਹੈ। ਪਾਰਸ ਰੂਪ ਗੁਰੂ ਨੂੰ ਮਿਲਕੇ ਲੋਹਾ ਧਾਤੂ ਰੂਪ ਭਾਵ ਮੈਲੀ ਅਕਲ ਸੋਨਾ ਭਾਵ ਸੁੱਧ ਰੂਪ ਹੋਈ ਹੈ ਸੋ ਇਹ ਵਡਿਆਈ ਸਾਰੀ ਗੁਰ ਸਤ ਸੰਗਤ ਦੀ ਹੈ।

Digitized by Panjab Digital Library | www.panjabdigilib.org

## ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ॥ ਪੁਨਰਪਿ ਜਨਮ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ ॥ ੭ ॥

ਜਿਨਾਂ ਦੀ ਸੇਵਾ ਸਤਿਗੁਰਾਂ ਨੂੰ ਚੰਗੀ ਲੱਗੀ ਓਨਾਂ ਦਾ ਮਨ ਹਰੀਨਾਮ ਨਿਰਮਲ ਜਲ ਵਿਚ ਮਜਨ=ਇਸ਼ਨਾਨ ਕਰਕੇ ਇਸ਼ਨਾਨੀ=ਸਾਫ ਸੁੱਧ ਹੋਇਆ ਹੈ। ਓਨ੍ਹਾਂ ਨੂੰ ਭਗਤਾਂ ਦੀ ਸਤਸੰਗਤ ਕਰਕੇ ਫਿਰ ਜਨਮ ਨਹੀ ਹੁੰਦਾ ਹੈ ਸਤਿਗੁਰਾਂ ਨੇ ਓਨਾਂ ਦੀ ਜੋਤ ਭਾਵ ਜੀਵ ਕਲਾ ਅਕਾਲ ਪੁਰਖ ਨਾਲ ਮਿਲਾ ਦਿੱਤੀ ਹੈ।

## ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ॥ ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ ॥ ੮ ॥ ੪ ॥

ਓਨਾਂ ਦਾ ਇੱਕੁਰ ਦਾ ਭਰੋਸਾ ਤੇ ਕਥਨ ਹੈ ਕਿ ਹੇ ਵਡਿਆ ਮਾਲਕਾ ਤੂੰ ਅਗੰਮ=ਵੱਡਾ ਬ੍ਰਿਛ ਹੈਂ। ਅਸੀਂ ਪੰਛੀ ਤੇਰੇ ਵਿਚ ਰਹਿੰਦੇ ਹਾਂ ਗੁਰੂ ਜੀ= ਹੇ ਮਾਲਕਾ ਨਿਰੰਜਨਾ ਸਾਨੂੰ ਗੁਰ ਸ਼ਬਦ ਕਰਕੇ ਨਾਮ ਦੇਹ ਜੋ ਜੁੱਗਾਂ ਜੁੱਗਾਂ ਵਿਚ ਭਾਵ ਹਰ ਵੇਲੇ ਤੇਰੀ ਸਲਾਹੁਤਾ ਕਰਦੇ ਰਹੀਏ।

## ਗੂਜਰੀ ਮਹਲਾ ੧ ਘਰੁ ੪

## ੧ ਓ ਸਤਿਗੁਰਪ੍ਰਸਾਦਿ ॥

## ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮਹਿਤੰ ॥ ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ ॥ ੧ ॥

ਪ੍ਰੇਮਾ ਭਗਤੀ ਕਰਕੇ ਅਰਾਧਨ ਵਾਲਾ ਹੋਇਆ ਪਰਮ ਹਿਤੰ=ਪਰਮ ਪਿਆਰਾ ਮਾਲਕ ਅਪਣੇ ਸੱਚੇ ਨਾਮ ਦੀ ਪਿਆਸ ਦੇਂਦਾ ਹੈ ਭਾਵ ਜੇਹੜਾ ਪ੍ਰੇਮਾ ਭਗਤੀ ਨਾਲ ਯਾਦ ਕਰਦਾ ਹੈ ਉਸਨੂੰ ਓਹ ਸੱਚੇ ਨਾਮ ਦੇ ਤਿਹਾਏ ਬਿਲਲ=ਬਹੁਤ ਗਰੀਬ ਹੋਣ ਵਾਲੇ ਹੋਕੇ ਸੱਚੇ ਪ੍ਰੇਮ ਨਾਲ ਰੋਂਦੇ ਅਤੇ ਬੇਨਤੀ ਕਰਦੇ ਹਨ ਕਿਉਂਕਿ ਓਨਾਂ ਦਾ ਦਿਲ ਸੁਖ ਨਾਲ ਨਾਮ ਦਾ ਹਿਤੰ= ਪਿਆਰਾ ਹੋਇਆ ਹੈ।

Digitized by Panjab Digital Library | www.panjabdigilib.org

**ਜਪਿ ਮਨ ਨਾਮੁ ਹਰਿ ਸਰਣੀ॥ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ ॥ ੧ ॥ ਰਹਾਉ॥**

ਹੇ ਮਨ ਹਰੀ ਦੀ ਸ਼ਰਨ ਹੋਕੇ ਨਾਮ ਨੂੰ ਜਪ ਰਾਮ ਨਾਮ ਜਪ ਰੂਪ ਚੰਗੀ ਕਰਣੀ ਕਰਨ ਨਾਲ ਤਾਰਨ ਵਾਲਾ ਪ੍ਰਮੇਸ਼ਰ ਸੰਸਾਰ ਸਮੁਦ੍ਰ ਤੋਂ ਤਾਰ ਲਵੇਗਾ ।

**ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ॥ ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥ ੨ ॥**

ਹੇ ਮਿਰਤ=ਮੋਏ ਹੋਇ ਮਨ ਭਾਵ ਪ੍ਰਮੇਸ਼ਰ ਤੋਂ ਬੇਮੁਖ ਗੁਰੂ ਸ਼ਬਦ ਦਾ ਮਨ ਦੇ ਨਾਲ ਚੇਤਾ ਕਰ ਅਤੇ ਬਾਣੀ ਨਾਲ ਪ੍ਰਮੇਸ਼ਰ ਵਿਚ ਰਮਣ=ਮਿਲ ਜਾਹ ਜਾਂ ਬੋਲ,ਏਹੋ ਹੀ ਸੁਭ=ਚੰਗਾ ਕੰਮ ਹੈ ।(ਮਿਰਤ=ਮਰਨਾ।ਚਿੰਤ=ਚੇਤਨਾ, ਯਾਦ ਕਰਨਾ । ਰਮਣੰ=ਬੋਲਣਾ, ਮਿਲਨਾ,)ਓਦੋਂ ਤੈਨੂੰ ਅਸਲੀ ਗਿਆਨ ਦੀ ਅਕਲ ਆਕੇ ਮਿਲੇਗੀ ਅਤੇ ਪ੍ਰਮੇਸਰ ਦੇ ਨਾਮ ਨੂੰ ਮਨ ਨਾਲ ਬੋਲਣ ਨਾਲ ਕਲਿਆਣ ਦਾ ਖਜ਼ਾਨਾ ਮਿਲੇਗਾ ਜਾਂ ਤੂੰ ਹੋ ਜਾਵੇਂਗਾ ।

**ਚਲ ਚਿਤਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ ॥ ਥਿਰੁ ਨਾਮੁ ਭਗਤ ਦਿੜੰ ਮਤੀ ਗੁਰ ਵਾਕਿ ਸਬਦ ਰਤੰ ॥ ੩ ॥**

ਜਿਸ ਜਗਤ ਵਿਚ ਹਿਤੰ=ਮੋਹ ਅਗਿਆਨ ਕਰਕੇ ਪ੍ਰੀਤਿ ਕਰਦਾ ਹੋਇਆ ਤੂੰ ਮਸਤ ਹੋਇਆ ੨ ਹੈਂ ਅਤੇ ਭਰਮ ਕਰਕੇ ਚੁਰਾਸੀ ਵਿਚ ਭੌਂਦਾ ਫਿਰਦਾ ਹੈਂ ਓਹ ਮਨ ਤੇ ਧਨ ਚਲਿਆ ਜਾਣ ਵਾਲਾ ਹੈ ਭਾਵ ਸਦਾ ਟਿਕਿਆ ਰਹਿਣ ਵਾਲਾ ਨਹੀਂ ਹੈ । ਵਿਤ=ਧਨ । ਸੰਸਾਰ ਵਿਚ ਇਕਨਾਮ ਤੇ ਹਰੀ ਭਗਤ ਇਸਥਤ ਹਨ ਸੋ ਅਕਲ ਵਿੱਚ ਪੱਕ ਸਮਝਕੇ ਗੁਰ ਉਪਦੇਸ਼ਨੂੰ ਲੈਕੇ ਪ੍ਰਮੇਸ਼ਰ ਨਾਲ ਪ੍ਰੇਮ ਕਰ ।

**ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥ ੪ ॥**

ਬਹੁਤਾ ਭੌਣ ਨਾਲ ਭਰਮ ਨਹੀਂ ਹਟਦਾ ਹੈ ਸੰਸਾਰ ਵਿਚ ਜੰਮਦਾ

Digitized by Panjab Digital Library | www.panjabdigilib.org

ਹੈ ਰੋਗੀ ਹੁੰਦਾ ਹੈ ਇਸਤਰਾਂ ਖਪਦਾ ਰਹਿੰਦਾ ਹੈ ਜਾਂ ਜਗਤ ਜਨਮਾਂ ਰੂਪੀ ਰੋਗਾਂ ਵਿਚ ਖਪਦਾ ਰਹਿੰਦਾ ਹੈ ਸਚੀ ਅਕਲ ਵਾਲਿਆਂ ਦੇ ਪ੍ਰਮੇਸ਼ਰ ਨਿਹਕੇਵਲ ਸਾਫ,ਥਾਂ, ਨਾਮ ਜਪ ਤਪ ਨਾਲ ਮਿਲਦਾ ਹੈ ।

**ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥ ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥ ੫ ॥**

ਇਹ ਜਗ=ਜੀਵ ਮੋਹ ਰੂਪ ਕਾਰਣ ਕਰਕੇ ਜਨਮ ਮਰਨ ਰੂਪ ਵੱਡਾ ਦੁੱਖ ਪਾਂਦਾ ਹੈ ਭਾਵ ਪਿਆਰ ਵਿਚ ਚੰਮੜਿਆ ਦੁਖੀ ਰਹਿੰਦਾ ਹੈ, ਹੇ ਭਰਾ ਸਤਿਗੁਰਾਂ ਦੀ ਸ਼ਰਨ ਨੂੰ ਯਾਦ ਕਰ ਭਾਵ ਭੱਜ ਕੇ ਜਾਹ ਅਤੇ ਪ੍ਰਮੇਸ਼ਰ ਦੇ ਨਾਮ ਨੂੰ ਰਿਦੇ ਵਿਚ ਬੋਲ ਤਾਂ ਸੰਸਾਰ ਤੋਂ ਬਚੇਂਗਾ ।

**ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ॥ ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥ ੬ ॥**

ਨਿਹਚਲ ਗੁਰ ਸਿਖਿਆ ਨੂੰ ਮਨ ਵਿਚ ਧਾਰਨ ਕਰਕੇ ਮਨੁ ਮਨੰ= ਮਨ ਵਿਚ ਮੰਨ ਤਾਂ ਸਹਿਜੇ ਹੀ ਜਾਂ ਪ੍ਰਮੇਸ਼ਰ ਦਾ ਵਿਚਾਰ ਪਾਵੇਂਗਾ, ਓਹ ਮਨ ਸਾਫ ਹੈ ਜਿਸਦੇ ਅੰਦਰ ਸੱਚ ਭਾਵ ਨਿਸਚਾ ਹੈ ਜਾਂ ਨਿਸਚੇ ਕਰਕੇ ਸਾਰ=ਅਸਲ ਸਿੱਟਾ ਗਿਆਨ ਰਤਨ ਹੈ ।

**ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ॥ਹਰਿ ਨਾਮੁ ਹਿਰਦੈ ਪਵਿਤ੍ਰੁ ਪਾਵਨੁ ਇਹੁ ਸਰੀਰੁ ਤਉ ਸਰਣੀ ॥ ੭ ॥**

ਹੇ ਮਨ ਹਰੀ ਦੇ ਚਰਨਾਂ ਵਿਚ ਚਿਤ ਲਾਕੇ ਮਾਲਕ ਦਾ ਡਰ ਪ੍ਰੇਮ ਧਾਰਕੇ ਭਗਤੀ ਕਰਕੇ ਸੰਸਾਰ ਸਮੁੰਦ੍ਰ ਤੋਂ ਤਰ ਜੇਹੜਾ ਪ੍ਰਮੇਸ਼ਰ ਦਾ ਨਾਮ ਪਵਿੱਤਰ ਹੈ ਇਸਨੂੰ ਰਿਦੇ ਵਿੱਚ ਧਾਰ ਜੇ ਤੂੰ ਸਾਫ ਹੋਵੇਂਗਾ, ਇੱਕੁਰ ਬੇਨਤੀ ਕਰ ਹੇ ਮਾਲਕਾ ਇਹ ਮੇਰਾ ਸਰੀਰ ਤੇਰੀ ਸ਼ਰਨ ਹੈ ।

**ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥ ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮ ॥੧॥ ੫ ॥**

Digitized by Panjab Digital Library | www.panjabdigilib.org

ਹਰੀ ਨਾਮ ਰੂਪ ਰਾਸ ਮਨ ਵਿਚ ਧਾਰਕੇ ਅਤੇ ਲਬ ਲੋਭ ਭਾਵ ਬ_ਤ ਲਾਲਚ ਦੀ ਲਹਿਰ ਨੂੰ ਮਨ ਵਿਚੋਂ ਦੂਰ ਕਰ, ਗੁਰੂ ਜੀ ਆਖਦੇ ਹਨ ਮਨ ਨੂੰ ਮਾਰ ਅਤੇ ਪ੍ਰਮੇਸ਼ਰ ਦੀ ਸ਼ਰਨ ਨੂੰ ਪੁੱਜ ਤਾਂ ਠੀਕ ਸਮਝ ਤੂੰ ਪ੍ਰਮੇਸ਼ਰ ਦਾ ਰੂਪ ਹੈਂ।

## ਗੂਜਰੀ ਮਹਲਾ ੩ ਘਰੁ ੧

### ੧ ਓ ਸਤਿਗੁਰਪ੍ਰਸਾਦਿ ॥

**ਨਿਰਤਿ ਕਰੀ ਇਹੁ ਮਨੁ ਨਚਾਈ ॥ ਗੁਰਪਰਸਾਦੀ ਆਪੁ ਗਵਾਈ ॥ ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ ॥ ੧ ॥**

(ਨੱਚਣ ਵਾਲੇ ਦੇ ਬਹਾਨੇ ਮਨ ਨੂੰ ਸਮਝੌਤੀ)

ਹੇ ਭਰਾ ਨਿਰਤਕਾਰੀ ਕੀਤੀ ਹੋਈ ਫਿਰ ਸਫਲ ਹੈ ਜੇ ਗੁਰਾਂ ਦੇ ਅੱਗੇ ਮਨ ਨੂੰ ਨਚਾਈ ਰੱਖੇ ਭਾਵ ਗੁਰੂ ਦੀ ਸੇਵਾ ਕਰੇ, ਗੁਰੂ ਦੀ ਕਿਰਪਾ ਨਾਲ ੲਿਕਾਰ ਨੂੰ ਦੂਰ ਕਰੇ ਜੇਹੜਾ ਚਿਤ ਨੂੰ ਥਿਰ ਰੱਖੇਗਾ ਓਹੋ ਹੀ ਮੁਕਤ ਹੋਵੇਗਾ ਜੋ ਇੱਛਿਆ ਕਰੇਗਾ ਸੋਈ ਫਲ ਪਾ ਲਵੇਗਾ।

**ਨਾਚੁ ਰੇ ਮਨ ਗੁਰ ਕੈ ਆਗੈ ॥ ਗੁਰਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ ॥ ਰਹਾਉ ॥**

ਹੇ ਮਨ ਗੁਰਾਂ ਦੇ ਅੱਗੇ ਨੱਚ ਭਾਵ ਸੇਵਾ ਕਰ ਜਦੋਂ ਤੂੰ ਗੁਰਾਂ ਦੀ ਆਗਿਆ ਵਿੱਚ ਨੱਚੇਂਗਾ ਤਾਂ ਆਤਮ ਸੁਖ ਨੂੰ ਪਾ ਲਵੇਂਗਾ ਅਤੇ ਓੜਕ ਨੂੰ ਜਮਦੂਤਾਂ ਦਾ ਡਰ ਦੂਰ ਹੋ ਜਾਵੇਗਾ।

**ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ॥ ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥ ੨ ॥**

ਜਿਸਦੇ ਮਨ ਨੂੰ ਪ੍ਰਮੇਸ਼ਰ ਅਪਣੇ ਹੁਕਮ ਵਿਚ ਨਚਾਂਦਾ ਹੈ ਜਾਂ ਅਪਣੇ ਦਿਲ ਦੇ ਪ੍ਰੇਮ ਨਾਲ ਜੇਹੜਾ ਮਨ ਨੂੰ ਸੇਵਾ ਵਿਚ ਲਾਂਦਾ ਹੈ ਓਹ ਭਗਤ ਆਖੀਦਾ ਹੈ ਅਤੇ ਅਪਣਾ ਪਿਆਰ ਆਦਮੀ ਆਪ ਹੀ ਲਾਵੇ ਅਤੇ ਦੂਸਰਿਆਂ ਵੱਲ ਦੇਖਾ ਦੇਖੀ ਦਾ ਪਿਆਰ ਨ ਹੋਵੇ, ਆਪ ਹੀ ਪ੍ਰਮੇਸਰ ਦਾ

Digitized by Panjab Digital Library | www.panjabdigilib.org

ਜਸ ਗਾਵੇ ਅਤੇ ਆਪ ਹੀ ਆਪਣੇ ਮਨ ਨੂੰ ਸੁਣਾਵੇ ਇੱਕੁਰ ਅਪਣੇ ਬੇਸਮਝ ਮਨ ਨੂੰ ਪ੍ਰਮੇਸ਼ਰ ਦੇ ਰਸਤੇ ਵਿਚ ਪਾਵੇ ।

**ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ ॥ ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥੩॥**

ਜੇਹੜਾ ਇਸਤਰਾਂ ਰਾਤ ਦਿਨ ਨੱਚਦਾ ਹੈ ਅਤੇ ਮਾਇਆ ਨੂੰ ਦੂਰ ਕਰਦਾ ਹੈ ਓਹ ਸ਼ਿਵ=ਸੁਖ ਰੂਪ ਪ੍ਰਮੇਸ਼ਰ ਦੇ ਘਰ ਵਿਚ ਜਾ ਬੈਠਦਾ ਹੈ ਫਿਰ ਉਸਨੂੰ ਅਵਿਦਯਾ ਨੀਂਦ ਨਹੀਂ ਹੁੰਦੀ ਹੈ। ਜਗਤ ਮਾਇਆ ਦੇ ਘਰ ਵਿਚ ਅਵਿਦਯਾ ਨੀਂਦ ਕਰਕੇ ਸੁੱਤਾ ਹੋਇਆ ਨੱਚਦਾ ਕੁੱਦਦਾ ਹੈ ਤੇ ਹੋਰ ਹੀ ਤਰਾਂ ਦੇ ਗੀਤ ਗਾਂਦਾ ਹੈ ਇੱਕੁਰ ਦੇ ਮਨਮੁਖਾਂ ਨੂੰ ਭਗਤੀ ਪ੍ਰਾਪਤ ਨਹੀਂ ਹੁੰਦੀ ਹੈ।

**ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥ ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਬੀਚਾਰੀ ॥ ੪ ॥**

ਸਾਰੇ ਦੇਵਤੇ ਆਦਮੀ ਸਕਾਮ ਕਰਮਾਂ ਵਾਲੇ ਹੋਕੇ ਪਰਵਿਰਤੀ ਪੱਖ ਵਿੱਚ ਨੱਚਦੇ ਹਨ ਅਤੇ ਮੁਨੀ ਜਨ ਗਿਆਨ ਦੇ ਵਿਚਾਰ ਵਿੱਚ ਨੱਚਦੇ ਹਨ। ਸਿੱਧਾਂ ਸਾਧਨ ਕਰਨ ਵਾਲਿਆਂ ਦੀ ਪ੍ਰੀਤੀ ਜਾਂ ਬ੍ਰਿਤੀ ਸਿਧੀਆਂ ਨੂੰ ਲੈਣ ਵਿਚ ਲੱਗੀ ਹੋਈ ਹੈ ਓਹ ਇੱਕੁਰ ਨੱਚਦੇ ਵਿਰਦੇ ਹਨ ਜਾਂ ਸਿਧੀ ਨੂੰ ਲੈਣ ਲਈ ਬ੍ਰਿਤੀ ਲਗਾਕੇ ਨੱਚਦੇ ਹਨ ਜਿਨਾਂ ਨੇ ਗੁਰਮੁਖ ਹੋਕੇ ਬੁਧੀ ਵਿਚ ਭਗਤੀ ਹੀ ਚੰਗੀ ਵਿਚਾਰੀ ਹੈ ਓਹ ਗੁਰਮੁਖ ਭਗਤੀ ਵਿਚ ਨੱਚ ਦੇ ਹਨ ਪਰ ਫਿਰ ਸਨਮੁਖ ਬੇਨਤੀ ਹੈ।

**ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾ-ਰੀ॥ ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥**

ਹੇ ਮਾਲਕਾ ਖੰਡਾਂ ਬ੍ਰਹਮੰਡਾਂ ਵਿਚ ਜਿਤਨੇ ਆਦਮੀ ਹਨ ਸਾਰੇ ਤਿੰਨਾਂ ਗੁਣਾਂ ਵਿਚ ਨੱਚਦੇ ਹਨ ਪਰ ਹੇ ਹਰੀ ਜਿਨ੍ਹਾਂ ਨੂੰ ਤੁਹਾਡੀ ਪ੍ਰੀਤੀ ਲੱਗੀ ਹੈ ਉਨਾਂ ਦਾ ਨੱਚਣਾ ਸਫਲ ਹੈ ਚਹੁਆਂ ਖਾਣੀਆਂ ਦੇ ਜਿਤਨੇ ਛੋਟੇ ਵੱਡੇ ਜੀਵ ਹਨ ਸੋ ਸਾਰੇ ਹੀ ਦੁਨੀਆਂ ਦੇ ਪਖੰਡਾਂ ਦੇ ਨਾਚ ਵਿਚ ਨੱਚਦੇ ਹਨ।

**ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥ ਸੇ ਭਗਤ ਸੇ ਤਤੁ ਗਿਆਨੀ**

Digitized by Panjab Digital Library | www.panjabdigilib.org

## ਜਿਨ ਕਉ ਹੁਕਮੁ ਮਨਾਏ ॥੬॥

ਜਿਨਾਂ ਨੇ ਗੁਰਾਂ ਦੁਆਰੇ ਸ਼ਬਦ ਵਿਚ ਬਿਰਤੀ ਲਗਾਈ ਹੈ ਓਹ ਤੇਰੇ ਪ੍ਰੇਮ ਵਿੱਚ ਨੱਚਦੇ ਹਨ ਜੇਹੜੇ ਤੈਨੂੰ ਭਾਂਦੇ ਹਨ ਜਿਨਾਂ ਗੁਰਮੁਖਾਂ ਨੂੰ ਗੁਰ ਉਪਦੇਸ਼ ਵਿਚ ਪ੍ਰੀਤੀ ਲਗਾਂਦਾ ਹੈਂ ਓਹ ਨੱਚਦੇ ਹਨ ਓਨਾਂ ਦਾ ਨੱਚਣਾ ਸਫਲ ਹੈ। ਜਿਨਾਂ ਨੂੰ ਪ੍ਰਮੇਸਰ ਅਪਣਾ ਹੁਕਮ ਮਨਾਂਦਾ ਹੈ ਓਹ ਭਗਤ ਹਨ ਤੇ ਓਹੋ ਹੀ ਅਸਲੀ ਗਿਆਨੀ ਹਨ।

## ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥ ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥੭॥

ਜੇਹੜਾ ਸੱਚੇ ਪ੍ਰਮੇਸਰ ਨਾਲ ਪ੍ਰੀਤੀ ਦਾ ਲੱਗ ਜਾਣਾ ਹੈ ਏਹੋ ਹੀ ਭਗਤੀ ਹੈ ਪਰ ਗੁਰ ਸੇਵਾ ਬਿਨਾ ਭਗਤੀ ਨਹੀਂ ਹੁੰਦੀ ਹੈ। ਜਦੋਂ ਗੁਰ ਸ਼ਬਦ ਦਾ ਵਿਚਾਰ ਕਰਦਾ ਹੈ ਤਦੋਂ ਹੀ ਕੋਈ ਇੱਕੁਰ ਦਾ ਪ੍ਰੇਮੀ ਭਗਤ ਸੱਚੇ ਪ੍ਰਮੇਸਰ ਨੂੰ ਪਾਂਦਾ ਹੈ ਅਤੇ ਜੀਵਤ ਭਾਵ ਤੋਂ ਮਰਦਾ ਹੈ।

## ਮਾਇਆ ਕੈ ਅਰਥਿ ਬਹੁਤੁ ਲੋਕ ਨਾਚੈ ਕੋ ਵਿਰਲਾ ਤਤੁ ਬੀਚਾਰੀ ॥ ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥੮॥

ਬਹੁਤ ਲੋਕ ਮਾਇਆ ਦੇ ਵਾਸਤੇ ਨੱਚਦੇ ਹਨ ਕੋਈ ਅਸਲੀ ਵਿਚਾਰ ਵਾਲਾ ਵਿਰਲਾ ਹੀ ਭਗਤ ਹੁੰਦਾ ਹੈ, ਹੇ ਭਗਵੰਤ ਜਿਨਾਂ ਦੇ ਉੱਤੇ ਤੇਰੀ ਕਿਰਪਾ ਹੁੰਦੀ ਹੈ ਓਹੋ ਹੀ ਗੁਰੂ ਜੀ ਦੀ ਕਿਰਪਾ ਨਾਲ ਤੇਰੇ ਅਸਲ ਰੂਪ ਦਾ ਵਿਚਾਰਵਾਨ ਹੁੰਦਾ ਹੈ ਅਤੇ ਓਹੋ ਹੀ ਆਤਮ ਗਿਆਨ ਪਾਂਦਾ ਹੈ।

## ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ॥ ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ ॥੯॥

ਜਦੋਂ ਸੱਚਾ ਵਾਹਿਗੁਰੂ ਇਕ ਸਾਸ ਭਰ ਵੀ ਭੁੱਲ ਜਾਂਦਾ ਹੈ ਤਾਂ ਓਹ ਵੇਲਾ ਸਾਰਾ ਬਿਅਰਥ ਜਾਂਦਾ ਹੈ, ਇਸ ਲਈ ਸਾਸ ਸਾਸ ਉਸ ਨੂੰ ਸਦਾ ਸੰਭਾਲੀਏ ਤਾਂ ਆਪੇ ਹੀ ਬਖਸ਼ਸ਼ ਕਰਕੇ ਰਜਾ ਦੇਂਦਾ ਹੈ।

## ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ ॥ ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ

Digitized by Panjab Digital Library | www.panjabdigilib.org

ਕਉ ਨਦਰਿ ਤੁਮਾਰੀ ॥ ੧੦ ॥ ੧ ॥ ੬ ॥

ਜੇਹੜੇ ਗੁਰਾਂ ਦੁਆਰੇ ਗੁਰ ਸ਼ਬਦ ਦਾ ਵਿਚਾਰ ਕਰਦੇ ਹਨ ਅਤੇ ਹੇ ਪ੍ਰਮੇਸਰਾ ਜੇਹੜੇ ਤੈਨੂੰ ਭਾਂਦੇ ਹਨ ਓਹੋ ਹੀ ਪ੍ਰੇਮਾ ਭਗਤੀ ਵਿੱਚ ਨੱਚਦੇ ਹਨ।

ਗੁਰੂ ਜੀ=ਹੇ ਮਾਲਕਾ ਜਿਨਾਂ ਉਤੇ ਤੇਰੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਓਹੋ ਹੀ ਸ਼ਾਂਤੀ ਸੁਖ ਨੂੰ ਪਾਂਦੇ ਹਨ।

## ਗੂਜਰੀ ਮਹਲਾ ੪ ਘਰੁ ੨

### ੧ ਓ ਸਤਿਗੁਰਪ੍ਰਸਾਦਿ ॥

ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ ॥ ਅਗਮ ਅਗੋਚਰ ਪ੍ਰਭ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ ॥ ੧ ॥

ਪ੍ਰਮੇਸਰ ਤੋਂ ਬਿਨਾ ਇਹ ਜੀਵ ਰਹਿ ਨਹੀਂ ਸੱਕਦਾ ਹੈ ਜਿਸ ਤਰਾਂ ਬਾਲਕ ਦੁਧ ਦੇ ਆਸਰੇ ਵਾਲਾ ਹੁੰਦਾ ਹੈ ਓਹ ਦੁੱਧ ਬਿਨਾ ਨਹੀਂ ਰਹਿ ਸੱਕਦਾ ਹੈ।ਬਿਅੰਤ, ਇੰਦ੍ਰੀਆਂ ਤੋਂ ਪਰੇ ਰਹਿਣ ਵਾਲੇ ਮਾਲਕ ਨੂੰ ਗੁਰਾਂ ਦੁਆਰੇ ਪਾਈਦਾ ਹੈ ਮੈਂ ਇੱਕੁਰਦੇ ਅਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ।

ਮਨ ਰੇ ਹਰਿ ਕੀਰਤਿ ਤਰੁ ਤਾਰੀ ॥ ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ ਜਿਨ ਕਉ ਕ੍ਰਿਪਾ ਤੁਮਾਰੀ ॥ ੧॥ ਰਹਾਉ ॥

ਹੇ ਮਨ ਪ੍ਰਮੇਸਰ ਦੀ ਕੀਰਤੀ ਦੁਨੀਆਂ ਉੱਤੋਂ ਤਾਰਨ ਵਾਲੀ ਤਾਰੀ=ਬੇੜੀ ਹੈ ਗੁਰਾਂ ਦੁਆਰੇ ਅੰਮ੍ਰਿਤ ਰੂਪ ਨਾਮ ਜਲ ਪਾਈਦਾ ਹੈ ਪਰ ਹੇ ਪ੍ਰਮੇਸਰਾ ਜਿਨਾਂ ਉੱਤੇ ਤੇਰੀ ਕਿਰਪਾ ਹੁੰਦੀ ਹੈ।

ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ ॥ ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ ॥ ੨ ॥

ਹੇ ਸੰਸਾਰ ਜੰਗਲ ਦੇ ਮਾਲੀਆ ਮਾਲਕਾ ਬ੍ਰਹਮਾਂ ਦੇ ਚਹੁੰਆਂ ਪੁੱਤ੍ਰਾਂ ਤੇ ਨਾਰਦ ਆਦਕ ਮੁਨੀਆਂ ਨੇ ਰਾਤ ਦਿਨੇ ਤੈਨੂੰ ਸੇਵਿਆ ਹੈ ਅਤੇ ਤੇਰਾ

Digitized by Panjab Digital Library | www.panjabdigilib.org

ਹੀ ਨਾਮ ਜਪਦੇ ਰਹਿੰਦੇ ਹਨ ਜੇਹੜੇ ਆਦਮੀ ਪ੍ਰਹਿਲਾਦ ਆਦਕ ਤੇਰੀ ਸ਼ਰਨ ਵਿੱਚ ਆਇ ਹਨ ਆਪ ਨੇ ਉਨਾਂ ਦੀ ਇੱਜ਼ਤ ਸਵਾਰੀ ਭਾਵ ਲੱਜਿਆ ਰੱਖੀ ਹੈ।

**ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ ॥ ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ ॥੩॥**

ਹੇ ਅਲੱਖ ਨਿਰੰਜਨ ਤੂੰ ਇਕ ਹੀ ਪਹਿਲੇ ਸਾਰਿਆਂ ਦੇ ਵਿੱਚ ਵਰਤਦਾ ਸੀ ਹੇ ਹੰਕਾਰ ਦੈਂਤ ਦੇ ਨਾਸ ਕਰਨ ਵਾਲਿਆ ਹੁਣ ਵੀ ਸਾਰੇ ਤੇਰੀ ਇਕ ਹੀ ਜੋਤ ਵਰਤਦੀ ਭਾਵ ਹਰ ਇਕ ਕੰਮ ਕਰਦੀ ਹੈ।

ਸਾਰੇ ਜੀਅ ਤੇਰੇ ਮੰਗਤੇ ਹਨ ਤੂੰ ਇਕ ਹੀ ਸਾਰਿਆਂ ਦਾ ਦਾਤਾ ਹੈਂ ਸਾਰੇ ਤੇਰੇ ਅੱਗੇ ਹੱਥ ਖਲਾਰਕੇ ਮੰਗਦੇ ਭਾਵ ਮਨ ਦੇ ਖਿਆਲ ਪ੍ਰਗਟ ਕਰਦੇ ਹਨ।

**ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ ॥ ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ ॥ ੪ ॥**

ਹੇ ਅਕੱਥ ਤੇਰਿਆਂ ਭਗਤਾਂ ਦੀ ਬਾਣੀ ਬੜੀ ਉੱਤਮ ਹੈ ਕਿਉਂਕਿ ਉਹ ਰੋਜ ਹੀ ਤੇਰੀ ਕਥਾ ਨੂੰ ਗਾਂਦੇ ਹਨ ਅਤੇ ਉਹ ਕਥਾ ਮਾਇਆ ਦੇ ਪਦਾਰਥਾਂ ਨਾਲੋਂ ਵਖਰੀ ਹੈ ਭਾਵ ਸੰਸਾਰਕ ਗੱਲਾਂ ਤੋਂ ਸੁਾਦੀ ਹੈ, ਜੇਹੜੇ ਤੇਰੀ ਕਥਾਂ ਨੂੰ ਗਾਂਦੇ ਹਨ ਉਨਾਂ ਦਾ ਜਨਮ ਸਫਲ ਹੈ ਉਹ ਆਪ ਤਾਂ ਸੰਸਾਰ ਸਮੁੰਦਰ ਤੋਂ ਤਰ ਗਏ ਹਨ ਅਤੇ ਨਾਲ ਅਪਣੀ ਕੁਲ ਵੀ ਤਾਰ ਲਈ ਹੈ।

**ਮਨਮੁਖਿ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ ॥ ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ ॥ ੫ ॥**

ਜਿਨਾਂ ਦੇ ਦਿਲ ਅੰਦਰ ਮੋਹ ਰੂਪ ਗਾਹੜੀ ਹਨੇਰੀ ਚੜੀ ਹੋਈ ਹੈ ਉਹ ਮਨਮੁਖ ਦਵੈਤ ਭਾਵ ਕਰਕੇ ਖੋਟੀ ਅਕਲ ਵਿੱਚ ਚੰਬੜੇ ਰਹਿੰਦੇ ਹਨ ਉਨਾਂ ਨੂੰ ਸੰਤਾਂ 'ਭਗਤਾਂ' ਦੀ ਕਥਾ ਚੰਗੀ ਨਹੀਂ ਲੱਗਦੀ ਹੈ ਉਹ ਸਾਰੇ ਪ੍ਰਵਾਰ ਦੇ ਸਮੇਤ ਹੀ ਡੁੱਬ ਗਏ ਹਨ।

**ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹ ਮਲ ਭਖੁ ਮਾਇਆ ਧਾਰੀ ॥ ਸੰਤ ਜਨਾ ਕੀ ਨਿੰਦਾ ਵਿਆਪੇ ਨਾ**

Digitized by Panjab Digital Library | www.panjabdigilib.org

## ਉਰਵਾਰਿ ਨ ਪਾਰੀ ॥ ੬ ॥

ਜੇਹੜੇ ਨਿੰਦਕ ਹਨ ਉਹ ਸੰਤਾਂ ਦੀ ਨਿੰਦਿਆ ਕਰਕੇ ਪਾਪ ਰੂਪ ਮੈਲ ਨੂੰ ਧੋਂਦੇ ਹਨ ਭਾਵੇਂ ਓਹ ਮਾਇਆ ਧਾਰੀ ਵੀ ਹਨ ਤਾਂ ਵੀ "ਮੈਲਭੱਖ" ਮੈਲ ਨੂੰ ਖਾਣ ਵਾਲੇ ਜਾਂ ਸੂਰ ਵਰਗੇ ਹਨ ਜੇਹੜੇ ਸੰਤ ਜਨਾਂ ਦੀ ਨਿੰਦਯਾ ਵਿਚ ਲਗੇ ਹੋਏ ਹਨ ਜਿਨਾਂ ਨੂੰ ਇਕੁਰ ਦਾ ਰੋਗ ਚੰਬੜਿਆ ਹੋਇਆ ਹੈ ਓਹ ਨ ਇਸ ਪਾਸੇ ਦੇ ਨ ਉਸ ਪਾਰਲੇ ਹੀ ਪਾਸੇ ਦੇ ਹਨ ਭਾਵ ਓਨਾਂ ਦਾ ਕੋਈ ਪਾਸਾ ਨਹੀਂ ਸੁਧਰਦਾ ਹੈ।

## ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ ॥ ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ ॥ ੭ ॥

ਇਹ ਸੰਸਾਰ ਰੂਪ ਸਾਰਾ ਖੇਲ ਪ੍ਰਮੇਸਰ ਕਰਤੇ ਨੇ ਆਪ ਹੀ ਕੀਤਾ ਹੈ ਤੇ ਆਪ ਹੀ ਕਰਤੇ ਨੇ ਸਾਰਿਆਂ ਵਿੱਚ ਅਪਣੀ ਕਲਾ=ਸ਼ਕਤੀ ਧਾਰਨ ਕੀਤੀ ਹੈ।

ਪ੍ਰਮੇਸਰ ਦਾ ਇਕ ਸੱਤਾ ਰੂਪ ਸੂਤ ਸਾਰੇ ਸੰਸਾਰ ਦੇ ਵਿੱਚ ਵਰਤਦਾ ਹੈ ਜਦੋਂ ਉਹ ਇਸ ਸੂਤ ਨੂੰ ਖਿੱਚ ਲੈਂਦਾ ਹੈ ਭਾਵ ਮਾਰ ਦੇਂਦਾ ਹੈ ਤਾਂ ਇਕ ਅਕਾਰ ਵਾਲਾ ਪ੍ਰਮੇਸਰ ਆਪ ਹੀ ਰਹਿ ਜਾਂਦਾ ਹੈ।

## ਰਸਨਿ ਰਸਨਿ ਰਸ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ॥ਨਾਨਕ ਹਰਿ ਬਿਨੁ ਅਵਰੁ ਨ ਮਾਗਉ ਹਰਿ ਰਸ ਪ੍ਰੀਤਿ ਪਿਆਰੀ ॥ ੮ ॥ ੧ ॥ ੭ ॥

ਹੇ ਪ੍ਰਮੇਸਰਾ ਤੇਰੇ ਸੰਤ ਸੰਸਾਰ ਦੇ ਰਸਾਂ ਤੋਂ ਬੇਰਸ ਹੋਕੇ ਅਨੰਦ ਨਾਲ ਤੇਰੇ ਗੁਣਾਂ ਨੂੰ ਗਾਂਦੇ ਹਨ ਅਤੇ ਫਿਰ ਉਨਾਂ ਅਪਣੀ ਜ਼ਬਾਨ ਪ੍ਰਮੇਸਰ ਦੇ ਪ੍ਰੇਮ ਵਿੱਚ ਧਾਰਨ ਕੀਤੀ ਹੈ। ਰਸਨਿ੨=ਰਸ ਰਸ ਕੇ। ਰਸ=ਪ੍ਰੇਮ ਨਾਲ ਜਾਂ ਅਨੰਦ ਅਨੰਦ ਹੋਕੇ ਜਾਂ ਰਸਾਂ ਤੋਂ ਨਿਰਸ ਹੋਕੇ ਪ੍ਰੇਮ ਨਾਲ। ਗੁਰੂ ਜੀ=ਮੈਂ ਪ੍ਰਮੇਸਰ ਤੋਂ ਬਿਨਾ ਹੋਰ ਕੁਛ ਨਹੀਂ ਮੰਗਦਾ ਹਾਂ ਨਾਮ ਦੇ ਰਸ ਵਿੱਚ ਮੇਰੀ ਪ੍ਰੀਤੀ ਪਿਆਰੀ=ਬਣੀ ਹੋਈ ਹੈ ਜਾਂ ਬਣੀ ਰਹੇ ਜਾਂ ਪ੍ਰਮੇਸਰ ਦੇ ਅਨੰਦਨੂੰ ਮੇਰਾ ਮਨ ਲਏ ਅਤੇ ਨਾਮ ਵਿੱਚ ਬਾਣੀ ਦੀ ਪ੍ਰੀਤੀ ਰੱਖੇ ਸਰੀਰ ਕਰਕੇ ਭਗਤੀ ਪਿਆਰੀ ਲੱਗੇ।

Digitized by Panjab Digital Library | www.panjabdigilib.org

# ਗੂਜਰੀ ਮਹਲਾ ੫ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

< ਉਲੇਖਾਲੰਕਾਰ ਦੁਆਰਾ ਪ੍ਰਮੇਸਰ ਦੇ ਸਨਮੁਖ ਬੇਨਤੀ ਹੈ >

**ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥ ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ ॥੧॥**

ਰਾਜਿਆਂ ਵਿੱਚ ਤੂੰ ਵੱਡਾ ਰਾਜਾ ਆਖਿਆ ਜਾਂਦਾ ਹੈਂ ਜਿਮੀਦਾਰਾਂ ਵਿੱਚ ਤੂੰ ਜ਼ਿਮੀਦਾਰ ਹੈਂ ਸਾਰਿਆਂ ਠਾਕਰਾਂ ਵਿੱਚ ਤੇਰੀ ਵੱਡੀ ਠਕੁਰਾਈ ਹੈ ਸਾਰੀਆਂ ਜਾਤਾਂ ਵਿੱਚ ਤੇਰੀ ਜਾਤ ਸਿਰੋਮਣੀ ਹੈ ।

**ਪਿਤਾ ਮੇਰੋ ਬਡੋ ਧਨੀ ਅਗਮਾ॥ ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥ ੧ ॥ ਰਹਾਉ ॥**

ਹੇ ਮੇਰੇ ਪਿਤਾ ਤੂੰ ਬੜਾ ਵੱਡਾ ਬਿਅੰਤ ਮਾਲਕ ਹੈਂ ਕੀ ਉਪਮਾ ਦੇਕੇ ਤੇਰੀ ਉਸਤਤ ਕਰੀਏ? ਹਰ ਥਾਂ ਵਿੱਚ ਤੇਰਾ ਹੋਣਾ ਵੇਖਕੇ ਅਸਚਰਜ ਹੋਇਆ ੨ ਹਾਂ ।

**ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ ਦਾਤਨ ਸਿਰਿ ਦਾਤਾ ॥ ਤੇਜਨ ਮਹਿ ਤੇਜ ਵੰਸੀ ਕਹੀਅਹਿ ਰਸੀਅਨ ਮਹਿ ਰਾਤਾ ॥ ੨ ॥**

ਸਾਰਿਆਂ ਸੁਖੀਆਂ ਆਦਮੀਆਂ ਵਿਚ ਤੂੰ ਵੱਡਾ ਸੁਖੀਆ ਆਖਿਆ ਜਾਂਦਾ ਹੈਂ ਦਾਤਿਆਂ ਵਿਚੋਂ ਵੱਡਾ ਸਿਰੋਮਣੀ ਦਾਤਾ ਤੂੰ ਹੈਂ । ਸਾਰਿਆਂ ਤੇਜ ਪ੍ਰਤਾਪ ਵਾਲਿਆਂ ਵਿਚ ਤੂੰ ਤੇਜ ਵਾਲਾ ਆਖਿਆ ਜਾਂਦਾ ਹੈਂ ਅਤੇ ਸਾਰਿਆਂ ਰਸ ਲੈਣ ਵਾਲਿਆਂ ਵਿਚ ਤੂੰ ਰੱਤਾ ਹੋਇਆ ਭਾਵ ਵੱਡਾ ਰਸੀਆ ਆਖਿਆ ਜਾਂਦਾ ਹੈਂ ।

**ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ ॥ ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ ॥੩॥**

ਸਾਰਿਆਂ ਸੂਰਮਿਆਂ ਵਿੱਚ ਤੂੰ ਵੱਡਾ ਸੂਰਮਾ ਆਖਿਆ ਜਾਂਦਾ ਹੈਂ ਅਤੇ ਭੋਗੀਆਂ ਵਿਚ ਤੂੰ ਭੋਗੀ ਪ੍ਰਸਿਧ ਹੈ, ਸਾਰਿਆਂ ਵੱਡਿਆਂ ੨ ਗ੍ਰਹਸਤੀਆਂ ਵਿਚ ਤੂੰ ਵੱਡਾ ਸ਼ਿਰੋਮਣੀ ਗ੍ਰਹਸਤੀ ਹੈ ਜੋਗੀਆਂ ਵਿੱਚ ਤੂੰ ਵੱਡਾ ਜੋਗੀ ਮਸ਼ਹੂਰ ਹੈਂ ।

Digitized by Panjab Digital Library | www.panjabdigilib.org

**ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ ॥ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ ॥ ੪ ॥**

ਬ੍ਰਹਮਾ ਆਦਕ ਜਗਤ ਨੂੰ ਪੈਦਾ ਕਰਨ ਵਾਲਿਆਂ ਵਿਚ ਤੂੰ ਜਗਤ ਨੂੰ ਪੈਦਾ ਕਰਨ ਵਾਲਾ ਵਡਾ ਕਰਤਾ ਆਖਿਆ ਜਾਂਦਾ ਹੈਂ ਅਤੇ ਸਾਰਿਆਂ ਚੰਗਿਆਂ ੨ ਕੰਮ ਕਰਨ ਵਾਲਿਆਂ ਵਿਚ ਤੂੰ ਚੰਗੇ ਕੰਮ ਕਰਨ ਵਾਲਾ ਹੈਂ, ਸਾਰਿਆਂ ਸ਼ਾਹੂਕਾਰਾਂ ਵਿਚ ਤੂੰ ਸਚਾ ਸ਼ਾਹੂਕਾਰ ਹੈਂ ਅਤੇ ਬਪਾਰੀਆਂ ਵਿਚ ਤੂੰ ਵੱਡਾ ਬਪਾਰੀ ਆਖਿਆ ਜਾਂਦਾ ਹੈਂ ।

**ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ ॥ ਲਖਿਮੀ ਕੇਤਕ ਗਨੀ ਨ ਜਾਈਐ ਗਨਿ ਨ ਸਕਉ ਸੀਕਾ ॥ ੫ ॥**

ਸਾਰਿਆਂ ਦਰਬਾਰਾਂ ਵਿਚੋਂ ਤੇਰਾ ਦਰਬਾਰ ਵੱਡਾ ਹੈ ਜਿਤਨੇ ਦੁਨੀਆਂ ਵਿਚ ਸਰਨ ਆਇਆਂ ਆਦਮੀਆਂ ਦੀ ਪਾਲਣਾ ਭਾਵ ਰੱਖਿਆ ਕਰਨ ਵਾਲੇ ਹਨ ਓਨਾਂ ਸਾਰਿਆਂ ਵਿਚ ਤੂੰ ਟੀਕਾ=ਸਿਰੋਮਣੀ ਹੈ ।

ਤੇਰੀ ਲੱਛਮੀ ਭਾਵ ਮਾਇਆ ਕਿਤਨੀ ਕੁ ਹੈ ਸੋ ਓਹ ਗਿਣੀ ਨਹੀਂ ਜਾਂਦੀ ਹੈ ਤੇਰੇ ਜਸਦਾ ਮਹਾਤਮ ਸੀਕਾ=ਕਿਣਕਾ ਭਰ ਵੀ ਜਾਂ ਹੁਕਮ ਵਿਚ ਗਿਣ ਨਹੀਂ ਸੱਕਦਾ ਹਾਂ ।

**ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ॥ਜੁਗਤਨ ਮਹਿ ਤੇਰੀਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ ॥ ੬ ॥**

ਸਾਰਿਆ ਵੱਡਿਆਂ ੨ ਨਾਮੀਆਂ ਵਿਚ ਤੇਰਾ ਨਾਮ ਵੱਡਾ ਹੈ ਸਾਰਿਆਂ ਗਿਆਨ ਵਾਲਿਆਂ ਵਿਚ ਤੂੰ ਵੱਡਾ ਗਿਆਨੀ ਹੈਂ ਸਾਰਿਆਂ ਜੁਗਤ ਵਾਲਿਆਂ ਵਿਚ ਤੂੰ ਵੱਡਾ ਜੁਗਤੀ ਵਾਲਾ ਹੈਂ ਜੋ ਤੇਰੀ ਜੁਗਤੀ ਵੱਡੀ ਹੈ,ਰੋਜ ਤੀਰਥ ਇਸ਼ਨਾਨ ਕਰਨ ਵਾਲਿਆਂ ਵਿਚ ਤੂੰ ਵੱਡਾ ਤੀਰਥ ਇਸ਼ਨਾਨੀ ਹੈਂ ।

**ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਰਿ ਕਰਮਾ ॥ ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ ॥ ੭ ॥**

Digitized by Panjab Digital Library | www.panjabdigilib.org

ਹੇ ਮਾਲਕਾ ਸਾਰਿਆਂ ਸਿੱਧਾਂ ਵਿਚ ਜੋਹੜੀ ਸਿੱਧੀ ਦਿੱਤੀ ਹੋਈ ਹੈ ਓਹ ਤੇਰੀ ਹੀ ਸਿੱਧੀ ਹੈ ਅਤੇ ਸਾਰਿਆਂ ਕਰਮ ਕਾਂਡੀਆਂ ਵਿਚ ਤੇਰਾ ਕਰਮ ਵੱਡਾ ਹੈ ਭਾਵ ਨਿਤ ਕਰਮੀਆਂ ਵਿਚ ਵੀ ਤੂੰ ਵਡਾ ਨਿਤ ਕਰਮੀ ਹੈ। ਹੇ ਮਾਲਕਾ ਜਿਤਨੀਆਂ ਆਗਿਆ ਹਨ ਜਾਂ ਜਿਤਨੇ ਆਗਿਆ ਦੇਣ ਵਾਲੇ ਹਨ ਸਾਰਿਆਂ ਵਿਚ ਤੂੰ ਵਡਾ ਆਗਿਆ ਦੇਣ ਵਾਲਾ ਹੈ। ਸਾਰਿਆਂ ਦੇ ਉਤੇ ਤੇਰੀ ਆਗਿਆ ਹੈ ਅਤੇ ਜਿਤਨੇ ਰਾਜੇ ਮਹਾਰਾਜੇ ਹੁਕਮ ਦੇਣ ਵਾਲੇ ਹਨ ਸਾਰਿਆਂ ਦੇ ਸਿਰ ਉਤੇ ਤੇਰਾ ਹੁਕਮ ਹੈ।

**ਜਿਉ ਬੋਲਾਵਹਿ ਤਿਉ ਬੋਲਹਿ ਸੁਆਮੀ ਕੁਦਰਤਿ ਕਵਨ ਹਮਾਰੀ ॥ ਸਾਧ ਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ ॥ ੮ ॥ ੧ ॥ ੮ ॥**

ਹੇ ਮਾਲਕਾ ਜਿੱਕੁਰ ਤੂੰ ਬੁਲਾਂਦਾ ਹੈਂ ਓਸੇ ਤਰਾਂ ਅਸੀ ਬੋਲਦੇ ਹਾਂ ਸਾਡੀ ਆਪ ਬੋਲਨ ਦੀ ਕੀ ਸ਼ਕਤੀ ਹੈ। ਗੁਰੂ ਜੀ=ਜੋਹੜੀ ਆਪ ਦੀ ਬਹੁਤ ਪਿਆਰੀ ਸਤ ਸੰਗਤ ਹੈ ਉਸ ਵਿੱਚ ਮਿਲਕੇ ਅਸਾਂ ਤੇਰਾ ਜਸ ਗਾਇਆ ਹੈ।

## ਗੂਜਰੀ ਮਹਲਾ ੫ ਘਰੁ ੪

## ੧ ੴ ਸਤਿਗੁਰਪ੍ਰਸਾਦਿ

**ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ ॥ ਭੈ ਤ੍ਰਾਸ ਨਾਸ ਕ੍ਰਿਪਾਲ ਗੁਣਨਿਧਿ ਸਫਲ ਸੁਆਮੀ ਸੇਵ ॥੧॥**

ਹੇ ਮਾਲਕ ਨਰਹਰ=ਨਰ ਸਿੰਘ ਰੂਪ ਹੇ ਗਰੀਬਾਂ ਦੇ ਪਿਆਰੇ ਹੇ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲੇ ਹੇ ਪ੍ਰਕਾਸ਼ ਰੂਪ ਹੇ ਡਰ ਵਾਲਿਆਂ ਦਾ ਡਰ ਦੂਰ ਕਰਨ ਵਾਲੇ ਹੇ ਗੁਣਾਂ ਦੀ ਨਿਧੀ ਕਿਰਪਾਲੂ ਮਾਲਕ ਤੇਰੀ ਹੀ ਸੇਵਾ ਸਫਲੀ ਹੈ।

**ਹਰਿ ਗੋਪਾਲ ਗੁਰ ਗੋਬਿੰਦ ॥ ਚਰਣ ਸਰਣ ਦਇਆਲ ਕੇਸਵ ਤਾਰਿ ਜਗ ਭਵਸਿੰਧ ॥ ੧ ॥ ਰਹਾਉ ॥**

ਹੇ ਹਰੀ ਧਰਤੀ ਨੂੰ ਪਾਲਣ ਵਾਲੇ ਵੱਡੇ ਗੁਰੂ ਹਨੇਰੇ ਵਿਚ ਪ੍ਰਕਾਸ਼

Digitized by Panjab Digital Library | www.panjabdigilib.org

ਦੇਣ ਵਾਲੇ ਜਾਂ ਧਰਤੀ ਦੇ ਜੀਆਂ ਕਰਕੇ ਜਾਣੇ ਜਾਣ ਵਾਲੇ ਹੇ ਦਿਆਲੂ ਪਾਣੀ ਵਿਚ ਸੌਂਣ ਵਾਲੇ ਡਰੌਣੇ ਸੰਸਾਰ ਸਮੁੰਦ੍ਰ ਤੋਂ ਮੈਨੂੰ ਤਾਰ ਲੈ ਮੈਂ ਆਪਦੇ ਚਰਨਾਂ ਦੀ ਸ਼ਰਨ ਲਈ ਹੈ।

**ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥ ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾ ਨੰਦ ॥ ੨ ॥**

ਹੇ ਕਾਮ ਕ੍ਰੋਧਾਂ ਦੇ ਹਰਨ=ਨਾਸ ਕਰਨ ਵਾਲੇ ਦਾਸਾਂ ਦੇ ਹੰਕਾਰ ਤੇ ਮੋਹ ਨੂੰ ਦਹਨ=ਸਾੜਨ ਵਾਲੇ ਹੇ ਹੰਕਾਰ ਦੈਂਤ ਦੇ ਨਾਸ ਕਰਨਵਾਲੇ ਮੇਰਾ ਮਨ ਭੌਰਾ ਤੇਰੇ ਚਰਨਾਂ ਕਮਲਾਂ ਦੀ ਮਕਰੰਦ=ਧੂੜੀ ਜਾਂ ਰਸ ਲੋੜਦਾ ਹੈ,ਹੇ ਧਰਤੀ ਦਾ ਭਾਰ ਚੁੱਕਣ ਵਾਲਿਆ ਵੱਡਾ ਅਨੰਦ ਦੇਣ ਵਾਲਿਆ ਪ੍ਰਮੇਸ਼ਰਾ ਮਾਲਕਾ ਮੇਰਾ ਜਨਮ ਮਰਨ ਦੂਰ ਕਰ ਅਤੇ ਮੇਰੀ ਇੱਜ਼ਤ ਰੱਖ ਭਾਵ ਲੱਜਿਆ ਰੱਖ।

**ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥ ਛੇਦਿ ਅਹੰਬੁਧਿ ਕਰੁਣਾਮੈ ਚਿੰਤ ਮੇਟਿ ਪੁਰਖ ਅਨੰਤ ॥ ੩ ॥**

ਬਹੁਤ ਤਰ੍ਹਾਂ ਹੇ ਮਾਇਆ ਦੇ ਤਰੰਗਾ=ਸੰਕਲਪਾਂ ਵਿਕਲਪਾਂ ਵਿਚ ਪਿਆ ਹੋਇਆ ਤ੍ਰਿਸ਼ਨਾ ਅੱਗ ਨਾਲ ਸੜਦਾ ਹਾਂ ਹੇ ਪ੍ਰਮੇਸ਼ਰਾ ਗੁਰਾਂ ਦੇ ਮੰਤ੍ਰ ਦੁਆਰੇ ਮੇਰੇ ਰਿਦੇ ਵਿਚ ਗਿਆਨ ਆਇਆ ਹੈ। ਹੇ ਕਿਰਪਾ ਕਰਨ ਵਾਲੇ ਬਿਅੰਤ ਅਕਾਲ ਪੁਰਖ ਮੇਰੀ ਹੰਗਤਾ ਵਾਲੀ ਅਕਲ ਨੂੰ ਵਿੰਨ੍ਹ ਸੁੱਟ ਅਤੇ ਸਾਰੀ ਹਰ ਤਰਾਂ ਦੀ ਚਿੰਤਾ ਵੀ ਮਿਟਾ ਦੇਹ।

**ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥ ਦੀਨਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ ॥ ੪ ॥**

ਹੇ ਸਮਰਥ ਮਾਲਕਾ ਪਲ ਤੇ ਅਧੀ ਘੜੀ ਵਿਚ ਤੇਰਾ ਸਿਮਰਨ ਕਰੀਏ ਭਾਵ ਸਦਾ ਸਦਾ ਤੇਰਾ ਧਿਆਨ ਕਰਦਿਆਂ ਹੋਇਆਂ ਸੁਭਾਵਕ ਹੀ ਸਮਾਧੀ ਲਗ ਜਾਂਦੀ ਹੈ ਹੇ ਪੂਰਨ ਦੀਨ ਦਿਆਲੂ ਜਦੋਂ ਤੂੰ ਪ੍ਰਸੰਨ ਹੁੰਦਾ ਹੈਂ ਤਾਂ ਤੇਰੇ ਪਾਸੋਂ ਸਾਧੂਆਂ ਦੀ ਚਰਨ ਧੂੜ ਮੰਗੀਏ।

**ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥ ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥੫॥**

Digitized by Panjab Digital Library | www.panjabdigilib.org

ਦੁਰੰਤ=ਜਿਸ ਦਾ ਅੰਤ ਦੂਰ ਹੈ ਇੱਕੁਰ ਜੇਹੜੀ ਮੋਹ ਕਰਕੇ ਆਸਾ ਲੱਗੀ ਹੋਈ ਹੈ ਸੋ ਇਹ ਝੂਠੀ ਹੈ ਅਤੇ ਵਾਸ਼ਨਾਂ ਨਾਲ ਵਿਕਾਰਾਂ ਵਿਚ ਲਗ ਜਾਈਦਾ ਹੈ। ਹੇ ਮਾਲਕ ਨਿਰੰਕਾਰ ਮੇਰਾ ਦਾਸਾਂ ਵਾਲਾ ਧਰਮ ਰੱਖ,ਮਨ ਤੋਂ ਭਰਮ ਨੂੰ ਦੂਰ ਕਰਕੇ ਮੈਨੂੰ ਉਧਾਰ ਲੈ।

## ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ ॥ ਖਲ ਮੁਗਧ ਮੂੜ ਕਟਾਖ੍ ਸ੍ਰੀ ਧਰ ਭਏ ਗੁਣ ਮਤਿ ਧੀਰ ॥ ੬ ॥

ਜਿਨਾਂ ਦੇ ਸਰੀਰ ਉਤੇ ਚੀਰ=ਕਪੜਾ ਭੀ ਨਹੀਂ ਹੁੰਦਾ ਸੀ ਸੋ ਹੇ ਪ੍ਰਮੇਸ਼ਰਾ ਤੇਰਾ ਨਾਮ ਨਿਧੀ ਰੂਪ ਦਾ ਖਜ਼ਾਨਾ ਮਿਲਨ ਨਾਲ ਧਨਾਢਿ ਧਨੀਆਂ ਦੇ ਆਢਿ=ਆਸਰਾ ਰੂਪ ਹੋ ਗਏ ਹਨ, ਜੇਹੜੇ ਬਹੁਤ ਮੂਰਖਾਂ ਤੋਂ ਮੂਰਖ ਸੀ ਸੋ ਹੇ ਲਛਮੀ ਨੂੰ ਆਸਰਾ ਦੇਣ ਵਾਲਿਆ ਪ੍ਰਮੇਸਰਾ ਤੇਰੀ ਕਿਰਪਾ ਦੀ ਨਜ਼ਰ ਨਾਲ ਓਹ ਗੁਣੀ ਤੇ ਅਕਲ ਦੇ ਧੀਰਜ ਵਾਲੇ ਹੋ ਗਏ ਹਨ। ਖਲ=ਮੂਰਖ॥ ਮੂੜ=ਮੂਰਖ॥ਮੁਗਧ ਬਹੁਤ ਮੂਰਖ॥ਕਟਾਖ=ਨੇਤ੍ਰ ਫੇਰਕੇਵੇਖਣਾ॥

## ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ ॥ ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹਿ ਰੀਤਿ ॥ ੭ ॥

ਹੇ ਜਗਤ ਦੇ ਈਸ਼ਰ ਜਿਨਾਂ ਨੇ ਮਨ ਵਿਚ ਪ੍ਰਤੀਤ ਜਾਂ ਸਰਧਾ ਧਾਰਕੇ ਦਿਲ ਨਾਲ ਤੇਰਾ ਨਾਮ ਜਪਿਆ ਹੈ ਓਹ ਜੀਵਣ ਮੁਕਤੀ ਨੂੰ ਪੁੱਜ ਗਏ ਹਨ, ਓਨ੍ਹਾਂ ਦੀ ਸਾਰਿਆਂ ਜੀਆਂ ਉਤੇ ਦਇਆ ਰਹਿੰਦੀ ਹੈ ਸਾਰਿਆਂ ਨੂੰ ਆਪਣਾ ਆਤਮਾ ਮੰਨਕੇ ਸਾਰਿਆਂ ਉਤੇ ਕਿਰਪਾ ਰੱਖਦੇ ਹਨ ਤੇ ਤੈਨੂੰ ਹਰ ਥਾਂ ਫੈਲਿਆ ਹੋਇਆ ਹਰ ਕੰਮ ਦੇ ਕਰਨ ਵਾਲਾ ਵੇਖਦੇ ਹਨ ਏਹੋ ਹੀ ਓਨਾਂ ਵੱਡਿਆਂ ਹੰਸਾਂ ਦੀ ਚੰਗੀ ਰੀਤੀ ਹੈ।

## ਦੇਤ ਦਰਸਨੁ ਸ੍ਰਵਨ ਹਰਿ ਜਸੁ ਰਸਨਨਾਮ ਉਚਾਰ॥ ਅੰਗ ਸੰਗ ਭਗਵਾਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ ॥ ੮ ॥ ੧ ॥ ੨ ॥ ੫ ॥ ੧ ॥ ੧ ॥ ੨ ॥ ੫੭ ॥

ਹੇ ਮਾਲਕਾ ਜੇਹੜੇ ਆਦਮੀ ਤੇਰਾ ਜਸ ਕੰਨਾਂ ਨਾਲ ਸੁਣਦੇ ਹਨ ਤੇ ਰਸਨਾ ਨਾਲ ਤੇਰਾ ਨਾਮ ਉਚਾਰਦੇ ਹਨ ਓਨਾਂ ਨੂੰ ਤੂੰ ਅਪਣਾ ਦਰਸ਼ਨਦੇਂਦਾ ਹੈਂ ਗੁਰੂ ਜੀ ਆਖਦੇ ਹਨ ਹੇ ਭਗਵਨ ਪਾਪੀਆਂ ਦੇ ਉਧਾਰ ਕਰਨ ਵਾਲਿਆ ਮਾਲਕਾ ਓਹੋ ਹੀ ਤੇਰੇ ਅੰਗਾਂ ਦੇ ਨਾਲ ਛੁਹੰਦੇ ਹਨ ਤਾਂ ਜੇਹੜੇ ਪਿਛੇ ਦੱਸੇ

Digitized by Panjab Digital Library | www.panjabdigilib.org

ਸੰਤਾਂ ਦੇ ਅੰਗਾਂ ਨੂੰ ਛੁਹੰਦੇ ਭਾਵ ਮੁੱਠੀਆਂ ਭਰਦੇ ਪੈਰ ਧੋਂਦੇ ਹਨ ਭਾਵੇਂ ਓਹ ਪਾਪੀ ਵੀ ਸਨ ਤਾਂ ਵੀ ਤੂੰ ਓਨਾਂ ਨੂੰ ਤਾਰਦਾ ਹੈਂ। ਸੰਗ=ਨਾਲ ਅੰਗਾਂ ਦੇ ਲੱਗਣਾ। ਪਰਸਨ=ਛੋਹਣਾ ਅੰਗਾਂ ਭਾਵ ਪੈਰਾਂ ਨੂੰ ਹੱਥ ਲੌਣੇ। ਪਤਿਤ=ਪਾਪੀ।

—o—

# ਗੂਜਰੀਕੀ ਵਾਰ ਮਹਲਾ ੩
# ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ

ਸਿਕੰਦਰ ਤੇ ਬਰਾਹਮ ਦੋ ਰਾਜੇ ਸਨ ਬਰਾਹਮ ਵਿਸ਼ਈ ਸੀ ਲੋਕਾਂ ਦੀਆਂ ਇਸਤ੍ਰੀਆਂ ਦਾ ਸਤ ਭੰਗ ਕਰਦਾ ਸੀ, ਇਕ ਦਿਨ ਇਕ ਬਰਾਹਮਣ ਦੀ ਔਰਤ ਨੂੰ ਖੋਹ ਲੈਣ ਲੱਗਾ। ਬ੍ਰਹਮਨ ਨੇ ਭੱਜਕੇ ਸਿਕੰਦਰ ਦੀ ਸ਼ਰਣ ਲਈ।ਸਿਕੰਦਰ ਨੇ ਬ੍ਰਾਹਮਣ ਦੀ ਔਰਤ ਵਾਸਤੇ ਬਿਹਰਾਮ ਨਾਲ ਜੰਗ ਕੀਤਾ ਅਰ ਫਤੇ ਪਾਈ ਪ੍ਰੇਮ ਨਾਲ ਓਹ ਵਾਰ ਢਾਢੀਆਂ ਨੇ ਬਣਾਈ ਪ੍ਰੇਮ ਨਾਲ ਗਾਈ ਸ੍ਰੀਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੁਣਾਈ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹਾਈ।

ਪਉੜੀ

ਪਾਪੀ ਖਾਨ ਬਰਾਹਮ ਪਰ ਚੜਿਆ ਸਿਕੰਦਰ
ਭੇੜ ਦੁਹਾਂ ਦਾ ਮਚਿਆ ਵਡ ਰਣ ਦੇ ਅੰਦਰ
ਫੜਿਆ ਖਾਨ ਬ੍ਰਹੱਮ ਨੂੰ ਕਰ ਫਤੇ ਸਿਕੰਦਰ
ਬੱਧਾ ਸੰਗਲ ਪਾਇਕੇ ਜਣ ਕੀਲੇ ਬੰਦਰ
ਅਪਣਾ ਹੁਕਮ ਮਨਾਇਕੇ ਛਡਿਆ ਜਗ ਅੰਦਰ

## ੧ਓ ਸਤਿਗੁਰਪ੍ਰਸਾਦਿ ॥

## ਸਲੋਕੁ ਮਃ ੩ ॥

## ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥
## ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ ॥

Digitized by Panjab Digital Library | www.panjabdigilib.org

ਓਇ ਸਦਾ ਸਦਾ ਜਨ ਜੀਵਤੇ ਜੋ ਹਰਿ ਚਰਣੀ ਚਿਤੁ ਲਾਹਿ ॥ ਨਾਨਕ ਨਦਰੀ ਮਨਿ ਵਸੈ ਗੁਰਮੁਖਿ ਸਹਜਿ ਸਮਾਹਿ ॥ ੧ ॥

ਇਹ ਜਗਤ ਮੇਰੀ ਮੇਰੀ ਕਰਕੇ ਮਰ ਗਿਆ ਹੈ ਇਸਨੇ ਜੀਵਨ ਦੀ ਰੀਤੀ ਨਹੀਂ ਸਿੱਖੀ। ਜੋ ਆਦਮੀ ਗੁਰਾਂ ਦੇ ਹੁਕਮ ਵਿੱਚ ਚੱਲੇ ਤਾਂ ਮੁਕਤੀ ਪਾ ਲੈਂਦਾ ਹੈ। ਜਿਹੜੇ ਭਗਤ ਜਨ ਵਾਹਿਗੁਰੂ ਦੇ ਚਰਨਾਂ ਵਿਚ ਚਿਤ ਲਾਉਂਦੇ ਹਨ ਓਹ ਹਮੇਸ਼ਾਂ ਜੀਉਂਦੇ ਹਨ। ਗੁਰੂ ਜੀ ਆਖਦੇ ਹਨ ਜਿਨਾਂ ਗੁਰਮੁਖਾਂ ਦੇ ਮਨ ਵਿਚ ਵਾਹਿਗੁਰੂ ਵਸਦਾ ਹੈ ਓਹ ਸੁਖ ਸ਼ਾਂਤੀ ਗਿਆਨ ਵਿਚ ਸਮਾਇ ਰਹਿੰਦੇ ਹਨ ॥ ੧ ॥

ਮ: ੩ ॥ ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ ॥ ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ ॥ ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥ ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥ ੨ ॥

ਮਨਮੁਖਾਂ ਦੇ ਅੰਦਰ ਸੰਸਾ ਦੁਖ ਹੈ ਓਹ ਆਪੇ ਹੀ ਆਪਣਾ ਸਿਰ ਧੰਧਿਆਂ ਵਿਚ ਮਾਰਦੇ ਹੀ ਖਪਦੇ ਹੈਨ। ਦ੍ਵੈਤ ਭਾਉ ਵਿਚ ਸੁਤੇ ਹੋਇ ਕਦੀ ਵੀ ਜਾਗਦੇ ਨਹੀਂ, ਮਾਇਆ ਦੇ ਮੋਹ ਵਿਚ ਪਿਆਰ ਹੈ। ਨ ਨਾਮ ਨੂੰ ਸਿਮਰਦੇ ਹਨ ਨ ਸ਼ਬਦ ਵਿਚਾਰਦੇ ਹਨ, ਇਹ ਮਨਮੁਖਾਂ ਦਾ ਕੰਮ ਹੈ। ਵਾਹਿਗੁਰੂ ਦਾ ਨਾਮ ਨ ਪਾਇਆ ਜਨਮ ਐਵੇਂ ਗਵਾ ਦਿਤਾ। ਗੁਰੂ ਜੀ ਆਖਦੇ ਹਨ ਜਮ ਮਾਰਕੇ ਖੁਆਰ ਕਰੇਗਾ ॥ ੨ ॥

ਪਉੜੀ ॥ ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥ ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥ ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥ ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ॥ ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ॥ ੧ ॥

Digitized by Panjab Digital Library | www.panjabdigilib.org

ਜਦੋਂ ਵਾਹਿਗੁਰੂ ਨੇ ਆਪਣਾਂ ਆਪ ਪ੍ਰਗਟ ਕੀਤਾ ਸੀ ਓਦੋਂ ਹੋਰ ਕੋਈ ਨਹੀਂ ਸੀ। ਇਕ ਨਾਲ ਸਲਾਹ ਕਰਨੀ ਬਹੁਤਿਆਂ ਨਾਲ ਸਲਾਹ ਕਰਨੀ ਓਦੋਂ ਇਹ ਆਪ ਹੀ ਆਪਣੇ ਨਾਲ ਕਰਦਾ ਸੀ ਫਿਰ ਜੋ ਕਰਦਾ ਸੀ ਸੋ ਹੁੰਦਾ ਸੀ। ਤਦੋਂ ਨਾ ਹੀ ਅਕਾਸ਼ ਪਤਾਲ ਸਨ ਅਤੇ ਨਾ ਹੀ ਤਿੰਨ ਲੋਕ ਸਨ । ਓਦੋਂ ਨਿਰੰਕਾਰ ਆਪੇ ਹੀ ਆਪ ਸੀ ਹੋਰ ਕਿਸੇ ਤਰਾਂ ਦੀ ਦੁਨੀਆਂ ਪ੍ਰਗਟ ਨਹੀਂ ਹੋਈ ਸੀ । ਜਿਸਤਰਾਂ ਉਸਨੂੰ ਭਾਉਂਦਾ ਹੈ ਓਸੇ ਹੀ ਤਰਾਂ ਕਰਦਾ ਹੈ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ॥ ੧ ॥

## ਸਲੋਕੁ ਮਃ ੩ ॥

**ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦਿ ਕਮਾਇ ॥ ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ॥ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥ ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ ਅਵਰੀ ਕਉ ਚਿਤੁ ਲਾਇ ॥ ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ ॥ ੧ ॥**

ਮੇਰਾ ਵਾਹਿਗੁਰੂ ਹਮੇਸ਼ਾਂ ਹਰ ਥਾਂ ਹਾਜਰ ਹੈ ਗੁਰਾਂ ਦਾ ਸ਼ਬਦ ਕਮਾਉਣ ਕਰਕੇ ਦਿਸਦਾ ਹੈ। ਉਸਦੀ ਹਾਨੀ ਕਦੀ ਨਹੀਂ ਹੁੰਦੀ ਨ ਜੰਮਦਾ ਹੈ ਨਾ ਮਰਦਾ ਹੈ । ਜੋ ਸਾਰਿਆਂ ਵਿਚ ਸਮਾ ਰਿਹਾ ਹੈ ਉਸਨੂੰ ਹਮੇਸ਼ਾਂ ਸੇਵੀਏ। ਜੇਹੜਾ ਜੰਮਦਾ ਅਤੇ ਮਰਜਾਂਦਾ ਹੈ ਈਕਣਦੇ ਹੋਰਕਿਸੇ ਦੂਜੇ ਨੂੰ ਕਿਉਂ ਸੇਵੀਏ। ਜੇਹੜੇ ਆਪਣਾਂ ਮਾਲਕ ਨਹੀਂ ਜਾਣਦੇ ਅਤੇ ਹੋਰਨਾਂ ਵਿਚ ਚਿਤ ਲਾਉਂਦੇ ਹਨ ਓਨਾਂ ਦਾ ਜੀਵਣਾਂ ਬਿਅਰਥ ਹੈ । ਗੁਰੂ ਜੀ ਆਖਦੇ ਹਨ ਇਹ ਨਹੀਂ ਜਾਣਿਆਂ ਜਾਂਦਾ ਜੋ ਵਾਹਿਗੁਰੂ ਓਨਾਂ ਨੂੰ ਕਿੰਨੀ ਸਜਾ ਦੇਵੇਗਾ ॥ ੧ ॥

**ਮਃ ੩ ॥ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ॥ ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥ ੨ ॥**

ਸੱਚਾ ਨਾਮ ਸਿਮਰੀਏ ਕਿਉਂਕਿ ਓਹ ਸਭ ਰੂਪ ਹੋਕੇ ਸਾਰਿਆਂ ਵਿਚ

Digitized by Panjab Digital Library | www.panjabdigilib.org

ਵਰਤ ਰਿਹਾ ਹੈ।ਗੁਰੂ ਜੀ ਆਖਦੇ ਹਨ ਵਾਹਿਗੁਰੂਦਾ ਹੁਕਮ ਸਮਝਕੇ ਪਰਵਾਣ ਹੋਵੇ ਤਾਂ ਸਰ ਫਲ ਮੁਕਤੀ ਪਾ ਲੈਂਦਾ ਹੈ। ਜੇਹੜਾ ਅੰਨ੍ਹਾਂ ਕੱਚ ਤੋਂ ਵੀ ਕੱਚਾ ਹੈ ਓਹ ਵਾਹਿਗੁਰੂ ਦੇ ਹੁਕਮ ਨੂੰ ਨਹੀਂ ਸਮਝਦਾ ਅਤੇ ਕਥਾ ਕਵੀਸ਼ਰੀਆਂ ਕਰਦਾ ਫਿਰਦਾ ਹੈ ॥ ੨ ॥

**ਪਉੜੀ ॥ ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥ ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥ ੨ ॥**

ਦੁਨੀਆਂ ਦੇ ਮੁੱਢ ਅਗਜਾਨ ਤੋਂ ਦੁਨੀਆਂ ਨੂੰ ਰਚਿਆ ਅਤੇ ਫਿਰ ਮਿਲਨਾਂ ਵਿਛੜਨਾਂ ਪਰਗਟ ਕਰ ਦਿਤਾ। ਵਾਹਿਗੁਰੂ ਨੇ ਆਪਣੇ ਹੁਕਮ ਨਾਲ ਦੁਨੀਆਂ ਬਣਾਈ ਹੈ ਅਤੇ ਫਿਰ ਜੋਤੀਨੇ ਆਪਣੀ ਜੋਤ ਵਿਚ ਮਿਲਾਈ ਹੈ। ਵਾਹਿਗੁਰੂ ਦੀ ਜੋਤ ਕਰਕੇ ਹੀ ਸਾਰਿਆਂ ਨੂੰ ਚਾਨਣ ਹੋ ਰਿਹਾ ਹੈ ਅਥਵਾ ਸਾਰਿਆਂ ਵਿੱਚ ਚਾਨਣ ਹੋ ਰਿਹਾ ਹੈ, ਪਰ ਜਿਨਾਂ ਨੂੰ ਸਤਿਗੁਰਾਂ ਨੇ ਸ਼ਬਦ ਸੁਣਾਇਆ ਹੈ ਓਨ੍ਹਾਂ ਨੂੰ ਇਹ ਪਤਾ ਲਗਾ ਹੈ। ਫਿਰ ਓਸੇ ਵਾਹਿਗੁਰੂ ਨੇ ਬ੍ਰਹਮਾਂ ਬਿਸ਼ਨ ਸ਼ਿਵਜੀ ਨੂੰ ਜੋ ਰਜੋ ਸਤੋ ਤਮੋ ਹਨ ਵੱਖੋ ਵੱਖ ਧੰਧਿਆਂ ਵਿਚ ਲਾ ਦਿਤਾ ਹੈ ਅਥਵਾ ਸਿਰ ਤੇ ਧੰਧੇ ਲਿਖ ਦਿਤੇ ਹਨ ਅਤੇ ਜਗਤ ਦੇ ਕੰਮਾਂ ਨੂੰ ਸਿਰੋਮਣੀ ਬਣਾ ਦਿਤਾ ਹੈ। ਮਾਇਆ ਜੋ ਸਾਰਿਆਂ ਦਾ ਮੁੱਢ ਹੈ ਤਿਸਤੋਂ ਜਗਤ ਨੂੰ ਉਤਪਤ ਕੀਤਾ ਹੈ, ਜਗਤ ਵਿਚ ਤੁਰੀਆ ਪਦ ਵਾਲਿਆਂ ਨੇ ਸੁਖ ਪਾਇਆ ਹੈ ॥ ੨ ॥

## ਸਲੋਕੁ ਮਃ ੩ ॥

**ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥ ਸਤਿਗੁਰ ਕੈ ਭਾਣੈ ਵਡਿਆਈ ਪਾਵੈ॥ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥ ੧ ॥**

ਸੋਈ ਜਪ ਸੋਈ ਤਪ ਹੈ ਜੇਹੜਾ ਸਤਿਗੁਰਾਂ ਨੂੰ ਚੰਗਾ ਲਗਦਾ ਹੈ। ਸਤਿਗੁਰਾਂ ਦੇ ਹੁਕਮ ਵਿੱਚ ਸਿਖ ਵਡਿਆਈ ਪਾਉਂਦਾ ਹੈ। ਗੁਰੂ ਜੀ ਆਖਦੇ ਹਨ ਸਿਖ ਹੰਕਾਰਛੱਡਕੇ ਗੁਰਾਂ ਨਾਲ ਮਿਲ ਜਾਂਦਾ ਹੈ ॥ ੧ ॥

Digitized by Panjab Digital Library | www.panjabdigilib.org

**ਮ: ੩ ॥ ਗੁਰਕੀ ਸਿਖ ਕੋ ਵਿਰਲਾ ਲੇਵੈ ॥ ਨਾਨਕ ਜਿਸੁ ਆਪਿ ਵਡਿਆਈ ਦੇਵੈ ॥ ੨ ॥**

ਗੁਰਾਂ ਦੀ ਸਿਖਿਆ ਕੋਈ ਵਿਰਲਾ ਹੀ ਲੈਂਦਾ ਹੇ । ਗੁਰੂ ਜੀ ਆਖਦੇ ਹਨ ਜਿਸਨੂੰ ਆਪ ਵਾਹਿਗੁਰੂ ਵਡਿਆਈ ਦੇਂਦਾ ਹੈ ॥ ੨ ॥

**ਪਉੜੀ॥ ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ॥ ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥ ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥੩॥**

ਅਗਜਾਨ ਕਰਕੇ ਮਾਇਆ ਦਾ ਮੋਹ ਬੜਾ ਭਾਰਾ ਹੋ ਰਿਹਾ ਹੈ । ਜੀਵ ਨੇ ਪਾਪਾਂ ਰੂਪ ਬੇੜਾ ਪੱਥਰ ਲੱਦਿਆ ਹੈ ਸੋ ਕੀਕਣ ਸੰਸਾਰ ਨਦੀ ਤੋਂ ਤਾਰੀ ਲਾਕੇ ਤਰੇ । ਰਾਤ ਦਿਨ ਵਾਹਿਗੁਰੂ ਦੀ ਭਗਤੀ ਵਿਚ ਰੱਤਿਆ ਹੋਇਆਂ ਵਾਹਿਗੁਰੂ ਆਪ ਹੀ ਪਾਰ ਉਤਾਰ ਲੈਂਦਾ ਹੈ । ਗੁਰਾਂ ਦਾ ਉਪਦੇਸ਼ ਸੁਣਕੇ ਜਿਨਾਂ ਨੇ ਹੰਗਤਾ ਆਦਿਕ ਵਿਕਾਰਾਂ ਨੂੰ ਛੱਡਿਆ ਹੈ ਓਨਾਂ ਦਾ ਮਨ ਨਿਰਮਲ ਹੋਯਾ ਹੈ। ਵਾਹਿਗੁਰੂ ਦਾ ਨਾਮ ਸਿਮਰੀਏ ਵਾਹਿਗੁਰੂ ਸਭ ਤਰਾਂ ਤਾਰ ਲੈਂਦਾ ਹੈ ॥ ੩ ॥

**ਸਲੋਕੁ ॥ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥ ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ ॥ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥ ੧ ॥**

ਕਬੀਰ ਮੁਕਤਿ ਦਾ ਬੂਹਾ ਬੜਾ ਭੀੜਾ ਹੈ ਰਾਈ ਦੇ ਦਸਵੇਂ ਹਿੱਸੇ ਜਿਤਨਾਂ। ਮਨ ਤਾਂ ਹਾਥੀ ਹੋ ਰਿਹਾ ਹੈ ਓਥੋਂ ਦੀ ਕੀਕਣ ਲੰਘਿਆ ਜਾਉ ? ਈਕਣ ਦਾ ਗੁਰੂ ਨਾਨਕ ਦੇਵ ਵਰਗਾ ਗੁਰੂ ਜੇ ਮਿਲੇ ਅਤੇ ਪ੍ਰਸੰਨ ਹੋਕੇ ਨਾਮ ਦੀ ਦਾਤ ਕਰੇ ਤਾਂ ਮੁਕਤੀ ਦਾ ਦਰਵਾਜਾ ਬੜਾ ਖੁੱਲਾ ਹੋ ਜਾਂਦਾ ਹੈ ਤਾਂ ਫਿਰ ਸੁਖਾਲੇ ਹੀ ਆਓ ਜਾਓ ॥੧॥

Digitized by Panjab Digital Library | www.panjabdigilib.org

ਮ: ੩॥ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨਾ ਹੋਇ ਸੁ ਜਾਇ ॥ ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁਦੇ ਜਾਇ ॥ ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ ॥ ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ॥ ੨ ॥

ਗੁਰੂ ਜੀ ਆਖਦੇ ਹਨ ਮੁਕਤੀ ਦਾ ਬੂਹਾ ਬੜਾ ਨਿੱਕਾ ਹੈ ਜੇਹੜਾ ਬੜਾ ਨਿੱਕਾ ਬਣੇ ਓਹ ਵਿਚਦੀ ਲੰਘ ਜਾਂਦਾ ਹੈ, ਅਥਵਾ ਗਿਆਨ ਹੋਣਾਂ ਬੜਾ ਔਖਾ ਹੈ ਜੇਹੜਾ ਨਿਮ੍ਰਤਾ ਕਰੇ ਉਸਨੂੰ ਹੋ ਜਾਂਦਾ ਹੈ । ਹੰਗਤਾ ਮਮਤਾ ਕਰਕੇ ਮਨ ਬੜਾ ਮੋਟਾ ਹੋਯਾ ਹੋਯਾਹੈ ਕੀਕਣ ਵਿਚ ਦੀ ਲੰਘ ਸੱਕੇ ? ਸਤਗੁਰਾਂ ਦੇ ਮਿਲਨ ਨਾਲ ਹੰਗਤਾ ਨਾਸ ਹੋ ਗਈ ਅਤੇ ਇਹ ਦੇਖਿਆ ਕਿ ਸਾਰੇ ਵਾਹਿ-ਗੁਰੂ ਦੀ ਜੋਤ ਸਮਾ ਰਹੀਹੈ ਭਾਵ ਸਭ ਦੁਨੀਆਂ ਵਾਹਿਗੁਰੂ ਰੂਪ ਹੈ । ਇਹ ਜੀਅ ਸਦਾ ਹੀ ਮੁਕਤ ਹੈ ਸਹਿਜੇ ਹੀ ਵਾਹਿਗੁਰੂ ਵਿਚ ਸਮਾ ਰਿਹਾ ਹੈ ॥੨॥

ਪਉੜੀ ॥ ਪ੍ਰਭਿ ਸੰਸਾਰੁ ਉਪਾਇਕੈ ਵਸਿ ਅਪਣੈ ਕੀਤਾ॥ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ ॥ ਸਤਿ-ਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ॥ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥ ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ ॥ ੪ ॥

ਵਾਹਿਗੁਰੂ ਨੇ ਸੰਸਾਰ ਨੂੰ ਪੈਦਾ ਕਰਕੇ ਆਪਣੇ ਵੱਸ ਵਿਚ ਕੀਤਾ ਹੈ। ਗਿਣਤੀਆਂ ਨਾਲ ਵਾਹਿਗੁਰੂ ਨੂੰ ਨਹੀਂ ਪਾਈਦਾ ਦ੍ਵੈਤ ਵਿਚ ਭਰਮੀਦਾ ਹੈ। ਸਤਿਗੁਰਾਂ ਨੂੰ ਮਿਲਕੇ ਹੁਕਮ ਸਮਝੇ ਅਤੇ ਜੀਵਤ ਭਾਉ ਤੋਂ ਮਰੇ ਓਹ ਸਚ ਵਿਚ ਸਮਾ ਜਾਂਦਾ ਹੈ । ਸਬਦ ਕਰਕੇ ਹੰਗਤਾ ਨਾਸ ਕਰੀਏ ਫਿਰ ਵਾਹਿਗੁਰੂ ਨਾਲ ਮਿਲ ਜਾਈਦਾ ਹੈ। ਵਾਹਿਗੁਰੂ ਸਭ ਕੁਛ ਆਪੇ ਹੀ ਜਾਣਦਾ ਹੈ, ਆਪੇ ਹੀ ਕਰਦਾ ਹੈ ਅਤੇ ਆਪੇ ਹੀ ਖੁਸ਼ ਹੁੰਦਾ ਹੈ ॥ ੪ ॥

ਸਲੋਕੁ ਮ: ੩ ॥

ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ ॥ ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ

Digitized by Panjab Digital Library | www.panjabdigilib.org

ਪਾਇਆ ਆਇ ॥ ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ ॥ ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ ॥ ਜਿਨ ਸਤਿਗੁਰ ਸਿਉ ਚਿਤੁ ਲਾਇਆ ਤਿਨ ਸੁਖੁ ਵਸਿਆ ਮਨਿ ਆਇ॥ ਹਰਿ ਨਾਮੁ ਧਿਆਵਹਿ ਰੰਗ ਸਿਉ ਹਰਿ ਨਾਮਿ ਰਹੇ ਲਿਵ ਲਾਇ ॥ ਨਾਨਕ ਸਤਿਗੁਰ ਸੋ ਧਨੁ ਸਉਪਿਆ ਜਿ ਜੀਅ ਮਹਿ ਰਹਿਆ ਸਮਾਇ ॥ਰੰਗ ਤਿਸੈ ਕਉ ਅਗਲਾ ਵੰਨੀ ਚੜੈ ਚੜਾਇ ॥ ੧ ॥

ਜਿਸਨੇ ਗੁਰਾਂ ਨਾਲ ਚਿਤ ਨਹੀਂ ਲਾਇਆ ਅਤੇ ਨਾਹੀ ਆਕੇ ਮਨ ਵਿਚ ਨਾਮ ਵਸਿਆ ਹੈ ਈਕਣ ਦਾ ਜੀਵਿਆ ਧ੍ਰਿਗ ਹੈ,ਕਿਉਂਕਿ ਜੁਗ ਵਿਚ ਆਕੇ ਕੀ ਪਾਇਆ ਹੈ? ਓਹ, ਇਹ ਮਾਇਆ ਖੱਟੀ ਤਾਂ ਕੀ ਹੋਯਾ, ਮਾਇਆ ਤਾਂ ਖੋਟੀ ਰਾਸਿ ਹੈ ਇਕ ਪਲ ਵਿਚ ਇਸਦਾ ਪਾਜ ਲਹਿ ਜਾਂਦਾ ਹੈ ਭਾਵ ਜੀਕਣ ਝੂਠੇ ਗਹਿਣੇ ਦਾ ਪੋਲ ਜ਼ਾਹਰ ਹੋ ਜਾਂਦਾ ਹੈ ਈਕਣ ਹੀ ਮਾਇਆ ਦੂਰ ਹੋ ਜਾਂਦੀ ਹੈ। ਮਾਇਆ ਜਿਸਦੇ ਹੱਥੋਂ ਡਿਗ ਪੈਂਦੀ ਹੈ ਉਸਦਾ ਤਨ ਚਿੰਤਾ ਕਰਕੇ ਕਾਲਾ ਹੋ ਜਾਂਦਾ ਹੈ ਅਤੇ ਮੂੰਹ ਕਮਲਾ ਜਾਂਦਾ ਹੈ। ਜਿਨਾਂ ਨੇ ਸਤਿਗੁਰਾਂ ਨਾਲ ਚਿਤ ਲਾਇਆ ਹੈ ਓਨਾਂ ਦਾ ਮਨ ਆਕੇ ਸੁਖੀ ਵਸਿਆ ਹੈ। ਵਾਹਿਗੁਰੂ ਦਾ ਨਾਮ ਪ੍ਰੇਮ ਨਾਲ ਯਾਦ ਕਰਦੇ ਹਨ ਅਤੇ ਨਾਮ ਵਿਚ ਹੀ ਬ੍ਰਿਤੀ ਲਗਾ ਰਹਿੰਦੇ ਹਨ। ਗੁਰੂ ਜੀ ਆਖਦੇਹਨ ਗੁਰਾਂ ਨੇ ਓਹ ਨਾਮ ਧਨ ਦਿਤਾ ਹੈ ਜੇਹੜਾ ਜੀਅ ਦੇ ਵਿਚ ਸਮਾ ਰਿਹਾ ਹੈ। ਤਿਸਨੂੰ ਵਾਹਿਗੁਰੂਦੇ ਨਾਮ ਧਨ ਦਾ ਬੜਾ ਅਨੰਦ ਆਉਂਦਾ ਹੈ ਅਤੇ ਜੀਕਣ ਸੋਨਾਂ ਬਾਰਾਂ ਵੰਨੀਆਂ ਦਾ ਚੰਗਾ ਹੁੰਦਾ ਹੈ ਈਕਣ ਓਨਾਂ ਦਾ ਪ੍ਰੇਮ ਦਿਨ ਦਿਨ ਵਧਦਾ ਹੈ। ਬਾਰਾਂ ਵੰਨੀਆਂ ਦੇ ਸੋਨੇ ਦਾ ਮੁਲ ਵੀ ਬੜਾ ਹੁੰਦਾ ਹੈ ॥ ੧ ॥

ਮ: ੩ ॥ ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥ ਇਸਕੀ ਸੇਵਾ ਜੋ ਕਰੇ ਤਿਸਹੀ ਕਉ ਫਿਰਿ ਖਾਇ ॥ ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥ ਨਾਨਕ ਸੇਈ ਉਬਰੇ ਜਿ ਸਚਿ

Digitized by Panjab Digital Library | www.panjabdigilib.org

ਰਹੇ ਲਿਵਲਾਇ ॥ ੨ ॥

ਮਾਇਆ ਨਾਗਨੀ ਹੋ ਰਹੀ ਹੈ ਅਤੇ ਜਗਤ ਨੂੰ ਚੰਬੜ ਰਹੀ ਹੈ। ਜੇਹੜਾ ਇਸਦੀ ਸੇਵਾ ਕਰਦਾ ਹੈ ਓਸੇ ਨੂੰ ਫਿਰ ਇਹ ਖਾਂਦੀ ਹੈ। ਵਿਰਲਾ ਹੀ ਕੋਈ ਗੁਰਮੁਖ ਮੰਤ੍ਰਵਾਲਾ ਹੈ ਜਿਸਨੇ ਮਲ ਦਲਕੇ ਪੈਰੀਂ ਲਾਈ ਹੈ। ਗੁਰੂ ਜੀ=ਓਹੋ ਹੀ ਬਚੇ ਹਨ ਜੇਹੜੇ ਸੱਚੇ ਵਿਚ ਬ੍ਰਿਤੀ ਲਗਾ ਰਹੇ ਹਨ ॥੨॥

ਪਉੜੀ ॥ ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ ॥ ਅੰਦਰਿ ਧੀਰਕ ਹੋਇ ਪੂਰਾ ਪਾਇਸੀ ॥ ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਮਾਇਸੀ ॥ ਜਾ ਹੋਵੈ ਖਸਮੁ ਦਇਆਲੁ ਤਾ ਮਹਲੁ ਘਰੁ ਪਾਇਸੀ॥ਸੋ ਪ੍ਰਭੁ ਮੇਰਾ ਅਤਿ ਵਡਾ ਗੁਰਮੁਖਿ ਮੇਲਾਇਸੀ ॥ ੫ ॥

ਜਸ ਕਰਨ ਵਾਲਾ ਬੇਨਤੀ ਕਰੇ ਆਪੇ ਕੋਈ ਵਾਹਿਗੁਰੂ ਨੂੰ ਸੁਣਾ ਦੇਵੇਗਾ ਜਾਂ ਸੁਣ ਲਏਗਾ ਜਾਂ ਸੁਣਾਉਂਦਾ ਹੈ। ਜਦੋਂ ਵਾਹਿਗੁਰੂ ਨੂੰ ਪਾਵੇਗਾ ਓਦੋਂ ਅੰਦਰ ਧੀਰਜ ਹੋਵੇਗਾ। ਜੋ ਧੁਰੋਂ ਲੇਖ ਲਿਖਿਆ ਹੈ ਜੀਵ ਓਹੋ ਕੰਮ ਕਰਦਾ ਹੈ। ਜਦੋਂ ਮਾਲਕ ਦਿਆਲੂ ਹੋਵੇਗਾ ਤਦੋਂ ਆਦਮੀ ਇਸ ਸਰੀਰ ਵਿਚ ਹੀ ਵਾਹਿਗੁਰੂ ਨੂੰ ਪਾ ਲਏਗਾ। ਓਹ ਪ੍ਰਭੂ ਮੇਰਾ ਬੜਾ ਵੱਡਾ ਹੈ ਗੁਰਮੁਖਾਂ ਨੂੰ ਨਾਲ ਮਿਲਾ ਲਏਗਾ ॥੫॥

ਸਲੋਕੁ ਮ: ੩ ॥

ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ॥ਨਾਨਕ ਹੁਕਮੁ ਨ ਮੰਨਈ ਤਾ ਘਰਿ ਹੀ ਅੰਦਰਿ ਦੂਰਿ ॥ ਹੁਕਮੁ ਭੀ ਤਿਨ੍ਹਾ ਮਨਾਇਸੀ ਜਿਨ ਕਉ ਨਦਰਿ ਕਰੇਇ ॥ ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ॥ ੧॥

ਸਭਨਾਂ ਦਾ ਮਾਲਕ ਇੱਕ ਹੈ ਹਮੇਸ਼ਾਂ ਹੀ ਪਾਸ ਰਹਿੰਦਾ ਹੈ। ਜੇਹੜੀਆਂ ਸਖੀਆਂ ਪਤੀ ਦਾ ਹੁਕਮ ਨਹੀਂ ਮੰਨਦੀਆਂ ਪਤੀ ਘਰ ਵਿਚ ਹੁੰਦਿਆਂ ਸੁੰਦਿਆਂ ਹੀ ਓਨ੍ਹਾਂ ਤੋਂ ਦੂਰ ਹੁੰਦਾ ਹੈ ਵਾ ਆਪ ਪਤੀ ਤੋਂ ਦੂਰ ਹੁੰਦੀਆਂ ਹਨ। ਭਾਵ ਜੇਹੜੇ ਆਦਮੀ ਵਾਹਿਗੁਰੂ ਦਾ ਹੁਕਮ ਨਹੀਂ ਮੰਨਦੇ ਓਨਾਂ ਦੇ ਭਾਵੇ ਸਰੀਰ ਵਿਚ ਹੀ ਵਾਹਿਗੁਰੂ ਹੈ ਪਰ ਓਨਾਂ ਨੂੰ ਦੂਰ ਮਲੂਮ ਹੁੰਦਾ ਹੈ। ਜਿਨ੍ਹਾਂ ਤੇ ਆਪਣੀ ਕਿਰਪਾ ਕਰਦਾ ਹੈ ਹੁਕਮ ਵੀ ਓਨਾਂ ਨੂੰ ਮਨਾਉਂਦਾ ਹੈ

Digitized by Panjab Digital Library | www.panjabdigilib.org

ਜਿਨ੍ਹਾਂ ਨੇ ਪ੍ਰੇਮ ਨਾਲ ਪਤੀ ਦਾ ਹੁਕਮ ਮੰਨਿਆਂ ਹੈ ਉਨਾਂ ਨੇ ਸੁਹਾਗਣਾਂ ਹੋਕੇ ਸੁਖ ਪਾਇਆ ਹੈ ॥ ੧ ॥

**ਮ:੩॥ ਰੈਣਿ ਸਬਾਈ ਜਲਿ ਮੁਈ ਕੰਤ ਨ ਲਾਇਓ ਭਾਉ॥ਨਾਨਕ ਸੁਖਿ ਵਸਨਿ*ਸੋਹਾਗਣੀ ਜਿਨ ਪਿਆਰਾ ਪੁਰਖੁ ਹਰਿ ਰਾਉ॥ ੨ ॥**

ਸਾਰੀ ਰਾਤ ਸੜ ਸੜ ਮਰਦੀ ਰਹੀ ਜਿਸਨੇ ਪਤੀ ਨਾਲ ਪ੍ਰੇਮ ਨਹੀਂ ਲਾਇਆ ਭਾਵ ਮਨਮੁਖ ਨੇ ਸਾਰੀ ਉਮਰ ਤ੍ਰਿਸ਼ਨਾਂ ਅੱਗ ਵਿਚ ਸੜ ਸੜ ਕੇ ਗਵਾ ਲਈ ਵਾਹਿਗੁਰੂ ਨੂੰ ਯਾਦ ਨ ਕੀਤਾ। ਗੁਰੂ ਜੀ ਕਹਿੰਦੇ ਹਨ ਜਿਨਾਂ ਨੂੰ ਅਕਾਲ ਪੁਰਖ ਪ੍ਰਕਾਸ਼ਕ ਵਾਹਿਗੁਰੂ ਪਿਆਰਾ ਲੱਗਾ ਹੈ ਉਹ ਗੁਰਮੁਖ ਰੂਪ ਸੁਹਾਗਣਾਂ ਸੁਖੀ ਵਸਦੀਆਂ ਹਨ ॥੨॥

**ਪਉੜੀ ॥ ਸਭੁ ਜਗੁ ਫਿਰਿ ਮੈ ਦੇਖਿਆ ਹਰਿ ਇਕੋ ਦਾਤਾ॥ ਉਪਾਇ ਕਿਤੈ ਨ ਪਾਈਐ ਹਰਿ ਕਰਮ ਬਿਧਾਤਾ॥ ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥ ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤਸਰਿ ਨਾਤਾ॥ ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ ॥ ੬ ॥**

ਮੈਂ ਸਾਰਾ ਜਗਤ ਫਿਰਕੇ ਦੇਖਿਆ ਹੈ ਸਾਰਿਆਂ ਦਾ ਇਕੋ ਵਾਹਿਗੁਰੂ ਦਾਤਾ ਹੈ। ਕਰਮਾਂ ਦਾ ਫਲ ਦੇਣ ਵਾਲਾ ਵਾਹਿਗੁਰੂ ਕਿਸੇ ਉਪਾਇ ਨਾਲ ਨਹੀਂ ਪਾਇਆ ਜਾਂਦਾ। ਗੁਰਾਂ ਦੇ ਉਪਦੇਸ਼ ਕਰਕੇ ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਵਸਦਾ ਹੈ ਤਿਨ੍ਹਾਂ ਨੇ ਸਹਿਜੇ ਹੀ ਵਾਹਿਗੁਰੂ ਨੂੰ ਜਾਣਿਆਂ ਹੈ। ਜਦੋਂ ਸਤਿਸੰਗ ਅੰਮ੍ਰਿਤਸਰ ਵਿਚ ਨ੍ਹਾਤਾ ਤਾਂ ਅੰਦਰੋਂ ਤ੍ਰਿਸ਼ਨਾ ਅੱਗ ਬੁਝ ਗਈ। ਵੱਡੇ ਦੀ ਵੱਡੀ ਵਡਿਆਈ ਹੈ ਇਸ ਗਲ ਨੂੰ ਗੁਰਮੁਖ ਬੋਲਦੇ ਹਨ ॥ ੬ ॥

**ਸਲੋਕੁ ਮ: ੩ ॥**

**ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ**

*ਐਹੋ ਹਨੂ ਕਹਯੋ ਸ੍ਰੀ ਰਘਬੀਰ ਕਛੂ ਸੁਧ ਸੀਅ ਕੀ ਛਿਤ ਮਾਂਹੀ।
ਹੈ ਪ੍ਰਭ ਲੰਕ ਕਲੰਕ ਬਿਨਾ ਸੁ ਬਸੈ ਤਨ ਰਾਵਨ ਬਾਗ ਕੀ ਛਾਹੀ।
ਜੀਵਤ ਹੈ ਕਹਿਬੇ ਈ ਕੋ ਨਾਥ ਸੋ ਕਿਉਂ ਨ ਮਰੀ ਹਮ ਤੇ ਬਿਛਰਾਹੀ।
ਪ੍ਰਾਨ ਬਸੇ ਪਦ ਪੰਕਜ ਮੈਂ ਜਮ ਆਵਤ ਹੈ ਪਰ ਪਾਵਤ ਨਾਹੀਂ
(ਹਨੂਮਾਨ ਨਾਟਕ ਵਿਚੋਂ)

Digitized by Panjab Digital Library | www.panjabdigilib.org

ਜਾਇ॥ਏਸ ਨੋ ਕੂੜੁ ਬੋਲਿ ਕਿਖਵਾਲੀਐ ਜਿ ਚਲਦਿਆ ਨਾਲਿ ਨ ਜਾਇ ॥ ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ ॥ ਹਉ ਤਾ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ ॥ ਨਾਨਕ ਹੁਕਮੁ ਨ ਜਾਤੋ ਖਸਮ ਕਾ ਜਿ ਰਹਾ ਸਚੁ ਸਮਾਇ ॥ ੧ ॥

ਕਾਇਆ ਤੇ ਜੀਵ ਦੀ ਕੀ ਪ੍ਰੀਤ ਹੈ ਜੋ ਸਰੀਰ ਨੂੰ ਪਿਆਂ ਹੀ ਜੀਵ ਛੱਡ ਜਾਂਦਾ ਹੈ। ਇਸ ਸਰੀਰ ਨੂੰ ਝੂਠ ਬੋਲ ੨ ਕੇ ਕੀ ਖਵਾਈਏ ਜੋ ਚਲਦਿਆਂ ਨਾਲ ਨਹੀਂ ਜਾਂਦਾ।ਕਾਇਆਂ ਅੰਨ੍ਹੀ ਮਿਟੀ ਹੈ ਭਾਵ ਸਰੀਰ ਤਾਂ ਸਾਰਾ ਮਿਟੀ ਹੈ ਪੌਣ ਨੂੰ ਜਾਕੇ ਹਿਸਾਬ ਪੁਛੋ ਭਾਵ ਧਰਮ ਰਾਜਾ ਨੇ ਕਿਹਾ, ਮਨ ਤੋਂ ਲੇਖਾ ਮੰਗੋ। ਧਰਮ ਰਾਜਾ ਦੇ ਦੂਤਾਂ ਨੂੰ ਮਨ ਕਹਿਣ ਲੱਗਾ ਮੈਂ ਤਾਂ ਮਾਇਆ ਵਿਚ ਮੋਹਿਆ ਹੋਇਆ ਹਾਂ ਏਸੇ ਵਾਸਤੇ ਮੁੜ ੨ ਜੰਮਦਾ ਮਰਦਾ ਹਾਂ। ਗੁਰੂ ਜੀ ਕਹਿੰਦੇ ਹਨ ਜੀਵ ਨੇ ਵਾਹਿਗੁਰੂ ਦਾ ਹੁਕਮ ਮੰਨਣਾਂ ਨਹੀਂ ਜਾਣਿਆਂ ਜੇ ਮੰਨਣਾਂ ਜਾਣਦਾ ਤਾਂ ਵਿਚ ਹੀ ਸਮਾ ਰਹਿੰਦਾ ਭਾਵ ਵਾਹਿਗੁਰੂ ਨਾਲ ਮਿਲ ਜਾਂਦਾ ॥ ੧ ॥

ਮ: ੩॥ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ ॥ ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ ॥ ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥ ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ ॥ ਧਨੁ ਵਾਪਾਰੀ ਨਾਨਕਾ ਜਿਨ੍ਹਾ ਨਾਮ ਧਨੁ ਖਟਿਆ ਆਇ ॥੨॥

ਇਕੋ ਨਾਮ ਧਨ ਸਦਾ ਪਾਸ ਰਹਿਣ ਵਾਲਾ ਹੈ ਹੋਰ ਧਨ ਆਉਣ ਜਾਣ ਵਾਲਾ ਹੈ। ਇਸ ਧਨ ਨੂੰ ਚੋਰ ਵੇਖ ਨਹੀਂ ਸਕਦਾ ਅਤੇ ਉਚੱਕਾ ਲਿਜਾ ਨਹੀਂ ਸਕਦਾ। ਇਹ ਹਰੀ ਧਨ ਜੀਵ ਦੇ ਨਾਲ ਮਿਲ ਰਿਹਾ ਹੈ ਅੰਤ ਨੂੰ ਵੀ ਜੀਵ ਦੇ ਨਾਲ ਜਾਵੇਗਾ। ਪੂਰੇ ਗੁਰਾਂ ਤੋਂ ਪਾਈਦਾ ਹੈ ਮਨਮੁਖ ਦੇ ਰਿਦੇ ਰੂਪ ਪੱਲੇ ਵਿਚ ਨਹੀਂ ਪੈਂਦਾ। ਗੁਰੂ ਜੀ ਆਖਦੇ ਹਨ ਉਹ ਵਪਾਰੀ ਧੰਨ ਹਨ ਜਿਨਾਂ ਨੇ ਸੰਸਾਰ ਤੇ ਆਕੇ ਨਾਮ ਧਨ ਖੱਟਿਆ ਹੈ ॥ ੨ ॥

Digitized by Panjab Digital Library | www.panjabdigilib.org

ਪਉੜੀ ॥ ਮੇਰਾ ਸਾਹਿਬੁ ਅਤਿ ਵਡਾ ਸਚੁ ਗਹਿਰ ਗੰਭੀਰਾ ॥ ਸਭੁ ਜਗੁ ਤਿਸਕੈ ਵਸਿ ਹੈ ਸਭੁ ਤਿਸਕਾ ਚੀਰਾ ॥ ਗੁਰ ਪਰਸਾਦੀ ਪਾਈਐ ਨਿਹਚਲੁ ਧਨੁ ਧੀਰਾ ॥ ਕਿਰਪਾ ਤੇ ਹਰਿ ਮਨ ਵਸੈ ਭੇਟੈ ਗੁਰੁ ਸੂਰਾ॥ਗੁਣਵੰਤੀ ਸਾਲਾਹਿਆ ਸਦਾ ਥਿਰੁ ਨਿਹਚਲੁ ਹਰਿ ਪੂਰਾ ॥ ੭ ॥

ਮੇਰਾ ਵਾਹਿਗੁਰੂ ਬੜਾ ਵੱਡਾ ਹੈ ਸੱਚਾ ਗਾੜ੍ਹਾ ਡੂੰਘਾ ਹੈ। ਸਾਰਾ ਜੱਗ ਇਸਦੇ ਵੱਸ ਹੈ ਅਤੇ ਸਭ ਤਿਸਦਾ ਚਿੱਠਾ ਦਫਤਰ ਹੈ। ਨਿਹਚਲ ਨਾਮ ਧਨ ਧੀਰਜ ਦੇਣ ਵਾਲਾ ਗੁਰਾਂ ਦੀ ਕਿਰਪਾ ਨਾਲ ਪਾਈਦਾ ਹੈ। ਜਦੋਂ ਗੁਰੂ ਸੂਰਮਾਂ ਮਿਲੇ ਤਾਂ ਉਨਾਂ ਦੀ ਕ੍ਰਿਪਾ ਨਾਲ ਵਾਹਿਗੁਰੂ ਮਨ ਵਿਚ ਵੱਸਦਾ ਹੈ। ਜਿਨ੍ਹਾਂ ਗੁਣਵੰਤੀਆਂ ਨੇ ਅਚੱਲ ਪੂਰਨ ਵਾਹਿਗੁਰੂ ਨੂੰ ਸਲਾਹਿਆ ਹੈ ਉਨਾਂ ਦਾ ਮਨ ਸਦਾ ਇਸਥਿਤ ਹੋਇਆ ਹੈ ॥ ੭ ॥

## ਸਲੋਕੁ ਮ: ੩ ॥

ਧ੍ਰਿਗੁ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ ॥ ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ਹ ਬੂਝ ਨ ਕਾਈ ਪਾਇ ॥ ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ ॥ ਗੁਰਪਰਸਾਦੀ ਕੋ ਨਾਮੁ ਧਿਆਏ ਤਿਸੁ ਹਉਮੈ ਵਿਚਹੁ ਜਾਇ ॥ ਨਾਨਕ ਜਿਸੁ ਪੂਰਬਿ ਹੋਵੈ ਲਿਖਿਆ ਸੋ ਗੁਰ ਚਰਣੀ ਆਇ ਪਾਇ ॥ ੧ ॥

ਉਨਾਂ ਦਾ ਜੀਵਿਆ ਧ੍ਰਿਗ ਹੈ ਜੋ ਸੁਖਦਾਤੇ ਵਾਹਿਗੁਰੂ ਨੂੰ ਪਰੇ ਤਿਆਗ ਦੇ ਅਤੇ ਦੁਖ ਰੂਪ ਹੰਗਤਾ ਪਾਪਾਂ ਨੂੰ ਕਮਾਉਂਦੇ ਹਨ। ਮਨਮੁਖ ਅਗਜਾਨੀ ਮਾਇਆ ਦੇ ਮੋਹ ਵਿਚ ਲੱਗੇ ਹੋਏ ਹਨ ਤਿਨ੍ਹਾਂਨੂੰ ਕੋਈ ਸਮਝ ਨਹੀਂ ਆਉਂਦੀ। ਲੋਕ ਪ੍ਰਲੋਕ ਵਿਚ ਉਹ ਸੁਖ ਨਹੀਂ ਪਾਉਂਦੇ ਅੰਤਨੂੰ ਜਾਂਦੇ ਹੋਏ ਅਫਸੋਸ ਕਰਦੇ ਹਨ। ਗੁਰਾਂ ਦੀ ਕਿਰਪਾ ਨਾਲ ਕੋਈ ਨਾਮ ਧਿਆਵੇ ਤਿਸਦੀ ਵਿਚੋਂ ਹੰਗਤਾਮਮਤਾ ਜਾਂਦੀ ਹੈ। ਗੁਰੂ ਜੀ ਆਖਦੇ ਹਨ ਜਿਸਦੇ ਮੱਥੇ ਉਤੇ ਪੂਰਬ ਤੋਂ ਹੀ ਚੰਗਾ ਲੇਖ ਲਿਖਿਆ ਹੋਵੇ ਓਹ ਗੁਰਾਂ ਦੀ ਚਰਨੀ ਆ ਪੈਂਦਾ ਹੈ ॥ ੧ ॥

Digitized by Panjab Digital Library | www.panjabdigilib.org

ਮ: ੩ ॥ ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥ ਸਕਤੀ ਅੰਦਰ ਵਰਤਦਾ ਕੂੜੁ ਤਿਸਕਾ ਹੈ ਉਪਾਉ ॥ ਤਿਸਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ ॥ ਓਇ ਧਰਮਿ ਰਲਾਏ ਨਾ ਰਲਨ੍ਹਿ ਓਨ੍ਹਾ ਅੰਦਰਿ ਕੂੜੁ ਸੁਆਉ ॥ ਨਾਨਕ ਕਰਤੈ ਬਣਤ ਬਣਾਈ ਮਨਮੁਖ ਕੂੜੁ ਬੋਲਿ ਬੋਲਿ ਡੁਬੇ ਗੁਰਮੁਖਿ ਤਰੇ ਜਪਿ ਹਰਿ ਨਾਉ ॥ ੨ ॥

ਮਨਮੁਖਾਂ ਦਾ ਰਿਦਾ ਕੌਲ ਮੂਧਾਹੈ ਨਾ ਤਿਨਾਂ ਭਗਤੀ ਕੀਤੀ ਨ ਨਾਮ ਜਪਿਆ। ਮਾਇਆਵਿਚ ਵਰਤਦਾ ਭਾਵ ਲਗਦਾਹੈ ਤਿਸਦਾ ਉਪਾਉਸਭਝੂਠਾ ਹੈ। ਤਿਸਦਾ ਅੰਦੋਂ ਚਿਤ ਨਹੀਂ ਭਿੱਜਦਾ ਭਾਵ ਭਜਨ ਤੇ ਲਗਦਾ ਨਹੀਂ ਮੂੰਹੋਂ ਫਿਕੇ ਬਚਨ ਬੋਲਦਾ ਹੈ। ਓਹ ਧਰਮੀਆਂ ਵਿੱਚ ਰਲਾਏ ਹੋਇ ਨਹੀਂ ਰਲਦੇ, ਕਿਉਂਕਿ ਉਨ੍ਹਾਂ ਦੇ ਅੰਦਰ ਵਿਸ਼ਿਆਂ ਦਾ ਝੂਠਾ ਸੁਆਦ ਹੈ। ਗੁਰੂ ਜੀ ਆਖਦੇ ਹਨ ਕਰਤੇ ਨੇ ਏਹੋ ਬਣਤ ਬਣਾਈ ਹੈ ਕਿ ਮਨਮੁਖ ਝੂਠ ਬੋਲ ੨ ਕੇ ਡੁੱਬੇ ਹਨ ਅਤੇ ਗੁਰਮੁਖ ਵਾਹਿਗੁਰੂਦਾ ਨਾਮ ਜਪਕੇ ਤਰੇਹਨ ॥੨॥

ਪਉੜੀ ॥ ਬਿਨੁ ਬੂਝੇ ਵਡਾ ਫੇਰੁ ਪਇਆ ਫਿਰਿ ਆਵੈ ਜਾਈ ॥ ਸਤਿਗੁਰ ਕੀ ਸੇਵਾ ਨ ਕੀਤੀਆ ਅੰਤਿ ਗਇਆ ਪਛੁਤਾਈ ॥ ਆਪਣੀ ਕਿਰਪਾ ਕਰੇ ਗੁਰ ਪਾਈਐ ਵਿਚਹੁ ਆਪੁ ਗਵਾਈ ॥ ਤ੍ਰਿਸਨਾ ਭੁਖ ਵਿਚਹੁ ਉਤਰੈ ਸੁਖੁ ਵਸੈ ਮਨਿ ਆਈ ॥ ਸਦਾ ਸਦਾ ਸਾਲਾਹੀਐ ਹਿਰਦੈ ਲਿਵ ਲਾਈ ॥੮॥

ਗੁਰ ਉਪਦੇਸ਼ ਸਮਝੇ ਤੋਂ ਬਿਨਾਂ ਜੀਵ ਨੂੰ ਬੜਾ ਫੇਰ ਪਿਆਹੈ ਮੁੜ ੨ ਆਉਂਦਾ ਜਾਂਦਾ ਹੈ।ਸਤਿਗੁਰਾਂ ਦੀ ਸੇਵਾ ਨਹੀਂ ਕੀਤੀ ਅੰਤ ਨੂੰਗਿਆ ਹੋਯਾ ਅਫਸੋਸ ਕਰਦਾ ਹੈ। ਜਦੋਂ ਗੁਰੂ ਪ੍ਰਾਪਤ ਹੋਵੇ ਅਤੇ ਆਪਣੀ ਕਿਰਪਾ ਕਰੇ ਤਾਂ ਵਿਚੋਂ ਹੰਕਾਰ ਗਵਾਈਦਾ ਹੈ। ਤਦੋਂ ਤ੍ਰਿਸ਼ਨਾਂ ਭੁਖ ਵਿਚੋਂ ਉਤਰ ਜਾਂਦੀ ਹੈ ਅਤੇ ਮਨ ਵਿਚ ਸੁਖ ਆ ਵਸਦਾ ਹੈ। ਰਿਦੇ ਵਿਚ ਲਿਵ ਲਾਕੇ ਵਾਹਿਗੁਰੂ ਨੂੰ ਸਦਾ ਹੀ ਸਲਾਹੀਏ॥ ੮॥

Digitized by Panjab Digital Library | www.panjabdigilib.org

## ਸਲੋਕੁ ਮ: ੩ ॥

**ਜਿ ਸਤਿਗੁਰ ਸੇਵੇ ਆਪਣਾ ਤਿਸਨੋ ਪੂਜੇ ਸਭੁ ਕੋਇ ॥ ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ ॥ ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ ॥ ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨ੍ਣਾ ਨਾਨਕ ਨਾਮੁ ਵਡਾਈ ਹੋਇ ॥ ੧ ॥**

ਜੇਹੜਾ ਆਪਣੇ ਸਤਿਗੁਰਾਂ ਨੂੰ ਸੇਂਵਦਾ ਹੈ ਉਸਨੂੰ ਹਰ ਕੋਈ ਪੂਜਦਾ ਹੈ। ਸਾਰਿਆਂ ਉਪਾਵਾਂ ਦਾ ਵੱਡਾ ਉਪਾਉ ਇਹ ਹੈ ਕਿ ਵਾਹਿਗੁਰੂ ਦਾ ਨਾਮ ਪ੍ਰਾਪਤ ਹੋਵੇ। ਵਾਹਿਗੁਰੂ ਦਾ ਨਾਮ ਜਪਣ ਨਾਲ ਰਿਦੇ ਅੰਦਰ ਸੀਤਲਤਾ ਸ਼ਾਂਤੀ ਵਸਦੀ ਹੈ ਅਤੇ ਸਦਾ ਹੀ ਸੁਖ ਹੁੰਦਾ ਹੈ। ਫਿਰ ਓਹ ਨਾਮ ਅੰਮ੍ਰਿਤ ਦਾ ਭੋਜਨ ਕਰਦੇ ਹਨ ਅਤੇ ਕਪੜਿਆਂ ਦੀ ਥਾਂ ਨਾਮ ਨੂੰ ਹੀ ਪਹਿਰਦੇ ਹਨ, ਗੁਰੂ ਜੀ ਕਹਿੰਦੇ ਹਨ ਨਾਮ ਕਰਕੇ ਓਨਾਂ ਦੀ ਵਡਿਆਈ ਹੁੰਦੀ ਹੈ ॥ ੧ ॥

**ਮ: ੩ ॥ ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥ ਹਰਿ ਸੁਖ ਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥ ਨਾਨਕ ਨਦਰੀ ਪਾਈਐ ਤਾ ਅਨਦਿਨੁ ਲਾਗੈ ਧਿਆਨੁ ॥ ੨ ॥**

ਹੇ ਮਨ ਤੂੰ ਗੁਰਾਂਦੀ ਸਿਖਿਆਸੁਣ ਤਾਂ ਗੁਣ ਨਿਧਾਨ ਵਾਹਿਗੁਰੂ ਨੂੰ ਪਾਵੇਂਗਾ। ਸੁਖਾਂ ਦਾ ਦਾਤਾ ਵਾਹਿਗੁਰੂ ਦਾ ਨਾਮ ਮਨ ਵਿਚ ਵੱਸੇ ਤਾਂ ਹੰਗਤਾ ਹੰਕਾਰ ਦੂਰ ਹੋ ਜਾਂਦਾ ਹੈ। ਗੁਰੂ ਜੀ ਆਖਦੇ ਹਨ ਜੇ ਰਾਤ ਦਿਨੇ ਵਾਹਿਗੁਰੂ ਵਿੱਚ ਧਿਆਨ ਲੱਗਾ ਰਹੇ ਤੇ ਤਾਂ ਵਾਹਿਗੁਰੂ ਨੂੰ ਪਾਈਦਾ ਹੈ॥੨॥

**ਪਉੜੀ॥ ਸਤੁ ਸੰਤੋਖੁ ਸਭੁ ਸਚੁਹੈ ਗੁਰਮੁਖਿ ਪਵਿਤਾ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥ ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥ ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤ੍ਰਾ ॥ ੯ ॥**

Digitized by Panjab Digital Library | www.panjabdigilib.org

ਪਵਿੱਤ੍ਰ ਗੁਰਮੁਖਾਂ ਦਾ ਸੱਤ ਸੰਤੋਖ ਸਭ ਸੱਚਾ ਹੈ । ਅੰਦਰੋਂ ਕਪਟ ਵਿਕਾਰ ਦੂਰ ਹੋਗਿਆ ਮਨ ਸਹਿਜੇ ਹੀ ਜਿਤ ਲਿਆ । ਉੱਥੇ ਅਕਾਲ ਦੀ ਜੋਤਿ ਦਾ ਚਾਨਣ ਹੋਯਾ ਅਤੇ ਅਨੰਦ ਸੁਆਦ ਆਇਆ ਫਿਰ ਹੰਕਾਰ ਨੂੰ ਦੂਰ ਕਰ ਦਿਤਾ । ਦਿਨੇ ਰਾਤ ਵਾਹਿਗੁਰੂ ਦੇ ਗੁਣ ਗਾਉਂਦਾ ਅਤੇ ਗੁਣ ਹੀ ਪਰਗਟ ਕਰਦਾ ਹੈ । ਸਾਰਿਆਂ ਦਾ ਇਕੋ ਵਾਹਿਗੁਰੂ ਦਾਤਾ ਹੈ ਅਤੇ ਇੱਕੋ ਮਿੱਤ੍ਰ ਹੈ ॥ ੯ ॥

## ਸਲੋਕੁ ਮ: ੩ ॥

**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ॥ ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥ ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥ ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥ ਨਾਨਕ ਤਿਸਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ ॥ ੧ ॥**

ਜੇਹੜਾ ਰਾਤ ਦਿਨੇ ਵਾਹਿਗੁਰੂ ਵਿਚ ਲਿਵ ਲਾ ਛੱਡੇ ਅਤੇ ਵਾਹਿਗੁਰੂ ਨੂੰ ਹੀ ਜਾਣੇ ਓਹ ਬ੍ਰਾਹਮਣ ਕਹੀਦਾ ਹੈ । ਜੋ ਸਤਿਗੁਰਾਂ ਤੋਂ ਪੁਛਕੇ ਸੱਚਦੇ ਸਾਧਨ ਕਮਾਉਂਦਾ ਹੈ ਤਿਸਦਾ ਹੰਗਤਾ ਰੋਗ ਜਾਂਦਾ ਹੈ । ਈਕਣ ਦਾ ਬ੍ਰਾਹਮਣ ਹਰੀ ਦੇ ਗੁਣ ਗਾਉਂਦਾ ਹੈ ਅਤੇ ਗੁਣ ਕੱਠੇ ਕਰਦਾ ਹੈ ਵਾਹਿਗੁਰੂ ਦੀ ਜੋਤ ਨਾਲ ਆਪਣੀ ਜੋਤ ਮਿਲਾਉਂਦਾ ਹੈ । ਇਸ ਕਲਜੁਗ ਵਿਚ ਕੋਈ ਵਿਰਲਾ ਹੀ ਬ੍ਰਹਮ ਗਿਆਨੀ ਬ੍ਰਾਹਮਣ ਹੈ ਜੇਹੜਾ ਚੇਲਿਆਂ ਦੀ ਹੰਗਤਾ ਦੂਰ ਕਰਕੇ ਵਾਹਿਗੁਰੂ ਨਾਲ ਮਿਲਾ ਲੈਂਦਾ ਹੈ । ਗੁਰੂ ਜੀ ਆਖਦੇ ਹਨ ਜੇਹੜਾ ਦਿਨੇ ਰਾਤ ਵਾਹਿਗੁਰੂ ਦਾ ਨਾਮ ਯਾਦ ਕਰਦਾ ਹੈ ਉਸ ਨੂੰ ਮਿਲਕੇ ਸਦਾ ਸੁਖ ਪਾਈਦਾ ਹੈ ॥ ੧ ॥

**ਮ: ੩॥ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥ ਦੂਜੈ ਭਾਇ ਜਾਇ ਜਗੁ ਪਰਬੋਧੈ**

Digitized by Panjab Digital Library | www.panjabdigilib.org

ਬਿਖੁ ਮਾਇਆ ਮੋਹਿ ਸੁਆਇ ॥ ਏਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ ॥ ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥ ਜਿਸਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ ॥ ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ ॥ ੨ ॥

ਮਨਮੁਖ ਅਗਯਾਨੀ ਦੇ ਦਿਲ ਅੰਦਰ ਕਪਟ ਰਹਿੰਦਾ ਹੈ ਤੇ ਜੀਭ ਕਰਕੇ ਝੂਠ ਬੋਲਦਾ ਹੈ । ਕਪਟ ਕੀਤਿਆਂ ਵਾਹਿਗੁਰੂ ਨਹੀਂ ਰਾਜ਼ੀ ਹੁੰਦਾ ਓਹ ਸੁਭਾਵਕ ਹੀ ਹਮੇਸ਼ਾਂ ਸਾਨੂੰ ਦੇਖਦਾ ਅਤੇ ਸਾਡੇ ਬਚਨ ਸੁਣਦਾ ਹੈ । ਵਿਹੁ ਰੂਪ ਮਾਇਆ ਦੇ ਪਿਆਰ ਮਤਲਬ ਦੇ ਵਾਸਤੇ ਦ੍ਵੈਤ ਭਾਉ ਵਾਲਾ ਜਗਤ ਨੂੰ ਜਾਕੇ ਉਪਦੇਸ਼ ਦੇਂਦਾ ਹੈ । ਇਹ ਕੰਮ ਕਰਕੇ ਸਦਾ ਦੁਖ ਪਾਉਂਦੇ ਹਨ ਜੰਮਕੇ ਆਉਂਦੇ ਅਤੇ ਮਰਕੇ ਮੁੜ ਮੁੜ ਜਾਂਦੇ ਹਨ । ਸੰਸਾ ਕਦੀ ਨਹੀਂ ਦੂਰ ਹੁੰਦਾ ਵਿਸ਼ਟਾ ਵਿੱਚ ਖਪਦੇ ਖਪਾਉਂਦੇ ਹਨ ਭਾਵ ਆਪ ਗਰਭ ਨਰਕ ਵਿੱਚ ਪੈਂਦੇ ਅਤੇ ਹੋਰਨਾਂ ਨੂੰ ਪਾਉਂਦੇ ਹਨ । ਜਿਸਤੇ ਮੇਰਾ ਸੁਆਮੀ ਕਿਰਪਾ ਕਰਦਾ ਹੈ ਤਿਸਨੂੰ ਗੁਰਾਂ ਦੀ ਸਿਖਿਆ ਸੁਣਾਉਂਦਾ ਹੈ । ਜੇਹੜਾ ਵਾਹਿਗੁਰੂ ਦਾ ਨਾਮ ਹੀ ਧਿਆਉਂਦਾ ਅਤੇ ਗਾਉਂਦਾ ਹੈ ਉਸਨੂੰ ਵਾਹਿਗੁਰੂ ਦਾ ਨਾਮ ਅੰਤ ਨੂੰ ਛੁੜਾ ਲੈਂਦਾ ਹੈ ॥ ੨ ॥

ਪਉੜੀ ॥ ਜਿਨਾ ਹੁਕਮੁ ਮਨਾਇਓਨੁ ਤੇ ਪੂਰੇ ਸੰਸਾਰ ॥ ਸਾਹਿਬੁ ਸੇਵਨਿ ਆਪਣਾ ਪੂਰੈ ਸਬਦਿ ਵੀਚਾਰਿ ॥ ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥ ਹਰਿ ਕਾ ਮਹਲੁ ਤਿਨੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ ॥ ਨਾਨਕ ਗੁਰਮੁਖਿ ਮਿਲਿ ਰਹੇ ਜਪਿ ਹਰਿ ਨਾਮਾ ਉਰਧਾਰਿ ॥ ੧੦ ॥

ਜਿਨਾਂ ਨੂੰ ਵਾਹਿਗੁਰੂ ਨੇ ਆਪਣਾ ਹੁਕਮ ਮਨਾਇਆ ਹੈ ਓਹ ਸੰਸਾਰ ਵਿੱਚ ਪੂਰੇ ਹਨ । ਜੇਹੜੇ ਆਪਣਾ ਸਾਹਿਬ ਸੇਂਵਦੇ ਅਤੇ ਗੁਰਾਂ ਦੇ ਸ਼ਬਦ ਦਾ ਵਿਚਾਰ ਕਰਦੇ ਹਨ ਓਹ ਪੂਰੇ ਹਨ । ਜਿਨਾਂ ਦਾ ਗੁਰਾਂ ਦੇ ਸੱਚੇ ਸ਼ਬਦ ਵਿਚ ਪਿਆਰ ਹੈ ਓਨਾਂ ਨੇ ਵਾਹਿਗੁਰੂ ਦੀ ਸੇਵਾ ਚਾ ਨਾਲ ਕੀਤੀ ਹੈ ।

Digitized by Panjab Digital Library | www.panjabdigilib.org

ਜਿਨਾਂ ਨੇ ਹੰਗਤਾ ਵਿਚੋਂ ਮਾਰੀ ਹੈ ਓਨਾਂ ਨੇ ਵਾਹਿਗੁਰੂ ਦਾ ਮਹਲ ਪਾਇਆ ਹੈ। ਗੁਰੂ ਜੀ ਆਖਦੇ ਹਨ ਵਾਹਿਗੁਰੂ ਦਾ ਨਾਮ ਜਪਕੇ ਅਤੇ ਦਿਲ ਵਿੱਚ ਧਾਰਕੇ ਗੁਰਮੁਖ ਵਾਹਿਗੁਰੂ ਨਾਲ ਮਿਲ ਰਹੇ ਹਨ ॥ ੧੦ ॥

## ਸਲੋਕੁ ਮਃ ੩ ॥

**ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥ ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥ ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥ ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥ ਜਿਸਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿਨਾਮੁ ਧਿਆਇਆ ॥ ੧ ॥**

ਸਹਿਜ=ਸਹਿਜੇ ਹੀ, ਗਿਆਨ ਵਾ ਸ਼ਾਂਤੀ। ਧੁਨਿ=ਅਵਾਜ਼, ਬਾਣੀ। ਜਿਸ ਗੁਰਮੁਖ ਨੇ ਵਾਹਿਗੁਰੂ ਦੇ ਨਾਮ ਨਾਲ ਚਿਤ ਲਾਇਆ ਹੈ ਓਸਨੂੰ ਵਾਹਿਗੁਰੂ ਦੇ ਧਿਆਨ ਵਿੱਚ ਸ਼ਾਂਤੀ ਦੀ ਅਵਾਜ ਪਰਗਟ ਹੁੰਦਾ ਹੈ ਵਾ ਗਿਆਨ ਦੀ ਬਾਣੀ ਹੁੰਦੀ ਹੈ। ਜਿਸਦੇ ਮਨ ਵਿਚ ਵਾਹਿਗੁਰੂ ਦਾ ਨਾਮ ਚੰਗਾ ਲੱਗਾ ਹੈ ਓਹ ਗੁਰਮੁਖ ਰਾਤ ਦਿਨੇ ਵਾਹਿਗੁਰੂ ਦੇ ਪ੍ਰੇਮ ਵਿੱਚ ਰੱਤਾ ਰਹਿੰਦਾ ਹੈ। ਗੁਰਮੁਖ ਸਾਰਿਆਂ ਜੀਵਾਂ ਵਿੱਚ ਹੀ ਵਾਹਿਗੁਰੂ ਨੂੰ ਵੇਖਦਾ ਹੈ ਵਾਹਿਗੁਰੂ ਹੀ ਬੋਲਦਾ ਹੈ ਅਤੇ ਗੁਰਮੁਖ ਨੇ ਵਾਹਿਗੁਰੂ ਵਿੱਚ ਸਹਿਜੇ ਹੀ ਪ੍ਰੇਮ ਲਾਇਆ ਹੈ। ਗੁਰੂ ਜੀ ਆਖਦੇ ਹਨ. ਗੁਰਮੁਖਾਂ ਨੂੰ ਗਿਆਨ ਪ੍ਰਾਪਤ ਹੋਇਆ ਹੈ, ਗਾਹੜਾ ਅਗਜਾਨ ਹਨੇਰਾ ਦੂਰ ਕਰ ਦਿਤਾ। ਜਿਸਨੂੰ ਧੁਰੋਂ ਹੀ ਪੂਰਾ ਕਿਰਪਾ ਵਾਲਾ ਹੋਯਾ ਹੈ ਉਸਨੇ ਵਾਹਿਗੁਰੂ ਦਾ ਨਾਮ ਸਿਮਰਿਆ ਹੈ ॥ ੧ ॥

**ਮਃ ੩ ॥ ਸਤਿਗੁਰੁ ਜਿਨਾ ਨ ਸੇਵਿਓ ਸਬਦਿ ਨ ਲਗੋ ਪਿਆਰੁ ॥ ਸਹਜੇ ਨਾਮੁ ਨ ਧਿਆਇਆ ਕਿਤੁ ਆਇਆ ਸੰਸਾਰਿ॥ਫਿਰਿ ਫਿਰਿ ਜੂਨੀ ਪਾਈਐ ਵਿਸਟਾ**

Digitized by Panjab Digital Library | www.panjabdigilib.org

**ਸਦਾ ਖੁਆਰੁ ॥ ਕੂੜੈ ਲਾਲਚਿ ਲਗਿਆ ਨਾ ਉਰਵਾਰੁ ਨ ਪਾਰੁ ॥ ਨਾਨਕ ਗੁਰਮੁਖਿ ਉਬਰੇ ਜਿ ਆਪਿ ਮੇਲੇ ਕਰਤਾਰਿ ॥ ੨ ॥**

ਜਿਨਾਂ ਨੇ ਸਤਿਗੁਰਾਂ ਨੂੰ ਸੇਵਿਆ ਨਹੀਂ ਅਤੇ ਸ਼ਬਦ ਵਿੱਚ ਪਿਆਰ ਨਹੀਂ ਲਗਾਇਆ । ਸਹਿਜੇ ਹੀ ਸ਼ਾਂਤੀ ਨਾਲ ਨਾਮ ਨਹੀਂ ਸਿਮਰਿਆ ਓਹ ਸੰਸਾਰ ਤੇ ਕਿਉਂ "ਕੀ ਲੈਣ" ਆਇਆ ਹੈ । ਮੁੜ ੨ ਜੂਨੀਆਂ ਵਿੱਚ ਪਾਈਦਾ ਹੈ ਅਤੇ ਗਰਭ ਦੇ ਵਿਸ਼ਟਾ ਰੂਪ ਨਰਕਵਿੱਚ ਹਮੇਸ਼ਾਂ ਖੁਆਰ ਹੁੰਦਾ ਹੈ । ਝੂਠੇ ਲਾਲਚਾਂ ਵਿੱਚ ਲਗਿਆਂ ਹੋਇਆਂ ਨ ਉਰਲਾ ਬੰਨਾਂ ਨਾ ਪਰਲਾ ਬੰਨਾ ਸੌਰਿਆ ਭਾਵ ਦੋਵੇਂ ਲੋਕ ਗਏ । ਗੁਰੂ ਜੀ ਆਖਦੇ ਹਨ ਜੋ ਆਪ ਵਾਹਿਗੁਰੂ ਨੇ ਆਪਣੇ ਨਾਲ ਮਿਲਾ ਲਏ ਹਨ ਓਹ ਗੁਰਮੁਖ ਤਰੇ ਹਨ ॥ ੨ ॥

**ਪਉੜੀ ॥ ਭਗਤ ਸਚੈ ਦਰਿ ਸੋਹਦੇ ਸਚੈ ਸਬਦਿ ਰਹਾਏ॥ਹਰਿ ਕੀ ਪ੍ਰੀਤਿ ਤਿਨ ਊਪਜੀ ਹਰਿ ਪ੍ਰੇਮਕਸਾਏ॥ ਹਰਿ ਰੰਗਿ ਰਹਹਿ ਸਦਾ ਰੰਗਿਰਾਤੇ ਰਸਨਾ ਹਰਿ ਰਸੁ ਪਿਆਏ ॥ ਸਫਲੁ ਜਨਮੁ ਜਿਨੀ ਗੁਰਮੁਖਿ ਜਾਤਾ ਹਰਿ ਜੀਉ ਰਿਦੈ ਵਸਾਏ॥ਬਾਝੁ ਗੁਰੂ ਫਿਰੈ ਬਿਲਲਾਦੀ ਦੂਜੈ ਭਾਇ ਖੁਆਏ ॥ ੧੧ ॥**

ਜਿਨਾਂ ਨੇ ਸੱਚੇ ਸ਼ਬਦ ਨਾਲ ਮਨ ਆਦਿਕ ਇੰਦ੍ਰੇ ਬੁਰਿਆਂ ਕੰਮਾਂ ਵੱਲੋਂ ਰੋਕੇ ਹਨ ਓਹ ਸਚੇ ਭਗਤ ਵਾਹਿਗੁਰੂ ਦੇ ਦਰਵਾਜੇ ਤੇ ਸੋਭਦੇ ਹਨ । ਓਨਾਂ ਨੂੰ ਵਾਹਿਗੁਰੂ ਦੀ ਪ੍ਰੀਤੀ ਉਪਜੀ ਹੈ ਪ੍ਰੇਮਵਿਚ ਖਿੱਚੇ ਰਹਿੰਦੇ ਹਨ।ਹਮੇਸ਼ਾਂ ਵਾਹਿਗੁਰੂ ਦੇ ਪ੍ਰੇਮ ਅਨੰਦ ਵਿੱਚ ਰੱਤੇ ਰਹਿੰਦੇ ਹਨ । ਰਸਨਾ ਨਾਲ ਵਾਹਿਗੁਰੂ ਦਾ ਅੰਮ੍ਰਿਤ "ਬਚਨ" ਹੋਰਨਾਂ ਨੂੰ ਪਿਲਾਉਂਦੇ ਬੋਲਦੇ ਹਨ । ਜਿਨਾਂ ਨੇ ਵਾਹਿਗੁਰੂ ਜੀ ਦੇ ਚਰਨ ਰਿਦੇ ਵਿੱਚ ਵਸਾਇ ਅਰ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਨ ਜਾਣਿਆਂ ਓਨ੍ਹਾਂ ਗੁਰਮੁਖਾਂ ਦਾ ਜਨਮ ਸਫਲ ਹੋਯਾ । ਜੇਹੜੇ ਗੁਰਾਂ ਤੋਂ ਬਿਨਾਂ ਹੋਕੇ ਦ੍ਵੈਤ ਭਾਵ ਵਿੱਚ ਭੁਲੇ ਹੋਇ ਹਨ ਉਨ੍ਹਾਂ ਦੀ ਅਕਲ ਦੁਨੀਆਂ ਵਿੱਚ ਕੁਰਲਾਂਦੀ ਫਿਰਦੀ ਹੈ ॥ ੧੧ ॥

## ਸਲੋਕੁ ਮ: ੩॥

**ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ**

Digitized by Panjab Digital Library | www.panjabdigilib.org

ਉਤਮ ਪਦੁ ਪਾਇਆ ॥ ਸਤਿਗੁਰ ਸੇਵਿ ਹਰਿਨਾਮੁ ਮਨਿ ਵਸਾਇਆ ਅਨਦਿਨੁ ਨਾਮੁ ਧਿਆਇਆ ॥ ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ ॥ ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ॥ ਐਸਾ ਸਤਿਗੁਰੁ ਸੋਈ ਪਾਏ ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ ॥ ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥ ੧ ॥

ਕਲਜੁਗ ਵਿੱਚ ਨਾਮ ਦਾ ਭੰਡਾਰ ਭਗਤਾਂ ਨੇ ਖੱਟਿਆ ਹੈ ਵਾਹਿਗੁਰੂ ਰੂਪ ਉੱਤਮ ਪਦ ਨੂੰ ਪਾਇਆ ਹੈ। ਸਤਿਗੁਰਾਂ ਦੀ ਸੇਵਾ ਕਰਕੇ ਵਾਹਿਗੁਰੂ ਦਾ ਨਾਮ ਮਨ ਵਿੱਚ ਵਸਾਇਆ ਅਰ ਨਾਮ ਹੀ ਰਾਤ ਦਿਨੇ ਧਿਆਇਆ। ਗੁਰਾਂ ਦੇ ਬਚਨਾਂ ਕਰਕੇ ਹੰਗਤਾ ਮੋਹ ਸਾੜਿਆ ਘਰ ਵਿੱਚ ਹੀ ਉਦਾਸੀ ਹੋਏ। ਉਸ ਭਗਤ ਦੀ ਜਣਨ ਵਾਲੀ ਮਾਂ ਧੰਨ ਹੈ ਜੇਹੜਾ ਸੰਸਾਰ ਸਮੁੰਦ੍ਰ ਤੋਂ ਆਪ ਤਰਗਿਆ ਅਰ ਨਾਲ ਆਪਣੀ ਸਾਰੀ ਕੁਲ ਨੂੰ ਤੇ ਸਾਰੇ ਸੰਸਾਰ ਨੂੰ ਤਾਰ ਲਿਆ। ਸੋਈ ਈਕਣ ਦਾ ਸਤਿਗੁਰੂ ਪਾਉਂਦਾ ਹੈ ਜਿਸਦੇ ਮੱਥੇ ਤੇ ਧੁਰੋਂਹੀ ਵਾਹਿਗੁਰੂ ਨੇ ਚੰਗਾ ਲੇਖ ਲਿਖ ਪਾਇਆ ਹੈ। ਗੁਰੂ ਜੀ ਆਖਦੇ ਹਨ ਮੈਂ ਦਾਸ ਆਪਣੇ ਗੁਰਾਂ ਤੋਂ ਬਲਿਹਾਰੀ ਹਾਂ ਜਿਨਾਂ ਨੇ ਮੈਨੂੰ ਭੁਲੇ ਹੋਇ ਨੂੰ ਸਿੱਧੇ ਰਸਤੇ ਪਾਇਆ ਹੈ ॥ ੧ ॥

ਮ: ੩ ॥ ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥ ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ॥ ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ ॥ ਜੋਗੀ ਜੰਗਮ ਸੰਨਿਆਸੀ ਭੁਲੇ ਓਨਾ ਅਹੰਕਾਰੁ ਬਹੁ ਗਰਬੁ ਵਧਾਇਆ ॥ ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨ ਹਠਿ ਜਨਮੁ ਗਵਾਇਆ ॥ ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ

Digitized by Panjab Digital Library | www.panjabdigilib.org

**ਧਿਆਇਆ॥ ਜਨ ਨਾਨਕ ਕਿਸਨੋ ਆਖਿ ਸੁਣਾਈਐ ਜਾ ਕਰਦੇ ਸਭਿ ਕਰਾਇਆ ॥ ੨ ॥**

ਜੀਕਣ ਦੀਵੇ ਨੂੰ ਦੇਖਕੇ ਪਤੰਗਾ ਸੜ ਗਿਆ ਹੈ ਈਕਣ ਹੀ ਤ੍ਰੈ ਗੁਣੀ ਮਾਇਆ ਨੂੰ ਦੇਖਕੇ ਜੀਵ ਭੁਲ ਗਏ ਹਨ। ਪੰਡਿਤ ਭੁਲ ਭੁਲਕੇ ਮਾਇਆ ਨੂੰ ਦੇਖਦੇ ਹਨ ਕਿ ਵੇਖਾਂ ਤਾਂ ਸਹੀ ਕਿ ਮੇਰੇ ਅੱਗੇ ਕਿਸੇ ਨੇ ਕੀ ਕੁਝ ਲਿਆਕੇ ਚੜ੍ਹਾਇਆ ਹੈ । ਦ੍ਵੈਤ ਭਾਵ ਕਰਕੇ ਨਿਤ ਹੀ ਵਿਸ਼ਿਆਂ ਵਾਸਤੇ ਪੜ੍ਹਦੇ ਹਨ ਨਾਮ ਵੱਲੋਂ ਵਾਹਿਗੁਰੂ ਨੇ ਭੁਲਾ ਛੱਡੇ ਹਨ। ਜੋਗੀ,ਟੱਲੀਆਂ ਵਾਲੇ,ਸੰਨਿਆਸੀ ਸਾਰੇ ਭੁਲੇ ਹਨ ਉਨ੍ਹਾਂ ਨੂੰ ਭੇਖਦਾ ਬੜਾ ਹੰਕਾਰ ਹੈ ਅਤੇ ਸੰਸਾਰ ਵਿੱਚ ਉਨਾਂ ਨੇ ਹੰਕਾਰ ਨੂੰ ਹੀ ਵਧਾਇਆ ਹੈ। ਬਸਤ੍ਰ, ਅੰਨ, ਸੱਤ ਦੀ ਭਿੱਖਿਆ ਨਹੀਂ ਲੈਂਦੇ ਮਨ ਹਠ ਕਰਕੇ ਜਨਮ ਗਵਾ ਲਿਆ ਐਨਿਆਂ ਵਿਚੋਂ ਉਹ ਆਦਮੀ ਸਮਝਿਆ ਹੈ ਜਿਸਨੇ ਗੁਰਮੁਖ ਹੋਕੇ ਨਾਮ ਧਿਆਇਆ ਹੈ। ਗੁਰੂ ਜੀ ਆਖਦੇ ਹਨ ਕਿਸੇ ਨੂੰ ਕੀ ਕਹਿਕੇ ਸੁਣਾ-ਈਏ ਜਾਂ ਸਾਰੇ ਜੀਵ ਵਾਹਿਗੁਰੂ ਦਾ ਕਰਾਇਆ ਹੋਇਆ ਹੀ ਕੰਮ ਕਰਦੇ ਹਨ ॥ ੧ ॥

**ਪਉੜੀ ॥ ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥ ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ ॥ ਮਨਮੁਖ ਜਮ ਮਗਿ ਪਾਈ-ਅਨਿ ਜਿਨ੍ਹ ਦੂਜਾ ਭਾਉ ਪਿਆਰਾ॥ਜਮਪੁਰਿ ਬਧੇ ਮਾਰੀ-ਅਨਿ ਕੋ ਸੁਣੈ ਨ ਪੂਕਾਰਾ॥ ਜਿਸਨੋ ਕ੍ਰਿਪਾ ਕਰੈ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ ॥ ੧੨ ॥**

ਜਿਸ ਵਿਚ ਕਾਮ ਕ੍ਰੋਧ ਹੰਕਾਰ ਹੈ ਉਹ ਆਦਮੀ ਮਾਇਆ ਦੇ ਮੋਹ ਕਰਕੇ ਭੂਤਨਾ ਬਣ ਰਿਹਾ ਹੈ। ਇਹ ਜਮ ਦੀ ਹਕੂਮਤ ਹੈ ਏਨਾਂ ਉਤੇ ਜਮ ਦਾ ਬੜਾ ਭਾਰਾ ਡੰਡ ਹੈ। ਜਿਨ੍ਹਾਂ ਨੂੰ ਦ੍ਵੈਤ ਭਾਵ ਪਿਆਰਾ ਹੈ ਉਹ ਮਨਮੁਖ ਜਮ ਦੇ ਰਸਤੇ ਪਾਏ ਜਾਂਦੇ ਹਨ। ਉਹ ਜਮ ਪੁਰੀ ਵਿਚ ਬੰਨ੍ਹਿ ਕੇ ਮਾਰੇ ਜਾਂਦੇ ਹਨ ਉਨਾਂ ਦੀ ਕੋਈ ਪੁਕਾਰ ਨਹੀਂ ਸੁਣਦਾ। ਜਸਤੇ ਵਾਹਿਗੁਰੂ ਕ੍ਰਿਪਾ ਕਰਦਾ ਹੈ ਉਸਨੂੰ ਗੁਰੂ ਮਿਲਦਾ ਹੈ ਤੇ ਗੁਰਾਂ ਦੁਆਰੇ ਨਿਸਤਾਰਾ ਹੁੰਦਾ ਹੈ ॥ ੧੨ ॥

Digitized by Panjab Digital Library | www.panjabdigilib.org

## ਸਲੋਕੁ ਮ: ੩ ॥

**ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥ ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨ੍ਹਾ ਵਿਆਪਿ ਰਹੀ ਲਪ-ਟਾਇ ॥ ਗੁਰ ਕੈ ਸਬਦਿ ਪਰ ਜਾਲੀਐ ਤਾ ਏਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥ ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ੧ ॥**

ਹੰਗਤਾ ਮਮਤਾ ਮੋਹਣੀ ਮਨਮੁਖਾਂ ਨੂੰ ਖਾ ਗਈ ਹੈ। ਜੋਮੋਹ ਵਿਚ ਵਿਆਪਕੇ ਦ੍ਵੈਤ ਭਾਵ ਵਿਚ ਚਿਤ ਲਾਉਂਦੇ ਹਨ ਓਨਾਂ ਨੂੰ ਚੰਬੜ ਰਹੀ ਹੈ। ਗੁਰਾਂ ਦੇ ਸ਼ਬਦ ਨਾਲ ਇਸਨੂੰ ਚੰਗੀਤਰਾਂ ਸਾੜੀਏ ਤੇ ਤਾਂ ਇਹ ਵਿਚੋਂ ਜਾਂਦੀ ਹੈ। ਜਦੋਂ ਨਾਮ ਮਨ ਵਿਚ ਆ ਵੱਸਦਾ ਹੈ ਓਦੋਂ ਤਨ ਮਨ ਨਿਰਮਲਾ ਹੁੰਦਾ ਹੈ। ਗੁਰੂ ਜੀ ਫ਼ੁਮਾਂਦੇ ਹਨ ਮਾਇਆ ਦੇ ਮਾਰਨ ਦਾ ਕਾਰਨ ਵਾਹਿਗੁਰੂ ਦਾ ਨਾਮ ਹੈ ਸੋ ਗੁਰਾਂ ਦੁਆਰੇ ਪਾਇਆ ਜਾਂਦਾ ਹੈ ॥੧ ॥

**ਮ: ੩ ॥ ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿ-ਰੁ ਰਹੈ ਨ ਆਵੈ ਜਾਇ ॥ ਹਰਿ ਭਾਣਾ ਤਾ ਭਰਮਾਇ-ਅਨੁ ਕਰਿ ਪਰਪੰਚੁ ਖੇਲੁ ਉਪਾਇ॥ ਜਾ ਹਰਿ ਬਖਸੇ ਤਾ ਗੁਰੁ ਮਿਲੈ ਅਸਥਿਰੁ ਰਹੈ ਸਮਾਇ ॥ ਨਾਨਕ ਮਨ ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ ॥ ੨ ॥**

ਇਹ ਮਨ ਕਿੰਨੇ ਜੁਗ ਭਰਮਿਆਂ ਹੈ ਟਿਕਦਾ ਨਹੀਂ, ਇਸੇ ਵਾਸਤੇ ਜੰਮਦਾ ਮਰਦਾ ਹੈ। ਵਾਹਿਗੁਰੂ ਨੂੰ ਚੰਗਾ ਲੱਗਾ ਤਾਂ ਹੀ ਇਸ ਜੀਵ ਨੂੰ ਭਰਮਾਇਆ ਹੈ ਸੰਸਾਰ ਬਣਾਕੇ ਖੇਲ ਪ੍ਰਗਟ ਕੀਤਾ। ਜਦੋਂ ਵਾਹਿਗੁਰੂ ਬਖਸ਼ੇ ਕ੍ਰਿਪਾ ਕਰੇ ਤਾਂ ਗੁਰੂ ਮਿਲਦੇ ਹਨ ਤਦੋਂ ਮਨ ਟਿਕ ਜਾਂਦਾਹੈ ਵਾਹਿਗੁਰੂ ਵਿਚ ਸਮਾ ਜਾਂਦਾ ਹੈ ਤਾਂ ਆਉਂਣ ਜਾਣ ਦੂਰ ਹੋ ਜਾਂਦਾ ਹੈ। ਗੁਰੂ ਜੀ ਆਖਦੇ ਹਨ ਜਦੋਂ ਮਨ ਹੀ ਮਨ ਕੋਲੋਂ ਮੰਨਗਿਆ ਭਾਵ ਗੁਰਾਂ ਦਾ ਮੰਤ੍ਰ ਸੁਣਕੇ ਮਨਮੰਨ ਗਿਆ ਤਦਫਿਰ ਇਹ ਦੇਖਿਆ ਕਿ ਨ ਕੁਛ ਮਰਦਾ ਹੈ ਨਾ ਕੋਈ ਜੰਮਦਾਹੈ॥੨॥

**ਪਉੜੀ॥ਕਾਇਆ ਕੋਟੁ ਅਪਾਰੁਹੈ ਮਿਲਣਾ ਸੰਜੋਗੀ॥**

Digitized by Panjab Digital Library | www.panjabdigilib.org

ਕਾਇਆ ਅੰਦਰਿ ਆਪਿ ਵਸਿ ਰਹਿਆ ਆਪੇ ਰਸਭੋਗੀ ॥ਆਪਿ ਅਤੀਤੁ ਅਲਿਪਤੁ ਰਹੈ ਨਿਰਜੋਗੁ ਹਰਿ ਜੋਗੀ॥ ਜੋ ਤਿਸੁ ਭਾਵੈ ਸੋ ਕਰੇ ਹਰਿ ਕਰੇ ਸੁ ਹੋਗੀ ॥ ਹਰਿ ਗੁਰ· ਮੁਖਿ ਨਾਮੁ ਧਿਆਈਐ ਲਹਿ ਜਾਹਿ ਵਿਜੋਗੀ ॥ ੧੩ ॥

ਸਰੀਰ ਕਿਲਾ ਬੜਾ ਵੱਡਾਹੈ ਇਸ ਵਿਚ ਵਾਹਿਗੁਰੂ ਨਾਲ ਮਿਲਨਾ ਸੰਜੋਗਾਂ ਨਾਲ ਹੀ ਹੁੰਦਾ ਹੈ ਭਾਵ ਗੁਰਾਂ ਦੀ ਕ੍ਰਿਪਾ ਨਾਲ। ਰਸਾਂ ਨੂੰ ਭੋਗਣ ਵਾਲਾ ਆਪੇ ਵਾਹਿਗੁਰੂ ਆਪਹੀ ਕਾਇਆਂ ਅੰਦਰ ਵੱਸ ਰਿਹਾ ਹੈ। ਆਪੇ ਹੀ ਵਾਹਿਗੁਰੂ ਅਤੀਤ ਅਲੇਪ ਰਹਿੰਦਾ ਹੈ ਆਪੇ ਹੀ ਬੰਧਨਾਂ ਤੋਂ ਰਹਿਤ ਆਪੇ ਹੀ ਵਾਹਿਗੁਰੂ ਸਾਰਿਆਂ ਵਿਚ ਜੁੜ ਰਿਹਾ ਹੈ। ਜੋ ਉਸਨੂੰ ਭਾਉਂਦਾ ਹੈ ਓਹੋ ਉਹ ਕਰਦਾ ਹੈ ਅਤੇ ਸੋਈ ਗਲ ਹੁੰਦੀ ਹੈ। ਗੁਰਾਂ ਦੁਆਰੇ ਵਾਹਿਗੁਰੂ ਨਾਮ ਧਿਆਈਏ ਫਿਰ ਆਪੇ ਹੀ ਕਾਮਾਦਿਕ ਵਿਛੋੜਾ ਪਾਉਂਨ ਵਾਲੇ ਸਰੀਰ ਨਾਲੋਂ ਲਹਿ ਜਾਣਗੇ ॥ ੧੩ ॥

## ਸਲੋਕੁ ਮ: ੩ ॥

ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ॥ ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ ॥ ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥ ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ ॥ ੧ ॥

ਆਪੇ ਸੋਈ ਸਚਾ ਵਾਹਿਗੁਰੂ ਗੁਰੂ ਦੇ ਸ਼ਬਦ ਵਾਲਿਆਂ ਤੋਂ ਵਾਹਿਗੁਰੂ੨ ਕਹਾਉਂਦਾ ਹੈ। ਵਾਹਿਗੁਰੂ ਦੀ ਅਸਚਰਜ ਸਿਫਤ ਸਲਾਹੁਨੇ ਜੋਗ ਹੈ,ਇਸ ਨੂੰ ਕੋਈ ਗੁਰਮੁਖ ਹੀ ਸਮਝਦਾ ਹੈ। ਵਾਹਿਗੁਰੂ ਨਾਮ ਦੀ ਬਾਣੀ ਬੜੀ ਅਸਚਰਜ ਸੱਚੀ ਹੈ ਏਸ ਕਰਕੇ ਵਾਹਿਗੁਰੂ ਸੱਚੇ ਨਾਲ ਮਿਲ ਹੁੰਦਾ ਹੈ। ਗੁਰੂ ਜੀ ਆਖਦੇ ਹਨ ਜਿਨ੍ਹਾਂ ਨੂੰ ਪੂਰੇ ਭਾਗਾਂ ਦੀ ਪ੍ਰਾਪਤੀ ਹੋਈ ਹੈ ਓਨਾਂ ਨੇ ਵਾਹਿਗੁਰੂ ੨ ਕਰਦਿਆਂ ਵਾਹਿਗੁਰੂ ਪਾ ਲਿਆ ਹੈ ॥ ੧ ॥

ਮ: ੩ ॥ ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥ ਪੂਰੈ ਸਬਦਿ ਪ੍ਰਭੁ ਮਿਲਿਆ ਆਈ ॥ ਵਡਭਾਗੀਆ

Digitized by Panjab Digital Library | www.panjabdigilib.org

ਵਾਹੁ ਵਾਹੁ ਮੁਹਹੁ ਕਢਾਈ ॥ ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ਕਉ ਪਰਜਾ ਪੂਜਣ ਆਈ ॥ ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ ॥ ੨ ॥

ਵਾਹਿਗੁਰੂ ਵਾਹਿਗੁਰੂ ਸ਼ਬਦ ਕਰਦੀ ਰਸਨਾਂ ਸੋਭਾ ਵਾਲੀ ਹੋਈ ਹੈ। ਪੂਰੇ ਗੁਰਾਂ ਦੇ ਉਪਦੇਸ਼ ਕਰਕੇ ਵਾਹਿਗੁਰੂ ਆ ਮਿਲਿਆ ਹੈ। ਵੱਡੇ ਭਾਗਾਂ ਵਾਲਿਆਂ ਦੇ ਮੂੰਹੋਂ ਗੁਰੂ ਵਾਹਿਗੁਰੂ ਵਾਹਿਗੁਰੂ ਕਢਾਉਂਦਾ ਹੈ। ਜੇਹੜੇ ਆਦਮੀ ਵਾਹਿਗੁਰੂ ਵਾਹਿਗੁਰੂ ਕਰਦੇ ਹਨ ਇਹ ਹੀ ਸੋਹਣੇ ਲਗਦੇ ਜਾਂ ਸੋਹਣੇ ਹੁੰਦੇ ਹਨ ਓਨਾਂ ਨੂੰ ਸਾਰੀ ਦੁਨੀਆਂ ਪੂਜਣ ਆਉਂਦੀ ਹੈ। ਬੜੇ ਭਾਗਾਂ ਨਾਲ ਵਾਹਿਗੁਰੂ ਵਾਹਿਗੁਰੂ ਪ੍ਰਾਪਤ ਹੁੰਦਾ ਹੈ। ਗੁਰੂ ਜੀ ਆਖਦੇ ਹਨ ਜਿਨ੍ਹਾਂ ਨੂੰ ਹੁੰਦਾ ਹੈ ਓਨਾਂ ਨੇ ਸਤਿਸੰਗ ਵਿਚ ਵਾ ਵਾਹਿਗੁਰੂ ਦੇ ਬੂਹੇ ਤੇ ਸੋਭਾ ਪਾਈ ਹੈ ॥ ੨ ॥

ਪਉੜੀ ॥ ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ॥ ਭਰਮਿ ਭੂਲੇ ਨਦਰਿ ਨ ਆ-ਵਨੀ ਮਨਮੁਖ ਅੰਧ ਅਗਿਆਨੀ ॥ ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ॥ ਗੁਰ ਸਬਦੀ ਖੋਲਾ-ਈਅਨਿ ਹਰਿ ਨਾਮਿ ਜਪਾਨੀ ॥ ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ੍ਹ ਪੀਆ ਤੇ ਤ੍ਰਿਪਤਾਨੀ ॥ ੧੪ ॥

ਅਭਮਾਨੀ ਆਦਮੀ ਦੇ ਸਰੀਰ ਕਿਲੇ ਅੰਦਰ ਭਾਵ ਕਿਲੇ ਨੂੰ ਝੂਠ ਖੋਟੇ ਹਠ ਰੂਪ ਪੱਥਰ ਦੇ ਤਖਤੇ ਲੱਗੇ ਹੋਏ ਹਨ ਅਥਵਾ ਹੰਕਾਰ ਦੇ ਦਰਵਾਜੇਹਨ। ਮਨਮੁਖ ਅੰਨ੍ਹੇ ਅਗਿਆਨੀ ਨੂੰ ਭਰਮ ਵਿਚ ਭੁਲਿਆਂ ਹੋਇਆਂ ਨਜ਼ਰ ਨਹੀਂ ਆਉਂਦੇ ਭਾਵ ਤਖਤੇ ਦਿਸਦੇ ਨਹੀਂ। ਬੜੇ ਬੜੇ ਭੇਖਾਂ ਵਾਲੇ ਭੇਖ ਕਰ ਕਰਕੇ ਥਕ ਗਏ ਹਨ ਕਿਸੇ ਉਪਾਉ ਨਾਲ ਵੀ ਇਹ ਤਖਤੇ ਨਹੀਂ ਲਭਦੇ ਭਾਵ ਬੂਹੇ ਨਹੀਂ ਖੁਲ੍ਹਦੇ। ਗੁਰਾਂ ਦਾ ਉਪਦੇਸ਼ ਲੈਕੇ ਨਾਮ ਜਪਕੇ ਉਹ ਤਖਤੇ ਖੋਲ੍ਹ ਲਈਦੇ ਹਨ ਵਾ ਖੁਲ ਜਾਂਦੇ ਹਨ। ਵਾਹਿਗੁਰੂ ਦਾ ਨਾਮ ਅੰਮ੍ਰਿਤ ਫਲ ਵਾਲਾ ਬਿਰਛ ਹੈ ਜਿਨਾਂ ਨੇ ਪੀਤਾ ਹੈ ਓਹ ਰੱਜ ਗਏ ਹਨ ॥ ੧੪ ॥

Digitized by Panjab Digital Library | www.panjabdigilib.org

## ਸਲੋਕੁ ਮਃ ੩ ॥

ਵਾਹੁ ਵਾਹੁ ਕਰਤਿਆ ਰੈਣਿ ਸੁਖਿਵਿਹਾਇ ॥ ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥ ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥ ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥ ਵਾਹੁ ਵਾਹੁ ਕਰਤਿਆ ਸੋਭਾ ਪਾਇ ॥ ਨਾਨਕ ਵਾਹੁ ਵਾਹੁ ਸਤਿ ਰਜਾਇ ॥ ੧ ॥

ਵਾਹਿਗੁਰੂ ਵਾਹਿਗੁਰੂ ਕਹਿਦਿਆਂ (ਉਮਰ) ਰਾਤ ਸੁਖ ਨਾਲ ਗੁਜਰਦੀ ਹੈ। ਹੇ ਮੇਰੀ ਮਾਂ ਵਾਹਿਗੁਰੂ ੨ ਕਹਿਦਿਆਂ ਸਦਾ ਹੀ ਅਨੰਦ ਹੁੰਦਾ ਹੈ। ਵਾਹਿਗੁਰੂ ੨ ਕਰਦਿਆਂ ਵਾਹਿਗੁਰੂ ਨਾਲ ਲਿਵ ਲਗ ਜਾਂਦੀ ਹੈ। ਵਾਹਿਗੁਰੂ ੨ ਵਡੇ ਭਾਗਾਂ ਵਾਲੇ ਬੋਲਦੇ ਬੁਲਾਉਂਦੇ ਹਨ। ਵਾਹਿਗੁਰੂ ੨ ਕਰਦਿਆਂ ਸੋਭਾ ਪਾਈਦੀ ਹੈ। ਗੁਰੂ ਜੀ ਆਖਦੇ ਹਨ ਸੱਚੇ ਦੀ ਆਗਿਆ ਨਾਲ ਵਾਹਿਗੁਰੂ ਜਪਣਾ ਹੁੰਦਾ ਹੈ ॥ ੧ ॥

ਮਃ ੩ ॥ ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥ ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥ ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ ॥ ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥ ੨ ॥

ਵਾਹਿਗੁਰੂ ੨ ਸੱਚੀ ਬਾਣੀ ਹੈ ਗੁਰਮੁਖਾਂ ਨੇ ਬੜੀ ਔਖੀ ਲੱਭੀ ਹੈ। ਵਾਹਿਗੁਰੂ ੨ ਸ਼ਬਦ ਕਰਕੇ ਉਚਾਰਦੇ ਹਨ ਤੇ ਵਾਹਿਗੁਰੂ ੨ ਹਿਰਦੇ ਨਾਲ ਰਖਦੇ ਹਨ। ਵਾਹਿਗੁਰੂ ੨ ਕਰਦਿਆਂ ਗੁਰਮੁਖਾਂ ਨੇ ਖੋਜ ਕਰਕੇ ਸੁਖੱਲਾ ਹੀ ਵਾਹਿਗੁਰੂ ਪਾ ਲਿਆ। ਗੁਰੂ ਜੀ ਆਖਦੇ ਹਨ ਓਹ ਵੱਡਿਆਂ ਭਾਗਾਂ ਵਾਲੇ ਹਨ ਜਿਨਾਂ ਨੇ ਵਾਹਿਗੁਰੂ ਨੂੰ ਹਿਰਦੇ ਨਾਲ ਸੰਭਾਲ ਰਖਿਆ ਹੈ ॥ ੨ ॥

ਪਉੜੀ ॥ ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ ॥ ਮਾਇਆ ਮਨਸਾ ਮੋਹਣੀ ਦਹਦਿਸ ਫਿਰਾਤਾ ॥ ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ॥ ਰਸਨ

Digitized by Panjab Digital Library | www.panjabdigilib.org

ਹਰਿ ਰਸੁ ਨ ਚਖਿਓ ਫੀਕਾ ਬੋਲਾਤਾ॥ ਜਿਨ੍ਹਾ ਗੁਰਮੁਖਿ ਅੰਮ੍ਰਿਤੁ ਚਾਖਿਆ ਸੇ ਜਨ ਤ੍ਰਿਪਤਾਤਾ॥ ੧੫ ॥

ਹੇ ਵੱਡੇ ਲੋਭੀਆ ਮਨਾ ਤੂੰ ਨਿਤ ਲੋਭ ਵਿੱਚ ਰੱਤਾ ਰਹਿੰਦਾ ਹੈਂ ਮੋਹਣੀਮਾਇਆ ਦੀ ਇੱਛਾ ਕਰਕੇ ਤੂੰ ਦਸਾਂਹੀ ਦਿਸ਼ਾਂ ਵਲ ਫਿਰਦਾ ਰਹਿੰਦਾ ਹੈਂ। ਵੱਡਾ ਨਾਮ ਅਤੇ ਵੱਡੀ ਜਾਤਿ ਅੱਗੇ ਨਹੀਂ ਜਾਵੇਗੀ ਹੇ ਮਨਮੁਖਾ ਦੁਖ ਹੀ ਭੋਗਦਾ ਰਹੇਂਗਾ। ਰਸਨਾ ਕਰਕੇ ਵਾਹਿਗੁਰੂ ਦਾ ਸੁਆਦ ਨ ਚੱਖਿਆ ਮੂੰਹੋਂ ਫਿੱਕਾ ਹੀ ਬੋਲਦਾ ਰਹਿਓਂ। ਜਿਨਾਂ ਗੁਰਮੁਖਾਂ ਨੇ ਅੰਮ੍ਰਿਤ ਦਾ ਸੁਆਦ ਚੱਖਿਆ ਹੈ ਓਹ ਜਨ ਰੱਜ ਗਏ ਹਨ ॥ ੧੫ ॥

## ਸਲੋਕੁ ਮ: ੩ ॥

ਵਾਹੁ ਵਾਹੁ ਤਿਸਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥ ਵਾਹੁ ਵਾਹੁ ਤਿਸਨੋ ਆਖੀਐ ਜਿ ਗੁਣ ਦਾਤਾ ਮਤਿ ਧੀਰੁ ॥ ਵਾਹੁ ਵਾਹੁ ਤਿਸਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ॥ ਵਾਹੁ ਵਾਹੁ ਤਿਸਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ॥ ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ ॥ ੧ ॥

ਜੇਹੜਾ ਸੱਚਾ ਅਤੇ ਬੜਾ ਗਾੜ੍ਹਾ ਡੂੰਘਾ ਹੈ ਉਸਨੂੰ ਵਾਹ ਵਾਹ ਆਖੀਏ। ਜੇਹੜਾ ਗੁਣਾਂ ਦਾ ਦਾਤਾ ਮਤਿਨੂੰ ਧੀਰਜ ਦੇਣ ਵਾਲਾ ਹੈ ਉਸ ਨੂੰ ਵਾਹ ਵਾਹ ਆਖੀਏ। ਜੇਹੜਾ ਸਾਰਿਆਂ ਵਿੱਚ ਸਮਾ ਰਿਹਾ ਹੈ ਉਸਨੂੰ ਵਾਹ ਵਾਹ ਆਖੀਏ ਜੇਹੜਾ ਸਾਰਿਆਂ ਨੂੰ ਰਿਜਕ ਪਹੁੰਚਾ ਦੇਂਦਾ ਹੈ ਉਸਨੂੰ ਵਾਹ ਵਾਹ ਆਖੀਏ ॥ ਗੁਰੂ ਜੀ ਆਖਦੇ ਹਨ ਜੇਹੜਾ ਸਤਿਗੁਰਾਂ ਨੇ ਦਿਖਾ ਦਿਤਾ ਹੈ ਓਸ ਇੱਕੋ ਨੂੰ ਵਾਹ ਵਾਹ ਕਰਕੇ ਸਲਾਹੀਏ ॥ ੧ ॥

ਮ: ੩ ॥ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥ ਓਨ੍ਹਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥ ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥ ਨਾਨਕ ਵਾਹੁ ਵਾਹੁ ਕਰਹਿ

Digitized by Panjab Digital Library | www.panjabdigilib.org

**ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ ॥ ੨॥**

ਗੁਰਮੁਖ ਸਦਾ ਵਾਹ ਵਾਹ ਕਰਦੇ ਹਨ ਮਨਮੁਖ ਮਾਇਆ ਵਿਹੂਣੇ ਖਾਕੇ ਜੰਮਦੇ ਮਰਦੇ ਹਨ। ਓਨਾਂ ਨੂੰ ਵਾਹਿਗੁਰੂ ਦਾ ਵਾਹ ਵਾਹ ਕਰਨਾ ਚੰਗਾ ਨਹੀਂ ਲਗਦਾ ਏਸੇ ਵਾਸਤੇ ਓਨਾਂ ਦੀ ਸਾਰੀ ਉਮਰ ਦੁਖਾਂ ਵਿੱਚ ਬੀਤਦੀ ਹੈ। ਗੁਰਮੁਖ ਨਾਮ ਅੰਮ੍ਰਿਤ ਨੂੰ ਪੀਣਾਂ ਕਰਦੇ ਹਨ ਅਰ ਵਾਹ ਵਾਹ ਕਰਕੇ ਵਾਹਿਗੁਰੂ ਵਿੱਚ ਬ੍ਰਿਤੀ ਲਾਉਂਦੇ ਹਨ। ਗੁਰੂ ਜੀ ਆਖਦੇ ਹਨ ਜੇਹੜੇ ਵਾਹਿਗੁਰੂ ੨ ਕਰਦੇ ਹਨ ਓਹ ਜਨ ਨਿਰਮਲੇ ਹੁੰਦੇ ਹਨ ਅਤੇ ਤਿੰਨਾਂ ਭਵਨਾਂ ਦੀ ਓਨਾਂ ਨੂੰ ਸੋਝੀ ਹੁੰਦੀ ਹੈ ॥ ੨॥

**ਪਉੜੀ ॥ ਹਰਿਕੈ ਭਾਣੈ ਗੁਰੁ ਮਿਲੈ ਸੇਵਾ ਭਗਤਿ ਬਨੀਜੈ ॥ ਹਰਿ ਕੈ ਭਾਣੈ ਹਰਿ ਮਨਿ ਵਸੈ ਸਹਜੇ ਰਸੁ ਪੀਜੈ ॥ ਹਰਿਕੈ ਭਾਣੈ ਸੁਖੁ ਪਾਈਐ ਹਰਿ ਲਾਹਾ ਨਿਤ ਲੀਜੈ ॥ ਹਰਿਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ ॥ ਹਰਿ ਕਾ ਭਾਣਾ ਤਿਨੀ ਮੰਨਿਆ ਜਿਨਾ ਗੁਰੂ ਮਿਲੀਜੈ ॥ ੧੬ ॥**

ਵਾਹਿਗੁਰੂ ਦੇ ਹੁਕਮ ਨਾਲ ਜਦੋਂ ਗੁਰੂ ਮਿਲਦਾ ਹੈ ਤਾਂ ਭਗਤੀ ਸੇਵਾ ਕੀਤੀ ਹੋਈ ਬਣ ਜਾਂਦੀ ਭਾਵ ਲੇਖੇ ਲਗ ਜਾਂਦੀ ਹੈ। ਜਦੋਂ ਵਾਹਿਗੁਰੂ ਦੇ ਹੁਕਮ ਨਾਲ ਵਾਹਿਗੁਰੂ ਮਨ ਵਿੱਚ ਵੱਸਦਾ ਹੈ ਤਦੋਂ ਸ਼ਾਂਤੀ ਰਸ ਨੂੰ ਪੀਂਦਾ ਹੈ। ਵਾਹਿਗੁਰੂ ਦੇ ਭਾਣੇ ਕਰਕੇ ਸੁਖ ਪਾਈਦਾ ਹੈ ਅਤੇ ਵਾਹਿਗੁਰੂ ਦੇ ਨਾਮ ਦਾ ਨਿਤ ਹੀ ਲਾਭ ਲਈਦਾ ਹੈ। ਤਿਸੇ ਨੂੰ ਵਾਹਿਗੁਰੂ ਦੇ ਤਖਤ ਉਤੇ ਬਹਾਈਦਾ ਹੈ ਅਤੇ ਓਹੋ ਹੀ ਆਪਣੇ ਘਰ ਵਿੱਚ ਹਮੇਸ਼ਾਂ ਵਸਦਾ ਹੈ। ਵਾਹਿਗੁਰੂ ਦਾ ਹੁਕਮ ਓਨਾਂ ਨੇ ਮੰਨਿਆਂ ਹੈ ਜਿਨਾਂ ਨੂੰ ਗੁਰੂ ਮਿਲਿਆ ਹੈ ।। ੬ ॥

**ਸਲੋਕੁ ਮ: ੩ ॥**

**ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ ॥ ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥ ਵਾਹੁ ਵਾਹੁ ਗੁਰ ਸਿਖੁ ਜੋ ਨਿਤ ਕਰੇ ਸੋ ਮਨਿ ਚਿੰਦਿਆ ਫਲੁ ਪਾਇ ॥ ਵਾਹੁ ਵਾਹੁ**

Digitized by Panjab Digital Library | www.panjabdigilib.org

# ਕਰਹਿ ਸੇ ਜਨ ਸੋਹਣੇ ਹਰਿ ਤਿਨਕੈ ਸੰਗਿ ਮਿਲਾਇ ॥ ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ ॥ ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ ॥ ੧ ॥

ਜਿਨ੍ਹਾਂ ਨੂੰ ਆਪੇ ਵਾਹਿਗੁਰੂ ਸਮਝਾ ਦੇਂਦਾ ਹੈ ਉਹ ਆਦਮੀ ਹਮੇਸ਼ਾਂ ਵਾਹੁ ਵਾਹੁ ਕਰਦੇ ਹਨ ! ਵਾਹਿਗੁਰੂ ਵਾਹਿਗੁਰੂ ਕਰਦਿਆਂ ਮਨ ਨਿਰਮਲ ਹੁੰਦਾ ਹੈ ਅਤੇ ਹੰਗਤਾ ਮਮਤਾ ਦਿਲ ਵਿਚੋਂ ਜਾਂਦੀ ਹੈ । ਜੇਹੜੇ ਗੁਰਮੁਖ ਨਿਤ ਵਾਹਿਗੁਰੂ ੨ ਕਰਦੇ ਹਨ ਉਹ ਮਨ ਭਾਉਂਦੇ ਫਲ ਪਾ ਲੈਂਦੇ ਹਨ । ਜੇਹੜੇ ਵਾਹਿਗੁਰੂ ੨ ਕਰਦੇ ਹਨ ਉਹ ਜਨ ਸੋਹਣੇ ਹੁੰਦੇ ਹਨ ਹੇ ਵਾਹਿਗੁਰੂ ਮੈਨੂੰ ਓਨਾਂ ਦੇ ਨਾਲ ਮਿਲਾ ਦੇਹ । ਰਿਦੇ ਨਾਲ ਵੀ ਵਾਹਿਗੁਰੂ ੨ ਉਚਾਰਾਂ ਮੂੰਹੋਂ ਵੀ ਵਾਹਿਗੁਰੂ ੨ ਕਰਾਂ । ਗੁਰੂ ਜੀ ਆਖਦੇ ਹਨ ਜੇਹੜੇ ਵਾਹਿਗੁਰੂ ੨ ਕਰਦੇ ਹਨ ਮੈਂ ਓਨਾਂ ਨੂੰ ਤਨ ਮਨ ਦੇਂਦਾ ਹਾਂ ॥ ੧ ॥

# ਮ: ੩ ॥ ਵਾਹੁ ਵਾਹੁ ਸਾਹਿਬੁ ਸਚੁ ਹੈ ਅੰਮ੍ਰਿਤੁ ਜਾਂਕਾਨਾਉ ॥ ਜਿਨਿ ਸੇਵਿਆ ਤਿਨਿ ਫਲੁ ਪਾਇਆ ਹਉ ਤਿਨ੍ ਬਲਿਹਾਰੈ ਜਾਉ ॥ ਵਾਹੁ ਵਾਹੁ ਗੁਣੀ ਨਿਧਾਨੁ ਹੈ ਜਿਸਨੋ ਦੇਇ ਸੁ ਖਾਇ ॥ ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ ॥ ਵਾਹੁ ਵਾਹੁ ਗੁਰ ਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ ॥ ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮ ਕੰਕਰੁ ਨੇੜਿ ਨ ਆਵੈ ॥ ੨ ॥

ਜਿਸਦਾ ਨਾਮ ਅੰਮ੍ਰਿਤ ਵਰਗਾ ਹੈ ਉਹ ਅਸਚਰਜ ਸੱਚਾ ਸਾਹਿਬ ਵਾਹਿਗੁਰੂ ਹੈ।ਜਿਨਾਂ ਨੇ ਸੇਵਿਆ ਹੈ ਓਨਾਂ ਮੁਕਤੀ ਫਲ ਪਾਇਆ ਹੈ ਮੈਂ ਓਨਾਂ ਤੋਂ ਬਲਿਹਾਰੇ ਜਾਂਦਾ ਹਾਂ।ਅਸਚਰਜ ਵਾਹਿਗੁਰੂ ਗੁਣਾਂ ਦਾ ਖਜਾਨਾ ਹੈ ਜਿਸ ਨੂੰ ਨਾਮ ਅੰਮ੍ਰਿਤ ਫਲ ਦੇਂਦਾਹੈ ਓਹ ਖਾਂਦਾ ਹੈ।ਅਚਰਜ ਵਾਹਿਗੁਰੂ ਜਲਾਂ ਥਲਾਂ ਵਿੱਚ ਪਰੀ ਪੂਰਨ ਹੈ ਗੁਰਮੁਖਾਂ ਦੀ ਰਾਹੀਂ ਪਾਇਆ ਜਾਂਦਾ ਹੈ । ਹੇ ਗੁਰੂ ਦੇ ਸਿਖੋ ਸਾਰੇ ਨਿਤ ਵਾਹਿਗੁਰੂ ੨ ਕਰੋ ਕਿਉਂਕਿ ਪੂਰੇ ਗੁਰਾਂ ਨੂੰ ਵਾਹਿਗੁਰੂ ੨

Digitized by Panjab Digital Library | www.panjabdigilib.org

ਭਾਉਂਦਾ ਹੈ। ਗੁਰੂ ਜੀ ਆਖਦੇ ਹਨ ਜੇਹੜੇ ਵਾਹਿਗੁਰੂ ਅਸਚਰਜ ਨੂੰ ਮਨ ਚਿਤ ਕਰਕੇ ਉਚਾਰਣਾ ਕਰਦੇ ਹਨ ਉਨਾਂ ਦੇ ਨੇੜੇ ਜਮ ਦਾ ਦਾਸ ਨਹੀਂ ਆਉਂਦਾ॥ ੨ ॥

**ਪਉੜੀ॥ਹਰਿ ਜੀਉ ਸਦਾ ਸਚੁ ਹੈ ਸਚੀ ਗੁਰਬਾਣੀ॥ ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ॥ ਅਨਦਿਨੁ ਜਾਗਹਿ ਨ ਸਵਹਿ ਜਾਗਤ ਰੈਣਿ ਵਿਹਾਣੀ॥ ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ॥ ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ॥ ੧੭ ॥**

ਸੱਚੀ ਗੁਰਬਾਣੀ ਦੱਸਦੀ ਹੈ ਕਿ ਵਾਹਿਗੁਰੂ ਠੀਕ ਸੱਚਾ ਹੈ। ਸਤਗੁਰਾਂ ਕਰ ਸਚ ਨੂੰ ਪਛਾਣੀਦਾ ਹੈ ਅਤੇ ਅਕਲ ਸਹਿਜੇ ਹੀ ਵਾਹਿਗੁਰੂ ਵਿੱਚ ਸਮਾ ਜਾਂਦੀ ਹੈ। ਗੁਰਮੁਖ ਰਾਤ ਦਿਨੇ ਜਾਗਦੇ ਹਨ ਅਗਜਾਨ ਨੀਂਦ ਵਿੱਚ ਸੌਂਦੇ ਨਹੀਂ ਸਾਰੀ ਉਮਰ ਰੂਪ ਰਾਤ ਜਾਗਦਿਆਂ ਲੰਘ ਜਾਂਦੀ ਹੈ। ਜਿਨਾਂ ਗੁਰਮੱਤੀਆਂ ਨੇ ਹਰ ਰਸ ਚੱਖਿਆ ਹੈ ਓਹ ਪ੍ਰਾਣੀ ਪੁੰਨ ਕਰਨ ਵਾਲੇ ਹਨ। ਗੁਰਾਂ ਤੋਂ ਬਿਨਾਂ ਵਾਹਿਗੁਰੂ ਨੂੰ ਕਿਸੇ ਨੇ ਨਹੀਂ ਪਾਇਆ, ਮੂਰਖ ਖਪਕੇ ਮਰ ਗਏ ਹਨ॥ ੧੭ ॥

## ਸਲੋਕੁ ਮ: ੩ ॥

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥ ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ॥ ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ॥ ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ॥ ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ॥ ੧ ॥**

ਜੇਹੜੀ ਵਾਹੁ ਵਾਹੁ ਬਾਣੀ ਹੈ ਇਹ ਨਿਰੰਕਾਰ ਦੀ ਹੈ ਇਹਦੇ ਜਿੱਡਾ ਵੱਡਾ ਹੋਰ ਕੋਈ ਨਹੀਂ। ਅਗਮ ਅਥਾਹ ਸੋ ਸਚਾ ਵਾਹਿਗੁਰੂ ਅਸਚਰਜ ਹੈ। ਅਸਚਰਜ ਵਾਹਿਗੁਰੂ ਬੇਪਰਵਾਹ ਹੈ ਜੋ ਕੁਝ ਓਹ ਕਰਦਾ ਹੈ ਸੋ ਕੁਝ ਹੁੰਦਾ ਹੈ।

Digitized by Panjab Digital Library | www.panjabdigilib.org

ਵਾਹਿਗੁਰੂ ਅਸਚਰਜ ਨਾਮ ਅੰਮ੍ਰਿਤ ਹੈ ਇਸਨੂੰ ਕੋਈ ਗੁਰਮੁਖ ਹੀ ਪਾਉਂਦਾ ਹੈ। ਜਿਸਨੂੰ ਵਾਹਿਗੁਰੂ ਕਿਰਪਾ ਕਰਕੇ ਦੇਂਦਾ ਹੈ ਓਹ ਵੱਡੇ ਭਾਗਾਂ ਵਾਲਾ ਅਸਚਰਜ ਵਾਹਿਗੁਰੂ ਨੂੰ ਪਾਉਂਦਾ ਹੈ। ਗੁਰੂ ਜੀ ਆਖਦੇ ਹਨ ਜੋ ਰਾਤ ਦਿਨੇ ਨਾਮ ਲੈਂਦੇ ਹਨ ਓਹ ਗੁਰਮੁਖ ਅਸਚਰਜ ਵਾਹਿਗੁਰੂ ਨੂੰ ਪਾਉਂਦੇ ਹਨ ॥ ੧ ॥

**ਮਃ ੩ ॥ ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ ਦੂਜੀ ਨਾਹੀ ਜਾਇ ॥ ਜੇ ਬਹੁਤੇਰਾ ਲੋਚੀਐ ਵਿਣੁ ਕਰਮੈ ਨ ਪਾਇਆ ਜਾਇ ॥ ਜਿਨ੍ਹਾ ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥ ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ॥ ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥ ੨ ॥**

ਸਤਿਗੁਰਾਂ ਦੀ ਸੇਵਾ ਤੋਂ ਬਿਨਾਂ ਸ਼ਾਂਤੀ ਨਹੀਂ ਆਉਂਦੀ ਅਤੇ ਨਾ ਹੀ ਸ਼ਾਂਤੀ ਦੀ ਹੋਰ ਕੋਈ ਜਗਾ ਹੈ । ਜੇ ਬਹੁਤਾ ਵੀਚਾਰੀਏ ਤਾਂ ਭੀ ਗੁਰਾਂ ਦੀ ਕਿਰਪਾ ਤੋਂ ਬਿਨਾਂ ਵਾਹਿਗੁਰੂ ਨਹੀਂ ਪਾਇਆ ਜਾਂਦਾ। ਜਿਨਾਂ ਦੇ ਅੰਦਰ ਲੋਭ ਰੂਪ ਵਿਕਾਰ ਹੈ ਓਹ ਦ੍ਵੈਤ ਭਾਵ ਵਿਚ ਭੁਲੇ ਹਨ। ਓਨਾਂ ਦਾ ਜੰਮਣਾਂ ਮਰਣਾਂ ਦੂਰ ਨਹੀਂ ਹੁੰਦਾ ਹੰਗਤਾ ਵਿਚ ਦੁਖ ਪਾਉਂਦੇ ਹਨ। ਜਿਨਾਂ ਨੇ ਸਤਿਗੁਰਾਂ ਨਾਲ ਆਪਣਾ ਚਿਤ ਲਾਇਆ ਹੈ ਓਨਾਂ ਵਿਚੋਂ ਖਾਲੀ ਕੋਈ ਨਹੀਂ ਰਿਹਾ ਭਾਵ ਸਭ ਨੂੰ ਵਾਹਿਗੁਰੂ ਮਿਲ ਪਿਆ ਹੈ। ਨਾ ਓਨਾਂ ਨੂੰ ਜਮ ਦੀ ਅਵਾਜ਼ ਪੈਂਦੀ ਹੈ ਨਾ ਓਹ ਦੁਖ ਸਹਾਰਦੇ ਹਨ। ਗੁਰੂ ਜੀ ਆਖਦੇ ਹਨ ਸੱਚੇ ਸਬਦ ਵਿਚ ਸਮਾਕੇ ਗੁਰਮੁਖ ਤਰੇ ਹਨ ॥ ੨ ॥

**ਪਉੜੀ ॥ ਢਾਢੀ ਤਿਸਨੋ ਆਖੀਐ ਜਿ ਖਸਮੈ ਧਰੇ ਪਿਆਰੁ ॥ ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥ ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰਧਾਰਿ॥ ਢਾਢੀ ਕਾ ਮਹਲੁ ਅਗਲਾ ਹਰਿਕੈ ਨਾਇ ਪਿਆਰਿ॥ ਢਾਢੀ ਕੀ**

Digitized by Panjab Digital Library | www.panjabdigilib.org

ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ ॥ ੧੮ ॥

ਜੇਹੜਾ ਵਾਹਿਗੁਰੂ ਵਿਚ ਪ੍ਰੇਮ ਰੱਖਦਾ ਹੈ ਓਸ ਨੂੰ ਜੱਸ ਕਰਨ ਵਾਲਾ ਆਖੀਦਾ ਹੈ। ਬੂਹੇ ਤੇ ਖੜ੍ਹੋਤਾ ਹੋਯਾ ਸੇਵਾ ਕਰਦਾ ਹੈ ਅਤੇ ਗੁਰ ਸਬਦ ਨੂੰ ਵਿਚਾਰਦਾ ਹੈ। ਸੱਚੇ ਨੂੰ ਦਿਲ ਵਿਚ ਧਾਰਕੇ ਜਸ ਕਰਨ ਵਾਲਾ ਵਾਹਿਗੁਰੂ ਦੇ ਘਰ ਦਾ ਦਰਵਾਜਾ ਪਾ ਲੈਂਦਾ ਹੈ। ਢਾਢੀ ਦਾ ਮਹਿਲ ਬੜਾ ਵੱਡਾਪੁਰਾਣਾ ਹੈ ਵਾਹਿਗੁਰੂ ਦੇ ਨਾਮ ਨਾਲ ਪਿਆਰ ਕਰਨ ਨਾਲ ਜਾਣਿਆਂ ਹੈ। ਢਾਢੀਦੀ ਸੇਵਾ ਨੌਕਰੀ ਇਹੋ ਹੀ ਹੈ ਜੋ ਵਾਹਿਗੁਰੂ ਨੂੰ ਜਪਣਾਂ ਅਤੇ ਵਾਹਿਗੁਰੂ ਦੇ ਨਾਮ ਨਾਲ ਜਗਤ ਨੂੰ ਤਾਰਨਾਂ ਹੈ ॥ ੧੮ ॥

## ਸਲੋਕੁ ਮ: ੩ ॥

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥ ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥ ਸਾ ਹੁਕਮੁ ਪਛਾਣੈ ਕੰਤ ਕਾ ਜਿਸਨੋ ਕ੍ਰਿਪਾ ਕੀਤੀ ਕਰਤਾਰਿ ॥ ਓਹੁ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥ ਭੈ ਪਇਐ ਮਲੁ ਕਟੀਐ ਨਿਰਮਲੁ ਹੋਵੈ ਸਰੀਰੁ ॥ ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥ ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰੁ ॥ ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥ ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥ ਨਾਨਕ ਖਸਮੈ ਭਾਵੈ ਸਾ ਭਲੀ ਜਿਸਨੋ ਆਪੇ ਬਖਸੇ ਕਰਤਾਰੁ ॥ ੧ ॥

ਭਾਵੇਂ ਗੁਜਰੀ ਦੀ ਜਾਤੀ ਗਵਾਰ ਹੈ ਪਰ ਜਦੋਂ ਆਪਣੇ ਪਤੀ ਨੂੰ ਪਾ ਲਿਆ ਤਾਂ ਚੰਗੀ ਹੋ ਗਈ ਭਾਵ ਭਾਵੇਂ ਆਦਮੀ ਦੀ ਬੁੱਧੀ ਮੋਟੀ ਹੈ ਪਰ ਜੇ ਵਾਹਿਗੁਰੂ ਨੂੰ ਪਾ ਲਵੇ ਤਾਂ ਚੰਗੀ ਹੋ ਜਾਵੇਗੀ ਅਥਵਾ ਹੇ ਗਵਾਰ ਆਦਮੀ ਉਮਰ ਗੁਜਰ ਦੀ ਜਾਂਦੀ ਹੈ ਜੇ ਆਪਣੇ ਮਾਲਕ ਨੂੰ ਪਾਵੇਂਗੀ ਤੇ ਤਾਂ ਸਫਲ

Digitized by Panjab Digital Library | www.panjabdigilib.org

ਹੋਵੇਂਗੀ। ਗੁਰਾਂ ਦੇ ਸ਼ਬਦ ਦਾ ਵਿਚਾਰ ਕਰ ਅਤੇ ਰਾਤ ਦਿਨ ਵਾਹਿਗੁਰੂ ਦਾ ਜਾਪ ਜਪਣਾਂ ਕਰ। ਜਿਸਨੂੰ ਸਤਿਗੁਰੂ ਮਿਲਦਾ ਹੈ ਤਿਸਨੂੰ ਵਾਹਿਗੁਰੂ ਦਾ ਭੌ ਪ੍ਰਾਪਤ ਹੁੰਦਾ ਹੈ ਸੋ ਜਗਜਾਸੂ ਰੂਪ ਇਸਤ੍ਰੀ ਸਤਸੰਗ ਕੁਲ ਵਾਲੀ ਹੈ। ਜਿਸਤੇ ਵਾਹਿਗੁਰੂ ਨੇ ਕਿਰਪਾ ਕੀਤੀ ਹੈ ਓਹ ਵਾਹਿਗੁਰੂ ਦਾ ਹੁਕਮ ਪਛਾਣਦੀ ਹੈ। ਜੇਹੜੀ ਪਤੀ ਨੇ ਤਿਆਗ ਛੱਡੀ ਹੈ ਓਹ ਕੁਚੱਜੀ ਕੁਲੱਖਣੀ ਹੈ। ਪਤੀ ਦਾ ਡਰ ਹੋਣੇ ਨਾਲ ਮੈਲ ਦੂਰ ਹੋ ਜਾਂਦੀ ਹੈ ਅਤੇ ਸਰੀਰ ਨਿਰਮਲ ਹੋ ਜਾਂਦਾ ਹੈ। ਵਾਹਿਗੁਰੂ ਗੁਣਾਂ ਦੇ ਸਮੁੰਦ੍ਰ ਨੂੰ ਜਪਕੇ ਮਤਿ ਉਤਮ ਹੁੰਦੀ ਹੈ ਅਤੇ ਅੰਦਰ ਗਿਆਨ ਚਾਨਣ ਹੁੰਦਾ ਹੈ। ਭੈ ਵਿਚ ਬਹਿੰਦੀ ਹੈ ਭੈ ਵਿਚ ਰਹਿੰਦੀ ਹੈ ਭੈ ਵਿਚ ਕਾਰ ਕਮੌਂਦੀ ਹੈ। ਐਥੇ ਵੀ ਸੁਖ ਤੇ ਵਡਿਆਈਆਂ ਮਿਲਦੀਆਂ ਹਨ ਅਗੇ ਦਰਗਾਹ ਵਿਚ ਵੀ ਮੁਕਤੀ ਦਾ ਦਰਵਾਜਾ ਖੁਲ੍ਹਾ ਹੈ। ਭੈ ਤੋਂ ਹੀ ਨਿਰਭੌ ਨੂੰ ਪਾਈਦਾ ਹੈ ਅਤੇ ਅਪਾਰ ਜੋਤ ਨਾਲ ਜੋਤਿ ਮਿਲ ਜਾਂਦੀਹੈ। ਗੁਰੂ ਜੀ ਆਖਦੇ ਹਨ ਜਿਸਨੂੰ ਆਪ ਵਾਹਿਗੁਰੂ ਬਖਸ਼ਦਾ ਹੈ ਓਹੋ ਚੰਗੀ ਅਤੇ ਓਹੋ ਹੀ ਖਸਮ ਨੂੰ ਭਾਉਂਦੀ ਹੈ ॥ ੧ ॥

**ਮ: ੩ ॥ ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ ॥ ਨਾਨਕ ਏਕੁ ਛੋਡਿ ਦੂਜੈ ਲਗੇ ਸਾ ਜਿਹਵਾ ਜਲਿ ਜਾਉ ॥ ੨ ॥**

ਸੱਚੇ ਨੂੰ ਸਦਾ ਸਦਾ ਸਲਾਹੋ ਅਤੇ ਬਲਿਹਾਰ ਜਾਓ। ਗੁਰੂ ਜੀ ਆਖਦੇ ਹਨ ਜੇਹੜੀ ਰਸਨਾ ਇਕ ਨੂੰ ਛਡਕੇ ਦੂਜੇ ਨੂੰ ਜਪਣ ਲੱਗੇਓਹ ਸੜ ਜਾਵੇ।੨।

**ਪਉੜੀ ॥ ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ॥ ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ॥ ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ਹੀ ਨ ਲਹੀਆ ॥ ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ॥ ਤਿਥੈ ਸੋਗੁ ਵਿਜੋਗੁ ਨ ਵਿਆਪਈ ਅਸਥਿਰੁ ਜਗਿ ਥੀਆ ॥ ੧੯ ॥**

ਵਾਹਿਗੁਰੂ ਨੇ ਜੇਹੜੇ ਅੰਸਾ ਅਵਤਾਰ ਪ੍ਰਿਥੁ ਆਦਿਕ ਪੈਦਾ ਕੀਤੇ ਸਨ ਓਨ੍ਹਾਂ ਨੇ ਵੀ ਦ੍ਵੈਤ ਭਾਵ ਕੀਤਾ। ਜੀਕਣ ਹੋਰ ਰਾਜੇ ਰਾਜ ਕਮੌਂਦੇ ਦੁਖ ਸੁਖ ਭੋਗਦੇ ਲੜਦੇ ਭਿੜਦੇ ਰਹੇ ਓਸੇ ਤਰਾਂ ਓਹ ਅੰਸਾਵਤਾਰ ਕਰਦੇ ਰਹੇ। ਜੇਹੜੇ ਸ਼ਿਵਜੀ ਬ੍ਰਹਮਾਂ ਵਾ ਸ਼ਿਵਜੀ ਬ੍ਰਹਮਾਂ ਨੂੰ ਸੇਵਣ ਵਾਲੇ ਹਨ ਓਨਾਂ ਵੀ ਤੇਰ੍ਹ

Digitized by Panjab Digital Library | www.panjabdigilib.org

ਅੰਤ ਨਹੀਂ ਲਿਆ। ਨਿਰ ਭੈ ਨਿਰੰਕਾਰ ਅਲੱਖ ਹੈ ਗੁਰਮੁਖਾਂ ਨੂੰ ਪਰਗਟ ਹੋਯਾ ਹੈ। ਗੁਰਮੁਖ ਦੇ ਰਿਦੇ ਵਿਚ ਸੋਗ ਵਿਛੋੜਾ ਨਹੀਂ ਵਿਆਪਦਾ ਓਹ ਜਗਤ ਵਿਚ ਜਨਮ ਮਰਨ ਤੋਂ ਰਹਿਤ ਹੋਗਿਆ ਹੈ ॥ ੧੯ ॥

## ਸਲੋਕੁ ਮ: ੩ ॥

**ਏਹ ਸਭੁ ਕਿਛੁ ਆਵਣ ਜਾਣੁ ਹੈ ਜੇਤਾ ਹੈ ਆਕਾਰੁ॥ ਜਿਨਿ ਏਹੁ ਲੇਖਾ ਲਿਖਿਆ ਸੋ ਹੋਆ ਪਰਵਾਣੁ॥ ਨਾਨਕ ਜੇਕੋ ਆਪੁ ਗਣਾਇਦਾ ਸੋ ਮੂਰਖੁ ਗਾਵਾਰੁ ॥ ੧ ॥**

ਜਿਨ੍ਹਾਂ ਇਹ ਅਕਾਰ ਨਜ਼ਰ ਆਉਂਦਾ ਹੈ ਇਹ ਸਭ ਕੁਛ ਆਉਣ ਜਾਣ ਵਾਲਾ ਹੈ। ਜਿਸਨੇ ਇਹ ਲੇਖਾ ਲਿਖਿਆ ਭਾਵ ਵਿਚਾਰਿਆ ਹੈ ਓਹ ਪਰਵਾਣ ਹੋਯਾ ਹੈ। ਗੁਰੂ ਜੀ ਆਖਦੇ ਹਨ ਜੋ ਆਪਣੇ ਆਪ ਨੂੰ ਗਿਣਤੀ ਵਿਚ ਲਿਆਉਂਦਾ ਹੈ ਭਾਵ ਹੰਕਾਰ ਕਰਦਾ ਹੈ ਓਹ ਬੜਾ ਮੂਰਖ ਹੈ ॥ ੧ ॥

**ਮ: ੩ ॥ ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥ ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥੨॥**

ਮਨ ਹਾਥੀ ਹੈ ਗੁਰੂ ਮਹਾਵਤ ਹੈ ਗਿਆਨ ਕੁੰਡਾ ਹੈ ਗੁਰੂ ਗਿਆਨ ਕੁੰਡੇ ਨਾਲ ਮਨ ਨੂੰ ਜਿਧਰ ਖਿਚਦਾ ਹੈ ਓਧਰ ਹੀ ਮਨ ਜਾਂਦਾ ਹੈ। ਗੁਰੂ ਜੀ ਆਖਦੇ ਹਨ ਮਨ ਹਾਥੀ ਕੁੰਡੇ ਤੋਂ ਬਿਨਾਂ ਹੋਯਾ ੨ ਮੁੜ ਮੁੜਕੇ ਸੰਸਾਰ ਉਜੜ ਵਾ ਜਨਮ ਮਰਨ ਵਿਚ ਪੈਂਦਾ ਹੈ ॥ ੨ ॥

**ਪਉੜੀ ॥ ਤਿਸੁ ਆਗੈ ਅਰਦਾਸਿ ਜਿਨਿ ਉਪਾਇਆ ॥ ਸਤਿਗੁਰੁ ਅਪਣਾ ਸੇਵਿ ਸਭ ਫਲ ਪਾਇਆ॥ ਅੰਮ੍ਰਿਤ ਹਰਿਕਾ ਨਾਉ ਸਦਾ ਧਿਆਇਆ ॥ ਸੰਤ ਜਨਾ ਕੈ ਸੰਗਿ ਦੁਖੁ ਮਿਟਾਇਆ ॥ ਨਾਨਕ ਭਏ ਅਚਿੰਤੁ ਹਰਿ ਧਨੁ ਨਿਹਚਲਾਇਆ ॥ ੨੦ ॥**

ਜਿਸਨੇ ਤੈਨੂੰ ਪੈਦਾ ਕੀਤਾ ਹੈ ਉਸ ਅਗੇ ਅਰਦਾਸ ਕਰ। ਜਿਨਾਂ ਨੇ ਆਪਣਾ ਸਤਗੁਰ ਸੇਵਿਆ ਹੈ ਓਨਾਂ ਨੇ ਸਾਰੇ ਫਲਾਂ ਨੂੰ ਪਾਇਆ ਹੈ। ਵਾਹਿਗੁਰੂ ਦਾ ਨਾਮ ਅੰਮ੍ਰਿਤ ਸਦਾ ਧਿਆਇਆ ਹੈ।ਸੰਤ ਜਨਾਂ ਦੇ ਸੰਗ ਕਰਕੇ ਦੁਖਾਂ

Digitized by Panjab Digital Library | www.panjabdigilib.org

ਨੂੰ ਦੂਰ ਕੀਤਾ। ਗੁਰੂ ਜੀ ਆਖਦੇ ਹਨ ਜਿਨਾਂ ਨੂੰ ਵਾਹਿਗੁਰੂ ਰੂਪ ਧਨ ਨੇ ਅਚੱਲ ਕੀਤਾ ਹੈ ਓਹ ਚਿੰਤਾ ਤੋਂ ਰਹਤ ਹੋਏ ਹਨ ॥ ੨੦ ॥

**ਸਲੋਕੁ ਮ: ੩ ॥ ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ ॥ ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ ॥ ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ ॥ ਨਾਨਕ ਤਿਨ੍ ਬਲਿਹਾਰਣੈ ਜਿਨ੍ ਗੁਰਮੁਖਿ ਪਾਇਆ ਮਨ ਮਾਹਿ॥੧॥**

< ਮਿਆਲਾ=ਵੱਟਾਂ। >

ਜੀਕਣ ਜਿਸ ਖੇਤ ਦੀਆਂ ਵੱਟਾਂ ਉਚੀਆਂ ਹੋਣ ਓਸੇ ਵਿੱਚ ਬੱਦਲਾਂ ਦਾਪਾਣੀ ਆਕੇ ਟਿਕਦਾ ਹੈ ਅਸਾਂ ਇਸ ਗੱਲ ਨੂੰ ਨਿਰਨੇ ਕੀਤਾ ਹੈ ਭਾਵ ਜਿਨਾਂ ਦਾ ਦਿਲ ਸਾਫ ਹੈ ਉਹ ਉਚ ਘਰ ਵਾਹਿਗੁਰੂ ਨੂੰ ਵੇਖਦੇ ਹਨ। ਮਹਲ=ਇਸਤ੍ਰੀ। ਸਰੈ=ਹੁੰਦੀ। ਜਿਸ ਜਸਜਾਸੂ ਇਸਤ੍ਰੀ ਦੇ ਰਿਦੇ ਵਿਚ ਭਗਤੀ ਹੁੰਦੀ ਹੈ ਉਸਦੇ ਘਰ ਸਜਣ ਸੰਤ (ਅਥਵਾ ਚੰਗੇ ਗੁਣ) ਪਰਾਹੁਣੇ ਆਉਂਦੇ ਹਨ ਅਥਵਾ ਜਿਸਦੇ ਮਹਲ ਘਰ ਬਣੇ ਹੋਣ ਉਸਦੇ ਘਰ ਪਰਾਹੁਣੇ ਆਉਂਦੇ ਹਨ। ਹੇ ਬਦਲਾ! ਜੇ ਵਰ੍ਹਨਾਂ ਈ ਤਾਂ ਵਰ੍ਹ ਨਹੀਂ ਤਾਂ ਫੇਰ ਵਰ੍ਹਕੇ ਕੀ ਲਏਂਗਾ ਭਾਵ ਹੇ ਗੁਰੂ ਜੀ! ਜੇ ਉਪਦੇਸ਼ ਕਰਨਾਂ ਜੇ ਤਾਂ ਕਰੋ ਨਹੀਂ ਤਾਂ ਫੇਰ ਜਦ ਸ਼ੌਂਕ ਮੱਠਾ ਹੋਗਿਆ ਕੀ ਕਰੋਗੇ? ਗੁਰੂ ਜੀ ਆਖਦੇ ਹਨ ਜਿਨ੍ਹਾਂ ਗੁਰਮੁਖਾਂ ਨੇ ਮਨ ਵਿਚ ਹੀ ਵਾਹਿਗੁਰੂ ਨੂੰ ਪਾਇਆ ਹੈ ਓਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ ॥ ੧ ॥

**ਮ: ੩॥ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ॥ ਨਾਨਕ ਗੁਰਮੁਖਿ ਜਾਣੀਐ ਜਾਕਉ ਆਪਿ ਕਰੇ ਪਰਗਾਸੁ ॥ ੨ ॥**

ਮਿੱਠਾ ਉਹ ਹੈ ਜੋ ਚੰਗਾ ਲੱਗਦਾ ਹੈ ਸੱਜਣ ਉਹ ਜਾਣੀਦਾ ਹੈ ਜੋ ਸਾਰੀ ਉਮਰ ਇਕੋ ਜੇਹਾ ਠੀਕ ਰਾਸ ਰਹਿੰਦਾ ਹੈ। ਗੁਰੂ ਜੀ ਆਖਦੇ ਹਨ ਗੁਰਮੁਖ ਉਹ ਜਾਣੀਦਾ ਹੈ ਜਿਸਨੂੰ ਆਪ ਚਾਨਣ ਕਰਦਾ ਹੈ ॥ ੨ ॥

**ਪਉੜੀ ॥ ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥ ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥ ਜੀਅਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥ ਜੋ ਦਾਸ**

Digitized by Panjab Digital Library | www.panjabdigilib.org

ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ ॥ ਚਿਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ॥ ੨੧ ॥

ਹੇ ਵਾਹਿਗੁਰੂ ਤੇਰੇ ਪਾਸ ਦਾਸ ਦੀ ਅਰਦਾਸ ਹੈ ਤੂੰ ਸੱਚਾ ਸਾਈਂ ਹੈਂ । ਤੂੰ ਸਦਾ ੨ ਰਖਵਾਲਾ ਹੈਂ ਮੈਂ ਤੈਨੂੰ ਯਾਦ ਕਰਦਾ ਹਾਂ । ਸਾਰੇ ਜੀਅ ਜੰਤ ਤੇਰੇ ਹਨ ਤੂੰ ਸਾਰਿਆਂ ਵਿਚ ਸਮਾ ਰਿਹਾ ਹੈਂ । ਜੇਹੜਾ ਤੇਰੇ ਦਾਸ ਦੀ ਨਿੰਦਿਆ ਕਰਦਾ ਹੈ ਉਹਨੂੰ ਤੂੰ ਮਾਰ ਖਪਾਉਂਦਾ ਹੈਂ । ਗੁਰੂ ਜੀ ਆਖਦੇ ਹਨ ਗੁਰਾਂ ਦੀ ਚਰਨੀ ਲਗਕੇ ਚਿੰਤਾ ਨੂੰ ਛਡਕੇ ਅਚਿੰਤ ਹੋ ਰਹੋ ॥ ੨੧ ॥

## ਸਲੋਕੁ ਮ: ੩॥

ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ ॥ ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ ॥ ੧॥

ਜਗਤ ਆਸਾ ਕਰਦਾ ਮਰ ਗਿਆ ਵੇਖੋ ਭਾਈ ਇਕ ਆਸਾ ਨਹੀਂ ਮਰ ਜਾਂਦੀ ਭਾਵ ਇਹ ਕਿ ਇਹ ਆਸਾ ਨਹੀਂ ਮਰੀ ਹੋਰ ਸਾਰਾ ਜਗਤ ਮਰ ਮਰ ਕੇ ਤੁਰਿਆ ਜਾਂਦਾ ਹੈ । ਗੁਰੂ ਜੀ ਆਖਦੇ ਹਨ ਉਸਦੀਆਂ ਆਸਾਂ ਪੂਰੀਆਂ ਹੋਈਆਂ ਹਨ ਜਿਸਨੇ ਸੱਚੇ ਨਾਲ ਚਿਤ ਲਾਇਆ ਹੈ ॥ ੧ ॥

ਮ: ੩॥ਆਸਾ ਮਨਸਾ ਮਰਿ ਜਾਇਸੀ ਜਿਨਿ ਕੀਤੀ ਸੋ ਲੈ ਜਾਇ ॥ ਨਾਨਕ ਨਿਹਚਲੁ ਕੋ ਨਹੀ ਬਾਝਹੁ ਹਰਿ ਕੈ ਨਾਇ ॥ ੨ ॥

ਮਨਸਾ=ਬੁੱਧੀ । ਆਸਾ ਮਨਸਾ ਮਰ ਜਾਵੇਗੀ ਜਿਸ ਜੀਵ ਨੇ ਆਸਾ ਮਨਸਾ ਬਹੁਤੀ ਕੀਤੀ ਹੈ ਉਸ ਜੀਵ ਨੂੰ ਵੀ ਆਸਾ ਮਨਸਾ ਅਪਣੇ ਨਾਲ ਨਾਸ ਕਰਕੇ ਲੈ ਜਾਵੇਗੀ ਅਥਵਾ ਜਿਸ ਵਾਹਿਗੁਰੂ ਨੇ ਆਸਾ ਮਨਸਾ ਕੀਤੀ ਹੈ ਜੇ ਜੀਵ ਉਸ ਵਿਚ ਲੈ ਲੀਨ ਹੋ ਜਾਵੇ ਤਾਂ ਜਨਮ ਮਰਨ ਤੋਂ ਬਚ ਜਾਵੇਗਾ । ਗੁਰੂ ਜੀ ਆਖਦੇ ਹਨ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਨਿਹਚਲ ਹੋਰ ਕੋਈ ਨਹੀਂ ॥ ੨ ॥

ਪਉੜੀ ॥ ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ ॥ ਆਪੇ ਸਾਹੁ ਆਪੇ ਵਣਜਾਰਾ ਆਪੇ ਹੀ ਹਰਿ ਹਾਟੁ॥ ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ ॥ ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥ ਜਨ ਨਾਨਕ

Digitized by Panjab Digital Library | www.panjabdigilib.org

ਨਾਮੁ ਧਿਆਇ ਤੂ ਸਭਿ ਕਿਲਵਿਖ ਕਾਟੁ ॥੨੨॥੧॥ਸੁਧੁ

ਵਾਹਿਗੁਰੂ ਨੇ ਸਭ ਚੀਜ਼ਾਂ ਦਾ ਪੂਰਾ ਅਕੱਠ ਕਰਕੇ ਆਪੇ ਹੀ ਜਗਤ ਬਣਾਇਆ ਹੈ। ਆਪੇ ਹੀ ਸ਼ਾਹੂਕਾਰ ਹੈ ਆਪੇ ਹੀ ਵਣਜਾਰਾ ਹੈ ਆਪੇ ਹੀ ਵਾਹਿਗੁਰੂ ਹੱਟੀ ਹੈ। ਆਪੇ ਹੀ ਸਮੁੰਦਰ ਹੈ ਆਪੇ ਹੀ ਜਹਾਜ ਹੈ ਆਪੇ ਹੀ ਮਲਾਹ ਹੈ। ਆਪੇ ਹੀ ਗੁਰੂ ਹੈ ਆਪੇ ਹੀ ਚੇਲਾ ਹੈ ਆਪੇ ਹੀ ਘਾਟ ਸਤਸੰਗ ਦਾ ਰਸਤਾ ਦਸਦਾ ਹੈ। ਗੁਰੂ ਜੀ ਆਖਦੇ ਹਨ ਹੇ ਭਾਈ ਨਾਮ ਨੂੰ ਯਾਦ ਕਰ ਤੂੰ,ਤੇਰੇ ਸਭ ਪਾਪ ਕੱਟੇ ਜਾਣਗੇ ॥ ੨੨ ॥ ੧ ॥ ਇਹ ਵਾਰ ਸੁਧ ਹੈ।

## ਰਾਗੁ ਗੂਜਰੀ ਵਾਰ ਮਹਲਾ ੫

## ੧ ਓ ਸਤਿਗੁਰਪ੍ਰਸਾਦਿ॥

## ਸਲੋਕੁ ਮ: ੫ ॥

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰਨਾਉ ॥ ਨੇਤ੍ਰੀ ਸਤਿਗੁਰ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥ ਕਹੁ ਨਾਨਕ ਕਿਰਪਾ ਕਰੇ ਜਿਸਨੋ ਏਹ ਵਥੁ ਦੇਇ॥ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ ੧ ॥

ਮਨ ਵਿੱਚ ਗੁਰਾਂ ਨੂੰ ਅਰਾਧਣਾਂ ਜੀਭ ਨਾਲ ਗੁਰਾਂ ਦਾ ਨਾਮ ਜਪਣਾਂ। ਨੇਤ੍ਰਾਂ ਨਾਲ ਸਤਿਗੁਰਾਂ ਨੂੰ ਵੇਖਣਾਂ ਕੰਨਾਂ ਨਾਲ ਗੁਰਾਂ ਦਾ ਨਾਮ ਸੁਣਨਾਂ। ਸਤਿਗੁਰਾਂ ਨਾਲ ਰੱਤਿਆਂ ਨੂੰ ਦਰਗਾਹ ਵਿੱਚ ਬਹਿਣ ਨੂੰ ਜਗਾ ਮਿਲਦੀ ਹੈ। ਗੁਰੂ ਜੀ ਆਖਦੇ ਹਨ ਜਿਸਤੇ ਵਾਹਿਗੁਰੂ ਕਿਰਪਾ ਕਰਦਾ ਹੈ ਉਸਨੂੰ ਇਹ ਚੰਗੀਆਂ ਚੀਜਾਂ ਦੇਂਦਾ ਹੈ। ਜਗ ਵਿੱਚ ਉੱਤਮ ਕੋਈ ਕੋਈ ਵਿਰਲੇ ਹੀ ਨਿਕਲਦੇ ਵਾ ਕਹੀਦੇ ਹਨ ॥ ੧ ॥

ਮ: ੫ ॥ ਰਖੇ ਰਖਣ ਹਾਰਿ ਆਪਿ ਉਬਾਰਿਅਨੁ ॥ ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥ ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥ਸਾਧ ਜਨਾ ਕੈ ਸੰਗਿ

Digitized by Panjab Digital Library | www.panjabdigilib.org

**ਭਵਜਲੁ ਤਾਰਿਅਨੁ ॥ ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥ ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥ ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥ ੨ ॥**

ਰੱਖਣ ਵਾਲਾ ਆਪੇ ਹੀ ਰੱਖਿਆ ਕਰਕੇ ਬਚਾ ਲੈਂਦਾ ਹੈ ਗੁਰਾਂ ਦੀ ਪੈਰੀਂ ਪਾਕੇ ਕੰਮ ਸਵਾਰ ਦਿਤੇ ਹਨ । ਜਿਸਤੇ ਆਪ ਦਿਆਲ ਹੋਯਾ ਹੈ ਉਸਨੂੰ ਮਨੋ ਨਹੀਂ ਵਿਸਾਰਦਾ। ਸੰਤ ਜਨਾਂ ਦੇ ਨਾਲ ਰਲਾਕੇ ਸੰਸਾਰ ਸਮੁੰਦ੍ਰ ਤੋਂ ਤਾਰਿਆ ਹੈ ਸਾਕਤਾਂ ਨਿੰਦਕਾਂ ਦੁਸ਼ਟਾਂ ਨੂੰ ਪਲ ਵਿੱਚ ਨਾਸ ਕੀਤਾ ਹੈ। ਗੁਰੂ ਜੀ ਆਖਦੇ ਹਨ ਤਿਸ ਸਾਹਿਬ ਦੀ ਓਟ ਮਨ ਵਿੱਚ ਰਖੋ ਜਿਸਦੇ ਸਿਮਰਿਆਂ ਸੁਖ ਹੁੰਦਾ ਹੈ ਅਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ ॥ ੨ ॥

**ਪਉੜੀ॥ਅਕੁਲ ਨਿਰੰਜਨ ਪੁਰਖੁ ਅਗਮ ਅਪਾਰੀਐ ॥ ਸਚੋ ਸਚਾ ਸਚੁ ਸਚੁ ਨਿਹਾਰੀਐ॥ ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ ॥ ਸਭਸੈ ਦੇ ਦਾਤਾਰੁ ਜੇਤ ਉਪਾਰੀਐ ॥ ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ॥ ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ॥ ਪ੍ਰਭ ਜੀਉ ਤੁਧੁ ਧਿਆਏ ਸੋਇ ਜਿਸੁ ਭਾਗਿ ਮਥਾਰੀਐ ॥ ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ ਬਲਿਹਾਰੀਐ ॥ ੧ ॥**

ਹੇ ਕੁਲਤੋਂ ਬਿਨਾਂ ਮਾਯਾ ਤੋਂ ਬਿਨਾਂਅਕਾਲ ਪੁਰਖ ਤੂੰ ਅਗੱਮ ਅਪਾਰ ਹੈਂ ਪਿਛੇ, ਹੁਣ,ਅਗੇ ਠੀਕ ਤੂੰ ਸੱਚਾ ਦਿਖਾਈ ਦੇਂਦਾ ਹੈਂ ਤੇਰੀ ਬਣਾਈ ਹੋਈ ਦੁਨੀਆਂ ਕੁਛ ਝੂਠੀ ਨਹੀਂ ਜਾਪਦੀ।ਉਪਾਰੀਐ=ਪ੍ਰਗਟ । ਜਿਤਨੇ ਜੀਵ ਤੂੰਪ੍ਰਗਟ ਕੀਤੇ ਹਨ ਹੇ ਦਾਤਾਰ ਤੂੰ ਸਭ ਨੂੰ ਦੇਂਦਾ ਹੈਂ । ਸੰਜਾਰੀਐ=ਪ੍ਰਵੇਸ਼ । ਇਕ ਪ੍ਰਾਣਾਂ ਰੂਪ ਧਾਗੇ ਵਿੱਚ ਪਾਕੇ ਸਾਰਿਆਂ ਵਿੱਚ ਇਕ ਕਲਾ ਜੋਤ ਪਾਈ ਹੋਈ ਹੈ। ਤੇਰੇ ਹੁਕਮ ਨਾਲ ਹੀ ਭੈਆਨਕ ਸੰਸਾਰ ਸਮੁੰਦ੍ਰ ਵਿੱਚ ਡੁਬੀਦਾ ਹੈ ਅਤੇ ਹੁਕਮ ਨਾਲ ਹੀ ਤਰ ਜਾਈਦਾ ਹੈ । ਹੇ ਵਾਹਿਗੁਰੂ ਤੈਨੂੰ ਓਹ ਧਿਆਉਂਦਾ ਹੈ ਜਿਸਦੇ ਮੱਥੇ ਉਤੇ ਭਾਗ ਹਨ ।ਤੇਰੀ ਗਤੀ ਦੀ ਮਰਯਾਦਾ ਲਖੀ ਨਹੀਂ ਜਾਂਦੀ ਮੈਂ ਤੈਥੋਂ ਬਲਿਹਾਰ ਜਾਂਦਾ ਹਾਂ ॥ ੧ ॥

Digitized by Panjab Digital Library | www.panjabdigilib.org

ਸਲੋਕੁ ਮ: ੫ ॥

ਜਾ ਤੂੰ ਤੁਸਹਿ ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ॥ ਜਾ ਤੂੰ ਤੁਸਹਿ ਮਿਹਰਵਾਨ ਨਉ ਨਿਧਿ ਘਰ ਮਹਿ ਪਾਹਿ॥ ਜਾ ਤੂੰ ਤੁਸਹਿ ਮਿਹਰਵਾਨ ਤਾ ਗੁਰ ਕਾ ਮੰਤ੍ਰੁ ਕਮਾਹਿ॥ ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ॥ ੧ ॥

ਹੇ ਮਿਹਰਵਾਨ ਜਦੋਂ ਤੂੰ ਪ੍ਰਸੰਨ ਹੋਵੇਂ ਤਾਂ ਅਚਾਨਕ ਹੀ ਮਨ ਵਿਚ ਆ ਵਸਦਾ ਹੈਂ। ਹੇ ਮਿਹਰਵਾਨ ਜਦੋਂ ਤੂੰ ਪ੍ਰਸੰਨ ਹੋਵੇਂ ਤਾਂ ਨੌ ਨਿਧੀਆਂ ਘਰ ਵਿਚ ਹੀ ਪਾ ਲਈਦੀਆਂ ਹਨ। ਹੇ ਮਿਹਰਵਾਨ ਜਦੋਂ ਤੂੰ ਪ੍ਰਸੰਨ ਹੋਵੇਂ ਤਾਂ ਜੀਵ ਗੁਰਾਂ ਦਾ ਮੰਤ੍ਰ ਕਮੌਂਦਾ ਹੈ। ਹੇ ਮਿਹਰਵਾਨ ਜਦੋਂ ਤੂੰ ਪ੍ਰਸੰਨ ਹੋਵੇਂ ਤਾਂ ਗੁਰੂ ਜੀ ਆਖਦੇ ਹਨ ਸੱਚੇ ਅਨੰਦ ਵਿਚ ਸਮਾਈਦਾ ਹੈ ॥ ੧ ॥

ਮ: ੫ ॥ ਕਿਤੀ ਬੈਹਨਿ ਬੈਹਣੇ ਮੁਚੁ ਵਜਾਇਨਿ ਵਜ॥ ਨਾਨਕ ਸਚੇ ਨਾਮ ਵਿਣੁ ਕਿਸੈ ਨ ਰਹੀਆ ਲਜ॥੨॥

ਕਿੰਨੇ ਹੀ ਤਖਤਾਂ ਤੇ ਬਹਿਣ ਵਾਲੇ ਬੜੇ ਵਾਜੇ ਵਜਾ ਗਏ ਹਨ। ਗੁਰੂ ਜੀ ਆਖਦੇ ਹਨ ਸੱਚੇ ਨਾਮ ਤੋਂ ਬਿਨਾਂ ਕਿਸੇ ਦੀ ਲੱਜਿਆ ਨਹੀਂ ਰਹੀ ॥੨॥

ਪਉੜੀ ॥ ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ॥ ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥ ਬ੍ਰਹਮੇ ਤੁਧੁ ਧਿਆਇਨਿ੍ ਇੰਦ੍ਰ ਇੰਦ੍ਰਾਸਣਾ॥ ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥ ਪੀਰ ਪਿਕਾਂਬਰ ਸੇਖ ਮਸਾਇਕ ਅਉਲੀਏ॥ ਓਤਿਪੋਤਿ ਨਿਰੰਕਾਰ ਘਟਿਘਟਿ ਮਉਲੀਏ॥ ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥ ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥ ੨ ॥

ਹੇ ਵਾਹਿਗੁਰੂ ਪੰਡਤ ਕਾਜ਼ੀ ਵੇਦਾਂ ਕਿਤੇਬਾਂ ਸਣੇ ਖੜੋਤੇ ਤੈਨੂੰ ਧਿਆ ਰਹੇ ਹਨ। ਜਿੰਨੇਕੁ ਤੇਰੇ ਦਰਵਾਜੇ ਤੇ ਪਏ ਹੋਏ ਹਨ ਉਨਾਂ ਦੀ

Digitized by Panjab Digital Library | www.panjabdigilib.org

ਮੈਥੋਂ ਗਿਣਤੀ ਨਹੀਂ ਗਿਣੀ ਜਾਂਦੀ। ਇੰਦਰ ਸਿੰਘਾਸਨ ਤੇ ਬੈਠਾ ਹੋਯਾ ਅਤੇ ਬ੍ਰਹਮੇ ਆਦਿਕ ਵੀ ਤੈਨੂੰ ਧਿਆਉਂਦੇ ਹਨ। ਹੇ ਵਾਹਿਗੁਰੂ ਸ਼ੰਕਰ ਅਤੇ ਬਿਸ਼ਨੂ ਦੇ ਜਿੰਨੇ੨ ਅਵਤਾਰ ਹਨ ਸਾਰੇ ਮੂੰਹੋਂ ਤੇਰਾ ਜਸ ਕਹਿੰਦੇ ਹਨ। ਬਜ਼ੁਰਗ, ਸੁਨੇਹਾ ਪਹੁੰਚਾਉਣ ਵਾਲੇ, ਤ੍ਯਾਗੀ ਮਿਹਨਤਾਂ ਕਰਨ ਵਾਲੇ ਕਰਾਮਾਤੀਏ ਸਭ ਤੈਨੂੰ ਧਿਆਉਂਦੇ ਹਨ। ਹੇ ਨਿਰੰਕਾਰ ਤਾਣੇ ਪੇਟੇ ਵਾਂਙੂ ਘਟ ਘਟ ਵਿਚ ਤੂੰ ਮਿਲ ਰਿਹਾ ਹੈਂ। ਤਗੀਐ=ਇਸਥਿਤ। ਝੂਠਿਆਂ ਨੂੰ ਨਾਸ ਕਰਦਾ ਹੈਂ ਧਰਮੀਆਂ ਨੂੰ ਕੋਲ ਬਹਾਉਂਦਾ ਹੈਂ, ਅਥਵਾ ਝੂਠ ਨਾਸ ਕਰ ਦੇਵੇਗਾ ਧਰਮ ਵਿਚ ਇਸਥਿਤ ਹੋਈਏ। ਜਿੱਧਰ੨ ਤੂੰ ਆਪ ਲਾਉਂਦਾ ਹੈ ਉਧਰ੨ ਲਗੀਦਾ ਹੈ ॥੩॥

## ਸਲੋਕੁ ਮ: ੫ ॥

## ਚੰਗਿਆਂਈ ਆਲਕੁ ਕਰੇ ਬੁਰਿਆਂਈ ਹੋਇ ਸੇਰੁ ॥ ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥੧॥

ਚੰਗਿਆਈਆਂ ਵੇਲੇ ਆਲਸ ਕਰਦਾ ਹੈਂ ਅਤੇ ਬੁਰਿਆਈਆਂ ਨੂੰ ਸ਼ੇਰ ਬਣ ਬੈਠਦਾ ਹੈਂ। ਪੇਰ=ਪੈਰ ਵਾ ਪੇਰੀ ਘੱਲੀ ਹੋਈ। ਗੁਰੂ ਜੀ ਆਖਦੇ ਹਨ ਹੇ ਗਾਫਲ ਅਜ ਕਲ ਹੀ ਤੇਰੇ ਪੈਰੀਂ ਫਾਹੀ ਆ ਪਏਗੀ॥੧॥

## ਮ: ੫ ॥ ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ ॥ ਨਾਨਕ ਤੈਸਹਿ ਢਕਿਆ ਮਨ ਮਹਿ ਸਚਾ ਮਿਤੁ ॥੨॥

ਹੇ ਹਿਤੂ ਪਿਆਰੇ! ਅਸੀ ਕਿੰਨੀਆਂ ਹੀ ਖੋਟੀਆਂ ਗੱਲਾਂ ਅਥਵਾ ਖੋਟੇ ਕੰਮ ਕਰਦੇ ਹਾਂ ਪਰ ਉਨ੍ਹਾਂ ਦਾ ਛੁਪਾ ਛੁਪਿਆ ਨਹੀਂ ਰਹਿੰਦਾ ਅਥਵਾ ਭਾਵੇਂ ਅਸੀ ਕਿੰਨੇ ਹੀ ਕੁਢੰਗ ਕਰੀਏ ਪਰ ਪਿਆਰਾ ਵਾਹਿਗੁਰੂ ਅੰਦਰੋਂ ਛੁਪਿਆ ਨਹੀਂ ਰਹਿੰਦਾ। ਗੁਰੂ ਜੀ ਆਖਦੇ ਹਨ ਹੇ ਵਾਹਿਗੁਰੂ ਤੂੰ ਮੇਰਾ ਸੱਚਾ ਮਿਤ੍ਰ ਹੈਂ ਕਿਉਂਕਿ ਤੂੰ ਮੇਰੇ ਐਬਾਂ ਨੂੰ ਮਨ ਵਿੱਚ ਢੱਕਿਆ ਹੈ ਅਥਵਾ ਵਾਹਿਗੁਰੂ ਨੇ ਹੀ ਸੱਚਾ ਮਿਤ੍ਰ ਮਨ ਵਿੱਚ ਢਕਿਆ ਹੋਇਆ ਹੈ॥੨॥

## ਪਉੜੀ॥ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥ ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥ ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥ ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥ ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ॥ਪਖਾ ਪਾਣੀ ਪੀਸਿ ਬਿਗਸਾ

Digitized by Panjab Digital Library | www.panjabdigilib.org

**ਪੈਰ ਧੋਇ ॥ ਆਪਹੁ ਕਛੂ ਨ ਹੋਇ ਪ੍ਰਭੁ ਨਦਰਿ ਨਿਹਾਲੀਐ ॥ ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥ ੩ ॥**

ਹੇ ਦਿਆਲੂ ਮੈਂ ਤੈਥੋਂ ਇਹ ਮੰਗਦਾ ਹਾਂ ਕਿ ਮੈਨੂੰ ਤੂੰ ਆਪਣੇ ਦਾਸਾਂ ਦਾ ਦਾਸ ਕਰ। ਜਦ ਤੂੰ ਮੇਰੇ ਨਾਲ ਬੋਲਿਆ ਤਾਂਮੈਂ ਨੌ ਨਿਧੀਆਂ ਵੀ ਪਾ ਲਈਆਂ ਅਤੇ ਰਾਜ ਵੀ ਪਾ ਲਿਆ ਹੁਣ ਮੈਂ ਜੀਵਾਂਗਾ। ਦਾਸਾਂ ਦੇ ਘਰ ਬੜਾ ਨਾਮ ਅੰਮ੍ਰਿਤ ਦਾ ਖਜਾਨਾ ਹੈ ਤਿਨਾਂ ਦੇ ਨਾਲ ਰਲਕੇ ਕੰਨਾਂ ਵਿੱਚ ਵਾਹਿਗੁਰੂ ਦਾ ਜਸ ਸੁਣਾਂ ਤੇ ਨਿਹਾਲ ਹੋਵਾਂ। ਉਨਾਂ ਦੀ ਸੇਵਾ ਕਰਾਂ ਸਰੀਰ ਪਵਿੱਤ੍ਰ ਹੋਵੇਗਾ ਪੱਖਾ ਝੱਲਾਂ ਪਾਣੀ ਢੋਵਾਂ ਚੱਕੀ ਪੀਹਾਂ ਅਤੇ ਪੈਰ ਧੋਕੇ ਖੁਸ਼ੀ ਹੋਵਾਂ। ਹੇ ਵਾਹਿਗੁਰੂ ਮੇਰੇ ਪਾਸੋਂ ਆਪ ਕੁਝ ਨਹੀਂ ਹੋ ਸਕਦਾ ਤੂੰ ਮੇਰੇ ਵੱਲ ਕਿਰਪਾ ਦ੍ਰਿਸ਼ਟੀ ਨਾਲ ਤੱਕ। ਜਿਸ ਧਰਮ ਸਾਲਾ ਵਿੱਚ ਸੰਤ ਰਹਿੰਦੇ ਹਨ ਮੈਂ ਨਿਰਗੁਣਹਾਰੇ ਨੂੰ ਉਥੇ ਥਾਂ ਦੇਹ ॥ ੩ ॥

## ਸਲੋਕ ਮ: ੫ ॥

**ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥ ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ॥ ੧ ॥**

ਹੇ ਸੱਜਣ ਮੈਂ ਤੇਰੇ ਚਰਨਾਂ ਦੀ ਹਮੇਸ਼ਾਂ ਧੂੜ ਹੋ ਰਹਾਂ। ਗੁਰੂ ਜੀ ਆਖਦੇ ਹਨ ਹੇ ਵਾਹਿਗੁਰੂ ਮੈਂ ਤੇਰੀ ਸ਼ਰਣ ਆਯਾ ਹਾਂ ਤੈਨੂੰ ਹਮੇਸ਼ਾਂ ਪਾਸ ਵੇਖਦਾ ਹਾਂ ॥ ੧ ॥

**ਮ: ੫ ॥ ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਣੀ ਮਨੁ ਲਾਗ॥ ਅਠਸਠਿ ਤੀਰਥ ਨਾਮੁ ਪ੍ਰਭ ਜਿਸੁ ਨਾਨਕ ਮਸਤਕਿ ਭਾਗ ॥ ੨ ॥**

ਵਾਹਿਗੁਰੂ ਦੇ ਚਰਨਾਂ ਨਾਲ ਮਨ ਲਗਾਕੇ ਅਨਗਿਣਤ ਪਾਪੀ ਪਵਿਤ੍ਰ ਹੋ ਗਏ ਹਨ। ਗੁਰੂ ਜੀ ਆਖਦੇ ਹਨ ਜਿਸਦੇ ਮੱਥੇ ਦੇ ਚੰਗੇ ਭਾਗ ਹੁੰਦੇ ਹਨ ਉਸਨੂੰ ਅਠਾਹਠ ਤੀਰਥਾਂ ਦਾ ਮਹਾਤਮ ਵਾਹਿਗੁਰੂ ਦਾ ਨਾਮ ਪ੍ਰਾਪਤ ਹੁੰਦਾ ਹੈ ॥ ੨ ॥

**ਪਉੜੀ ॥ ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰਦਾ ॥ ਜਿਸਨੋ ਕਰੇ ਰਹੰਮ ਤਿਸੁ ਨ ਵਿਸਾਰਦਾ ॥ ਆਪਿ ਉਪਾਵਣਹਾਰ ਆਪੇ ਹੀ ਮਾਰਦਾ॥**

Digitized by Panjab Digital Library | www.panjabdigilib.org

**ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ ॥ ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥ ਜਿਸਨੋ ਲਾਇ ਸਚਿ ਤਿਸੈ ਉਧਾਰਦਾ ॥ ਜਿਸਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥ ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥ ੪ ॥**

ਨਿਤ ਹੀ ਸਾਸ ਗਿਰਾਸ ਵਾਹਿਗੁਰੂ ਦਾ ਨਾਮ ਜਪੀਏ । ਜਿਸਤੇ ਕਿਰਪਾ ਕਰਦਾ ਹੈ ਉਸਨੂੰ ਵਿਸਾਰਦਾ ਨਹੀਂ । ਆਪੇ ਹੀ ਪੈਦਾ ਕਰਨ ਵਲਾ ਹੈ ਆਪੇ ਹੀ ਸਭ ਨੂੰ ਮਾਰਦਾ ਹੈ । ਸਭ ਕੁਛ ਜਾਣਦਾ ਹੈ ਅਤੇ ਜਾਣਕੇ ਸਮਝਦਾ ਹੈ ਅਤੇ ਵਿਚਾਰਦਾ ਹੈ । ਆਪਣੀ ਕੁਦਰਤ ਕਰਕੇ ਇਕ ਛਿਨ ਵਿੱਚ ਅਨੇਕਾਂ ਰੂਪ ਧਾਰ ਲੈਂਦਾ ਹੈ । ਜਿਸਨੂੰ ਸਚ ਵਿੱਚ ਲਗਾਉਂਦਾ ਹੈ ਉਸਨੂੰ ਉਧਾਰ ਲੈਂਦਾ ਹੈ । ਜਿਸਦੇ ਵਲ ਵਾਹਿਗੁਰੂ ਹੁੰਦਾ ਹੈ ਓਹ ਕਦੇ ਨਹੀਂ ਹਾਰਦਾ । ਉਸਦਾ ਆਸਰਾ ਵਾ ਸਭਾ ਹਮੇਸ਼ਾਂ ਨਾਸ ਤੋਂ ਰਹਿਤ ਹੈ ਮੈਂ ਉਸ ਨੂੰ ਨਮਸਕਾਰ ਕਰਦਾ ਹਾਂ ॥ ੪ ॥

## ਸਲੋਕ ਮ: ੫ ॥

**ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥ ੧ ॥**

ਕਾਮ ਕ੍ਰੋਧ ਲੋਭ ਨੂੰ ਪਰੇ ਸੁਟਕੇ ਅਗ ਵਿੱਚ ਸਾੜ ਦੇਈਏ । ਗੁਰੂ ਜੀ ਆਖਦੇ ਹਨ ਸੱਚੇ ਨਾਮ ਨੂੰ ਜਿੰਨਾਂ ਚਿਰ ਜੀਵੀਏ ਸਦਾ ਹੀ ਜਪੀਏ ॥ ੧ ॥

**ਮ: ੫॥ ਸਿਮਰਤ ਸਿਮਰਤ ਪ੍ਰਭੁ ਆਪਣਾ ਸਭ ਫਲ ਪਾਏ ਆਹਿ॥ਨਾਨਕ ਨਾਮੁ ਅਰਾਧਿਆ ਗੁਰਿਪੂਰੈ ਦੀਆ ਮਿਲਾਇ ॥ ੨ ॥**

ਆਪਣਾ ਵਾਹਿਗੁਰੂ ਸਿਮਰਦਿਆਂ ੨ ਅਸਾਂ ਸਭ ਫਲ ਪਾ ਲਏ ਹਨ । ਗੁਰੂ ਜੀ ਆਖਦੇ ਹਨ ਨਾਮ ਨੂੰ ਅਰਾਧੀਏ ਸਾਨੂੰ ਪੂਰੇ ਗੁਰਾਂ ਨੇ ਵਾਹਿਗੁਰੂ ਮਿਲਾ ਦਿਤਾ ਹੈ ॥ ੨ ॥

**ਪਉੜੀ॥ਸੋ ਮੁਕਤਾ ਸੰਸਾਰਿ ਜਿ ਗੁਰ ਉਪਦੇਸਿਆ॥ ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥ ਤਿਸ ਕਾ**

Digitized by Panjab Digital Library | www.panjabdigilib.org

**ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥ ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥ ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥ ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥ ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ॥ ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ॥ ੫ ॥**

ਸੰਸਾਰ ਵਿੱਚ ਓਹ ਮੁਕਤਾ ਹੈ ਜਿਸ ਨੂੰ ਗੁਰਾਂ ਨੇ ਉਪਦੇਸ਼ ਦਿਤਾ ਹੈ ਤਿਸਦੀ ਸਭ ਬਲਾਇ ਦੂਰ ਹੋ ਗਈ ਹੈ ਅਤੇ ਸਾਰੇ ਸੰਸੇ ਮਿਟ ਗਏ ਹਨ ਉਸਦਾ ਦਰਸ਼ਨ ਦੇਖਕੇ ਜਗਤ ਨਿਹਾਲ ਹੁੰਦਾ ਹੈ। ਵਾਹਿਗੁਰੂ ਦੇ ਦਾਸਾਂ ਨਾਲ ਮਿਲਕੇ ਨਿਹਾਲ ਹੋ ਜਾਈਦਾ ਹੈ ਅਤੇ ਪਾਪਾਂ ਰੂਪ ਮੈਲ ਧੋਤੀ ਜਾਂਦੀ ਹੈ। ਉਥੇ ਸਾਧ ਸੰਗਤ ਵਿੱਚ ਵਾਹਿਗੁਰੂ ਦਾ ਸੱਚਾ ਨਾਮ ਜਪੀਦਾ ਹੈ ਮਨ ਨੂੰ ਸੰਤੋਖ ਹੁੰਦਾ ਹੈ ਭੁੱਖਾ ਜੀਵ ਰੱਜ ਜਾਂਦਾ ਹੈ। ਜਿਨ੍ਹਦੇ ਰਿਦੇ ਵਿੱਚ ਨਾਮ ਵਸਦਾ ਹੈ ਉਸਦੇ ਬੰਧਨ ਕੱਟੇ ਜਾਂਦੇ ਹਨ। ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਹੀ ਵਾਹਿਗੁਰੂ ਰੂਪ ਧਨ ਖੱਟਿਆ ਹੈ ॥ ੫ ॥

## ਸਲੋਕ ਮ: ੫ ॥

**ਮਨ ਮਹਿ ਚਿਤਵਉ ਚਿਤਵਨੀ ਉਦਮ ਕਰਉ ਉਠਿ ਨੀਤ । ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ ॥ ੧ ॥**

ਮੈ ਮਨ ਵਿੱਚ ਤੇਰੀ ਚਿਤਵਣੀ ਚਿਤਵਾਂ ਅਤੇ ਰੋਜ ਨਿਤ ਸਵੇਰੇ ਉਠਕੇ ਤੇਰੇ ਨਾਮ ਦਾ ਉਦਮ ਕਰਾਂ। ਹੇ ਨਾਨਕ ਦੇ ਮਿਤ੍ਰ ਮੈਨੂੰ ਹਰ ਵੇਲੇ ਵਾਹਿਗੁਰੂ ਦੇ ਨਾਮ ਦਾ ਆਹਰ ਦੇਹ ॥ ੧ ॥

**ਮ: ੫ ॥ ਦ੍ਰਿਸਟਿ ਧਾਰਿ ਪ੍ਰਭਿ ਰਾਖਿਆ ਮਨੁ ਤਨੁ ਰਤਾ ਮੂਲਿ॥ ਨਾਨਕ ਜੋ ਪ੍ਰਭ ਭਾਣੀਆ ਮਰਉ ਵਿਚਾਰੀ ਸੂਲਿ ॥ ੨ ॥**

ਮੈਨੂੰ ਵਾਹਿਗੁਰੂ ਨੇ ਕਿਰਪਾ ਕਰਕੇ ਰੱਖਿਆ ਹੈ ਮੇਰਾ ਮਨ ਤਨ ਵਾਹਿਗੁਰੂ ਵਿੱਚ ਰੱਤਾ ਹੈ। ਗੁਰੂ ਜੀ ਜੇਹੜੀਆਂ ਜੀਵ ਰੂਪ ਇਸਤ੍ਰੀਆਂ ਪਤੀ ਪ੍ਰਮਾਤਮਾਂ ਨੂੰ ਚੰਗੀਆਂ ਲਗੀਆਂ ਹਨ ਓਨਾਂ ਵਿਚਾਰੀਆਂ ਦੇ ਦੁਖ ਦੂਰ ਹੋਗਏ ਹਨ ਜੇਹੜੀਆਂ ਨਹੀਂ ਚੰਗੀਆਂ ਲਗੀਆਂ ਓਹ ਵਿਚਾਰੀਆਂ

Digitized by Panjab Digital Library | www.panjabdigilib.org

ਪੀੜਾ ਨਾਲ ਮਰਦੀਆਂ ਹਨ ॥ ੨ ॥

ਪਉੜੀ ॥ ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥ ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥ ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥ ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ ॥ ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ ॥ ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ ॥ ਮਨ ਕਉ ਹੋਇ ਸੰਤੋਖੁ ਧਿਆਈਐ ਸਦਾ ਹਰਿ ॥ ਸੋ ਲਗਾ ਸਤਿਗੁਰ ਸੇਵ ਜਾ ਕਉ ਕਰਮੁ ਧੁਰਿ ॥ ੬ ॥

ਹੇ ਭਾਈ ਜੋ ਤੇਰੇ ਜੀਅ ਦੀ ਬਿਰਥਾ ਹੋਵੇ ਸੋ ਗੁਰਾਂ ਪਾਸ ਅਰਦਾਸ ਕਰ। ਸਭ ਸਿਆਣਪਾਂ ਛੱਡ ਕੇ ਮਨ ਤਨ ਅਰਪ ਦੇਹ ਗੁਰਾਂ ਦੇ ਪੈਰ ਪੂਜ ਦੁਰਮਤਿ ਸੜ ਜਾਵੇਗੀ।ਸੰਤ ਜਨਾਂ ਦੇ ਨਾਲ ਮਿਲਕੇ ਸੰਸਾਰ ਸਮੁੰਦਰ ਔਖੇ ਤੋਂ ਤਰ ਜਾਵੇਂਗਾ।ਹੇ ਭਾਈ ਸਤਗੁਰ ਦੇਵ ਨੂੰ ਸੇਵੋ ਅਗੇ ਡਰ ਕਰਕੇ ਨਹੀਂ ਮਰੋਗੇ। ਊਣਿਆਂ ਨੂੰ ਭਰਪੂਰ ਕਰਕੇ ਛਿਨ ਵਿਚ ਨਿਹਾਲ ਕਰ ਦੇਂਦਾ ਹੈ। ਸਦਾ ਵਾਹਿਗੁਰੂ ਨੂੰ ਯਾਦ ਕਰੀਏ ਮਨ ਨੂੰ ਸੰਤੋਖ ਹੁੰਦਾ ਹੈ। ਜਿਸਨੂੰ ਧੁਰੋਂ ਹੀ ਕ੍ਰਿਪਾ ਹੋਈ ਹੈ ਉਹ ਗੁਰਾਂ ਦੀ ਸੇਵਾ ਵਿਚ ਲਗਾ ਹੈ ॥ ੬ ॥

## ਸਲੋਕ ਮ: ੫ ॥

ਲਗੜੀ ਸੁ ਥਾਨਿ ਜੋੜਣਹਾਰੈ ਜੋੜੀਆ ॥ ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ ॥੧॥

ਮੇਰੀ ਪ੍ਰੀਤ ਚੰਗੇ ਥਾਂ ਲੱਗੀ ਹੈ ਜੋੜਨ ਵਾਲੇ ਵਾਹਿਗੁਰੂ ਨੇ ਜੋੜੀ ਹੈ। ਸੈ=ਸੈਂਕੜੇ। ਆਨ=ਆਉਣ। ਗੁਰੂ ਜੀ ਆਖਦੇ ਹਨ ਭਾਵੇਂ ਲਹਿਰਾਂ ਲੱਖਾਂ ਸੈਂਕੜੇ ਆਉਣ ਪਰ ਮੇਰਾ ਪਤੀ ਡੁੱਬਣ ਨਹੀਂ ਦੇਂਦਾ ॥ ੧ ॥

ਮ: ੫ ॥ ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ ॥ ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾ ॥ ੨ ॥

Digitized by Panjab Digital Library | www.panjabdigilib.org

ਇਸ ਸੰਸਾਰ ਭਿਆਨਕ ਜੰਗਲ ਵਿਚੋਂ ਦੁੱਖਾਂ ਦੇ ਨਾਸ ਕਰਨ ਵਾਲਾ ਵਾਹਿਗੁਰੂ ਦਾ ਨਾਮ ਮੈਂ ਇਕ ਆਪਣਾਂ ਸਾਥੀ ਲੱਭਾ ਹੈ। ਗੁਰੂ ਜੀ ਆਖਦੇ ਹਨ ਈਕਣ ਦੇ ਪਿਆਰੇ ਸੰਤਾਂ ਤੋਂ ਮੈਂ ਬਲ ਬਲ ਜਾਂਦਾ ਹਾਂ ਜਿਨ੍ਹਾਂ ਨੂੰ ਮਿਲਕੇ ਮੇਰੇ ਪੂਰੇ ਕੰਮ ਕਾਮਨਾਂ ਹੋਈਆਂ ਹਨ ॥ ੨ ॥

**ਪਉੜੀ ॥ ਪਾਈਅਨਿ ਸਭਿ ਨਿਧਾਨ ਤੇਰੈ ਰੰਗਿ ਰਤਿਆ ॥ ਨ ਹੋਵੀ ਪਛੋਤਾਉ ਤੁਧਨੋ ਜਪਤਿਆ॥ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥ ਗੁਰ ਪੂਰੈ ਵਾਹੁ ਵਾਹੁ ਸੁਖ ਲਹਾ ਚਿਤਾਰਿ ਮਨ ॥ ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥ ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ ॥ ਰਖੈ ਆਪਿ ਦਇਆਲੁ ਕਰਿ ਦਾਸਾ ਆਪਣੇ ॥ ਹਰਿ ਹਰਿ ਹਰਿ ਹਰਿ ਨਾਮੁ ਜੀਵਾ ਸੁਣਿ ਸੁਣੇ ॥ ੭ ॥**

ਤੇਰੇ ਰੰਗ ਵਿਚ ਰਤਿਆਂ ਸਭ ਖਜਾਨੇ ਪਾਈਦੇ ਹਨ। ਤੈਨੂੰ ਜਪਦਿਆਂ ਪਛੋਤਾਉ ਨਹੀਂ ਹੁੰਦਾ ਜਿਸਨੂੰ ਤੇਰੀ ਓਟ ਹੈ ਉਸਨੂੰ ਕੋਈ ਨਹੀਂ ਪਹੁੰਚ ਸਕਦਾ ਭਾਵ ਦੁਖ ਦੇ ਸਕਦਾ ਹੈ। ਪੂਰੇ ਗੁਰਾਂ ਦਾ ਧੰਨਵਾਦ ਹੈ ਜਿਨ੍ਹਾਂ ਨੂੰ ਮੈਂ ਮਨ ਵਿਚ ਯਾਦ ਕਰਕੇ ਸੁਖ ਲੈਂਦਾ ਹਾਂ। ਗੁਰਾਂ ਪਾਸ ਵਾਹਿਗੁਰੂ ਦੀ ਸਿਫਤ ਦਾ ਭੰਡਾਰ ਹੈ ਪਰ ਕਰਮਾਂ ਨਾਲ ਪਾਈਦਾ ਹੈ। ਜਦ ਸਤਿਗੁਰੂ ਕਿਰਪਾ ਦ੍ਰਿਸ਼ਟੀ ਨਾਲ ਵੇਖਕੇ ਨਿਹਾਲ ਕਰ ਦੇਣ ਤਾਂ ਫਿਰ ਜੂਨਾਂ ਵਿਚ ਨਹੀਂ ਦੌੜਦਾ। ਦਿਆਲੂ ਆਪਣੇ ਦਾਸਾਂ ਨੂੰ ਆਪ ਦਯਾ ਕਰਕੇ ਰੱਖਦਾ ਹੈ। ਵਾਹਿਗੁਰੂ ਦਾ ਨਾਮ ਹਰਿਆ ਕਰਨ ਵਾਲਾ ਮੈਂ ਹਰਵੇਲੇ ਸੁਣ ਸੁਣ ਕੇ ਜੀਂਵਦਾ ਹਾਂ ॥ ੭ ॥

**ਸਲੋਕ ਮ: ੫ ॥**

**ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥ ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥ ੧ ॥**

ਹੇ ਵਾਹਿਗੁਰੂ ਤੂੰ ਮੈਨੂੰ ਇੱਜ਼ਤ ਢੱਕਣ ਵਾਸਤੇ ਪ੍ਰੇਮ ਪਟੋਲਾ ਦਿਤਾ ਹੈ

Digitized by Panjab Digital Library | www.panjabdigilib.org

ਗੁਰੂ ਜੀ ਆਖਦੇ ਹਨ ਹੇ ਮੇਰੇ ਸਾਈਂ ਤੂੰ ਬੜਾ ਸਿਆਣਾਂ ਦਿਲ ਦੀ ਜਾਨਣ ਵਾਲਾ ਹੈਂ ਪਰ ਮੈਂ ਤੇਰੀ ਸਾਰ ਨਹੀਂ ਜਾਣੀ ॥ ੧ ॥

**ਮ: ੫ ॥ ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ ॥ ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ ॥ ੨ ॥**

ਤੇਰੇ ਸਿਮਰਣ ਕਰਕੇ ਮੈਂ ਸਭ ਕੁਛ ਲੱਭ ਲਿਆ ਹੈ ਕੋਈ ਕੰਮ ਔਖਾ ਨਹੀਂ ਵੇਖਿਆ। ਗੁਰੂ ਜੀ ਆਖਦੇ ਹਨ ਜਿਸਦੀ ਸੱਚਾ ਸਾਹਿਬ ਇੱਜਤ ਰੱਖਦਾ ਹੈ ਉਸਦੀ ਕੋਈ ਨਹੀਂ ਮੇਟ ਸਕਦਾ॥ ੨ ॥

**ਪਉੜੀ ॥ ਹੋਵੈ ਸੁਖੁ ਘਣਾ ਦਯਿ ਧਿਆਇਐ ॥ ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ॥ ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ॥ ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥ ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥ ਗਿਆਨ ਪਦਾਰਥੁ ਮਤਿ ਗੁਰਤੇ ਪਾਇਐ॥ ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ ॥ ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ ॥ ੮ ॥**

ਵਾਹਿਗੁਰੂ ਨੂੰ ਯਾਦ ਕਰਨ ਨਾਲ ਬੜਾ ਸੁਖੀ ਹੁੰਦਾ ਹੈ। ਵਾਹਿਗੁਰੂ ਦੇ ਗੁਣ ਗਾਉਂਣ ਨਾਲ ਰੋਗ ਦਾ ਘਾਣ ਦੂਰ ਹੋ ਜਾਂਦਾ ਹੈ। ਵਾਹਿਗੁਰੂ ਚਿਤ ਆਉਂਣ ਨਾਲ ਅੰਦਰ ਠੰਢ ਵਰਤਦੀ ਹੈ। ਵਾਹਿਗੁਰੂ ਦਾ ਨਾਮ ਮਨ ਵਿਚ ਵਸਾਉਂਣ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਹੰਕਾਰ ਦੂਰ ਕਰੀਏ ਤਾਂ ਕੋਈ ਵਿਘਨ ਨਹੀਂ ਲਗਦਾ। ਗੁਰਾਂ ਦੀ ਸਿਖਯਾ ਕਰਕੇ ਗਿਆਨ ਪਦਾਰਥ ਪਾਈਦਾ ਹੈ। ਹੇ ਵਾਹਿਗੁਰੂ ਜਿਸਨੂੰ ਤੂੰ ਆਪ ਦਵਾਉਂਦਾ ਹੈ ਉਸਨੇ ਸਾਰੇ ਪਦਾਰਥ ਗੁਰਾਂ ਪਾਸੋਂ ਪਾਏ ਹਨ। ਤੂੰ ਸਾਰਿਆਂ ਦਾ ਖਸਮ ਹੈਂ ਸਾਰੇ ਤੇਰੀ ਛਾਵੇ ਹਨ ॥ ੮ ॥

## ਸਲੋਕ ਮ: ੫ ॥

**ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ॥ ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ**

Digitized by Panjab Digital Library | www.panjabdigilib.org

**ਨਾਨਕ ਤੁਲਹਾ ਬੇੜੀ ॥ ੧ ॥**

ਤਰੰਦੜੀ=ਤਰਦੀ ਵਾ ਲੰਘਦੀ। ਮੈਡਾ=ਮੇਰਾ। ਖੋਜ=ਪੈਰ। ਮੰਝ=ਮੈ। ਹੀਅੜਾ=ਹਿਰਦਾ। ਸੀਤਮ=ਸੀਤਾ। ਦੁਨੀਆਂ ਰੂਪ ਨਦੀ ਤੇ ਤਰਦਿਆਂ ਹੋਇਆਂ ਮੇਰਾ ਮਨ ਰੂਪ ਪੈਰ ਨਹੀਂ ਖੁਭਦਾ ਕਿਉਂਕਿ ਮੇਰੇ ਵਿਚ ਤੇਰੀ ਮੁਹੱਬਤ ਹੈ। ਗੁਰੂ ਜੀ ਆਖਦੇ ਹਨ ਹੇ ਵਾਹਿਗੁਰੂ ਤੇਰੇ ਨਾਲ ਮੇਰਾ ਦਿਲ ਸੀਤਾ ਗਿਆ ਹੈ ਮੇਰਾ ਤਾਂ ਤੂੰ ਹੀ ਤੁਲਹਾ ਤੇ ਤੂੰ ਹੀ ਬੇੜੀ ਹੈਂ ॥ ੧ ॥

**ਮ: ੫ ॥ ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥ ਹਉ ਢੂੰਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥ ੨ ॥**

ਜਿਨ੍ਹਾਂ ਦੇ ਦੇਖ ਦਆਂ ਦੁਰਮਤਿ ਦੂਰ ਹੋ ਜਾਵੇ ਓਹੋ ਸਾਡੇ ਮਿਤਰ ਹਨ। ਗੁਰੂ ਜੀ ਆਖਦੇ ਹਨ ਮੈਂ ਸਾਰਾ ਹੀ ਜਗਤ ਲੱਭਦੀ ਫਿਰੀ ਇਕਣ ਦੇ ਪੁਰਸ਼ ਕੋਈ ਵਿਰਲੇ ਹੀ ਹਨ ॥ ੨।

**ਪਉੜੀ ॥ ਆਵੈ ਸਾਹਿਬੁ ਚਿਤਿ ਤੇਰਿਆ ਭਗਤਾ *ਡਿਠਿਆ ॥ ਮਨ ਕੀ ਕਟੀਐ ਮੈਲੁ ਸਾਧ ਸੰਗਿ**

---

*ਭਗਤਾਂ ਦਾ ਦਰਸ਼ਨ ਕਰਨਾ ਵੱਡਾ ਪੁੰਨ ਹੈ ਅਸਲ ਭਗਤਾਂ ਦੀਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਚੜ੍ਹੀ ਹੋਈ ਹੈ।

ਇਤਹਾਸਕ ਖੋਜ ਨਾਲ ਲੱਭੀਏ ਤਾਂ ਹੋਰ ਵੀ ਅਨੇਕ ਭਗਤ ਹਨ ਜਿਜਤਾਂ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਯੁਧਿਸ਼ਟਰ ਨੂੰ ਰਾਜਾ ਕਰਕੇ ਬੁਲਾਂਦੇ ਹੁੰਦੇ ਸੀ, ਪਰ ਯੁਧਿਸਟਰ ਮਨ ਵਿਚ ਆਖਦਾ ਸੀ ਕਿ ਮੈਨੂੰ ਮਹਾਰਾਜ ਭਗਤ ਨਹੀਂ ਆਖਦੇ ਇਕ ਦਿਨ ਯੁਧਿਸ਼ਟਰ ਸ਼ਿਕਾਰ ਗਿਆ ਜੰਗਲ ਵਿਚ ਇਕ ਭੀਲਾਂ ਦੀ ਗਰਭਵਤੀ ਇਸਤ੍ਰੀ ਬੜੀ ਦੁਖੀ ਸੀ ਯੁਧਿਸ਼ਟਰ ਨੇ ਆਪਣੀਆਂ ਅੱਖਾਂ ਨੂੰ ਕਪੜਾ ਬੰਨਕੇ ਉਸਦੀ ਸੇਵਾ ਕੀਤੀ ਜਦੋਂ ਉਸ ਨੂੰ ਬੱਚਾ ਪੈਦਾ ਹੋ ਗਿਆ ਤਾਂ ਯੁਧਿਸ਼ਟਰ ਆਪਣੇ ਮਹਿਲਾਂ ਨੂੰ ਆਇਆ। ਅਗੋਂ ਕ੍ਰਿਸ਼ਨ ਜੀ ਵਡੇ ੨ ਮਹਾਂ ਪੁਰਸ਼ਾਂ ਦ੍ਰੋਣਾਚਾਰਜ ਭੀਸ਼ਮ ਪਿਤਾਮਾ ਆਦਕ ਵਿਚ ਬੈਠੇ ਹੋਏ ਸੀ ਓਸੇ ਵੇਲੇ ਕ੍ਰਿਸ਼ਨ ਜੀ ਨੇ ਉਠਕੇ ਯੁਧਿਸ਼ਟਰ ਨੂੰ ਜੱਫੀ ਵਿਚ ਘੁੱਟ ਲਿਆ ਤੇ ਆਖਿਆ ਆਓ ਮੇਰੇ ਭਗਤਾ ਤੂੰ ਅਜ ਅਸਲ ਭਗਤ ਹੋਇਆ ਹੈਂ ਭਗਤਾਂ ਨੂੰ ਦੁਨੀਆਂ ਦੇ ਰਾਜ ਭਾਗ ਕਿਸੇ ਵੀ ਪਦਾਰਥ ਦੀ ਲੋੜ ਨਹੀ ਹੁੰਦੀ ਦੇਖੋ ਹਨੂਮਾਨ ਨਾਟਕ ਵਿਚੋਂ ਬਭੀਖਨ ਦਾ ਪ੍ਰਸੰਗ:—

(ਕਬਿੱਤ)

ਅੰਗਦ ਪਵਨ ਪੂਤ ਦੋਊ ਬਡੋ ਰਾਮਦੂਤ,

[ਬਾਕੀ ਨੋਟ ਦੇਖੋ ਸਫਾ ੭੪੨]

Digitized by Panjab Digital Library | www.panjabdigilib.org

ਵੁਠਿਆ ॥ ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ ॥ ਬੰਧਨ ਖੋਲਨਿ ਸੰਤ ਦੂਤ ਸਭਿ ਜਾਹਿ ਛਪਿ ॥ ਤਿਸੁ ਸਿਉ ਲਾਇਨਿ ਰੰਗੁ ਜਿਸਦੀ ਸਭ ਧਾਰੀਆ ॥ ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ॥ ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ ॥ ਜਾ ਆਪੇ ਹੋਇ ਦਇਆਲੁ ਤਾ ਭਗਤ ਸੰਗੁ ਪਾਈਐ ॥੯॥

ਹੇ ਵਾਹਿਗੁਰੂ ਤੇਰਿਆਂ ਭਗਤਾਂ ਦੇ ਡਿੱਠਿਆਂ ਤੂੰ ਚੇਤੇ ਆਉਂਦਾ ਹੈਂ। ਸਾਧ ਸੰਗਤ ਵਿਚ ਵੱਸਣ ਨਾਲ ਮਨ ਦੀ ਮੈਲ ਕੱਟੀ ਜਾਂਦੀ ਹੈ ਤੇਰੇ ਦਾਸਾਂ ਦਾ ਸ਼ਬਦ ਜਪਣ ਨਾਲ ਜਨਮ ਮਰਨ ਦਾ ਡਰ ਕਟਿਆ ਜਾਂਦਾ ਹੈ। ਕਰਮਾਂ

[੭੪੧ ਸਫੇ ਦਾ ਬਾਕੀ ਨੋਟ]

ਹਸਕੈ ਬਭੀਖਨ ਕੋ ਕਹਯੋ ਕਾਂ ਤੇ ਡਰੋਗੇ।
ਰਾਵਨ ਕੋ ਮਾਰ ਰਘਬੀਰ ਕੇ ਪ੍ਰਤਾਪ ਤੁਮ,
ਜਾਇ ਲੰਕ ਹੈ ਨਿਸੰਕ ਬਡੋ ਰਾਜ ਕਰੋਗੇ।
ਤੋਕੋ ਰਾਜ ਦੇਤ ਹਮ ਬੀਚ,ਨ,ਬਿਗਾਰਯੋ ਕਾਮ,
ਜਾਨਤ ਹੈ ਹਮੈਂ ਛਾਡ ਭੋਗਨ ਮੈਂ ਪਰੋਗੇ।
ਭਾਈ ਕੀ ਬਿਭੂਤ ਪਾਇ ਰਾਮਚੰਦ੍ਰ ਕੋ ਰਿਝਾਇ,
ਕਹੋ ਤੋ ਹਮਾਰੇ ਆਗੇ ਕਹਾਂ ਕਹਾਂ ਧਰੋਗੇ।
ਸੂਧੇ ਦੁਖ ਦੇਤ ਹੋ ਕਿ, ਪ੍ਰਾਣ ਕਾਢ ਲੇਤ ਹੋ ਜੂ,
ਜਾਨਤ ਹੋ ਰਾਜ.ਪਾਇ ਰਾਜ ਕੋ ਕਮਾਇ ਹੋਂ।
ਏਕ ਰਾਮ ਰੋਮ ਪਰ ਕੋਟ ਰਾਜ ਦਿਓਂ ਲੁਟਾਇ,
ਜਹਾਂ ਪਗ ਧੂਰ ਤਹਾਂ ਮਾਥੋਈ ਲੁਠਾਇ ਹੋਂ।
ਆਪਨੇ ਹੀ ਲੋਚਨ ਕਮਲਕੇ ਬਿਛੌਨਾ ਕਰ,
ਦੋਊ ਪ੍ਰਭ, ਤਾ ਹੀ ਗੈਲ ਧਾਮ ਪਧਰਾਇ ਹੋਂ।
ਲੰਕ ਛਿਰਕਾਇ ਚਰਨੋਦਕ ਸੋ ਹਨੂਮਾਨ,
ਤਾਂਕੇ ਪਾਛੈ ਤੁਮੇ ਕੋਟ ਬਿੰਜਨ ਖਵਾਇ ਹੋਂ।

(ਹੋਰ ਹਨੂਮਾਨ ਨਾਟਕ ਵਿਚੋਂ)

(ਸਵੱਯਾ)

ਪ੍ਰੇਮ ਸੋ ਨੈਨ ਵਹੈ ਜਸ ਗਾਵਤ ਨਾਚਤ ਸ੍ਵੇਦ ਚਲਯੋ ਸਭ ਅੰਗਾ।
ਕੈਰਨ ਮੈ ਗਹਿ ਖਗ ਭਲੀ ਬਿਧ ਲੋਹੁ ਸੋ ਘਾਉ ਭਏ ਅਰਧੰਗਾ।
ਏ ਦੋਊ ਪੂਤ ਜਨੇ ਜਨਨੀ ਜਗ ਔਰ ਸਬੈ ਸੁਤ ਕੀਟ ਪਤੰਗਾ।
ਜਗ ਕੇ ਠਾਕੁਰ ਜੱਗ ਕੇ ਜੀਵਨ ਸੋ ਨਰ ਹੋਤ ਹੈ ਗੰਗ ਕੋ ਰੰਗਾ।

Digitized by Panjab Digital Library | www.panjabdigilib.org

ਦੇ ਬੰਧਨ ਸੰਤ ਖੋਹਲ ਦੇਂਦੇ ਹਨ ਕਾਮਆਦਿਕ ਦੂਤ ਸਭ ਛਪ ਜਾਂਦੇ ਹਨ। ਸੰਤ ਤਿਸ ਨਾਲ ਪ੍ਰੇਮ ਲਾਉਂਦੇ ਹਨ ਜਿਸਦੀ ਸਾਰੀਸ੍ਰਿਸ਼ਟੀ ਬਣਾਈ ਹੋਈਹੈ। ਹੇ ਅਗਮ ਅਪਾਰ ਤੇਰਾ ਥਾਂ ਸਤਸੰਗ ਉਚਿਆਂ ਤੋਂ ਉਚਾ ਹੈ। ਰਾਤ ਦਿਨੇ ਹਥ ਜੋੜ ਕੇ ਸਾਸ ਸਾਸ ਤੈਨੂੰ ਯਾਦ ਕਰੀਏ ਜਦੋਂ ਤੂੰ ਆਪ ਹੀ ਦਿਆਲ ਹੁੰਦਾ ਹੈਂ ਤਾਂ ਸੰਤਾਂ ਦਾ ਸੰਗ ਪਾਈਦਾ ਹੈ ॥ ੯ ॥

## ਸਲੋਕ ਮਃ ੫ ॥

**ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥ ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ ॥ ੧ ॥**

ਬਾਰ=ਬੂਹਾ। ਵਿਡਾਨੜੈ=ਬਿਗਾਨੇ। ਹੁੰਮਸ ਧੁੰਮਸ ਕੂਕਾ=ਭਿਆਨਕ, ਡੰਡ ਰੌਲਾ। ਰਾਹੀ=ਸੰਤ॥ ਸੰਸਾਰ ਰੂਪ ਬਿਗਾਨੇ ਬੂਹੇ ਤੇ ਬੜਾ ਡੰਡ ਰੌਲਾ ਪੈ ਰਿਹਾ ਹੈ ਅਤੇ ਸੰਤਾਂ ਨੇ ਕੂਕਾਂ ਪਾਈਆਂ ਹਨ ਭਾਵ ਪੁਕਾਰਾਂ ਕੀਤੀਆਂ ਹਨ। ਗੁਰੂ ਜੀ ਆਖਦੇ ਹਨ ਹੇ ਵਾਹਿਗੁਰੂ ਜਿਸ ਦੀ ਤੇਰੇ ਨਾਲ ਡੋਰੀ, ਬ੍ਰਿਤੀ ਲੱਗੀ ਹੋਈ ਹੈ ਓਹ ਬੜੇ ਅਨੰਦ ਨਾਲ ਸੰਸਾਰ ਬਣ ਨੂੰ ਲੰਘ ਜਾਂਦਾ ਹੈ ॥ ੧ ॥

**ਮਃ ੫ ॥ ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥ ਤਿਨ੍ਹ ਸੰਗਿ ਸੰਗੁ ਨ ਕੀਚਈ ਨਾਨਕ ਜਿਨ੍ਹਾ ਆਪਣਾ ਸੁਆਉ ॥ ੨ ॥**

ਓਨਾਂ ਦੇ ਨਾਲ ਸੱਚੀ ਬੈਠਕ ਹੈ ਜਿਨਾਂ ਦੇ ਨਾਲ ਨਾਮ ਜਪੀਏ। ਓਨਾਂ ਦੀ ਸੰਗਤ ਦਾ ਸੰਗ ਨ ਕਰ ਜਿਨਾਂ ਨੂੰ ਆਪਣਾ ਮਤਲਬ ਹੈ ॥ ੨ ॥

**ਪਉੜੀ ॥ ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥ ਹੋਆ ਸਾਧੂ ਸੰਗਿ ਫਿਰਿ ਦੂਖ ਨ ਤੇਟਿਆ॥ ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ॥ ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥ ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥ ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ॥ਹੁਕਮੇ ਬੁਝਿ ਨਿਹਾਲੁ**

Digitized by Panjab Digital Library | www.panjabdigilib.org

**ਸੁਖਿ ਸੁਖੇਦਿਆ ॥ ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥ ੧੦ ॥**

ਓਹੋ ਵੇਲਾ ਪਰਵਾਣ ਹੋਯਾ ਜਦੋਂ ਸਤਿਗੁਰੁ ਮਿਲਿਆ। ਜਿਸ ਨੂੰ ਸੰਤਾਂ ਦਾ ਸੰਗ ਪ੍ਰਾਪਤ ਹੋਯਾ ਹੈ ਓਹ ਦੁੱਖਾਂ ਦੇ ਵਟੇ ਨਹੀਂ ਚੜ੍ਹਿਆ। ਜਿਸਨੇ ਨਿਹਚਲ ਥਾਂ ਪਾਇਆ ਹੈ ਓਹ ਮੁੜਕੇ ਗਰਭ ਵਿਚ ਨਹੀਂ ਲੇਟਿਆ। ਸਾਰਿਆਂ ਵਿਚ ਇਕ ਵਾਹਿਗੁਰੂ ਨਜ਼ਰ ਆਇਆ। ਜਦੋਂ ਤੱਤ ਗਿਆਨ ਹੋਯਾ ਓਦੋਂ ਧਿਆਨ ਲਾਕੇ ਬਾਹਰੋਂ ਦ੍ਰਿਸ਼ਟੀ ਨੂੰ ਸਮੇਟ ਲਿਆ। ਜੋ ਕੁਝ ਓਹ ਮੂੰਹੋਂ ਬੋਲਦੇ ਹਨ ਸੋ ਸਭ ਜਾਪ ਹੀ ਜਪਦੇ ਹਨ। ਵਾਹਿਗੁਰੂ ਦਾ ਹੁਕਮ ਸਮਝਕੇ ਨਿਹਾਲ ਹੋਏ ਅਤੇ ਸੁਖੀਏ ਸੁਖੀ ਹੋਏ। ਜੇਹੜੇ ਪਰਖਕੇ ਖਜਾਨੇ ਪਾਏ ਹਨ ਓਹ ਫਿਰ ਖੋਟੇ ਨਹੀਂ ਹੁੰਦੇ ॥ ੧੦ ॥

**ਸਲੋਕੁ ॥ ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥ ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ ॥ ੧ ॥**

ਖਵੈ=ਸਹਾਰੇ। ਵੰਞਨਿ=ਜਾਂਦੇ। ਗਾਖੜੇ=ਔਖੇ। ਵਾਹਿਗੁਰੂ ਦੇ ਵਿਛੋੜੇ ਦੇ ਦੁਖ ਪਿਆਰਿਆਂ ਨੂੰ ਜੰਬੂਰ ਵਰਗੇ ਹਨ ਸਹਾਰੇ ਨਹੀਂ ਜਾਂਦੇ ਬੜੇ ਔਖੇ ਹਨ ਭਾਵ ਵਾਹਿਗੁਰੂ ਦਾ ਵਿਛੋੜਾ ਭਗਤਾਂ ਕੋਲੋਂ ਸਹਾਰਿਆ ਨਹੀਂ ਜਾਂਦਾ ਬੜੇ ਔਖੇ ਹੁੰਦੇ ਹਨ। ਗੁਰੂ ਜੀ ਆਖਦੇ ਹਨ ਜੇ ਓਹ ਮਾਲਕ ਮਿਲ ਜਾਵੇ ਤਾਂ ਠੀਕ ਜਾਣੋ ਬੜੇ ਸੁਖ ਹੁੰਦੇ ਹਨ ॥ ੧ ॥

**ਮ: ੫॥ ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ॥ ਨਾਨਕ ਸੋ ਸਹੁ ਆਹਿ ਜਾ ਕੈ ਆਢਲਿ ਹਭੁ ਕੋ ॥ ੨ ॥**

ਈਧਣ=ਲੱਕੜੀ। ਭਾਹਿ=ਅੱਗ। ਆਢਲਿ=ਆਸਰੇ। ਹਭ=ਸਭ। ਜਿਮੀ ਪਾਣੀ ਵਿਚ ਵੱਸਦੀ ਹੈ ਅਤੇ ਜੇਹੜਾ ਲਕੜੀਆਂ ਵਿਚ ਅੱਗ ਰੱਖਦਾ ਹੈ। ਗੁਰੂ ਜੀ ਆਖਦੇ ਹਨ ਜਿਸਦੇ ਆਸਰੇ ਸਭ ਕੋਈ ਹੈ ਉਸ ਵਾਹਿਗੁਰੂ ਨੂੰ ਚਾਹੋ ॥ ੨ ॥

**ਪਉੜੀ ॥ ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ ॥ ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ॥ ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ॥ ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਇ ਮੇਰੀਆ ॥ ਤੇਰੈ ਹਥਿ ਨਿਧਾਨੁ ਭਾਵੈ ਤਿਸੁ ਦੇਹਿ॥ ਜਿਸ ਨੋ ਹੋਇ ਦਇਆਲੁ ਹਰਿ ਨਾਮੁ ਸੇਇ ਲੇਹਿ॥**

Digitized by Panjab Digital Library | www.panjabdigilib.org

**ਅਗਮ ਅਗੋਚਰ ਬੇਅੰਤ ਅੰਤੁ ਨ ਪਾਈਐ॥ ਜਿਸਨੋ ਹੋਹਿ ਕ੍ਰਿਪਾਲੁ ਸੁ ਨਾਮੁ ਧਿਆਈਐ ॥ ੧੧ ॥**

ਹੇ ਵਾਹਿਗੁਰੂ ਤੇਰੇ ਕੰਮ ਕੀਤੇ ਹੋਇ ਤੇਰੇ ਹੀ ਕਰਨੇ ਜੋਗ ਹਨ। ਜੋ ਤੁਸਾਂ ਧੁਰੋਂ ਹੀ ਕੀਤਾ ਹੈ ਓਹੋ ਜਗਤ ਵਿਚ ਵਰਤਦਾ ਹੈ। ਤੇਰੀ ਅਸਚਰਜ ਕੁਦਰਤ ਨੂੰ ਵੇਖਕੇ ਅਸਚਰਜ ਹੋਏ ਹਾਂ। ਅਸੀ ਦਾਸ ਤੇਰੀ ਸ਼ਰਣ ਪਏ ਹਾਂ ਸਾਡੀ ਗਤੀ ਹੋਵੇ ਇਹ ਕਿਰਪਾ ਕਰ। ਤੇਰੇ ਹਥ ਖਜਾਨੇ ਹਨ ਜਿਸਨੂੰ ਚਾਹੇਂ ਉਸਨੂੰ ਦੇਂਦਾ ਹੈਂ। ਜਿਸ ਤੇ ਦਿਆਲੂ ਹੁੰਦਾ ਹੈਂ ਓਹ ਵਾਹਿਗੁਰੂ ਦਾ ਨਾਮ ਲੈਂਦਾ ਹੈ। ਹੇ ਅਗਮ ਅਗੋਚਰ ਬਿਅੰਤ ਤੇਰਾ ਅੰਤ ਨਹੀਂ ਪਾਇਆ ਜਾਂਦਾ। ਜਿਸ ਨੂੰ ਤੂੰ ਕਿਰਪਾਲੂ ਹੁੰਦਾ ਹੈਂ ਓਹ ਵਾਹਿਗੁਰੂ ਦਾ ਨਾਮ ਧਿਆਉਂਦਾ ਹੈ॥ ੧੧ ॥

## ਸਲੋਕ ਮਃ ੫ ॥

**ਕੜਛੀਆ ਫਿਰੰਨ੍ਹਿ ਸੁਆਉ ਨ ਜਾਣਨਿ ਸੁੰਞੀਆ॥ ਸੇਈ ਮੁਖ ਦਿਸੰਨ੍ਹਿ ਨਾਨਕ ਰਤੇ ਪ੍ਰੇਮ ਰਸਿ ॥ ੧ ॥**

ਕਈ ਤਰਾਂ ਦੇ ਸਲੂਣਿਆਂ ਵਿੱਚ ਕੜਛੀਆਂ ਫਿਰਦੀਆਂ ਹਨ ਪਰ ਸੁਆਦ ਨਹੀਂ ਜਾਣਦੀਆਂ ਸੁਆਦ ਤੋਂ ਖਾਲੀ ਰਹਿੰਦੀਆਂ ਹਨ। ਗੁਰੂ ਜੀ ਆਖਦੇ ਹਨ ਜੇਹੜੇ ਪ੍ਰੇਮ ਰਸ ਵਿੱਚ ਰੱਤੇ ਹੋਇ ਹਨ ਓਹੋ ਸੁਖੀ ਦਿਸਦੇ ਹਨ ॥ ੧ ॥

**ਮਃ ੫ ॥ ਖੋਜੀ ਲਧਮੁ ਖੋਜੁ ਛਡੀਆ ਉਜਾੜਿ ॥ ਤੈਸਹਿ ਦਿਤੀ ਵਾੜਿ ਨਾਨਕ ਖੇਤੁ ਨ ਛਿਜਈ ॥ ੨ ॥**

ਜਿਨਾਂ ਕਾਮ ਆਦਿਕਾਂ ਨੇ ਮੇਰੀ ਗੁਣਾਂ ਰੂਪ ਖੇਤੀ ਉਜਾੜ ਛੱਡੀ ਸੀ ਓਨਾਂ ਦਾ ਖੋਜ ਮੈਂ ਖੋਜੀ ਹੋਕੇ ਲੱਭ ਲਿਆ। ਤੂੰ ਵਾਹਿਗੁਰੂ ਨੇ ਵਾੜ ਦਿਤੀ ਹੈ ਗੁਰੂ ਜੀ ਆਖਦੇ ਹਨ ਖੇਤ ਨਾਸ ਨਹੀਂ ਹੁੰਦਾ ॥ ੨ ॥

**ਪਉੜੀ॥ਅਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ॥ ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ॥ ਤਿਆਗਹੁ ਸਗਲ ਉਪਾਵ ਤਿਸਕੀ ਓਟ ਗਹੁ ॥ ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥ ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ॥ਜਪੀਐ ਅੰਮ੍ਰਿਤ ਨਾਮੁ ਬਿਘਨੁ**

Digitized by Panjab Digital Library | www.panjabdigilib.org

ਨ ਲਗੈ ਕੋਇ ॥ ਜਿਸਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥ ਪਾਈਅਨਿ ਸਭਿ ਨਿਧਾਨ ਸਾਹਿਬਿ ਤੁਠਿਆ ॥ ੧੨ ॥

ਜਿਸ ਪਾਸ ਸਭ ਕੁਛ ਹੈ ਸੋ ਸੱਚਾ ਅਰਾਧੋ। ਦੁਹਾਂ ਪਾਸਿਆਂ ਦਾ ਮਾਲਕ ਆਪ ਹੈ ਇਕ ਛਿਨ ਵਿੱਚ ਕੰਮ ਰਾਸ ਕਰ ਦੇਂਦਾ ਹੈ। ਸਾਰੇ ਉਪਾਇ ਛਡਕੇ ਓਸਦੀ ਓਟ ਫੜੋ। ਦੌੜਕੇ ਉਸਦੀ ਸ਼ਰਣ ਪਓ ਸੁਖ ਦਾ ਵੀ ਵੱਡਾ ਸੁਖ ਲਓ। ਕਰਮ ਧਰਮ ਤਤ ਗਿਆਨ ਸੰਤਾਂ ਦੇ ਸੰਗ ਪ੍ਰਾਪਤ ਹੁੰਦਾ ਹੈ। ਅੰਮ੍ਰਿਤ ਨਾਮ ਜਪਣ ਨਾਲ ਵਿਘਨ ਕੋਈ ਨਹੀਂ ਲਗਦਾ। ਜਿਸ ਨੂੰ ਆਪ ਦਿਆਲੂ ਹੋਇਆ ਹੈ ਉਸਦੇ ਮਨ ਵਿੱਚ ਵਸਿਆ ਹੈ। ਵਾਹਿਗੁਰੂ ਦੇ ਪ੍ਰਸੰਨ ਹੋਇਆਂ ਸਭ ਖਜਾਨੇ ਪਾਈਦੇ ਹਨ ॥ ੧੨ ॥

## ਸਲੋਕ ਮ: ੫

ਲਧਮੁ ਲਭਣਹਾਰੁ ਕਰਮੁ ਕਰੰਦੋ ਮਾਪਿਰੀ ॥ ਇਕੋ ਸਿਰਜਣ ਹਾਰੁ ਨਾਨਕ ਬਿਆ ਨ ਪਸੀਐ ॥ ੧ ॥

ਲੱਭਣ ਵਾਲਾ ਹੋਕੇ ਲੱਭ ਲਿਆ ਕਿਰਪਾ ਕਰਨ ਵਾਲਾ ਮੇਰਾ ਵਾਹਿਗੁਰੂ ਹੈ। ਗੁਰੂ ਜੀ ਆਖਦੇ ਹਨ ਇਕੋ ਸਿਰਜਨ ਹਾਰ ਹੈ ਦੂਸਰਾ ਕੋਈ ਨਹੀਂ ਵੇਖੀਦਾ ॥ ੧ ॥

ਮਃ ੫॥ ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿਕੈ॥ ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖ ਨ ਥੀਵਈ ॥ ੨ ॥

ਸੰਨ੍ਹਿ=ਖਿੱਚ। ਸੱਚੇ ਬਾਣ ਦਾ ਨਿਸ਼ਾਨਾਂ ਕਰਕੇ ਪਾਪਾਂ ਨੂੰ ਪਛਾੜ ਸੁਟ। ਗੁਰੂ ਜੀ ਆਖਦੇ ਹਨ ਗੁਰ ਮੰਤ੍ਰ ਨੂੰ ਯਾਦ ਕਰ ਤੈਨੂੰ ਦੁਖ ਨਹੀਂ ਹੋਵੇਗਾ ॥ ੨ ॥

ਪਉੜੀ॥ ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ ॥ ਜੀਅ ਜੰਤੁ ਮਿਹਰਵਾਨੁ ਤਿਸਨੋ ਸਦਾ ਜਾਪਿ ॥ ਦਇਆ ਧਾਰੀ ਸਮਰਥਿ ਚੁਕੇ ਬਿਲਬਿਲਾਪ ॥ ਨਠੇ ਤਾਪ ਦੁਖ ਰੋਗ ਪੂਰੇ ਗੁਰ ਪ੍ਰਤਾਪਿ ॥ ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ॥ ਆਪੇ ਲਇਅਨੁ

Digitized by Panjab Digital Library | www.panjabdigilib.org

**ਛਡਾਇ ਬੰਧਨ ਸਗਲ ਕਾਪਿ॥ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ॥ ਵਡੀ ਹੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ ॥ ੧੩ ॥**

ਵਾਹ ਵਾਹ ਸਿਰਜਣ ਹਾਰ ਤੂੰ ਆਪਹੀ ਠੰਢ ਪਾਈ ਹੈ। ਤਿਸਨੂੰ ਸਦਾ ਜਪੋ ਜੋ ਸਭਨਾਂ ਜੀਆਂ ਜੰਤਾਂ ਤੇ ਮਿਹਰਵਾਨ ਹੈ। ਜਦੋਂ ਸਮਰੱਥ ਨੇ ਦਯਾ ਧਾਰੀ ਤਦੋਂ ਸਾਡੇ ਰੋਂਣੇ ਦੂਰ ਹੋ ਗਏ। ਪੂਰੇ ਗੁਰਾਂ ਦੇ ਪ੍ਰਾਪਤ ਕਰਕੇ ਦੁਖ ਰੋਗ ਤਾਪ ਨਠ ਗਏ। ਗਰੀਬਨਿਵਾਜ ਨੇ ਥਾਪੀ ਦੇਕੇ ਆਪਣੀ ਪਰਜਾ ਦੀ ਰੱਖਿਆ ਕੀਤੀ। ਸਾਰੇ ਬੰਧਨਾਂ ਨੂੰ ਕਟਕੇ ਆਪੇ ਹੀ ਛੁਡਾ ਲਿਆ। ਤ੍ਰਿਸ਼ਨਾ ਬੁਝ ਗਈ ਆਸ਼ਾ ਪੂਰੀ ਹੋ ਗਈ ਮਨ ਸੰਤੋਖ ਕਰਕੇ ਰੱਜ ਗਿਆ ਜਿਸਨੂੰ ਪੁੰਨ ਪਾਪ ਦਾ ਰਤਾ ਲੇਪ ਨਹੀਂ ਉਹ ਮਾਲਕ ਵਡਿਆਂ ਤੋਂ ਵੱਡਾ ਅਪਾਰ ਹੈ ॥ ੧੩ ॥

## ਸਲੋਕ ਮ: ੫ ॥

**ਜਾਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ॥ ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ ॥ ੧ ॥**

ਜਿਨ੍ਹਾਂ ਤੇ ਵਾਹਿਗੁਰੂ ਕ੍ਰਿਪਾਲੂ ਹੋਇਆ ਹੈ ਉਹ ਵਾਹਿਗੁਰੂ ੨ ਜਪਦੇ ਹਨ। ਗੁਰੂ ਜੀ ਆਖਦੇ ਹਨ ਓਨਾਂ ਦੀ ਪ੍ਰੀਤ ਵਾਹਿਗੁਰੂ ਨਾਲ ਲੱਗੀ ਹੈ ਜੇਹੜੇ ਸਾਧ ਸੰਗਤ ਨਾਲ ਮਿਲਦੇ ਹਨ ॥ ੧ ॥

**ਮ: ੫॥ ਰਾਮ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ ॥ ਨਾਨਕ ਨਾਮਿ ਅਰਾਧੀਐ ਬਿਘਨੁ ਨ ਲਾਗੈ ਕੋਇ ॥ ੨ ॥**

ਹੇ ਵਡਭਾਗੀਓ ਉਸ ਵਾਹਿਗੁਰੂ ਦਾ ਨਾਮ ਜਪੋ ਜੇਹੜਾ ਜਲਾਂ ਥਲਾਂ ਧਰਤੀ ਆਕਾਸ ਵਿਚ ਪੂਰਨ ਹੈ। ਗੁਰੂ ਜੀ ਆਖਦੇ ਹਨ ਨਾਮ ਨੂੰ ਅਰਾਧਣ ਨਾਲ ਕੋਈ ਵਿਘਨ ਨਹੀਂ ਲਗਦਾ ॥ ੨ ॥

**ਪਉੜੀ॥ ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥ ਭਗਤਾ ਤੇਰੀ ਟੇਕ ਰਤੇ ਸਚਿ ਨਾਇ**

Digitized by Panjab Digital Library | www.panjabdigilib.org

ਜਿਸਨੋ ਹੋਇ ਕ੍ਰਿਪਾਲੁ ਤਿਸ ਕਾ ਦੂਖ ਜਾਇ ॥ ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ ॥ ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ॥ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥ ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥ ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥ ੧੪ ॥

ਦਰਗਾਹ ਵਿਚ ਕਬੂਲ ਪੈਂਦਾ ਹੈ ਭਗਤਾਂ ਦਾ ਬੋਲਿਆ ਵਾਹਿਗੁਰੂ ਨੂੰ ਪਰਵਾਣ ਹੈ। ਸੱਚੇ ਨਾਮ ਵਿਚ ਰੱਤੇ ਰਹਿੰਦੇ ਹਨ ਭਗਤਾਂ ਨੂੰ ਤੇਰੀ ਓਟ ਹੈ। ਜਿਸਨੂੰ ਤੂੰ ਕ੍ਰਿਪਾਲ ਹੁੰਦਾ ਹੈਂ ਉਸਦਾ ਦੁਖ ਦੂਰ ਹੋ ਜਾਂਦਾ ਹੈ। ਹੇ ਦਿਆਲੂ ਤੇਰੇ ਜੋ ਭਗਤ ਹਨ ਤੂੰ ਓਨਾਂ ਤੇ ਕਿਰਪਾ ਕਰਦਾ ਹੈਂ।ਨਾ ਓਨਾਂ ਨੂੰ ਦੁਖ ਪੀੜਾ ਵਡਾ ਰੋਗ ਹੰਕਾਰ ਨਾ ਓਨਾਂਨੂੰ ਮਾਇਆ ਦਬਾ ਸਕਦੀਹੈ।ਜੇਹੜਾ ਵਾਹਿਗੁਰੂ ਦਾ ਗੁਣ ਗਾਉਂਦੇ ਹਨ ਇਹ ਭਗਤਾਂ ਦਾ ਅਧਾਰ ਹੈ। ਸਦਾ ਸਦਾ ਰਾਤ ਦਿਨੇ ਇਕੋ ਇਕ ਨੂੰ ਯਾਦ ਕਰਦੇ ਹਨ। ਨਾਮ ਅੰਮ੍ਰਿਤ ਨੂੰ ਪੀਂਦੇ ਹੋਏ ਦਾਸ ਨਾਮ ਨਾਲ ਹੀ ਰੱਜ ਰਹੇ ਹਨ॥ ੧੪ ॥

## ਸਲੋਕ ਮਃ ੫ ॥

ਕੋਟਿ ਬਿਘਨ ਤਿਸੁ ਲਾਗਤੇ ਜਿਸਨੋ ਵਿਸਰੈ ਨਾਉ॥ ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥੧॥

ਜਿਸਨੂੰ ਤੇਰਾ ਨਾਮ ਵਿਸਰ ਜਾਂਦਾ ਹੈ ਉਸਨੂੰ ਕਰੋੜਾਂ ਹੀ ਵਿਘਨ ਲਗਦੇ ਹਨ। ਗੁਰੂ ਜੀ ਆਖਦੇ ਹਨ ਉਹ ਈਕਣ ਰਾਤ ਦਿਨੇ ਵਿਰਲਾਪ ਕਰਦੇ ਹਨ ਜੀਕਣ ਸੁੰਞੇ ਘਰ ਕਾਂ, ਕਾਂ ਕਾਂ ਕਰਦਾ ਹੈ॥ ੧ ॥

ਮਃ ੫॥ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ॥ ਘੜੀ ਮੁਹਤੁ ਨਹ ਵੀਸਰੈ ਨਾਨਕ ਰਵੀਐ ਨਿਤ ॥ ੨ ॥

ਉਹ ਰੁਤ ਘੜੀ ਚੰਗੀ ਹੈ ਜਦੋਂ ਵਾਹਿਗੁਰੂ ਦਾ ਮੇਲ ਹੁੰਦਾ ਹੈ। ਗੁਰੂ ਜੀ ਆਖਦੇ ਹਨ ਵਾਹਿਗੁਰੂ ਦਾ ਨਾਮ ਘੜੀ ਅਧੀ ਘੜੀ ਵੀ ਨ ਵਿਸਰੇ ਹਮੇਸ਼ਾਂ ਉਚਾਰਨ ਕਰੀਏ ॥ ੨ ॥

ਪਉੜੀ ॥ ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥

Digitized by Panjab Digital Library | www.panjabdigilib.org

ਫਉਜ ਸਤਾਣੀ ਹਾਠ ਪੰਚਾ ਜੋੜੀਐ ॥ ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥ ਜਿਣਿ ਜਿਣਿ ਲੈਨਿ੍ ਰਲਾਇ ਏਹੋ ਏਨਾ ਲੋੜੀਐ ॥ ਤ੍ਰੈਗੁਣ ਇਨ੍ ਕੈ ਵਸਿ ਕਿਨੈ ਨ ਮੋੜੀਐ ॥ ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥ਗੁਰੂ ਪੂਰਾ ਆਰਾਧਿ ਬਿਖਮ ਦਲ ਫੋੜੀਐ ॥ ਹਉ ਤਿਸੁ ਅਗੈ ਦਿਨ ਰਾਤਿ ਰਹਾ ਕਰ ਜੋੜੀਐ ॥ ੧੫॥

ਕਾਮਾਦਿਕ ਬਹਾਦਰਾਂ ਸੂਰਬੀਰਾਂ ਨੂੰ ਕਿਸੇ ਨਹੀਂ ਰੋਕਿਆ। ਬਲ ਵਾਲੀ ਹਠ ਵਾਲੀ ਫੌਜ ਪੰਜਾਂ ਕਾਮਾਦਿਆਂ ਨੇ ਜੋੜੀ ਹੈ। ਦਸ ਇੰਦ੍ਰੀਆਂ ਅਵਧੂਤਾਂ ਨੂੰ ਵੀ ਚੰਬੜਾ ਦੇਂਦੇ ਹਨ । ਜਿਤ ਜਿਤਕੇ ਆਪਣੇ ਨਾਲ ਰਲਾ ਲੈਂਦੇ ਹਨ ਏਹੋ ਇਨਾਂ ਨੂੰ ਚਾਹੀਦਾ ਸੀ। ਰਜੋ ਸਤੋ ਤਮੋ ਵਾਲੇ ਆਦਮੀ ਇ ਹਨਾਂ ਦੇ ਵੱਸ ਹੋਇ ਹੋਇ ਹਨ ਕਿਸੇ ਨੇ ਇਨ੍ਹਾਂ ਨੂੰ ਨਹੀਂ ਮੋੜਿਆ। ਭਰਮ ਕਿਲਾ, ਮਾਇਆ ਖਾਈ ਦਸੋ ਭਾਈ ਇਹਨੂੰ ਕੀਕਣ ਤੋੜੀਏ ? ਪੂਰੇ ਗੁਰਾਂ ਨੂੰ ਯਾਦ ਕਰਕੇ ਵੱਡੇ ਭਾਰੇ ਦਲ ਨੂੰ ਨਾਸ ਕਰੀਦਾ ਹੈ। ਜਿਨਾਂ ਨੇ ਈਕਣ ਦਾ ਕਿਲਾ ਫਤੇ ਕੀਤਾ ਹੈ ਮੈਂ ਉਸਦੇ ਅਗੇ ਰਾਤ ਦਿਨੇ ਹਥ ਜੋੜਕੇ ਖੜ੍ਹੋਤਾ ਰਹਿੰਦਾ ਹਾਂ ॥ ੧੫ ॥

## ਸਲੋਕੁ ਮ: ੫ ॥

ਕਿਲਵਿਖ ਸਭੇ ਉਤਰਨਿ ਨੀਤ ਨੀਤ ਗੁਣਗਾਉ ॥ ਕੋਟਿ ਕਲੇਸਾ ਊਪਜਹਿ ਨਾਨਕ ਬਿਸਰੈ ਨਾਉ ॥ ੧ ॥

ਹਰ ਵੇਲੇ ਗੁਣ ਗਾਉਣ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ।ਗੁਰੂਜੀ ਆਖਦੇ ਹਨ ਨਾਮ ਵਿਸਰ ਜਾਵੇ ਤਾਂ ਕਰੋੜਾਂ ਦੁਖ ਉਤਪਤ ਹੋ ਪੈਂਦੇ ਹਨ ॥੧॥

ਮ: ੫ ॥ ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥

ਨਾਨਕ ਸਤਿਗੁਰੂਮਿਲਦਿਆਂ ਹੀ ਜੁਗਤੀ ਪੂਰੀ ਹੋਜਾਂਦੀ ਹੈ।ਹਸਦਿਆਂ ਖੇਡਦਿਆਂ ਪਹਨਦਿਆਂ ਖਾਂਦਿਆਂ ਘਰ ਵਿਚ ਹੀ ਮੁਕਤੀ ਹੋ ਜਾਂਦੀ ਹੈ ॥ ੨॥

Digitized by Panjab Digital Library | www.panjabdigilib.org

ਪਉੜੀ ॥ ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ॥ਮਹਾ ਰੋਗੁਬਿਕਰਾਲ ਤਿਨੈ ਬਿਦਾਰੂਓ॥ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾ-ਨਿਆ ॥ ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮੁ ਪਰਮੇਸੁਰ ਅਪਰੰਪਰ ਅਲਖ ਅਭੇਵ ॥ ੧੬ ॥

ਉਸ ਸਤਿਗੁਰੂ ਨੂੰ ਧੰਨ ੨ ਹੈ ਜਿਸਨੇ ਭਰਮ ਦਾ ਕਿਲਾ ਤੋੜਿਆ ਹੈ। ਉਸ ਸਤਿਗੁਰੂ ਨੂੰ ਵਾਹ ਵਾਹ ਹੈ ਜਿਸਨੇ ਵਾਹਿਗੁਰੂ ਨਾਲ ਮੇਰਾ ਮਨ ਜੋੜਿਆ ਹੈ। ਜੇਹੜਾ ਅਖੁਟ ਨਾਮ ਖਜਾਨਾ ਹੈ ਓਹੋ ਦਾਰੂ ਗੁਰਾਂ ਨੇ ਦਿਤਾ ਹੈ। ਉਸ ਦਾਰੂ ਨੇ ਮਹਾ ਭੈਆਨਕ ਰੋਗ ਨਾਸ ਕੀਤਾ ਹੈ। ਬਹੁਤ ਖਜਾਨਿਆਂ ਦਾ ਘਰ ਨਾਮ ਖਜਾਨਾ ਪਾਇਆ ਹੈ। ਆਪਣੇ ਆਪ ਨੂੰ ਪਛਾਣਿਆਂ ਤਾਂ ਅਪਾਰ ਸੁੰਦਰ ਮਨੁਖਾ ਜਨਮ ਜਿਤ ਲਿਆ। ਈਕਣ ਦੇ ਸਮਰੱਥ ਗੁਰਦੇਵ ਦੀ ਮਹਿਮਾ ਨਹੀਂ ਕਹੀ ਜਾਂਦੀ। ਗੁਰੂ ਜੀ ਆਖਦੇ ਹਨ ਵਾਹਿਗੁਰੂ ਪਰਮੇਸ਼ਰ ਅਪਰੰਪਰ ਅਲੱਖ ਅਭੇਵ ਹੈ ਭਾਵ ਗੁਰੂ ਵਾਹਿਗੁਰੂ ਰੂਪ ਹੈ ॥ ੧੬ ॥

## ਸਲੋਕ ਮਃ ੫ ॥

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥੧॥

ਹੇ ਭਾਈ ਵਾਹਿਗੁਰੂ ਦੇ ਨਾਮ ਦਾ ਉਦਮ ਕਰਦਿਆਂ ਤੂੰ ਜੀਉਂਦਾ ਰਹੇਂਗਾ ਸੰਤਾਂ ਦੀ ਟਹਿਲ ਕਮੌਂਦਿਆਂ ਤੂੰ ਸੁਖ ਭੋਗੇਂਗਾ। ਗੁਰੂ ਜੀ ਆਖਦੇ ਹਨ ਨਾਮ ਧਿਆਉਂਦਿਆਂ ਤੂੰ ਪ੍ਰਭੂ ਨੂੰ ਮਿਲੇਂਗਾ ਤਾਂ ਤੇਰੀ ਚਿੰਤਾ ਉਤਰ ਜਾਵੇਗੀ।੧।

ਮਃ ੫ ॥ ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ॥ ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥ ੨ ॥

ਨਿਰਮਲ ਸਾਧੂਆਂ ਦੇ ਸੰਗ ਵਿਚ ਵਾਹਿਗੁਰੂ ਦਾ ਸੁਭ ਚਿੰਤਨ ਉਚਾਰਨ ਹੁੰਦਾ

Digitized by Panjab Digital Library | www.panjabdigilib.org

ਹੈ ਗੁਰੂ ਜੀ ਆਖਦੇ ਹਨ ਹੇ ਵਾਹਿਗੁਰੂ ਈਕਣ ਦੀ ਕਿਰਪਾ ਕਰ ਕਿ ਤੇਰਾ ਨਾਮ ਇਕ ਘੜੀ ਵੀ ਨ ਵਿਸਰੇ ॥ ੨ ॥

ਪਉੜੀ ॥ ਤੇਰਾ ਕੀਤਾ ਹੋਇ ਤ ਕਾਹੇ ਡਰਪੀਐ ॥ ਜਿਸੁ ਮਿਲਿ ਜਪੀਐ ਨਾਉ ਤਿਸੁ ਜੀਉ ਅਰਪੀਐ ॥ ਆਇਐ ਚਿਤਿ ਨਿਹਾਲੁ ਸਾਹਿਬ ਬੇਸੁਮਾਰ॥ਤਿਸਨੋ ਪੋਹੇ ਕਵਣੁ ਜਿਸੁ ਵਲਿ ਨਿਰੰਕਾਰ ॥ ਸਭੁ ਕਿਛੁ ਤਿਸਕੈ ਵਸਿ ਨ ਕੋਈ ਬਾਹਰਾ ॥ ਸੋ ਭਗਤਾ ਮਨਿ ਵੁਠਾ ਸਚਿ ਸਮਾਹਰਾ॥ ਤੇਰੇ ਦਾਸ ਧਿਆਇਨਿ ਤੁਧੁ ਤੂੰ ਰਖਣ-ਵਾਲਿਆ ॥ ਸਿਰ ਸਭਨਾ ਸਮਰਥੁ ਨਦਰਿ ਨਿਹਾਲਿਆ ॥ ੧੭ ॥

ਜਦ ਸਭ ਕੁਛ ਤੇਰਾ ਕੀਤਾ ਹੁੰਦਾ ਹੈ ਤਾਂ ਅਸੀ ਕਿਉਂ ਡਰੀਏ। ਜਿਸਨੂੰ ਮਿਲਕੇ ਨਾਮ ਜਪੀਏ ਉਸਨੂੰ ਜੀਅ ਅਰਪ ਦੇਈਏ । ਬੇਸ਼ੁਮਾਰ ਗੁਣਾਂ ਵਾਲਾ ਸਾਹਿਬ ਜਦੋਂ ਚੇਤੇ ਆਵੇ ਤਾਂ ਨਿਹਾਲ ਹੋ ਜਾਈਦਾ ਹੈ। ਹੇ ਨਿਰੰਕਾਰ ! ਜਿਸ ਵਲ ਤੂੰ ਹੈਂ ਉਸਨੂੰ ਕੌਣ ਦਬਾ ਸਕਦਾ ਹੈ? ਹੁਕਮ ਤੋਂ ਬਾਹਰ ਕੋਈ ਨਹੀਂ ਉਸ ਵਾਹਿਗੁਰੂ ਦੇ ਸਭ ਕੋਈ ਵੱਸ ਹੈ। ਸੋ ਸੱਚ ਅਨੰਦ ਰੂਪ ਭਗਤਾਂ ਦੇ ਮਨ ਵਿਚ ਵੱਸਿਆ ਹੈ ਤੂੰ ਰਖਿਆ ਕਰਨ ਵਾਲਾ ਹੈਂ ਤੇਰੇ ਦਾਸ ਤੈਨੂੰ ਹੀ ਧਿਆਉਂਦੇ ਹਨ । ਹੇ ਸਮਰਥ ਤੂੰ ਸਭਨਾਂ ਦਾ ਸਿਰੋਮਣੀ ਹੈਂ ਕਿਰਪਾ ਦ੍ਰਿਸ਼ਟੀ ਨਾਲ ਨਿਹਾਲ ਕਰ ਦੇਂਦਾ ਹੈਂ ॥ ੧੭ ॥

ਸਲੋਕ ਮ: ੫ ॥

ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰ॥ ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰ॥ ੧ ॥

ਹੇ ਵਾਹਿਗੁਰੂ ਕਾਮ ਕ੍ਰੋਧ ਲੋਭ ਮੋਹ ਇਹਨਾਂ ਦੁਸ਼ਟਾਂ ਦੀਆਂ ਵਾਸ਼ਨਾਂ ਨੂੰ ਦੂਰ ਕਰ। ਗੁਰੂ ਜੀ ਆਖਦੇ ਹਨ ਹੇ ਮੇਰੇ ਆਪਣੇ ਵਾਹਿਗੁਰੂ ਦਾਸ ਨੂੰ ਰਖ ਲੌ ਮੈਂ ਬਲਿਹਾਰ ਜਾਂਦਾ ਹਾਂ ॥ ੧ ॥

ਮ: ੫ ॥ ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥ ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ

Digitized by Panjab Digital Library | www.panjabdigilib.org

ਸਚਿ ਨ ਲਗੋ ਰੰਗੁ ॥ ੨ ॥

ਖਾਂਦਿਆਂ ੨ ਮੂੰਹ ਘਟ ਗਿਆ ਕਪੜੇ ਪਹਿਨਦਿਆਂ ਸਾਰੇ ਅੰਗ। ਗੁਰੂ ਜੀ ਆਖਦੇ ਹਨ ਓਨਾਂ ਦਾ ਜੀਵਿਆ ਧ੍ਰਿਗ ਹੈ ਜਿਨਾਂ ਦਾ ਸਚ ਨਾਲ ਪ੍ਰੇਮ ਨਹੀਂ ਲਗਾ ॥ ੨ ॥

ਪਉੜੀ ॥ ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥ ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥ ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥ ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ ॥ ਅੰਤਰਿ ਬਾਹਰਿ ਇਕੁ ਨੈਣ ਅਲੋਵਣਾ ॥ ਜਿਨ੍ਹੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ ॥ ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ ॥ ੧੮ ॥

ਜਿਸ ਜਿਸ ਤਰਾਂ ਹੁਕਮ ਹੁੰਦਾ ਹੈ ਉਸੇ ਤਰਾਂ ਹੁੰਦਾ ਹੈ। ਜਿਥੇ ਜਿਥੇ ਤੂੰ ਸਾਨੂੰ ਰਖੇਂ ਓਥੇ ਓਥੇ ਜਾ ਖੜੋਣਾਂ ਹੈ। ਤੇਰੇ ਨਾਮ ਦੇ ਪ੍ਰੇਮ ਨਾਲ ਮੈਂ ਖੋਟੀ ਮੈਲ ਨੂੰ ਧੋਣਾਂ ਕਰਾਂਗਾ। ਹੇ ਨਿਰੰਕਾਰ ਤੈਨੂੰ ਜਪ ੨ ਕੇ ਭਰਮ ਭੌ ਨੂੰ ਖੋਣਾਂ ਹੁੰਦਾ ਹੈ। ਜੋ ਤੇਰੇ ਪ੍ਰੇਮ ਵਿਚ ਰੱਤੇ ਹਨ ਓਹ ਜੂਨੀਆਂ ਵਿਚ ਨਹੀਂ ਜੁੱਪਦੇ। ਅੰਦਰ ਬਾਹਰ ਨੇਤ੍ਰਾਂ ਨਾਲ ਇਕ ਤੈਨੂੰ ਵੇਖਿਆ ਹੈ। ਜਿਨਾਂ ਨੇ ਤੇਰਾ ਹੁਕਮ ਪਛਾਤਾ ਹੈ ਓਨਾਂ ਨੇ ਕਦੇ ਵੀ ਨਹੀਂ ਰੋਂਣਾ। ਗੁਰੂ ਜੀ= ਆਪਣੇ ਨਾਮ ਦੀ ਬਖਸ਼ਸ਼ ਕਰੋ ਮੈਂ ਆਪਣੇ ਮਨ ਵਿਚ ਪਰੋਵਣਾਂ ਕਰਾਂ ॥ ੧੮ ॥

ਸਲੋਕ ਮਃ ੫ ॥

ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ ॥ ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ ਨਪਾਕ ॥ ੧ ॥

ਸਾਕਤ ਮੂਰਖ ਅਪਵਿਤ੍ਰ ਨੇ ਸਾਰਾ ਸਮਾਂ ਦੁਨੀਆਂ ਨਾਲ ਗੁਜਾਰਿਆ ਜੀਂਵਦਿਆਂ ਵਾਹਿਗੁਰੂਨੂੰਚੇਤਿਆ ਨਾਂ,ਮੋਇਆਂ ਮਿੱਟੀ ਨਾਲ ਰਲ ਗਿਆ॥੧॥

ਮਃ ੫ ॥ ਜੀਵੰਦਿਆ ਹਰਿ ਚੇਤਿਆ ਮਰੰਦਿਆਹਰਿ

Digitized by Panjab Digital Library | www.panjabdigilib.org

ਰੰਗਿ॥ਜਨਮੁ ਪਦਾਰਥੁ ਤਾਰਿਆ ਨਾਨਕ ਸਾਧੂ ਸੰਗਿ॥੨॥

ਜੀਵੰਦਿਆਂ ਵਾਹਿਗੁਰੂ ਨੂੰ ਚੇਤਿਆ ਮਰਦਿਆਂ ਵੀ ਵਾਹਿਗੁਰੂ ਵਿਚ ਪ੍ਰੇਮ ਰਖਿਆ । ਗੁਰੂ ਜੀ ਆਖਦੇ ਹਨ ਸਾਧੂਆਂ ਦੇ ਸੰਗ ਕਰਕੇ ਮਨੁਖਾ ਜਨਮ ਪਦਾਰਥ ਨੂੰ ਤਾਰ ਲਿਆ ॥ ੨ ॥

ਪਉੜੀ ॥ ਆਦਿ ਜੁਗਾਦੀ ਆਪਿ ਰਖਣ ਵਾਲਿਆ ॥ ਸਚੁ ਨਾਮੁ ਕਰਤਾਰੁ ਸਚੁ ਪਸਾਰਿਆ ॥ ਊਣਾ ਕਹੀ ਨ ਹੋਇ ਘਟੇ ਘਟਿ ਸਾਰਿਆ॥ਮਿਹਰਵਾਨ ਸਮਰਥ ਆਪੇ ਹੀ ਘਾਲਿਆ॥ਜਿਨ੍ ਮਨਿ ਵੁਠਾ ਆਪਿ ਸੇ ਸਦਾ ਸੁਖਾਲਿਆ ॥ ਆਪੇ ਰਚਨੁ ਰਚਾਇ ਆਪੇ ਹੀ ਪਾਲਿਆ॥ਸਭੁ ਕਿਛੁ ਆਪੇ ਆਪਿ ਬੇਅੰਤ ਅਪਾਰਿਆ॥ ਗੁਰ ਪੂਰੇ ਕੀ ਟੇਕ ਨਾਨਕ ਸੰਮ੍ਾਲਿਆ ॥ ੧੯ ॥

ਆਦਿ ਜੁਗਾਦੀ ਆਪ ਤੂੰ ਰਖਿਆ ਕਰਨ ਵਾਲਾ ਹੈਂ । ਤੇਰਾ ਸੱਚਾ ਨਾਮ ਕਰਤਾਰ ਹੈ ਤੂੰ ਸਾਰਿਆਂ ਵਿਚ ਸਚ ਪਸਾਰਿਆ ਹੈ । ਤੂੰ ਕਿਤੇ ਵੀ ਖਾਲੀ ਭਾਵ ਦੂਰ ਨਹੀਂ ਘਟਾਂ ੨ ਵਿਚ ਮਿਲਿਆ ਹੋਯਾ ਹੈਂ । ਹੇ ਸਮਰੱਥ ਮਿਹਰਵਾਨ ਤੂੰ ਆਪੇ ਹੀ ਸਭ ਕੁਛ ਕੀਤਾ ਹੈ । ਜਿਨਾਂ ਦੇ ਮਨ ਵਿਚ ਆਪ ਵਾਹਿਗੁਰੂ ਵੱਸਿਆ ਹੈ ਓਹ ਸਦਾ ਸੁਖਾਲੇ ਰਹਿੰਦੇ ਹਨ । ਤੂੰ ਆਪੇ ਹੀ ਰਚਨਾਂ ਨੂੰ ਰਚਕੇ ਜੀਵਾਂ ਨੂੰ ਪਾਲਿਆ ਹੈ ਹੇ ਬਿਅੰਤ ਅਪਾਰ ਤੂੰ ਆਪੇ ਹੀ ਆਪ ਸਭ ਕੁਛ ਹੈਂ । ਗੁਰੂ ਜੀ ਆਖਦੇ ਹਨ ਮੈਂ ਤੈਨੂੰ ਪੂਰੇ ਗੁਰਾਂ ਦੀ ਓਟ ਨਾਲ ਸੰਭਾਲਿਆ ਹੈ ॥ ੧੯ ॥

ਸਲੋਕ ਮ: ੫ ॥

ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥ ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥ ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥ ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥ ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ ॥ ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥ ੧ ॥

Digitized by Panjab Digital Library | www.panjabdigilib.org

ਆਦ ਮਧ ਅਤੇ ਅੰਤ ਵਿਚ ਵਾਹਿਗੁਰੂ ਨੇ ਮੇਰੀ ਰਖਿਆ ਕੀਤੀ ਹੈ। ਸਤਿਗੁਰਾਂ ਨੇ ਵਾਹਿਗੁਰੂ ਦਾ ਨਾਮ ਅੰਮ੍ਰਿਤ ਦਿਤਾ ਹੈ ਉਸ ਦਾ ਸੁਆਦ ਚੱਖਿਆ ਹੈ। ਜਿਨਾਂ ਨੇ ਅਪਾਰ ਸਾਧ ਸੰਗਤ ਨਾਲ ਮਿਲਕੇ ਰਾਤ ਦਿਨੇ ਵਾਹਿਗੁਰੂ ਦੇ ਗੁਣ ਉਚਾਰੇ ਹਨ ਉਨ੍ਹਾਂ ਨੇ ਸਾਰੇ ਮਨੋਰਥ ਪਾ ਲਏ ਹਨ ਅਤੇ ਜੂਨੀਆਂ ਵਿਚ ਨਹੀਂ ਭੌਂਦੇ। ਜੋ ਕੰਮ ਕਰਦਾ ਹੈ ਸਭ ਕੁਛ ਵਾਹਿਗੁਰੂ ਦੇ ਹੱਥ ਹੈ। ਗੁਰੂ ਜੀ ਆਖਦੇ ਹਨ ਮੈਂ ਤਰਨ ਨੂੰ ਸੰਤਾਂ ਦੀ ਧੂੜ ਦਾਨ ਮੰਗਦਾ ਹਾਂ ॥ ੧ ॥

**ਮ: ੫॥ਤਿਸਨੋ ਮੰਨਿ ਵਸਾਇ ਜਿਨਿ ਉਪਾਇਆ॥ ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ॥ ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ॥ ਹੁਕਮੈ ਬੂਝਿ ਨਿਹਾਲੁ ਖਸਮਿ ਫੁਰਮਾਇਆ ॥ ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ ॥ ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ॥ ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ॥ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥ ੨ ॥**

ਤਿਸ ਨੂੰ ਮਨ ਵਿਚ ਵਸਾ ਜਿਸਨੇ ਤੈਨੂੰ ਪੈਦਾ ਕੀਤਾ ਹੈ। ਜਿਨਾਂ ੨ ਵਾਹਿਗੁਰੂ ਧਿਆਇਆ ਹੈ ਓਨਾਂ ਸੁਖ ਪਾਇਆ ਹੈ। ਗੁਰਮੁਖਾਂ ਦਾ ਜਨਮ ਧਾਰਕੇ ਆਉਂਣਾਂ ਸਫਲ ਪਰਵਾਣ ਹੈ। ਵਾਹਿਗੁਰੂ ਦਾ ਫਰਮਾਇਆ ਹੋਯਾ ਹੁਕਮ ਸਮਝਕੇ ਨਿਹਾਲ ਹੋਏ। ਜਿਸਤੇ ਆਪ ਕਿਰਪਾਲੂ ਹੋਯਾ ਹੈ ਉਸਨੂੰ ਜੂਨਾਂ ਵਿਚ ਨਹੀਂ ਭਰਮਾਇਆ। ਜੋ ਜੋ ਕੁਝ ਵਾਹਿਗੁਰੂ ਨੇ ਦਿਤਾ ਹੈ ਓਹੋ ਕੁਝ ਲੈਕੇ ਸੁਖ ਪਾਯਾ ਹੈ। ਗੁਰੂ ਜੀ ਆਖਦੇ ਹਨ ਜਿਸਤੇ ਮਿਤ੍ਰ ਵਾਹਿਗੁਰੂ ਦਿਆਲੂ ਹੁੰਦਾ ਹੈ ਉਸਨੂੰ ਆਪਣਾ ਹੁਕਮ ਸਮਝਾ ਦੇਂਦਾ ਹੈ। ਜਿਸਨੂੰ ਆਪਣੇ ਵਲੋਂ ਭੁਲਾ ਦੇਂਦਾ ਹੈ ਉਹ ਨਿਤ ਹੀ ਜੰਮ ਜੰਮ ਕੇ ਮਰਦਾ ਹੈ ॥ ੧ ॥

**ਪਉੜੀ॥ ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ॥ ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ॥ ਮਥੇ ਵਾਲਿ ਪਛਾੜਿਅਨੁ ਜਮ ਮਾਰਗਿ**

Digitized by Panjab Digital Library | www.panjabdigilib.org

ਮੂਤੇ ॥ ਦੁਖਿ ਲਗੈ ਬਿਲਲਾਣਿਆ ਨਰਕਿ ਘੋਰੁ ਸੁਤੇ ॥ ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ॥ ੨੦॥

ਇਕ ਛਿਨ ਵੀ ਟਿਕਣ ਨਹੀਂ ਦਿਤੇ ਨਿੰਦਕ ਛੇਤੀ ਨਾਲ ਮਾਰ ਦਿਤੇ ਹਨ । ਵਾਹਿਗੁਰੂ ਦਾਸਾਂ ਦਾ ਦੁਖ ਨਹੀਂ ਸਹਾਰ ਸਕਦਾ,ਨਿੰਦਕ ਫੜਕੇ ਜੂਨਾਂ ਵਿਚ ਜੋੜ ਦਿਤੇ ਹਨ । ਮੱਥੇ ਦੇ ਵਾਲ ਫੜਕੇ ਪਛਾੜੇ ਹਨ ਜਮ ਦੇ ਰਸਤੇ ਪਾ ਛੱਡੇ ਹਨ । ਭਿਆਨਕ ਨਰਕ ਵਿਚ ਸੁਤਿਆਂ ਵਾ ਸੁਟਿਆਂ ਨੂੰ ਦੁਖ ਲਗਦਾ ਹੈ ਤਾਂ ਰੋਂਦੇ ਕੁਰਲਾਂਦੇ ਹਨ ॥ ਗੁਰੂ ਜੀ ਆਖਦੇ ਹਨ ਦਾਸਾਂ ਨੂੰ ਸੱਚੇ ਨੇ ਗਲ ਲਾਕੇ ਰਖਿਆ ਹੈ ॥ ੨੦ ॥

## ਸਲੋਕੁ ਮ: ੫ ॥

ਰਾਮੁ ਜਪਹੁ ਵਡਭਾਗੀਹੋ ਜਲਿ ਥਲਿ ਪੂਰਨੁ ਸੋਇ ॥ ਨਾਨਕ ਨਾਮਿ ਧਿਆਇਐ ਬਿਘਨੁ ਨ ਲਾਗੈ ਕੋਇ॥੧॥

ਹੇ ਵਡਭਾਗੀਓ ! ਜੇਹੜਾ ਜਲਾਂ ਥਲਾਂ ਵਿਚ ਪੂਰਨ ਹੈ ਉਹ ਰਾਮ ਜਪੋ । ਗੁਰੂ ਜੀ ਆਖਦੇ ਹਨ ਨਾਮ ਧਿਆਈਏ ਫਿਰ ਕੋਈ ਵਿਘਨ ਨਹੀਂ ਲਗਦਾ ॥ ੧ ॥

ਮ:੫॥ ਕੋਟਿ ਬਿਘਨ ਤਿਸੁ ਲਾਗਤੇ ਜਿਸਨੋ ਵਿਸਰੈ ਨਾਉ॥ ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥ ੨ ॥

ਜਿਸਨੂੰ ਵਾਹਿਗੁਰੂ ਦਾ ਨਾਮ ਵਿਸਰਦਾ ਹੈ ਉਸਨੂੰ ਕਰੋੜਾਂ ਵਿਘਨ ਆ ਲਗਦੇ ਹਨ। ਗੁਰੂ ਜੀ ਆਖਦੇ ਹਨ ਉਹ ਮਨਮੁਖ ਈਕਣ ਦਿਨੇ ਰਾਤ ਰੋਂਦੇ ਕੁਰਲਾਂਦੇ ਹਨ ਜੀਕਣ ਉਜੜੇ ਘਰ ਕਾਂ ਲੌਂਦਾ ਹੈ ॥ ੨ ॥

ਪਉੜੀ ॥ ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ ॥ ਇਛ ਪੁੰਨੀ ਮਨਿ ਆਸ ਗਏ ਵਿਸੂਰਿਆ ॥ ਪਾਇਆ ਨਾਮੁ ਨਿਧਾਨੁ ਜਿਸਨੋ ਭਾਲਦਾ॥ ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ ॥ ਸੂਖ ਸਹਜ ਆਨੰਦ ਵੁਠੇ ਤਿਤੁ ਘਰਿ ॥ ਆਵਣ ਜਾਣ ਰਹੇ ਜਨਮੁ ਨ ਤਹਾ ਮਰਿ ॥ ਸਾਹਿਬ ਸੇਵਕੁ ਇਕੁ ਇਕੁ ਦ੍ਰਿਸਟਾਇਆ ॥

Digitized by Panjab Digital Library | www.panjabdigilib.org

## ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ ॥ ੨੧ ॥ ੧ ॥ ੨ ॥ ਸੁਧ ॥

ਦਾਤੇ ਨੂੰ ਸਿਮਰ ੨ ਕੇ ਮਨੋਰਥ ਪੂਰੇ ਹੋ ਗਏ ਹਨ। ਜੇਹੜੀ ਮੇਰੇ ਮਨ ਦੀ ਇੱਛਾ ਸੀ ਸੋ ਪੂਰੀ ਹੋ ਗਈ, ਅਤੇ ਝੋਰੇ ਚਲੇ ਗਏ। ਜਿਸਨੂੰ ਲਭਦਾ ਸੀ ਉਹ ਆਪ ਨਿਧਾਨ ਪਾ ਲਿਆ।ਜੋਤਿ ਨਾਲ ਜੋਤ ਮਿਲ ਗਈ ਜਿਸ ਵਾਸਤੇ ਮੈਂ ਕਮਾਈ ਕਰਦਾ ਰਿਹਾ ਹਾਂ ਸੋ ਤਿਸ ਵਲੋਂ ਰਹਿ ਗਿਆ। ਉਸੇ ਘਰ ਸੁਖ ਗਿਆਨ ਅਨੰਦ ਵਸਿਆ ਹੈ। ਆਉਣ ਜਾਣ ਤੋਂ ਰਹਿਤ ਹੋ ਗਏ, ਨਾ ਉਥੇ ਜੰਮਣਾ ਹੈ ਨਾ ਉਥੇ ਮਰਣਾਂ ਹੈ। ਵਾਹਿਗੁਰੂ ਤੇ ਸੇਵਕ ਇਕ ਹੈ, ਇਕ ਨਜ਼ਰ ਆਇਆ। ਗੁਰੂ ਜੀ ਆਖਦੇ ਹਨ ਗੁਰਾਂ ਦੀ ਕ੍ਰਿਪਾ ਨਾਲ ਸਚ ਵਿਚ ਸਮਾਇਆ ॥ ੨੧ ॥ ੧ ॥ ੨ ॥

# ਰਾਗੁ ਗੂਜਰੀ ਭਗਤਾ ਕੀ ਬਾਣੀ

## ੧ ਓ ਸਤਿਗੁਰਪ੍ਰਸਾਦਿ ॥

## ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ *ਦੂਜਾ ॥ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ ॥ ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂੰਡ ਲੁਕਈ ਹੈ ॥ ੧ ॥

ਮੂੰਡ=ਸਿਰ। ਠੇਗਾ=ਸੋਟਾ। ਹੇ ਭਾਈ! ਜਦ ਤੇਰੇ ਚਾਰ ਪੈਰ ਦੋ ਸਿੰਙ ? ਹੋਣਗੇ ਅਤੇ ਮੂੰਹੋਂ ਗੂੰਗਾ ਹੋਵੇਂਗਾ ਤਦਕਿੱਕੁਰ ਵਾਹਿਗੁਰੂ ਦੇ ਗੁਣ ਗਾਵੇਂਗਾ ਉਠਦੇ ਬਹਿੰਦੇ ਨੂੰ ਸੋਟਾ ਪਏਗਾ ਤਦ ਕਿੱਥੇ ਸਿਰ ਲੁਕਾਵੇਂਗਾ ?

## ਹਰਿ ਬਿਨੁ ਬੈਲ ਬਿਰਾਨੇ ਹੁਈ ਹੈ ॥ ਫਾਟੇ ਨਾਕਨ ਟੂਟੇਕਾਧਨ ਕੋਦਉ ਕੋ ਭੁਸੁ ਖਈ ਹੈ ॥ ੧ ॥ ਰਹਾਉ ॥

ਬਿਰਾਨੇ=ਬਿਗਾਨੇ ਵਾਹਿਗੁਰੂ ਦੇ ਭਜਨ ਤੋਂ ਬਿਨਾਂ ਬਿਗਾਨਾ ਬੈਲ

*ਅੱਖਰਾਂ ਵਿੱਚ ਦੁਬਾਰਾ ਦੂਜਾ ਲਿਖਣ ਦਾ ਭਾਵ ਏਹ ਹੈ ਕਿ ਘਰਾਂ ਨੂੰ ਪਹਿਲਾ ਦੂਜਾ ਤੀਜਾ ਆਦਿਕ ਉਚਾਰੋ ਇੱਕੁਰ ਹੀ ਮਹੱਲਾ ੧-੨-੩-੪-੫-੯ ਆਦਿਕ ਨੂੰ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ, ਨਾਵਾਂ ਪੜ੍ਹੋ।

Digitized by Panjab Digital Library | www.panjabdigilib.org

ਹੋਵੇਂਗਾ ਭਾਵ ਪੱਠੇ ਵੀ ਨਾ ਪੈਣਗੇ ਅਤੇ (ਨਾਕਨ) ਨੱਕ ਫੱਟਿਆ ਹੋਇਆ ਹੋਵੇਗਾ(ਕਾਧਨ)ਮੋਢੇ ਟੁੱਟੇ ਹੋਏਹੋਣਗੇ ਅਤੇ ਕੋਧਰੇ ਦਾ ਭੋਂਹ ਖਾਣਨੂੰਮਿਲੇਗਾ।

**ਸਾਰੋ ਦਿਨ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ ॥ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈ ਹੈ ॥ ੨ ॥**

ਮਹੀਆ=ਵਿਚ। ਅਘਈ=ਰੱਜੇ। ਸਾਰਾ ਦਿਨ ਬਣ ਵਿੱਚ ਚਰਦਾ ਫਿਰੇਂਗਾ (ਅਜੇ ਵੀ) ਫਿਰ ਵੀ ਪੇਟ ਨਾ ਭਰੇਗਾ।

ਜਿਨ੍ਹਾਂ ਨੇ ਭਗਤ ਜਨਾਂ ਦਾ ਕਿਹਾ ਨਹੀਂ ਮੰਨਿਆਂ ਓਹ ਉਪਰੋਕਤ ਬੈਲ ਵਾਂਙੂ ਆਪਣਾ ਕੀਤਾ ਆਪੇ ਹੀ ਪੌਣਗੇ।

**ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈ ਹੈ॥ਰਤਨ ਜਨਮ ਖੋਇਓ ਪ੍ਰਭ ਬਿਸਰਿਓ ਇਹੁ ਅਉਸਰੁ ਕਤ ਪਈਹੈ ॥ ੩ ॥**

ਦੁਖ ਤੋਂ ਸੁਖ ਯਾਦ ਕਰਦਾ ਹੋਇਆ ਜੀਵ ਮਹਾਂ ਭਰਮ ਰੂਪ ਸਮੁੰਦਰ ਵਿਚ ਡੁੱਬਾ ਅਤੇ ਅਨੇਕ ਹੀ ਜੂਨਾਂ ਵਿੱਚ ਫਿਰ ਫਿਰਕੇ ਆਯਾ ਵਾ ਫਿਰੇਗਾ।

ਰਤਨ ਵਤ ਮਨੁਖਾ ਜਨਮ ਤੈਨੇ ਨਾਸ ਕਰ ਲਿਆ ਜੋ ਤੈਨੂੰ ਵਾਹਿਗੁਰੂ ਭੁਲ ਗਿਆ, ਹੇ ਮੂਰਖ!ਫਿਰ ਇਸ ਵੇਲੇ ਨੂੰ ਕਿੱਥੇ ਪਾਵੇਂਗਾ ਭਾਵ ਮਨੁਖਾ ਜਨਮ ਫਿਰ ਨਹੀਂ ਆਉਂਣਾ ਇਸ ਲਈ ਨਾਮ ਜਪ।

**ਭ੍ਰਮਤ ਫਿਰਤ ਤੇਲਕ ਕੇ*ਕਪਿ ਜਿਉ ਗਤਿ ਬਿਨੁ ਰੈਨ ਬਿਹਈ ਹੈ ॥ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈ ਹੈ ॥ ੪ ॥ ੧ ॥**

ਤੇਲਕ=ਤੇਲੀ,ਰੱਤਕਾਂ,ਰਾਤ ਦੀ ਤਰੇਲ ਦੇ ਮਣਕੇ। ਕਪਿ=ਬੈਲ, ਬਾਂਦਰ। ਗਤਿ= ਮੁਕਤੀ। ਰੈਨਿ=ਰਾਤ। ਜਿਕੁਰ ਬਾਂਦਰ ਭਰਮਿਆ ਹੋਇਆ ਤਰੇਲ ਦੇ ਕਿਣਕਿਆਂ ਨੂੰ ਮੋਤੀ ਸਮਝ ਕੇ ਸਾਰੀ ਰਾਤ ਫਿਰਦਾ ਰਹਿੰਦਾ ਹੈ ਵਾ ਜਿੱਕੁਰ ਤੇਲੀ ਦਾ ਬੈਲ ਕੋਹਲੂ ਦੇ ਆਲੇ ਦਵਾਲੇ ਸਾਰੀ ਰਾਤ ਭਰਮਦਾ ਫਿਰਦਾ ਹੈ ਅਤੇ ਐਵੇਂ ਹੀ ਸਾਰੀ ਰਾਤ ਬੀਤ ਜਾਂਦੀ ਹੈ ਤਿਕੁਰ ਹੀ ਮਨਮੁਖਾਂ ਦੇ ਵਿਸ਼ਿਆਂ ਵਿੱਚ ਲਗਿਆਂ ਹੋਇਆਂ ਚੁਰਾਸੀ ਦੇ ਫੇਰੇ ਵਿੱਚ ਉਮਰ ਗੁਜਰਦੀ ਹੈ। ਮੂੰਡ=ਸਿਰ।

*ਕੋਸ਼ੀ ਅਰਥ "ਕਪੀ" ਦਾ ਬਾਂਦਰ ਹੈ, ਪਰ ਬੈਲ ਵੀ ਕਰਦੇ ਹਨ।

Digitized by Panjab Digital Library | www.panjabdigilib.org

(ਤਿਕੁਰ ਹੀ) ਕਬੀਰ ਜੀ ਕਹਿੰਦੇ ਹਨ ਵਾਹਿਗੁਰੂ ਦੇ ਨਾਮ ਤੋਂ ਬਿਨਾਂ (ਹੇ ਜੀਵ !) ਸਿਰ ਹਲਾ ਹਲਾ ਕੇ ਪਛਤਾਵੇਂਗਾ ।

## ਗੂਜਰੀ ਘਰੁ ੩ ॥

{ਆਪਣੇ ਘਰ ਦਾ ਵਿਰਤਾਂਤ ਕਬੀਰ ਜੀ ਮਾਈ ਵਲੋਂ ਹੋਕੇ ਆਪ ਵਰਨਨ ਕਰਦੇ ਹਨ ।}

**ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥ ੧ ॥**

ਮੁਸਿ ਮੁਸਿ=ਬੁਸ ਬੁਸ । ਅੱਖਾਂ ਤੋਂ ਅੱਥਰੂ ਕੱਢਕੇ ਬੁਸ ਬੁਸ ਕਬੀਰ ਜੀ ਦੀ ਮਾਈ ਰੋਂਦੀ ਹੈ, ਹੇ ਵਾਹਿਗੁਰੂ ਏਹ ਬਾਲਿਕ ਕਿੱਕੁਰ ਜੀਉਣਗੇ ਭਾਵ ਕਮਾਲੀ ਕਮਾਲਾ ਭੁੱਖੇ ਮਰ ਜਾਣਗੇ ।

(ਹੇਤੂ)

**ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥ ੧ ॥ ਰਹਾਉ ॥**

ਤਣਨਾਂ ਬੁਣਨਾ ਸਭ ਕਬੀਰ ਨੇ ਛੱਡ ਦਿਤਾ ਹੈ, ਵਾਹਿਗੁਰੂ ਦਾ ਨਾਮ ਸਰੀਰ ਤੇ ਲਿਖ ਲਿਆ ਹੈਸੁ ।

(ਉੱਤਰ ਕਬੀਰ ਜੀ)

**ਜਬ ਲਗੁ ਤਾਗਾ ਬਾਹਉ ਬੇਹੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥ ੨ ॥**

ਬੇਹੀ=ਨਲੀ ਦਾ ਛੇਕ । ਬਾਹਉ=ਪਾਵਾਂ,ਵਹਾਵਾਂ । ਸਨੇਹੀ=ਪਿਆਰਾ । ਜਿੰਨਾਂ ਚਿਰ ਮੈਂ ਨਲੀ ਦੇ ਛੇਕਾਂ ਵਿੱਚ ਧਾਗਾ ਵਹਾਉਨਾ ਹਾਂ ਉੱਨਾਂ ਚਿਰ ਮੈਨੂੰ ਪਿਆਰਾ ਵਾਹਿਗੁਰੂ ਭੁਲ ਜਾਂਦਾ ਹੈ ਭਾਵ ਇਹ ਕੰਮ ਮੈਂ ਇਸ ਲਈ ਛਡਿਆ ਹੈ ਕਿ ਉੱਨਾਂ ਚਿਰ ਮੈਨੂੰ ਵਾਹਿਗੁਰੂ ਭੁਲ ਜਾਵੇਗਾ । ਇਸਦਾ ਅੰਤ੍ਰੀਵ ਸਿੱਟਾ ਇਹ ਹੈ ਕਿ ਕੰਮ ਵਿੱਚ ਅਤੀ ਨਾਮ ਜਪੋ ।

**ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥ ੩ ॥**

ਹੋਛੀ ਅਕਲ ਮੇਰੀ ਅਤੇ ਜਾਤੀ ਦਾ ਮੈਂ ਜੁਲਾਹਾ ਹਾਂ ( ਪਰ ਧੰਨ ਵਾਹਿਗੁਰੂ ਦੀ ਦਰਗਾਹ ਨੂੰ) "ਇਸ ਅਕਲ ਦੁਆਰਾ ਹੀ ਮੈਂ" ਵਾਹਿਗੁਰੂ ਦਾ ਨਾਮ ਲਾਭ ਲਿਆ ।

Digitized by Panjab Digital Library | www.panjabdigilib.org

**ਕਹਤ ਕਬੀਰ ਸੁਨਹੁ ਮੇਰੀ ਮਾਈ॥ ਹਮਰਾ ਇਨਕਾ ਦਾਤਾ ਏਕੁ ਰਘੁਰਾਈ ॥ ੪ ॥ ੨ ॥**

ਕਬੀਰ ਜੀ ਕਹਿੰਦੇ ਹਨ ਹੇ ਮੇਰੀ ਮਾਈ ਜੀ ਸੁਣੋ, ਸਾਡਾ ਅਤੇ ਏਹਨਾਂ ਦਾ ਦਾਤਾ ਇਕ ਵਾਹਿਗੁਰੂ ਹੈ।

## ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧

## ੧ਓ ਸਤਿਗੁਰਪ੍ਰਸਾਦਿ

(ਸੰਤੋਖ)

(ਭਗਤਾਂ ਨੂੰ ਰਾਜ ਦੀ ਲੋੜ ਨਹੀਂ ਹੈ)

**ਜੌ ਰਾਜੁ ਦੇਹਿ ਤ ਕਵਨ ਬਡਾਈ॥ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥ ੧ ॥**

ਹੇ ਵਾਹਿਗੁਰੂ ! ਜੇ ਰਾਜ ਦੇਵੇਂ ਤਾਂ ਕੀ ਵਡਿਆਈ ਹੈ, ਜੇ ਭਿਖਿਆ ਮੰਗਾਵੇਂ ਤਾਂ ਕੀ ਘਟ ਜਾਵੇਗਾ ?

**ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ॥ ਬਹੁਰਿ ਨ ਹੋਇ ਤੇਰਾ ਆਵਨੁ ਜਾਨੁ ॥ ੧ ॥ ਰਹਾਉ ॥**

ਨਿਰਬਾਣ=ਬਿਨਾ ਦੁਖ ਤੋਂ। ਹੇ ਮਨ ਮੇਰੇ ਤੂੰ ਸੁੱਧ ਪਦ ਵਾਹਿਗੁਰੂ ਨੂੰ ਯਾਦ ਕਰ ਜਿਸ ਕਰਕੇ ਤੇਰਾ ਆਉਣਾ ਜਾਣਾ ਨਾ ਹੋਵੇ।

**ਸਭ ਤੈ ਉਪਾਈ ਭਰਮਿ ਭੁਲਾਈ॥ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥ ੨ ॥**

ਹੇ ਵਾਹਿਗੁਰੂ ! ਤੂੰ ਸਾਰੀ ਸ੍ਰਿਸ਼ਟੀ ਪ੍ਰਗਟ ਕਰਕੇ ਭਰਮ ਵਿੱਚ ਭੁਲਾ ਛੱਡੀ ਹੈ ਜਿਸ ਨੂੰ ਤੂੰ ਦੱਸ ਦੇਂਦਾ ਹੈਂ ਉਸਨੂੰ ਸਮਝ ਆ ਜਾਂਦੀ ਹੈ।

**ਸਤਿਗੁਰੁ ਮਿਲੈ ਤ ਸਹਸਾ ਜਾਈ॥ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥ ੩ ॥**

ਜੇਹੜਾ ਸੱਤਗੁਰਾਂ ਨਾਲ ਮਿਲੇ ਉਸਦਾ ਸੰਸਾ ਚਲਿਆ ਜਾਂਦਾ ਹੈ "ਇੱਕੁਰ ਹੀ ਮੇਰਾ ਸੰਸਾ ਗਿਆ ਹੈ" ਕਿਸਨੂੰ ਮੈਂ ਪੂਜਾਂ ਦੂਜਾ ਕੋਈ ਨਜ਼ਰ ਨਹੀਂ ਆਉਂਦਾ ਭਾਵ ਇੱਕੋ ਹੀ ਵਾਹਿਗੁਰੂ ਹੈ ਹੋਰ ਕੋਈ ਨਹੀਂ ॥

Digitized by Panjab Digital Library | www.panjabdigilib.org

ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥ ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥ ੪ ॥ ੧ ॥

ਭਾਉ=ਪ੍ਰੇਮ ॥ ਇਕ ਪੱਥਰ ਨਾਲ ਪ੍ਰੇਮ ਕਰਦੇ ਹੋ ਵਾ ਕਰੀਦਾ ਹੈ, ਦੂਜੇ ਪੱਥਰ ਤੇ ਪੈਰ ਧਰਦੇ ਹੋ ਵਾ ਧਰੀਦਾ ਹੈ ॥ ਜੇ ਓਹ ਦੇਵ ਹੈ ਤਾਂ ਓਹ ਵੀ ਦੇਵ ਹੈ, ਨਾਮਦੇਵ ਜੀ ਕਹਿੰਦੇ ਹਨ ਮੈਂ ਤਾਂ ਵਾਹਿਗੁਰੂ ਦੀ ਸੇਵਾ ਕਰਦਾ ਹਾਂ।

## ਗੂਜਰੀ ਘਰੁ ੧ ॥

ਮਲੈ ਨ ਲਾਛੈ ਪਾਰਮਲੋ ਪਰਮਲੀਓ ਬੈਠੋਰੀ ਆਈ ॥ ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥ ੧ ॥

ਮਲੈ=ਮੈਲਾ। ਲਾਛੈ=ਚਿੰਨ੍ਹ, ਦਾਗ ॥ ਪਾਰਮਲੋ=ਮੈਲ ਤੋਂ ਪਾਰ, ਭਾਵ ਰਹਤ। ਪਰਮਲੀਓ=ਪਰਮ ਸੁਗੰਧੀ ਵਾਲਾ ॥

ਮੈਲ ਦਾ ਜਿਸ ਵਿਚ ਰਤਾ ਵੀ ਦਾਗ ਨਹੀਂ ਅਤੇ ਮੈਲ ਤੋਂ ਰਹਤ, ਪਰਮ ਸੁਗੰਧੀ ਵਾਲਾ ਜੇਹੜਾ ਵਾਹਿਗੁਰੂ ਹੈ (ਰੀ) ਹੇ ਜਿੰਦ ਓਹ ਸਾਰਿਆਂ ਵਿਚ ਆਕੇ ਬੈਠਾ ਹੋਯਾ ਹੈ ਭਾਵ ਸਭ ਵਾਹਿਗੁਰੂ ਦਾ ਰੂਪ ਹੈ। ਰੀ ਬਾਈ=ਹੇ ਭਾਈ। ਪੇਖਿਓ=ਦੇਖਿਆ ॥ ਪਰ (ਰੀ ਬਾਈ) ਹੇ ਜਿੰਦ ਰੂਪ ਝੱਲੀ ਸਖੀ। ਕੌਣ ਜਾਣੇ ਉਸਨੂੰ ਆਉਂਦੇ ਹੋਏ ਨੂੰ ਕਿਸੇ ਵੀ ਨਹੀਂ ਦੇਖਿਆ।

ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥ ੧ ॥ ਰਹਾਉ ॥

ਆਕੁਲੁ=ਅਕਾਲ ਪੁਰਖ ਪੂਰਨ। ਰੀ ਬਾਈ=ਹੇ ਭਾਈ ॥

ਹੇ ਭਾਈ ਜੇਹੜਾ ਵਾਹਿਗੁਰੂ ਸਭ ਵਿੱਚ ਪੂਰਨ ਹੋ ਰਿਹਾ ਹੈ ਉਸਨੂੰ ਕੌਣ ਕਹੇ ਅਤੇ ਕੌਣ ਪੁਛੇ ਵਾ ਕਿਕੁਰ ਪੁੱਛਿਆ ਜਾਵੇ ॥

ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥ ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥ ੨ ॥

ਨਿਰਖਿਓ=ਵੇਖਿਆ। ਮਾਝੈ=ਵਿਚ। ਮਾਰਗ=ਰਸਤਾ। ਪੇਖਣੋ=ਵੇਖਿਆ ॥

ਜਿਕੁਰ ਅਕਾਸ ਵਿੱਚ ਪੰਛੀ ਦਾ ਖੋਜ ਨਹੀਂ ਵੇਖਿਆ ਜਾਂਦਾ, ਜਿਕੁਰ ਪਾਣੀ ਵਿੱਚ ਮੱਛ ਦਾ ਰਸਤਾ ਨਹੀਂ ਦੇਖਿਆ ਜਾਂਦਾ (ਇੱਕੁਰ ਹੀ ਵਾਹਿਗੁਰੂ)।

Digitized by Panjab Digital Library | www.panjabdigilib.org

ਜਿਉ ਆਕਾਸੈ ਘੜੂਅਲੋ*ਮ੍ਰਿਗ ਤ੍ਰਿਸਨਾ ਭਰਿਆ॥
ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ॥੩॥੨॥

(ਹੋਰ)

ਘੜੂਅਲੋ=ਘੜਾ। ਜਰਿਆ=ਜੜਿਆ ਵਾ ਸਹਾਰਿਆ॥ਜਿਕੁਰਅਕਾਸ ਵਿੱਚ ਮ੍ਰਿਗ ਤ੍ਰਿਸ਼ਨਾ ਰੂਪ ਪਾਣੀ ਦਾ ਭਰਿਆ ਹੋਇਆ ਘੜਾ ਝੂਠਾ ਹੈ ਵਾ ਅਕਾਸ ਰੂਪ ਪੁਲਾੜ ਦਾ ਘੜਾ ਮ੍ਰਿਗ ਤ੍ਰਿਸ਼ਨਾ ਰੂਪ ਪਾਣੀ ਨਾਲ ਭਰਿਆ ਹੋਯਾ ਝੂਠਾ ਹੈ ਇੱਕੁਰ ਹੀ ਸੰਸਾਰ ਝੂਠਾ ਹੈ, ਨਾਮੇ ਦੇ ਪਿਆਰੇ ਸੁਆਮੀ ਜਿਨ੍ਹਾਂ ਵਿੱਚ ਤਿੰਨੇ ਹੀ ਉਪ੍ਰੋਕਤ ਦ੍ਰਿਸ਼ਟਾਂਤ ਜੜੇ (ਅਰੋਪਨ ਕੀਤੇ) ਹਨ ਭਾਵ ਜਿਕੁਰ ਏਹ ਝੂਠੇ ਹਨ ਇੱਕੁਰ ਹੀ ਵਾਹਿਗੁਰੂ ਕਿਨੇ ਨਹੀਂ ਦੇਖਿਆ ਵਾ ਝੂਠੇ ਸੰਸਾਰ ਵਿੱਚ ਜਿਸਨੇ ਪਾਲਨਾ ਉਤਪਤੀ ਮਾਰਨਾ ਤਿੰਨ ਦ੍ਰਿਸ਼ਟਾਂਤ ਸਹਾਰੇਹਨ।

## ਗੂਜਰੀ ਸ੍ਰੀ ਰਵਿਦਾਸ ਜੀਕੇ ਪਦੇ ਘਰੁ ੩

ੴ ਸਤਿਗੁਰਪ੍ਰਸਾਦਿ॥

ਦੂਧੁ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥੧॥

ਬਿਟਾਰਿਓ=ਨਾਸ ਕੀਤਾ। ਮੀਨ=ਮੱਛੀ॥

ਦੁਧ ਵੱਛੇ ਨੇ ਥਣਾਂ ਵਿਚੋਂ ਵਿਗਾੜ ਦਿਤਾ, ਫੁੱਲ ਭੌਰੇ ਨੇ, ਪਾਣੀ ਮੱਛੀ ਨੇ ਵਿਗਾੜ ਦਿਤਾ।

ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥ †ਅਵਰੁਨ ਫੂਲੁ ਅਨੂਪੁ ਨ ਪਾਵਉ॥੧॥ ਰਹਾਉ॥

ਮਾਈ=ਹੇ ਭਾਈ॥

ਹੇ ਭਾਈ! ਗੋਬਿੰਦ ਦੀ ਪੂਜਾ ਨੂੰ ਮੈਂ ਫੁੱਲ ਕਿਥੋਂ ਲੈਕੇ ਚੜ੍ਹਾਵਾਂ ਹੋਰ ਫੁਲ ਵੀ ਮੈਂ ਅਨੂਪਮ ਸੁਚੇ ਨਹੀਂ ਪਾ ਸਕਦਾ।

ਮੈਲਾਗਰ ਬੇਰ੍ਹੇ ਹੈ ਭੁਇਅੰਗਾ॥ ਬਿਖੁ ਅੰਮ੍ਰਿਤੁ ਬਸਹਿ

*ਦੁਪੈਹਰ ਦੇ ਵੇਲੇ ਹਰਨ ਰੇਤ ਚਮਕਦੀ ਨੂੰ ਪਾਣੀ ਸੰਮਝਕੇ ਦੌੜਦਾ ਹੈ ਉਸ ਨੂੰ ਮ੍ਰਿਗ ਤ੍ਰਿਸ਼ਨਾ ਦਾ ਜਲ ਕਹਿੰਦੇ ਹਨ॥

†ਇਸ ਪੰਕਤੀ ਵਿਚ ਅਵਰੁਨ, ਇਹ ਨੰਨਾ ਨਾਲ ਪੜ੍ਹਿਆ ਜਾਵੇਗਾ ਅਤੇ ਅਗਲਾ ਅਨੂਪ ਵਾਲਾ ਵਖਰਾ॥

Digitized by Panjab Digital Library | www.panjabdigilib.org

ਇਕ ਸੰਗਾ ॥ ੨ ॥

ਮੈਲਾਗਰ=ਚੰਦਨ ਦਾ ਬੂਟਾ। ਬੇਰ੍ਹੇ=ਵੇੜ੍ਹਿਆ, ਢੱਕਿਆ, ਦਬਾਇਆ ਹੋਇਆ। ਭੁਇਅੰਗਾ=ਸੱਪ।

ਚੰਦਨ ਸੱਪਾਂ ਕਰਕੇ ਢਕਿਆ ਹੋਇਆ ਹੈ ਭਾਵ ਚੰਦਨ ਨੂੰ ਸੱਪਾਂ ਦੀ ਵਿਹੁ ਲਗੀ ਹੋਈ ਹੈ ਇਸ ਲਈ ਜੂਠਾ ਹੈ, ਜੇ ਅੰਮ੍ਰਿਤ ਕਹੋ ਤਾਂ ਅੰਮ੍ਰਿਤ ਅਤੇ ਵਿਹੁ ਦੋਵੇਂ ਸਮੁੰਦ੍ਰ ਵਿਚੋਂ ਕਠੇ (ਇਕ ਸੰਗ) ਵਸਦੇ ਨਿਕਲੇ ਹਨ।

**ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥**

ਧੂਪ ਧੁਖੌਣਾ, ਦੀਵਾ ਜਗੌਣਾ (ਨਈਵੇਦਨ) ਪੂਜਨ ਕਰਨਾ ਇਹ ਸਭ ਵਾਸ਼ਨਾਂ ਵਿਗੜੀਆਂ ਹੋਈਆਂ ਹਨ ਭਾਵ ਸਭ ਜੂਠੀਆਂ ਹਨ, ਇਸਲਈ ਹੇ ਵਾਹਿਗੁਰੂ ਤੇਰੀ ਪੂਜਾ ਦਾਸ ਕਿਕੁਰ ਕਰੇ ?

**ਤਨੁ ਮਨੁ ਅਰਪਉ ਪੂਜ ਚਰਾਵਉ॥ਗੁਰਪ੍ਰਸਾਦਿ ਨਿਰੰਜਨੁ ਪਾਵਉ ॥ ੪ ॥**

ਇਸ ਲਈ ਸਭ ਕੁਝ ਜੂਠਾ ਸਮਝਕੇ ਮੈਂ ਤਨ ਮਨ ਸਭ ਕੁਝ ਤੈਨੂੰ ਅਰਪਣ ਕਰਕੇ ਪੂਜਾ ਚੜ੍ਹਾਉਂਦਾ ਹਾਂ। ਸਿੱਟਾ:—ਤਨ ਮਨ ਪੂਜਾ ਕਰਦਾ ਹਾਂ ਅਤੇ ਇਹ ਗੁਰਾਂ ਦੀ ਕ੍ਰਿਪਾ ਕਰਕੇ ਮਾਇਆ ਤੋਂ ਰਹਿਤ ਵਾਹਿਗੁਰੂ ਨੂੰ ਪਾ ਲਵਾਂਗਾ।

**ਪੂਜਾ ਅਰਚਾ ਆਹਿ ਨ ਤੋਰੀ॥ ਕਹਿ ਰਵਿਦਾਸ ਕਵਨ ਗਤਿ ਮੋਰੀ॥੫ ॥ ੧ ॥**

ਆਹਿ=ਹੈ। ਹੇ ਵਾਹਿਗੁਰੂ ਪੂਜਾ ਅਰਚਾ, ਏਦੂੰ ਪਰੇ ਹੋਰ ਕੋਈ ਤੇਰੀ ਨਾ ਹੈਗੀ ਹੈ ਅਤੇ ਨਾ ਮੇਰੇ ਪਾਸੋਂ ਹੋ ਸਕਦੀ ਹੈ ਰਵਿਦਾਸ ਜੀ ਕਹਿੰਦੇ ਹਨ ਮੇਰੀ ਕੀ ਗਤੀ ਹੋਵੇਗੀ। ਸਿੱਟਾ—ਕਿ ਤੈਨੂੰ ਮੈਂ ਹਛੇ ਤਰਾਂ ਪ੍ਰਸੰਨ ਨਹੀਂ ਕਰ ਸਕਦਾ ॥

## ਗੂਜਰੀ ਸ੍ਰੀ ਤ੍ਰਿਲੋਚਨ ਜੀਉਕੇ ਪਦੇ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

(ਪਾਖੰਡੀ ਜੈ ਚੰਦ ਪੰਡਤ ਸਾਧੂ ਪ੍ਰਤਿ)

**ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ**

Digitized by Panjab Digital Library | www.panjabdigilib.org

**ਉਦਾਸੀ ॥ ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥ ੧ ॥**

ਮਨ ਅੰਦਰ ਨਾਨਾ ਤਰਾਂ ਦੀ ਮੈਲ ਹੈ, ਮਨ ਨੂੰ ਨਿਰਮਲ ਨਹੀਂ ਕੀਤਾ ਅਤੇ ਬਾਹਰੋਂ ਉਦਾਸੀ ਦਾ ਭੇਖ ਧਾਰ ਲਿਆ ਹੈ। ਘਟਿ=ਸਰੀਰ। ਚੀਨਾ=ਜਾਣਿਆਂ। ਸਰੀਰ ਦੇ ਹਿਰਦੇ ਕਮਲ ਵਿਚ ਹੀ ਵਾਹਿਗੁਰੂ ਹੈ ਸੋ ਤਿਸ ਨੂੰ ਨਹੀਂ ਜਾਣਿਆਂ ਅਤੇ ਕੀ ਸੰਨਿਆਸੀ ਹੋਇਆ ਫਿਰਦਾ ਹੈਂ, ਭਾਵ ਤੇਰਾ ਸੰਨਿਆਸੀ ਹੋਣਾ ਬਿਅਰਥ ਹੈ।

**ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨਿਆ ਪਰਮਾਨੰਦਾ ॥ ੧ ॥ ਰਹਾਉ ॥**

ਚੀਨਿਆ=ਜਾਣਿਆਂ। ਹੇ ਜੈ ਚੰਦਾ! ਇੱਕੁਰ ਹੀ ਸਾਰੀ ਸ੍ਰਿਸ਼ਟੀ ਭਰਮ ਵਿਚ ਭੁੱਲੀ ਹੋਈ ਹੈ ਜਿਨ੍ਹਾਂ ਉਦਾਸੀਆਂ ਸੰਨਿਆਸੀਆਂ ਨੇ ਨਹੀਂ ਹੀਂ ਪਰਮ ਅਨੰਦ ਸਰੂਪ ਵਾਹਿਗੁਰੂ ਨੂੰ ਜਾਂਣਿਆਂ।

**ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥ ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥ ੨ ॥**

ਪਿੰਡ=ਸਰੀਰ। ਮੁੰਦਾ=ਮੁੰਦ੍ਰਾਂ। ਘਰ ਘਰ ਤੋਂ ਅੰਨ ਮੰਗਕੇ ਖਾਧਾ ਅਤੇ ਸਰੀਰਨੂੰ ਮੋਟਾ ਕੀਤਾ ਬਾਹਰੋਂ ਲੋਕਾਂਨੂੰਵਿਖਾਉਣ ਵਾਸਤੇ ਖਿੰਥਾ,ਕੰਨਾਂ ਵਿਚ ਮੁੰਦਰਾਂ ( ਮਾਇਆ )ਛੱਲ ਰੂਪ ਪਾ ਛੱਡੀਆਂ ਭਾਵ ਮਾਇਆ ਕੱਠੀ ਕਰਨ ਦਾ ਫਰੇਬ ਬਣਾ ਛੱਡਿਆ। ਮਸਾਣ ਭੂਮਕਾ ਦੀ ਮਹਾਂ ਅਪਵਿਤ੍ਰ ਸੁਆਹ ਸਰੀਰ ਤੇ ਲਾ ਰਖੀ, ਪਰ ਉਨ੍ਹਾਂ ਨੇ ਵੀ ਗੁਰਾਂ ਤੋਂ ਬਿਨਾਂ ਤੱਤ ਸਰੂਪ ਵਾਹਿਗੁਰੂ ਨੂੰ ਨਹੀਂ ਪਾਇਆ ॥

**ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥ ਲਖ ਚਉਰਾਸੀਹ ਜਿਨਿ ਉਪਾਈ ਸੋ ਸਿਮਰਹੁ ਨਿਰਬਾਣੀ ॥ ੩ ॥**

ਬਿਲੋਵਹੁ=ਰਿੜਕੋ। ਨਿਰਬਾਣੀ=ਦੁਖ ਰਹਿਤ। ਓਇ ਕੀ ਜਪ ਕਰਦੇ ਹੋ? ਕੀ ਤਪ ਕਰਦੇ ਹੋ? ਕਾ ਪਾਣੀ ਰਿੜਕਦੇ ਹੋ? ਚੁਰਾਸੀ ਲਖ ਜੂਨ ਜਿਸਨੇ ਪ੍ਰਗਟ ਕੀਤੀ ਹੈ, ਸੋ ਉਸ ਨਿਰਬਾਣੀ ਸੁਧ ਵਾਹਿਗੁਰੂ ਨੂੰ ਯਾਦ ਕਰੋ।

**ਕਾਇ ਕਮੰਡਲ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥**

Digitized by Panjab Digital Library | www.panjabdigilib.org

**ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥ ੪ ॥ ੧ ॥**

ਬਦਤਿ=ਕਹਿੰਦੇ। ਕਮੰਡਲੁ=ਕਰਮੰਡਲ, ਭਾਂਡਾ, ਖੱਪਰ।
ਕਾਪੜੀਆਹੇ=ਭਗਵਾ ਭੇਸ ਕਰਨ ਵਾਲੇ।

ਕੀ ਕਰਮੰਡਲ ਫੜਦੇ ਹੋ ? ਕੀ ਕਾਪੜੀਆਰਿਆਂ ਦਾ ਭੇਸ ਕਰਦੇ ਹੋ ਅਤੇ ਕੀ ਅਠਾਹਠ ਤੀਰਥਾਂ ਤੇ ਫਿਰਦੇ ਹੋ, ਤ੍ਰਿਲੋਚਨ ਜੀ ਕਹਿੰਦੇ ਹਨ ਸੁਣੋ ਹੇ ਪ੍ਰਾਣੀ ! (ਕਣ) ਅੰਨ ਤੋਂ ਬਿਨਾ ਪਰਾਲੀ ਨੂੰ ਕੀ ਗਾਹੁ ਪਾਉਂਦੇ ਹੋ, ਸਿੱਟਾ=ਜਪ ਤਪ ਪਾਖੰਡ ਛੱਡ ਦਿਓ।

**ਗੂਜਰੀ ॥ ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥**

ਲਛਮੀ=ਮਾਇਆ। ਵਲਿ ਵਲਿ=ਫਿਰ ਫਿਰ, ਬਾਰ ਬਾਰ ਸਿਮਰੈ=ਯਾਦ ਕਰੇ। ਜੇਹੜਾ ਅੰਤ ਦੇ ਵੇਲੇ ਦੌਲਤ ਨੂੰ ਯਾਦ ਕਰੇ ਇੱਕੁਰ ਦੀ ਚਿੰਤਾ ਵਿੱਚ ਜੇ ਮਰ ਜਾਵੇ ਤਾਂ ਓਹ ਫਿਰ ਫਿਰ ਕੇ ਸੱਪ ਦੀ ਜੂਨ ਵਿੱਚ ਉਤਰਦਾ ਹੈ।

**ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ ॥**

ਹੇ ਭਾਈ ! ਵਾਹਿਗੁਰੂ ਦਾ ਨਾਮ ਤੈਨੂੰ ਮਤ ਭੁੱਲੇ।

**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ੨ ॥**

ਅਉਤਰੈ=ਉਤਰਦਾ, ਆਉਂਦਾ, ਪੈਂਦਾ। ਜੇਹੜਾ ਆਦਮੀ ਮਰਨ ਦੇ ਵਕਤ ਇਸਤ੍ਰੀ ਨੂੰ ਯਾਦ ਕਰੇ ਭਾਵ ਭੋਗ ਦੀ ਇੱਛਾ ਕਰੇ, ਜੇ ਓਹ ਇਕੁਰ ਚਿੰਤਾ ਵਿੱਚ ਮਰ ਜਾਵੇ ਤਾਂ ਬਾਹਲਿਆਂ ਆਦਮੀਆਂ ਨਾਲ ਸਬੰਧ ਕਰਨ ਵਾਲੀ ਵੇਸਵਾ ਦੀ ਜੂਨ ਵਿੱਚ ਬਾਰ ਬਾਰ ਆਉਂਦਾ ਹੈ।

**ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥ ੩ ॥**

ਜੇਹੜਾ ਮਰਨ ਦੇ ਵੇਲੇ ਲੜਕਿਆਂ ਨੂੰ ਯਾਦ ਕਰੇ ਇੱਕੁਰ ਦੀ ਚਿੰਤਾ ਵਿੱਚ ਜੇ ਓਹ ਮਰ ਜਾਵੇ ਤਾਂ ਸੂਰ ਦੀ ਜੂਨ ਵਿੱਚ ਭੌਂ ਭੌਂ ਕੇ ਪੈਂਦਾ ਹੈ।

**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ**

Digitized by Panjab Digital Library | www.panjabdigilib.org

**ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥**

ਅੰਤ ਕਾਲ ਦੇ ਵੇਲੇ ਜੇਹੜਾ ਮੰਦਰਾਂ ਨੂੰ ਯਾਦ ਕਰੇ ਇਕੂਰ ਦੀ ਚਿੰਤਾ ਵਿੱਚ ਜੇ ਓਹ ਮਰ ਜਾਵੇ ਤਾਂ ਪ੍ਰੇਤ ਦੀ ਜੂਨ ਵਿੱਚ ਮੁੜ ਮੁੜ ਕੇ ਜੰਮਦਾ ਹੈ।

**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾਕੇ ਰਿਦੈ ਬਸੈ* ॥ ੫ ॥ ੨ ॥**

ਸਿਮਰੈ=ਯਾਦ ਕਰੇ। ਬਦਤਿ=ਕਹੇ। ਪੀਤੰਬਰ=ਪੀਲੇ ਕਪੜੇ ਵਾਲਾ। ਓੜਕ ਦੇ ਸਮੇਂ ਜੇਹੜਾ ਵਾਹਿਗੁਰੁ ਨੂੰ ਯਾਦ ਕਰੇ ਜੇ ਓਹ ਇੱਕਰ ਦੀ ਚਿੰਤਾ ਵਿੱਚ ਮਰ ਜਾਵੇ ਤਾਂ ਤ੍ਰਿਲੋਚਨ ਜੀ ਕਹਿੰਦੇ ਹਨ ਓਹੁ ਆਦਮੀ ਮੁਕਤ ਹੋ ਜਾਂਦਾ ਹੈ ਅਤੇ ਵਾਹਿਗੁਰੂ ਓਸ ਦੇ ਰਿਦੇ ਵਿਚ ਵਸਦਾ ਹੈ ॥

## ਗੂਜਰੀ ਸ੍ਰੀ ਜੈ ਦੇਵ ਜੀਉ ਕਾ ਪਦਾ ਘਰੁ ੪

## ੴ ਸਤਿਗੁਰਪ੍ਰਸਾਦਿ ॥

**ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਰਤੰ ॥ ਪਰਮਦਭੁਤੰ ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ ॥ ੧ ॥**

"ਵਾਹਿਗੁਰੂ ਦੇ ਵਿਸ਼ੇਸ਼ਣ"

ਆਦਿ=ਇਤਯਾਦ। ਪਰਮਾਦਿ=ਸਭਨਾਂ ਦੇ ਪਹਿਲੋਂ ਦਾ ਹੈ। ਮਨੋਪਿਮੰ=ਸੁੰਦਰ, ਉਪਮਾ ਯੋਗ, (ਸਿਟਾ) ਉਪਮਾ ਤੋਂ ਰਹਿਤ ਭਾਵ ਮਨ ਆਦਿਕ ਹੋਰਨਾਂ ਅਵੈਵ ਕ੍ਰਿਆ ਗੁਣ ਰੂਪ ਸਾਮਗ੍ਰੀ ਤੋਂ ਰਹਿਤ। ਭਾਵ=ਪ੍ਰੇਮ ਵਾ ਆਪਣਾ ਰੂਪ । ਰਤੰ=ਰਤਾ ਹੋਇਆ, ਪ੍ਰੇਮ। ਪਰਮ=ਸਭ ਦਾ ਆਦੀ। ਅਕਾਲ ਪੁਰਖ ਹੋਰ ਉਪਮਾ ਤੋਂ ਰਹਿਤ ਸਤ ਚਿਤ ਅਨੰਦ ਵਿਸ਼ੇਸ਼ਣਾਦੀ ਵਾਲਾ ਆਪਣੇ ਪ੍ਰੇਮੀਆਂ ਵਿਚ ਰੱਤਾ ਹੋਇਆ ਵਾ ਤਿੰਨਾਂ ਭਾਵਾਂ ਵਿੱਚ ਮਿਲਿਆ ਹੋਇਆ ਹੈ । ਪਰਕ੍ਰਿਤਿ=ਪਰਕਿਰਤੀ ਮਾਇਆ, ਝੂਠੀ ਜੜ੍ਹ ਦੁਖ ਰੂਪ । ਪਰੰ=ਪਰੇ, ਵਖਰਾ । ਜਦ=ਯਦਿ,

*ਇਸ ਸ਼ਬਦ ਦਾ ਭਾਵ, ਜਦੋਂ ਜੀਵ ਮਰਦਾ ਹੈ ਜਿਸਤਰਾਂ ਦੀ ਵਾਸ਼ਨਾ ਕਰਦਾ ਉਸੇ ਤਰਾਂ ਦਾ ਜਨਮ ਧਾਰਦਾ ਹੈ, ਦੇਖੋ ਜਨਮ ਸਾਖੀ ਵਿਚੋਂ ਲਾਹੌਰ ਵਾਲੇ ਦੂਨੀ ਚੰਦ ਦੀ ਸਾਖੀ ॥

Digitized by Panjab Digital Library | www.panjabdigilib.org

ਜੇਕਰ। ਚਿੰਤ=ਯਾਦ ਕਰਨਾ। ਗਤੰ=ਪਹੁੰਚਿਆ ਹੋਇਆ। ਪਰਮ ਅਦਭੁਤ ਮਾਯਾ ਤੋਂ ਪਰੇ ਹੈ ਜੇ ਯਾਦ ਕਰਨਾ ਚਾਹੁੰਦਾ ਹੈਂ ਤਾਂ ਉਸਨੂੰ ਯਾਦ ਕਰ ਜੇਹੜਾ ਸਾਰਿਆਂ ਨਾਲ ਮਿਲਿਆ ਹੋਇਆ ਹੈ।

**ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ॥ਨਦ ਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥ ੧ ॥ਰਹਾਉ॥**

ਮਨੋਰਮੰ=ਸੁੰਦਰ ਵਾ ਮਨ ਆਦਿਕ ਵਿੱਚ ਮਿਲਿਆ ਹੋਇਆ। ਬਦਿ=ਕਹੋ। ਤਤ ਮਇਅੰ=ਠੀਕ,ਅੰਮ੍ਰਿਤ ਰੂਪ।ਕੇਵਲ ਵਾਹਿਗੁਰੂ ਦਾ ਨਾਮ ਹੀ ਸੁੰਦਰ ਹੈ ਵਾ ਸਾਰਿਆਂ ਵਿੱਚ ਮਿਲਿਆ ਹੋਯਾ ਹੈ ਤਿਸਨੂੰ ਹੇ ਭਾਈ! ਉਚਾਰਨ ਕਰ, ਓਹ ਨਾਮ ਕਿੱਕੁਰ ਦਾ ਹੈ ਕਿ ਅੰਮ੍ਰਿਤ ਸਰੂਪ ਹੀ ਹੈ। ਨਦਨੋਤਿ= ਨਹੀਂ ਪੀੜਾ। ਜਸਮਰਣੇਨ=ਜਿਸਦੇ ਸਿਮਰਨ ਕਰਨ ਨਾਲ। ਭਇਅੰ= ਡਰ। ਜਰਾਧਿ=ਬੁਢੇਪਾ ਆਦਿਕ ਆਧੀ ਬਿਆਧੀ ਉਪਾਧੀ। ਜਿਸਦੇ ਸਿਮਰਨ ਕਰਨ ਨਾਲ ਤੈਨੂੰ ਕਿਸੇ ਤਰਾਂ ਦੀ ਪੀੜਾ ਨਾ ਹੋਵੇਗੀ ਅਤੇ ਜਨਮ ਮਰਨ ਬੁਢੇਪਾ, ਆਧੀ ਬਿਆਧੀ, ਉਪਾਧੀ ਦਾ ਡਰ ਨਾ ਹੋਵੇਗਾ ਵਾ ਜਿਸਦੇ ਯਾਦ ਕਰਨ ਨਾਲ ਜਨਮ ਮਰਨ ਬੁਢੇਪਾ ਆਧੀ ਬਿਆਧੀ ਦੀ ਪੀੜਾ ਨਹੀਂ ਹੋਵੇਗੀ।

**ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ॥ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨ ਮਿਦੰ॥੨॥**

ਇਛਸਿ=ਇੱਛਾ। ਪਰਾਭਯੰ (ਪਰਾਭਯੰ)=ਪਰੇ ਹੋਣ ਦੀ ਵਾ ਨਿਰਾਦਰ ਕਰਨ ਦੀ। ਸ੍ਵਸਤਿ=ਕਲਿਆਣ। ਸੁਕ੍ਰਿਤ=ਪੁੰਨ। ਕ੍ਰਿਤ=ਕਰ। ਹੇ ਭਾਈ! ਜੇਕਰ ਤੈਨੂੰ ਅਤਯੰਤ ਦੁਖ ਦੇਣ ਵਾਲੇ ਜਮ ਆਦਿਕਾਂ ਦੇ ਨਿਰਾਦਰ ਕਰਨ ਦੀ ਲੋੜ ਹੈ ਤਾਂ ਕਲਯਾਨ ਸਰੂਪ ਵਾਹਿਗੁਰੂ ਆਪਣਾ ਆਸਰਾ ਸਮਝਕੇ! ਉਸਦਾ ਯੱਸ ਕਰ, ਵਾ ਏਹੋ ਹੀ ਬੜਾ ਭਾਰਾ ਪੁੰਨ ਹੈ ਜੋ ਉਸਦਾ ਯੱਸ ਕਰਨਾ' ਭਵ=ਵਰਤਮਾਨ। ਭੂਤ=ਗੁਜ਼ਰਿਆ ਹੋਇਆ ਸਮਾਂ। ਭਾਵ=ਆਉਣ ਵਾਲਾ ਸਮਾਂ। ਸਮਬ੍ਰਿਅੰ=ਸੰ=ਨਰੋਲ। ਅਬ੍ਰਿਅੰ=ਨਾਸ ਤੋਂ ਬਿਨਾ। ਮਿਦੰ=ਇਦੰ' ਏਹ ਤਿੰਨਾਂ ਸਮਿਆਂ ਵਿਚ ਜੇਹੜਾ ਮਰਨ ਤੋਂ ਰਹਿਤ ਹੈ "ਪਰਮ ਪ੍ਰਸੰਨ, ਰੋਜ ਹੀ ਅਨੰਦ ਸਰੂਪ ਏਹੋ ਜੇਹੇ ਲਛਣਾਂ ਵਾਲਾ ਜੇਹੜਾ ਵਾਹਿਗੁਰੂ ਕਿਹਾ ਹੈ।

**ਲੋਕਾਦਿ ਦ੍ਰਿਸਟਿ ਪਰ ਗ੍ਰਿਹੰ ਜਦ ਬਿਧਿ ਆਚਰਣੰ॥ ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰਸਰਣੰ॥੩॥**

Digitized by Panjab Digital Library | www.panjabdigilib.org

ਪਰ=ਪਰਾਏ। ਗ੍ਰਿਹੰ=ਘਰ॥ ਲੋਭ ਤੋਂ ਆਦਿ ਲੈਕੇ ਜੇਹੜੀ ਪਰਾਏ ਘਰਾਂ ਵਿਚ ਮਾੜੀ ਦ੍ਰਿਸ਼ਟ ਕਰਨੀ ਹੈ "ਏ ਯਦੀ ਜੇਹੜੇ ਅਬਿਧੀ ਕਰਤਬ ਹਨ" ਭਾਵ ਏਹੋ ਜੇਹੇ ਹੋਰ ਜੇਹੜੇ ਕੰਮ ਹਨ। ਦੁਹਕ੍ਰਿਤ=ਪਾਪ, ਖੋਟਾ ਕਹਿਣਾ। ਦੁਰਮਤੀ=ਖੋਟੀ ਅਕਲ। ਭਜ=ਲੈ, ਚਲ, ਯਾਦ ਕਰ। ਚਕ੍ਰਧਰ=ਵਾਹਿਗੁਰੂ ਹੇ ਦੁਰਮਤੀ ਆਦਮੀ ਸਾਰੇ ਪਾਪਾਂ ਨੂੰ ਛਡ ਅਤੇ ਵਾਹਿਗੁਰੂ ਦੀ ਸ਼ਰਨ ਲੈ।

**ਹਰਿ ਭਗਤਿ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥ ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥੪॥**

ਨਿਜ=ਆਪ। ਨਿਹਕੇਵਲ=ਸੁਧ। ਕਰਮਣਾ=ਸਰੀਰ। ਬਚ=ਬਾਣੀ। ਜੋਗੇਨ=ਜੋਗ। ਜਗੇਨ=ਯੱਗ। ਦਾਨੇਨ ਦਾਨ। ਕਿੰ=ਕਿਆ। ਜਿਸਨੇ ਵਾਹਿਗੁਰੂ ਦੀ ਭਗਤੀ ਆਪ ਸੁਧ ਰਿਦੇ ਕਰਕੇ ਸਰੀਰ ਬਾਣੀ ਕਰਕੇ ਕੀਤੀ ਹੈ। ਉਸਦਾ ਯੋਗ, ਯੱਗ, ਦਾਨ, ਤਪ ਨਾਲ ਕੀ ਵਾਸਤਾ ਹੈ ?

**ਗੋਬਿੰਦ ਗੋਬਿੰਦੇਤਿ ਜਪਿ ਨਰ ਸਗਲ ਸਿਧਿ ਪਦੰ॥ ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬਗਤੰ॥੫॥੧॥**

ਸਿਧਿ=ਸਿਧੀਆਂ। ਪਦੰ=ਪ੍ਰਾਪਤ। ਹੇ ਵਾਹਿਗੁਰੂ ਹੇ ਵਾਹਿਗੁਰੂ ਹੇ ਨਰ ਜਪ! ਸੋ ਸਾਰੀਆਂ ਸਿਧੀਆਂ ਦਾ ਥਾਂ ਹੈ ਵਾ ਸਾਰੇ ਪਦਾਰਥ ਦੇਣ ਵਾਲਾ ਹੈ। ਤਸ=ਤਿਸ। ਸਫੁਟੰ=ਸਫਲ, ਪ੍ਰਗਟ। ਜੈ ਦੇਵ ਜੀ ਤਿਸਦੀ ਸਰਣ ਆਏ ਹਨ ਜੇਹੜਾ ਭੂਤ ਭਵਿਖਤ ਵਰਤਮਾਨ ਸਾਰਿਆਂ ਅਸਥਾਨਾਂ ਵਿੱਚ ਪਹੁੰਚਿਆ ਹੋਇਆ ਹੈ।

# ਟੀਕਾ ਰਾਗ ਗੂਜਰੀ ਸਮਾਪਤ

ਟੀਕਾ ਕਾਰ

## ਬਿਸ਼ਨ ਸਿੰਘ ਗਿਆਨੀ

**ਖਾਲਸਾ ਕਾਲਜ ਅੰਮ੍ਰਿਤਸਰ**

Digitized by Panjab Digital Library | www.panjabdigilib.org

# ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

## ਰਾਗੁ ਦੇਵ ਗੰਧਾਰੀ ਮਹਲਾ ੪ ਘਰੁ ੧ ॥

**ਸੇਵਕ ਜਨ ਬਨੇ ਠਾਕੁਰ ਲਿਵ ਲਾਗੇ॥ ਜੋ ਤੁਮਰਾ ਜਸੁ ਕਹਤੇ ਗੁਰਮਤਿ ਤਿਨ ਮੁਖ ਭਾਗ ਸਭਾਗੇ॥੧॥ ਰਹਾਉ॥**

ਹੇ ਮਾਲਕਾ ਜੇਹੜੇ ਸੇਵਕ ਭਗਤ ਤੇਰੇ ਨਾਲ ਪ੍ਰੀਤੀ ਲਾਉਣ ਵਲੇ ਹਨ ਬੜੇ ਸੋਹਣੇ ਬਣੇ ਹੋਇ ਹਨ। ਹੇ ਮਾਲਕਾ ਜੇਹੜੇ ਗੁਰ ਸਿਖਿਆ ਲੈਕੇ ਤੇਰਾ ਜਸ ਗਾਂਦੇ ਹਨ ਓਨਾਂ ਦੇ ਮੁਖ=ਸਿਰੋਮਣੀ ਕਰਮ ਹਨ ਏਸੇ ਲਈ ਓਹ ਚੰਗੇ ਭਾਗਾਂ ਵਾਲੇ ਆਖੇ ਜਾਂਦੇ ਹਨ।

**ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵ ਲਾਗੇ ॥ ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ ॥ ੧ ॥**

ਹੇ ਹਰੀ ਰਾਮ ਜੇਹੜੇ ਤੇਰੇ ਨਾਮ ਵਿੱਚ ਪ੍ਰੀਤੀ ਲਗਾਉਣ ਲੱਗੇ ਹਨ ਓਨਾਂ ਦੇ ਮਾਇਆ ਦੇ ਫਸਾਉਣ ਵਾਲੇ ਫਾਹੇ ਧਨ ਟੁੱਟ ਗਏ ਹਨ ਹੇ ਵੱਡੇ ਮਨ ਮੋਹਨ ਤੂੰ ਸਾਡਾ ਮਨ ਮੋਹ ਲਿਆ ਹੈ ਮੈਂ ਤੁਹਾਡੇ ਮੂੰਹ ਲੱਗਣ ਭਾਵ ਦਰਸਨ ਕਰਨ ਨਾਲ ਅਸਚਰਜ ਹੋ ਗਈ ਹਾਂ।

**ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥ ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ ॥ ੨ ॥ ੧ ॥**

ਅਵਿਦਜਾਨੀਂਦ ਨਾਲ ਅਵਸਥਾ ਰੂਪ ਸਾਰੀ ਰਾਤ ਹਨੇਰੀ ਵਿੱਚ ਸੁੱਤੀ ਹੋਈ ਸੀ ਜਦੋਂ ਗੁਰਾਂ ਦੀ ਥੋੜ ਜਹੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਗਿਆਨ ਜਾਗਣ ਵਿੱਚ ਮੇਰਾ ਦਿਲ ਮਨ ਬੁੱਧੀ ਆਦਕ ਜਾਗੇ ਗੁਰੂ ਜੀ=ਹੇ ਸੁੰਦਰ ਮਾਲਕਾ ਮੈਂ ਦਾਸੀ ਨੂੰ ਹੁਣ ਤੇਰੇ ਵਰਗਾ ਹੋਰ ਕੋਈ ਦੂਸਰਾ ਨਹੀਂ ਲਗਦਾ ਹੈ।

Digitized by Panjab Digital Library | www.panjabdigilib.org

## ਦੇਵ ਗੰਧਾਰੀ ॥

**ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥ ਹਰਿਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥੧॥ਰਹਾਉ ॥**

ਹੇ ਮੇਰੇ ਸੰਤੋ ਮੇਰਾ ਸੁੰਦਰ ਪਤੀ ਪ੍ਰਮੇਸਰ ਦੱਸੋ ਖਾਂ ਕੇਹੜੀ ਗਲੀ ਵਿੱਚ ਭਾਵ ਕਿਸ ਰਸਤੇ ਚਲਣ ਨਾਲ ਮਿਲੇਗਾ, ਹੇ ਪ੍ਰਮੇਸਰ ਦੇ ਸੰਤੋ ਮੈਂ ਤੁਹਾਡੇ ਮਗਰ ਲੱਗਕੇ ਚੱਲਦੀ ਹਾਂ ਮੈਨੂੰ ਪ੍ਰਮੇਸਰ ਦਾ ਰਸਤਾ ਵਸੋ।

**ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ ॥ ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ ॥੧॥**

(ਪਿੱਛੇ ਪ੍ਰਸ਼ਨ ਸੀ ਹੁਣ ਅੱਗੇ ਉਤਰ ਹੈ) ਹੇ ਸਖੀ ਪਿਆਰੇ ਪਤੀ ਦੇ ਬਚਨ ਜਿਸ ਦੇ ਰਿਦੇ ਵਿੱਚ ਚੰਗੇ ਲਗੇ ਹਨ ਭਾਵ ਆਗਿਆ ਮੰਨਦੀ ਹੈ ਸੋ ਪਿਆਰੇ ਦੇ ਨਾਲ ਮਿਲਨ ਦੀ ਏਹੋ ਹੀ ਚਾਲ ਭਲੀ ਚੰਗੀ ਬਣੀ ਹੈ ਓਹ ਚਾਲ ਕਿਸਤਰਾਂ ਦੀ ਹੈ ਭਾਵ ਭਾਵੇਂ ਲਟਰੀ=ਚੰਚਲ ਹੀ ਹੈ ਅਤੇ ਮਧਰੀ=ਛੋਟੀ ਭਾਵ ਗੁਣ ਹੀਨ ਹੈ ਪਰ ਜੇਹੜੀ ਸੁੰਦਰੀ ਪ੍ਰਮੇਸਰ ਨੂੰ ਪਾਂਦੀ ਹੈ ਓਹ ਸੰਸਾਰ ਤੋਂ ਢੁਲ=ਢਲਕੇ ਜਾਂ ਉਲਟਕੇ ਪ੍ਰਮੇਸਰ ਨਾਲ ਮਿਲੀ ਹੈ ਜਾਂ ਲਟਰੀ=ਲਟਕ ਵਾਲੀ ਭਾਵ ਪ੍ਰੇਮਣ ਹੈ ਅਤੇ ਮਧੁਰੀ=ਮਿੱਠੀ ਬਾਣੀ ਵਾਲੀ ਹੈ।

**ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ ॥ ਨਾਨਕ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ ॥ ੨ ॥ ੨ ॥**

ਓਹ ਪਤੀ ਇਕ ਹੈ ਜੀਵ ਰੂਪ ਇਸਤ੍ਰੀਆਂ ਸਖੀਆਂ ਸਾਰੀਆਂ ਪਤੀ ਦੀਆਂ ਹਨ ਪਰ ਜੇਹੜੀ ਉਸ ਪਤੀ ਨੂੰ ਭਾਂਦੀ ਹੈ ਓਹ ਭਲੀ ਹੈ, ਗੁਰੂ ਜੀ= ਮੈਂ ਗਰੀਬ ਵਿਚਾਰਾ ਕੀ ਕਰ ਸੱਕਦਾ ਹਾਂ ਜੇਹੜਾ ਹਰੀ ਨੂੰ ਭਾਂਦਾ ਹੈ ਉਸੇ ਹੀ ਰਾਹ ਵਿੱਚ ਚਲੀਦਾ ਹੈ।

## ਦੇਵ ਗੰਧਾਰੀ ॥

**ਮੇਰੇ ਮਨ*ਮੁਖਿ ਹਰਿ ਹਰਿ ਹਰਿ ਬੋਲੀਐ॥ਗੁਰਮੁਖਿਰੰਗਿ**

*ਹੇ ਮਨ ਮੂੰਹ ਵਿਚ ਨਾਮ ਜਪ।

Digitized by Panjab Digital Library | www.panjabdigilib.org

**ਚਲੂਲੈ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ ॥੧॥ ਰਹਾਉ॥**

ਹੇ ਮੇਰੇ ਮਨ ਮੂੰਹ ਨਾਲ ਤਿੰਨਾਂ ਸਮਿਆਂ ਵਿੱਚ ਹਰੀ ਹਰ ਬੋਲਦੇ ਰਹੀਏ ਗੁਰਾਂ ਦੁਆਰੇ ਪ੍ਰੇਮ ਦੇ ਚਲੂਲੇ=ਗਾਹੜੇ ਰੰਗ ਵਿੱਚ ਮੇਰੀ ਬੁੱਧੀ ਰੰਗੀ ਹੋਈ ਹੈ ਅਤੇ ਪ੍ਰਮੇਸਰ ਦੇ ਪ੍ਰੇਮ ਨਾਲ ਹੀ ਮੇਰੀ ਦੇਹ ਰੂਪ ਚੋਲੀ ਭਿੱਜੀ ਹੋਈ ਹੈ ।

**ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ-ਢੋਲੀਐ ॥ ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸ ਕੀ ਗੁਲ ਗੋਲੀਐ ॥ ੧ ॥**

ਮੈਂ ਉਸ ਪ੍ਰਮੇਸਰ ਢੋਲੀਐ=ਪਿਆਰੇ ਦੇ ਮਿਲਨ ਵਾਸਤੇ ਦਿਵਾਨੀ= ਕਮਲੀ ਹੋਈ ਆਵਲਬਾਵਲ=ਔਲੀ ਬੌਲੀ ਭਾਵ ਬਹੁਤ ਹੀ ਕਮਲੀ ਬੌਰੀ ਜਾਂ ਉਲਟੀਆਂ ਪੁਲਟੀਆਂ ਗੱਲਾਂ ਕਰਨ ਵਾਲੀ ਹੋਈ ਫਿਰਦੀ ਹਾਂ ।

ਜੇਹੜਾ ਮੇਰਾ ਪਿਆਰਾ ਪ੍ਰੀਤਮ ਹੈ ਜੇਹੜਾ ਕੋਈ ਉਸ ਦੇ ਨਾਲ ਮੈਨੂੰ ਮਿਲਾ ਦੇਵੇ ਮੈਂ ਉਸ ਦੀ ਦਾਸਨ ਦਾਸੀ ਹੁੰਦੀ ਹਾਂ ।

**ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ ॥ ਗੁਰਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥ ੨ ॥ ੩ ॥**

ਅਕਾਲ ਪੁਰਖ ਦਾ ਸਰੂਪ ਜੇਹੜਾ ਮੇਰਾ ਆਪਣਾ ਸਤਿਗੁਰੂ ਹੈ ਮੈਂ ਉਸ ਨੂੰ ਮਨਾਂਦੀ ਹਾਂ ਜੋ ਵਾਸ਼ਨਾਂ ਰੂਪ ਝੂਰ ਨੂੰ ਝੋਲੀਐ=ਹਟਾਕੇ ਨਾਮ ਅੰਮ੍ਰਿਤ ਨੂੰ ਪੀਵਾਂ । ਗੁਰੂ ਜੀ=ਇੱਕੁਰ ਗੁਰਾਂ ਦੀ ਕਿਰਪਾ ਨਾਲ ਇਸੇ ਦੇਹ ਵਿੱਚ ਦਾਸਾਂ ਨੇ ਟੋਲਕੇ ਪ੍ਰਮੇਸਰ ਨੂੰ ਪਾਇਆ ਹੈ ਜਾਂ ਲੱਭ ਲਿਆ ਹੈ ।

## ਦੇਵ ਗੰਧਾਰੀ ॥

**ਅਬ ਹਮ ਚਲੀ ਠਾਕੁਰ ਪਹਿ ਹਾਰਿ ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ਰਹਾਉ॥**

ਹੁਣ ਮੈਂ ਹਾਰਕੇ ਮਾਲਕ ਦੇ ਪਾਸ ਚਲੀ ਆਈ ਹਾਂ ਹੇ ਮਾਲਕਾ ਜਦੋਂ ਮੈਂ ਆਪ ਦੀ ਸ਼ਰਨ ਵਿਚ ਆ ਗਈ ਹਾਂ ਤਾਂ ਭਾਵੇਂ ਮਾਰ ਭਾਵੇਂ ਰੱਖ ਭਾਵ ਆਪ ਦੇ ਵੱਸ ਹਾਂ ।

**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥**

Digitized by Panjab Digital Library | www.panjabdigilib.org

## ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥

ਦੁਨੀਆਂ ਦੇ ਲੋਕਾਂ ਦੀ ਜੇਹੜੀ ਉਪਮਾ ਤੇ ਚਤਰਾਈ ਹੈ ਓਹ ਸਾਰੀ ਮੈਂ ਗਿਆਨ ਅੱਗ ਵਿਚ ਸਾੜ ਦਿੱਤੀ ਹੈ ਭਾਵੇਂ ਕੋਈ ਭਲਾ ਆਖੇ ਭਾਵੇਂ ਕੋਈ ਬੁਰਾ ਆਖੇ ਅਸਾਂ ਤਾਂ ਸਰੀਰ ਦਾ ਸਾਰਾ ਹੰਕਾਰ ਢਾਲ ਭਾਵ ਦੂਰ ਕਰ ਦਿਤਾ ਹੈ ਜਾਂ ਸਰੀਰ ਨੂੰ ਗੁਰੂ ਦੇ ਚਰਨਾਂ ਉਤੇ ਸਿੱਧਾ ਲੰਮਾ ਪਾ ਦਿਤਾ ਹੈ।

## ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥ ੨ ॥ ੪ ॥

ਹੇ ਮਾਲਕਾ ਜੇਹੜਾ ਤੇਰੀ ਸ਼ਰਨ ਆਉਂਦਾ ਹੈ ਕਿਰਪਾ ਧਾਰਕੇ ਤੂੰ ਉਸਦੀ ਰਖਿਆ ਕਰਦਾ ਹੈਂ।

ਗੁਰੂ ਜੀ=ਅਸੀਂ ਤੇਰੀ ਸ਼ਰਨ ਆਏ ਹਾਂ ਹੇ ਹੰਕਾਰ ਦੈਂਤ ਨੂੰ ਨਾਸ ਕਰਨ ਵਾਲਿਆ ਸਾਡੀ ਰੱਖਿਆ ਕਰ।

## ਦੇਵ ਗੰਧਾਰੀ ॥

## ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥ ਦੇਖਿ ਦੇਖਿ ਜੀਵਾ ਸਾਧ ਗੁਰਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ ॥ ੧ ॥ ਰਹਾਉ ॥

ਜੇਹੜੇ ਹਰੀ ਦੇ ਗੁਣ ਗਾਂਦੇ ਹਨ ਮੈਂ ਓਨਾਂ ਤੋਂ ਬਲਿਹਾਰ ਜਾਂਦਾ ਹਾਂ ਜਿਸਦੇ ਰਿਦੇ ਵਿਚ ਪ੍ਰਮੇਸ਼ਰ ਦਾ ਨਾਮ ਹੈ ਮੈਂ ਉਸ ਸਾਧੂ ਗੁਰੂ ਦੇ ਦਰਸ਼ਨ ਵੇਖ ਵੇਖਕੇ ਜੀਉਂਦਾ ਹਾਂ।

## ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ ਹਮ ਕਿਉ ਕਰਿ ਮਿਲਹ ਜੂਠਾਰੀ ॥ ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ ਹਮ ਕਰਮ ਹੀਣ ਕੂੜਿਆਰੀ ॥੧॥

ਹੇ ਅਕਾਲ ਪੁਰਖ ਮਾਲਕਾ ਤੂੰ ਪਵਿੱਤ੍ਰ ਤੇ ਹੋਰਨਾਂ ਨੂੰ ਵੀ ਪਵਿੱਤ੍ਰ ਕਰਨ ਵਾਲਾ ਹੈਂ ਅਸੀ ਜੁਠਾਰੀ=ਅਪਵਿੱਤ੍ਰ ਜੂਠੇ ਤੈਨੂੰ ਕਿਸਤਰਾਂ ਨਾਲ ਮਿਲੀਏ ਸਾਡੇ ਮੂੰਹ ਵਿਚ ਹੋਰ ਕੁਛ ਹੁੰਦਾ ਹੈ ਤੇ ਮਨ ਵਿਚ ਹੋਰ ਕੁਛ ਹੁੰਦਾ ਹੈ ਤੇ ਮਨ ਵਿਚ ਹੋਰ ਕੁਛ ਹੁੰਦਾ ਹੈ, ਭਾਵ ਅਸੀਂ ਦਿਲਦੇ ਖੋਟੇ ਹਾਂ ਅਸੀਂ ਝੂਠੇ ਆਦਮੀ

Digitized by Panjab Digital Library | www.panjabdigilib.org

ਚੰਗਿਆਂ ਕਰਮਾਂ ਤੋਂ ਹੀਣੇ ਹਾਂ।

**ਹਮਰੀ ਮੁਦ੍ਰ ਨਾਮੁ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ॥ ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਣਿ ਤੁਮ੍ਹਾਰੀ ॥੨॥੫॥**

ਹੇ ਮਾਲਕਾ ਜੇਹੜਾ ਆਪਦਾ ਨਾਮ ਹੈ ਇਹ ਸਾਡੀ ਮੁੰਦਰਾ ਭਾਵ ਵਿਖਾਵੇ ਮਾਤ੍ਰ ਬਾਹਰ ਦਾ ਨਿਸ਼ਾਨ ਹੈ ਅਤੇ ਰਿਦੇ ਦੇ ਅੰਦਰ ਦੁਸਟਤਾ ਹੀ ਦੁਸਟਤਾ ਹੈ ਜਾਂ ਨਾਮ ਮੁਦ੍ਰ=ਕੂਚੀ ਹੈ ਇਸਨੇ ਸਾਡੇ ਅੰਦਰ ਦੀ ਦੁਸਟਤਾ ਰੂਪ ਭਾਰੀ ਮੈਲ ਕੂਚ ਕੇ ਕੱਢ ਦਿਤੀ ਹੈ, ਗੁਰੂ ਜੀ=ਆਪਦੀ ਸ਼ਰਨ ਆਇਆ ਹਾਂ ਸੋ ਜਿਸਤਰਾਂ ਤੈਨੂੰ ਭਾਂਦਾ ਹੈ ਓਸੇ ਤਰਾਂ ਸਾਡੀ ਰੱਖਿਆ ਕਰ।

## ਦੇਵ ਗੰਧਾਰੀ

**ਹਰਿਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥ ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥ ੧ ॥ ਰਹਾਉ ॥**

ਜੇਹੜਾ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਹੈ ਓਹ ਭਾਵੇਂ ਬੜਾ ਸੁੰਦਰ ਵੀ ਹੈ ਤਾਂ ਵੀ ਨੱਕ ਵੱਢਾ ਸਮਝੋ। ਕਿਸਤਰਾਂ ? ਜਿਸਤਰਾਂ ਵੇਸਵਾ ਦੇ ਘਰ ਪੁਤ ਜੰਮਦਾ ਹੈ ਤੇ ਉਸਦਾ ਨਾਮ ਧ੍ਰਕਟੀ=ਕੱਟੀ ਹੋਈ ਧਿਰ ਵਾਲਾ ਭਾਵ ਪਿਤਾ ਤੋਂ ਰਹਿਤ ਪੈ ਜਾਂਦਾ ਹੈ।

**ਜਿਨਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜਰੂਪ ਬੇਰਕਟੀ॥ ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥ ੧ ॥**

ਜਿਨਾਂ ਦੇ ਰਿਦੇ ਵਿਚ ਪ੍ਰਮੇਸ਼ਰ ਮਾਲਕ ਨਹੀਂ ਹੈ ਓਹ ਆਦਮੀ ਅੰਦਰੋਂ ਵਿਗੜੇ ਹੋਇ ਰੂਪ ਵਾਲੇ ਹਨ ਅਤੇ ਬਾਹਰੋਂ ਵੀ ਬੇਰਕਟੀ=ਕੋਹੜੇ ਭਾਵ ਭੈੜੇ ਕੰਮ ਕਰਨ ਵਾਲੇ ਹਨ, ਜਿਸਤਰਾਂ ਨਿਗੁਰਾ ਆਦਮੀ ਬਹੁਤੀਆਂ ਗੱਲਾਂ ਜਾਣਦਾ ਹੈ ਪਰ ਓਹ ਹਰੀ ਦੀ ਦਰਗਾਹ ਸੰਤ ਸਭਾ ਵਿਚ ਭ੍ਰਿਸਟੀ ਹੋਈ ਬੁਧੀ ਵਾਲਾ ਜਾਂ ਭੈੜੀ ਕਿਰਿਆ ਵਾਲਾ ਆਖਿਆ ਜਾਂਦਾ ਹੈ।

**ਜਿਨਕਉ ਦਇਆਲੁ ਹੋਆ ਮੇਰਾ ਸੁਆਮੀ ਤਿਨਾ ਸਾਧ ਜਨਾ ਪਗ ਚਕਟੀ॥ਨਾਨਕ ਪਤਿਤ ਪਵਿਤ ਮਿਲਿ**

Digitized by Panjab Digital Library | www.panjabdigilib.org

**ਸੰਗਤਿ ਗੁਰ ਸਤਿਗੁਰ ਪਾਛੈ ਛੁਕਟੀ ॥੨॥੬॥ਛਕਾ ੧**

ਜਿਨਾਂ ਉਤੇ ਮੇਰਾ ਮਾਲਕ ਦਿਆਲੂ ਹੋਇਆ ਹੈ ਮੈਨੂੰ ਓਨਾਂ ਸੰਤਾਂ ਦੇ ਪੈਰਾਂ ਦੀ ਚੁਕਟੀ=ਲਗਾਣ, ਲਟਕ, ਜਾਂ ਬਹੁਤ ਹੀ ਪ੍ਰੀਤੀ ਲੱਗੀ ਹੈ ਜਾਂ ਪੈਰਾਂ ਦੇ ਚੱਟਣ ਦੀ,ਗੁਰੂ ਜੀ=ਸੰਤਾਂ ਦੀ ਸੰਗਤ ਵਿਚ ਮਿਲਕੇ ਪਾਪੀਪਵਿਤ੍ਰ ਹੁੰਦੇ ਹਨ ਪੂਜਣ ਯੋਗ ਸਤਿਗੁਰਾਂ ਦੇ ਮਗਰ ਲਗਕੇ ਸਾਰੀ ਦੁਨੀਆਂ ਛੁਟੀ ਹੈ।

## ਦੇਵਗੰਧਾਰੀ ਮਹਲਾ ੫ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

**ਮਾਈ ਗੁਰ ਚਰਣੀ ਚਿਤੁ ਲਾਈਐ ॥ ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ ਸਦਾ ਸਦਾ ਹਰਿ ਧਿਆਈਐ ॥ ੧ ॥ ਰਹਾਉ ॥**

ਹੇ ਮਾਂ ਭਾਵ ਮਿਤ੍ਰੋ ਇੱਕੁਰ ਦੀ ਕਿਰਪਾ ਕਰੋ ਜੋ ਗੁਰੂ ਦੇ ਚਰਨਾਂ ਨਾਲ ਚਿਤ ਨੂੰ ਲਾਈਏ, ਜਦੋਂ ਸਮਰੱਥ ਗੁਰੂ ਕਿਰਪਾਲੂ ਹੋਣ ਅਤੇ ਰਿਦਾ ਕੌਲ ਖਿੜ ਪਵੇ ਤਾਂ ਸਦਾ ੨ ਹਰੀ ਦਾ ਧਿਆਨ ਲਾਈਏ।

**ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥ ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ ॥ ੧ ॥**

ਦਿਲ ਅੰਦਰ ਤੇ ਬਾਹਰ ਦੁਨੀਆਂ ਵਿਚ ਇਕ ਹੀ ਪ੍ਰਮੇਸਰ ਹੈ ਤੇ ਸਾਰਿਆਂ ਦੇ ਵਿਚ ਇਕ ਹੀ ਮਿਲਿਆ ਹੋਇਆ ਹੈ, ਫੈਲਿਆ ਹੋਇਆ ਪ੍ਰਮੇਸ਼ਰ ਸਾਰਿਆਂ ਦਿਲਾਂ ਦੇ ਅੰਦਰ ਤੇ ਔਖਿਆਂ ਸੁਖਲਿਆਂ ਥਾਵਾਂ ਵਿਚ ਇੱਕ ਹੀ ਦਿਖਾਈ ਪੈਂਦਾ ਹੈ।

**ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ ॥ ਸੁਖ ਦਾਤੇ ਦੁਖ ਭੰਜਨ ਸੁਆਮੀ ਜਨ ਨਾਨਕ ਸਦ ਬਲਿ ਜਾਈਐ ॥ ੨ ॥ ੧ ॥**

ਕਿਤਨੇ ਹੀ ਤੇਰੇ ਦਾਸ ਤੇ ਮੁਨੀ ਉਸਤਤੀ ਕਰਦੇ ਹਨ ਪਰ ਤੇਰਾ ਅੰਤ ਨਹੀਂ ਪਾਇਆ ਜਾਂਦਾ ਹੈ ਹੇ ਸੁਖਾਂ ਦਿਆ ਦਾਤਿਆ ਦੁੱਖਾਂ ਦੇ ਨਾਸ ਕਰਨ ਵਾਲਿਆ ਮਾਲਕਾ ਅਸੀਂ ਤੇਰੇ ਉਤੋਂ ਸਦਾ ਬਲਿਹਾਰ ਜਾਂਦੇ ਹਾਂ। (ਗੁਰੂ ਜੀ)।

Digitized by Panjab Digital Library | www.panjabdigilib.org

## ਦੇਵ ਗੰਧਾਰੀ ॥

**ਮਾਈ ਹੋਨ ਹਾਰ ਸੁ ਹੋਈਐ ॥ਰਾਚਿ ਰਹਿਓ ਰਚਨਾ ਪ੍ਰਭੁ ਅਪਨੀ ਕਹਾ ਲਾਭੁ ਕਹਾ ਖੋਈਐ ॥ ੧ ॥ ਰਹਾਉ॥**

ਹੇ ਮਾਂ=ਜੋ ਹੋਣ ਹਾਰ ਹੈ ਸੋ ਜ਼ਰੂਰ ਹੋਵੇਗੀ ਮਾਲਕ ਆਪਣੀ ਬਣਾਈ ਹੋਈ ਰਚਨਾਂ ਵਿਚ ਰਚਿਆ ਹੋਇਆ ਹੈ ਕਿਤੇ ਲਾਭ ਦੇ ਰਿਹਾ ਹੈ ਕਿਤੇ ਖੋਹ ਰਿਹਾ ਹੈ ਭਾਵ ਗੁਰਮੁਖਾਂ ਮਨਮੁਖਾਂ ਨੂੰ ॥

**ਕਹ ਫੂਲਹਿ ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ ॥ ਕਬਹੂ ਮੈਲੁ ਭਰੇ ਅਭਿਮਾਨੀ ਕਬ ਸਾਧੂ ਸੰਗਿ ਧੋਈਐ ॥ ੧ ॥**

ਕਿਤੇ ਵਿਸ਼ਿਆਂ ਅਨੰਦਾਂ ਵਿਚ ਫੁੱਲਿਆ ਬੈਠਾ ਹੈ ਕਿਤੇ ਹਸਦਾ ਹੈ ਕਿਤੇ ਸੋਗ ਨਾਲ ਰੋਂਦਾ ਹੈ ਕਿਤੇ ਮੈਲ ਭਰਿਆ ਹੋਇਆ ਹੰਕਾਰੀ ਬਣਿਆਂ ਹੋਇਆ ਹੈ ਕਿਤੇ ਸਾਧੂਆਂ ਦੇ ਨਾਲ ਮਿਲਕੇ ਮੈਲ ਨੂੰ ਧੋਂਦਾ ਹੈ ਜਾਂ ਧੋਈਦਾ ਹੈ।

**ਕੋਇ ਨ ਮੇਟੈ ਪ੍ਰਭ ਕਾ ਕੀਆ ਦੂਸਰ ਨਾਹੀ ਅਲੋਈ-ਐ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਹ ਪ੍ਰਸਾਦਿ ਸੁਖਿ ਸੋਈਐ ॥ ੨ ॥ ੨ ॥**

ਇਹ ਇੱਕੁਰ ਦਾ ਮਾਲਕ ਹੈ ਜਿਸਦਾ ਕੀਤਾ ਹੋਇਆ ਕੋਈ ਮਿਟਾ ਨਹੀਂ ਸੱਕਦਾ ਹੈ ਅਤੇ ਨਾ ਹੀ ਕੋਈ ਦੂਸਰਾ ਉਸਦੇ ਬਰਾਬਰ ਦਾ ਦੇਖੀਦਾ ਹੈ ਗੁਰੂ ਜੀ=ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਸਦੀ ਕਿਰਪਾ ਨਾਲ ਵੱਡੇ ਸੁਖ ਵਿੱਚ ਸੌਂ ਜਾਈਦਾ ਹੈ।

## ਦੇਵ ਗੰਧਾਰੀ ॥

**ਮਾਈ ਸੁਨਤ ਸੋਚ ਭੈ ਡਰਤ॥ ਮੇਰ ਤੇਰ ਤਜਉ ਅਭਿਮਾਨਾ ਸਰਨਿ ਸੁਆਮੀ ਕੀ ਪਰਤ ॥੧ ॥ ਰਹਾਉ ॥**

ਹੇ ਮਾਂ ਜਦੋਂ ਜਮਾਂ ਦੇ ਦੁੱਖਾਂ ਨੂੰ ਸੁਣਦੇ ਹਾਂ ਤਾਂ ਅਸੀ ਆਪਣਿਆਂ ਕਰਮਾਂ ਨੂੰ ਸੋਚਦੇ ਡਰਦੇ ਹਾਂ, ਇਸ ਲਈ ਮੇਰਾ ਤੇਰਾ ਤੇ ਹੰਕਾਰ ਨੂੰ ਛੱਡਕੇ ਮੈਂ ਮਾਲਕ ਦੀ ਸ਼ਰਨ ਵਿਚ ਪੈਂਦੀ ਹਾਂ।

Digitized by Panjab Digital Library | www.panjabdigilib.org

**ਜੋ ਜੋ ਕਹੈ ਸੋਈ ਭਲ ਮਾਨਉ ਨਾਹਿ ਨ ਕਾ ਬੋਲ ਕਰਤ । ਨਿਮਖ ਨ ਬਿਸਰਉ ਹੀਏ ਮੋਰੇ ਤੇ ਬਿਸਰਤ ਜਾਈ ਹਉ ਮਰਤ ॥ ੧ ॥**

ਜੋ ਜੋ ਮਾਲਕ ਆਖਦਾ ਹੈ ਸੋ ਸੋ ਮੈਂ ਭਲਾ ਕਰਕੇ ਮੰਨਦੀ ਹਾਂ ਅਤੇ ਨਹੀਂ ਦਾ ਬਚਨ ਨਹੀਂ ਕਰਦੀ ਹਾਂ ਜਾਂ ਨਾਹਿ=ਮਾਲਕ ਦਾ ਬੋਲਣਾ ਹੀ ਮੰਨਣਾ ਕਰਦੀ ਹਾਂ ਨਹੀਂ ਨਹੀਂ,ਨਹੀਂ ਆਖਦੀ ਹਾਂ ਮੈਂ ਇਹੋ ਹੀ ਮੰਗਦੀ ਹਾਂ ਕਿ ਜਿਸਦੇ ਭੁੱਲਣ ਨਾਲ ਮੈਂ ਮਰ ਜਾਂਦੀ ਹਾਂ ਸੋ ਉਹ ਅੱਖਾਂ ਦੇ ਫਰਕਣ ਜਿਤਨਾਂ ਚਿਰਵੀ ਮੇਰੇ ਹਿਦੇ ਤੋਂ ਨ ਵਿਸਰ ਜਾਵੇ।

**ਸੁਖਦਾਈ ਪੂਰਨ ਪ੍ਰਭੁ ਕਰਤਾ ਮੇਰੀ ਬਹੁਤੁ ਇਆਨਪ ਜਰਤ ॥ ਨਿਰਗੁਨਿ ਕਰੂਪਿ ਕੁਲਹੀਣ ਨਾਨਕ ਹਉ ਅਨਦ ਰੂਪ ਸੁਆਮੀ ਭਰਤ ॥ ੨ ॥ ੩ ॥**

ਸੁਖ ਦੇਣ ਵਾਲਾ ਪੂਰਨ ਕਰਤਾ ਮਾਲਕ ਮੇਰੀਆਂ ਬਹੁਤ ਸਾਰੀਆਂ ਸਿਆਣਪਾਂ ਭਾਵ ਮੂਰਖਤਾਈਆਂ ਨੂੰ ਸਹਾਰਦਾ ਹੈ ਮੈਂ ਨਿਰਗੁਣ ਹਾਰੀ ਰੂਪ ਤੋਂ ਹੀਣੀ, ਕੁਲ ਤੋਂ ਹੀਣੀ ਮੇਰਾ ਪਤੀ ਮਾਲਕ ਆਨੰਦ ਦੇਣ ਵਾਲਾ ਹੈ ਜਾਂ ਭਰਤ=ਪਾਲਣ ਵਾਲਾ ਹੈ (ਗੁਰੂ ਜੀ)।

## ਦੇਵ ਗੰਧਾਰੀ ॥

**ਮਨ ਹਰਿ ਕੀਰਤਿ ਕਰਿ ਸਦਹੂੰ ॥ ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ ॥ ੧ ॥ ਰਹਾਉ ॥**

ਹੇ ਮਨ ਤੂੰ ਸਦਾ ਪ੍ਰਮੇਸਰ ਦੀ ਉਸਤਤੀ ਕਰ ਜਿਸ ਹਰੀ ਕੀਰਤੀ ਦੇ ਗਾਂਦਿਆਂ ਸੁਣਦਿਆਂ ਜਪਦਿਆਂ ਸਾਰੇ ਬਰਨਾਂ ਅਬਰਨਾਂ ਭਾਵ ਨੀਵੀਆਂ ਉੱਚੀਆਂ ਜਾਤਾਂ ਦੇ ਲੋਕ ਤਰ ਜਾਂਦੇ ਹਨ ਜਾਂ ਉਧਾਰਨ ਕਰ ਦਿਤੇ ਹਨ।

**ਜਹ ਤੇ ਉਪਜਿਓ ਤਹੀ ਸਮਾਇਓ ਇਹ ਬਿਧਿ ਜਾਨੀ ਤਬਹੂੰ॥ ਜਹਾ ਜਹਾ ਇਹ ਦੇਹੀ ਧਾਰੀ ਰਹਨੁ ਨ ਪਾਇਓ ਕਬਹੂੰ ॥ ੧ ॥**

ਇਸ ਜੀਵ ਨੇ ਜਿੱਥੇ ੨ ਕਰਮਾਨੁਸਾਰ ਇਹ ਦੇਹੀ ਧਾਰਨ ਕੀਤੀ ਹੈ ਕਦੇ ਵੀ ਕਿਸੇ ਦੇਹੀ ਵਿਚ ਰਹਿਣਾ ਨਹੀਂ ਪਾਇਆ ਹੈ ਜਦੋਂ ਇਹ ਰੀਤੀ ਜਾਣ ਲਈ ਭਾਵ ਦੇਹ ਨੂੰ ਨ ਰਹਿਣ ਵਾਲੀ ਸਮਝ ਲਿਆ ਤਾਂ ਪ੍ਰਮੇਸਰ

Digitized by Panjab Digital Library | www.panjabdigilib.org

ਦੇ ਸਿਮਰਨ ਵਿਚ ਤਿਆਰ ਹੋਇਆ ਉਸ ਵੇਲੇ ਜੀਵ ਜਿਥੋਂ ਪੈਦਾ ਹੋਇਆ ਸੀ ਫਿਰ ਓਸੇ ਵਿਚ ਮਿਲ ਗਿਆ।

**ਸੁਖੁ ਆਇਓ ਭੈ ਭਰਮ ਬਿਨਾਸੇ ਕ੍ਰਿਪਾਲ ਹੂਏ ਪ੍ਰਭ ਜਬਹੂੰ ॥ ਕਹੁ ਨਾਨਕ ਮੇਰੇ ਪੂਰੇ ਮਨੋਰਥ ਸਾਧ ਸੰਗਿ ਤਜਿ ਲਬਹੂੰ ॥ ੨ ॥ ੪ ॥**

ਜਦੋਂ ਕੀਰਤਨ ਕਰਨ ਨਾਲ ਮਾਲਕ ਕ੍ਰਿਪਾਲ ਹੋਇਆ ਤਾਂ ਭਰਮ ਤੇ ਡਰ ਨਾਸ ਹੋਇਆ ਤਾਂ ਸਦਾ ਰਹਿਣ ਵਾਲਾ ਸੁਖ ਆ ਮਿਲਿਆ।

ਗੁਰੂ ਜੀ=ਸਾਧੂਆਂ ਦੀ ਸੰਗਤ ਕਰਕੇ ਲਾਲਚ ਛੱਡਣ ਨਾਲ ਹੁਣ ਮੇਰੇ ਸਾਰੇ ਮਨੋਰਥ ਪੂਰੇ ਹੋ ਗਏ ਹਨ।

## ਦੇਵ ਗੰਧਾਰੀ

**ਮਨ ਜਿਉ ਅਪੁਨੇ ਪ੍ਰਭ ਭਾਵਉ ॥ ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ ਬੁਲਾਵਉ॥੧॥ਰਹਾਉ॥**

ਹੇ ਮਨ ਜਿਸਤਰਾਂ ਤੂੰ ਅਪਣੇ ਮਾਲਕ ਨੂੰ ਚੰਗਾ ਲੱਗ ਜਾਵੇਂ ਉਹ ਕੰਮ ਕਰ। ਨੀਵਿਆਂ ਤੋਂ ਨੀਵਾਂ ਓਨਾਂ ਤੋਂ ਵੀ ਨੀਵਾਂ ਭਾਵ ਬਹੁਤ ਛੋਟਾ ਬਹੁਤ ਹੀ ਨਿੰਮ੍ਰਤਾ ਕਰਨ ਵਾਲਾ ਹੋਕੇ ਗ਼ਰੀਬ ਬਣਕੇ ਬੁਲਾਵਾਂ ਭਾਵ ਬੇਨਤੀ ਕਰਾਂ। ਨਾਨਾ=ਨਿੱਕਾ।

**ਅਨਿਕ ਅਡੰਬਰ ਮਾਇਆ ਕੇ ਬਿਰਥੇ ਤਾ ਸਿਉ ਪ੍ਰੀਤਿ ਘਟਾਵਉ ॥ ਜਿਉ ਅਪੁਨੋ ਸੁਆਮੀ ਸੁਖੁ ਮਾਨੈ ਤਾਮਹਿ ਸੋਭਾ ਪਾਵਉ ॥**

ਜੇਹੜੇ ਮਾਇਆ ਦੇ ਅਨੇਕ ਤਰ੍ਹਾਂ ਦੇ ਅਡੰਬਰ=ਵਿਖਾਵੇ, ਪਖੰਡ ਹਨ ਸੋ ਉਹ ਸਾਰੇ ਬਿਅਰਥ ਹਨ ਓਨਾਂ ਤੋਂ ਪ੍ਰੀਤੀ ਘਟ ਕਰ ਭਾਵ ਛੱਡ ਦੇਹ।

ਜਿਸਤਰਾਂ ਆਪਣਾ ਮਾਲਕ ਸੁਖ ਮੰਨੇ ਭਾਵ ਖੁਸ਼ੀ ਹੋਵੇ ਓਸੇ ਤਰਾਂ ਕਰਮਾਂ ਨੂੰ ਕਰਕੇ ਤੂੰ ਸ਼ੋਭਾ ਨੂੰ ਪਾ।

**ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ ॥ ਸਰਬ ਸੂਖ ਬਡਿਆਈ ਨਾਨਕ ਜੀਵਉ ਮੁਖਹੁ ਬੁਲਾਵਉ ॥ ੨ ॥ ੫ ॥**

ਮਾਲਕ ਦੇ ਜੇਹੜੇ ਦਾਸਾਂ ਦੇ ਦਾਸ ਹਨ ਤੂੰ ਓਨਾਂ ਦਾਸਾਂ ਦੇ ਚਰਨਾਂ

Digitized by Panjab Digital Library | www.panjabdigilib.org

ਦੀ ਧੂੜ ਬਣ ਜਾਹ ਅਤੇ ਓਨਾਂ ਹੀ ਦਾਸਾਂ ਦੀ ਟਹਿਲ ਕਮਾਇਆ ਕਰ।

ਗੁਰੂ ਜੀ=ਹਰ ਤਰਾਂ ਦੇ ਸੁਖ ਅਤੇ ਵਡਿਆਈ ਇਸੇ ਵਿਚ ਹੈ ਜੋ ਮੂੰਹ ਤੋਂ ਮਾਲਕ ਨੂੰ ਬੋਲੋ ਭਾਵ ਕਰੇ ਤੇ ਕਰਾਓ ਤਾਂ ਜੀਂਵਦੇ ਹੋਗੇ ਭਾਵਖੁਸ਼ੀ।

## ਦੇਵਗੰਧਾਰੀ

**ਪ੍ਰਭ ਜੀ ਤਉ ਪ੍ਰਸਾਦਿ ਭ੍ਰਮੁ ਡਾਰਿਓ॥ ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ ਮਨ ਮਹਿ ਇਹੈ ਬੀਚਾਰਿਓ ॥ ੧ ॥ ਰਹਾਉ ॥**

ਹੇ ਮਾਲਕਾ ਤੇਰੀ ਕਿਰਪਾ ਨਾਲ ਭਰਮ ਨੂੰ ਦੂਰ ਸੁੱਟ ਦਿੱਤਾ ਹੈ ਤੇਰੀ ਹੀ ਕਿਰਪਾ ਨਾਲ ਮਨ ਵਿਚ ਇਹ ਵਿਚਾਰ ਹੋਇਆ ਹੈ ਕਿ ਹਰ ਕੋਈ ਦੁਨੀਆ ਵਿਚ ਅਪਣਾ ਹੀ ਮਿਤ੍ਰ ਹੈ।

**ਕੋਟਿ ਪਰਾਧ ਮਿਟੈ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ ॥ ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ ॥੧॥**

ਹੁਣ ਇਹ ਨਿਸਚਾ ਹੋ ਗਿਆ ਹੈ ਕਿ ਤੇਰੀ ਸੇਵਾ ਕਰਣ ਨਾਲ ਕ੍ਰੋੜਾਂ ਕ੍ਰੋੜ ਅਪਰਾਧ ਭਾਵ ਵੱਡੇ ੨ ਪਾਪ ਮਿਟ ਜਾਂਦੇ ਹਨ ਅਤੇ ਆਪਦੇ ਦਰਸ਼ਨ ਕਰਕੇ ਸਾਰਿਆਂ ਦੁੱਖਾਂ ਨੂੰ ਦੂਰ ਕਰ ਦਿੱਤਾ ਹੈ।

ਤੇਰਾ ਨਾਮ ਜਪਕੇ ਵੱਡਾ ਸੁਖ ਪਾਇਆ ਹੈ ਅਤੇ ਚਿੰਤਾ ਰੂਪ ਰੋਗ ਦੂਰ ਕਰ ਦਿੱਤਾ ਹੈ।

**ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਸਾਰਿਓ॥ ਮਾਇਆ ਬੰਧ ਕਾਟੇ ਕਿਰਪਾ ਨਿਧਿ ਨਾਨਕ ਆਪਿ ਉਧਾਰਿਓ ॥ ੨ ॥ ੬ ॥**

ਕਾਮ, ਕ੍ਰੋਧ, ਲੋਭ, ਝੂਠ, ਅਤੇ ਨਿੰਦਿਆ ਇਨ੍ਹਾਂ ਸਾਰਿਆਂ ਵਿਕਾਰਾਂ ਨੂੰ ਸਾਧੂਆਂ ਦੇ ਸੰਗ ਕਰਕੇ ਵਿਸਾਰ ਦਿੱਤਾ ਹੈ।

ਗੁਰੂ ਜੀ=ਹੇ ਮਾਲਕਾ ਤੂੰ ਮੇਰੇ ਮਾਇਆ ਦੇ ਬੰਧਨ ਕੱਟ ਦਿੱਤੇ ਹਨ, ਅਤੇ ਤੁਸਾਂ ਮੈਨੂੰ ਤਾਰ ਲਿਆ ਹੈ।

## ਦੇਵਗੰਧਾਰੀ

**ਮਨ ਸਗਲ ਸਿਆਨਪ ਰਹੀ ॥ ਕਰਨ ਕਰਾਵਨ**

Digitized by Panjab Digital Library | www.panjabdigilib.org

ਹਾਰ ਸੁਆਮੀ ਨਾਨਕ ਓਟ ਗਹੀ ॥ ੧ ॥ ਰਹਾਉ ॥

ਮੇਰੇ ਮਨ ਤੋਂ ਸਾਰੀ ਸਿਆਣਪ ਰਹਿ ਗਈ ਹੈ ਭਾਵ ਸਾਰੀ ਚਤਰਾਈ ਭੁੱਲ ਗਈ ਹੈ।

ਹੁਣ ਮੈਂ ਹਰ ਇਕ ਕੰਮ ਕਰਨ ਕਰਾਉਂਣ ਵਾਲੇ ਮਾਲਕ ਦੀ ਓਟ ਫੜ ਲਈ ਹੈ।

ਆਪੁ ਮੇਟਿ ਪਏ ਸਰਣਾਈਇਹ ਮਤਿ ਸਾਧੂ ਕਹੀ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ਭਰਮੁ ਅਧੇਰਾ ਲਹੀ ॥ ੧ ॥

ਹੰਕਾਰ ਨੂੰ ਦੂਰ ਕਰਕੇ ਸ਼ਰਨ ਵਿਚ ਜਾ ਪਏ ਹਾਂ ਇਹ ਅਕਲ ਸਾਧੂਆਂ ਦੀ ਆਖੀ ਹੋਈ ਮੈਨੂੰ ਮਿਲੀ ਹੈ।

ਮਾਲਕ ਦੀ ਆਗਿਆ ਮੰਨਕੇ ਸੁਖ ਪਾਇਆ ਹੈ ਅਤੇ ਭਰਮ ਰੂਪ ਹਨੇਰਾ ਲਹਿ ਭਾਵ ਦੂਰ ਹੋ ਗਿਆ ਹੈ।

ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ ਸਰਣਿ ਤੁਮਾਰੀ ਅਹੀ ॥ ਖਿਨ ਮਹਿ ਥਾਪਿ ਉਥਾਪਨ ਹਾਰੇ ਕੁਦਰਤਿ ਕੀਮ ਨ ਪਹੀ ॥ ੨ ॥ ੭ ॥

ਮੈਂ ਆਪਣੇ ਮਾਲਕ ਨੂੰ ਸਿਆਣਾਂ ਜਾਣ ਲਿਆ ਹੈ ਏਸੇ ਲਈ ਉਸੇ ਦੀ ਸਰਨ ਅਹੀ=ਲੈ ਲਈ ਹੈ ਜਾਂ ਹੇ ਮਾਲਕਾ ਤੈਨੂੰ ਸਮਰਥ ਸਿਆਣਾਂ ਜਾਣਕੇ ਤੇਰੀ ਹੀ ਸ਼ਰਨ ਲਈ ਹੈ।

ਹੇ ਇਕ ਛਿਨ ਵਿੱਚ ਜਗਤ ਨੂੰ ਬਣਾਕੇ ਨਾਸ ਕਰ ਦੇਣ ਵਾਲਿਆ ਤੇਰੀ ਕੁਦਰਤ ਦੀ ਕੀਮਤ ਨਹੀਂ ਪਾਈ ਜਾਂਦੀ ਹੈ। ਕੀਮ=ਕੀਮਤ।

## ਦੇਵਗੰਧਾਰੀਮਹਲਾ ੫ ॥

ਹਰਿ ਪ੍ਰਾਨ ਪ੍ਰਭੂ ਸੁਖ ਦਾਤੇ ॥ ਗੁਰਪ੍ਰਸਾਦਿ ਕਾਹੂ ਜਾਤੇ ॥ ੧ ॥ ਰਹਾਉ ॥

ਹੇ ਮਾਲਕ ਪ੍ਰਾਣਾਂ ਤੋਂ ਪਿਆਰੇ ਸੁਖ ਦੇਣ ਵਾਲੇ ਗੁਰਾਂ ਦੀ ਕਿਰਪਾ ਨਾਲ ਆਪ ਨੂੰ ਕਿਸੇ ਵਿਰਲੇ ਹੀ ਸੰਤ ਨੇ ਜਾਣਿਆਂ ਹੈ।

ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨਕਉ ਕਾਲ ਨ ਖਾਤੇ॥ ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥੧॥

Digitized by Panjab Digital Library | www.panjabdigilib.org

ਹੇ ਮਾਲਕਾ ਜੇਹੜੇ ਤੇਰੇ ਸੰਤ ਹਨ ਉਹ ਤੇਰੇ ਪਿਆਰੇ ਹਨ ਓਨਾਂ ਨੂੰ ਕਾਲ ਨਹੀਂ ਖਾਂਦਾ ਹੈ ਭਾਵ ਓਹ ਜੰਮਣ ਮਰਨ ਦਾ ਦੁਖ ਨਹੀਂ ਪਾਂਦੇ ਹਨ, ਹੇ ਪ੍ਰਮੇਸਰਾ ਓਹ ਤੇਰੇ ਨਾਮ ਦੇ ਰਸ ਵਿੱਚ ਮਸਤ ਹੋਇ ਹੋਇ ਹਨ ਅਤੇ ਗਾਹੜੇ ਪ੍ਰੇਮ ਅਨੰਦ ਵਿੱਚ ਰਹਿੰਦੇ ਹਨ, ਇਸ ਲਈ ਓਨਾਂ ਨੂੰ ਕਾਲ ਨਹੀਂ ਖਾਂਦਾ ਹੈ ।

## ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ॥ ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ ॥ ੨ ॥ ੮ ॥

ਬੜੇ ਵਡੇ ੨ ਪਾਪ ਕਰੋੜਾਂ ਤਰਾਂ ਦੇ ਦੁਖ ਅਤੇ ਰੋਗ ਹੇ ਮਾਲਕਾ ਤੇਰੀ ਇਕ ਕ੍ਰਿਪਾ ਦ੍ਰਿਸ਼ਟੀ ਨਾਲ ਨਾਸ ਹੋ ਜਾਂਦੇ ਹਨ । ਹਾਤੇ=ਨਾਸ । ਗੁਰੂ ਜੀ=ਗੁਰਾਂ ਦੇ ਚਰਨਾਂ ਵਿੱਚ ਪੈਕੇ ਸੁਤੇ ਹੋਇ ਜਾਗਕੇ ਓਨਾਂ ਸੰਤਾਂ ਨੇ ਹਰ ਵੇਲੇ ਤੈਨੂੰ ਹੀ ਗਾਇਆ ਹੈ ।

## ਦੇਵ ਗੰਧਾਰੀ ੫ ॥

## ਸੋ ਪ੍ਰਭੁ ਜਤ ਕਤ ਪੇਖਿਓ ਨੈਣੀ॥ਸੁਖਦਾਈ ਜੀਅਨ ਕੋ ਦਾਤਾ ਅੰਮ੍ਰਿਤੁ ਜਾਕੀ ਬੈਣੀ ॥ ੧ ॥ ਰਹਾਉ ॥

ਅਸਾਂ ਉਸ ਮਾਲਕ ਨੂੰ ਜਿੱਥੇ ਕਿਤੇ ਹਰ ਥਾਂ ਵਿੱਚ ਅਪਣੀਆਂ ਅੱਖਾਂ ਨਾਲ ਵੇਖਿਆ ਹੈ ਓਹ ਮਾਲਕ ਸਾਰਿਆਂ ਜੀਆਂ ਨੂੰ ਸੁਖਦਾਤਾ ਹੈ ਅਤੇ ਜਿਸ ਉਸ ਦੀ ਬੈਣੀ=ਬਾਣੀ ਵਿੱਚ ਅੰਮ੍ਰਿਤ ਭਰਿਆ ਹੋਇਆ ਹੈ ।

## ਅਗਿਆਨੁ ਅਧੇਰਾ ਸੰਤੀ ਕਾਟਿਆ ਜੀਅ ਦਾਨੁ ਗੁਰ ਦੈਣੀ ॥ ਕਰਿ ਕਿਰਪਾ ਕਰਿ ਲੀਨੇ ਅਪੁਨਾ ਜਲ ਤੇ ਸੀਤਲ ਹੋਣੀ ॥ ੧ ॥

ਜਦੋਂ ਗੁਰੂ ਰੂਪ ਸੰਤਾਂ ਨੇ ਅਗਿਆਨ ਰੂਪ ਹਨੇਰਾ ਕੱਟਿਆ ਹੈ ਤਾਂ ਉਸ ਨੂੰ ਵੇਖਿਅ ਹੈ ਅਤੇ ਗੁਰੂ ਨੇ ਜੀਅ ਦਾਨ ਦੇਣਾ ਕੀਤਾ ਹੈ ਭਾਵ ਮੋਇਆਂ ਨੂੰ ਜਿਵਾਇਆ ਹੈ ਕਿਰਪਾ ਕਰਕੇ ਅਪਣਾ ਦਾਸ ਬਣਾ ਲਿਆ ਹੈ ਅਤੇ ਜਿਸ ਤ੍ਰਿਸ਼ਨਾ ਕਰਕੇ ਅਸੀਂ ਸੜਦੇ ਸੀ ਉਸ ਤੋਂ ਸ਼ਾਂਤੀ ਹੋਈ ਹੈ ਅਤੇ ਹੋਰਨਾਂ ਨੂੰ ਵੀ ਇੱਕੁਰ ਹੀ ਸ਼ਾਂਤੀ ਹੋਣੀ ਹੈ ।

## ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ

Digitized by Panjab Digital Library | www.panjabdigilib.org

ਨਿਰਮਲ ਕਰਣੀ ॥ ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ ॥ ੨ ॥ ੯ ॥

ਮੈਥੋਂ ਕੁਛ ਕਰਮ ਧਰਮ ਨਹੀਂ ਪੈਦਾ ਹੋ ਆਇਆ ਭਾਵ ਮੈਂ ਕੀਤਾ ਨਹੀਂ ਹੈ ਨਾ ਹੀ ਕੋਈ ਚੰਗੀ ਕਰਣੀ ਭਾਵ ਭਗਤੀ ਹੀ ਪ੍ਰਗਟ ਹੋ ਆਈ ਹੈ ਭਾਵ ਨਹੀਂ ਕਰ ਸਕਿਆ ਹਾਂ, ਗੁਰੂ ਜੀ=ਸਾਰੀਆਂ ਚਤਰਾਈਆਂ ਅਤੇ ਸੰਜਮਾਂ ਨੂੰ ਛੱਡਕੇ ਮੈਂ ਗੁਰਾਂ ਦੀ ਚਰਨੀ ਲੱਗਾ ਹਾਂ ।

## ਦੇਵਗੰਧਾਰੀ ੫ ॥

ਹਰਿ ਰਾਮ ਨਾਮੁ ਜਪਿ ਲਾਹਾ ॥ ਗਤਿ ਪਾਵਹਿ ਸੁਖ ਸਹਜ ਅਨੰਦਾ ਕਾਟੇ ਜਮ ਕੇ ਫਾਹਾ ॥ ੧ ॥ ਰਹਾਉ ॥

ਹੇ ਭਰਾ ਪ੍ਰਮੇਸਰ ਦਾ ਨਾਮ ਜਪ ਤੈਨੂੰ ਲਾਭ ਮਿਲੇਗਾ ਇਸ ਲੋਕ ਦਾ ਸੁਖ ਅਤੇ ਅਪਣੇ ਸਰੂਪ ਅਨੰਦ ਦੀ ਪ੍ਰਾਪਤੀ ਨੂੰ ਪਾ ਲਏਂਗਾ ਅਤੇ ਜਮ ਦੇ ਫਾਹੇ ਕੱਟੇ ਜਾਣਗੇ । ਗਤਿ=ਮੁਕਤੀ । ਸਹਿਜ=ਸ਼ਾਂਤੀ, ਗਿਆਨ ।

ਖੋਜਤ ਖੋਜਤ ਖੋਜਿ ਬੀਚਾਰਿਓ ਹਰਿ ਸੰਤ ਜਨਾ ਪਹਿ ਆਹਾ॥ ਤਿਨ੍ਾ ਪਰਾਪਤਿ ਏਹੁ ਨਿਧਾਨਾ ਜਿਨ੍ਕੈ ਕਰਮਿ ਲਿਖਾਹਾ ॥ ੧ ॥

ਖੋਜਦਿਆਂ ੨ ਇਹ ਖੋਜ=ਰਸਤਾ ਵਿਚਾਰਿਆ ਹੈ ਕਿ ਪ੍ਰਮੇਸਰ ਪਿਆਰਾ ਸੰਤ ਜਨਾਂ ਦੇ ਪਾਸ ਹੀ ਆਹਾ=ਹੈ, ਪਰ ਜਿਸਦੇ ਮੱਥੇ ਉਤੇ ਕਰਮਾਂ ਦਾ ਚੰਗਾ ਲੇਖ ਲਿਖਿਆ ਹੈ ਇਹ ਖਜਾਨਾ ਉਸ ਨੂੰ ਮਿਲਿਆ ਹੈ ।

ਸੇ ਬਡਭਾਗੀ ਸੇ ਪਤਿਵੰਤੇ ਸੇਈ ਪੂਰੇ ਸਾਹਾ॥ ਸੁੰਦਰ ਸੁਘੜ ਸਰੂਪ ਤੇ ਨਾਨਕ ਜਿਨ੍ ਹਰਿ ਹਰਿ ਨਾਮੁ ਵਿਸਾਹਾ ॥ ੨ ॥ ੧੦ ॥

ਓਹੋ ਹੀ ਵੱਡਿਆਂ ਭਾਗਾਂ ਵਾਲੇ ਹਨ ਓਹੋ ਹੀ ਇੱਜ਼ਤ ਵਾਲੇ ਹਨ ਓਹੋ ਹੀ ਵੱਡੇ ਸ਼ਾਹੂਕਾਰ ਹਨ ਗੁਰੂ ਜੀ=ਓਹੋ ਹੀ ਸੁੰਦਰ ਸਿਆਣੇ ਚੰਗੇ ਰੂਪ ਵਾਲੇ ਹਨ ਜਿਨਾਂ ਨੇ ਪ੍ਰਮੇਸਰ ਦਾ ਨਾਮ ਖਰੀਦਿਆ ਹੈ ।

## ਦੇਵਗੰਧਾਰੀ ੫ ॥

ਮਨ ਕਹ ਅਹੰਕਾਰਿ ਅਫਾਰਾ॥ ਦੁਰਗੰਧ ਅਪਵਿਤ੍ਰ

Digitized by Panjab Digital Library | www.panjabdigilib.org

**ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ ॥ ੧ ॥ ਰਹਾਉ ॥**

ਹੇ ਮਨ ਤੂੰ ਕੀ ਹੰਕਾਰ ਕਰਕੇ ਅਫਾਰਾ=ਅਮੋੜ ਜਾਂ ਆਫਰਿਆ ਹੋਇਆ ਜਾਂ ਫੁਲਿਆ ਬੈਠਾ ਹੈਂ ਇਹ ਸਰੀਰ ਦੁਰਗੰਧੀ ਦਾ ਭਰਿਆ ਹੋਇਆ ਹੈ ਤੇ ਅੰਦਰੋਂ ਬੜਾ ਅਪਵਿੱਤ੍ਰ ਹੈ ਤੇ ਬਾਹਰੋਂ ਵੀ ਬੜਾ ਅਪਾਵਨ=ਅਪਵਿਤ੍ਰ ਹੈ ਜੋਹੜਾ ਜਗਤ ਨਜ਼ਰ ਆਉਂਦਾ ਹੈ ਇਹ ਸਾਰਾ ਸੁਆਹ ਭਾਵ ਨਾਸਵੰਤ ਹੈ।

**ਜਿਨਿ ਕੀਆ ਤਿਸੁ ਸਿਮਰਿ ਪ੍ਰਾਨੀ ਜੀਉ ਪ੍ਰਾਨ ਜਿਨਿ ਧਾਰਾ ॥ ਤਿਸਹਿ ਤਿਆਗਿ ਅਵਰ ਲਪਟਾਵਹਿ ਮਰਿ ਜਨਮਹਿ ਮੁਗਧ ਗਵਾਰਾ ॥ ੧ ॥**

ਹੇ ਜੀਆ! ਜਿਸਨੇ ਤੈਨੂੰ ਪੈਦਾ ਕੀਤਾ ਹੈ ਉਸਦਾ ਸਿਮਰਨ ਕਰ ਜਿਸਨੇ ਸਰੀਰ ਵਿਚ ਜੀਅ ਕਲਾ ਅਤੇ ਪ੍ਰਾਣਾਂ ਨੂੰ ਧਾਰਨ ਕੀਤਾ ਹੈ ਉਸਨੂੰ ਛੱਡਕੇ ਜੋਹੜੇ ਕਿਸੇ ਹੋਰਦੇ ਨਾਲ ਚੰਬੜਦੇ ਭਾਵ ਪ੍ਰੀਤੀ ਕਰਦੇ ਹਨ ਸੋ ਓਹ ਬਹੁਤ ਮੂਰਖ ਜੰਮਦੇ ਮਰਦੇ ਹਨ।

**ਅੰਧ ਗੁੰਗ ਪਿੰਗੁਲ ਮਤਿਹੀਨਾ ਪ੍ਰਭ ਰਾਖਹੁ ਰਾਖਨ-ਹਾਰਾ ॥ ਕਰਨ ਕਰਾਵਨ ਹਾਰ ਸਮਰਥਾ ਕਿਆ ਨਾਨਕ ਜੰਤ ਬਿਚਾਰਾ ॥ ੨ ॥ ੧੧ ॥**

ਹੇ ਮਾਲਕਾ ਮੈਂ ਅੰਨ੍ਹਾ, ਗੂੰਗਾ, ਪਿੰਗਲਾ ਤੇ ਅਕਲ ਤੋਂ ਹੀਣਾਂ ਹਾਂ ਭਾਵ ਅਗਜਾਨੀ, ਪ੍ਰੀਤੀ ਬਿਨਾਂ,ਚੰਗੇ ਕਦਮਾਂ ਤੋਂ ਰਹਿਤ ਹਾਂ,ਮੈਨੂੰ ਰੱਖ ਲਓ, ਗੁਰੂ ਜੀ=ਹੇ ਹਰਇਕ ਕੰਮ ਦੇ ਕਰਨ ਕਰਾਉਣ ਨੂੰ ਸਮਰੱਥ ਮਾਲਕ!ਤੇਰੇ ਅੱਗੇ ਮੈਂ ਵਿਚਾਰਾ ਜੀਵ ਕੀ ਤੁਛ ਭਾਵ ਨਿਕੰਮਾਂ ਨਿੱਕਾ ਜਿਹਾ ਹਾਂ ਮੈਂ ਕੁਛ ਕਰ ਨਹੀਂ ਸੱਕਦਾ ਹਾਂ।

## ਦੇਵ ਗੰਧਾਰੀ ੫ ॥

**ਸੋ ਪ੍ਰਭੁ ਨੇਰੈ ਹੂ ਤੇ ਨੇਰੈ॥ ਸਿਮਰਿ ਧਿਆਇ ਗਾਇ ਗੁਨ ਗੋਬਿੰਦ ਦਿਨੁ ਰੈਨਿ ਸਾਝ ਸਵੇਰੈ ॥ ੧ ॥ ਰਹਾਉ ॥**

ਹੇ ਭਰਾ ਓਹ ਮਾਲਕ ਪਾਸ ਤੋਂ ਪਾਸ ਹੈ, ਉਸਨੂੰ ਯਾਦ ਕਰ ਓਸੇ ਦਾ ਸਿਮਰਨ ਕਰ ਅਤੇ ਰਾਤ ਦਿਨ ਸਾਂਝ, ਸਵੇਰੇ ਦੋਵੇਂ ਵੇਲੇ ਉਸ ਗੋਬਿੰਦ ਦੇ ਗੁਣ ਗਾਇਆ ਕਰ।

**ਉਧਰੁ ਦੇਹ ਦੁਲਭ ਸਾਧੂ ਸੰਗਿ ਹਰਿ ਹਰਿਨਾਮੁ ਜਪੇਰੈ॥**

Digitized by Panjab Digital Library | www.panjabdigilib.org

**ਘਰੀ ਨ ਮੁਹਤੁ ਨ ਚਸਾ ਬਿਲੰਬਹੁ ਕਾਲੁ ਨਿਤਹਿ ਨਿਤ ਹੇਰੈ ॥ ੧ ॥**

ਹੇ ਭਰਾ ਸਾਧੂਆਂ ਦੇ ਨਾਲ ਰਲਕੇ ਹਰਿ ਹਰਿਨਾਮ ਜਪਕੇ ਦੁਰਲੱਭ ਦੇਹ ਦਾ ਉਧਾਰ ਕਰ ਹੇ ਭਰਾ ਨ ਘੜੀ ਨ ਅੱਧੀ ਘੜੀ ਨ ਚਸਾ ਭਰ ਹੀ ਦੇਰੀ ਕਰ ਭਾਵ ਸਦਾ ਨਾਮ ਜਪ ਕਿਉਂਕਿ ਨਿਸਚੇ ਨਾਲ ਸਿਰ ਉਤੇ ਕਾਲ ਖੜੋਤਾ ਦੇਖਦਾ ਹੈ। ਚਸਾ=ਥੋੜਾ ਚਿਰ ॥ ਬਿਲੰਬਹੁ=ਦੇਰੀ ॥ ਹੇਰੈ=ਵੇਖਦਾ ॥

**ਅੰਧ ਬਿਲਾਤੇ ਕਾਢਹੁ ਕਰਤੇ ਕਿਆ ਨਾਹੀ ਘਰਿ ਤੇਰੈ ॥ ਨਾਮੁ ਅਧਾਰੁ ਦੀਜੈ ਨਾਨਕ ਕਉ ਆਨਦ ਸੂਖ ਘਨੇਰੈ ॥ ੨ ॥ ੧੨ ॥ ਛਕੇ ੨ ॥**

ਬਿਲਾ=ਖੁਡ ॥ ਹੇ ਕਰਤੇ ਪ੍ਰਮੇਸ਼ਰਾ ਮੈਨੂੰ ਅਵਿਦਯਾ ਰੂਪ ਹਨੇਰੀ ਖੁਡ ਵਿਚੋਂ ਬਾਹਰ ਕੱਢ ਲਓ ਤੇਰੇ ਘਰ ਵਿਚ ਕੀ ਨਹੀਂ ਹੈ, ਭਾਵ ਸਭ ਕੁਛ ਹੈ, ਗੁਰੂ ਜੀ=ਜਿਸ ਤੇਰੇ ਨਾਮ ਦੇ ਜਪਣ ਨਾਲ ਬਹੁਤੇ ਅਨੰਦ ਤੇ ਸੁਖ ਹੁੰਦੇ ਹਨ ਉਸ ਨਾਮ ਦਾ ਆਸਰਾ ਮੈਨੂੰ ਦੇਹ।

## ਦੇਵ ਗੰਧਾਰੀ ੫ ॥

**ਮਨ ਗੁਰ ਮਿਲਿ ਨਾਮੁ ਅਰਾਧਿਓ ॥ ਸੂਖ ਸਹਜ ਆਨੰਦ ਮੰਗਲ ਰਸ ਜੀਵਨ ਕਾ ਮੂਲੁ ਬਾਧਿਓ ॥ ੧ ॥ ਰਹਾਉ ॥**

ਮੇਰੇ ਮਨ ਨੇ ਗੁਰਾਂ ਦੇ ਨਾਲ ਮਿਲਕੇ ਨਾਮ ਨੂੰ ਅਰਾਧਿਆ ਹੈ, ਪ੍ਰਮੇਸ਼ਰ ਨਾਲ ਰਸ=ਪ੍ਰੇਮ ਕਰਨ ਨਾਲ ਸੁਖ ਸ਼ਾਂਤੀ ਅਨੰਦ ਵਾਲੇ ਹੋਇ ਹਾਂ ਅਤੇ ਬਹੁਤਾ ਚਿਰ ਜੀਉਣ ਦਾ ਮੂਲ=ਮੁਢ ਬੰਨ ਲਿਆ ਹੈ ਭਾਵ ਮਰਨ ਤੋਂ ਰਹਿਤ ਹੋਇ ਹਾਂ।

**ਕਰਿ ਕਿਰਪਾ ਅਪੁਨਾ ਦਾਸੁ ਕੀਨੋ ਕਾਟੇ ਮਾਇਆ ਫਾਧਿਓ ॥ ਭਾਉ ਭਗਤਿ ਗਾਇ ਗੁਣ ਗੋਬਿਦ ਜਮ ਕਾ ਮਾਰਗੁ ਸਾਧਿਓ ॥ ੧ ॥**

ਪ੍ਰਮੇਸ਼ਰ ਨੇ ਕਿਰਪਾ ਕਰਕੇ ਮੈਨੂੰ ਅਪਣਾ ਦਾਸ ਬਣਾ ਲਿਆ ਹੈ ਅਤੇ ਮਾਇਆ ਦੇ ਬੰਧਨਾਂ ਨੂੰ ਕੱਟ ਦਿਤਾਹੈ ਪ੍ਰੇਮਾ ਭਗਤੀ ਨਾਲ ਗੋਬਿੰਦ ਦੇ ਗੁਣ ਗਾਕੇ ਅਸਾਂ ਜਮ ਦਾ ਰਸਤਾ ਸਾਧਿਆ ਭਾਵ ਡਰ ਦੂਰ ਕੀਤਾ ਹੈ।

Digitized by Panjab Digital Library | www.panjabdigilib.org

ਭਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ ਲਾਧਿਓ ॥ ਬਲਿਹਾਰੈ ਨਾਨਕ ਲਖਬੇਰਾ ਮੇਰੇ ਠਾਕੁਰ ਅਗਮ ਅਗਾਧਿਓ ॥ ੨ ॥ ੧੩ ॥

ਮੇਰੇ ਉਤੇ ਪ੍ਰਮੇਸ਼ਰ ਦੀ ਕਿਰਪਾ ਹੋਈ ਹੈ ਵਿਸ਼ਿਆਂ ਵਿਕਾਰਾਂ ਜਾਂ ਬੇ-ਸਮਝੀ ਦਾ ਮੋਰਚਾ=ਦਾਗ, ਨਿਸ਼ਾਨ ਕਲੰਕ ਦੂਰ ਹੋ ਗਿਆ ਹੈ ਅਤੇ ਅਮੋਲਕ ਪਦਾਰਥ ਨਾਮ ਜਾਂ ਗਿਆਨ ਲੱਭ ਲਿਆ ਹੈ, ਗੁਰੂ ਜੀ=ਅਗੰਮ ਅਗਾਧ ਮਾਲਕ ਤੋਂ ਲਖਾਂ ਵਾਰ ਬਲਿਹਾਰ ਜਾਂਦਾ ਹਾਂ।

## ਦੇਵਗੰਧਾਰੀ ੫ ॥

ਮਾਈ ਜੋ ਪ੍ਰਭ ਕੇ ਗੁਨ ਗਾਵੈ ॥ ਸਫਲ ਆਇਆ ਜੀਵਨ ਫਲੁ ਤਾਕੋ ਪਾਰਬ੍ਰਹਮ ਲਿਵ ਲਾਵੈ ॥੧॥ਰਹਾਉ॥

ਹੇ ਮਾਂ ਜੇਹੜਾ ਮਾਲਕ ਦੇ ਗੁਣਾਂ ਨੂੰ ਗਾਂਦਾ ਹੈ ਅਤੇ ਪ੍ਰਮੇਸਰ ਵਿਚ ਬ੍ਰਿਤੀ ਨੂੰ ਲਾਂਦਾ ਹੈ ਉਸਦਾ ਜਗਤ ਵਿਚ ਆਉਣਾ ਸਫਲ ਹੈ ਉਸਨੇ ਜੀਵਨ ਦਾ ਫਲ ਪਾ ਲਿਆ ਹੈ।

ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥ ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ ਧਾਵੈ ॥ ੧ ॥

ਜੇਹੜਾ ਸਾਧੂਆਂ ਦਾ ਸੰਗ ਪਾਂਦਾ ਹੈ ਤੇ ਜ਼ਬਾਨ ਨਾਲ ਪ੍ਰਮੇਸਰ ਦਾ ਨਾਮ ਉਚਾਰਨ ਕਰਦਾ ਹੈ ਫਿਰ ਓਹ ਜੂਨੀਆਂ ਵਿਚ ਨਹੀਂ ਦੌੜਦਾ ਹੈ ਓਹੋ ਹੀ ਸੁੰਦਰ, ਸਿਆਣਾ, ਸੂਰਮਾ ਅਤੇ ਓਹੋ ਬੇਤਾ=ਗਿਆਨਵਾਨ ਹੈ।

ਪੂਰਨ ਬ੍ਰਹਮੁ ਰਵਿਆ ਮਨ ਤਨ ਮਹਿ ਆਨ ਨ ਦ੍ਰਿਸਟੀ ਆਵੈ ॥ ਨਰਕ ਰੋਗ ਨਹੀ ਹੋਵਤ ਜਨ ਸੰਗਿ ਨਾਨਕ ਜਿਸੁ ਲੜਿ ਲਾਵੈ ॥ ੨ ॥ ੧੪ ॥

ਪੂਰਨ ਪ੍ਰਮੇਸਰ ਨੂੰ ਮਨ ਤਨ ਵਿਚ ਮਿਲਿਆ ਹੋਇਆ ਜਾਣਦਾ ਹੈ ਉਸਨੂੰ ਪ੍ਰਮੇਸਰ ਤੋਂ ਬਿਨਾਂ ਹੋਰ ਕੋਈ ਨਜ਼ਰ ਵਿਚ ਨਹੀਂ ਆਉਂਦਾ ਹੈ।ਗੁਰੂ ਜੀ=ਸਾਧੂਆਂ ਦਾ ਸੰਗ ਹੋਣ ਨਾਲ ਜਿਸਨੂੰ ਪ੍ਰਮੇਸਰ ਆਪਣੇ ਲੜ ਨਾਲ ਲਾ ਲੈਂਦਾ ਹੈ ਉਸਨੂੰ ਨਰਕ ਰੂਪ ਰੋਗ ਜਾਂ ਨਰਕ ਤੇ ਰੋਗ ਨਹੀਂ ਹੁੰਦਾ ਹੈ।

Digitized by Panjab Digital Library | www.panjabdigilib.org

## ਦੇਵਗੰਧਾਰੀ ੫

**ਚੰਚਲੁ ਸੁਪਨੈ ਹੀ ਉਰਝਾਇਓ ॥ ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ ॥ ੧ ॥ ਰਹਾਉ ॥**

ਇਹ ਮਨ ਚੰਚਲ ਸੁਫਨੇ ਵਰਗੇ ਝੂਠੇ ਸੰਸਾਰ ਵਿਚ ਫਸਿਆ ਹੋਇਆ ਹੈ ਮਾਇਆ ਦੇ ਨਾਲ ਵਿਆਕੁਲ ਭਾਵ ਕਮਲਾ ਹੋਇਆ ਹੋਇਆ ਇਤਨਾਂ ਨਹੀਂ ਜਾਣਦਾ ਹੈ ਕਿ ਕਦੀ ਮੈਂ ਵੀ ਤੁਰ ਜਾਣਾ ਹੈ।

**ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ ॥ ਲੋਭੁ ਸੁਨੈ ਮਨਿ ਸੁਖੁ ਕਰਿ ਮਾਨੈ ਬੇਗਿ ਤਹਾ ਉਠਿ ਧਾਇਓ ॥ ੧ ॥**

ਜਿਨਾਂ ਪਦਾਰਥਾਂ ਦਾ ਅਨੰਦ ਫੁੱਲਾਂ ਸਮਾਨ ਛੇਤੀ ਕੁਮਲਾ ਜਾਣ ਵਾਲਾ ਹੈ ਓਨਾਂ ਦੇ ਨਾਲ ਰਸ=ਪ੍ਰੇਮ ਕਰਦਾ ਹੈ ਤੇ ਬੜਾ ਡਾਢਾ ਰਚਿਆ ਹੋਇਆ ਹੈ ਅਤੇ ਇਕ ਵਿਸ਼ਿਆਂ ਦਾ ਹੀ ਜਤਨ ਕਰਦਾ ਰਹਿੰਦਾ ਹੈ, ਜਿਥੇ ਕੋਈ ਚੰਗੀ ਵਸਤੂ ਸੁਣਦਾ ਹੈ ਤਾਂ ਮਨ ਵਿਚ ਸੁਖ ਮੰਨਕੇ ਲੋਭ ਨਾਲ ਓਥੇ ਭਾਵ ਓਸ ਥਾਂ ਤੇ ਛੇਤੀ ਨਾਲ ਦੌੜਕੇ ਜਾਂਦਾ ਹੈ ਜਾਂ ਉਠ ਦੌੜਦਾ ਹੈ।

**ਫਿਰਤ ਫਿਰਤ ਬਹੁਤੁ ਸ੍ਰਮੁ ਪਾਇਓ ਸੰਤ ਦੁਆਰੈ ਆਇਓ ॥ ਕਰੀ ਕ੍ਰਿਪਾ ਪਾਰਬ੍ਰਹਮਿ ਸੁਆਮੀ ਨਾਨਕ ਲੀਓ ਸਮਾਇਓ ॥ ੨ ॥ ੧੫ ॥**

ਜਨਮ ਮਰਨ ਦੇ ਗੇੜ ਵਿਚ ਫਿਰਦਿਆਂ ੨ ਜੀਵ ਨੇ ਬੜਾ ਦੁਖ ਪਾਇਆ ਸੀ, ਪਰ ਜਦੋਂ ਸੰਤਾਂ ਦੇ ਦੁਆਰੇ ਆਇਆ ਤਾਂ ਗੁਰੂ ਜੀ=ਪ੍ਰਮੇਸਰ ਨੇ ਕਿਰਪਾ ਕੀਤੀ ਜੋ ਆਪਣੇ ਨਾਲ ਮਿਲਾ ਲਿਆ !

## ਦੇਵਗੰਧਾਰੀ ੫

**ਸਰਬ ਸੁਖਾ ਗੁਰ ਚਰਨਾ ॥ ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ॥ ੧ ॥ ਰਹਾਉ ॥**

ਸਾਰੇ ਸੁਖ ਦੇਣ ਵਾਲੇ ਗੁਰਾਂ ਦੇ ਚਰਨ ਹਨ ਪਾਪਾਂ ਦੇ ਉਤਾਰਨ ਵਾਲੇ ਜਾਂ ਪਾਪਾਂ ਨੂੰ ਨਾਸ ਕਰਨ ਵਾਲੇ ਸੰਸਾਰ ਤੋਂ ਤਾਰਨ ਵਾਲੇ ਜਾਂ ਪਾਪਾਂ ਨੂੰ

Digitized by Panjab Digital Library | www.panjabdigilib.org

ਤਾੜਨ ਵਾਲੇ ਮਨ ਨੂੰ ਸੁਵਾਰਨ ਵਾਲੇ ਹਨ ਏਸੇ ਹੀ ਆਸਰੇ ਸੰਸਾਰ ਤੋਂ ਮੇਰਾ ਤਾਰਨਾ ਹੋਵੇਗਾ।

**ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ ॥ ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰ- ਨਾ ॥ ੧ ॥**

ਪੂਜਾ ਕਰਨੀ ਅਰਚਾ=ਦੇਵਤਿਆਂ ਦੀ ਮੂਰਤੀ ਦੀ ਪੂਜਾ ਫੁਲ ਆਦਿਕ ਚੜ੍ਹਾਕੇ ਕਰਨੀ ਸੇਵਾ ਕਰਨੀ ਡੰਡੇ ਵਤ ਨਮਸਕਾਰ ਕਰਨੀ ਸਾਡੀ ਤਾਂ ਸਾਰੀ ਪਿੱਛੇ ਦੱਸੀ ਏਹੋ ਹੀ ਸੇਵਾ ਹੈ ਜੋ ਗੁਰਾਂ ਦੇ ਚਰਨਾਂ ਦੀ ਟਹਿਲ ਦਾ ਕਰਨਾ ਹੈ। ਜਦੋਂ ਗਿਆਨ ਦਾ ਚਾਨਣ ਹੁੰਦਾ ਹੈ ਤੇ ਤਾਂ ਮਨ ਖਿੜਦਾ ਹੈ ਫਿਰ ਗਰਭ ਜੂਨੀਆਂ ਵਿਚ ਪੈਣਾ ਨਹੀਂ ਹੁੰਦਾ ਹੈ।

**ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥ ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ ॥ ੨ ॥ ੧੬ ॥**

ਮੈਂ ਸੰਤਾਂ ਦੀ ਸਫਲ ਮੂਰਤੀ ਦਾ ਪਰਸਣਾ ਕਰਦਾ ਹਾਂ ਏਹੋ ਹੀ ਮੈਂ ਧਿਆਨ ਧਾਰਨਾ ਕੀਤਾ ਹੈ ਗੁਰੂ ਜੀ=ਜਿਸ ਉਤੇ ਮਾਲਕ ਕਿਰਪਾਲਹੋਇਆ ਹੈ ਓਹ ਸਾਧਾਂ ਦੀ ਸ਼ਰਨ ਵਿਚ ਪਿਆ ਹੈ।

## ਦੇਵਗੰਧਾਰੀ ਮਹਲਾ ੫

**ਅਪੁਨੇ ਹਰਿ ਪਹਿ ਬਿਨਤੀ ਕਹੀਐ ॥ ਚਾਰਿ ਪਦਾ- ਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ ॥ ੧ ॥ ਰਹਾਉ ॥**

ਆਪਣੇ ਮਾਲਕ ਪਾਸ ਬੇਨਤੀ ਆਖੀਏ ਧਰਮ ਆਦਿਕ ਸੁਖ ਚਾਰ ਪਦਾਰਥ ਅਨਦ=ਆਤਮ ਸੁਖ ਮੰਗਲ ਉਤਸ਼ਵ ਦੀਆਂ ਨਿਧੀਆਂ ਕਪੜੇ ਪਾਣੇ, ਸੁਖ, ਸ਼ਾਂਤੀ ਅਣਮਾਂ ਆਦਿਕ ਸਿੱਧੀਆਂ ਨੂੰ ਲੱਭ ਲਈਦਾ ਹੈ!

**ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ ਅੰਚਲੁ ਗਹੀਐ ॥ ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ ॥ ੧ ॥**

Digitized by Panjab Digital Library | www.panjabdigilib.org

ਹੰਕਾਰ ਨੂੰ ਛੱਡਕੇ ਪ੍ਰਮੇਸਰ ਦੇ ਚਰਨਾਂ ਵਿਚ ਲੱਗੀਏ ਅਤੇ ਉਸ ਮਾਲਕ ਦਾ ਪੱਲਾ ਫੜੀਏ ਇਕੁਰ ਦੇ ਮਾਲਕ ਦੀ ਸ਼ਰਨ ਨੂੰ ਅਹੀਏ=ਚਾਹੀਏ ਭਾਵ ਲੋੜੀਏ ਫਿਰ ਅੱਗ ਦਾ ਸਮੁੰਦ੍ਰ ਨਰਕ ਜਾਂ ਸੰਸਾਰ ਦੀ ਅੱਗ ਦੀ ਆਂਚ=ਤਪਸ਼ ਦੀ ਚੰਗਿਆੜੀ ਨਹੀਂ ਲਗਦੀ ਹੈ।

**ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ ॥ ਕਰੁਣਾ ਮੈ ਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ ॥ ੨ ॥ ੧੭ ॥**

ਸਾਡਾ ਮਾਲਕ ਮੁੜ ੨ ਕ੍ਰੋੜਾਂ ਅਪਰਾਧ ਅਤੇ ਵੱਡਿਆਂ ੨ ਕੀਤਾ ਨਾ ਜਾਨਣ ਵਾਲਿਆਂ ਆਦਮੀਆਂ ਨੂੰ ਸਹੀਏ=ਸਹਾਰਦਾ ਹੈ ਭਾਵ ਪ ਲਦਾ ਹੈ।

ਗੁਰੂ ਜੀ=ਜੇਹੜਾ ਪੂਰਨ ਪ੍ਰਮੇਸਰ ਕਿਰਪਾ ਕਰਨ ਵਾਲਾ ਹੈ ਉਸਦੀ ਸ਼ਰਨ ਨੂੰ ਰਿਦੇ ਵਿਚ ਧਾਰੀਏ ਜਾਂ ਸ਼ਰਣ ਹੀ ਲਹੀਏ।

## ਦੇਵਗੰਧਾਰੀ ੫

**ਗੁਰਕੇ ਚਰਨ ਰਿਦੈ ਪਰਵੇਸਾ॥ ਰੋਗ ਸੋਗ ਸਭਿ ਦੂਖ ਬਿਨਾਸੇ ਉਤਰੇ ਸਗਲ ਕਲੇਸਾ ॥ ੧ ॥ ਰਹਾਉ ॥**

ਜਦੋਂ ਗੁਰੂ ਦੇ ਚਰਨਾਂ ਦਾ ਪ੍ਰੇਮ ਰਿਦੇ ਵਿਚ ਆਉਂਦਾ ਹੈ ਜਾਂ ਹਰਤਰਾਂ ਦੇ ਰੋਗ, ਸੋਗ ਸਾਰੇ ਦੁਖ ਦੂਰ ਹੋ ਜਾਂਦੇ ਹਨ ਤੇ ਪੰਜ ਤਰਾਂ ਦੇ ਸਾਰੇ ਕਲੇਸ਼ ਵੀ ਉਤਰ ਜਾਂਦੇ ਹਨ।

**ਜਨਮ ਜਨਮ ਕੇ ਕਿਲਵਿਖ ਨਾਸਹਿ ਕੋਟਿ ਮਜਨ ਇਸਨਾਨਾ ॥ ਨਾਮੁ ਨਿਧਾਨੁ ਗਾਵਤ ਗੁਣ ਗੋਬਿੰਦ ਲਾਗੋ ਸਹਜਿ ਧਿਆਨਾ ॥ ੧ ॥**

ਜਨਮਾਂ ੨ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ ਕ੍ਰੋੜਾਂ ਮੱਜਨ=ਪੁਰਬਾਂ ਦੇ ਇਸ਼ਨਾਨਾਂ ਦਾ ਫਲ ਆ ਜਾਂਦਾ ਹੈ। ਨਾਮ ਖਜਾਨਾ ਆ ਮਿਲਦਾ ਹੈ ਅਤੇ ਗੋਬਿੰਦ ਦੇ ਗੁਣ ਗਾਂਦੇ ਸਹਿਜ ਅਵਸਥਾ ਵਿਚ ਧਿਆਨ ਲਗ ਜਾਂਦਾ ਹੈ।

**ਕਰਿ ਕਿਰਪਾ ਅਪੁਨਾ ਦਾਸੁ ਕੀਨੋ ਬੰਧਨ ਤੋਰਿ ਨਿਰਾਰੇ ॥ ਜਪਿ ਜਪਿ ਨਾਮੁ ਜੀਵਾ ਤੇਰੀ ਬਾਣੀ ਨਾਨਕ ਦਾਸ ਬਲਿਹਾਰੇ ॥੨॥੧੮॥ ਛਕੇ ੩ ॥**

ਪ੍ਰਮੇਸਰ ਨੇ ਕਿਰਪਾ ਕਰਕੇ ਆਪਣਾਂ ਦਾਸ ਬਣਾ ਲਿਆ ਹੈ ਅਸੀਂ ਵੀ

Digitized by Panjab Digital Library | www.panjabdigilib.org

ਹੁਣ ਸਦਾ ਦੇ ਬੰਧਨ ਤੋੜਕੇ ਵੱਖਰੇ ਹੋ ਗਏ ਹਾਂ ।

ਗੁਰੂ ਜੀ:=ਪ੍ਰਮੇਸਰ ਦੇ ਨਾਮ ਨੂੰ ਜਪ ਜਪਕੇ ਜੀਉਂਦਾ ਹਾਂ ਅਤੇ ਮੇਰ ਤੇਰ ਦੀ ਬਾਣੀ ਛੱਡਕੇ ਮੈਂ ਦਾਸ ਉਸਤੋਂ ਬਲਿਹਾਰ ਜਾਂਦਾ ਹਾਂ ਜਾਂ ਨਾਮ ਜਾਪ ਰੂਪ ਤੇਰੀ ਬਾਣੀ ਨੂੰ ਜਪਕੇ ਜੀਉਂਦਾ ਹਾਂ ਤੇ ਮੈਂ ਦਾਸ ਤੇਰੇ ਉਤੋਂ ਬਲਿਹਾਰ ਜਾਂਦਾ ਹਾਂ।

## ਦੇਵ ਗੰਧਾਰੀ ਮਹਲਾ ੫॥

**ਮਾਈ ਪ੍ਰਭ ਕੇ ਚਰਨ ਨਿਹਾਰਉ ॥ ਕਰਹੁ ਅਨੁਗ੍ਰਹੁ ਸੁਆਮੀ ਮੇਰੇ ਮਨ ਤੇ ਕਬਹੁ ਨ ਡਾਰਉ ॥ ੧ ॥ ਰਹਾਉ ॥**

ਹੇ ਮਾਂ ਮੈਂ ਮਾਲਕ ਦੇ ਚਰਨਾਂ ਨੂੰ ਵੇਖਾਂ। ਹੇ ਮੇਰੇ ਮਾਲਕ ਮੇਰੇ ਉਤੇ ਇੱਕੁਰ ਦੀ ਕਿਰਪਾ ਕਰੋ ਜੋ ਮੈਨੂੰ ਮਨ ਤੋਂ ਕਦੀ ਨ ਪਰੇ ਸੁਟੋ ਭਾਵ ਤਿਆਗੋ, ਸਦਾ ਯਾਦ ਰਖੋ ਜਾਂ ਮੈਂ ਆਪਨੂੰ ਸਦਾ ਯਾਦ ਰੱਖਾਂ।

**ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥ ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥ ੧ ॥**

ਮੈਂ ਆਪਣੇ ਮੂੰਹ ਉਤੇ ਮਸਤਕ=ਸ਼੍ਰੋਮਣੀ ਸਾਧੂਆਂ ਦੀ ਧੂੜੀ ਲਾਵਾਂ ਅਤੇ ਕਾਮ ਕ੍ਰੋਧ ਵਿਹੁ ਰੂਪ ਵਿਸ਼ਿਆਂ ਨੂੰ ਸਾੜ ਦਿਆਂ ਜਾਂ ਮੂੰਹ ਤੇ ਮੱਥਾ ਕੱਠਾ ਅਰਥ ਕਰਨਾਂ ਕਿ ਦੋਹਾਂ ਤੇ ਧੂੜੀ ਲਾਵਾਂ।

ਅਪਣੇ ਆਪ ਨੂੰ ਸਾਰਿਆਂ ਤੋਂ ਨੀਵਾਂ ਕਰਕੇ ਮੰਨਾਂ ਕਿਰਪਾ ਕਰਕੇ ਇਹ ਸੁਖ ਮੇਰੇ ਮਨ ਵਿਚ ਧਾਰਨ ਕਰੋ ਜਾਂ ਮੈਂ ਧਾਰਨ ਕਰਾਂ।

**ਗੁਨ ਗਾਵਹੁ ਠਾਕੁਰ ਅੰਬਿਨਾਸੀ ਕਲਮਲ ਸਗਲੇ ਝਾਰਉ ॥ ਨਾਮੁ ਨਿਧਾਨੁ ਨਾਨਕ ਦਾਨੁ ਪਾਵਉ ਕੰਠਿ ਲਾਇ ਉਰਿਧਾਰਉ ॥ ੨ ॥ ੧੯ ॥**

ਹੇ ਨਾ ਮਰਨ ਵਾਲਿਆ ਮਾਲਕਾ! ਮੈਂ ਤੇਰੇ ਗੁਣ ਗਾਂਦਾ ਰਹਾਂ ਅਤੇ ਸਾਰਿਆਂ ਪਾਪਾਂ ਨੂੰ ਝਾੜ ਦਿਆਂ। ਗੁਰੂ ਜੀ=ਜੇਹੜਾ ਤੇਰਾ ਨਾਮ ਨਿਧੀਆਂ ਦਾ ਘਰ ਹੈ ਮੈਂ ਆਪ ਤੋਂ ਏਹੋ ਹੀ ਦਾਨ ਪਾਵਾਂ ਅਤੇ ਉਸੇ ਨਾਮ ਨੂੰ ਗਲ ਤੇ ਰਿਦੇ ਵਿਚ ਧਾਰਨ ਕਰ ਰੱਖਾਂ ਜਾਂ ਗਲ ਨਾਲ ਲਾਕੇ ਰਿਦੇਵਿਚਜਪਦਾ ਰਹਾਂ।

## ਦੇਵਗੰਧਾਰੀ ਮਹਲਾ ੫ ॥

**ਪ੍ਰਭ ਜੀਉ ਪੇਖਉ ਦਰਸੁ ਤੁਮਾਰਾ ॥ ਸੁੰਦਰ ਧਿ ਅ**

Digitized by Panjab Digital Library | www.panjabdigilib.org

ਧਾਰੁ ਦਿਨੁ ਰੈਨੀ ਜੀਅ ਪ੍ਰਾਨਤੇ ਪਿਆਰਾ ॥੧॥ਰਹਾਉ॥

ਹੇ ਮਾਲਕਾ ਮੈਂ ਤੇਰਾ ਦਰਸ਼ਨ ਦੇਖਾਂ ਓਹ ਦਰਸ਼ਨ ਸੁੰਦਰ ਹੈ ਅਤੇ ਰਾਤ ਦਿਨ ਧਿਆਨ ਧਾਰਨ ਦੇ ਯੋਗ ਹੈ ਅਤੇ ਸਾਡੇ ਜੀਅ ਨੂੰ ਪ੍ਰਾਣਾਂ ਤੋਂ ਪਿਆਰਾ ਹੈ।

ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ ॥ ਦੀਨਾਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨ ਹਾਰਾ ॥ ੧ ॥

ਛੇ ਸ਼ਾਸਤ੍ਰ ੧੮ ਪੁਰਾਣ ੨੭ ਸਿੰਮ੍ਰਿਤੀਆਂ ੪ ਵੇਦ ਇਹ ਸਾਰੇ ਚੰਗੀ ਤਰਾਂ ਅਵਲੋਕੇ=ਵੇਖੇ ਹਨ ਅਤੇ ਬੜੀ ਚੰਗੀ ਤਰਾਂ ਇਹਨਾਂ ਦਾ ਏਹੋ ਹੀ ਤਤ=ਸਿੱਟਾ ਵਿਚਾਰਿਆ ਹੈ ਕਿ ਗਰੀਬਾਂ ਦਾ ਮਾਲਕ, ਪ੍ਰਾਣਾਂ ਦਾ ਮਾਲਕ ਪੂਰਨ ਪ੍ਰਮੇਸਰ ਦਾ ਨਾਮ ਸੰਸਾਰ ਸਮੁੰਦਰ ਤੋਂ ਉਧਾਰ ਕਰਨ ਵਾਲਾ ਹੈ।

ਆਦਿ ਜੁਗਾਦਿ ਭਗਤ ਜਨ ਸੇਵਕ ਤਾਕੀ ਬਿਖੈ ਅਧਾਰਾ ॥ ਤਿਨ ਜਨ ਕੀ ਧੂਰਿ ਬਾਛੈ ਨਿਤ ਨਾਨਕੁ ਪਰਮੇਸਰੁ ਦੇਵਨ ਹਾਰਾ ॥ ੨ ॥ ੨੦ ॥

ਹੇ ਪ੍ਰਮੇਸਰਾ ਜੇਹੜੇ ਤੇਰੇ ਭਗਤ ਦਾਸ ਸੇਵਕ ਧੁਰ ਮੁੱਢ ਤੋਂ ਜੁੱਗਾਂ ਦੇ ਸ਼ੁਰੂ ਤੋਂ ਸੇਵਾਦਾਰ ਹਨ ਓਨਾਂ ਦੀ ਅਕਲ ਨੇ ਤੇਰੇ ਹੀ ਵਿਚ ਆਪਣਾ ਆਸਰਾ ਵੇਖਿਆ ਹੈ ਜਾਂ ਦਾਸਾਂ ਨੂੰ ਵਿਸ਼ਿਆਂ ਦੀ ਸ਼ਰਨ ਕੀ ਕਰ ਸਕਦੀ ਹੈ, ਜਾਂ ਵਿਸ਼ਿਆਂ ਦੇ ਡਰ ਤੋਂ ਤੇਰੀ ਸ਼ਰਨ ਤੱਕੀ ਹੈ, ਗੁਰੂ ਜੀ=ਹੇ ਪਰਮੇਸਰਾ ਮੈਂ ਤੇਰੇ ਪਾਸੋਂ ਰੋਜ ਹੀ ਓਨਾਂ ਚੰਗਿਆਂ ਸੰਤਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ ਸੋ ਤੂੰ ਦੇਣ ਵਾਲਾ ਜਰੂਰ ਦੇਵੇਂਗਾ।

## ਦੇਵਗੰਧਾਰੀ ਮਹਲਾ ੫ ॥

ਤੇਰਾ ਜਨੁ ਰਾਮ ਰਸਾਇਣਿ ਮਾਤਾ॥ਪ੍ਰੇਮਰਸਾ ਨਿਧਿ ਜਾਕਉ ਉਪਜੀ ਛੋਡਿ ਨ ਕਤਹੂ ਜਾਤਾ ॥ ੧ ॥ ਰਹਾਉ॥

ਹੇ ਮਾਲਕਾ ਤੇਰਾ ਦਾਸ ਤੇਰੇ ਨਾਮ ਰਸ ਅੰਮ੍ਰਿਤ ਵਿਚ ਮਸਤ ਹੋਇਆ ਹੋਇਆ ੨ ਹੈ ਪ੍ਰੇਮ ਪ੍ਰੀਤੀ ਰੂਪ ਰਸਾਂ ਦੀ ਨਿਧੀ ਜਿਸਦੇ ਦਿਲ ਅੰਦਰ ਪੈਦਾ ਹੋ ਖੜੋਂਦੀ ਹੈ ਓਹ ਫਿਰ ਆਪਨੂੰ ਛੱਡਕੇ ਹੋਰ ਕਿਤੇ ਨਹੀਂ ਜਾਂਦਾ ਹੈ।

ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ

Digitized by Panjab Digital Library | www.panjabdigilib.org

ਖਾਤਾ ॥ ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ ॥ ੧ ॥

ਓਹ ਦਾਸ ਬਹਿੰਦਾ ਵੀ ਤੇਰਾ ਹਰ ਹਰਿ ਨਾਮ ਲੈਂਦਾ ਹੈ ਸੌਂਦਾ ਵੀ ਹਰਿ ਹਰਿ ਕਰਦਾ ਹੈ ਅਤੇ ਰੋਟੀ ਖਾਂਦਾ ਹੋਇਆ ਵੀ ਰਸ=ਪਰੇਮ ਨਾਲ ਜਪਦਾ ਰਹਿੰਦਾ ਹੈ ਜੇਹੜਾ ਸੰਤ ਜਨਾਂ ਦੀ ਧੂੜੀ ਵਿਚ ਨ੍ਹਾਉਂਦਾ ਹੈ ਸਮਝੋ ਉਸਨੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ।

ਸਫਲੁ ਜਨਮੁ ਹਰਿ ਜਨਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥ ੨ ॥ ੨੧ ॥

ਜਿਨਾਂ ਨੇ ਫੈਸਲਾ ਕਰਨ ਵਾਲੇ ਪ੍ਰਮੇਸਰ ਨੂੰ ਸਉਤ=ਪੁਤਰ ਪੋਤ੍ਰਿਆਂ ਧੀਆਂ ਭਾਵ ਉਲਾਦ ਵਾਲਾ ਕੀਤਾ ਹੈ ਉਨਾਂ ਨੇ ਅਪਨਾ ਜਨਮ ਸਫਲ ਕਰ ਲਿਆ ਹੈ।

ਗੁਰੂ ਜੀ=ਜਿਨਾਂਨੇ ਪੂਰਨ ਪ੍ਰਮੇਸਰ ਨੂੰ ਪਛਾਣ ਲਿਆ ਹੈ ਓਹ ਦੁਨੀਆਂ ਬਹੁਤਿਆਂ ਸਾਰਿਆਂ ਲੋਕਾਂ ਨੂੰ ਨਾਲ ਲੈਕੇ ਤਰ ਗਏ ਹਨ ਜਾਂ ਅਪਣਿਆਂ ਜਥਿਆਂ ਨੂੰ।

## ਦੇਵਗੰਧਾਰੀ ਮਹਲਾ ੫ ॥

ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥ ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥ ੧ ॥ ਰਹਾਉ ॥

ਹੇ ਮਾਂ ਗੁਰਾਂ ਤੋਂ ਬਿਨਾ ਗਿਆਨ ਨਹੀਂ ਪਾਇਆ ਜਾਂਦਾ। ਕਈ ਜੀਵ ਬਹੁਤ ਤਰਾਂ ਨਾਲ ਰੋਂਦੇ ਫਿਰਦੇ ਹਨ ਪਰਮੇਸਰ ਨੂੰ ਨਹੀਂ ਮਿਲਦੇ ਹਨ।

ਮੋਹਰੋਗ ਸੋਗ ਤਨੁ ਬਾਧਿਓ ਬਹੁ ਜੋਨੀ ਭਰਮਾਈਐ॥ ਟਿਕਨੁ ਨ ਪਾਵੈ ਬਿਨੁ ਸਤ ਸੰਗਤਿ ਕਿਸੁ ਆਗੈ ਜਾਇ ਰੂਆਈਐ ॥ ੧ ॥

ਮੋਹ ਕਰਕੇ ਰੋਗ ਸੋਗ ਵਿਚ ਸਰੀਰ ਬੰਨ੍ਹਿਆ ਹੋਇਆ ਹੈ, ਏਸੇ ਕਰਕੇ ਓਹ ਆਦਮੀ ਬਹੁਤ ਸਾਰੀਆਂ ਜੂਨੀਆਂ ਵਿਚ ਭਰਮਾਇ ਜਾਂਦੇ ਹਨ ਸੋਤਾਂ ਦੀ ਸਤਸੰਗਤ ਦੇ ਬਿਨਾਂ ਮਨ ਟਿਕਣਾ ਨਹੀਂ ਪਾਂਦਾ ਹੈ ਇਹ ਵੱਡਾ ਦੁਖ

Digitized by Panjab Digital Library | www.panjabdigilib.org

ਗੁਰਾਂ ਤੋਂ ਬਿਨਾ ਕਿਸ ਦੇ ਅੱਗੇ ਜਾਕੇ ਰੋਈਏ ਭਾਵ ਗੁਰਾਂ ਬਿਨਾ ਦੁੱਖਾਂ ਨੂੰ ਸੁਣਨ ਤੇ ਦੂਰ ਕਰਨ ਵਾਲਾ ਕੋਈ ਨਹੀਂ ਹੈ, ਇਸ ਲਈ ਕਿਸਦੇ ਪਾਸ ਜਾਕੇ ਰੋਵੇ?

**ਕਰੈ ਅਨੁਗ੍ਰਹੁ ਸੁਆਮੀ ਮੇਰਾ ਸਾਧ ਚਰਨ ਚਿਤੁ ਲਾਈਐ ॥ ਸੰਕਟ ਘੋਰ ਕਟੇ ਖਿਨ ਭੀਤਰਿ ਨਾਨਕ ਹਰਿ ਦਰਸਿ ਸਮਾਈਐ ॥ ੨ ॥ ੨੨ ॥**

ਜਦੋਂ ਮੇਰਾ ਗੁਰ ਪ੍ਰਮੇਸ਼ਰ ਮਾਲਕ ਕਿਰਪਾ ਕਰਦਾ ਹੈ ਤਾਂ ਸਾਧੂਆਂ ਦੇ ਚਰਨਾਂ ਵਿਚ ਚਿਤ ਨੂੰ ਲਾਈਦਾ ਹੈ ਗੁਰੂ ਪ੍ਰਮੇਸ਼ਰ ਇਕ ਛਿਨ ਵਿਚ ਘੋਰ=ਡਰੌਣੇ ਦੁਖਾਂ ਨੂੰ ਕੱਟ ਦੇਂਦੇ ਹਨ ਅਤੇ ਫਿਰ ਉਸੇ ਪ੍ਰਮੇਸ਼ਰ ਦੇ ਦਰਸ਼ਨ ਨਾਲ ਮਿਲ ਜਾਈਦਾ ਹੈ।

## ਦੇਵ ਗੰਧਾਰੀ ਮਹਲਾ ੫ ॥

**ਠਾਕੁਰ ਹੋਏ ਆਪਿ ਦਇਆਲ ॥ ਭਈ ਕਲਿਆਣ ਅਨੰਦ ਰੂਪ ਹੋਈ ਹੈ ਉਬਰੇ ਬਾਲ ਗੁਪਾਲ॥੧॥ਰਹਾਉ॥**

ਮੇ. ਮਾਲਕ ਮੇਰੇ ਉਤੇ ਆਪ ਦਿਆਲੂ ਹੋਇ ਹਨ ਹੁਣ ਮੇਰੀ ਕਲਿਆਣ ਹੋ ਗਈ ਹੈ ਅਤੇ ਅਕਲ ਵੀ ਅਨੰਦ ਪ੍ਰਸੰਨ ਹੋ ਗਈ ਹੈ ਹੁਣ ਬਾਲ ਗੁਪਾਲ=ਘਰ ਦੇ ਸਾਰੇ ਬੱਚੇ ਟਬਰ ਦੇ ਆਦਮੀ ਜਾਂ ਪ੍ਰਮੇਸ਼ਰ ਦੇ ਤਾਰੇ ਹੋਇ ਸਾਰੇ ਪਰਵਾਰ ਸਮੇਤ ਬਾਲ ਬਚੇਤਰ ਗਏ ਹਨ ਜਾਂ ਪ੍ਰਮੇਸ਼ਰ ਦੀ ਕਿਰਪਾ ਨਾਲ ਅਸੀਂ ਹੀ ਬਾਲਕ ਤਰ ਗਏ ਹਾਂ।

**ਦੁਇ ਕਰ ਜੋੜਿ ਕਰੀ ਬੇਨੰਤੀ ਪਾਰਬ੍ਰਹਮੁ ਮਨਿ ਧਿਆਇਆ ॥ ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ ॥ ੧ ॥**

ਹੁਣ ਦੋਵੇਂ ਹਥ ਜੋੜਕੇ ਬੇਨਤੀ ਕੀਤੀ ਹੈ ਅਤੇ ਮਨ ਵਿਚ ਪ੍ਰਮੇਸ਼ਰ ਨੂੰ ਧਿਆਇਆ ਹੈ, ਪ੍ਰਮੇਸ਼ਰ ਨੇ ਸਾਨੂੰ ਹੱਥ ਦੇਕੇ ਰਖਿਆ ਹੈ ਅਤੇ ਸਾਡਾ ਾਰਾ ਪਾਪ ਮਿਟਾ ਦਿੱਤਾ ਹੈ।

ਸ

**ਵਰਨਾਰੀ ਮਿਲਿ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ ॥ ਕਹੁ ਨਾਨਕ ਜਨ ਕਉ ਬਲਿ ਜਾਈਐ ਜੋ**

Digitized by Panjab Digital Library | www.panjabdigilib.org

ਸਭਨਾ ਕਰੇ ਉਧਾਰੁ ॥ ੨ ॥ ੨੩ ॥

ਹੁਣ ਚੰਗੀਆਂ ੨ ਇਸਤ੍ਰੀਆਂ ਭਾਵ ਭਗਤਾਂ ਨੇ ਮਿਲਕੇ ਮਾਲਕ ਦਾ ਜੈ ਜੈ ਕਾਰ ਕਰਕੇ ਮੰਗਲ ਰੂਪ ਭਾਵ ਖੁਸ਼ੀ ਨਾਲ ਭਰਿਆ ਹੋਇਆ ਗੀਤ ਗਾਇਆ ਹੈ ਜਾਂ ਉਨਾਂ ਸੰਤਾਂ ਨੂੰ ਮਿਲਕੇ ਖੁਸ਼ੀ ਨਾਲ ਮਾਲਕ ਦੇ ਗੁਣਾਂ ਨੂੰ ਗਾਇਆ ਹੈ ਤੇ ਤਾਂ ਸਾਡਾ ਜੈ ਜੈ ਕਾਰ ਹੋਇਆ ਹੈ, ਗੁਰੂ ਜੀ=ਮੈਂ ਇੱਕੁਰ ਦੇ ਦਾਸਾਂ ਤੋਂ ਬਲਿਹਾਰ ਜਾਂਦਾ ਹਾਂ ਜੇਹੜੇ ਸਾਰਿਆਂ ਜੀਆਂ ਦਾ ਉਧਾਰ ਕਰਦੇ ਹਨ ।

ੴ ਸਤਿਗੁਰਪ੍ਰਸਾਦਿ ॥

ਦੇਵਗੰਧਾਰੀ ਮਹਲਾ ੫ ॥

ਅਪੁਨੇ ਸਤਿਗੁਰ ਪਹਿ ਬਿਨਉ ਕਹਿਆ ॥ ਭਏ ਕ੍ਰਿਪਾਲ ਦਇਆਲ ਦੁਖਭੰਜਨ ਮੇਰਾ ਸਗਲ ਅੰਦੇਸਰਾ ਗਇਆ ॥ ਰਹਾਉ ॥

ਜਦੋਂ ਅਸਾਂ ਅਪਣੇ ਸਤਿਗੁਰਾਂ ਦੇ ਪਾਸ ਬੇਨਤੀ ਦਾ ਬੋਲ ਆਖਿਆ ਤਾਂ ਦੁੱਖਾਂ ਦੇ ਨਾਸ ਕਰਨ ਵਾਲਾ ਗੁਰ ਪ੍ਰਮੇਸ਼ਰ ਦਿਆਲੂ ਮੇਰੇ ਉਤੇ ਕਿਰਪਾਲੂ ਹੋਇਆ ਫੇਰ ਮੇਰਾ ਸਾਰਾ ਸ਼ੱਕ ਦੂਰ ਹੋ ਗਿਆ ।

ਹਮ ਪਾਪੀ ਪਾਖੰਡੀ ਲੋਭੀ ਹਮਰਾ ਗੁਨ ਅਵਗੁਨੁ ਸਭੁ ਸਹਿਆ ॥ ਕਰੁ ਮਸਤਕਿ ਧਾਰਿ ਸਾਜਿ ਨਿਵਾਜੇ ਮੁਏ ਦੁਸਟ ਜੋ ਖਇਆ ॥ ੧ ॥

ਅਸੀਂ ਵੱਡੇ ਪਾਪੀ ਪਖੰਡੀ ਭਾਵ ਵਿਖਾਵੇ ਦੇ ਕੰਮਾਂ ਨੂੰ ਕਰਨ ਵਾਲੇ ਅਤੇ ਲੋਭੀ ਸੀ ਤਾਂ ਵੀ ਗੁਰੂ ਪ੍ਰਮੇਸ਼ਰ ਨੇ ਸਾਡੇ ਸਾਰੇ ਔਗਣਾਂ ਨੂੰ ਸਹਾਰ ਭਾਵ ਬਖਸ਼ ਲਿਆ ਹੈ, ਸਿਰ ਉਤੇ ਹੱਥ ਧਰਕੇ ਅਤੇ ਸਾਜ=ਬਣਾਕੇ ਭਾਵ ਚੰਗੇ ਗੁਣ ਦੇਕੇ ਸਾਨੂੰ ਨਿਵਾਜੇ=ਵਡਿਆਇਆ ਹੈ ਅਤੇ ਜੇਹੜੇ ਕਾਮ ਆਦਕ ਦੁਸ਼ਟ ਮੇਰੇ ਨਾਲ ਖਹਣ ਭਾਵ ਦੁਖ ਦੇਣ ਵਾਲੇ ਸੀ ਸਾਰੇ ਹੀ ਮਰ ਗਏਹਨ ।

ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ॥ਕਹੁ ਨਾਨਕ ਨਿਰਗੁਣ ਕਉ ਦਾਤਾ ਚਰਣ

Digitized by Panjab Digital Library | www.panjabdigilib.org

ਕਮਲ ਉਰਧਰਿਆ ॥ ੨ ॥ ੨੪ ॥

ਜੇਹੜੇ ਗੁਰ ਪ੍ਰਮੇਸ਼ਰ ਜੀ ਸਾਰਿਆਂ ਦੇ ਧਾਰਨ ਭਾਵ ਹਰ ਤਰਾਂ ਦੀ ਖਾਤਰ ਦਾ ਭਾਰ ਚੁੱਕਣ ਵਾਲੇ ਤੇ ਪਰ ਉਪਕਾਰੀ ਹਨ ਜਿਨਾਂ ਦਾ ਦਰਸ਼ਨ ਸੁਭ ਵਕ ਹੀ ਸਫਲਾ ਹੈ ਗੁਰੂ ਜੀ=ਅਤੇ ਮੇਰੇ ਵਰਗੇ ਨਿਰਗੁਣ ਨੂੰ ਦਾਨ ਦੇਣ ਵਾਲੇ ਹਨ ਮੈਂ ਓਨਾਂ ਦੇ ਚਰਨਾਂ ਕਮਲਾਂ ਨੂੰ ਰਿਦੇ ਵਿਚ ਧਾਰਿਆ ਹੈ।

## ਦੇਵਗੰਧਾਰੀ ਮਹਲਾ ੫ ॥

ਅਨਾਥ ਨਾਥ ਪ੍ਰਭਹਮਾਰੇ॥ਸਰਨਿ ਆਇਓ ਰਾਖਨ-ਹਾਰੇ ॥ ਰਹਾਉ ॥

ਹੇ ਮੇਰੇ ਮਾਲਕ ਤੇ ਗਰੀਬਾਂ ਦੇ ਮਾਲਕ ਹੇ ਰੱਖਿਆ ਕਰਨ ਵਾਲਿਆ ਮੈਂ ਆਪ ਦੀ ਸ਼ਰਨ ਆਇਆ ਹਾਂ।

ਸਰਬ ਪਾਖ ਰਾਖੁ ਮੁਰਾਰੇ॥ਆਗੈ ਪਾਛੈ ਅੰਤੀ ਵਾਰੇ॥੧॥

ਹੇ ਹੰਕਾਰ ਦੈਂਤ ਦੇ ਨਾਸ ਕਰਨ ਵਾਲਿਆ ਸਾਰਿਆਂ ਪੱਖਾਂ ਤੋਂ ਬਚਾ ਰੱਖ ਜਾਂ ਹਰ ਤਰਾਂ ਨਾਲ ਸਾਰਿਆਂ ਸਮਿਆਂ ਵਿੱਚ ਮੇਰਾ ਪੱਖ ਰੱਖ ਅੱਗੇ ਪਿੱਛੇ ਅਤੇ ਅੰਤ ਦੇ ਵੇਲੇ ਵਿੱਚ ਵੀ ਰਖਿਆ ਕਰ।

ਜਬ ਚਿਤਵਉ ਰਬ ਤੁਹਾਰੇ ॥ ਉਨ ਸਮ੍ਹਾਰ ਮੇਰਾ ਮਨੁ ਸੁਧਾਰੇ ॥ ੨ ॥

ਜਦੋਂ ਮੈਂ ਯਾਦ ਕਰਦਾ ਹਾਂ ਤਾਂ ਤੇਰੇ ਹੀ ਗੁਣ ਗਾਂਦਾ ਹਾਂ ਆਪ ਦੇ ਚੰਗਿਆਂ ਗੁਣਾਂ ਨੂੰ ਯਾਦ ਕਰਕੇ ਜਾਂ ਗਿਣ ਗਿਣਕੇ ਮੇਰਾ ਮਨ ਆਸਰੇ ਵਾਲਾ ਭਾਵ ਜੀਉਂਦਾ ਜਾਗਦਾ ਹੋ ਜਾਂਦਾ ਹੈ। ਉਨ=ਓਨਾਂ ਗੁਣਾਂ ਨੂੰ।

ਸੁਨਿ ਗਾਵਉ ਗੁਰ ਬਚਨਾਰੇ ॥ ਬਲਿ ਬਲਿ ਜਾਉ ਸਾਧ ਦਰਸਾਰੇ ॥ ੩ ॥

ਗੁਰਾਂ ਦੇ ਬਚਨ ਸੁਣਕੇ ਆਪ ਦੇ ਗੁਣ ਗਾਂਦਾ ਹਾਂ ਸਾਧੂਆਂ ਦੇ ਦਰਸ਼ਨ ਰੂਪ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ।

ਮਨ ਮਹਿ ਰਾਖਉ ਏਕ ਅਸਾਰੇ॥ ਨਾਨਕ ਪ੍ਰਭ ਮੇਰੇ ਕਰਨੈ ਹਾਰੇ ॥ ੪ ॥ ੨੫ ॥

ਮੈਂ ਅਪਣੇ ਮਨ ਵਿੱਚ ਤੇਰਾ ਹੀ ਇਕ ਆਸਰਾ ਰੱਖਦਾ ਹਾਂ ਗੁਰੂ ਜੀ= ਹੇ ਮੇਰੇ ਮਾਲਕਾ ਸਾਰੀ ਦੁਨੀਆਂ ਦੇ ਤੇ ਮੇਰੇ ਵਰਗਿਆਂ- ਦੇ ਤੂੰ ਪੈਦਾ

Digitized by Panjab Digital Library | www.panjabdigilib.org

ਕਰਨ ਵਾਲਾ ਹੈਂ ।

## ਦੇਵ ਗੰਧਾਰੀ ਮਹਲਾ ੫ ॥

**ਪ੍ਰਭ ਇਹੈ ਮਨੋਰਥੁ ਮੇਰਾ ॥ ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ ॥ ਰਹਾਉ ॥**

ਹੇ ਮਾਲਕ ! ਮੇਰਾ ਏਹੋ ਹੀ ਮਨੋਰਥ ਹੈ ਹੇ ਕਿਰਪਾ ਦੇ ਖਜਾਨੇ ਦਿਆਲੂ ਮੈਨੂੰ ਸੰਤਾਂ ਦਾ ਦਾਸ ਬਣਾ ਦੇਹ ।

**ਪ੍ਰਾਤਹ ਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥ ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥ ੧ ॥**

ਰੋਜ ਸਵੇਰੇ ਉਠ ਕੇ ਸੰਤਾਂ ਦੇ ਚਰਨੀ ਲੱਗਾਂ ਭਾਵ ਮੱਥਾ ਟੇਕਾਂ ਤੇ ਰਾਤ ਦਿਨ ਤੇਰੇ ਸੰਤਾਂ ਦਾ ਦਰਸ਼ਨ ਪਾਂਦਾ ਰਹਾਂ ਅਤੇ ਅਪਣਾ ਮਨ ਤਨ ਦੇਕੇ ਤੇਰੇ ਦਾਸਾਂ ਦੀ ਸੇਵਾ ਕਰਦਾ ਹਾਂ ਤੇ ਰਸਨਾ ਕਰਕੇ ਤੇਰੇ ਗੁਣਾਂ ਨੂੰ ਗਾਂਦਾ ਹਾਂ ।

**ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ ਸੰਤ ਸੰਗਿ ਨਿਤ ਰਹੀਐ ॥ ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ ॥ ੨ ॥ ੨੬ ॥**

ਮੈਂ ਅਪਣੇ ਮਾਲਕ ਨੂੰ ਸਾਸ ਸਾਸ ਯਾਦ ਕਰਦਾ ਹਾਂ ਅਤੇ ਸੰਤਾਂ ਦੇ ਨਾਲ ਹੀ ਰਲਕੇ ਰੋਜ ਰਹਾਂ, ਗੁਰੂ ਜੀ=ਇਕ ਜੇਹੜਾ ਆਸਰਾ ਤੇਰਾ ਨਾਮ ਧਨ ਹੈ ਏਹੋ ਹੀ ਮੈਂ ਵਡਾ ਅਨੰਦ ਪਾਇਆ ਹੈ ।

## ਰਾਗੁ ਦੇਵ ਗੰਧਾਰੀ ਮਹਲਾ ੫ ਘਰੁ ੩

## ੧ ਓ ਸਤਿਗੁਰ ਪ੍ਰਸਾਦਿ ॥

**ਮੀਤਾ ਐਸੇ ਹਰਿ ਜੀਉ ਪਾਏ ॥ ਛੋਡਿ ਨ ਜਾਈ ਸਦ ਹੀ ਸੰਗੇ ਅਨਦਿਨੁ ਗੁਰ ਮਿਲਿ ਗਾਏ ॥੧॥ ਰਹਾਉ॥**

ਹੇ ਮਿੱਤ੍ਰ ਅਸਾਂ ਇੱਕੁਰ ਪ੍ਰਮੇਸਰ ਨੂੰ ਪਾਇਆ ਹੈ ਹੁਣ ਓਹ ਰਾਤ ਦਿਨ ਮੇਰੇ ਨਾਲ ਹੀ ਰਹਿੰਦਾ ਹੈ ਛੱਡਕੇ ਕਿਤੇ ਨਹੀਂ ਜਾਂਦਾ ਹੈ ਉਸੇ

Digitized by Panjab Digital Library | www.panjabdigilib.org

ਪ੍ਰਮੇਸਰ ਦੇ ਗੁਣ ਰਾਤ ਦਿਨੇ ਗੁਰਾਂ ਨਾਲ ਮਿਲਕੇ ਗਾਏ ਹਨ।

**ਮਿਲਿਓ ਮਨੋਹਰੁ ਸਰਬ ਸੁਖੈਨਾ ਤਿਆਗਿ ਨ ਕਤਹੂ ਜਾਏ ॥ ਅਨਿਕ ਅਨਿਕ ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ ਲਾਏ ॥ ੧ ॥**

ਸਾਰਿਆਂ ਸੁਖਾਂ ਦਾ ਘਰ ਮਨ ਨੂੰ ਹਰਨ ਵਾਲਾ ਪਿਆਰਾ ਮੈਨੂੰ ਮਿਲਿਆ ਹੈ ਓਹ ਮੈਨੂੰ ਹੁਣ ਛੱਡਕੇ ਕਿਤੇ ਨਹੀਂ ਜਾਂਦਾ ਹੈ, ਮੈਂ ਅਨੇਕਾਂ ਹੀ ਪਦਾਰਥ ਅਨੇਕਾਂ ਤਰਾਂ ਦੇ ਬਹੁਤ ਸਾਰਾ ਸਮਾਂ ਵੇਖੇ ਹਨ ਪਰ ਮੇਰੇ ਪ੍ਰਮੇਸਰ ਪਿਆਰੇ ਦੇ ਇਕ ਵਾਲ ਦੇ ਬਰਾਬਰ ਵੀ ਨਹੀਂ ਲੱਗ ਸਕਦੇ ਹਨ।

**ਮੰਦਰਿ ਭਾਗੁ ਸੋਭ ਦੁਆਰੈ ਅਨਹਤ ਰੁਣੁਝੁਣੁ ਲਾਏ ॥ ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ ਥੀਤੇ ਸਦ ਥਾਏ ॥ ੨ ॥ ੧ ॥ ੨੭ ॥**

ਮੰਦਿਰ ਭਾਗ=ਜਿਸਤਰਾਂ ਵੱਡਾ ਮਕਾਨ ਇਕ ਥਾਂ ਟਿਕਿਆ ਰਹਿੰਦਾ ਹੈ ਏਸੇਤਰਾਂ ਅਸੀਂ ਭਾਗਾਂ ਭਾਵ ਪੁੰਨਾਂ ਦਾ ਆਸਰਾ ਹੋ ਗਏ ਹਾਂ ਸੰਤਾਂ ਦੇ ਜਾਂ ਪ੍ਰਮੇਸਰ ਦੇ ਦਰਵਾਜੇ ਸਾਡੀ ਸੋਭਾ ਹੋ ਰਹੀ ਹੈ। ਅਨਹਤ=ਲਗਾਤਾਰ ਰੁਣਝੁਣ=ਅਨੰਦ ਰੂਪ ਵਾਲੇ ਵਿੱਚ ਬ੍ਰਿਤੀ ਲਗਾ ਰਹੇ ਹਾਂ। ਗੁਰੂ ਜੀ ਹੁਣ ਅਸੀ ਰੋਜ ਹੀ ਅਨੰਦ ਨੂੰ ਮਾਣਦੇ ਹਾਂ ਅਤੇ ਸਾਡਾ ਪਿਆਰਾ ਪਤੀ ਰਿਦੇ ਰੂਪ ਘਰ ਵਿੱਚ ਸਦਾ ਹੀ ਥੀਤੇ=ਇਸਥਿਤ ਹੋਇਆ ੨ ਹੈ ਜਾਂ ਥਾਂਏ=ਹੈ ਜਾਂ ਥਾਂ ਵਿੱਚ ਟਿਕਿਆ ਹੈ। ਥੀ=ਸੀ। ਤੇ=ਉਤੇ ਭਾਵ ਰਿਦੇ ਰੂਪ ਥਾਂ ਵਿੱਚ ਸਦਾ ਟਿਕਿਆ ਹੈ।

## ਦੇਵ ਗੰਧਾਰੀ ੫ ॥

**ਦਰਸਨ ਨਾਮ ਕਉ ਮਨੁ ਆਛੈ॥ ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ॥੧॥ਰਹਾਉ॥**

ਮੇਰਾ ਮਨ ਜਪਣ ਨੂੰ ਅਤੇ ਮਾਲਕ ਦੇ ਦਰਸ਼ਨ ਕਰਨ ਨੂੰ ਆਛੈ=ਚਾਹੁੰਦਾ ਹੈ ਹੇ ਭਰਾਓ ਮੈਂ ਸਾਰਿਆਂ ਥਾਵਾਂ ਵਿੱਚੋਂ ਭਰਮਕੇ ਆਇਆ ਹਾਂ ਅਤੇ ਹੁਣ ਸੰਤਾਂ ਦੇ ਪਿੱਛੇ ਆ ਪਿਆ ਹਾਂ।

**ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ॥ਸਾਧ ਸੰਗਤਿ ਕੀ ਸਰਨੀ ਪਰੀਐ ਚਰਣ ਰੇਨੁ ਮਨੁ**

Digitized by Panjab Digital Library | www.panjabdigilib.org

**ਬਾਛੈ ॥ ੧ ॥**

ਵਾਹਿਗੁਰੂ ਨੂੰ ਛੱਡਕੇ ਹੁਣ ਮੈਂ ਦੂਸਰੇ ਕਿਸਦੀ ਸੇਵਾ ਕਰਾਂ ਤੇ ਕਿਸਦਾ ਅਰਾਧਣ ਕਰਾਂ ? ਜੇਹੜਾ ੨ ਨਜ਼ਰ ਆਉਂਦਾ ਹੈ ਸੋ ਗਾਛੈ=ਚਲਿਆ ਜਾਣ ਵਾਲਾ ਭਾਵ ਨਾਸਵੰਤ ਹੈ, ਇਸ ਲਈ ਮੈਂ ਸਾਧ ਸੰਗਤ ਦੀ ਸ਼ਰਨ ਵਿਚ ਪੈ ਰਿਹਾ ਹਾਂ ਜਾਂ ਪੈ ਰਹੀਏ ਅਤੇ ਸੰਤਾਂ ਦੀ ਚਰਨ ਧੂੜ ਨੂੰ ਲੋਣਾਂ ਕਰੀਏ ਏਹੋ ਹੀ ਮੇਰਾ ਮਨ ਬਾਛੈ=ਚਾਹੁੰਦਾ ਭਾਵ ਲੋੜਦਾ ਹੈ ।

**ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ ਮਾਇਆਛੈ ॥ ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ ॥ ੨ ॥ ੨ ॥ ੨੮ ॥**

ਮੈਂ ਕੋਈ ਜੁਗਤੀ ਵੀ ਨਹੀਂ ਜਾਣਦਾ ਹਾਂ ਅਤੇ ਮੇਰੇ ਵਿਚ ਕੋਈ ਗੁਣ ਵੀ ਨਹੀਂ ਹੈ ਇਹ ਮਾਇਆ ਵੱਡੀ ਭਾਰੀ ਦੁਤਰ=ਔਖੀ ਹੈ ਇਸਤੋਂ ਪਾਰ ਹੋਣਾਂ ਬੜਾ ਔਖਾ ਹੈ । ਗੁਰੂ ਜੀ=ਜਦੋਂ ਮੈਂ ਗੁਰਾਂ ਦੇ ਚਰਨਾਂ ਵਿਚ ਆ ਪਿਆ ਤਦ ਤੋਂ ਤੇਰੀ ਦੁਰਾਛੈ=ਖੋਟੀ ਵਾਸ਼ਨਾਂ ਸਾਰੀ ਉਤਰ ਗਈ ਹੈ ।

## ਦੇਵ ਗੰਧਾਰੀ ੫ ॥

**ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥ ਅਤਿ ਸੁੰਦਰ ਮਨ ਮੋਹਨ ਪਿਆਰੇ ਸਭਹੂ ਮਧਿ ਨਿਰਾਰੇ ॥ ੧ ॥ ਰਹਾਉ ॥**

ਹੇ ਪਿਆਰੇ ਵਾਹਿਗੁਰੂ ਤੇਰੇ ਬਚਨ ਅੰਮ੍ਰਿਤ ਵਰਗੇ ਹਨ । ਹੇ ਬਹੁਤ ਹੀ ਸੁੰਦਰ ਸਰੂਪ ਵਾਲੇ ਪਿਆਰੇ ਮਨ ਮੋਹਨ ! ਆਪ ਸਾਰਿਆਂ ਜੀਆਂ ਦੇ ਮਧਿ=ਵਿਚਕਾਰ ਵੀ ਹੈਂ ਅਤੇ ਵੱਖਰੇ ਵੀ ਹੋ ਜਾਂ ਸਾਰਿਆਂ ਵਿਚ ਹੁੰਦੇ ਹੀ ਵੱਖਰੇ ਹੋ ਜੀਆਂ ਵਰਗਾ ਤੁਹਾਨੂੰ ਕੋਈ ਦੋਸ਼ ਨਹੀਂ ਲਗਦਾ ਹੈ ।

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੁਹਿ ਠਾਕੁਰ ਹੀ ਦਰਸਾਰੇ ॥ ੧ ॥**

ਹੇ ਪ੍ਰਮੇਸਰਾ ਨ ਮੈਂ ਰਾਜ ਚਾਹੁੰਦਾ ਹਾਂ ਨ ਮੁਕਤੀ ਚਾਹੁੰਦਾ ਹਾਂ ਮੈਂ ਤਾਂ ਏਹੋ ਹੀ ਚਾਹੁੰਦਾ ਹਾਂ ਕਿ ਮੇਰੇ ਮਨ ਵਿਚ ਆਪਦੇ ਚਰਨਾਂ ਕਮਲਾਂ ਦੀ ਪ੍ਰੀਤੀ ਬਣੀ ਰਹੇ । ਬ੍ਰਹਮਾਂ ਸ਼ਿਵਜੀ ਸਿਧ ਮੁਨੀ ਅਤੇ ਇੰਦਰ ਆਦਿਕ ਦੇਵਤਿਆਂ ਦਾ ਟੋਲਾ ਹੇ ਮਾਲਕਾ ਮੈਨੂੰ ਤਾਂ ਸਾਰਾ ਰੂਪ ਤੇਰਾ ਹੀ ਨਜ਼ਰ ਆਉਂਦਾ ਹੈ ਜਾਂ ਹੇ ਮਾਲਕਾ ਸਾਰਿਆਂ ਰੂਪਾਂ ਵਿਚ ਆਪ ਨੂੰ ਵੇਖਦਾ ਹਾਂ ਭਾਵ ਦੇਵਤਿਆਂ

Digitized by Panjab Digital Library | www.panjabdigilib.org

ਨੂੰ ਛੱਡਕੇ ਮੈਂ ਤੇਰੀ ਸੇਵਾ ਕਰਦਾ ਹਾਂ।

**ਦੀਨੁ ਦੁਆਰੈ ਆਇਓ ਠਾਕੁਰ ਸਰਨਿ ਪਰਿਓ ਸੰਤ ਹਾਰੇ ॥ ਕਹੁ ਨਾਨਕ ਪ੍ਰਭ ਮਿਲੇ ਮਨੋਹਰ ਮਨੁ ਸੀਤਲ ਬਿਗਸਾਰੇ ॥ ੨ ॥ ੩ ॥ ੨੯ ॥**

ਹੇ ਮਾਲਕਾ ਮੈਂ ਗਰੀਬ ਆਪਦੇ ਦਰਵਾਜੇ ਆਇਆ ਹਾਂ ਅਤੇ ਹਾਰਕੇ ਤੇਰੇ ਸੰਤਾਂ ਦੀ ਸ਼ਰਨ ਪਿਆ ਹਾਂ। ਗੁਰੂ ਜੀ=ਹੇ ਮਨ ਦੇ ਹਰਨ ਵਾਲਿਆ ਮਾਲਕਾ ਜਦੋਂ ਤੂੰ ਮੈਨੂੰ ਮਿਲਿਆ ਹੈਂ ਤਾਂ ਮੇਰਾ ਮਨ ਸੀਤਲ ਹੋਕੇ ਖਿੜ ਪਿਆ ਹੈ।

## ਦੇਵਗੰਧਾਰੀ ਮਹਲਾ ੫ ॥

**ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥ ਦੀਨ ਦਇਆਲ ਭਏ ਪ੍ਰਭ ਅਪਨੇ ਬਹੁੜਿ ਜਨਮਿ ਨਹੀ ਮਾਰਿਓ ॥ ੧ ॥ ਰਹਾਉ ॥**

ਜਿਸ ਸੇਵਕ ਨੇ ਪ੍ਰਮੇਸਰ ਨੂੰ ਜਪਿਆ ਹੈ ਜਾਂ ਪ੍ਰਮੇਸਰ ਦੇ ਜਪਨੇ ਤੇਸੇਵਕ ਨੂੰ ਸੰਸਾਰ ਸਮੁੰਦਰ ਤੋਂ ਪਾਰ ਉਤਾਰਿਆ ਹੈ। ਜਿਸ ਦੇ ਉਤੇ ਮੇਰੇ ਅਪਨੇ ਮਾਲਕ ਜੀ ਦਿਆਲੂ ਹੋਏ ਹਨ ਫਿਰ ਉਸ ਆਦਮੀ ਨੂੰ ਨ ਜਨਮ ਹੀ ਹੋਇਆ ਹੈ ਅਤੇ ਨਾ ਹੀ ਉਸਨੂੰ ਮਾਰਿਆ ਭਾਵ ਮਰਨਾ ਹੀ ਹੋਇਆ ਹੈ।

**ਸਾਧ ਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ ॥ ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ ॥੧॥**

ਜੇਹੜੇ ਸਾਧੂਆਂ ਦੇ ਸਤਸੰਗ ਵਿਚ ਰਲ ਮਿਲਕੇ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ ਓਨਾਂ ਨੇ ਰਤਨ ਰੂਪ ਮਨੁਖ ਜਨਮ ਨੂੰ ਹਾਰਿਆ ਨਹੀਂ ਹੈ। ਮਾਲਕ ਦੇ ਗੁਣ ਗਾਕੇ ਵਿਹੁ ਰੂਪ ਸੰਸਾਰ ਸਮੁੰਦਰ ਦਾ ਬਨੁ=ਪਾਣੀ ਤਰ ਲਿਆ ਹੈ ਜਾਂ ਜੰਗਲ ਵਿਚੋਂ ਲੰਘ ਗਏ ਹਨ ਅਤੇ ਸਾਰਿਆਂ ਕੁਲਾਂ ਦਾ ਉਧਾਰ ਕਰ ਲਿਆ ਹੈ।

**ਚਰਨ ਕਮਲ ਬਸਿਆ ਰਿਦ ਭੀਤਰਿ ਸਾਸਿ ਗਿਰਾਸਿ ਉਚਾਰਿਓ ॥ ਨਾਨਕ ਓਟ ਗਹੀ ਜਗਦੀਸੁਰ ਪੁਨਹ ਪੁਨਹ ਬਲਿਹਾਰਿਓ ॥ ੨ ॥ ੪ ॥ ੩੦ ॥**

Digitized by Panjab Digital Library | www.panjabdigilib.org

ਉਨਾਂ ਦੇ ਰਿਦੇ ਵਿਚ ਪ੍ਰਮੇਸਰ ਦੇ ਚਰਨਾਂ ਕਮਲਾਂ ਦਾ ਪ੍ਰੇਮ ਵਸਿਆ ਹੈ ਤੇ ਸਾਸ ਗਿਰਾਸ ਨਾਮ ਦਾ ਉਚਾਰਨਾ ਕੀਤਾ ਹੈ। ਗੁਰੂ ਜੀ=ਜਿਨ੍ਹਾਂ ਨੇ ਜਗਤ ਦੇ ਈਸ੍ਵਰ ਦੀ ਸ਼ਰਨ ਫੜੀ ਹੈ ਮੈਂ ਉਨਾਂ ਤੋਂ ਮੁੜ ਮੁੜ ਬਲਿਹਾਰ ਜਾਂਦਾ ਹਾਂ ।

## ਰਾਗੁ ਦੇਵ ਗੰਧਾਰੀ ਮਹਲਾ ੫ ਘਰੁ ੪

## ੧ ਓ ਸਤਿਗੁਰਪ੍ਰਸਾਦਿ ॥

### ਕਰਤ ਫਿਰੇ ਬਨ ਭੇਖ ਮੋਹਨ ਰਹਤ ਨਿਰਾਰ ॥ ੧ ॥ ਰਹਾਉ ॥

ਜੇਹੜੇ ਪਖੰਡ ਕਰਕੇ ਬਹੁਤਿਆਂ ਭੇਖਾਂ ਨੂੰ ਧਾਰਨ ਕਰਦੇ ਫਿਰਦੇ ਹਨ ਅਤੇ ਜੰਗਲਾਂ ਵਿਚ ਭੌਂਦੇ ਫਿਰਦੇ ਹਨ ਪਰ ਮੋਹਨ ਪਿਆਰਾ ਉਨਾਂ ਤੋਂ ਵਖਰਾ ਰਹਿੰਦਾ ਹੈ ।

### ਕਥਨ ਸੁਨਾਵਨ ਗੀਤ ਨੀਕੇ ਗਾਵਨ ਮ.. ਮਹਿ ਧਰਤੇ ਗਾਰ ॥ ੧ ॥

ਬੜੇ ਸੁੰ.ਰ ਗੀਤ ਗਾਂਦੇ ਹਨ ਸੁੰਦਰ ਕਥਾ ਸੁਣੌਂਦੇ ਹਨ ਅਤੇ ਮਨ ਵਿਚ ਗਾ.=ਗਰਬ ਭਾਵ ਹੰਕਾਰ ਨੂੰ ਧਾਰਨ ਕਰਦੇ ਹਨ ।

### ਅਤਿ ਸੁੰਦਰ ਬਹੁ ਚਤੁਰ ਸਿਆਨੇ ਬਿਦਿਆ ਰਸਨਾ ਚਾਰ ॥ ੨ ॥

ਜਿਨਾਂ ਦਾ ਕਰਤਬ ਬੜਾ ਸੁੰਦਰ ਹੈ ਅਤੇ ਸਿਆਣਿਆਂ ਤੋਂ ਵੀ ਬੜੇ ਸਿਆਣੇ ਭਾਵ ਪ੍ਰਸ਼ਨੋਤ੍ਰੀ ਵਿਚ ਗੱਲ ਨਹੀਂ ਕਰਨ ਦੇਂਦੇ ਅਤੇ ਚਹੁੰਆਂ ਵੇਦਾਂ ਦੀ ਵਿਦਯਾ ਜਿਨਾਂ ਦੀ ਜਬਾਨ ਉਤੇ ਵੱਸਦੀ ਹੈ ਜਾਂ ਜ਼ਬਾਨ ਦੀ ਵਿਦਯਾ ਭਾਵ ਕੰਠ ਕਰਨ ਵਿਚ ਬੜੇ ਸੁੰਦਰ ਹਨ ਭਾਵ ਛੇਤੀ ਕੰਠ ਕਰ ਲੈਂਦੇ ਹਨ ਇਹ ਗੱਲਾਂ ਤਾਂ ਬਹੁਤ ਸੁਖੱਲੀਆਂ ਹਨ ।

### ਮਾਨ ਮੋਹ ਮੇਰਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ ॥ ੩ ॥

ਪਰ ਹੰਕਾਰ ਤੇ ਮੋਹ ਤੋਂ ਰਹਿਤ ਹੋਣਾ ਤੇ ਮੇ. ਤੇਰ ਤੋਂ ਮਨ ਨੂੰ ਰੋਕਣਾ ਇਹ ਜੇਹੜਾ ਰਸਤਾ ਹੈ ਇਹ ਤਲਵਾਰ ਦੀ ਧਾਰ ਵਰਗਾ ਹੈ ਭਾਵ ਜਿਸਤਰਾਂ

Digitized by Panjab Digital Library | www.panjabdigilib.org

ਕੋਈ ਤਲਵਾਰ ਉਤੇ ਨਹੀਂ ਤੁਰ ਸੱਕਦਾ ਹੈ ਏਸੇ ਤਰਾਂ ਇਹ ਰਸਤਾ ਔਖਾ ਹੈ।

**ਕਹੁ ਨਾਨਕ ਤਿਨ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ ॥ ੪ ॥ ੧ ॥ ੩੧ ॥**

ਗੁਰੂ ਜੀ=ਜਿਨਾਂ ਨੂੰ ਸੰਤਾਂ ਦਾ ਸਤਸੰਗ ਤੇ ਮਾਲਕ ਦੀ ਕਿਰਪਾ ਹੋਈ ਹੈ ਓਹੋ ਹੀ ਸੰਸਾਰ ਸਮੁੰਦ੍ਰ ਤੋਂ ਤਰ ਗਏ ਹਨ।

## ਰਾਗੁ ਦੇਵਗੰਧਾਰੀ ਮਹਲਾ ੫ ਘਰੁ ੫ ॥

## ੧ ਓ ਸਤਿਗੁਰਪ੍ਰਸਾਦਿ ॥

**ਮੈ ਪੇਖਿਓਰੀ ਊਚਾ ਮੋਹਨੁ ਸਭ ਤੇ ਊਚਾ ॥ ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ ।੧।ਰਹਾਉ॥**

(ਨਿੱਕੀ ਤੇ ਵੱਡੀ ਸਖੀ ਦੀ ਪ੍ਰਸ਼ੋਨਤ੍ਰੀ ਹੈ)

ਹੇ ਸਖੀ ਜੇਹੜਾ ਉੱਚਾ ਮੋਹਨ ਹੈ ਉਸਨੂੰ ਮੈਂ ਸਾਰਿਆਂ ਤੋਂ ਉਚਾ ਭਾਵ ਬੜਾ ਵੱਡਾ ਵੇਖਿਆ ਹੈ ਹੋਰ ਕੋਈ ਮੋਹਨ ਦੇ ਬਰਾਬਰ ਨਹੀਂ ਲੱਗਦਾ ਹੈ ਅਤੇ ਮੂਚਾ=ਬਹੁਤ ਸਾਰਾ ਸਮਾਂ ਲੱਭਦੇ ਰਹੇ ਹਾਂ।

**ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ॥ ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ ॥ ੧ ॥**

ਬਹੁਤ ਹੀ ਵੱਡਾ ਬਿਅੰਤ ਤੇ ਗਾਹਰੋ=ਡੂੰਘਾ ਹੈ ਉਸਦਾ ਥਾਹ=ਹਾਥ ਨਹੀਂ ਹੈ ਅਤੇ ਨ ਅਗਹੂਚਾ=ਫੜਿਆ ਹੀ ਜਾਂਦਾ ਹੈ ਤੇ ਸਾਰਿਆਂ ਤੋਂ ਉਚਾ ਹੈ ਤੋਲਿਆ ਜਾਂ ਤੋਲ ਨਾਲ ਤੋਲਿਆ ਨਹੀ ਜਾਂਦਾ ਹੈ ਅਤੇ ਮੁਲ ਕਰਨ ਨਾਲ ਮੁੱਲ ਨਹੀਂ ਕੀਤਾ ਜਾਂਦਾ ਹੈ ਇੱਕੁਰ ਦਾ ਮਨ ਨੂੰ ਰਚਦਾ ਹੋਇਆ ਜਾਂ ਮੇਰੇ ਮਨ ਨੂੰ ਰੁਚਾ=ਬੜੀ ਲੋੜ ਹੈ ਸੋ ਓਹ ਪਿਆਰਾ ਕਿਸਤਰਾਂ ਜਾਂ ਕਿੱਥੋਂ ਪਾਈਏ?

**ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ॥ ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ ਭੂੰਚਾ ॥ ੨ ॥ ੧ ॥ ੩੨ ॥**

Digitized by Panjab Digital Library | www.panjabdigilib.org

ਅਸੰਖ=ਪ੍ਰਮੇਸ਼ਰ ਦੇ ਅਨੇਕਾਂ ਹੀ ਤਪੀਸ੍ਰਰ ਜਾਂ ਅਨੇਕਾਂ ਰਸਤਿਆਂ ਕਰਕੇ ਅਸੰਖਾਂ ਹੀ ਲੱਭਦੇ ਫਿਰਦੇ ਹਨ, ਪਰ ਗੁਰਾਂ ਤੋਂ ਬਿਨਾਂ ਕੋਈ ਨਹੀਂ ਪੁੱਜਿਆ ਹੈ, ਗੁਰੂ ਜੀ=ਜਦੋਂ ਜਾਂ ਜਿਸ ਦੇ ਉਤੇ ਮਾਲਕ ਨੇ ਕਿਰਪਾ ਕੀਤੀ ਹੈ ਤਦੋਂ ਜਾਂ ਉਸਨੇ ਸਾਧੂਆਂ ਦੇ ਸਤਸੰਗ ਵਿਚ ਰਲ ਮਿਲਕੇ ਪ੍ਰਮੇਸ਼ਰ ਦੇ ਅਨੰਦ ਨੂੰ ਭੋਗਿਆ ਹੈ ।

## ਦੇਵਗੰਧਾਰੀਮਹਲਾ ੫ ॥

**ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ ॥ ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਊ ॥ ੧ ॥ ਰਹਾਉ ॥**

ਮੈਂ ਬਹੁਤ ਤਰਾਂ ਨਾਲ ਵੇਖਿਆ ਹੈ ਪ੍ਰਮੇਸ਼ਰ ਤੋਂ ਬਿਨਾਂ ਦੂਸਰਾ ਕੋਈ ਨਹੀਂ ਹੈ, ਸਾਰਿਆਂ ਖੰਡਾਂ ਤੇ ਦੀਪਾਂ ਵਿਚ ਫੈਲਿਆ ਜਾਂ ਮਿਲਿਆ ਹੋਇਆ ਹੈ ਅਤੇ ਸਾਰਿਆਂ ਲੋਕਾਂ ਵਿਚ ਪੂਰਨ ਹੋਇਆ ੨ ਹੈ ।

**ਅਗਮ ਅਗੰਮਾ ਕਵਨ ਮਹਿੰਮਾ ਮਨੁ ਜੀਵੈ ਸੁਨਿ ਸੋਊ ॥ ਚਾਰਿ ਆਸਰਮ ਚਾਰਿ ਬਰੰਨਾ ਮੁਕਤਿ ਭਏ ਸੇਵ ਤੋਊ ॥੧॥**

ਬਿਅੰਤ ਤੋਂ ਬਿਅੰਤ ਹੈ ਜਾਂ ਵੱਡਿਆਂ ੨ ਦੇਵਤਿਆਂ ਤੋਂ ਵੀ ਬੜਾ ਵੱਡਾ ਹੈ ਉਸਦੀ ਮਹਿੰਮਾ ਕਿਸਤਰ੍ਹਾਂ ਆਖੀ ਜਾਵੇ? ਉਸ ਦੀ ਸੋਭਾ ਨੂੰ ਸੁਣਕੇ ਮੇਰਾ ਮਨ ਜੀਉਂਦਾ ਹੈ, ਬ੍ਰਹਮਚਰਜ, ਗ੍ਰਹਸਤ, ਬਾਣਪ੍ਰਸਤ, ਸੰਨਿਆਸ, ਚਾਰੇ ਆਸ਼੍ਰਮ ਤੇ ਬ੍ਰਾਹਮਣ, ਖੱਤ੍ਰੀ, ਬੈਸ, ਸੂਦ੍ਰ ਚਾਰੇ ਵਰਨ ਉਸ ਦੀ ਸੇਵਾ ਕਰਕੇ ਮੁਕਤ ਹੋ ਗਏ ਹਨ ।

**ਗੁਰ ਸਬਦੁ ਦ੍ਰਿੜਾਇਆ ਪਰਮਪਦੁ ਪਾਇਆ ਦੁਤੀਅ ਗਏ ਸੁਖ ਹੋਊ ॥ ਕਹੁ ਨਾਨਕ ਭਵਸਾਗਰੁ ਤਰਿਆ ਹਰਿ ਨਿਧਿ ਪਾਈ ਸਹਜੋਊ ॥੨॥੨॥੩੩॥**

ਜਦੋਂ ਗੁਰਾਂ ਨੇ ਉਪਦੇਸ਼ ਪੱਕਾ ਕਰਾਇਆ ਤਾਂ ਅਸਾਂ ਪਰਮ ਪਦ=ਉੱਚਾ ਮਰਾਤਬਾ ਪਾ ਲਿਆ ਅਤੇ ਦੂਸਰੇ ਖਿਆਲ ਵੱਲੋਂ ਹਟ ਗਏ ਤੇ ਤਾਂ ਬੜਾ ਸੁਖ ਹੋਇਆ, ਗੁਰੂ ਜੀ=ਮੈਂ ਸਹਿਜੇ ਹੀ ਪ੍ਰਮੇਸਰ ਰੂਪ ਨਿਧੀ ਪਾਈ ਹੈ ਅਤੇ ਸੰਸਾਰ ਸਮੁੰਦਰ ਤੋਂ ਤਰ ਗਿਆ ਹਾਂ ।

Digitized by Panjab Digital Library | www.panjabdigilib.org

# ਰਾਗੁ ਦੇਵ ਗੰਧਾਰੀ ਮਹਲਾ ੫ ਘਰੁ ੬

## ੧ ਓ ਸਤਿਗੁਰਪ੍ਰਸਾਦਿ ॥

**ਏਕੈ ਰੇ ਹਰਿ ਏਕੈ ਜਾਨ ॥ ਏਕੈ ਰੇ ਗੁਰਮੁਖਿ ਜਾਨ ॥ ੧ ॥ ਰਹਾਉ ॥**

ਹੇ ਭਰਾਓ ਪ੍ਰਮੇਸਰ ਇਕ ਹੈ ਉਸ ਨੂੰ ਇਕ ਹੀ ਸਮਝੋ ਭਾਵ ਗੁਰਾਂ ਪਾਸੋਂ ਪੁੱਛਕੇ ਇਕ ਸਮਝੋ ਤਾਂ ਇਕ ਨੂੰ ਜਾਣ ਲਓਗੇ।

**ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ ॥ ੧ ॥**

ਹੇ ਭਰਾਓ ! ਕਿਸ ਲਈ ਭੌਂਦੇ ਹੋ ਤੁਸੀ ਆਖੇ ਲੱਗੋ ਨ ਭੌਂਦੇ ਫਿਰੋ। ਹੇ ਭਰਾਓ ਓਹ ਸਾਰਿਆਂ ਥਾਵਾਂ ਵਿੱਚ ਮਿਲਿਆ ਹੋਇਆ ਹੈ ਸੱਚ ਸਮਝੋ ਮਿਲਿਆ ਹੋਇਆ ਹੈ "ਬਾਰ ਬਾਰ ਆਖਣ ਨਾਲ ਪੱਕਾ ਕਰਾਇਆ ਜਾਂਦਾ ਹੈ ਪੁਨਰੁਕਤਿ ਦੋਸ਼ ਨਹੀਂ ਹੈ"।

**ਜਿਉ ਬੈਸੰਤਰੁ ਕਾਸਟ ਮਝਾਰਿ ਬਿਨੁ ਸੰਜਮ ਨਹੀ ਕਾਰਜ ਸਾਰਿ ॥ ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥ ਮਿਲਿ ਸੰਗਤਿ ਤਜਿ ਅਭਿਮਾ ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥੨॥੧॥੩੪॥**

ਜਿਸਤਰਾਂ ਲੱਕੜ ਵਿੱਚ ਅੱਗ ਤਾਂ ਹੈ ਪਰ ਦੋ ਲੱਕੜਾਂ ਨੂੰ ਰਗੜਨ ਨਾਲ ਅੱਗ ਨਿਕਲਦੀ ਹੈ ਤੇ ਤਾਂ ਕੰਮ ਸਵਾਰਦੀ ਹੈ ਤੇ ਬਿਨਾਂ ਤਰੀਕੇ ਤੋਂ ਕੰਮ ਨਹੀਂ ਸਵਾਰ ਸੱਕਦੀ ਹੈ, ਇਕੁਰ ਹੀ ਭਾਵੇਂ ਪ੍ਰਮੇਸਰ ਸਾਰਿਆਂ ਦੇ ਅੰਦਰ ਮਿਲਿਆ ਹੋਇਆ ਹੈ ਪਰ ਗੁਰਾਂ ਤੋਂ ਬਿਨਾਂ ਜੀਵ ਪ੍ਰਮੇਸਰ ਜੀ ਦੇ ਦੁਆਰੇ ਗਿਆਨ ਨਹੀਂ ਪਾਵੇਗਾ ਜਾਂ ਪਾਂਦਾ ਹੈ, ਇਸ ਲਈ ਗੁਰਾਂ ਦੀ ਸੰਗਤ ਵਿੱਚ ਮਿਲਕੇ ਆਦਮੀ ਜਦੋਂ ਦੇਹ ਹੰਕਾਰ ਨੂੰ ਛੱਡ ਦੇਵੇ ਤਾਂ ਗੁਰੂ ਜੀ=ਸਿਖ ਪਰਮ ਖਜਾਨੇ ਪ੍ਰਮੇਸਰ ਨੂੰ ਪਾਵੇਗਾ ਜਾਂ ਪਾਂਦਾ ਹੈ।

## ਦੇਵ ਗੰਧਾਰੀ ੫ ॥

**ਜਾਨੀ ਨ ਜਾਈ ਤਾਕੀ ਗਾਤਿ ॥੧॥ ਰਹਾਉ ॥**

Digitized by Panjab Digital Library | www.panjabdigilib.org

ਉਸ ਪ੍ਰਮੇਸਰ ਦੀ ਗਤੀ ਨਹੀਂ ਜਾਣੀ ਜਾਂਦੀ ਹੈ।

**ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ ॥ ੧ ॥**

ਮੈਂ ਅਪਣੀ ਚਤੁਰਾਈ ਕਰਕੇ ਕਿਸ ਨੂੰ ਪੇਖਾਰਉ=ਵਿਖਾਵਾਂ ? ਕਹਨ ਕਹਾਤਿ=ਕਹਿਣ ਵਾਲੇ ਤੇ ਕਹਾਉਣ ਵਾਲੇ ਭਾਵ ਸੁਨਣ ਵਾਲੇ ਅਸਚਰਜ ਤੋਂ ਅਸਚਰਜ ਹੋ ਰਹੇ ਹਨ।

**ਗਣ ਗੰਧਰਬ ਸਿਧ ਅਰੁ ਸਾਧਿਕ ॥ ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥ ਚਤੁਰ ਬੇਦ ਉਚਰਤ ਦਿਨੁ ਰਾਤਿ ॥ ਅਗਮ ਅਗਮ ਠਾਕੁਰੁ ਆਗਾਧਿ ॥ ਗੁਨ ਬੇਅੰਤ ਬੇਅੰਤ ਭਨੁ ਨਾਨਕ ਕਹਨੁ ਨ ਜਾਈ ਪਰੈ ਪਰਾਤਿ ॥੨॥੨॥੩੫॥**

ਜਿਤਨੇ ਭੈਰੋਂ ਆਦਿਕ ਸ਼ਿਵਜੀ ਦੇ ਨੰਦੀ ਆਦਕ ਗਣ ਹਨ ਅਤੇ ਹਾਹਾ ਹੂਹੂ ਆਦਕ ਜਿਤਨੇ ਦੇਵਤਿਆਂ ਦੇ ਰਾਗੀ ਹਨ ਅਤੇ ਜਿਤਨੇ ਸਿੱਧੀਆਂ ਨੂੰ ਸਾਧਨ ਵਾਲੇ ਹਨ ਤੇ ਨਿਕੇ ਵੱਡੇ ਜਿਤਨੇ ਦੇਵਤੇ ਹਨ ਤੇ ਜਿਤਨੇ ਆਦਮੀ ਹਨ ਬ੍ਰਾਹਮਣ ਤੇ ਬ੍ਰਹਮਾਂ ਆਦਕ ਜਿਤਨੇ ਹਨ ਚਾਰੇ ਵੇਦਾਂ ਦੇ ਕਰਤਾ ਸਾਰੇ ਦਿਨ ਰਾਤ ਬਿਅੰਤ ੨ ਕਰਦੇ ਉਸਤਤਿ ਕਰਦੇ ਰਹਿੰਦੇ ਹਨ ਕੀ ਆਖਦੇ ਹਨ ਕਿ ਮਾਲਕ ਬੜਾ ਬਿਅੰਤ ੨ ਹੈ ਮਨ ਬਾਣੀ ਤੋਂ ਪਰੇ ਬੜਾ ਔਖਾ ਹੈ ਗੁਰੂ ਜੀ=ਇੱਕੁਰ ਦੇ ਬਿਅੰਤ ਪ੍ਰਮੇਸਰ ਦੇ ਗੁਣ ਵੀ ਬਿਅੰਤ ਹਨ ਆਖੇ ਨਹੀਂ ਜਾਂਦੇ ਹਨ ਪਰੇ ਤੋਂ ਵੀ ਪਰੇ ਹਨ ਭਾਵ ਬਹੁਤ ਦੂਰ ਬਿਅੰਤ ਹਨ।

## ਦੇਵ ਗੰਧਾਰੀ ਮਹਲਾ ੫ ॥

**ਧਿਆਏ ਗਾਏ ਕਰਨੈ ਹਾਰ ॥ ਭਉ ਨਾਹੀ ਸੁਖ ਸਹਜ ਅਨੰਦਾ ਅਨਿਕ ਓਹੀ ਰੇ ਏਕ ਸਮਾਰ ॥ ੧ ॥ ਰਹਾਉ ॥**

ਜਗਤ ਦੇ ਕਰਤਾ ਪ੍ਰਮੇਸਰ ਨੂੰ ਰਿਦੇ ਵਿੱਚ ਧਿਆਇਆ ਹੈ ਬਾਣੀ ਕਰਕੇ ਓਸੇ ਨੂੰ ਗਾਇਆ ਹੈ ਹੇ ਭਰਾ ਹੁਣ ਸਾਨੂੰ ਕਿਸੇ ਦਾ ਡਰ ਨਹੀਂ ਰਿਹਾ ਹੈ, ਮਨ ਦਾ ਸੁਖ ਤੇ ਵਿਹਾਰਾਂ ਦਾ ਸੁਖ ਆ ਮਿਲਿਆ ਹੈ ਹਰ ਤਰਾਂ ਨਾਲ

Digitized by Panjab Digital Library | www.panjabdigilib.org

ਸ਼ਾਂਤੀ ਅਨੰਦ ਹੈ ਅਨੇਕਾਂ ਜੀਆਂ ਵਿੱਚ ਇਕ ਓਹੋ ਹੀ ਸੰਭਲ ਭਾਵ ਵੇਖਦੇ ਰਹਿੰਦੇ ਹਾਂ।

**ਸਫਲ ਮੂਰਤਿ ਗੁਰੁ ਮੇਰੈ ਮਾਥੈ ॥ ਜਤ ਕਤ ਪੇਖਉ ਤਤ ਤਤ ਸਾਥੈ॥ ਚਰਨ ਕਮਲ ਮੇਰੇ ਪ੍ਰਾਨ ਅਧਾਰ ॥੧॥**

ਜਦੋਂ ਤੋਂ ਸਫਲ ਮੂਰਤੀ ਵਾਲੇ ਗੁਰੂ ਨੇ ਮੇਰੇ ਮੱਥੇ ਉਤੇ ਹਥ ਧਰਿਆ ਹੈ ਤਦ ਤੋਂ ਮੈਂ ਜਿੱਥੇ ਕਿਤੇ ਵੇਖਦਾ ਹਾਂ ਓਥੇ ਓਥੇ ਹੀ ਪ੍ਰਮੇਸਰ ਮੇਰੇ ਨਾਲ ਹੈ ਉਸਦੇ ਚਰਨ ਕਮਲ ਮੇਰੇ ਪ੍ਰਾਣਾਂ ਦਾ ਆਸਰਾ ਹਨ।

**ਸਮਰਥ ਅਥਾਹ ਬਡਾ ਪ੍ਰਭੁ ਮੇਰਾ॥ਘਟ ਘਟ ਅੰਤਰਿ ਸਾਹਿਬੁ ਨੇਰਾ॥ਤਾਕੀ ਸਰਨਿ ਆਸਰ ਪ੍ਰਭ ਨਾਨਕ ਜਾਕਾ ਅੰਤੁ ਨ ਪਾਰਾਵਾਰ ॥ ੨ ॥ ੩ ॥ ੩੬ ॥**

ਮੇਰਾ ਮਾਲਕ ਸਾਰਿਆਂ ਤੋਂ ਵੱਡਾ ਸਮਰਥ ਤੇ ਅਥਾਹ ਹੈ ਅਤੇ ਸਾਰਿਆਂ ਆਦਮੀਆਂ ਦੇ ਦਿਲਾਂ ਅੰਦਰ ਪੂਰਨ=ਬਰਾਬਰ ਇਕ ਸਮਾਨ ਹੈ, ਏਸੇ ਲਈ ਨੇੜੇ ਸਮਝਿਆ ਹੈ। ਗੁਰੂ ਜੀ=ਜਿਸਦੇ ਪਾਰ ਉਰਾਰ ਦਾ ਅੰਤ ਨਹੀਂ ਹੈ ਉਸ ਮਾਲਕ ਦੀ ਮਨ ਕਰਕੇ ਸ਼ਰਨ ਲਈ ਹੈ ਅਤੇ ਬਾਣੀ ਕਰਕੇ ਆਸਰਾ ਲਿਆ ਹੈ।

## ਦੇਵਗੰਧਾਰੀ ਮਹਲਾ ੫ ॥

**ਉਲਟੀ ਰੇ ਮਨ ਉਲਟੀਰੇ ॥ ਸਾਕਤ ਸਿਉ ਕਰਿ ਉਲਟੀਰੇ ॥ ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀਰੇ ਮਨ ਛੁਟਕੀਰੇ ਸਾਕਤ ਸੰਗਿ ਨ ਛੁਟਕੀਰੇ ॥ ੧ ॥ ਰਹਾਉ ॥**

ਹੇ ਮਨਾ ਤੇਰੀ ਬ੍ਰਿਤੀ ਜਾਂ ਪ੍ਰੀਤੀ ਜੇਹੜੀ ਪ੍ਰਮੇਸਰ ਵਲੋਂ ਉਲਟੀ ਹੋਈ ਹੈ ਉਸਨੂੰ ਉਲਟੀ ਕਰ ਭਾਵ ਸਾਕਤਾਂ ਵਲੋਂ ਮੋੜਕੇ ਪ੍ਰਮੇਸਰ ਵਾਲੇ ਪਾਸੇ ਸਾਹਮਣੀ ਕਰ ਜਾਂ ਮਨ ਬਾਣੀ ਸਰੀਰ ਕਰਕੇ ਹਰਤਰਾਂ ਨਾਲ ਮਨਮੁਖਾਂ ਨਾਲੋਂ ਪ੍ਰੀਤੀ ਤੋੜ ਲੈ। ਹੇ ਮਨ ਇੱਕੁਰ ਦੇ ਝੂਠਿਆਂ ਪਦਾਰਥਾਂ ਦੀ ਪ੍ਰੀਤੀ ਝੂਠੀ ਹੈ ਅਜ ਹੀ ਛੁੱਟ ਜਾਵੇਗੀ ਜਾਂ ਕਲ ਛੁਟ ਜਾਵੇਗੀ ਪਰ ਹੇ ਭਰਾਵਾ ਜੇ ਤੂੰ ਸਾਕਤਾਂ ਦਾ ਸੰਗ ਕਰੇਂਗਾ ਤਾਂ ਤੂੰ ਦੁੱਖਾਂ ਤੋਂ ਨਹੀਂ ਛੁੱਟੇਂਗਾ।

**ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੇ ਕਾਲੂ· ਖੀ ਰੇ॥ਦੂਰਹੁ ਹੀ ਤੇ ਭਾਗਿ ਗਇਓਹੇ ਜਿਸੁ ਗੁਰ ਮਿਲਿ**

Digitized by Panjab Digital Library | www.panjabdigilib.org

## ਛੁਟਕੀ ਤ੍ਰਿਕੁਟੀਰੇ ॥ ੧ ॥

ਕੁਸੰਗੀਆਂ ਦਾ ਸੰਗ ਕਿਸ ਤਰਾਂ ਦਾ ਹੈ?ਜਿਸਤਰਾਂ ਇੱਕ ਵੱਡੇ ਸਾਰੇ ਮਕਾਨ ਨੂੰਕਾਲਖਨਾਲ ਭਰ ਰਖਿਆ ਹੋਵੇ ਉਸ ਵਿਚ ਜੇਹੜਾ ਵੜੇਗਾ ਓਹੋਹੀ ਕਾਲਾ ਹੋ ਜਾਵੇਗਾ ਤਿੱਕੁਰ ਹੀ ਜੇਹੜਾ ਸਾਕਤਾਂ ਦਾ ਸੰਗ ਕਰਦਾ ਹੈ ਓਹੋ ਹੀ ਦੋਸ਼ੀ ਦਾਗੀ ਹੁੰਦਾ ਹੈ ਜਿਸ ਆਦਮੀ ਦੀ ਗੁਰਾਂ ਨਾਲ ਮਿਲਕੇ ਕਰਤਾ,ਕ੍ਰਿਆ ਕਰਮ, ਆਦਿਕ ਤ੍ਰਿਕੁਟੀ ਛਟ ਭਾਵ ਖੁਲ੍ਹ ਗਈ ਹੈ ਉਹ ਦੂਰੋਂ ਹੀ ਸਾਕਤਾਂ ਤੋਂ ਦੌੜ ਗਿਆ ਹੇ ਭਾਵ ਉਹ ਕੁਸੰਗੀਆਂ ਦਾ ਸੰਗ ਨਹੀਂ ਕਰਦਾ ਹੈ।

## ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀਰੇ ॥ ਜਨ ਨਾਨਕ ਦਾਸ ਦਾਸਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥ ੨ ॥ ੪ ॥ ੩੭ ॥

ਹੇ ਪਰਮੇਸਰ ਕ੍ਰਿਪਾਲੂ ਕਿਰਪਾ ਦੀ ਨਿਧੀ ਮੈਂ ਆਪਦੇ ਪਾਸੋਂ ਏਹੋ ਹੀ ਦਾਨ ਮੰਗਦਾ ਹਾਂ ਕਿ ਮੇਰਾ ਮੂੰਹ ਸਾਕਤ ਦੇ ਨਾਲ ਨਾ ਜੁੜੇ ਭਾਵ ਉਸ ਨਾਲ ਕੋਈ ਗਲ ਬਾਤ ਨ ਹੋਵੇ,ਸਾਕਤ ਮੇਰੇ ਮੱਥੇ ਹੀ ਨ ਲੱਗੇ। ਗੁਰੂ ਜੀ= ਮੈਨੂੰ ਦਾਸ ਨੂੰ ਆਪਣਿਆਂ ਦਾਸਾਂ ਦਾ ਦਾਸ ਬਣਾ ਲਓ ਅਤੇ ਮੇਰਾ ਸਿਰ ਸਾਧੂਆਂ ਦੇ ਚਰਨਾਂ ਦੇ ਤਲੇ ਰੁਲਦਾ ਰਹੇ, ਭਾਵ ਮੈਂ ਪੈਰਾਂ ਹੇਠਾਂ ਸਿਰ ਧਰੀ ਰਖਾਂ ।

## ਰਾਗੁ ਦੇਵਗੰਧਾਰੀ ਮਹਲਾ ੫ ਘਰੁ ੭

## ੧ ਓ ਸਤਿਗੁਰਪ੍ਰਸਾਦਿ ॥

## ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ ਬਲਿ ਬਲਿ ਜਾਉ॥ਗਾਵਨ ਭਾਵਨ ਸੰਤਨ ਤੋਰੈ ਚਰਨ ਉਵਾਕੈ ਪਾਉ ॥ ੧ ॥ ਰਹਾਉ ॥

ਬਿਠਲੂ=ਪੂਰਬ ਵਿਚ ਇਕ ਬੀਠਲ ਭਗਤ ਪਰਮੇਸਰ ਦੀ ਮੂਰਤੀ ਹੈ ਉਸਤੋਂ ਪਰਮੇਸਰ ਦਾ ਨਾਮ ਬੀਠਲ ਪਿਆ ਹੈ। ਹੇ ਪਰਮੇਸਰਾ ਇੱਕੁਰ ਦੀ ਕਿਰਪਾ ਕਰ ਕਿ ਸਾਰਿਆਂ ਦਿਨਾਂ ਵਿਚ ਜੇਹੜੇ ਤੇਰੇ ਸੰਤ ਤੇਰਾ ਰਸਤਾ ਵਖਾਉਂਣ ਵਾਲੇ ਹਨ ਤੇ ਸਮਰੱਥ ਹਨ ਮੈਂ ਉਨ੍ਹਾਂ ਦੇ ਉਤੋਂ ਮੁੜ ੨ ਬਲਿਹਾਰ ਜਾਂਦਾ ਹਾਂ। ਹੇ ਪਰਮੇਸਰਾ ਜੇਹੜੇ ਸੰਤ ਤੇਰੇ ਜਸ ਨੂੰ ਗਾਂਵੇ ਹਨ ਉਹ ਤੈ ਨੂੰ

Digitized by Panjab Digital Library | www.panjabdigilib.org

ਭਾਂਡੇ ਹਨ ਮੈਂ ਉਨਾਂ ਦੇ ਚਰਨਾਂ ਨੂੰ ਪਾਵਾਂ ਭਾਵ ਲੱਭਾਂ ਜਾ ਪੁਜ ਜਾਵਾਂ ।

**ਜਾਸਨ ਬਾਸਨ ਸਹਜ ਕੇਲ ਕਰੁਣਾ ਮੈ ਏਕ ਅਨੰਤ ਅਨੂਪੈ ਠਾਉ ॥ ੧ ॥**

ਜਾਸਨ=ਜਿਨ੍ਹਾਂ ਨੂੰ ਸੰਸਾਰ ਦੀ ਬਾਸਨ=ਵਾਸ਼ਨਾ ਨਹੀਂ ਹੈ ਜਾਂ ਉਹ ਜਿਸ ਦੇ ਬਾਸਨ=ਭਾਂਡੇ ਹਨ ਹੇ ਕ੍ਰਿਪਾ ਮੈ=ਰੂਪ ਮਾਲਕਾ ਉਹ ਤੇਰੇ ਵਿਚ ਰਲਕੇਸਹਿਜੇ ਹੀਜਾਂ ਗਿਆਨ ਕਰਕੇ ਤੇਰੇਨਾਲ ਮਿਲਕੇਕੇਲ=ਬਿਲਾਸਅਨੰਦ ਕਰਦੇ ਹਨ ਅਤੇ ਜੇਹੜਾ ਤੂੰ ਇਕ ਤੋਂ ਅਨੰਦ ਰੂਪ ਹੋਇਆ ੨ ਸੁੰਦਰ ਪ੍ਰਮੇਸਰ ਹੈਂ ਤਿਸ ਤੇਰੇ ਵਿਚ ਮੈਂ ਆਪਣੇ ਮਨਨੂੰ ਠਾਉ=ਠਹਿਰਾਵਾਂ ਭਾਵ ਟਿਕਾਵਾਂ ।

**ਰਿਧਿ-ਸਿਧਿ ਨਿਧਿ ਕਰਤਲ ਜਗ ਜੀਵਨ ਸ੍ਰਬ ਨਾਥ ਅਨੇਕੈ ਨਾਉ ॥ ਦਇਆ ਮਇਆ ਕਿਰਪਾ ਨਾਨਕ ਕਉ ਸੁਨਿ ਸੁਨਿ ਜਸੁ ਜੀਵਾਉ ॥੨॥੧॥੩੮॥੬॥੪੪॥**

ਹੇ ਜਗਤ ਜੀਵਣ ਉਨ੍ਹਾਂ ਸੰਤਾਂ ਦੇ ਰਿਧੀਆਂ ਸਿਧੀਆਂਸਾਰੀਆਂ ਹੱਥਦੀ ਤਲੀਉਤੇ ਆਈਆਂ ਹੋਈਆਂ ਹਨਹੇ ਅਨੇਕਾਂ ਨਾਵਾਂਵਾਲਿਆ!ਤੂੰਹੀਸਾਰਿਆਂ ਦਾ ਮਾਲਕ ਹੈਂ,ਹੇ ਦਯਾ ਕਰਨ ਵਾਲਿਅ ਤੂੰ ਭਗਤਾਂ ਦੇ ਉਤੇ ਪਹਿਲ੍ਹੇ ਹੀ ਕਿਰਪਾ ਕਰਦਾ ਆਇਆ ਹੈਂ ਹੁਣ ਮੇਰੇ ਉਤੇ ਵੀ ਕਿਰਪਾ ਕਰ ਜੋ ਮੈਂ ਤੇਰਾ ਜਸ ਸੁਣ ਕੇ ਜੀਉਂਦਾ ਰਹਾਂ ।

**ੴ ਸਤਿਗੁਰਪ੍ਰਸਾਦਿ ॥**

**ਰਾਗੁ ਦੇਵ ਗੰਧਾਰੀ ਮਹਲਾ ੯ ॥**

**ਯਹ ਮਨੁ ਨੈਕ ਨ ਕਹਿਓ ਕਰੈ॥ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥ ੧ ॥ ਰਹਾਉ ॥**

[ਮਨ ਦੇ ਬਹਾਨੇ ਸਾਰਿਆਂ ਨੂੰ ਉਪਦੇਸ਼ ਹੈ]

ਨੈਕ=ਥੋੜਾ, ਇਕ, ਕੁਛ । ਇਹ ਮਨ ਕੁਛ ਵੀ ਆਖਿਆ ਹੋਇਆ ਨਹੀਂ ਕਰਦਾ ਹੈ ਭਾਵ ਥੋੜਾ ਵੀ ਕਿਹਾ ਨਹੀਂ ਮੰਨਦਾ ਹੈ । ਮੈਂ ਅਪਣੀ ਵੱਲੋਂ ਬੜੀ ਸਿਖਿਆ ਸਿਖਾ ਰਿਹਾ ਹਾਂ, ਪਰ ਇਹ ਖੋਟੀ ਅਕਲ ਵੱਲੋਂ ਨਹੀਂ ਟਲਦਾ ਹੈ ।

**ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥ ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ**

Digitized by Panjab Digital Library | www.panjabdigilib.org

ਉਦਰੁ ਭਰੈ ॥ ੧ ॥

ਮਾਇਆ ਦੇ ਹੰਕਾਰ ਕਰਕੇ ਬੌਰਾ ਹੋਇਆ ੨ ਹੈ ਪਰਮੇਸਰ ਦੇ ਜਸ ਨੂੰ ਨਹੀਂ ਉਚਾਰਦਾ ਹੈ। ਪਰਪੰਚ=ਛਲ,ਠੱਗੀ ਕਰਕੇ ਜਗਤ ਨੂੰ ਡਹਕੇ=ਭਰਮਾਂਵ ਦਾ ਭਾਵ ਛਲਦਾ ਹੈ ਅਤੇ ਆਪਣਾ ਪੇਟ ਭਰਦਾ ਹੈ।

ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥ ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾਤੇ ਕਾਜੁ ਸਰੈ ॥ ੨ ॥ ੧ ॥

ਕੁੱਤੇ ਦੀ ਪੂਛ ਵਰਗਾ ਟੇਢਾ ਰਹਿੰਦਾ ਹੈ ਸਿੱਧਾ ਨਹੀਂ ਹੁੰਦਾ ਹੈ ਅਤੇ ਆਖੇ ਹੋਇ ਉਪਦੇਸ਼ ਨੂੰ ਕੰਨ ਵਿਚ ਨਹੀਂ ਧਰਦਾ। ਗੁਰੂ ਜੀ=ਹੇ ਭਰਾਏਜ ੨ ਪਰਮੇਸਰ ਦੇ ਨਾਮ ਨੂੰ ਯਾਦ ਕਰ ਜਿਸ ਕਰਕੇ ਤੇਰਾ ਮੁਕਤੀ ਰੂਪ ਕੰਮ ਸੌਰ ਜਾਵੇ।

## ਦੇਵ ਗੰਧਾਰੀ ਮਹਲਾ ੯ ॥

ਸਭ ਕਿਛੁ ਜੀਵਤ ਕੋ ਬਿਵਹਾਰ॥ ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥ ੧ ॥ ਰਹਾਉ॥

ਸੰਸਾਰ ਵਿਚ ਸਾਰਾ ਵਿਹਾਰ ਜੀਉਂਦਿਆਂ ਤਾਈਂ ਹੈ, ਮਾਂ, ਪਿਓ, ਭਰਾ, ਪੁਤਰ ਸਾਕ ਸਰਬੰਧੀ, ਅਤੇ ਘਰ ਦੀ ਇਸਤ੍ਰੀ ਇਹ ਸਾਰੇ ਜੀਉਂਦਿਆਂ ਦੇ ਹੀ ਸਾਕ ਹਨ।

ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥ ਆਧ ਘਰੀ ਕੋਊ ਨਹਿ ਰਾਖੈ ਘਰਿ ਤੇ ਦੇਤ ਨਿਕਾਰਿ ॥ ੧ ॥

ਜਦੋਂ ਸਰੀਰ ਤੋਂ ਪ੍ਰਾਣ ਵੱਖਰੇ ਹੋ ਜਾਂਦੇ ਹਨ ਤਾਂ ਓਹ ਸਰਬੰਧੀ ਭੂਤ ੨ ਕਰਕੇ ਆਖਣ ਲੱਗ ਜਾਂਦੇ ਹਨ,ਟੇਰਤ=ਬੋਲਣਾ,ਆਖਣਾ। ਪੁਕਾਰਿ=ਉੱਚੀਂ ੨ ਆਖਣਾ। ਉਸ ਮੁਰਦੇ ਨੂੰ ਫਿਰ ਕੋਈ ਅਧੀ ਘੜੀ ਵੀ ਘਰ ਵਿਚ ਨਹੀਂ ਰਖਦਾ ਹੈ ਘਰ ਤੋਂ ਛੇਤੀ ਨਾਲ ਬਾਹਰ ਕੱਢ ਦੇਂਦੇ ਹਨ।

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ ॥ ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾਤੇ ਹੋਤ ਉਧਾਰ ॥ ੨ ॥ ੨ ॥

Digitized by Panjab Digital Library | www.panjabdigilib.org

ਹੇ ਭਰਾ ਜਗਤ ਦੀ ਰਚਨਾ=ਬਨਾਵਟ ਹਰਨ ਦੀ ਤ੍ਰਿਸ਼ਨਾ ਵਰਗੀ ਝੂਠੀ ਹੈ।ਵੱਡੀ ਧੁਪ ਵਿਚ ਹਰਨ ਨੂੰ ਰੇਤ ਚਮਕਦੀ ਦਿਸਦੀ ਹੈ ਓਹ ਉਸ ਨੂੰ ਪਾਣੀ ਸਮਝਦਾ ਹੈ ਉਥੇ ਜਾਕੇ ਤੜਫ ੨ ਕੇ ਮਰ ਜਾਂਦਾ ਹੈ, ਇਕੁਰ ਰਚਨਾ ਝੂਠੀ ਹੈ,ਤੁਸੀਂ ਹਿਰਦੇ ਵਿਚ ਵਿਚਾਰਕੇ ਦੇਖ ਲਓ,ਗੁਰੂ ਜੀ=ਰੋਜ ਹੀ ਰਾਮ ਨਾਮ ਨੂੰ ਯਾਦ ਕਰੋ ਹੇ ਭਰਾਓ ਜਿਸ ਕਰਕੇ ਤੁਹਾਡਾ ਦੁਨੀਆਂ ਉਤੋਂ ਉਧਾਰ ਹੋਜਾਵੇ।

## ਦੇਵ ਗੰਧਾਰੀ ਮਹਲਾ ੯ ॥

**ਜਗਤ ਮੈ ਝੂਠੀ ਦੇਖੀ ਪ੍ਰੀਤਿ॥ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥ ੧ ॥ ਰਹਾਉ ॥**

ਹੇ ਭਰਾ ਮੈਂ ਸੰਸਾਰ ਵਿਚ ਝੂਠੀ ਪ੍ਰੀਤ ਵੇਖੀ ਹੈ ਕੀ ਮਿੱਤ੍ਰ ਕੀ ਇਸਤ੍ਰੀ ਭਾਵ ਸਾਰੇ ਹੀ ਸਨਬੰਧੀ ਆਪੋ ਆਪਣੇ ਸੁਖ ਦੇ ਨਾਲ ਲੱਗੇ ਹੋਏ ਭਾਵ ਸੁਖ ਵਾਸਤੇ ਸਾਰੇ ਰੋਂਦੇ ਹਨ।

**ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥ ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥ ੧ ॥**

ਮੇਰਾ ਹੈ ਮੇਰਾ ਹੈ ਇਕੁਰ ਸਾਰੇ ਆਖਦੇ ਹਨ ਆਪਣੇ ਅਰਥਾਂ ਵਾਸਤੇ ਜਾਂ ਪਿਆਰ ਵਿੱਚ ਚਿਤ ਬੰਨ੍ਹਿਆ ਹੋਇਆ ਹੈ ਭਾਵ ਆਪਣੇ ਸੁਖ ਨੂੰ ਹਰ ਕੋਈ ਕਿਸੇ ਨ ਕਿਸੇ ਨਾਲ ਪਿਆਰ ਕਰਦਾ ਹੈ ਅਤੇ ਓੜਕ ਦੇ ਵੇਲੇ ਕੋਈ ਵੀ ਸੰਗੀ ਨਹੀਂ ਹੁੰਦਾ ਹੈ ਇਹ ਵਡੀ ਅਸਚਰਜ ਰੀਤੀ ਹੈ।

**ਮਨ ਮੂਰਖ ਅਜਹੂ ਨਹ ਸਮਝਤ ਸਿਖਦੈ ਹਾਰਿਓ ਨੀਤ॥ ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥ ੨ ॥ ੩ ॥ ੬ ॥ ੩੮ ॥ ੪੭ ॥**

ਇਹ ਮੂਰਖ ਮਨ ਅਜੇ ਤਕ ਨਹੀਂ ਸਮਝਿਆ ਹੈ, ਮੈਂ ਰੋਜ ਹੀ ਸਿਖਿਆ ਦੇਂਦਾ ਹਾਰ ਗਿਆ ਹਾਂ, ਸ੍ਰੀ ਗੁਰੂ ਤੇਗ ਬਹਾਦਰ ਸਹਿਬ ਜੀ ਆਖਦੇ ਹਨ ਹੇ ਭਰਾਵਾ! ਜੇ ਮਾਲਕ ਦੇ ਗੁਣ ਗਾਵੇਂਗਾ ਤੇ ਤਾਂ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਵੇਂਗਾ ਭਾਵ ਜਨਮ ਸਫਲਾ ਕਰ ਲਵੇਂਗਾ।

—o—

ਟੀਕਾ ਰਾਗ ਦੇਵ ਗੰਧਾਰੀ ਸਮਾਪਤ ॥

ਟੀਕਾਕਾਰ–ਬਿਸ਼ਨ ਸਿੰਘ ਗਿਆਨੀ
ਖਾਲਸਾ ਕਾਲਜ ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1439

Digitized by Panjab Digital Library | www.panjabdigilib.org

Digitized by Panjab Digital Library | www.panjabdigilib.org